# ਲਾਲ ਏਹਿ ਰਤਨ

(ਭਾਗ–੪)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਕੀਤੇ ਹੋਏ ਉਪਦੇਸ਼ਾਂ ਤੇ ਆਧਾਰਿਤ 'ਲਾਲ ਏਹਿ ਰਤਨ' ਪੁਸਤਕਾਂ ਦਾ ਵੇਰਵਾ :-

| ਲਾਲ ਏਹਿ ਰਤਨ | ਉਪਦੇਸ਼ਾਂ ਦਾ | | ਪ੍ਰਕਾਸ਼ਨ ਦਾ ਸੰਨ |
|---|---|---|---|
| | ਸਥਾਨ | ਸੰਨ | |
| ਭਾਗ-੧ | ਬੈਂਕੋਕ | ੧੯੪੮, ੧੯੫੦ | ੧੯੯੫ |
| ਭਾਗ-੨ | ਬੈਂਕੋਕ | ੧੯੫੧, ੧੯੫੨ | ੧੯੯੯ |
| ਭਾਗ-੩ | ਬੈਂਕੋਕ | ੧੯੫੩, ੧੯੫੪ | ੨੦੦੨ |
| ਭਾਗ-੪ | ਬੈਂਕੋਕ | ੧੯੫੫, ੧੯੫੬ | ੨੦੦੩ |
| ਭਾਗ-੫ | ਦਿੱਲੀ | ੧੯੫੬ | ਪ੍ਰਕਾਸ਼ਨ ਅਧੀਨ |
| | ਸ੍ਰੀ ਭੈਣੀ ਸਾਹਿਬ | ੧੯੫੭ | |
| | ਬੈਂਕੋਕ | ੧੯੫੮, ੧੯੫੯ | |
| | ਅਫਰੀਕਾ | ੧੯੫੮, ੧੯੫੯ | |

# ਲਾਲ ਏਹਿ ਰਤਨ

## (ਭਾਗ–੪)

ਉਪਦੇਸ਼
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਸੰਨ ੧੯੫੫, ੧੯੫੬

ਸੰਪਾਦਿਕਾ
ਪ੍ਰਿੰ. ਬੇਅੰਤ ਕੌਰ
ਐਮ.ਏ. (ਅੰਗਰੇਜ਼ੀ, ਪੰਜਾਬੀ)
ਸਾਹਿੱਤ ਰਤਨ (ਹਿੰਦੀ), ਬੀ.ਟੀ.

ਪ੍ਰਕਾਸ਼ਕ
ਨਾਮਧਾਰੀ ਦਰਬਾਰ,
ਸ੍ਰੀ ਭੈਣੀ ਸਾਹਿਬ

LAL EH RATTAN (VOL-IV)
(Updesh : Sri Satguru Partap Singh Ji)
PERIOD - 1955, 1956.

Edited by : Pr. BEANT KAUR
F-213 A-1, Mansarover Garden, New Delhi-110015,
Tel : 25414451, 25422956

Publisher : Namdhari Darbar,
Sri Bhaini Sahib.

ਪਹਿਲੀ ਵਾਰ : ਸੰਮਤ ੨੦੫੯ (ਸੰਨ ੨੦੦੩)


© : ਨਾਮਧਾਰੀ ਦਰਬਾਰ,
ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ (੧੪੧੧੧੩)


ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ-੬
ਫ਼ੋਨ : ੨੩੨੮੦੬੫੭

ਸੈਟਿੰਗ : ਐਸ. ਆਰ. ਐਸ. ਕੰਪਿਊਟਰਜ਼, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-੧੫
ਫ਼ੋਨ : ੨੫੪੧੪੪੫੧, ੨੫੪੨੨੯੫੬

ਭੇਟਾ : ੪੦੦ ਰੁਪਏ

ਇਹ ਅਨਮੋਲ

ਅੰਮ੍ਰਿਤ-ਭਰਪੂਰ ਬਚਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਨੇ

ਭੁੱਲੀ-ਭਟਕੀ ਲੋਕਾਈ

ਦੇ

ਉੱਧਾਰ ਹਿੱਤ

ਸੰਨ

੧੯੫੫, ੫੬

ਵਿੱਚ

ਬੈਂਕੋਕ (ਥਾਈਲੈਂਡ)

ਵਿਖੇ ਉਚਾਰਨ ਕੀਤੇ

# ਤਤਕਰਾ


| | | |
|---|---|---|
| **ਪ੍ਰਸਤਾਵਨਾ** | ਪ੍ਰਿੰ. ਬੇਅੰਤ ਕੌਰ | ੧੧ |
| **ਪ੍ਰਵੇਸ਼ਿਕਾ** | ਡਾ. ਈਸ਼ਰ ਸਿੰਘ 'ਤਾਂਘ' | ੨੩ |


## ਉਪਦੇਸ਼ ਸੰਨ ੧੯੫੫


| | |
|---|---|
| **ਉਪਦੇਸ਼ ੨੮-੧-੧੯੫੫** | **੨੯** |
| ਸਤਿਗੁਰੂ ਦਾ ਇਸ਼ਕ | ੨੯ |
| ਦੋ ਕੇ ਤੀਨ | ੩੧ |
| ਕੇਸਾਂ ਦੀ ਮਹਾਨਤਾ | ੩੪ |
| ਉੱਚੀ ਆਤਮਕ ਅਵਸਥਾ | ੩੮ |
| ਅਸਿੱਖੀ ਪਰੀ ਪੇਸਰਗੀ | ੩੯ |
| ਸਤਿਗੁਰਾਂ ਦਾ ਪ੍ਰਾਦਰਭਾਵ | ੪੧ |
| **ਉਪਦੇਸ਼ ੩੦-੧-੧੯੫੫** | **੪੬** |
| ਆਸ਼ਕਾਂ ਦੀ ਕਵਿਤਾ | ੪੬ |
| **ਉਪਦੇਸ਼ ੫-੨-੧੯੫੫** | **੫੮** |
| ਬੱਚਿਆਂ ਨੂੰ ਗੁਰਸਿੱਖੀ | ੬੦ |
| ਏਕ ਸਰੂਪ ਕਰ ਭਾਸੇ | ੬੨ |
| ਚਰਨ ਕਮਲ ਕੀ ਮਉਜ | ੬੬ |

**ਉਪਦੇਸ਼ ੬-੨-੧੯੫੫** **੮੩**
ਸਤਿਗੁਰੂ ਕੈਸੇ ਹਨ ? ੮੩
ਤਿਨਾ ਝਾਕ ਨ ਹੋਰ ੮੬

**ਉਪਦੇਸ਼ ੭-੨-੧੯੫੫** **੧੦੪**
ਸਾਦਰ ਯਾਦ ਕਰੇ ਹੋਇ ਆਦਰ ੧੦੪
ਭਵਿਖਤ ਵਾਕ ੧੧੩
ਸਿਦਕ ਭਰੋਸਾ ੧੧੭

**ਉਪਦੇਸ਼ ੧੬-੧੦-੧੯੫੫** **੧੩੦**
ਜੀ ਆਇਆ ਨੂੰ ੧੩੦
ਸਿੱਖੀ ਭਜਨ ਬਾਣੀ ਦੀ ਹੈ ੧੩੨
ਸਿਦਕ ਹੀ ਸਭ ਕੁਛ ਹੈ ੧੩੩

**ਉਪਦੇਸ਼ ੧੯-੧੦-੧੯੫੫** **੧੩੮**
ਬਾਬਾ ਜੱਸਾ ਸਿੰਘ ਜੀ ੧੩੮
ਸਾਧ ਬਚਨ ਅਟਲਾਧਾ ੧੪੩
ਭਗਤਾਂ ਦਾ ਵਾਸਤਾ ੧੪੮
ਨੇਕ ਕਮਾਈ ਕਰੋ ੧੫੪

**ਉਪਦੇਸ਼ ੨੧-੧੦-੧੯੫੫** **੧੫੯**
ਟੈਲੀਵੀਜ਼ਨ ੧੫੯

**ਉਪਦੇਸ਼ ੨੨-੧੦-੧੯੫੫** **੧੬੨**
ਸਤਿਗੁਰਾਂ ਦੀਆਂ ਤਸਵੀਰਾਂ ੧੬੨
ਬੱਚਿਆਂ ਦੀ ਦਾਤ ੧੬੫
ਪਾਠ ਪੂਰੇ ਕਰੋ ੧੬੬

**ਉਪਦੇਸ਼ ੨੩-੧੦-੧੯੫੫** **੧੭੬**
ਰਜਾ ਵਾਲੇ ਦੀ ਰਜ਼ਾ ੧੭੬
ਭਾਣਾ ਮੰਨਣ ਵਾਲੇ ਗੁਰਸਿੱਖ ੧੭੮
ਸਤਿਗੁਰੂ ਦੇ ਆਸ਼ਕ ੧੮੩

## ਉਪਦੇਸ਼ ਸੰਨ ੧੯੫੬

**ਉਪਦੇਸ਼ ੬-੨-੧੯੫੬** **੧੯੯**
ਹੁਕਮਾਂ ਦੀ ਪਾਲਣਾ ਕਰੋ ੧੯੯
ਵਾਹੁ ਮੇਰੇ ਸਾਹਿਬਾ ਵਾਹੁ ੨੦੨
ਉਹ ਜੋ ਚਾਹੇ ਸੋ ਕਰੇ ੨੦੭
ਨਾਮ ਤੇ ਨਾਮੀ ੨੦੯

**ਉਪਦੇਸ਼ ੧੧-੨-੧੯੫੬** **੨੧੬**
ਜਿਸੁ ਨਾਮੁ ਰਿਦੈ ੨੧੮
ਪੁਰਬ ਸਾਰੇ ਰਲਕੇ ਮੰਨਾਉ ੨੨੧

**ਉਪਦੇਸ਼ ੧੪-੨-੧੯੫੬** **੨੨੮**
ਸਤਿਗੁਰੂ ਦਾ ਹੁਕਮ ਮੰਨੋ ੨੨੮
ਇਤਹਾਸ ਵਿਗਾੜਨਾ ੨੩੧
ਸਭਹਨ ਕੇ ਸਿਰਮੌਰ ੨੩੫
ਭਾਦਰੇ ਦੇ ਰਈਸ ੨੪੦
ਸੱਚ ਦੀ ਪ੍ਰਧਾਨਤਾ ੨੪੩
ਸਫਲ ਜਨਮ ਪਰਵਾਨਾ ੨੪੫
ਪੂਰਾ ਸਤਿਗੁਰੂ ਭੇਟਿਆ ੨੪੭
ਸਤਿਗੁਰੂ ਦੀ ਬਖ਼ਸ਼ਿਸ ੨੪੯

**ਉਪਦੇਸ਼ ੧੭-੨-੧੯੫੬** **੨੫੯**
ਨਾਮ ਅਤਿ ਸਰੇਸ਼ਟ ਹੈ ੨੬੫

**ਉਪਦੇਸ਼ ੧੨-੧੦-੧੯੫੬** **੨੭੨**
ਸਤਿਗੁਰੂ ਰਾਮ ਸਿੰਘ ਜੀ ੨੭੪
ਬਿਰਹੁ ਦੀ ਕਸਕ ੨੭੬
ਹਰਿ ਰਾਮ ਹਰੀ ੨੮੨
ਸਬਰ ਅਤੇ ਖਿਮਾ ਦੀ ਮੂਰਤ ੨੮੫

**ਉਪਦੇਸ਼ ਅਕਤੂਬਰ ੧੯੫੬** **੨੯੩**
ਬ੍ਰਹਮਚਾਰੀ ਕੈਸਾ ਹੋਵੇ ੨੯੩
ਗ੍ਰਹਿਸਤ ਧਰਮ ੨੯੮
ਰਹਿਤ ਮਰਯਾਦਾ ੩੦੪
ਨਿਯਮ ਦੀ ਪਾਲਣਾ ੩੦੬

**ਨਾਂਵਾਂ ਦੀ ਸੂਚੀ** **੩੧੯**

**ਸਤਿਗੁਰੂ ਬਿਲਾਸ ਦੀਆਂ ਕਥਾਂਵਾਂ ਦਾ ਵੇਰਵਾ** **੩੩੨**

# ਪ੍ਰਸਤਾਵਨਾ

ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਇੱਕ ਐਸੀ ਮਹਾਨ, ਰੁਹਾਨੀ, ਨੂਰਾਨੀ ਸਖਸ਼ੀਅਤ ਹਨ ਜਿਨ੍ਹਾਂ ਦੇ ਪਾਵਨ ਦਰਸ਼ਨ ਕਰਕੇ ਮਨੁੱਖ ਆਪਣੇ ਜਨਮ ਜਨਮਾਂਤਰਾਂ ਦੀ ਮੈਲ ਧੋ ਲੈਂਦਾ ਹੈ, ਜਿਨ੍ਹਾਂ ਦੇ ਚਰਨਾਂ ਦੀ ਰਜ ਪ੍ਰਾਪਤ ਕਰਕੇ, ਸ਼ਰਨਾਗਤ ਅਧਿਆਤਮਕਤਾ ਦੀਆਂ ਉੱਚ ਸ਼ਿਖਰਾਂ ਨੂੰ ਪ੍ਰਾਪਤ ਕਰ ਕੇ, ਆਤਮਿਕ ਉਡਾਰੀਆਂ ਮਾਰਨ ਲੱਗ ਪੈਂਦਾ ਹੈ, ਦੀਨ ਦੁਨੀਆਂ ਦੇ ਕੌੜੇ, ਫਿੱਕੇ, ਕਸੈਲੇ, ਵਿਸ਼ੈਲੇ ਸੁਆਦਾਂ ਦਾ ਤਿਆਗ ਕਰ ਲੈਂਦਾ ਹੈ, ਨਾਮ ਰਸ ਦੇ ਅੰਮ੍ਰਿਤ ਭਰਪੂਰ ਮਿੱਠੇ, ਸੁਆਦਲੇ ਰਸਾਂ ਨੂੰ ਚੱਖ ਕੇ ਅਨੰਦਵਿਭੋਰ ਹੋ ਕੇ ਝੂਮ ਉੱਠਦਾ ਹੈ, ਉਸਨੂੰ ਆਪਣੇ ਆਪ ਦੀ ਕੋਈ ਹੋਸ਼ ਨਹੀਂ ਰਹਿੰਦੀ ਅਤੇ ਉਹ ਵਿਸਮਾਦਿਤ ਹੋ ਕੇ, ਲਟਬਾਵਰਾ ਜਿਹਾ ਹੋ ਕੇ ਮਸਤਾਨੀ ਦਸ਼ਾ ਵਿੱਚ ਆਤਮਿਕ ਮੰਡਲਾਂ ਦੇ ਹੁਲਾਰੇ ਲੈਂਦਾ ਹੈ, ਉਹ ਇਹ ਦਿਸਦੀ ਪਿਸਦੀ ਦੁਨੀਆਂ ਵਿੱਚ ਵਿਚਰਦਾ ਹੋਇਆ ਇਸ ਵਿੱਚ ਗਲਤਾਣ ਨਹੀਂ ਰਹਿੰਦਾ, ਇਸ ਤੋਂ ਉੱਤਾਂਹ, ਬਹੁਤ ਉੱਤਾਂਹ ਉੱਠ ਜਾਂਦਾ ਹੈ, ਉਹ ਫ਼ਰਸ਼ਾਂ ਦਾ ਨਾ ਰਹਿਕੇ, ਅਰਸ਼ਾਂ ਦਾ ਬਣ ਜਾਂਦਾ ਹੈ। ਉਹ ਆਪਣੇ ਜੀਵਨ ਦੇ ਪਲ ਸਾਰਥਕ ਕਰ ਲੈਂਦਾ ਹੈ, ਉਹ ਸਫਲਤਾ ਦੀਆਂ ਚਰਮ ਸ਼ਿਖਰਾਂ ਨੂੰ ਪ੍ਰਾਪਤ ਕਰ ਲੈਂਦਾ ਹੈ, ਉਹ ਅਗਮ ਨਿਗਮ ਦੀ ਸੋਝੀ ਪ੍ਰਾਪਤ ਕਰਕੇ ਅਤਿ ਭਾਗਸ਼ਾਲੀ ਬਣ ਜਾਂਦਾ ਹੈ, ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਉਸਨੂੰ ਨਿਹਾਲ ਅਤੇ ਮਾਲਾ ਮਾਲ ਕਰ ਦਿੰਦੀ ਹੈ, ਜਿਸਨੂੰ ਪ੍ਰਾਪਤ ਕਰਕੇ ਉਹ ਅਤਿ ਧਨਵਾਨ ਅਤੇ ਖੁਸ਼ਹਾਲ ਬਣ ਜਾਂਦਾ ਹੈ, ਉਹ ਪਾਰਸ ਰੂਪੀ ਸਤਿਗੁਰੂ ਨੂੰ

ਪ੍ਰਾਪਤ ਕਰਕੇ ਪਾਰਸ ਰੂਪ ਹੋ ਜਾਂਦਾ ਹੈ। ਉਸ ਦਾ ਮਾਨਸਿਕ, ਸਰੀਰਕ, ਆਤਮਿਕ, ਅਧਿਆਤਮਕ, ਸਾਹਿਤਕ, ਆਰਥਕ ਜੀਵਨ ਦੇ ਹਰ ਖੇਤਰ ਵਿੱਚ ਵਿਕਾਸ ਹੋ ਜਾਂਦਾ ਹੈ। ਉਸਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਹੋ ਜਾਂਦੀ ਹੈ, ਉਸਨੂੰ ਕਿਸੇ ਕਿਸਮ ਦੀ ਘਾਟ ਪ੍ਰਤੀਤ ਨਹੀਂ ਹੁੰਦੀ। ਸਤਿਗੁਰੂ ਜੀ ਦੀ ਆਪਾਰ ਕਿਰਪਾ ਅਤੇ ਬਖਸ਼ਿਸ਼ ਸਦਕਾ, ਉਸਦੀ ਮਹਾਨ ਸ਼ਖਸੀਅਤ ਦਾ ਬਹੁ-ਪੱਖੀ ਵਿਕਾਸ ਹੋ ਜਾਂਦਾ ਹੈ, ਉਸਦਾ ਲੋਕ ਪਰਲੋਕ, ਹਲਤ-ਪਲਤ ਸੰਵਰ ਜਾਂਦਾ ਹੈ। ਸਤਿਗੁਰੂ ਜੀ ਆਪਣੀ ਚੁੰਬਕ ਮਈ ਸਖਸ਼ੀਅਤ ਨਾਲ ਸਭ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਉਨ੍ਹਾਂ ਦੀ ਮਿਹਰ ਭਰੀ ਕਿਰਪਾ ਦ੍ਰਿਸ਼ਟੀ ਸਦਕਾ ਸਭ ਦੀ ਕਾਇਆ ਕਲਪ ਹੋ ਜਾਂਦੀ ਹੈ, ਅਤੇ ਸ਼ੁਕਰਾਨਾਂ ਕਰਦਿਆਂ ਹੋਇਆ ਅਤਿ ਕ੍ਰਿਤ ਕ੍ਰਿਤਯ ਹੋ ਜਾਂਦਾ ਹੈ। ਸਤਿਗੁਰੂ ਜੀ ਦੇ ਪਵਿਤ੍ਰ ਪਾਵਨ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਇੱਕ ਇੱਕ ਸ਼ਬਦ ਸਿੱਧਾ ਅਡੋਲ ਹੀ ਹਿਰਦੇ ਅੰਦਰ ਧਸ ਜਾਣ ਦੀ ਸਮਰਥਾ ਰੱਖਦਾ ਹੈ, ਉਨ੍ਹਾਂ ਦੇ ਮਿੱਠੇ ਬੋਲ ਸਾਰਿਆਂ ਉੱਤੇ ਫੁੱਲਾਂ ਦੀ ਵਰਖਾ, ਕਰਦੇ ਹਨ।

ਸਤਿਗੁਰੂ ਸਚੇ ਪਾਤਸ਼ਾਹ ਜੀ ਆਪਣੇ ਸਿੱਖਾਂ ਸੇਵਕਾਂ ਨੂੰ ਜੀਵਨ ਦੇ ਹਰ ਖੇਤਰ ਵਿਚ ਪੂਰਨ ਰੂਪ ਵਿੱਚ ਵਿਕਸਿਤ ਕਰਨਾ ਲੋਚਦੇ ਹਨ, ਉਨ੍ਹਾਂ ਨੂੰ ਹਰ ਵਿਸ਼ੇ ਉੱਤੇ ਗਿਆਨ ਪ੍ਰਦਾਨ ਕਰਕੇ ਅਤਿ ਗਿਆਨਵਾਨ ਬਣਾਉਣ ਦੀ ਰੀਝ ਰੱਖਦੇ ਹਨ। ਸਤਿਗੁਰੂ ਜੀ ਆਪ ਇੱਕ ਮਹਾਨ, ਅਦੁੱਤੀ, ਸੰਗੀਤਕਾਰ ਹਨ, ਇਸ ਲਈ ਆਪਣੇ ਮਧੁਰ ਸੁਰੀਲੇ ਕੰਠ ਰਾਹੀਂ ਉੱਚੀਆਂ-ਉੱਚੀਆਂ ਮਧੁਰ ਧੁਨਾਂ ਰਾਹੀਂ ਸਰੋਤਿਆਂ ਦੇ ਹਿਰਦਿਆਂ ਨੂੰ ਵੀ ਝੰਜੋੜ ਕੇ ਇੱਕ ਐਸਾ ਮਨਮੋਹਕ ਸੰਗੀਤਕ ਆਦਰਸ਼ ਪ੍ਰਸਤੁਤ ਕਰਦੇ ਹਨ, ਜਿੰਨ੍ਹਾਂ ਦਾ ਅਨੁਸਰਨ ਕਰਕੇ, ਹਰ ਸੰਗੀਤਕਾਰ ਅਤਿ ਕ੍ਰਿਤ ਕ੍ਰਿਤਯ ਅਤੇ ਧੰਨ ਧੰਨਯ ਹੋ ਜਾਂਦਾ ਹੈ। ਸਤਿਗੁਰੂ ਜੀ ਨੇ ਆਪਣੇ ਸੇਵਕਾਂ ਦੀਆਂ ਹਰ ਪ੍ਰਕਾਰ ਦੀਆਂ ਲੌਕਿਕ ਅਤੇ ਪਰਲੌਕਿਕ ਲੋੜਾਂ ਦੀ ਪੂਰਤੀ ਕਰਕੇ ਭਰਪੂਰ ਕਰ ਦਿੱਤਾ ਹੈ। ਇੱਥੇ ਹੀ ਬਸ ਨਹੀਂ, ਸਗੋਂ ਆਪਣੇ ਪੂਜਯ ਬਜ਼ੁਰਗਾਂ, ਗੁਰੂਆਂ ਬਾਰੇ ਗੁਰਮਤ ਦੇ ਅਥਾਹ ਭੰਡਾਰਾਂ ਬਾਰੇ ਗਿਆਨ ਪ੍ਰਦਾਨ ਕਰਕੇ, ਸੇਵਕਾਂ ਨੂੰ ਮਾਲਾ-ਮਾਲ ਕਰ ਦਿੱਤਾ। ਆਪਣੇ ਪਰਮ ਪੂਜਯ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ

ਪਵਿਤਰ ਮੁਖਾਰ ਬਿੰਦ ਤੋਂ ਉਚਾਰਨ ਕੀਤੇ ਹੋਏ ਇੱਕ ਇੱਕ ਬਚਨ ਨੂੰ ਆਪਣੇ ਸੇਵਕਾਂ ਨਾਲ ਸਾਂਝੇ ਕਰਕੇ, ਹਰ ਕਿਸਮ ਦੀ ਘਾਟ ਦੀ ਪੂਰਤੀ ਕਰ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤ੍ਰ ਅੰਮ੍ਰਿਤ ਭਰਪੂਰ ਬਚਨਾਂ ਦਾ ਕੈਸਟਾਂ ਤੋਂ ਉਤਾਰਾ ਕਰਕੇ ਪੁਸਤਕ 'ਲਾਲ ਏਹਿ ਰਤਨ' ਦਾ ਪੰਜ ਭਾਗਾਂ ਵਿੱਚ ਪ੍ਰਕਾਸ਼ਤ ਕਰਨ ਦਾ ਪ੍ਰੋਗਰਾਮ ਉਲੀਕ ਕੇ, ਇੱਕ ਅਨਮੋਲ ਇਨਸਾਈਕਲੋਪੀਡੀਆ ਤਿਆਰ ਕਰਨ ਦਾ ਆਦੇਸ਼, ਦੇ ਕੇ ਗੁਰਮਤਿ ਪਿਆਰਿਆਂ ਦੁਲਾਰਿਆਂ ਨੂੰ ਵਡਮੁੱਲਾ ਖ਼ਜ਼ਾਨਾ ਪ੍ਰਦਾਨ ਕਰ ਦਿੱਤਾ।

ਸੰਨ ੧੯੯੫ ਵਿੱਚ ਹੋਲਾ ਮਹੱਲਾ ੧੭ ਤੋ ੨੦ ਮਾਰਚ ਤਕ ਸ੍ਰੀ ਭੈਣੀ ਸਾਹਿਬ ਦੀ ਪਰਮ-ਪਾਵਨ ਧਰਤੀ ਤੇ ਮਨਾਇਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ਾਂ ਸਦਕਾ ੧੯ ਮਾਰਚ ਸ਼ਾਮ ਦੇ ਦੀਵਾਨ ਵਿੱਚ 'ਲਾਲ ਏਹਿ ਰਤਨ' ਦੇ ਪਹਿਲੇ ਭਾਗ ਦਾ ਵਿਮੋਚਨ ਹਰਨਾਮ ਦਾਸ ਜੌਹਰ, ਸਪੀਕਰ ਪੰਜਾਬ ਵਿਧਾਨ ਸਭਾ ਕੋਲੋਂ ਕਰਵਾਇਆ ਗਿਆ। ਇਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੰਕੋਕ ਵਿਖੇ ਸੰਨ ੧੯੪੮ ਅਤੇ ੧੯੫੦ ਦੇ ਉਪਦੇਸ਼ਾਂ ਦਾ ਵਡਮੁੱਲਾ ਖਜ਼ਾਨਾਂ ਪੁਸਤਕ ਰੂਪ ਵਿੱਚ ਪਾਠਕਾਂ ਨੂੰ ਪ੍ਰਾਪਤ ਹੋ ਗਿਆ।

ਇਸ ਸ਼ੁਭ ਅਵਸਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਵਿਤਰ ਮੁਖਾਰਬਿੰਦ ਤੋਂ ਇਹ ਬਚਨ ਉਚਾਰੇ–

''ਅੱਜ ਅਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ ਅਤੇ ਇਹਦੇ ਤੇ ਅੱਜ ਸਾਰੇ ਦੀਵਾਨ ਲੱਗੇ ਨੇ ਤੇ ਇਸ ਲਈ ਇਹੋ ਦਿਨ ਚੁਣਿਆ ਗਿਆ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਜਿਹੜੇ ਉਪਦੇਸ਼ ਨੇ, ਉਨ੍ਹਾਂ ਦੀ ਪਵਿਤਰ ਰਸਨਾਂ ਤੋਂ ਉਚਾਰੇ ਹੋਏ ਅਤੇ ਉਹ ਸਾਰੇ ਜਿਹੜੇ ਲਿਖੇ ਹੋਏ ਨੇ, ਪ੍ਰਿੰਟ ਕੀਤੇ ਨੇ, ਛਾਪੇ ਨੇ ਉਨ੍ਹਾਂ ਨੂੰ ਪੁਸਤਕ ਰੂਪ ਦਿੱਤਾ ਹੈ ਅਤੇ ਉਸਨੂੰ ਅੱਜ ਹਰਨਾਮ ਦਾਸ ਜੀ ਕੋਲੋਂ ਰੀਲੀਜ਼ ਕਰਵਾਇਆ ਹੈ। ਜਿਹੜੀ ਕਿਤਾਬ ਅੱਜ ਰੀਲੀਜ਼ ਕੀਤੀ ਹੈ, ਉਹ ਕਿਤਾਬ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤ੍ਰ ਉਪਦੇਸ਼ ਨੇ, ਤੇ ਇਨ੍ਹਾਂ ਨੇ (ਸੰਤ ਸਿੰਘ ਤੇ ਬੀਬੀ ਬੇਅੰਤ ਕੌਰ) ਮੇਰੇ ਕੋਲੋਂ ਨਾਮ ਪੁੱਛਿਆ ਕਿ ਕੀ ਰੱਖਣਾ ਹੈ, ਤੇ ਮੈਨੂੰ ਇਹ

ਨਾਮ ਪਸੰਦ ਆਇਆ ਸੀ। ਇਹ ਗੁਰਬਾਣੀ ਦੀਆਂ ਦੋ ਤੁਕਾਂ ਨੇ–

**ਉਤਮ ਸਲੋਕ ਸਾਧ ਕੇ ਬਚਨ।।**
**ਅਮੁਲੀਕ ਲਾਲ ਏਹਿ ਰਤਨ।।**

ਇਹਦਾ ਨਾਉਂ 'ਲਾਲ ਏਹਿ ਰਤਨ' ਰੱਖਿਆ ਏ—ਕਿਤਾਬ ਦਾ। ਇਹ ਤੁਹਾਨੂੰ ਪਤਾ ਹੈ ਬਾਣੀ 'ਚ ਜਿਸ ਤਰ੍ਹਾਂ ਲਿਖਿਆ ਹੈ–

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।**

ਜਿਹੜੀਆਂ ਬਾਪ ਦਾਦੇ ਦੀਆਂ ਕਹਾਣੀਆਂ ਨੇ, ਇਹ ਚੰਗੇ ਪਾਸੇ ਸਾਨੂੰ ਲੈ ਕੇ ਜਾਂਦੀਆਂ ਨੇ, ਉਹ ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਨੇ। ਇਹ ਸਤਿਗੁਰਾਂ ਦੀ ਬੜੀ ਕਿਰਪਾ ਹੋਈ, ਪਤਾ ਨਹੀ ਹੁੰਦਾ ਸਰੀਰ ਦਾ ਕਿਸੇ ਵੇਲੇ ਜਾ ਸਕਦਾ ਹੈ ਪਰ ਬੜੀ ਮੁਸ਼ਕਲ ਨਾਲ ਇਥੋਂ ਤਕ ਅਸੀਂ ਪਹੁੰਚ ਸਕੇ ਹਾਂ। ਬਈ, ਇਹ ਸਤਿਗੁਰਾਂ ਦੇ ਉਪਦੇਸ਼ ਪ੍ਰਿੰਟ ਹੇਠ, ਛਾਪੇ ਖਾਨੇ ਵਿੱਚ ਆ ਗਏ ਨੇ ਤੇ ਬਾਕੀ ਕਿਤਾਬਾਂ ਵੀ ਸਤਿਗੁਰੂ ਜੀ ਦੀ ਕਿਰਪਾ ਕਰੀ ਤਾਂ ਛੇਤੀ ਆ ਜਾਣਗੀਆਂ।''

ਸੰਨ ੧੯੫੧-੫੨ ਤੇ ਆਧਾਰਿਤ 'ਲਾਲ ਏਹਿ ਰਤਨ,' ਭਾਗ-੨ ਦਾ ਵਿਮੋਚਨ ਸੰਨ ੧੯੯੯ ਦੇ ਹੋਲੇ ਮਹੱਲੇ ਤੇ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਕੀਤਾ ਗਿਆ। ਸਤਿਗੁਰੂ ਜੀ ਨੇ ਇਸ ਸਮੇਂ ਸਾਰੀ ਸਾਧ ਸੰਗਤ ਨੂੰ ਇਨ੍ਹਾਂ ਪਵਿਤਰ ਉਪਦੇਸ਼ਾਂ ਦਾ ਪਾਠ ਕਰਨ ਲਈ ਹੁਕਮ ਕੀਤਾ। 'ਲਾਲ ਏਹਿ ਰਤਨ', ਭਾਗ-੩ ਵਿੱਚ ਸੰਨ ੧੯੫੩ ਅਤੇ ੫੪ ਦੇ ਉਪਦੇਸ਼ ਸਮਿਲਿਤ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਾਗ ਤੀਸਰੇ ਦਾ ਵਿਮੋਚਨ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਹੋਲੇ ਦੇ ਮੇਲੇ ਦੇ ਸ਼ੁਭ ਅਵਸਰ ਤੇ ੨੯-੩-੨੦੦੨ ਨੂੰ ਆਪਣੇ ਪਵਿਤਰ ਹਸਤ-ਕਮਲਾਂ ਨਾਲ ਕੀਤਾ। ਸੱਚੇ ਪਾਤਸ਼ਾਹ ਜੀ ਦੇ ਸੇਵਕ ਸੰਤ ਹਰਪਾਲ ਸਿੰਘ ਜੀ ਨੇ ਇਸ ਮਹਾਨ ਪੁਸਤਕ ਦੀ ਪ੍ਰਸੰਸ਼ਾ ਕਰਦਿਆ ਹੋਇਆ ਸਾਰੀ ਸਾਧ-ਸੰਗਤ ਨੂੰ ਇਸ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਲਾਲ ਇਹ ਰਤਨ ਭਾਗ-੪ ਵਿੱਚ ਸੰਨ ੧੯੫੫-੧੯੫੬ ਦੇ ਪਵਿਤਰ ਉਪਦੇਸ਼ ਸੰਕਲਿਤ ਹਨ।

ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸੇਵਕਾਂ, ਪਿਆਰਿਆਂ ਦੁਲਾਰਿਆਂ ਨੇ ਇਸ ਪੁਸਤਕ ਨੂੰ ਆਪਣੇ ਗ੍ਰਹਿ ਦੀ ਸ਼ੋਭਾ ਬਣਾਇਆ ਅਤੇ ਇਸ ਦਾ ਪਠਨ ਕਰਕੇ ਆਪਣੇ ਧੰਨ ਭਾਗ ਸਮਝੇ। ਇਸ ਤਰ੍ਹਾਂ ਇਨ੍ਹਾਂ ਪਵਿਤ੍ਰ ਉਪਦੇਸ਼ਾਂ ਵਿੱਚ ਧਰਮ ਅਤੇ ਗੁਰਮਤ ਨਾਲ ਸੰਬੰਧਿਤ ਹਰੇਕ ਪਹਿਲੂ ਤੇ ਚਾਨਣਾ ਪਾਇਆ ਹੈ ਅਤੇ ਅਪਣੇ ਵਡਮੁੱਲੇ ਵਿਚਾਰਾਂ ਨੂੰ ਵਿਅਕਤ ਕੀਤਾ ਹੈ। ਸਤਿਗੁਰੂ ਅਤੇ ਉਸਦੀ ਅਪਰੰਪਾਰ ਮਹਿਮਾ ਦਾ ਗੁਣ-ਗਾਣ ਕੀਤਾ ਹੈ, ਸਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ, ਉਸਨੂੰ ਆਪਣੇ ਸਤਿਗੁਰੂ ਦਾ ਹੁਕਮ ਕਿਸ ਤਰ੍ਹਾਂ ਮੰਨਣਾ ਹੈ, ਖਾਲਸਾ ਕੌਣ ਹਨ, ਜੀਵਨ-ਮੁਕਤ ਕਿਸ ਤਰ੍ਹਾਂ ਬਣਿਆ ਜਾਂਦਾ ਹੈ। ਭਾਰਤਵਰਸ਼ ਦੀ ਸੰਸਕ੍ਰਿਤੀ ਅਤੇ ਸਭਿਅਤਾ ਕੀ ਹੈ, ਆਦਿ ਵਿਸ਼ਿਆਂ ਉੱਤੇ ਸਤਿਗੁਰੂ ਜੀ ਨੇ ਇਸ ਭਾਗ ਵਿੱਚ ਵਿਸਥਾਰ ਨਾਲ ਵਰਨਣ ਕੀਤਾ ਹੈ। ਪਰਮ ਪੂਜਯ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਭਾਗ ਵਿੱਚ ਵੀ ਸਤਿਗੁਰੂ ਬਿਲਾਸ ਕ੍ਰਿਤ ਭਾਈ ਧਿਆਨ ਸਿੰਘ ਦੀ ਕਥਾ ਅਤੇ ਵਿਆਖਿਆ ਕੀਤੀ ਹੈ। ਸਤਿਗੁਰੂ ਜੀ ਨੇ ਅਧਿਆਤਮਕ, ਸਮਾਜਿਕ, ਧਾਰਮਿਕ, ਆਤਮਿਕ, ਆਰਥਿਕ, ਰਾਜਸੀ, ਸਭਿਆਚਾਰਕ, ਵਿਦਿਅਕ ਆਦਿ ਵੱਖ ਵੱਖ ਵਿਸ਼ਿਆਂ ਉੱਤੇ ਗਿਆਨਵਰਧਕ, ਰੋਚਿਕ ਅਤੇ ਪ੍ਰਭਾਵਸ਼ਾਲੀ ਸ਼ੈਲੀ ਰਾਹੀਂ ਚਾਨਣਾ ਪਾਇਆ ਹੈ, ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ-

## ੧ **ਸਤਿਗੁਰੂ**

- ਸਤਿਗੁਰੂ ਵਾਲੀ ਭੀ ਹਨ, ਮਾਲਕ ਭੀ ਹਨ ਔਰ ਮਾਲੀ ਭੀ ਹਨ, ਕੋਈ ਡਿੱਗਦਾ ਹੈ, ਉਹ ਨੂੰ ਸਾਂਭਦੇ ਹਨ, ਜੇ ਕੋਈ ਖਰਾਬੀ ਕਰਦਾ ਹੈ, ਉਹਨੂੰ ਘੂਰਕੇ, ਉਹਨੂੰ ਨਰਾਜ਼ ਹੋ ਕੇ, ਉਹਨੂੰ ਮਾਰ ਕੇ, ਉਹਨੂੰ ਡੰਨ ਲਾ ਕੇ, ਉਹਨੂੰ ਪਿਆਰ ਕਰਕੇ ਉੱਚਾ ਕਰਦੇ ਹਨ।
- ਸਤਿਗੁਰੂ ਦਾ ਪੰਥ, ਸਤਿਗੁਰੂ ਦੀ ਸਾਧ ਸੰਗਤ ਜਿਹਨਾਂ ਨੇ ਉਹਨਾਂ ਦਾ ਸੰਗ ਕੀਤਾ, ਉਹਨਾ ਦੇ ਅੰਦਰਲੇ ਬਾਹਰਲੇ ਸਾਰੇ ਹੀ ਦੁੱਖ ਮਿਟ ਗਏ ਹਨ ਛਿਨ ਵਿੱਚ।
- ਜੇ ਸਤਿਗੁਰੂ ਵਲ ਮੂੰਹ ਹੋਏ ਤੇ ਮਾਇਆ ਪਿੱਛੇ, ਜੇ ਸਤਿਗੁਰੂ ਵੱਲ

ਪਿੱਠ ਕਰਕੇ ਮਾਇਆ ਵੱਲ ਮੂੰਹ ਹੋ ਜਾਏ ਤਾਂ ਸਤਿਗੁਰੂ ਵੱਲ ਪਿੱਠ ਹੋਈ, ਤਾਂ ਫੇਰ ਮੂੰਹ ਫੇਰਿਆਂ ਮੂੰਹ ਜੂਠਾ ਹੁੰਦਾ ਹੈ। ਤੁਸੀਂ ਧਿਆਨ ਦਿਓ।

- ਸਤਿਗਰੁ ਸਭ ਦੇ ਭਲੇ ਵਾਸਤੇ ਆਉਂਦਾ ਹੈ। ਸਿੱਖ ਦਾ ਵੀ ਇਹ ਕੰਮ ਹੈ, ਜੇ ਸਤਿਗਰੁ ਬਖਸ਼ਿਸ਼ ਕਰੇ ਜੇ ਉਹ ਆਪਣੇ ਕੋਲੋਂ ਕਿਨਕਾ ਉਹਨੂੰ ਸਿੱਖੀ ਦਾ ਦੇਵੇ ਤਾਂ ਇਹ ਕਿਸੇ ਦਾ ਬੁਰਾ ਨਾ ਮੰਗੇ। ਅਗਰ ਇਹ ਬੁਰਾ ਮੰਗਦਾ ਹੈ ਤਾਂ ਇਹਦਾ ਆਪਣਾ ਨੁਕਸਾਨ ਹੈ। ਇਸਨੂੰ, ਇਹ ਇਸ ਦੀ ਸਿੱਖੀ ਨੂੰ ਓਨੀ ਠੇਸ ਲਗਦੀ ਹੈ।

## ੨ **ਅਵਤਾਰ**

- ਅਵਤਾਰ ਜਦ ਪ੍ਰਗਟ ਹੁੰਦਾ ਹੈ, ਉਹ ਜਦ ਵੀ ਆਉਂਦਾ ਹੈ, ਉਹ ਆਪਣੀ ਨਵੀਂ ਖੇਡ ਕਰਦਾ ਹੈ—ਉਸ ਵੇਲੇ।

## ੩ **ਸ਼ਬਦ**

- ਗੁਰੂ ਕਾ ਸ਼ਬਦ ਹੈ ਜਿਹੜਾ ਗੁਰੂ ਸ਼ਬਦ ਦਿੰਦਾ ਹੈ, ਜਿਹੜਾ ਗੁਰੂ ਹੁਕਮ ਦਿੰਦਾ ਹੈ, ਜਿਨ੍ਹਾਂ ਨੇ ਉਸ ਨੂੰ ਮੰਨਿਆ ਉਹ ਲੋਕ ਔਰ ਪਰਲੋਕ ਦੋਵੇਂ ਸਵਾਰ ਬੈਠੇ।

## ੪ **ਖਾਲਸਾ**

- ਜਿਹਦੇ ਅੰਦਰ ਜੋਤ ਜਗੇ, ਜਿਹਦੇ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ—ਨਾ ਸਿੱਧੀ ਪੱਗ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ, ਨਾ ਦਾੜ੍ਹੀ ਨਾਲ, ਨਾ ਬਿਨਾਂ ਦਾੜ੍ਹੀ ਨਾਲ—ਜਿੰਨਾਂ ਚਿਰ ਜੋਤ ਨਹੀਂ ਜਗਦੀ, ਜਿੰਨਾ ਚਿਰ ਅੰਦਰ ਪ੍ਰਕਾਸ਼ ਨਹੀਂ ਹੁੰਦਾ, ਉਨ੍ਹਾਂ ਚਿਰ ਖਾਲਸਾ ਨਹੀਂ ਬਣ ਸਕਦਾ। ਜੇ ਖਾਲਸਾ ਕਿਸੇ ਦਾ ਬੁਰਾ ਹੀ ਚਿਤਵਦਾ ਰਹਿੰਦਾ ਹੈ ਤੇ ਫੇਰ ਉਹ ਖਾਲਸਾ ਤਾਂ ਨਹੀਂ ਨ ਰਹਿ

ਜਾਂਦਾ, ਅਖਾਲਸਾ ਹੋ ਜਾਂਦਾ ਹੈ।

## ੫ ਗੁਰਸਿੱਖ

- ਗੁਰੂ ਦੇ ਸਿੱਖ ਸਭ ਦੇਵਤੇ ਨੇ।
- ਮਾਸ, ਮਦਰਾ, ਤਮਾਕੂ ਬੁਰੀਆਂ ਚੀਜਾਂ ਹਨ।
- ਜਿਸਦੇ ਕਰਮਾਂ 'ਚ ਮੈਲ ਨਹੀਂ ਹੈ, ਉਹ ਸਾਧ ਹੈ—ਨਾ ਭਗਵਿਆਂ ਵਾਲਾ—ਨਾ ਚਿੱਟਿਆਂ ਵਾਲਾ—ਨਾ ਮਾਲਾ ਵਾਲਾ—ਨਾ ਕਿਰਪਾਨ ਵਾਲਾ।
- ਜਿਹੜੇ ਆਸ਼ਕ ਹਨ, ਉਹ ਸਤਿਗੁਰੂ ਦੇ ਨਾਲ ਹੀ ਆਉਂਦੇ ਜਾਂਦੇ ਹਨ, ਔਰ ਉਹਨਾਂ ਦਾ ਜਨਮ ਮਰਨ ਨਹੀਂ ਰਹਿ ਜਾਂਦਾ, ਉਹ ਉਹਦਾ ਰੂਪ ਹੋ ਜਾਂਦੇ ਹਨ।
- ਜਿਹੜੇ ਨੇ ਪ੍ਰੇਮੀ ਉਹਨਾ ਨੂੰ ਹੋਰ ਕੁਝ ਨਹੀਂ ਲੱਭਿਆ, ਉਹਨਾ ਨੇ ਇੱਕੋ ਚੀਜ਼ ਭਾਲੀ ਹੈ—ਪ੍ਰੇਮ, ਮੈਂ ਤੇ ਮੇਰਾ ਸਤਿਗੁਰੂ।
- ਮਨਮੁਖ ਤੇ ਉਹ ਪੁਰਸ਼ ਹਨ ਜਿਹੜੇ ਸਾਧ ਸੰਗਤ 'ਚ ਆਏ ਹੀ ਨਹੀਂ। ਸਾਧ ਸੰਗਤ ਵਾਲੇ ਪਾਸੇ ਮੂੰਹ ਨਹੀਂ ਕੀਤਾ ਤੇ ਆਪਣੇ ਮਨ ਨੂੰ ਹੀ ਮੁੱਖ ਰੱਖਿਆ ਏ, ਜੋ ਮਨ ਨੇ ਕਿਹਾ ਉਹੀ ਕੰਮ ਕੀਤਾ।
- ਗੁਰਮੁਖ ਹੋ ਗਏ ਉਹ—ਜਿਨ੍ਹਾਂ ਨੇ ਗੁਰੂ ਨੂੰ ਮੁੱਖ ਰੱਖ ਕੇ, ਗੁਰੂ ਦੇ ਹੁਕਮਾਂ ਨੂੰ ਮੰਨਿਆ।
- ਸਤਿਗੁਰੂ ਨੂੰ ਹਾਜਰ ਨਾਜਰ ਕਰਕੇ ਜਾਣਦੇ ਹਨ ਜਿਹੜੇ ਉਹ ਸਨਮੁਖ ਸਿੱਖ ਹਨ।
- ਬੇਮੁਖ—ਜਿਹੜੇ ਗੁਰੂ ਨੂੰ ਮਿਲਕੇ, ਗੁਰੂ ਦੇ ਹੁਕਮ ਤੋਂ ਉਲਟ ਚੱਲਣ ਲੱਗ ਪਏ, ਸੁਣ ਕੇ ਗੁਰੂ ਦਾ ਹੁਕਮ ਬੇਮੁਖ ਹੋਏ।
- ਹਿੰਦੂ ਸਿੱਖ ਦੋ ਨਹੀਂ। ਤੁਹਾਨੂੰ ਏਥੇ ਪਤਾ ਹੈ, ਆਹ ਕਈ ਜਿਹੜੇ ਸਾਡੇ ਕੋਲ ਟੋਪੀਆਂ ਵਾਲੇ ਬੈਠੇ ਹਨ, ਕਿਸੇ ਦਾ ਸਾਲਾ—ਕਿਸੇ ਦਾ ਭਣੋਈਆ—ਕਿਸੇ ਦਾ ਪੁੱਤਰ—ਕਿਸੇ ਦਾ ਜਵਾਈ, ਉਹ ਸਿੱਖ

ਹਨ। ਇਹ ਵੀ ਸਿੱਖ ਹਨ। ਸਿੱਖ ਦਾ ਅਰਥ ਹੈ ਜਿਹੜਾ ਕਿਸੇ ਦੀ ਸਿੱਖਿਆ ਲਵੇ।

## ੬ ਕਛਹਿਰਾ

– ਜਿਹੜੀ ਗੁਰੂ ਗੋਬਿੰਦ ਸਿੰਘ ਨੇ ਕਛਹਿਰੇ ਦੀ ਕਾਟ ਬਣਾਈ ਹੈ —ਇਹੋ ਚੀਜ਼ ਹੈ, ਗੋਡਾ ਨੰਗਾ ਰੱਖਣਾ ਗੋਡੇ ਦੇ ਨਾਲ ਤਕ ਕਛਹਿਰਾ ਹੋਵੇ ਔਰ ਏਸੇ ਕਾਟ ਦਾ ਹੋਵੇ। ਜੇ ਪਜਾਮੇ ਦੀ ਕਾਟ ਦਾ ਹੈ ਤਾਂ ਮਨਜ਼ੂਰ ਨਹੀਂ ਰਹਿਤ ਮਰਯਾਦਾ ਵਿੱਚ। ਹੁਣ ਤਾਂ ਲੋਕਾਂ ਨੇ ਨਿੱਕਰਾਂ ਪਾ ਕੇ, ਫੇਰ ਕੋਈ ਲਾਲ ਕੱਛ ਪਾ ਲੈਂਦਾ ਹੈ, ਕੋਈ ਨੀਲੀ ਪਾ ਲੈਂਦਾ ਹੈ, ਕੋਈ ਪੀਲੀ ਪਾ ਲੈਂਦਾ ਹੈ—ਕਛਹਿਰੇ ਦਾ ਅਸੂਲ ਨਹੀਂ ਹੈ। ਕਛਹਿਰੇ ਦਾ ਉਹੀ ਰੰਗ ਹੈ ਜਿਹੜਾ ਚਿੱਟਾ ਹੈ, ਜਿਹੜਾ ਉਹਨਾਂ ਦਿੱਤਾ ਹੈ।

## ੭ ਜੀਵਨ ਮੁਕਤਿ

– ਦੁਨੀਆਂ ਦਾ ਸੁਖ ਹੈ ਵੱਡਾ ਰਾਜ–ਰਾਜ ਤੋਂ ਅੱਗੇ ਲੋਕਾਂ ਮੰਨਿਆ ਸਵਰਗ–ਸਵਰਗ ਤੋਂ ਅੱਗੇ ਮੰਨਿਆ ਬੈਕੁੰਠ–ਬੈਕੁੰਠ ਤੋਂ ਅੱਗੇ ਮੰਨੀ ਹੈ ਮੁਕਤੀ—ਪਰ ਜਿਹੜੇ ਮਹਾਂਪੁਰਖ ਸਤਿਗੁਰੂ ਦੇ ਸੇਵਕ ਹਨ, ਉਹ ਏਦੂੰ ਵੀ ਜ਼ਰਾ ਅੱਗੇ ਰਹਿੰਦੇ ਹਨ। ਉਹ ਥਾਂ ਹੈ ਜੀਵਨ ਮੁਕਤ ਦਾ, ਜੀਊਂਦੇ ਹੀ ਮੁਕਤ ਹੋ ਗਏ। ਉਹ ਇਨ੍ਹਾਂ ਗੱਲਾਂ ਤੋਂ ਛੁੱਟ ਗਏ। ਜਿਸ ਤਰ੍ਹਾਂ ਅਕਾਲ ਪੁਰਖ ਨਿਰਗੁਣ ਵੀ ਬਣ ਜਾਂਦਾ ਹੈ, ਸਰਗੁਣ ਵੀ, ਉਹ ਵੀ ਉਹਦੇ ਨਾਲ ਹੀ ਬਣ ਜਾਂਦੇ ਹਨ, ਉਹਦਾ ਰੂਪ ਹੋ ਜਾਂਦੇ ਹਨ।

## ੮ ਮਾਈਆਂ ਨੂੰ ਉਪਦੇਸ਼

— ਬੱਚਿਆਂ ਦਾ ਅੱਗੋਂ ਸਿੱਖ ਰਹਿਣਾ, ਇਹ ਮਾਈਆਂ ਦੇ ਹੱਥ ਵਿੱਚ ਹੈ।

- ਮਾਈਆਂ ਆਪਣੀਆਂ ਬੱਚੀਆਂ ਨੂੰ ਆਪਣੇ ਵਾਂਗੂ ਬਸਤਰ ਪਾਉਣ, ਆਪਣੇ ਵਾਂਗੂ ਇਸ਼ਨਾਨ ਕਰਾਉਣ।
- ਤੜਕੇ ਇਸ਼ਨਾਨ ਕਰਕੇ ਬੈਠਣ, ਭਜਨ ਕਰਨ, ਬਾਣੀ ਪੜ੍ਹਨ ਭਾਵੇਂ ਪੰਜ ਮਿੰਟ ਬੱਚਿਆਂ ਨੂੰ ਬਠਾਉਣ। ਉਹਨਾਂ ਨੂੰ ਭੀ ਕੁਝ ਸਿਖਾਉਣ ਤਾਂ ਕਿ ਉਹਨਾਂ ਨੂੰ ਇਹ ਤੇ ਪਤਾ ਲੱਗੇ ਕਿ ਸਾਧ ਸੰਗਤ 'ਚ ਭਜਨ ਕਿਵੇਂ ਕਰਨਾ ਹੈ, ਸਮਾਧੀ ਕਿਵੇਂ ਲਗਦੀ ਹੈ, ਬਾਣੀ ਕਿਵੇਂ ਪੜ੍ਹਨੀ ਹੈ, ਸਿੱਖੀ ਕੀ ਚੀਜ਼ ਹੈ, ਕਛਹਿਰੇ ਕਿਵੇਂ ਰੱਖੀਦੇ ਹਨ।

## ੯ ਧਨ

- ਸਤਿਗੁਰਾਂ ਨੇ ਤੁਹਾਨੂੰ ਦੋਨੋ ਦਾਨ ਦਿੱਤੇ ਨੇ। ਤੁਹਾਨੂੰ ਧਨ ਵੀ ਦਿੱਤਾ ਹੈ, ਨਾਮ ਵੀ ਦਿੱਤਾ ਹੈ। ਪਰ ਨਾਮ ਦੇ ਆਸਰੇ ਧਨ ਹੈ, ਧਨ ਦੇ ਆਸਰੇ ਨਾਮ ਨਹੀਂ। ਜੇ ਨਾਮ ਜਪਦੇ ਰਹੋਗੇ, ਸੁਖ ਪ੍ਰਾਪਤ ਹੋਊਗਾ। ਜੇ ਧਨ ਵਿੱਚ ਭੁੱਲ ਜਾਉਗੇ ਨਾਮ ਨੂੰ, ਫੇਰ ਇਹ ਰਹਿਣ ਵਾਲੀ ਚੀਜ਼ ਨਹੀਂ।

## ੧੦ ਪੁੰਨ

- ਪੁੰਨ ਇਹ ਨਹੀਂ—ਮੇਰਾ ਮਾਮੇ ਦਾ ਪੁੱਤ ਆਗਿਐ ਮੈਂ ਦੋ ਲੱਖ ਦੇ ਦਿੱਤਾ। ਪੁੰਨ ਉਹਦਾ ਨਾਮ ਹੈ ਜਿਹਨੂੰ ਕੋਈ ਨਾ ਦਿੰਦਾ ਹੋਵੇ, ਜਿਹਨੂੰ ਕਿਤੋਂ ਨਾ ਮਿਲਦਾ ਹੋਵੇ, ਜੇ ਉਹਨੂੰ ਦਿੱਤਾ ਜਾਏ—ਉਹ ਪੁੰਨ ਹੈ। ਅਪਾਹਜ ਨੂੰ ਦੇਣਾ ਪੁੰਨ ਹੈ ਸਭ ਤੋਂ ਵੱਡਾ। ਸਤਿਗੁਰਾਂ ਤਾਂ ਏਥੋਂ ਤਕ ਲਿਖ ਦਿੱਤਾ—ਬਈ, ਨਿੰਦਿਆ ਕਰਨ ਵਾਲਾ ਜੇ ਆਵੇ ਤਾ ਰੋਟੀ ਉਹਨੂੰ ਵੀ ਤੁਸੀਂ ਦਿਉ, ਨਿੰਦਿਆ ਕਰਨ ਵਾਲੇ ਨੂੰ ਨਿੰਦਿਆ ਦਾ ਫਲ, ਦਾਨ ਕਰਨ ਵਾਲੇ ਨੂੰ ਦਾਨ ਦਾ ਫਲ।

## ੧੧ **ਅਮਨ**

- ਜਿਤਨਾ ਚਿਰ ਉਸੇ ਹਿੰਦੁਸਤਾਨ ਦੀ, ਉਸੇ ਹੀ ਭਾਰਤ ਵਰਸ਼ ਦੀ ਸਭਿਅਤਾ ਨੂੰ ਅਸੀਂ ਨਾ ਅਪਣਾਵਾਂਗੇ ਉਨਾ ਚਿਰ ਕਦੇ ਦੁਨੀਆਂ ਵਿੱਚ ਅਮਨ ਔਰ ਸ਼ਾਂਤੀ ਨਹੀਂ ਹੋ ਸਕਦੀ।

## ੧੨ **ਕਵਿਤਾ**

- ਜੇ ਲਿਖੋ ਕਵਿਤਾ ਤਾਂ ਇਸ਼ਕ 'ਚ ਲਿਖੋ, ਸਤਿਗੁਰੂ ਦੇ ਪਿਆਰ 'ਚ ਲਿਖੋ, ਨਹੀਂ ਲਿਖੀ ਜਾਂਦੀ ਨਾ ਲਿਖੋ, ਵਕਤ ਨਾ ਪੂਰਾ ਕਰੋ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਬਚਨ ਸਿੱਧੇ ਹਿਰਦੇ ਅੰਦਰ ਧੱਸ ਜਾਣ ਦੀ ਸਮਰਥਾ ਰੱਖਦੇ ਹਨ, ਕਿਉਂਕਿ ਸਤਿਗੁਰੂ ਜੀ ਕਿਧਰੇ ਉੱਕਦੇ ਨਹੀਂ, ਉਹਨਾਂ ਨੂੰ ਸ਼ਬਦਾਂ ਤੇ ਭਾਵਾਂ ਨੂੰ ਵਿਅਕਤ ਕਰਨ ਲਈ ਸ਼ਬਦਾਵਲੀ ਲੱਭਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉਹਨਾਂ ਪਾਸ ਸ਼ਬਦਾਂ ਦਾ ਅਥਾਹ ਭੰਡਾਰ ਹੈ, ਇਸੇ ਕਰਕੇ ਹਰ ਤਰ੍ਹਾਂ ਦੇ ਭਾਵਾਂ ਨੂੰ ਬੜੀ ਪ੍ਰਭਾਵਸ਼ਾਲੀ ਸ਼ੈਲੀ, ਸੁੰਦਰ ਸਪਸ਼ਟ ਸ਼ਬਦਾਂ ਰਾਹੀਂ ਤੇ ਰੋਬੀਲੀ ਆਵਾਜ਼ ਰਾਹੀਂ ਵਿਅਕਤ ਕੀਤਾ ਹੈ। ਉਹਨਾਂ ਦੇ ਸ਼ਬਦਾਂ ਦੀ ਗੁੰਜਾਰ ਪਾਠਕਾਂ ਦੇ ਕੰਨਾਂ ਵਿੱਚ ਅੰਮ੍ਰਿਤ ਭਰਪੂਰ ਰਸ ਘੋਲ ਦਿੰਦੀ ਹੈ। ਆਪ ਦੇ ਬਚਨ ਅਤਿ ਮਿਠਾਸ ਭਰਪੂਰ ਹਨ ਅਤੇ ਉਹ ਅਨੂਪ ਰਸਾਲ ਬਚਨ ਜਨਮ-ਜਨਮਾਂਤਰਾਂ ਦੀ ਮੈਲ ਧੋ ਕੇ ਸ਼ੁੱਧਤਾ, ਨਿਰਮਲਤਾ, ਪ੍ਰਦਾਨ ਕਰਦੇ ਹਨ, ਉਹਨਾ ਦੀ ਮਿੱਠੀ ਮਿੱਠੀ ਮਹਿਕ, ਹਰ ਹਿਰਦੇ ਅੰਦਰ ਹੁਲਾਸ, ਖੇੜਾ, ਸੀਤਲਤਾ ਤੇ ਸੁਗੰਧੀ ਦਾ ਛਿੜਕਾਅ ਕਰ ਦਿੰਦੀ ਹੈ, ਮਨੁੱਖ ਉਹਨਾਂ ਦੇ ਪ੍ਰਭਾਵ ਹੇਠਾਂ, ਜੀਵਨ ਦੇ ਟੇਢੇ-ਮੇਢੇ ਮਾਰਗਾਂ ਨੂੰ ਕਲ-ਕਲ ਕਰਦੀ ਹੋਈ, ਛਲਾਂਗਾਂ ਮਾਰਦੀ ਹੋਈ ਸਹੁ ਸਾਗਰ ਨੂੰ ਮਿਲਣ ਲਈ ਉਤਾਵਲੀ ਹੋਈ ਨਦੀ ਵਾਂਗ, ਅਗਾਂਹ ਵਧਦਾ ਤੇ ਵਧਦਾ ਹੀ ਜਾਂਦਾ ਹੈ ਰਸਤੇ ਵਿੱਚ ਪਏ ਹੋਏ ਰੋੜੇ, ਉਸਦਾ ਕੁਝ ਨਹੀਂ ਵਿਗਾੜ ਸਕਦੇ ਤੇ ਉਹ ਆਪਣੇ ਜੀਵਨ ਦੀਆਂ ਦੁਰਗਮ ਰਾਹਾਂ ਨੂੰ ਬੇਰੋਕ

ਸਫਲਤਾ ਪੂਰਵਕ ਪਾਰ ਕਰਦੇ ਹੋਏ ਉੱਚ ਸ਼ਿਖਰਾਂ ਨੂੰ ਛੂਹ ਸਕਦਾ ਹੈ। ਕਿਉਂਕਿ ਉਸ ਕੋਲ ਬਚਨਾਂ ਦਾ ਭਰਪੂਰ, ਅਨਮੋਲ ਵਡਮੁੱਲਾ ਖਜ਼ਾਨਾ ਹੈ, ਜਿਉਂ-ਜਿਉਂ ਗੁਰਸਿੱਖ ਇਹਨਾਂ ਦੀ ਵਰਤੋਂ ਕਰਦਾ ਹੈ, ਇਹਨਾਂ ਦੀ ਪਾਲਣਾ ਕਰਦਾ ਹੈ, ਉਸਦੇ ਗਿਆਨ ਅਤੇ ਸ਼ਰਧਾ ਵਿੱਚ ਦੁੱਗਣਾ, ਚੌਗੁਣਾ ਵਾਧਾ ਹੋ ਜਾਂਦਾ ਹੈ। ਇਹ ਪਵਿਤਰ ਉਪਦੇਸ਼ ਸੀਤਲਤਾ ਦਾ ਅਥਾਹ ਸੋਮਾ ਹਨ, ਅਤੇ ਹਿਰਦੇ ਨੂੰ ਠੰਢਕ ਪ੍ਰਦਾਨ ਕਰਦੇ ਹਨ ਸਤਿਗੁਰੂ ਜੀ ਦੇ ਬਚਨਾਂ ਰੂਪੀ ਬੇੜੀ ਤੇ ਸਵਾਰ ਹੋ ਕੇ ਮਨੁੱਖ ਭਵਸਾਗਰ ਤੋਂ ਬੜੇ ਸਹਿਜ ਨਾਲ ਪਾਰ ਉਤਾਰਾ ਕਰ ਸਕਦਾ ਹੈ ਤੇ ਆਵਾਗਵਨ ਦੇ ਚੱਕਰਾਂ ਤੋਂ ਮੁਕਤ ਹੋ ਸਕਦਾ ਹੈ। ਇਹ ਅੰਮ੍ਰਿਤ ਭਰਪੂਰ ਬਚਨ ਕਾਲ ਤੇ ਸੀਮਾ ਤੋਂ ਪਰੇ ਹਨ। ਇਹ ਭੂਤ, ਵਰਤਮਾਨ ਅਤੇ ਭਵਿੱਖ ਵਿਚ ਸਰਵਦਾ ਇਕਸਾਰ ਹਨ। ਇਹ ਸਿਰਫ ਇੱਕ ਵਿਸ਼ੇਸ਼ ਵਿਅਕਤੀ ਅਥਵਾ ਸੰਮਪ੍ਰਦਾ ਦੀ ਸੰਪਤੀ ਨਹੀਂ, ਸਗੋਂ ਸਰਬੱਤ ਦੇ ਭਲੇ ਲਈ ਹਨ, ਸਾਰਿਆਂ ਲਈ ਸਾਂਝੇ ਹਨ, ਸਮੁੱਚੀ ਮਾਨਵਤਾ ਦੇ ਕਲਿਆਣ ਤੇ ਲਾਭ ਲਈ ਹਨ, ਇਹ ਤਾਂ ਕੁਝ ਵਡਭਾਗਿਆਂ ਨੂੰ ਹੀ ਉਪਲੱਬਧ ਹੋ ਸਕਦੇ ਹਨ ਕਿਉਂਕਿ ਇਹ ਅਤਿ ਉੱਤਮ ਅਤਿ ਸ੍ਰੇਸ਼ਟ ਅਤੇ ਅਤਿ ਅਮੋਲਕ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਹੋਰ ਵਿਸ਼ੇਸ਼ ਕਿਰਪਾ ਕੀਤੀ ਅਤੇ ਜਦੋਂ ਸ਼ਾਮ ਦੇ ਦੀਵਾਨ ਤੋਂ ਪਹਿਲਾਂ ਇੱਕ ਘੰਟਾ ਨਾਮ ਸਿਮਰਨ ਦਾ ਪ੍ਰੋਗਰਾਮ ਹੁੰਦਾ ਹੈ, ਉਸੇ ਦੌਰਾਨ ਇਹਨਾਂ ਪਵਿਤ੍ਰ ਉਪਦੇਸ਼ਾਂ ਨੂੰ ਟੇਪਾਂ ਰਾਹੀਂ ਸਾਧ ਸੰਗਤ ਨੂੰ ਸੁਣਾਉਣ ਦੀ ਇੱਕ ਨਵੀਂ ਪ੍ਰੰਪਰਾ ਤੋਰ ਦਿੱਤੀ ਹੈ। ਸਤਿਗੁਰੂ ਜੀ ਦੀ ਮਧੁਰ ਸੁਰੀਲੀ, ਰੋਬੀਲੀ ਆਵਾਜ਼ ਪਾਠਕਾਂ ਦੇ ਧਿਆਨ ਨੂੰ ਇੱਕ ਖਿਨ ਭਰ ਲਈ ਵੀ ਇਧਰ ਉਧਰ ਨਹੀਂ ਹੋਣ ਦਿੰਦੀ, ਰਸਨਾ ਨਾਮ ਸਿਰਮਨ ਵਿੱਚ ਲਿਵਲੀਨ ਅਤੇ ਸਾਧਕ ਇਹਨਾਂ ਦ੍ਰਿੜਤਾ, ਸਥਿਰਤਾ, ਵਿਸ਼ਾਲਤਾ ਭਰਪੂਰ ਬਚਨਾਂ ਦੀ ਲੈਅ ਵਿੱਚ ਝੂੰਮਦਾ ਹੋਇਆ ਆਤਮਿਕ ਹਿਲੋਰੇ ਲੈਂਦਾ ਹੋਇਆ, ਅਨੰਦ ਮਗਨ ਰਹਿੰਦਾ ਹੈ।

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੀ ਹੋਈ ਅਤਿ ਕ੍ਰਿਤਗਯ ਹਾਂ, ਜਿਨ੍ਹਾਂ ਦੀ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਸਦਕਾ

'ਲਾਲ ਏਹਿ ਰਤਨ' ਭਾਗ ਚੌਥੇ ਦਾ ਮਹਾਨ ਪ੍ਰਕਾਸ਼ਨ ਕਾਰਜ ਨੇਪਰੇ ਚੜ੍ਹ ਸਕਿਆ ਹੈ।

ਮੈਂ ਧੰਨਵਾਦੀ ਹਾਂ ਡਾ. ਈਸ਼ਰ ਸਿੰਘ ਤਾਂਘ ਜੀ ਦੀ ਜਿਨ੍ਹਾਂ ਨੇ ਆਪਣੇ ਭਾਵਾਂ ਨੂੰ ਵਡਮੁੱਲੇ ਸ਼ਬਦਾਂ ਰਾਹੀ ਵਿਅਕਤ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਮੈਂ ਸੰਤ ਜਗਤਾਰ ਸਿੰਘ ਜੀ, ਸਤਿਗੁਰੂ ਜੀ ਦੇ ਅਨਿੰਨ ਨਿਜੀ ਸੇਵਕ ਸੰਤ ਰਛਪਾਲ ਸਿੰਘ ਜੀ ਅਤੇ ਹਰਪਾਲ ਸਿੰਘ ਜੀ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਿੱਚ ਆਪਣਾ ਵਡਮੁੱਲਾ ਸਹਿਯੋਗ ਦਿੱਤਾ।

ਸ੍ਰ: ਸੰਤ ਸਿੰਘ ਜੀ ਨੇ ਇਸ ਪੁਸਤਕ ਦੇ ਸੰਪਾਦਨ ਵਿੱਚ ਇੱਕ ਕੁਸ਼ਲ ਸਹਾਇਕ ਦੇ ਰੂਪ ਵਿੱਚ ਬੜੀ ਮਹੱਤਵ ਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਸਤਿਗੁਰੂ ਜੀ ਦੇ ਪਵਿਤਰ ਬਚਨ ਟੇਪਾਂ ਤੋਂ ਬੜੇ ਗਹੁ ਨਾਲ ਸੁਣ ਕੇ ਪਹਿਲਾਂ ਆਪ ਰੱਜ ਕੇ ਆਨੰਦ ਮਾਣਿਆ ਅਤੇ ਫਿਰ ਇੱਕ ਇੱਕ ਸ਼ਬਦ ਦੀ ਸੁਧਾਈ ਵੱਲ ਉਚੇਚੇ ਤੌਰ ਤੇ ਧਿਆਨ ਦਿੱਤਾ। ਇਨ੍ਹਾਂ ਲਾਲਾਂ ਅਤੇ ਰਤਨਾਂ ਦੇ ਅਨਮੋਲ ਵਡਮੁੱਲੇ ਭੰਡਾਰ ਨੂੰ ਬੜੀ ਕਰੜੀ ਅਣਥੱਕ ਮਿਹਨਤ ਨਾਲ ਸੁੰਦਰ ਸੁਹਣੇ ਰੂਪ ਵਿੱਚ ਸੁਸਜਿਤ ਕੀਤਾ।

ਅੰਤ ਵਿੱਚ ਸਤਿਗੁਰੂ ਜੀ ਦੀ ਬਖਸ਼ੀ ਹੋਈ ਬੁੱਧੀ ਅਨੁਸਾਰ, ਇਨ੍ਹਾਂ ਅੰਮ੍ਰਿਤ-ਭਰਪੂਰ ਬਚਨਾਂ ਦੀਆਂ ਟੇਪਾਂ ਦੇ ਇੱਕ ਇੱਕ ਸ਼ਬਦ ਨੂੰ ਬੜੇ ਗਹੁ ਨਾਲ ਸੁਣਕੇ, ਜਿਉਂ ਦਾ ਤਿਉਂ ਉਤਾਰਾ ਕਰਨ ਦਾ ਪ੍ਰਯਾਸ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਅਨੇਕਾਂ ਹੀ ਹਵਾਲੇ ਹੋਰਨਾਂ ਪੁਸਤਕਾਂ ਵਿਚੋਂ ਵੀ ਦਿੱਤੇ ਗਏ ਹਨ। ਉਨ੍ਹਾਂ ਪੁਸਤਕਾਂ ਦੇ ਨਾਲ ਇੱਕ ਇੱਕ ਲਗ ਮਾਤਰ ਸ਼ਬਦ ਜੋੜ ਮਿਲਾ ਕੇ ਇਸ ਪੁਸਤਕ ਦੀ ਸੋਧ ਕੀਤੀ ਗਈ ਹੈ। ਇਸਦੇ ਬਾਵਜੂਦ ਵੀ ਜੇਕਰ ਕੁਝ ਤਰੁੱਟੀਆਂ ਰਹਿ ਗਈਆਂ ਹੋਣ ਤਾਂ ਖਿਮਾ ਦੀ ਜਾਚਿਕਾ ਹਾਂ।

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।।**

ਮਿਤੀ : ੧੯ ਅਗਸਤ, ੨੦੦੨ ***ਬੇਅੰਤ ਕੌਰ***
(ਤਥਾ ੧ ਭਾਦਰੋਂ ੨੦੫੯)

# ਪ੍ਰਵੇਸ਼ਿਕਾ

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ।।**
**ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ।।**

*-ਆਦਿ ਗ੍ਰੰਥ, ਪੰਨਾਂ-੧੪੨੯*

'ਨਾਮ' ਸ੍ਰਿਸ਼ਟੀ ਦਾ ਮੂਲ ਧਰਮ ਹੈ। ਨਾਮ ਤੋਂ ਬਿਨਾਂ ਸਗਲੀ ਮਾਇਆ ਕ੍ਰਿਤ-ਖੇਡ ਨਾਸ਼ਵਾਨ ਹੈ। ਨਾਮ ਦੀ ਮਹਿਮਾ ਦਾ ਵਰਣਨ ਹੋ ਹੀ ਨਹੀਂ ਸਕਦਾ। ਇਹੀ ਕਾਰਣ ਹੈ ਕਿ 'ਨਾਮ' ਨੂੰ ਅੰਤਰ-ਆਤਮਾ ਤਕ ਧਾਰਣ ਕਰਨ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੁੱਚੀ ਲੋਕਾਈ ਦੇ ਕਲਿਆਣ ਹਿਤ ਦੇਸ਼-ਵਿਦੇਸ਼ ਦੀ ਧਰਤੀ ਤੇ ਦਰਸ਼ਨ ਦੇ ਕੇ ਜੀਵਨ ਦੇ ਸੱਚੇ ਤੇ ਸੁੱਚੇ ਮਾਰਗ ਨੂੰ ਆਪਣੇ ਮਨੋਹਰ ਪ੍ਰਵਚਨਾ ਨਾਲ ਰੁਸ਼ਨਾਉਂਦੇ ਰਹੇ ਮਨੁੱਖ ਦੀ ਤਮੋ-ਬਿਰਤੀ ਨੂੰ ਪੰਜ ਭੌਤਿਕ ਪ੍ਰਲੋਭਨ ਤੋਂ ਬਚਾਈ ਰੱਖਣ ਅਤੇ ਸਤਿ-ਚਿੱਤ-ਅਨੰਦ ਨਾਲ ਜੋੜੀ ਰੱਖਣ ਲਈ ਸਦਾ ਤਤਪਰ ਰਹਿੰਦੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੁਰਹਿਤਾਂ ਨਾਲ ਗ੍ਰਹਿਣੀ ਜਾ ਚੁੱਕੀ ਸਿੱਖੀ ਦੀ ਸਾਰ ਲਈ। ਸਿੱਖੀ ਸਰੂਪ ਤੋਂ ਲੈ ਕੇ ਸਿੱਖੀ ਆਦਰਸ਼, ਜੀਵਨ-ਜਾਚ, ਚੱਜ-ਆਚਾਰ ਅਤੇ ਨਾਮ ਸਿਮਰਣ ਦਾ ਪਰਚਮ ਇਤਨਾ ਬੁਲੰਦ ਕੀਤਾ ਕਿ ਅੱਜ ਸਾਨੂੰ ਸਭਨਾ ਨੂੰ ਗੌਰਵ ਮਹਿਸੂਸ ਹੁੰਦਾ ਹੈ। ਸਿੱਖੀ ਦੇ ਗੌਰਵ ਦੀ ਬਹਾਲੀ ਲਈ ਸ੍ਰੀ ਸਤਿਗੁਰੂ ਰਾਮ ਸਿੰਘ, ਸ੍ਰੀ ਸਤਿਗੁਰੂ ਹਰੀ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਜਗਦੀ ਜੋਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖੀ ਦੀ ਆਨ-ਬਾਨ-ਸ਼ਾਨ ਨੂੰ ਲਗਾਤਾਰ ਪੁਨਰ-ਸੁਰਜੀਤ ਕੀਤਾ। ਉਹਨਾਂ ਦੇ 'ਨਾਮ' ਦਾ ਅਜਿਹਾ ਪ੍ਰਕਾਸ਼ ਕੀਤਾ ਕਿ ਦੁਰਮਤਿ ਦਾ ਸਰਵਨਾਸ਼ ਹੋ ਗਿਆ। ਇੰਜ ਲਗਦਾ ਹੈ ਕਿ ਜਿਵੇਂ ਰਿਗਵੇਦ ਸਮੇਂ ਗਿਆਨ ਦਾ ਪ੍ਰਕਾਸ਼

ਹੋਇਆ ਸੀ ਅਤੇ ਹਰ ਪਾਸਿਉਂ ਮਾਨੋ ਇਹ ਆਵਾਜ਼ ਗੂੰਜਣ ਲੱਗ ਪਈ ਸੀ,''ਅਸੀਂ ਹਨੇਰੇ ਨੂੰ ਪਿੱਛੇ ਛੱਡ ਆਏ ਹਾਂ ਤੇ ਹੁਣ ਉਹ ਧਰਮ ਜੋਤ ਸਾਡੀਆਂ ਅੱਖਾਂ ਸਾਹਮਣੇ ਚਮਕ ਰਹੀ ਹੈ'',ਠੀਕ ਉਵੇਂ ਹੀ ਸਤਿਗੁਰੂ ਦੇ ਗਿਆਨ-ਉਪਦੇਸ਼ਾਂ ਦੇ ਸਦੀਵੀ ਚਾਨਣ ਨੇ ਮਨਾਂ ਅੰਦਰਲੀ ਕਾਲਖ ਨੂੰ ਧੋ ਦਿੱਤਾ ਹੈ। ਧੁਰ-ਅੰਦਰ ਲੱਟ ਲੱਟ ਬਲਦੀ ਨਾਮ ਦੀ ਜੋਤ ਨਾਲ ਤਨ-ਮਨ ਹਿਰਦਾ ਤੇ ਮਸਤਕ, ਚੰਦਰਮਾ ਦੇ ਸੀਤਲ ਪ੍ਰਕਾਸ਼ ਵਾਂਗ ਠੰਢ ਵਰਤਾਅ ਰਿਹਾ ਹੈ। ਨਾਮ ਦੀ ਬਖ਼ਸ਼ਿਸ਼ ਨਾਲ ਦੁਰਮਤਿ ਦਾ ਨਿਰੰਤਰ ਨਾਸ ਹੋ ਰਿਹਾ ਹੈ, ਸੱਚ-ਸੁੱਚ ਤੇ ਸੰਜਮ ਦਾ ਸੰਚਾਰ ਹੋ ਰਿਹਾ ਹੈ, ਹਉਮੈ ਦਾ ਰੋਗ ਕੱਟਿਆ ਜਾ ਰਿਹਾ ਹੈ। ਮਨ ਦੀ ਦੁਬਿਧਾ ਸ਼ਾਂਤ ਹੋ ਰਹੀ ਹੈ ਕਿਉਂਕਿ ਬਾਣੀ ਦਾ ਫ਼ਰਮਾਨ ਹੈ-

**ਸਰਬ ਰੋਗ ਕਾ ਅਉਖਦੁ ਨਾਮੁ।।**

'ਨਾਮ' ਦੀ ਅਪਾਰ ਮਹਿਮਾ ਸੁਗੰਧ ਰੂਪ ਹੋ ਕੇ ਜਦੋਂ ਸਤਿਸੰਗਤ ਵਿੱਚ ਬਿਖਰਦੀ ਹੈ ਅਤੇ ਜਦੋਂ ਕੋਈ ਸਰੀਰ ਸਹਿਜ ਰੂਪ ਵਿੱਚ ਇਹ ਅਨੰਦਿਤ-ਅਵਸਥਾ ਮਾਣਨੀ ਚਾਹੁੰਦਾ ਹੋਵੇ ਤਾਂ ਨਾਮਧਾਰੀ ਸਤਿਸੰਗ ਵਿੱਚ ਸਿਮਰਨਾ ਲੈ ਕੇ ਇਕਾਗਰ ਚਿੱਤ ਹੋ ਕੇ ਬਹਿ ਜਾਂਦਾ ਹੈ। ਅਜਿਹੇ ਮੌਕੇ ਸਤਿਗੁਰਾਂ ਦੇ ਮੁਖਾਰਬਿੰਦ ਵਿੱਚੋ ਜੋ ਪ੍ਰਵਚਨ ਕਿਰਦੇ ਹਨ, ਵਿਖਿਆਨ ਹੁੰਦਾ ਹੈ, ਉਹ ਆਤਮਾ ਦੀ ਤ੍ਰਿਪਤੀ ਕਰਨ ਦੇ ਸਮਰੱਥ ਹੁੰਦਾ ਹੈ।

ਅਜਿਹੇ ਵਿਖਿਆਨਾ ਨੂੰ ਵਰ੍ਹਿਆਂ ਮਗਰੋਂ ਅੱਖਰ-ਅੱਖਰ ਸਾਂਭ ਕੇ ਪੁਸਤਕ ਰੂਪ ਦੇਣਾ ਸਤਿਗੁਰੂ ਦੀ ਬਖ਼ਸ਼ਿਸ਼ ਤੋਂ ਬਿਨਾਂ ਅਸੰਭਵ ਹੈ। ਪ੍ਰਿੰਸੀਪਲ ਬੇਅੰਤ ਕੌਰ ਦੀ ਜੀਵਨ-ਸਾਧਨਾ ਵਿੱਚ ਸੱਚੇ ਪਾਤਸ਼ਾਹ ਦੀ ਅਜਿਹੀ ਕਿਰਪਾ ਬਣੀ ਚਲੀ ਆ ਰਹੀ ਹੈ, ਜਿਸਦੇ ਸਦਕੇ ਉਹਨਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਖਿਆਨਾਂ ਦੀ ਇਹ ਚੌਥੀ ਜਿਲਦ ਤਿਆਰ ਕੀਤੀ ਹੈ। ਬੰਕੋਕ ਦੀ ਧਰਤੀ ਤੇ ਦਰਸ਼ਨ ਦੇ ਕੇ ਸੱਚੇ ਪਾਤਸ਼ਾਹ ਨੇ ਸਾਲ ੧੯੫੫ ਵਿੱਚ ਦਸ ਵਿਖਿਆਨਾਂ ਦੀ ਬਖ਼ਸ਼ਿਸ਼ ਕੀਤੀ ਅਤੇ ਸਾਲ ੧੯੫੬ ਵਿੱਚ ਉਸੇ ਧਰਤੀ ਨੂੰ ੬ ਵਿਖਿਆਨਾਂ ਦੀ ਹੋਰ ਦਾਤ ਬਖ਼ਸ਼ੀ, ਜਿਨ੍ਹਾਂ ਨੂੰ ਇਸ ਜਿਲਦ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਉਚਰੇ ਇਹ ਵਿਖਿਆਨ ਜਿਸ ਅਦੁੱਤੀ ਸਤਿਕਾਰ ਅਤੇ ਸ਼ਰਧਾ ਨਾਲ ਅੱਖਰ-ਰੂਪ ਵਿੱਚ ਸਾਕਾਰ ਕੀਤੇ ਗਏ ਹਨ, ਉਹ ਭਾਵਨਾ ਬੜੀ ਸ਼ਰਧਾਵਾਨ ਹੈ। ਪੁਸਤਕ ਰੂਪ ਵਿੱਚ ਹੁਣ ਇਹ ਪ੍ਰਕਾਸ਼ਮਾਨ ਅੱਖਰ, ਪੰਥ ਦੇ ਭਲੇ ਅਤੇ ਕਲਿਆਣ ਹਿਤ ਜਗਮਗ ਚਮਕ ਉਠੇ ਹਨ। ਇਹ ਅਗਮ ਤੇ ਨਿਗਮ ਦੀਆਂ ਗੱਲਾਂ ਕਰਦੇ ਹਨ ਅਤੇ ਗੁਰ-ਚਰਨਾਂ ਨਾਲ ਵੀ ਜੋੜਦੇ ਹਨ। ਇਹਨਾਂ ਵਿਖਿਆਨਾਂ ਦੀ ਗਹਿਰ-ਗੰਭੀਰਤਾ ਬਹੁ-ਪੱਖੀ ਹੈ। ਇਹਨਾਂ ਅੰਦਰ ਅਥਾਹ ਗਿਆਨ ਹੈ, ਅਜਿਹਾ ਗਿਆਨ, ਜਿਹੜਾ ਆਤਮਾ ਦੇ ਬੰਦ ਕਪਾਟ ਖੋਹਲ ਦਿੰਦਾ ਹੈ, ਗੁਰ-ਇਤਿਹਾਸ ਦੇ ਪੰਨੇ ਗੂੰਜ ਉਠਦੇ ਹਨ, ਸਾਹਿਤ-ਸਿਰਜਣਾ ਦੇ ਮਨੋਰਥ ਸਪਸ਼ਟ ਹੁੰਦੇ ਹਨ, ਮਨੁੱਖ ਦੇ ਜੀਵਨ ਨੂੰ ਨਾਮ ਨਾਲ ਜੋੜ ਕੇ ਸਤਿ ਅਤੇ ਸਦਾਚਾਰ ਦਾ ਸੰਦੇਸ਼ ਦਿੰਦੇ ਹਨ। ਹਉਮੈ ਨੂੰ ਕੱਟ ਕੇ ਨਿਮਰਤਾ ਨਾਲ ਜੋੜਦੇ ਹਨ। ਸਰਬ ਗੁਣਾਂ ਦੀ ਖਾਣ ਵਿੱਚੋਂ ਨਾਮ ਦੇ ਬਹੁਮੁੱਲੇ ਹੀਰੇ-ਜਵਾਹਰ ਮਾਤ ਲੋਕ ਵਿੱਚ ਵਿਚਰਦੇ ਸਰੀਰਾਂ ਲਈ ਅਖੁੱਟ ਸਰਮਾਇਆ ਹਨ। ਬਾਣੀ ਵਿੱਚ 'ਨਾਮ' ਹੀ ਮੂਲ ਅਧਾਰ ਬਣ ਕੇ ਸਿਮਰਨ ਤੇ ਜੀਵਨ-ਮੁਕਤੀ ਦਾ ਮਾਰਗ ਰੁਸ਼ਨਾ ਰਿਹਾ ਹੈ।

**ਹਰਿ ਕੇ ਨਾਮ ਕੇ ਜਨ ਕਾਂਖੀ।।**
**ਮਨਿ ਤਨਿ ਬਚਨਿ ਏਹੀ ਸੁਖ ਚਾਹਤ**
**ਪ੍ਰਭ ਦਰਸੁ ਦੇਖਹਿ ਕਬ ਆਖੀ।।**

*-ਪੰਨਾ-੧੨੨੭*

**ਭਵਜਲੁ ਬਿਨੁ ਸਬਦੈ ਕਿਉ ਤਰੀਐ।।**
**ਨਾਮ ਬਿਨਾ ਜਗੁ ਰੋਗਿ ਬਿਆਪਿਆ**
**ਦੁਬਿਧਾ ਡੁਬਿ ਡੁਬਿ ਮਰੀਐ।।**

*-ਪੰਨਾ-੧੧੨੫*

**ਸਰਬ ਜੋਤਿ ਨਾਮੈ ਕੀ ਚੇਰਿ।।**

*-ਪੰਨਾ-੧੧੮੭*

ਨਾਮ ਹੀ ਦੁਰਮਤਿ-ਹਰਤਾ ਹੈ, ਸਰਬ ਰੋਗਾਂ ਦੀ ਔਖਧੀ ਹੈ, ਠੰਢ ਵਰਤਾਉਂਦਾ ਹੈ ਅਤੇ ਹਿਰਦੇ ਦੀ ਤਪਸ਼ ਨੂੰ ਠਾਰਦਾ ਹੈ, ਸੰਤੋਖ ਤੇ ਸਹਿਜ ਸੁਖ ਦਾ ਦਾਤਾ ਹੈ, ਸੁਰਤ ਤੇ ਬੁੱਧ ਨੂੰ ਸੇਧ ਦਿੰਦਾ ਹੈ।

**ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ ਮਿਲਾਇਆ।।**

ਗੁਰੂ ਦਰਸ਼ਨ ਨਾਲ ਨਾਮ ਦਾ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ। ਇਸ ਗ੍ਰੰਥ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਖਿਆਨ, ਨਾਮ ਅਤੇ ਆਤਮ-ਗਿਆਨ ਦੇ ਉਹ ਭੰਡਾਰ ਹਨ ਜਿਸ ਨੂੰ ਜਿਤਨਾ ਭੁੰਚਾਂਗੇ, ਖਰਚਾਂਗੇ, ਉਤਨੀ ਹੀ ਭਰਪੂਰਤਾ ਦਾ ਅਨੰਦ ਮਾਣਨ ਦਾ ਸੁਭਾਗ ਪ੍ਰਾਪਤ ਕਰ ਸਕਾਂਗੇ।

**ਡਾ. ਈਸ਼ਰ ਸਿੰਘ 'ਤਾਂਘ'**
੧-੫-੨੦੦੨

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

# ਬੰਕੋਕ ੨੮-੧-੧੯੫੫

## ਸਤਿਗੁਰੂ ਦਾ ਇਸ਼ਕ

*ਦੁਸ਼ਨਾਮ*[੧] *ਨ ਦਾਨੇਮ,*

ਮੈਂ ਨਹੀਂ ਜਾਣਦਾ ਕਿ ਮੈਨੂੰ ਗਾਲ੍ਹਾਂ ਕੌਣ ਕੱਢਦਾ ਹੈ, ਮੈਨੂੰ ਕੌਣ ਕਹਿੰਦਾ ਹੈ—ਬੁਰਾ।

*ਦੁਆ ਰਾ ਨ ਸ਼ਨਾਸੇਮ*[੨]*।*

*– ਗਜ਼ਲ ੫੮*

ਮੈਨੂੰ ਇਸ ਗੱਲ ਦਾ ਵੀ ਨਹੀਂ ਪਤਾ, ਜਿਹੜੀ ਮੈਂ ਕੱਲ ਅਰਜ਼ ਕਰੀ ਸੀ—

**ਮਨੁ ਮਰੈ ਧਾਤੁ ਮਰਿ ਜਾਇ।।**

*– ਧਨਾਸਰੀ ਮ:੩, ਪੰਨਾ-੬੬੫*

—ਮੈਨੂੰ ਏਸ ਦਾ ਵੀ ਨਹੀਂ ਪਤਾ ਕਿ ਮੇਰੀ ਸਿਫਤ ਕੌਣ ਕਰਦਾ ਹੈ।

*ਆਸ਼ਫਤਾ*[੩]*-ਇ ਆਨੇਮ,*

ਮੈਂ ਉਸਦਾ ਆਸ਼ਕ ਹਾਂ,

*ਕਿ ਆਸ਼ਫਤਾ ਇ ਮਾਸੂ।*

ਓਹ ਸਾਹਿਬ ਤੇ ਮੈਂ ਆਸ਼ਕ, ਉਹ ਮੇਰਾ ਮਾਸ਼ੂਕ ਹੈ।

*ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ।*

*– ਗਜ਼ਲ ੫੮*

ਮੈਨੂੰ ਨਹੀਂ ਪਤਾ ਕਿ ਕੌਣ ਬਾਦਸ਼ਾਹ ਹੈ, ਅਤੇ ਕੌਣ ਕੰਗਾਲ ਹੈ, ਮੇਰਾ ਕਿਸੇ ਨਾਲ ਤਅਲੱਕ ਨਹੀਂ। ਮੈਂ ਇਸ਼ਕ ਦਾ ਬੰਦਾ ਹਾਂ। ਮੈਂ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਦਾ ਹੀ ਆਸ਼ਕ ਹਾਂ।

ਜਿਹੜੇ ਆਸ਼ਕ ਹਨ, ਉਹ ਸਤਿਗੁਰੂ ਦੇ ਨਾਲ ਹੀ ਆਉਂਦੇ ਜਾਂਦੇ ਹਨ, ਔਰ ਉਹਨਾਂ ਦਾ ਜੰਮਣ ਮਰਨ ਨਹੀਂ ਰਹਿ ਜਾਂਦਾ। ਉਹ ਉਹਦਾ ਰੂਪ ਹੋ ਜਾਂਦੇ ਹਨ। ਭਾਈ ਗੁਰਦਾਸ ਜੀ ਦੀ ਸ਼ੰਕਾ ਓਦੋਂ ਹੋਈ—ਤੁਸੀਂ ਇਤਿਹਾਸ ਪੜ੍ਹੋ—ਕਿ ਕਬੀਰ, ਫਰੀਦ—ਬਾਣੀ ਗੁਰੂ ਜੀ ਆਪ ਉਚਾਰੀ ਜਾਂਦੇ ਹਨ—ਸਾਹਮਣੇ ਆ ਕੇ ਖੜ੍ਹੇ ਹੋ ਗਏ, ਕਿਉਂਕਿ ਉਹ ਮਰੇ ਹੀ ਨਹੀਂ।

*ਲਿਯੇ ਨਾਮ ਵਾ ਸਾਮ ਜਿਨ ਟੂਟ ਜਾਇ ਜਮ ਦਾਮ।*

ਤਾਂ ਕਹਿੰਦੇ ਹਨ—ਕਿ ਤੂੰ ਉਸਦਾ ਨਾਮ ਜਪ, ਤੇਰੀ ਵੀ ਜਮ ਦਾਮ ਜਿਹੜੀ ਹੈ, ਇਹ ਟੁੱਟ ਜਾਵੇ।

*ਆਠੋ ਜਾਮ ਧਿਆਇ ਮਨ ਧੰਨ ਸਤਿਗੁਰ ਹਰਿ ਰਾਮ।।੨।।*
*ਕਬਿਤ।।ਗਊ ਆਜਿ ਜਾਨ ਕੇ ਪਲਾਨ ਦੁੱਖ ਦੀਦ,*

ਕਵੀਓ ! ਜ਼ਰਾ ਧਿਆਨ ਦੇਣਾ, ਇੱਕ ਗੱਲ ਤੁਹਾਨੂੰ ਦੱਸਣੀ ਸੀ ਜ਼ਰਾ। ਮਖੌਲ ਦੀ ਗੱਲ ਨਹੀਂ ਹੁੰਦੀ, ਇਹ ਕਵੀਆਂ ਦੀ ਰਚਨਾ ਐਸੀ ਹੀ ਹੁੰਦੀ ਹੈ, ਜਿਹਦਾ ਕਿਸੇ ਕਿਸੇ ਵੇਲੇ ਪਤਾ ਨਹੀਂ ਲਗਦਾ। ਕਹਿੰਦੇ ਹਨ—*ਗਊ ਆਜਿ ਜਾਨ*—ਗਊਆਂ ਔਰ ਗਰੀਬਾਂ ਦੇ ਪਲਾਣ ਢਾਏ। ਜਿਸ ਤਰ੍ਹਾਂ ਪਲਾਣ ਬੱਧੇ ਹੁੰਦੇ ਹਨ, ਵੱਡੇ ਵੱਡੇ ਪਲੰਦੇ ਬੱਧੇ ਹੁੰਦੇ ਹਨ, ਏਡੇ ਏਡੇ ਦੁੱਖਾਂ ਨੂੰ ਦੇਖਿਆ, ਵੱਡਿਆਂ ਦੁੱਖਾਂ ਨੂੰ—ਮਹਾਰਾਜ ਨੇ।

*ਕਿਯੇ ਰੂਪ ਸੁ ਭਯਾਨ ਜੋ ਬਿਲਾਨ ਤ੍ਰਾਸ ਮਾਨੇ ਹੈ।*

ਫਿਰ ਕੈਸਾ ਰੂਪ ਭਿਆਨਕ ਧਰਿਆ—*ਬਿਲਾਨ ਤ੍ਰਾਸ ਮਾਨੇ ਹੈ*—ਜਿਸ ਰੂਪ ਨੂੰ ਦੇਖ ਕੇ ਬਿੱਲੇ ਡਰੇ।

*ਐਸਾ ਕੌਣ ਅਕਾਲ ਹਟਾਏ।*
*ਸਾਡਾ ਧੜਕ ਕਲੇਜਾ ਜਾਇ।*

ਜਦੋਂ ਸਿੰਘ ਸਤਿਗੁਰਾਂ ਦੇ ਸਤਿ ਸ੍ਰੀ ਅਕਾਲ ਬੁਲਾਉਂਣ, ਤਾਂ ਅੰਗਰੇਜ਼ ਆਖੇ—ਕੌਣ ਹੋਵੇ ਜੋ ਅਕਾਲ ਨੂੰ ਹਟਾਵੇ, ਸਾਡਾ ਕਲੇਜਾ ਧੜਕਦਾ ਹੈ।

*ਬਿਲਾਨ ਤ੍ਰਾਸ ਮਾਨੇ ਹੈ,*

ਬਿੱਲਿਆਂ ਨੇ ਡਰ ਮੰਨਿਆ ਏਸ ਗੱਲ ਦਾ।

## ਦੋ ਕੇ ਤੀਨ

*ਹਿੰਦ ਤੁਰਕਾਨ ਸੇ ਨਿਸਾਨ ਜੁਦਾ ਠਾਨ ਸਨ,*

ਹਿੰਦੂ ਮਜ਼੍ਹਬ ਤੇ ਮੁਸਲਮਾਨ ਮਜ਼੍ਹਬ ਤੋਂ ਨਿਸ਼ਾਨ ਜੁਦਾ ਕੀਤਾ। ਜੇ ਇਸ ਕਥਨ ਨੂੰ ਹੁਣ ਦੇਖੀਏ, ਹੁਣ ਸਾਡਾ ਨੇਮ ਧਰਮ ਕੋਈ ਨਹੀਂ ਰਹਿ ਗਿਆ। ਅੱਜ ਉੱਤੇ ਬੈਠਾ ਵੀ ਮੈਂ ਗੱਲਾਂ ਕਰਦਾ ਰਿਹਾ ਹਾਂ, ਮਾਈਓ ! ਧਿਆਨ ਦੇਣਾ ਤੁਸਾਂ। ਬਹੁਤਾ ਸਾਰਾ ਹਿੱਸਾ ਤੁਹਾਡਾ ਇਸ ਕੰਮ 'ਚ ਹੈ। ਲਿਖਿਆ ਹੈ ਇਤਿਹਾਸ ਵਿੱਚ ਕਿ ਗੁਰੂ ਗੋਬਿੰਦ ਸਿੰਘ ਜੀ ਦਾ, ਜਿਸ ਤਰ੍ਹਾਂ ਉਹਨਾਂ ਲਿਖਿਆ ਹੈ–

**ਸਪਤ ਸ੍ਰਿੰਗ ਸੋਭਿਤ ਹੈ ਤਹਾਂ।।**

ਮੈਂ ਉੱਥੇ ਦੱਸ ਸਕਦਾ ਸਾਂ ਉਸ ਵੇਲੇ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਤਹ ਹਮ ਅਧਿਕ ਤਪੱਸਿਆ ਸਾਧੀ**

*– ਦਸਮ ਗ੍ਰੰਥ, ਪੰਨਾ–੫੪*

ਓਸ ਵਕਤ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਤਾਂ 'ਦੁਸ਼ਟ ਦਮਨ' ਸੀ, ਗੁਰੂ ਤੇਗ਼ ਬਹਾਦਰ ਜੀ ਦਾ ਨਾਮ 'ਸੁਮੁੰਡ ਰਿਖੀ' ਸੀ, ਔਰ ਔਰੰਗਜ਼ੇਬ ਦਾ ਨਾਮ ਸੁਦਰਸਪਰਸ਼ ਸੀ। ਉਸ ਵਕਤ ਏਸ ਨੂੰ—ਕੁਸੰਗਤ ਤੇ ਸੰਗ ਸਾਥ ਗਰਾਈ। ਸ਼ਾਇਦ ਤੁਹਾਡੇ ਅੱਗੇ ਇਹ ਗੱਲ ਨਾ ਆਈ ਹੋਵੇ ਏਥੇ ਕਦੇ। ਸੁਦਰਸਪਰਸ਼ ਦੈਂਤਾਂ ਦੀ ਸੰਗਤ ਕਰਨ ਲੱਗ ਪਿਆ। ਜ਼ਰਾ ਧਿਆਨ ਦੇਣਾ ਤੁਸੀਂ ਵੀ, ਗੁਰੂ ਕੇ ਸਿੱਖ ਸਭ ਦੇਵਤੇ ਨੇ। ਰਾਕਸ਼ਾਂ ਦੀ ਸੰਗਤ ਐਸੀ ਹੈ, ਬੁਰੀਆਂ ਚੀਜ਼ਾਂ ਖਾਣ ਵਾਲਿਆਂ ਦੀ ਵੀ ਕਰਦੇ ਹੋ, ਮਾਸ, ਮਦਰਾ, ਤਮਾਕੂ, ਬੁਰੀਆਂ ਚੀਜ਼ਾਂ ਹਨ। ਸੰਗ ਕਰਦਾ ਕਰਦਾ ਸੁਦਰਸਪਰਸ਼ ਇੱਕ ਦਿਨ ਸ਼ਰਾਬ ਪੀ ਆਇਆ। ਸ਼ਰਾਬ ਪੀ ਕੇ ਜਿਸ ਵਕਤ ਮਹਾਰਾਜ ਦੇ ਦਰਬਾਰ ਵਿੱਚ ਆਇਆ—ਅਕਾਲ ਪੁਰਖ ਦੇ, ਉਨ੍ਹਾਂ ਦੇਖਿਆ ਕਿ ਇਹਦੀ

ਮੱਤ ਮਾਰੀ ਹੋਈ ਹੈ। ਉਨ੍ਹਾਂ ਗਊ ਦਾ ਦੁੱਧ ਮੰਗਵਾਇਆ ਅਤੇ ਬਿਨਾਂ ਪੁਣਿਆਂ ਦੁੱਧ ਦੇ ਦਿੱਤਾ ਪੀਣ ਨੂੰ। ਔਰੰਗਜ਼ੇਬ ਉਸ ਬੇਹੋਸ਼ੀ ਸ਼ਰਾਬ ਦੀ ਵਿੱਚ, ਉਹ ਸੁਦਰਸਪਰਸ਼, ਦੇਵਤਾ ਹੁੰਦਾ ਹੋਇਆ ਉਹ ਦੁੱਧ ਪੀ ਗਿਆ। ਉਸ ਦੁੱਧ 'ਚ ਇੱਕ ਵਾਲ ਉਹਦੇ ਅੰਦਰ ਚਲਾ ਗਿਆ। ਜਨਮ ਸਾਖੀ 'ਚ ਤੁਕਾਂ ਲਿਖੀਆਂ ਹਨ।

*ਬਿਨਾਂ ਪੁਣੇ ਦੁੱਧ ਗਊ ਦਾ ਖਾਧਿਆ ਗਿਆ ਪਤਾਲ।*

ਤੇ, ਦੂਜੀ ਤੁਕ ਹੈ–

*ਜੋ ਗਊ ਸੂਅਰ ਮਾਸ ਖਾਨ ਤਿਨਾਂ ਵਡੇ ਜੰਜਾਲ।*★[੧]

ਅਤੇ ਆਵਾਜ਼ ਆਈ—ਮਲੇਛ ਬੁੱਧ। ਅਕਾਲ ਪੁਰਖ ਨੇ ਕਿਹਾ—ਜਾਹ ਮਲੇਛ ਬੁੱਧ।

ਅੱਖਾਂ ਉਘੜੀਆਂ, ਤਾਂ ਕਹਿਣ ਲੱਗਾ,''ਅੱਛਾ ਮੇਰੇ ਤਪ ਦਾ ਫਲ, ਮੈਨੂੰ ਬਾਦਸ਼ਾਹੀ ਤਾਂ ਦੇਣੀ ਹੀ ਹੈ ਨ, ਜੇ ਮੈਨੂੰ ਮਲੇਛ ਬਣਾਇਆ ਹੈ ਤਾਂ ਮੈਂ ਮਲੇਛੀ ਹੀ ਕਰ ਕੇ ਦਿਖਾਵਾਂਗਾ।''

*ਹੂਈ ਆਵਾਜ਼ ਰਾਤ ਕੌ ਐਸੀ।*
*ਸਭਿ ਸਿਰ ਬਲੀ ਏਕ ਬਨ ਰੈਸੀ।*
*ਉਠਤ ਸਵੇਰ ਖਾਬ ਭਈ ਸਾਚੀ।*
*ਹਿੰਦੀ ਕਰੋ ਮਲੇਛਾ ਡਾਚੀ।*

– *ਸੌ ਸਾਖੀ*

ਸੌ ਸਾਖੀ 'ਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਲਿਖਿਆ ਹੈ ਇਸਦੀ ਬਾਬਤ। ਸੁਦਰਸਪਰਸ਼ ਉੱਥੋਂ ਤੁਰ ਪਿਆ। ਸਾਰੀਆਂ ਪੁਰੀਆਂ ਚੋਂ ਕਹਿੰਦਾ ਆਉਂਦਾ ਹੈ—ਦੋ ਕਾ ਏਕ—ਦੋ ਕਾ ਏਕ—ਦੋ ਕਾ ਏਕ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਪੁਰੀ ਦੇ ਕੋਲੋਂ ਦੀ ਲੰਘਣ ਲੱਗਿਆ ਤਾਂ ਉਹਨਾਂ ਨੇ ਆਖਿਆ —ਦੋ ਕੇ ਤੀਨ।

ਖੜਾ ਹੋ ਗਿਆ, ਕਿਉਂਕਿ ਕਿਸੇ ਨੇ ਤਾਂ ਅੱਗੇ ਆਵਾਜ਼ ਹੀ ਨਹੀਂ ਸੀ ਦਿੱਤੀ। ਕਹਿਣ ਲੱਗਾ,''ਸਾਧ ਜੀ ! ਤੁਮਨੇ ਕਿਆ ਕਹਾ ?''

ਕਹਿਣ ਲੱਗੇ,''ਕਹਿਣਾਂ ਕੀ ਹੈ, ਤੂੰ ਕੀ ਕਹਿਨਾਂ ਹੈਂ ?''

ਉਸਨੇ ਆਖਿਆ,''ਮੈਨੂੰ ਮਿਲਿਆ ਹੈ ਰਾਜ, ਮੈਂ ਚੱਲਿਆ ਹਾਂ ਹੁਣ; ਮੈਂ ਜਾ ਕੇ ਸਭ ਇੱਕ ਮਜ਼੍ਹਬ ਕਰ ਦੇਣਾ ਹੈ—ਮੁਸਲਮਾਨ।''

ਉਨ੍ਹਾਂ ਆਖਿਆ,''ਸਾਡੀ ਸ਼ਕਤੀ ਤੂੰ ਦੇਖੀਂ, ਅਸੀਂ ਤੀਸਰਾ ਪੰਥ ਪੈਦਾ ਕਰਾਂਗੇ, ਜਿਹੜਾ ਤੈਨੂੰ ਡੱਕੇਗਾ।''

ਕਹਿਣ ਲੱਗਾ,''ਤੁਸਾਂ ਆਉਂਣਾ ਹੈ ਚਾਲ੍ਹੀਆਂ ਸਾਲਾਂ ਨੂੰ, ਮੈਂ ਹੁਣ ਜਾਂਦਿਆਂ ਹੀ ਕੰਮ ਸ਼ੁਰੂ ਕਰ ਦੇਣਾ ਹੈ।''

ਤਾਂ ਮਹਾਰਾਜ ਕਹਿੰਦੇ,''ਜੇ ਤਾਂ ਤੂੰ ਰਿਹਾ ਆਪਣੇ ਕੁਛ ਨੇਕ ਨੀਅਤ ਤੇ, ਅਤੇ ਵੇਖ ! ਜੇ ਤੂੰ ਨਾ ਨੇਕੀ ਤੇ ਰਿਹਾ ਤਾਂ ਅਸੀਂ ਚਾਲੀ ਵਰ੍ਹੇ ਦੇ ਕੇ ਅਕਾਲ ਪੁਰਖ ਨੂੰ ਮੁਜਰੇ, ਤੇਰੇ ਮਗਰੇ ਮਗਰ ਆਉਂਨੇ ਹਾਂ।''

ਉਨ੍ਹਾਂ ਨੇ ਆ ਕੇ ਉਹ ਚੀਜ਼ ਪੈਦਾ ਕੀਤੀ, ਜਿਹੜਾ ਡਰ ਸੀ ਹਿੰਦੂਆਂ ਦਾ ਲਾਹਿਆ ਜਦੋਂ ਅੰਮ੍ਰਿਤ ਛਕਾ ਦਿੱਤਾ। ਜਿਹੜੇ ਸਿੱਖ ਗਏ ਛਕਣ ਵਾਸਤੇ–

**ਸਾਧੋ ਮਨ ਕਾ ਮਾਨੁ ਤਿਆਗਉ।।**

*– ਗਉੜੀ ਮ:੯, ਪੰਨਾ–੨੧੯*

ਜੇ ਕਿਸੇ ਨੇ ਲੋਈ ਮੋਢੇ ਤੋਂ ਲਾਹ ਲਈ ਤਾਂ ਨਹੀਂ ਬੋਲੇ—ਜੇ ਕਿਸੇ ਨੇ ਗੜਵਾ ਖੋਹ ਲਿਆ ਤਾਂ ਨਹੀਂ ਬੋਲੇ। ਉਹ ਵਕਤ ਐਸਾ ਸੀ, ਉਹ ਉਸ ਵਕਤ ਨੂੰ ਜਾਣਦੇ ਸਨ ਕਿ ਇਵੇਂ ਕੰਮ ਨਹੀਂ ਠੀਕ ਆ ਸਕਦਾ, ਕਿਉਂਕਿ ਅਵਤਾਰ ਜਦੋਂ ਪ੍ਰਗਟ ਹੁੰਦਾ ਹੈ, ਉਹ ਜਦੋਂ ਵੀ ਆਉਂਦਾ ਹੈ, ਉਹ ਆਪਣੀ ਨਵੀਂ ਖੇਡ ਕਰਦਾ ਹੈ—ਓਸ ਵੇਲੇ। ਕੋਈ ਵੀ ਹੋਵੇ—ਕ੍ਰਿਸ਼ਨ ਮਾਹਰਾਜ ਦੇਖੋ—ਰਾਮ ਚੰਦਰ ਜੀ ਦੇਖੋ। ਕੁਦਰਤੀ ਤੌਰ ਤੇ ਇਹ ਗੱਲ ਹੈ ਕਿ ਬਾਦਸ਼ਾਹਤ ਨਾਲ ਜ਼ਰੂਰ ਟੱਕਰ ਹੋਵੇਗੀ। ਬਾਦਸ਼ਾਹ ਜ਼ੁਲਮ ਕਰਦੇ ਹਨ, ਉਹ ਸਹਿ ਨਹੀਂ ਸਕਦੇ। ਤਾਂ ਮਹਾਰਾਜ ਨੇ ਆਖਿਆ,''ਜਿਹੜਾ ਖੁਹਾਕੇ, ਮੁਹਾਕੇ ਆਵੇਗਾ, ਮੈਂ ਉਸ ਨੂੰ ਦਰਸ਼ਨ ਨਹੀਂ ਦੇਣਾ।''

ਤਿਆਰ ਕੀਤੇ, ਔਰ ਪਾਣ ਲਾਈ। ਕੋਈ ਲੋਹਾ ਤੁਸੀਂ ਏਥੋਂ ਚੁੱਕ ਲਓ, ਉਹਨੂੰ ਮੋੜੋ ਤੇ ਮੁੜ ਜਾਵੇਗਾ ਪਰ ਜੇ ਇਹਨੂੰ ਤੱਤਾ ਕਰਕੇ ਪਾਣ ਦੇ ਦਿਓ ਤਾਂ ਫੇਰ ਇਹ ਹੋਰ ਲੋਹੇ ਨੂੰ ਵੀ ਵੱਢ ਦੇਂਦਾ ਹੈ। ਉਹੋ ਹੀ ਹਿੰਦੂ, ਜਿਨ੍ਹਾਂ

ਨੂੰ ਉਹਨਾਂ ਨੇ ਪਾਣ ਦਿੱਤੀ, ਔਰ ਉਹ ਪਾਣ ਦੇ ਕੇ ਇਹੋ ਜਿਹੇ ਬਣਾ ਦਿੱਤੇ ਜਿਹੜੇ ਮੁਸਲਮਾਨਾਂ ਨੂੰ ਕੱਟਣ ਲੱਗ ਪਏ। ਤਾਂ ਕਹਿੰਦੇ ਹਨ ਕਿ ਤੀਸਰਾ ਪੰਥ ਨਿਆਰਾ ਕੀਤਾ ਗੁਰੂ ਗੋਬਿੰਦ ਸਿੰਘ ਨੇ।

## ਕੇਸਾਂ ਦੀ ਮਹਾਨਤਾ

ਉਸ ਪੰਥ ਦੀ ਹਾਲਤ ਵਿਗੜੀ। ਉਹ ਸਿੱਖ, ਜਿਸ ਤਰ੍ਹਾਂ ਹੁਣ ਵੀ ਸਾਨੂੰ ਇੱਕ ਚੀਜ਼ ਪਿਆਰੀ ਬੜੀ ਲਗਦੀ ਹੈ ਕਿ ਲੋਕ ਸਾਨੂੰ ਵੇਖ ਕੇ ਆਖਣ ਕਿ ਬੜਾ ਸੁਹਣਾ ਹੈ, ਗੁਰੂ ਭਾਵੇਂ ਪਸੰਦ ਕਰੇ ਜਾਂ ਨਾ ਕਰੇ। ਹੁਣ ਸਾਨੂੰ ਇਹ ਬਿਮਾਰੀ ਪਈ ਹੈ। ਪਰ ਉੱਥੇ ਲਿਖਿਆ ਹੈ ਮਾਹਰਾਜ ਨੇ–

**ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ।।**

*– ਫਰੀਦ ਜੀ, ਪੰਨਾ–੧੩੮੩*

ਜਿਹੜਾ ਉਹਨੂੰ ਪਸੰਦ ਆਵੇ, ਜਿਹੜੀ ਉਹਨੂੰ ਚੀਜ਼ ਚੰਗੀ ਲੱਗੇ, ਉਹ ਕਰੇ। ਜੇ ਹਿੰਦੂਆਂ ਦਾ ਇਤਿਹਾਸ ਪੜ੍ਹ ਕੇ ਦੇਖੀਏ, ਇਖਤਿਆਰ ਇਹਨਾਂ ਦੇ ਕੁਛ ਨਹੀਂ। ਮੈਂ ਇਹਨਾਂ ਨੂੰ ਬੜੇ ਤਕੜੇ ਜਾਣਦਾਂ, ਜਿਹਨਾਂ ਨੇ ਐਨੇ ਵਰ੍ਹੇ ਲੰਘਾ ਦਿੱਤੇ, ਅਜੇ ਵੀ ਹਿੰਦੂਪੁਣਾ ਇਨ੍ਹਾਂ ਵਿੱਚ ਹੈਗਾ। ਜਦੋਂ ਇਹਨਾਂ ਤੇ ਜ਼ੁਲਮ ਲੱਗੇ ਨੇ ਹੋਣ, ਜਦੋਂ ਦੇ ਧੱਕੇ ਲੱਗੇ ਨੇ ਵੱਜਣ, ਪਰ ਉਹਨਾਂ ਨੇ ਸ਼ਕਲਾਂ ਜ਼ਰੂਰ ਬਦਲ ਦਿੱਤੀਆਂ। ਜੇ ਅਸੀਂ ਪਿਛਲੇ ਦੇਖਦੇ ਹਾਂ—ਰਾਮ ਚੰਦਰ ਜੀ ਕੇਸਾਂ ਵਾਲੇ—ਕੰਸ ਕੇਸਾਂ ਵਾਲਾ, ਜਿਸ ਨੂੰ ਕ੍ਰਿਸ਼ਨ ਮਹਾਰਾਜ ਨੇ ਕੇਸਾਂ ਤੋਂ ਫੜ ਕੇ ਪਟਕਾਇਆ—ਕ੍ਰਿਸ਼ਨ ਮਹਾਰਾਜ ਕੇਸਾਂ ਵਾਲੇ—ਸ਼ਿਵਜੀ ਕੇਸਾਂ ਵਾਲੇ—ਸਾਰੇ ਕੇਸਾਂ ਵਾਲੇ ਸੀ। ਲੇਕਿਨ ਉਹ ਬਦਲਦਾ ਬਦਲਦਾ ਕੰਮ—ਇਤਿਹਾਸ ਵਿੱਚ ਵਾਕਿਆ ਆਉਂਦਾ ਹੈ ਕਿ ਸ਼ੁੱਕਰ ਦੇ ਚਿਤ 'ਚ ਖਿਆਲ ਦੈਂਤਾਂ ਦੇ ਚਿਤ 'ਚ ਆਇਆ—ਦੇਵਤੇ ਬੜੇ ਤਕੜੇ ਨੇ ਪਰ ਹੈਨ ਸਾਡੇ ਤੋਂ ਉਂਞ ਮਾੜੇ। ਇਹ ਮਰਦੇ ਕਿਉਂ ਨਹੀਂ ਸਾਥੋਂ ? ਆਪਣੇ ਗੁਰੂ ਸ਼ੁੱਕਰ ਤੋਂ ਪੁਛੱਦੇ ਹਾਂ। ਇਹ ਇਤਿਹਾਸਕ ਵਾਕਿਆ ਹੈ, ਪੜ੍ਹਕੇ ਦੇਖੋ ਗ੍ਰੰਥ ਹਿੰਦੂਆਂ ਦੇ ਵੀ। ਗੁਰੂ ਗੋਬਿੰਦ ਸਿੰਘ ਨੇ ਇਹਦਾ ਉਲਥਾ ਕੀਤਾ ਹੈ, ਜਿਥੇ ਅਰਹੰਤ ਦੇਵ ਦੀ ਕਥਾ ਲਿਖੀ ਹੈ, ਅਰਹੰਤ ਦੇਵ ਦੇ ਅਵਤਾਰ ਵਿੱਚ। ਉਹਨਾਂ ਕਿਹਾ ਸੀ—ਇਹ ਮਾੜੇ ਹੋ

ਕੇ ਵੀ ਸਾਡੇ ਤੋਂ ਕਿਉਂ ਨਹੀਂ ਮਰਦੇ ?

ਉਹਨਾ ਦੇ ਗੁਰੂ ਸ਼ੁੱਕਰ ਜੀ ਨੇ ਕਿਹਾ,''ਇਹ ਤਾਂ ਨਹੀਂ ਮਰਦੇ, ਇਹ ਯੱਗ ਕਰਦੇ ਹਨ।''

ਉਹਨਾਂ ਨੇ ਕਿਹਾ,''ਫੇਰ ਸਾਡੇ ਕੋਲੋਂ ਵੀ ਯੱਗ ਕਰਵਾਓ।''

ਯੱਗ ਦੀ ਤਿਆਰੀ ਹੋ ਗਈ। ਦੇਵਤਿਆਂ ਨੂੰ ਪਿਆ ਫਿਕਰ ਕਿ ਅੱਗੇ ਹੀ ਨਹੀਂ ਸੀ ਇਹ ਦੈਂਤ ਸਾਡਾ ਖਹਿੜਾ ਛੱਡਦੇ, ਜੇ ਇਹਨਾਂ ਨੂੰ ਹੁਣ ਯੱਗ ਕਰਨ ਲਾ ਦਿੱਤਾ, ਤਾਂ ਮਰਨੇ ਹੀ ਨਹੀਂ। ਮਹਾਰਾਜ ਜੀ ਅੱਗੇ ਬੇਨਤੀ ਕੀਤੀ। ਵਿਸ਼ਨੂੰ ਮਾਹਰਾਜ ਨੇ ਆਖਿਆ,''ਤੁਸੀਂ ਫਿਕਰ ਨਾ ਕਰੋ, ਮੈਂ ਇਹਨਾਂ ਦਾ ਇੰਤਜ਼ਾਮ ਕਰਦਾ ਹਾਂ।''

ਇਹ ਇਤਿਹਾਸ ਪੁਰਾਣੇ ਦਾ ਵਾਕਿਆ ਹੈ, ਕੋਈ ਸਿੱਖਾਂ ਦੀ ਗੱਲ ਨਹੀਂ ਬਣਾਈ ਹੋਈ, ਬੇਸ਼ਕ ਜਿਸ ਦੀ ਮਰਜ਼ੀ ਹੈ, ਉਹ ਦੇਖ ਸਕਦਾ ਹੈ। ਮਹਾਰਾਜ ਨੇ ਉਸ ਵੇਲੇ ਅਰਹੰਤ ਦੇਵ ਦਾ ਅਵਤਾਰ ਧਾਰਿਆ। ਉਸਨੂੰ ਤਾਂ ਕਿਸੇ ਅਵਤਾਰ ਧਾਰਦੇ ਨੂੰ, ਉਹਦਾ ਤਾਂ ਕੁਛ ਵਿਗੜਦਾ ਹੀ ਨਹੀਂ। ਉਸਨੇ ਬੈਰਾਹ ਦਾ ਅਵਤਾਰ ਧਾਰ ਕੇ ਉਸਨੇ ਗੰਦਗੀ ਦਾ ਕੋਟ ਜਿਹੜਾ ਸੀ ਉਸਨੇ ਖਾ ਕੇ, ਨਬੇੜ ਕੇ, ਉਥੋਂ ਜਾ ਕੇ ਵੇਦ ਉੱਧਾਰ ਦਿੱਤੇ—ਢੱਕੇ ਪਏ ਸੀ, ਜਾ ਕੇ ਕੱਢਕੇ, ਕਿਉਂਕਿ ਉਹਨੂੰ ਤਾਂ ਕੋਈ ਚੀਜ਼ ਲਗਦੀ ਹੀ ਨਹੀਂ, ਉਹ ਸਦਾ ਨਿਰਲੇਪ ਹੈ। ਉਹਨਾਂ ਨੇ ਅਰਹੰਤ ਦੇਵ ਦਾ ਅਵਤਾਰ ਧਾਰਿਆ। ਖ਼ੂਬ ਘੋਨ ਮੋਨ ਹੋ ਕੇ, ਉੱਥੇ ਚਲੇ ਗਏ ਉਹਨਾਂ ਦੇ ਕੋਲ ਦੈਂਤਾਂ ਦੇ। ਉਹ ਜਟਾ ਜੂਟ ਸਨ। ਜਿਸ ਵੇਲੇ ਯੱਗ ਕਰਨ ਲੱਗੇ ਤੇ ਕਹਿਣ ਲੱਗੇ,''ਓਏ ! ਆਹ ਕੀ ਤੁਸੀਂ ਸਿਰ ਤੇ ਭਾਰ ਚੁੱਕਿਆ ਹੋਇਆ ਹੈ।'' ਮੂੰਹ ਤੇ ਏਡਾ ਹੈ ਨਹੀਂ, ਲੇਕਿਨ ਤਾਕਤ ਤੇ ਅਵਤਾਰ ਦੀ ਸੀ ਨ ਉਹਦੀ, ਜਿਸਦਾ ਉਹਨਾਂ ਤੇ ਅਸਰ ਹੋਇਆ। ਉਹਨਾਂ ਸਿਰ ਮੂੰਹ ਮੁਨਾ ਦਿੱਤੇ–

**ਸਿਖਾ ਹੀਣ ਕੋਈ ਮੰਤ੍ਰ ਨ ਫੁਰੈ।।**
**ਜੋ ਕੋਈ ਜਪੈ ਉਲਟ ਤਿਹ ਪਰੈ।।**

*– ਦਸਮ ਗ੍ਰੰਥ, ਪੰਨਾ-੧੮੩*

ਜਦੋਂ ਕੇਸ ਮੁੰਨੇ ਗਏ, ਮੰਤ੍ਰ ਨਹੀਂ ਫੁਰਿਆ। ਜੇ ਕੋਈ ਕਰਦਾ ਸੀ ਤਾਂ

ਉਲਟਾ ਉਹਨਾਂ ਨੂੰ ਪੈਂਦਾ ਸੀ। ਉਹ ਦੈਂਤਾਂ ਦਾ ਮੰਤ੍ਰ ਨਾ ਸਿਰੇ ਚੜ੍ਹਿਆ। ਉਹਨਾ ਦਾ ਯੱਗ ਇਸ ਤਰ੍ਹਾਂ ਖਰਾਬ ਕਰਕੇ, ਮਹਾਰਾਜ ਨੇ ਉਹਨਾਂ ਨੂੰ ਖਤਮ ਕੀਤਾ ਪਰ ਉਦੋਂ ਤੋਂ ਲੈ ਕੇ ਸਾਡੇ 'ਚ ਇਹ ਬਿਮਾਰੀ ਆ ਗਈ।

ਤਾਂ ਮਹਾਰਾਜ ਨੇ ਔਰੰਗਜ਼ੇਬ ਨੂੰ ਕਿਹਾ—ਕਿ ਤੀਸਰਾ ਪੰਥ। ਉਹ ਤੀਸਰੇ ਪੰਥ ਦੀ ਹਾਲਤ ਫਿਰ ਬਿਗੜ ਕੇ, ਤੀਸਰਾ ਪੰਥ ਉੱਥੇ ਹੀ ਆ ਗਿਆ। ਸੰਤ ਮੰਗਲ ਸਿੰਘ ਹੁਰੀਂ ਕਹਿੰਦੇ ਸੀ ਕਿ ਜਿੱਥੇ ਲੱਖਾਂ ਸਾਲ ਹਿੰਦੂ ਰਾਜ ਕਰਦੇ ਕਰਦੇ ਜ਼ੁਲਮ ਉੱਤੇ ਆ ਗਏ, ਉੱਥੇ ਦੋ ਚਾਰ ਸੌ ਸਾਲ 'ਚ ਮੁਸਲਮਾਨ ਆ ਗਏ, ਪਰ ਸਿੱਖਾਂ ਨੇ ਸੌ ਵੀ ਨਾ ਪੂਰਾ ਕੀਤਾ, ਦਹਾਕਿਆਂ ਵਿੱਚ ਹੀ ਉੱਥੇ ਪਹੁੰਚ ਗਏ। ਸਿੱਖਾ ਸ਼ਾਹੀ ਮਸ਼ਹੂਰ ਹੋ ਗਈ, ਧੱਕਾ ਕਰਨਾ, ਪੰਜਾਹ ਕੁ ਸਾਲਾਂ ਵਿੱਚ ਹੀ ਸਿੱਖਾਂ 'ਚ। ਲਿਖਿਆ ਹੈ ਬਿਆਸ ਜੀ ਨੇ–

*ਪਸ਼ਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ ਚੁ ਨਾਨਕੋ।*
*ਨਾਮਨਾ ਭੁਵਿ ਰਾਜ ਰਿਖੀ ਬ੍ਰਹਮ ਗਯਾਨੈਕ ਮਾਨਸ।*

ਉਸ ਤੋਂ ਬਾਅਦ ਕਹਿੰਦੇ ਹਨ,

*ਅਲੱਪ ਕਾਲੇਨ ਸਿੱਖ ਰਾਜ।*

ਥੋੜ੍ਹਾ ਚਿਰ ਸਿੱਖ ਰਾਜ ਰਹੇਗਾ।

*ਤਤ੍ਰ ਪਸ਼ਚਾਤ ਗੌਰ ਮੁਖਾ ਨ੍ਰਿਪਾ।*

ਉਸ ਤੋਂ ਬਾਅਦ ਗੋਰੇ ਮੂੰਹ ਵਾਲੇ ਰਾਜੇ ਆਉਂਣਗੇ।

*ਅਸੀਤ ਸ਼ਤ,*

ਸੌ ਸਾਲ ਰਹਿਣਗੇ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸੌ ਸਾਖੀ ਵਿੱਚ ਲਿਖਿਆ ਹੈ, ਕਿ ਪੁਰਖ ਆਰਬਲਾ ਭੋਗੇਂਗੇ। ਦੂਸਰੇ ਥਾਂ ਕਹਿੰਦੇ ਨੇ–

*ਤੇਜ ਮੋਨੀਆਂ ਸਾਤ ਲੌ, ਦੋ ਪਰ ਰੌਰ ਸਰੂਰ।*

*– ਸੌ ਸਾਖੀ*

ਸੌ ਸਾਲ ਤਕ ਅੰਗਰੇਜ਼ ਦਾ ਤੇਜ ਰਹੇਗਾ, ਦੋ ਸਾਲ ਬਾਅਦ ਰੌਲਾ ਪੈ ਜਾਵੇਗਾ। ਉਨੀ ਸੌ ਦੋ 'ਚ ਲਾਹੌਰ ਮਾਰੀ ਗਈ, ਚਾਰ 'ਚ ਰੌਲਾ ਪੈ ਗਿਆ, ਅੰਗਰੇਜ਼ ਨਿਕਲ ਗਿਆ। ਤਾਂ ਹੁਣ ਅੱਗੋਂ ਉਹ ਜ਼ਮਾਨਾ ਆਉਂਣਾ ਹੈ। ਇਸ ਜ਼ਮਾਨੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

– **ਅਬ ਮੈ ਮਹਾ ਸੁੱਧ ਮਤਿ ਕਰਿ ਕੈ।।**
**ਕਹੋ ਕਥਾ ਚਿਤੁ ਲਾਇ ਬਿਚਰਕੈ।।**
– **ਜਹ ਤਹ ਹੋਨ ਲਗੇ ਉਤਪਾਤਾ।।**
**ਭੋਗਤ ਪੂਤ ਸੇਜ ਚੜਿ ਮਾਤਾ।।**
– **ਸੁਤਾ ਪਿਤਾ ਤਨ ਰਮਤ ਨਿਸ਼ੰਕਾ।।**
– **ਭ੍ਰਾਤ ਬਹਿਨ ਤਨ ਕਰਤ ਬਿਹਾਰਾ।।**
**ਇਸਤ੍ਰੀ ਤਜੀ ਸਕਲ ਸੰਸਾਰਾ।।**

*– ਦਸਮ ਗ੍ਰੰਥ, ਪੰਨਾ–੫੭੧*

– **ਕਹੂੰ ਨ ਪੂਜਾ, ਕਹੂੰ ਨ ਅਰਚਾ।।**
**ਕਹੂੰ ਨ ਸੂਤ, ਧੁਨਿ ਸਿਮ੍ਰਤ ਨ ਚਰਚਾ।।**
**ਕਹੂੰ ਨ ਹੋਮੰ, ਕਹੂੰ ਨ ਦਾਨੰ।।**
**ਕਹੂੰ ਨ ਸੰਜਮ, ਕਹੂੰ ਨ ਸ਼ਨਾਨੰ।।**

*– ਦਸਮ ਗ੍ਰੰਥ, ਪੰਨਾ–੫੮੦*

– **ਕਿਸੂ ਨ ਦਾਨ ਦੇਹ ਗੇ।।**
**ਸੁ ਸਾਧ ਲੂਟ ਲੇਹ ਗੇ।।**

*– ਦਸਮ ਗ੍ਰੰਥ, ਪੰਨਾ–੫੭੪*

ਹੁਣ ਹਿੰਦੂ ਵੀ, ਮੁਸਲਮਾਨ ਵੀ, ਸਿੱਖਾਂ ਨੇ ਤਾਂ ਆਪਣੇ ਗੁਰਦੁਆਰਿਆਂ ਦਾ ਕਰ ਲਿਆ ਨ ਇੰਤਜ਼ਾਮ—ਉਹ ਵੀ ਅੱਧ ਪਚੱਧ, ਜਿਹੜਾ ਰਹਿ ਗਿਆ ਉਹ ਗਿਆ ਆਇਆ। ਖੈਰ ਹਿੰਦੂ ਵੀ ਹੁਣ ਮੰਦਰਾਂ ਦਾ ਇੰਤਜ਼ਾਮ ਕਰਦੇ ਨੇ, ਕਿ ਮੰਦਰ ਵੀ ਉਹਨਾ ਪੁਜਾਰੀਆਂ ਕੋਲੋਂ ਲਏ ਜਾਣ ਤੇ ਇਹਨਾਂ ਤੇ ਟਰਸਟ ਬਣ ਜਾਏ, ਕਿਉਂਕਿ ਉਹ ਬੇਚਾਰੇ ਅਨਪੜ੍ਹ ਹਨ। ਜਿਹੜੇ ਅੰਗਰੇਜ਼ੀ ਫਾਰਸੀ ਪੜ੍ਹੇ ਹਨ, ਇਹ ਜ਼ਰਾ ਚੰਗੀ ਤਰ੍ਹਾਂ ਊਤ ਫਰੂਤ ਕਰਨਗੇ। ਮੁਸਲਮਾਨਾਂ ਨੇ ਵੀ ਮਸੀਤਾਂ ਉੱਤੇ ਲਾਇਆ ਤੇ ਉਹ ਕਹਿੰਦੇ ਨੇ ਕਿ–

**ਕਿਸੂ ਨ ਦਾਨ ਦੇਹ ਗੇ।।**
**ਸੁ ਸਾਧ ਲੂਟ ਲੇਹ ਗੇ।।**

ਉੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਅੱਜ ਉਹ ਵਰਤਦਾ ਹੈ।

## ਉੱਚੀ ਆਤਮਕ ਅਵਸਥਾ

ਇਸ ਤੋਂ ਬਾਅਦ ਇੱਕ ਸਮਾਂ ਆਉਣੈ ਜਿਸ ਸਮੇਂ ਦੀ ਉਡੀਕ ਵਿੱਚ ਨਾਮਧਾਰੀ ਬੜੀ ਦੇਰ ਤੋਂ ਇਹ ਧਿਆਨ ਕਰਦੇ ਹਨ। ਲਿਖਿਆ ਗੁਰੂ ਗੋਬਿੰਦ ਸਿੰਘ ਦਾ, ਦੱਸਿਆ ਸਤਿਗੁਰੂ ਰਾਮ ਸਿੰਘ ਨੇ। ਉਹਨਾਂ ਨੇ ਕਿਹਾ ਸੀ,''ਭਾਈ, ਸੂਰਜ ਲਹਿੰਦਿਉਂ ਚੜ੍ਹਿਆ ਮੰਨ ਲੈਣਾ, ਪਰ ਸੱਚੇ ਪਾਤਸ਼ਾਹ ਕਲਗੀ ਵਾਲੇ ਦਾ ਹੁਕਮ ਅੱਖਰ ਅੱਖਰ ਪੂਰਾ ਬਰਤੇਗਾ।''

ਅਸੀਂ ਕਹਿੰਦੇ ਹਾਂ ਦੁਨੀਆ ਦੇ ਬੰਦਿਆਂ ਚੋਂ ਜਵਾਹਰ ਲਾਲ ਵਰਗੇ ਬੰਦੇ ਬੜੇ ਮੁਸ਼ਕਲ ਪੈਦਾ ਹੋਣਗੇ ਦਿਮਾਗ ਵਾਲੇ, ਮਹਾਤਮਾ ਜੈਸੇ ਬੜੇ ਮੁਸ਼ਕਿਲ ਪੈਦਾ ਹੋਣਗੇ। ਪਰ ਜਦੋਂ ਅਸੀਂ ਰਾਮ ਚੰਦਰ ਜੀ—ਕ੍ਰਿਸ਼ਨ ਜੀ ਨਾਲ—ਗੁਰੂ ਨਾਨਕ ਨਾਲ—ਗੁਰੂ ਰਾਮ ਸਿੰਘ ਨਾਲ—ਇਹਨਾਂ ਨੂੰ ਜੋੜੀਏ ਗੁਰੂ ਗੋਬਿੰਦ ਸਿੰਘ ਨਾਲ—ਤਾਂ ਇਹਨਾ ਦੀ ਅਸੀਂ ਕੋਈ ਵੁੱਕਤ ਉੱਥੇ ਨਹੀਂ ਸਮਝਦੇ, ਕਿਉਂਕਿ ਇਹ ਦਿਮਾਗੀ ਬੰਦੇ ਹਨ। ਉਹ ਆਤਮਕ ਜਗ੍ਹਾ ਜਿਹੜੀ ਹੈ, ਉਹ ਬੜੀ ਉੱਚੀ ਹੈ। ਉਹ ਅਕਾਲ ਪੁਰਖ, ਸਤਿਗੁਰੂ, ਅਵਤਾਰਾਂ ਵਿੱਚ ਹੀ ਹੁੰਦੀ ਹੈ। ਉਸ ਚੀਜ਼ ਨੂੰ ਉਹ ਹੀ ਜਾਣਦੇ ਹਨ ਜਿਹੜੇ ਤਿੰਨੇ ਕਾਲਾਂ ਦੀ ਪਿਛਲੀ ਵੀ ਜਾਣਦੇ ਹਨ, ਅਗਲੀ ਵੀ ਜਾਣਦੇ ਹਨ। ਦੁਨੀਆਂਦਾਰੀ ਦੇ ਵਿੱਚ ਇਹੋ ਜਿਹੇ ਆਦਮੀ ਮਿਲਣੇ ਬੜੇ ਮੁਸ਼ਕਿਲ ਹਨ, ਪਰ ਜਿਹੜੀ ਉਹ ਚੀਜ਼ ਹੈ, ਉੱਥੇ ਹੀ ਇਹਦਾ ਕੋਈ ਟਕਰਾਅ ਨਹੀਂ ਖਾ ਸਕਦੀ। ਇਹ ਆਪਣੇ ਹਿਸਾਬ ਨਾਲ ਗੱਲ ਕਰ ਸਕਦੇ ਹਨ। ਉਸ ਦੀਆਂ ਉਹ ਗੱਲਾਂ ਬੇਹਿਸਾਬੀਆਂ ਹਨ। ਲੇਕਿਨ ਲਿਖਿਆ ਉਹਨਾਂ ਨੇ–

**ਜੇਤੇ ਜੀਅ ਜੀਵਹਿ ਲੈ ਸਾਹਾ,**

ਜੀਵਾਲਹਿ ਸਾਹਾ ਨਹੀਂ ਹੈ ਪਾਠ। ਪੜ੍ਹਨ ਲੱਗੇ ਤੁੱਕ ਜ਼ਰਾ ਧਿਆਨ ਦਿਆ ਕਰੋ।

**ਸੀਹਾ ਬਾਜਾ ਚਰਗਾ ਕੁਹੀਆ,**

*–ਮ:੫, ਪੰਨਾ–੧੪੪*

ਪੜ੍ਹਦੇ ਜਾਨੇ ਹਾਂ, ਮਗਰੋਂ ਕਹਿੰਦੇ ਹਾਂ-

**ਜੇਤੇ ਜੀਅ ਜੀਵਾਲਹਿ ਸਾਹਾ।।**

ਜੀਵਾਲੇ ਸਾਹਾ ਪਾਠ ਨਹੀਂ ਹੈ—**ਜੇਤੇ ਜੀਅ ਜੀਵਹਿ ਲੈ ਸਾਹਾ।** ਕਿਉਂ ਕਿ ਉੱਥੇ ਤਿੰਨੇ ਗੱਲਾਂ ਦੱਸੀਆਂ ਹਨ ਨ—ਕਿ ਜਿਹੜੇ ਜੀਵ ਸਾਹ ਲੈ ਕੇ ਜੀਉਂਦੇ ਹਨ, ਜੀਵਾਲੇ ਤੋਂ ਭਾਵ ਉਹਨਾਂ ਨੂੰ ਬਿਨਾ ਸਾਹ ਤੋਂ ਵੀ ਜਿਵਾ ਸਕਦਾ ਹੈ। ਤਾਂ, ਉਹ ਬਿਨਾ ਸਾਹਾਂ ਤੋਂ ਵੀ ਜਿਵਾਉਣ ਵਾਲਾ-

**ਪ੍ਰਭ ਭਾਵੇ ਬਿਨੁ ਸਾਸ ਤੇ ਰਾਖੈ।।**

*- ਪੰਨਾ-੨੭੭*

ਇਹ ਲੋਕ ਇੱਥੋਂ ਤਕ ਦੁਨੀਆਦਾਰੀ ਵਿੱਚ ਬਹੁਤ ਅੱਛੇ ਸਿਆਣੇ ਹਨ। ਤਾਂ ਉਹ ਇੱਕ ਵਕਤ ਹੈ ਜਿਸਦੇ ਵਾਸਤੇ ਅੱਗੋਂ ਤਿਆਰੀ ਹੋ ਰਹੀ ਹੈ, ਤੇ ਸ੍ਰਿਸ਼ਟੀ ਨੇ ਪੀਸੀ ਜਾਣੈ, ਪਰ ਇਹਦੇ ਵਿੱਚ ਕੋਈ ਲੁਕਾਉ ਨਹੀਂ। ਜਵਾਹਰ ਲਾਲ ਕੋਲੋਂ ਜੇ ਪੁੱਛਣ, ਤਾਂ ਉਹ ਆਦਮੀ ਵੀ ਕਹਿੰਦਾ ਹੈ ਇਸਦਾ ਕੋਈ ਬਚਾਅ ਨਹੀਂ, ਜੰਗ ਤੀਸਰਾ ਫਿਰ ਸਿਰ ਤੇ ਖੜ੍ਹਾ ਹੈ। ਪਰ ਉਹ ਜਿਸ ਦਿਨ ਹੋਇਆ, ਉਸ ਦਿਨ ਦੁਨੀਆ ਬਹੁਤ ਥੋੜੀ ਰਹਿ ਜਾਏਗੀ। ਬਾਰ੍ਹੀਂ ਕੋਹੀਂ ਦੀਵਾ ਬਲਣ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ, ਜਿਹੜਾ ਸਤਿਗੁਰੂ ਰਾਮ ਸਿੰਘ ਨੇ ਦੱਸਿਐ।

## ਅਸਿੱਖੀ ਪਰੀ ਪੇਸਗੀ

ਫੇਰ ਆ ਜਾਉ ਉੱਥੇ ਹੀ, ਗੁਰੂ ਗੋਬਿੰਦ ਸਿੰਘ ਤੋਂ ਬਾਅਦ ਜਿੰਨਾਂ ਚਿਰ ਮਿਸਲਾਂ 'ਚ ਸਿੱਖ ਰਹੇ ..........। ਜਦੋਂ ਰਾਜ ਸਿੱਖਾਂ ਕੋਲ ਆ ਗਿਆ, ਮਹਾਰਾਜਾ ਨੇ ਕੰਜਰੀ ਰੱਖ ਲਈ ਰਣਜੀਤ ਸਿੰਘ ਨੇ, ਉਹ ਸ਼ਰਾਬ ਪੀਣ ਲੱਗ ਪਿਆ, ਇਤਿਹਾਸ ਵਿੱਚ ਲਿਖਿਆ ਹੈ ਕਿ ਲਕਵਾ ਹੋ ਕੇ, ਸ਼ਰਾਬ ਪੀ ਕੇ, ਲਕਵੇ ਨਾਲ ਮਹਾਰਾਜਾ ਮਰਿਆ।

ਉਸ ਤੋਂ ਬਾਅਦ ਸਿੱਖਾਂ ਨੇ ਦਾੜ੍ਹੀਆਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ, ਮੁੰਨਣੀਆਂ ਸ਼ੁਰੂ ਕਰ ਦਿੱਤੀਆਂ—ਕੱਛਾਂ ਲਾਹ ਦਿੱਤੀਆਂ, ਕੰਜਰੀਆਂ ਰੱਖ ਲਈਆਂ—ਮੁਸਲਮਾਨੀਆਂ ਔਰਤਾਂ ਰੱਖ ਲਈਆਂ, ਕਿਉਂਕਿ ਗੁਰੂ ਗੋਬਿੰਦ

ਸਿੰਘ ਜੀ ਪਹਿਲਾਂ ਹੀ ਲਿਖ ਗਏ ਸੀ ਸੌ ਸਾਖੀ ਵਿੱਚ–

*ਗਨਕਾ ਮੁਸਲੀ ਸੇਵੈਂ ਸਰਦਾਰ,*
*ਤਿਨ ਘਰ ਜਨਮੈ ਪੂਤ ਗਵਾਰ।*

ਸਰਦਾਰਾਂ ਦੇ ਪੁੱਤ ਕੰਜਰੀਆਂ, ਮੁਸਲੀਆਂ ਰੱਖਣਗੇ, ਉਹਨਾਂ ਦੇ ਘਰ ਕਾਮੇ ਹੋਣਗੇ ਜਿਹੜੇ, ਉਹ ਵੀ ਵਿਚਾਰੀਆਂ ਆਪਣਾ ਉਧਰਲੇ ਪਾਸੇ ਕੰਮ ਸਾਰਨਗੀਆਂ। ਉਹਨਾਂ ਦੇ ਘਰ ਕਾਮੇ ਜੰਮਣਗੇ। ਇਸੇ ਤਰ੍ਹਾਂ ਨਸਲ ਦਾ ਨਾਸ ਹੋਏਗਾ।

ਪੜ੍ਹੋ, ਸਿੱਖੀ ਜਿਹੜੀ ਭਾਈ ਗਿਆਨ ਸਿੰਘ ਜੀ ਗਿਆਨੀ ਲਿਖਦੇ ਹਨ–

*ਸਿਖੀ ਦਸਮੇਸ਼ ਕੀ ਸੁ ਕੀ ਅਪਰ ਦੇਸ ਕੀ,*

ਗੁਰੂ ਗੋਬਿੰਦ ਦੀ ਸਿੱਖੀ ਨੂੰ ਪਰਦੇਸਨ ਬਣਾ ਦਿੱਤਾ।

*ਅਸਿੱਖੀ ਪਰੀ ਪੇਸਗੀ, ਛਿਨਾਰ ਬਨ ਠਨਕੈ।*

ਅਸਿੱਖੀ ਪੇਸ਼ ਪੈ ਗਈ ਛਨਾਰ ਬਣਕੇ। ਸਿੱਧੇ ਦਸਤਾਰੇ ਲਾਹ ਦਿੱਤੇ। ਦੇਖੋ, ਦਸਾਂ ਗੁਰੂਆਂ ਦੀ ਤਸਵੀਰ ਦੇਖੋ, ਪੰਜਾ ਪਿਆਰਿਆਂ ਦੀ ਤਸਵੀਰ, ਹੁਣ ਭਾਵੇਂ ਕੋਈ ਬਣਾ ਲਵੋ—ਕਿਸੇ ਦੀ ਗੂੜ੍ਹੀ ਪੱਗ ਨਹੀਂ, ਕਿਸੇ ਦੀ ਦਾੜ੍ਹੀ ਬੱਧੀ ਹੋਈ ਨਹੀਂ। ਜਿਉਂ ਜਿਉਂ ਜ਼ਮਾਨਾ ਬਦਲਿਆ, ਮਹਾਰਾਜ ਸ਼ੇਰ ਸਿੰਘ ਨੇ ਪਹਿਲੋਂ ਦਾੜ੍ਹੀ ਬੱਧੀ। ਉਸ ਦਿਨ ਤੋਂ ਸਾਡੀਆਂ ਦਾੜ੍ਹੀਆਂ ਬੱਝਣ ਲੱਗੀਆਂ। ਫਿਰ ਮੁੰਨਾਉਣ ਲੱਗੇ, ਫਿਰ ਕੱਟਣ ਲੱਗੇ। ਹੁਣ ਬੜੇ ਸੌਖੇ ਨੇ ਜਿਹੜੇ ਇਹ ਕੰਮ ਕਰਦੇ ਨੇ, ਉਹਨਾ ਨੂੰ ਉਸਤਰਾ ਕੈਂਚੀ ਨਹੀਂ ਲਾਉਣਾ ਪੈਂਦਾ, ਦਵਾਈ ਲਾ ਕੇ ਹੀ, ਸਾਬਣ ਲਾ ਕੇ ਹੀ ਸਾਫ ਕਰ ਲੈਂਦੇ ਹਨ। ਬੜੇ ਸੁਹਣੇ ਬਣਾ ਲੈਂਦੇ ਹਨ ਇੱਕ, ਪਰ ਪਤਾ ਨਹੀਂ ਇਹਦਾ ਮੁੱਲ ਕੀ ਹੈ। ਨਾਲੇ ਟੇਕਦੇ ਹਨ ਗੁਰੂ ਗੋਬਿੰਦ ਸਿੰਘ ਨੂੰ ਮੱਥੇ, ਨਾਲੇ ਟੇਕਦੇ ਹਨ ਗੁਰਬਾਣੀ ਨੂੰ ਮੱਥੇ, ਨਾਲੇ ਕਹਿੰਦੇ ਹਾਂ—ਗੁਰੂ ਗੋਬਿੰਦ ਸਿੰਘ ਦੇ ਗਿਆ ਆਪਣੀ ਥਾਂ ਗੁਰਬਾਣੀ ਨੂੰ। ਤੇ ਜੇ ਕੁੱਛ ਭਾਲੀਏ ਵਿੱਚੋਂ, ਜਿਵੇਂ ਕਹਿੰਦੇ ਹਨ—ਛੰਦ ਪਰਾਗੇ ਆਈਏ ਜਾਈਏ—ਲਾੜਾ ਹੈ ਹੀ ਨਹੀਂ। ਸਾਡਾ ਤਅੱਲਕ ਹੀ ਕੋਈ ਨਹੀਂ ਰਿਹਾ। ਕੋਈ ਚੀਜ਼ ਅਸੀਂ ਮੰਨਣ ਨੂੰ ਤਿਆਰ ਨਹੀਂ। ਇਹੋ ਜਿਹੀ

ਹਾਲਤ ਹੋਈ ਜਿਸ ਵੇਲੇ ਸਿੱਖੀ ਦੀ, ਤਾਂ ਫੇਰ ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਦੁਨੀਆਂ ਵਿੱਚ ਹੋਇਆ। ਉਹ ਜਿਹੜਾ ਦਿਨ ਅਸੀਂ ਅੱਜ ਮਨਾਉਣ ਵਾਸਤੇ ਇਕੱਠੇ ਹੋਏ ਹਾਂ। ਤੜਕੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਉੱਥੇ ਥੀਫੱਈਆ ਉਹਨੂੰ ਕਹਿੰਦੇ ਹਨ, ਜਿਥੇ ਸੇਠ ਜੀ ਰਹਿੰਦੇ ਹਨ, ਉੱਥੇ ਕੀਰਤਨ ਹੋਵੇਗਾ, ਕਿਉਂਕਿ ਏਥੇ ਜਗ੍ਹਾ ਛੋਟੀ ਹੈ। ਸਵੇਰੇ ਭੋਗ ਵੀ ਪਾਏ ਜਾਣਗੇ, ਤਾਂ ਮੈਂ ਹੁਣ ਉਹ ਚੀਜ਼ ਨੂੰ ਤੁਹਾਡੇ ਅੱਗੇ ਥੋੜਾ ਜਿਹਾ ਰੱਖਕੇ ਫੇਰ ਸਮਾਪਤੀ ਕਰਦਾ ਹਾਂ। ਵਕਤ ਤੇ ਲੰਘ ਚੱਲਿਆ ਹੈ।

## ਸਤਿਗੁਰਾਂ ਦਾ ਪ੍ਰਾਦਰਭਾਵ

ਸਤਿਗੁਰਾਂ ਦਾ ਪ੍ਰਾਦਰਭਾਵ ਕਿਉਂ ਹੋਇਆ ? ਸਤਿਗੁਰੂ ਕਿਉਂ ਆਉਂਦਾ ਹੈ ? ਕ੍ਰਿਸ਼ਨ ਮਹਾਰਾਜ ਨੇ ਵੀ ਗੀਤਾ ਵਿੱਚ ਇਹੋ ਹੀ ਚੀਜ਼ ਲਿਖੀ ਹੈ। ਤੁਸੀਂ ਅੱਗੇ ਵੀ ਮੇਰੇ ਕੋਲੋਂ ਸੁਣੀ ਹੋਵੇਗੀ, ਹੋਰ ਵੀ ਕਈਆਂ ਤੋਂ ਕਿ–

*ਯਦਾ ਯਦਾ ਹਿ ਧਰਮਸਯ ਗਲਾਨਿਰ ਭਵਤਿ ਭਾਰਤ।*
*ਅਭਯੁਤਥਾਨਮ ਧਰਮਸਯ ਤਦਾਤਮਾਨੰ ਸ੍ਰਿਜਾਮਯਹਮ।*

ਜਦੋਂ ਜਦੋਂ ਵੀ ਧਰਮ ਉੱਤੇ ਗਲਾਨੀ ਲੋਕਾਂ ਦੀ ਹੋ ਜਾਂਦੀ ਹੈ, ਤਾਂ ਲੋਕ ਧਰਮ ਨੂੰ ਬੁਰਾ ਜਾਣ ਕੇ ਛੱਡ ਦਿੰਦੇ ਹਨ। ਅਧਰਮ ਉੱਚਾ ਹੁੰਦਾ ਹੈ, ਫੇਰ ਉਹ ਆਤਮਾ ਵਾਲਾ ਹੋ ਕੇ ਆਉਂਦਾ ਹੈ—ਗ੍ਰੰਥ ਵੀ ਹੁੰਦੇ ਹਨ—ਤੀਰਥ ਵੀ ਹੁੰਦੇ ਹਨ—ਗੁਰਦਵਾਰੇ ਜਾਂ ਠਾਕੁਰਦਵਾਰੇ—ਕੁਛ ਮੰਨ ਲਓ—ਸਭ ਕੁਛ ਹੁੰਦਿਆਂ ਹੋਇਆਂ। ਗੁਰੂ ਗੋਬਿੰਦ ਸਿੰਘ ਜੀ ਇਸੇ ਚੀਜ਼ ਨੂੰ ਦੁਹਰਾਉਂਦੇ ਹਨ–

**ਜਬ ਜਬ ਹੋਤ ਅਰਿਸਟ ਅਪਾਰਾ।।**
**ਤਬ ਤਬ ਦੇਹ ਧਰਤ ਅਵਤਾਰਾ।।**

*–ਦਸਮ ਗ੍ਰੰਥ, ਪੰਨਾ–੧੫੫*

ਸਤਿਗੁਰੂ ਦੇਹ ਧਾਰ ਕੇ ਆਉਂਦਾ ਹੈ ਤਾਂ ਉਸ ਹਾਲਤ ਨੂੰ ਜਿਸ ਤਰ੍ਹਾਂ ਭਾਈ ਸਾਹਿਬ ਨੇ ਨਕਸ਼ਾ ਖਿੱਚਿਆ ਹੈ ਕਿ–

*ਸੱਯਦ ਸ਼ੇਖ ਮੁਗਲ ਪਾਠਾਨ,*

*ਜ਼ਾਲਮ ਭਏ ਜਬੀ ਬਲਵਾਨ।*
*ਹਿੰਦੁਨ ਕੋ ਦੁਖ ਦਇਓ ਮਹਾਏ,*
*ਦੇਵਨ ਕੇ ਮੰਦਰ ਗਿਰਵਾਏ।*
*ਘੋਰ ਨਾਥ ਸੇ ਔਘੜ ਸਾਧੂ,*
*ਪੰਡਿਤ ਦੱਤ ਸੇ ਸਮਤ ਅਗਾਧੂ।*
*ਮਰਵਾ ਚੀਲਾਂ ਕੋ ਖੁਲਵਾਏ,*
*ਕੇਚਿਤ ਕਚੇ ਚਮ ਮਾੜ੍ਹਏ।*
*ਕੇਚਿਤ ਮੇਖੈਂ ਠੋਕ ਸੁਕਾਏ,*
*ਕੇਚਿਤ ਕੁਤਿਓਂ ਸੇ ਤੁੜਵਾਏ।*
*ਤੁਰਕ ਹੋਵਨਾ ਜਿਨ੍ਹੈ ਨਾ ਮਾਨਿਓ,*
*ਤਿਨ ਤਿਨ ਕੋ ਅਤਿ ਦੈ ਦੁਖ ਹਾਨਿਓ।*

ਬੜਾ ਕੁਛ ਲਿਖਿਆ ਹੈ–

*ਸੁੰਦਰ ਪਿਖੈਂ ਜਾਹਿ ਕੀ ਤਰਨੀ,*
*ਪਕਰ ਕਰੈਂ ਬਲ ਸੌਂ ਨਿਜ ਘਰਨੀ।*
*ਕਾਜੀ ਰਿਸਵਤ ਲੈ ਕਰ ਸਾਰੇ,*
*ਸਾਚੇ ਕੋ ਝੂਠਾ ਕਰ ਡਾਰੇ।*
*ਭਈ ਅਧਿਕ ਜਬ ਐਸ ਵਿਰਾਮੀ,*
– *ਯਦਾ ਯਦਾ ਹਿ ਧਰਮਸਯ ਗਲਾਨਿਰ ਭਵਤਿ ਭਾਰਤ।*
*ਤਬ ਵਿਚਾਰ ਈਸ਼ਵਰ ਜਗ ਸੁਆਮੀ।*
*ਪਾਲਿਨ ਹੇਤ ਸਨਾਤਨ ਨੇਤੈ,*
*ਵੈਦਿਕ ਧਰਮ ਰਖਨ ਕੇ ਹੇਤੈ।*
*ਆਪ ਪ੍ਰਭੂ ਗੁਰ ਨਾਨਕ ਰੂਪੰ,*
*ਪ੍ਰਗਟ ਭਏ ਜਗ ਮੈ ਸੁਖ ਭੂਪੰ।*

*–ਪੰਥ ਪ੍ਰਕਾਸ਼, ਅਧਿਆਇ–੩*

ਉਦੋਂ ਗੁਰੂ ਨਾਨਕ ਦੇਵ ਦਾ ਪ੍ਰਾਦਰਭਾਵ ਹੋਇਆ, ਪ੍ਰਕਾਸ਼ ਹੋਇਆ, ਜਿਸ ਵਕਤ ਉਹ ਸਿੱਖ ਜਿਹੜੇ ਠੇਕੇਦਾਰ ਸੇ, ਉਹਨਾਂ ਨੇ ਕੰਜਰੀਆਂ ਰੱਖ

ਲਈਆਂ; ਉਹਨਾਂ ਨੇ ਮੁੰਡੇ ਰੱਖ ਲਏ; ਉਹਨਾਂ ਨੇ ਦਾੜ੍ਹੀਆਂ ਮੁੰਨਾਉਣੀਆਂ, ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ; ਬਾਣੀ ਪੜ੍ਹਨੀ ਛੱਡ ਦਿੱਤੀ। ਫੇਰ, ਅਕਾਲ ਪੁਰਖ ਨੂੰ ਇਹ ਗੱਲ ਨਾ ਭਾਈ।

*ਸੋਈ ਨੇਤ ਫੁਰੀ ਆਨ ਸੰਮਤ ਬਹੱਤਰੇ ਮੈਂ,*
*ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰ ਕੈ।*
*ਜਿਲ੍ਹੇ ਲੁਧਿਆਣੇ ਗ੍ਰਾਮ ਭੈਣੀ ਨਾਮ ਜਾਣੇ ਆਮ,*
*ਅਵਤਰੇ ਸਿੰਘ ਰਾਮ ਕੱਲਮਲੇ ਟਾਰਕੈ।*

ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ—ਸਤਿਗੁਰਾਂ ਦਾ ਪ੍ਰਕਾਸ਼ ਹੋਇਆ। ਉਹਨਾਂ ਨੇ ਆ ਕੇ ਫਿਰ ਕੀ ਕੀਤਾ—ਪਿੰਡਾਂ ਵਿੱਚ ਗਏ। ਜਾ ਕੇ ਦੇਖਿਆ—ਜਦੋਂ ਕੁੱਛ ਲੋਕਾਂ ਨੂੰ ਹੋਸ਼ ਆਈ, ਭਜਨ ਦੱਸਿਆ ਤਾਂ ਉਹਨਾਂ ਨੂੰ ਪੁੱਛਿਆ—ਓ ਭਾਈ, ਤੁਹਾਡੀ ਧਰਮਸ਼ਾਲਾ ਕਿੱਥੇ ਹੈ ? ਜਾ ਕੇ ਧਰਮਸ਼ਾਲਾ ਦੀ ਹਾਲਤ ਦੇਖੀ। ਹੁਣ ਸਾਡੇ ਲੋਕ ਗੁਰਦਵਾਰਾ ਕਹਿਣ ਲੱਗ ਪਏ ਹਨ, ਧਰਮਸ਼ਾਲਾ ਗੁਰੂ ਨਾਨਕ ਨੇ ਬਣਾਈ।

*ਘਰਿ ਘਰਿ ਅੰਦਰਿ ਧਰਮਸਾਲ,*
*ਹੋਵੈ ਕੀਰਤਨੁ ਸਦਾ ਵਿਸੋਆ।*

*– ਵਾਰ ੧, ਪਉੜੀ–੨੭*

ਜਾ ਕੇ ਦੇਖੀ ਧਰਮਸ਼ਾਲਾ, ਵਿੱਚ ਕੀ ਦੇਖਿਆ—ਡੰਗਰਾਂ ਤੇ ਬੱਕਰਿਆਂ ਦੀਆਂ ਗੋਹੇ ਤੇ ਮੀਂਗਣਾਂ ਤੇ ਹੁੱਕਿਆਂ ਦੇ ਗੁੱਲ। ਤਾਂ ਭਾਈ, ਤੁਸੀਂ ਕਦੇ ਬਾਣੀ ਪੜ੍ਹੀ ਹੈ ? ਕੋਈ ਗ੍ਰੰਥ ਸਾਹਿਬ ਜੀ ਦੀ ਬੀੜ ਤੁਹਾਡੇ ਕੋਲ ਹੈ ?

ਜੀ ਫਲਾਣੇ ਲੰਬੜਦਾਰ ਦੇ ਘਰ। ਜਾ ਕੇ ਦੇਖਿਆ—ਉਦੋਂ ਅਲਮਾਰੀਆਂ ਨਹੀਂ ਸਨ। ਮੇਰੇ ਦੇਖਣ 'ਚ ਅਲਮਾਰੀਆਂ ਬਣੀਆਂ ਹਨ। ਆਲੇ ਹੀ ਹੁੰਦੇ ਸਨ। ਆਲੇ ਵਿੱਚੋਂ ਜਾ ਕੇ ਬੀੜ ਜਿਸ ਵੇਲੇ ਕੱਢੀ, ਤਾਂ ਕੀ ਵੇਖਿਆ, ਜਿਸਨੂੰ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ–

*ਜਾਗ ਜਿਨ ਕੇ ਬਡੇਰੇ, ਬਾਣੀ ਪੜ੍ਹਤੇ ਸਵੇਰੇ।*
*ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈਂ।*
*ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਯਾਤੀ।*

*ਪਾਇ ਹੈਂ ਨ ਝਾਤੀ, ਮੂਸ ਖਾਤ ਗ੍ਰੰਥ ਜੇ ਪਰੈਂ।*

ਉਹਨਾਂ ਦੇ ਪੋਤੇ ਝਾਤੀ ਨਹੀਂ ਪਾਉਂਦੇ ਜਾ ਕੇ। ਗ੍ਰੰਥ ਸਾਹਿਬ ਦੀਆਂ ਜਿਲਦਾਂ ਨੂੰ ਚੂਹੇ ਖਾ ਗਏ—ਚੁੱਕਿਆ, ਉੱਤੋਂ ਜਾਲਿਆਂ ਚੋਂ ਕੱਢ ਕੇ, ਝਾੜ ਕੇ, ਸੰਵਾਰਕੇ। ਮੰਜੀ ਸਾਹਿਬ ਕਿੱਥੇ ਹੈ—ਉਹ ਕਿਸੇ ਹੋਰ ਘਰ ਧੁਆਂਖੀ ਪਈ ਹੈ, ਧੂਏਂ ਨਾਲ। ਉਸਨੂੰ ਧੋਤਾ, ਰੁਮਾਲ ਧੁਆਏ। ਧਰਮਸ਼ਾਲਾ ਵਿੱਚ ਪੋਚਾ ਦੁਆਇਆ। ਆਖਿਆ—ਭਾਈ, ਪੜ੍ਹਿਆ ਕਰੋ ਸਿੱਖੋ।

*ਹੁਕੇ ਛੁਡਵਾਏ ਰਖਵਾਏ ਕੇਸ ਮੋਨਿਯੋਂ ਕੇ,*
*ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ।*
*ਫੈਲਿਓ ਜਸ ਭਾਰੀ, ਸਿਖ ਥੀਏ ਤਾਂਹਿ ਕੇ ਅਪਾਰੀ,*
*ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।*
*ਫੀਮ ਭੰਗ ਪੋਸਤ ਸਰਾਬ ਮਾਸ ਚੋਰੀ ਯਾਰੀ,*
*ਠਗੀ ਤਜ, ਥੀਏ ਸੰਤ, ਸਤਿਜੁਗ ਆ ਗਇਓ।*

*-ਪੰਥ ਪ੍ਰਕਾਸ਼*

ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਸੀ ਕਿ ਬਾਰ੍ਹਵਾਂ ਅਵਤਾਰ ਤਾਂ ਮੇਰਾ ਮੰਨਣਾ ਹੈ–

**ਕਲਜੁਗ ਤੇ ਸਤਿਜੁਗ ਕਰ ਠਾਨੌ,**
**ਤਬੀ ਬਾਰਵਾਂ ਬੱਪ ਪਹਿਚਾਨੌਂ।।**

ਤਾਂ ਕਲਜੁਗ ਵਿੱਚ ਲਾਇਆ ਸਤਿਜੁਗ। ਜਿਹੜੇ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲੇ ਹਨ, ਉਹ ਝੂਠ ਨਹੀਂ ਸਨ ਬੋਲਦੇ। ਉਹ ਕਪੜਾ ਨਹੀਂ ਸੀ ਹੋਰ ਰੰਗ ਦਾ ਪਾਉਂਦੇ ਚਿੱਟੇ ਤੋਂ ਬਿਨਾਂ। ਉਹ ਮਰਯਾਦਾ ਰੱਖਦੇ ਸਨ ਕਿਸੇ ਦੇ ਹੱਥ ਦਾ ਨਹੀਂ ਖਾਂਦੇ ਸਨ। ਲੋਕ ਤੇ ਇਉਂ ਕਹਿੰਦੇ ਸੀ—ਕੂਕੇ ਬੜੇ ਕਸੂਤੇ, ਗੜਵੀ ਨਹੀਂ ਦਿੰਦੇ ਨ੍ਹਾਉਣ ਨੂੰ।

## ਟਿੱਪਣੀਆਂ

★੧ ਨਾਨਕ ਆਖੈ ਰੁਕਨਦੀਨ ਲਿਖਿਆ ਵਿਚ ਕਿਤਾਬ।
ਗਊ ਸੂਅਰ ਨੋ ਮਾਰਿਆਂ ਲਗਨ ਬਹੁਤਿ ਅਜਾਬਿ।
ਗਊ ਚਉਧਵਾਂ ਰਤਨ ਹੈ ਕਾਮਧੇਨ ਤਿਹ ਨਾਮ।
ਪੂਜਨ ਸਭ ਅਉਤਾਰ ਤਿਹ ਕਰਕੈ ਮਾਤ ਸਮਾਨ।
ਸੀਰ ਜਿਨ੍ਹਾਂ ਦਾ ਪੀਵੀਐ ਤਿਸ ਮਾਰਿਆ ਬਹੁਤ ਗੁਨਾਹ।
ਨਾਨਕ ਆਖੈ ਰੁਕਨਦੀਨ ਬਹੁ ਭੁਖਿਆਂ ਹੋਇ ਪਨਾਹ।
ਸੂਰ ਬੈਰਾਹੋ ਉਪਜਿਆ ਤਿਸ ਪੂਜਨ ਕਰਿ ਅਵਤਾਰ।
ਸਭ ਪੈਕੰਬਰਾ ਛੱਡਿਆ ਕਰ ਹਰਾਮੁ ਅਹਾਰੁ।
ਤ੍ਰੁਟਿਆਂ ਰੂਮਾ ਗਊ ਦੀਆ ਦੁਧ ਸਿਉ ਮਿਲੀਆ ਜੁ ਖਾਇ।
ਜਾਇ ਰਸਾਤਲ ਵਾਸਿ ਲੈਨ ਜੋਨ ਸਰਪ ਕੀ ਪਾਇ।
ਪੁਣੇ ਬਿਨਾ ਦੁਧ ਗਊ ਦਾ ਖਾਧਿਆ ਗਇਆ ਪਤਾਲ।
ਜੋ ਗਊ ਸੂਅਰ ਮਾਸ ਖਾਨਿ ਤਿਨਾਂ ਵਡੇ ਜੰਜਾਲ।
ਜੋ ਜੀਆ ਮਾਰਿ ਜਵਾਈਅਨ ਤਿਨ ਸੇ ਮਾਸ ਹਲਾਲ।
ਜੋ ਮੂਏ ਫੇਰ ਜੀਵਨਿ ਨਹੀਂ ਫਿਰ ਮੰਗਨ ਮਾਸ ਸੰਭਾਲ।
ਗਊ ਸੂਰ ਹਰਾਮ ਕਰਿ ਦੋਨੋਂ ਦੀਏ ਉਠਾਇ।
ਇਕਨਾਂ ਦੁਧ ਹਲਾਲ ਹੈ ਮਾਸ ਨਾਪਾਕ ਕਰਾਇ।
ਮਹਿਰਮ ਰਾਹਾਂ ਦੁਹਾਂ ਦਾ ਦਰਗਹ ਸਿੱਝੈ ਸੋਇ।
ਕਾਫਰ ਜਲਦੇ ਕੁਫਰ ਵਿਚ ਜਿਨ੍ਹਾਂ ਪਛਾਤੇ ਦੋਇ।

*– ਮੱਕੇ ਦੀ ਸਾਖੀ, ਭਾਈ ਬਾਲੇ ਵਾਲੀ*
*ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿੱਚੋਂ।*

★੨ ਵੇਦ ਵਿਆਸ ਜੀ ਦੇ ਪੂਰੇ ਸਲੋਕ ਲਈ ਦੇਖੋ ਪੰਨਾ-੧੨੬

## ਸ਼ਬਦਾਰਥ

੧ ਗਾਲ੍ਹੀ, ਕਬੋਲ, ਦੁਰਬਚਨ।
੨ ਨਹੀਂ ਪਛਾਣਦੇ।
੩ ਮਤਵਾਲੇ, ਚਾਹਵਾਨ।

## ਬੰਕੋਕ ੩੦-੧-੧੯੫੫

### ਆਸ਼ਕਾਂ ਦੀ ਕਵਿਤਾ

ਪ੍ਰੇਮ ਵਿੱਚ ਇਹ ਚੀਜ਼ਾਂ ਨਹੀ ਰਹਿੰਦੀਆਂ। ਪ੍ਰੇਮ ਵਿੱਚ ਪਹਿਲੀ ਚੀਜ਼ ਹੈ—ਰੰਗਿਆਂ ਹੋਇਆਂ ਦੀ ਕਵਿਤਾ। ਉਹ ਮਜਨੂੰ ਨੂੰ ਲਿਖਿਆ ਹੈ, ਕਿ–

*ਮਜਨੂ ਮਰਿਆ ਤੇ ਮਾਤਮ ਹੋਇਆ ਆਸ਼ਕ ਮਾਰਨ ਧਾਹੀ।*
*ਰੋਵਣ ਪਿੱਟਣ ਤੇ ਕੁਰਲਾਵਣ ਪਿੱਛੇ ਮਜਨੂ ਜਿਹਾ ਕੋਈ ਨਾਹੀ।*
*ਗੁਰਜਾਂ ਪਕੜ ਫ਼ਰਿਸ਼ਤੇ ਆਏ ਦੇਹ ਜਵਾਬ ਅਸਾਂਹੀ।*
*ਇੱਕੋ ਸਬਕ ਅਸਾਂ ਕਾਮਲ ਪੜ੍ਹਿਆ ਕਿਤੇ ਲੇਲੀ ਡਿੱਠੀ ਕਿ ਨਾਹੀ।*

ਉੱਥੇ ਹੋਰ ਕੋਈ ਹਿਸਾਬ ਕਿਤਾਬ ਦਾ ਪਤਾ ਹੀ ਨਹੀਂ। ਇੱਕ ਹੋਰ ਕਵੀ ਨੇ ਲਿਖਿਆ ਹੈ–

*ਕੋਈ ਆਸ਼ਕ ਗਿਰਫਤਾਰੀ ਇਸ਼ਕ ਕੇ ਰਾਹ ਪੜਾ ਹੋਗਾ।*
*ਵੋਹ ਅਜ਼ਰਾਈਲ ਕੇ ਆਨੇ ਸੇ ਪਹਿਲੇ ਹੀ ਮਰਾ ਹੋਗਾ।*
*ਕਹਾ ਹੱਕ ਨੇ ਤੂੰ ਕਰ ਸਜਦਾ, ਤੋ ਮਜਨੂ ਨੇ ਕਹਾ ਹੱਕ ਸੇ।*
*ਮੇਰਾ ਸਜਦਾ ਹੈ ਲੇਲੀ ਸੇ, ਕੋਈ ਲੇਲੀ ਸੇ ਬੜਾ ਹੋਗਾ।*
*ਅਗਰ ਸੂਰਤ ਲੇਲੀ ਕੀ ਖ਼ੁਦਾਇਆ ਬਨਕੇ ਆ ਜਾਵੇਂ।*
*ਬਦਨ ਸੇ ਸਿਰ ਜੁਦਾ ਕਰਕੇ ਤੇਰੇ ਆਗੇ ਧਰਾ ਹੋਗਾ।*

ਏਸੇ ਤਰ੍ਹਾਂ ਹੀ ਹਾਸ਼ਮ ਨੇ ਸੱਸੀ ਦਾ ਹਾਲ ਲਿਖਦਿਆਂ ਲਿਖਦਿਆਂ ਲਿਖਿਆ ਹੈ–

*ਮੁਨਕਰ ਤੇ ਨਕੀਰ ਸੱਸੀ ਨੂੰ*
*ਵਿੱਚ ਕਬਰੇ ਮਿਲਣੇ ਆਏ।*

ਅਸੀ ਚਿਤਰ ਗੁਪਤ ਕਹਿੰਦੇ ਹਾਂ, ਉਹ ਮੁਨਕਰ ਨਕੀਰ ਕਹਿੰਦੇ ਹਨ।

*ਦੇਹ ਜਵਾਬ ਕਬਰ ਦਾ ਸੱਸੀਏ*
*ਤੁਸਾਂ ਕੀ-ਕੀ ਕਰਮ ਕਮਾਏ।*

ਅਗੋਂ ਉਹ ਕਹਿੰਦੀ ਹੈ-

*ਕੌਣ ਤੁਸੀਂ ਕੀ ਜਾਤ ਤੁਸਾਂ ਦੀ*
*ਤੁਸੀਂ ਕਦ ਕੇਚਮ ਥੀਂ ਆਏ।*
*ਮੈਂ ਉਹਨੂੰ ਦਿਆਂ ਹਿਸਾਬ ਕਬਰ ਦਾ*
*ਜਿਹੜਾ ਪੁਨੂੰ ਆਣ ਮਿਲਾਏ।*

ਇਹ ਹੈ ਆਸ਼ਕਾਂ ਦੀ ਕਵਿਤਾ ਜਿਹੜੀ ਨੂੰ, ਸਤਿਗੁਰੂ ਨੇ, ਸਾਡੇ ਗੁਰੂਆਂ ਨੇ, ਇਸ ਕਵਿਤਾ ਨੂੰ ਸਤਿਗੁਰੂ ਨੂੰ, ਅਕਾਲ ਪੁਰਖ ਨੂੰ, ਆਪਣਾ ਪਤੀ ਜਾਣ ਕੇ-

**ਮਨੁ ਮੋਤੀ[੧] ਜੇ ਗਹਣਾ ਹੋਵੈ**
**ਪਉਣੁ[੨] ਹੋਵੈ ਸੂਤ[੩] ਧਾਰੀ।।**
**ਖਿਮਾ ਸੀਗਾਰੁ ਕਾਮਣਿ[੪] ਤਨਿ ਪਹਿਰੈ**
**ਰਾਵੈ[੫] ਲਾਲ ਪਿਆਰੀ।।**
**ਲਾਲ[੬] ਬਹੁ ਗੁਣਿ ਕਾਮਣਿ ਮੋਹੀ[੭]।।**
**ਤੇਰੇ ਗੁਣ ਹੋਹਿ ਨ ਅਵਰੀ[੮]।।**

*- ਆਸਾ ਮ:੧, ਪੰਨਾ-੩੫੯*

ਸਤਿਗੁਰਾਂ ਨੇ—ਏਸ ਕਵਿਤਾ ਨੂੰ ਲੈ ਕੇ—ਗੁਰੂ ਅਰਜਨ ਦੇਵ ਜੀ ਕਹਿੰਦੇ ਨੇ-

**ਦਹ ਦਿਸ[੯] ਛਤ੍ਰ ਮੇਘ[੧੦] ਘਟਾ ਘਟ[੧੧]**
**ਦਾਮਨਿ[੧੨] ਚਮਕਿ ਡਰਾਇਓ।।**
**ਸੇਜ ਇਕੇਲੀ ਨੀਦ ਨਹੁ ਨੈਨਹ[੧੩]**
**ਪਿਰੁ[੧੪] ਪਰਦੇਸਿ ਸਿਧਾਇਓ।।**

**ਹੁਣਿ ਨਹੀ ਸੰਦੇਸ ਰੋਮਾਇਓ।।**

ਰੋਮਾਇਓ ਸ਼ਬਦ ਹੈ। ਇੱਥੇ ਰਾਰੇ ਦੀ ਟਿੱਪੀ ਬਣਕੇ ਮਮਾ ਆ ਜਾਂਦਾ ਹੈ। ਇਹ ਦੇ 'ਚ 'ਮੋਨ ਸਵਾਰੈ' ਇੱਕ ਸੰਸਕ੍ਰਿਤ ਦੀ ਸੰਧੀ ਹੈ, ਅੱਗੇ ਰਹਿ ਜਾਂਦਾ ਹੈ ਆਇਓ–

**ਹੁਣਿ ਨਹੀ ਸੰਦੇਸਰੰ ਆਇਓ।।**
**ਏਕ ਕੋਸਰੋ[੧੫] ਸਿਧਿ ਕਰਤ[੧੬] ਲਾਲੁ**
**ਤਬ ਚਤੁਰ[੧੭] ਪਾਤਰੋ[੧੮] ਆਇਓ।।**

ਜੇ ਇੱਕ ਕੋਹ ਜਾਂਦੇ ਸੀ ਤਾਂ ਚਾਰ ਚਿੱਠੀਆਂ ਆਂਉਦੀਆਂ ਸੀਆਂ, ਹੁਣ ਨਹੀ ਕੋਈ ਆਈ–

**ਕਿਉ ਬਿਸਰੈ ਇਹੁ ਲਾਲੁ ਪਿਆਰੋ**
**ਸਰਬ ਗੁਣਾ ਸੁਖਦਾਇਓ।।**
**ਮੰਦਰਿ[੧੯] ਚਰਿ ਕੈ[੨੦] ਪੰਥੁ[੨੧] ਨਿਹਾਰਉ[੨੨]**
**ਨੈਨ ਨੀਰ[੨੩] ਭਰਿ ਆਇਓ।।**

*– ਸੋਰਠ ਮ:੫, ਪੰਨਾ–੬੨੪*

ਉਹਨਾਂ ਲਿਖੀ, ਉਹ ਕਿਉਂ ਅੱਜ ਤਕ ਅਮਰ ਕਵਿਤਾ ਹੈ, ਕਿਉਂ ਇਤਨੀ ਉੱਚੀ ਹੈ, ਕਿ ਉਸ ਦੇ ਵਿੱਚ ਕਿਸੇ ਨਾਲ ਤਅੱਲਕ, ਕੋਈ ਲਾਲਚ, ਕੋਈ ਧਿਆਨ ਨਹੀਂ। ਏਸ ਤੋਂ ਪਿੱਛੋਂ ਸਿੱਖ ਕਵੀ ਆਏ ਜਿਹਨਾਂ ਨੇ ਸਤਿਗੁਰਾਂ ਨੂੰ ਮੁਖਾਤਬ ਕਰਕੇ .......... ਕਿਸੇ ਨੇ ਆਪਣੇ ਪੀਰ ਨੂੰ ਬੁਲ੍ਹੇ ਸ਼ਾਹ ਵਰਗੇ ਨੇ ਆਪਣੇ ਅੱਗੇ ਰੱਖ ਕੇ ਕਿਹਾ–

*ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ।*
*ਬਹੁੜੀ ਵੇ ਤਬੀਬਾ ਮੈਂ ਮਰ ਗਈਆ।*

ਕਿਸੇ ਵਾਸਤੇ ਨਹੀਂ, ਇਨਾਮ ਲੈਣ ਵਾਸਤੇ ਨਹੀਂ, ਕਿਸੇ ਤੋਂ ਚੰਗਾ ਕਹਾਉਣ ਵਾਸਤੇ ਨਹੀਂ। ਉਹਨਾਂ ਦੀ ਵਾਰੀ ਆਈ, ਸਤਿਗੁਰਾਂ ਦੇ ਕਵੀ ਭਾਈ ਸੰਤੋਖ ਸਿੰਘ ਜੀ ਨੇ ਕਿਸੇ ਤੋਂ ਕੁਝ ਲੈਣ ਵਾਸਤੇ ਨਹੀਂ ਲਿਖਿਆ, ਤਾਂ ਉਹ ਕਹਿਣ–

*ਤੋਸੋ ਨਹੀ ਦਾਤਾ ਕੋਊ ਮੋਸੋ ਨਾ ਭਿਖਾਰੀ ਦੀਨ।*

ਭਾਈ ਗੁਰਦਾਸ ਜੀ ਕਿਧਰ ਨੂੰ ਤੁਰਦੇ ਹਨ, ਕਹਿੰਦੇ ਹਨ–

*ਬੇਮੁਖ ਹੋਵਨਿ ਬੇਮੁਖਾਂ ਮੈ ਜੇਹੇ ਬੇਮੁਖਿ ਮੁਖਿ ਡਿਠੇ।*
*ਬਜਰ ਪਾਪਾਂ ਬਜਰ ਪਾਪ ਮੈ ਜੇਹੇ ਕਰਿ ਵੈਰੀ ਇਠੇ।*
*ਕਰਿ ਕਰਿ ਸਿਠਾਂ ਬੇਮੁਖਾਂ ਆਪਹੁੰ ਬੁਰੇ ਜਾਨਿ ਕੈ ਸਿਠੇ[੨੪]।*
*ਲਿਖ ਨ ਸਕਨਿ ਚਿਤ੍ਰ ਗੁਪਤਿ ਸਤ ਸਮੁੰਦ ਸਮਾਵਨਿ ਚਿਠੇ।*
*ਚਿਠੀ ਹੂੰ ਤੂ ਮਿਹਰ ਲਿਖਿ ਲਖ ਲਖ ਇਕਦੂੰ ਇਕ ਦੁਧਿਠੇ[੨੫]।*
*ਕਰਿ ਕਰਿ ਸਾਂਗ ਹੁਰੇਹਿਆਂ[੨੬] ਹੁਇ ਮਸਕਰਾ ਸਭ ਸਭਿ ਰਿਠੇ।*
*ਮੈਥਹੁ ਬੁਰਾ ਨ ਕੋਇ ਸਰਿਠੇ।*

*– ਵਾਰ ੩੭, ਪਉੜੀ—੩੦*

ਇਹ ਚੀਜ਼ਾਂ ਲਿਖੀਆਂ। ਹੁਣ ਅਸੀਂ ਚਲਦੇ ਚਲਦੇ ਸਾਡੇ ਕਵੀ ............। ਜਿਹੜੇ ਸਾਡੇ ਪਹਿਲੇ ਕਵੀ ਹਨ, ਅਸੀਂ ਉਹਨਾਂ ਦੀ ਕਵਿਤਾ ਦੇਖੀਏ ਤਾਂ ਸਾਨੂੰ ਕੁਛ ਪਤਾ ਲੱਗੇ। ਭਾਈ ਚੰਦਾ ਸਿੰਘ ਜੀ ਇੱਕ ਨੇਤਰ ਹੀਨ, ਸੂਰਮੇ ਸਿੰਘ, ਝੱਬਰਾ ਦਾ ਜਨਮ, ਸ਼ੇਖ਼ੂਪੁਰਾ ਜਾਂ ਗੁਜਰਾਂਵਾਲਾ ਦਾ ਜ਼ਿਲ੍ਹਾ ਮੰਨ ਲਓ। ਪਹਿਲਾਂ ਉਹਨਾਂ ਨੇ ਇੱਕ ਬਾਰਹ ਮਾਹ ਲਿਖਿਆ ਜਿਹੜਾ ਸ਼ੁਰੂ ਕੀਤਾ–

*ਦੋਹਿਰਾ।*
*ਗਣਪਤ ਗੌਰਾਂ ਸਾਰਦਾ ਸਰਨ ਗੁਰਾਂ ਕੀ ਲੇਹਿ।*
*ਨਾਨਕ ਨਿਹਫਲ ਜਾਤ ਹੈ ਭਜਨ ਬਿਨਾ ਜੋ ਦੇਹਿ।*
*ਦੋਹਿਰਾ।*
*ਹਜੁਰੋ ਸ਼ਹਿਰ ਸੁਹਾਵਣਾ ਸ੍ਰੀ ਸਤਿਗੁਰ ਲੀਆ ਅਵਤਾਰ।*
*ਜੋ ਨਰ ਦਰਸ਼ਨ ਪਾਂਵਦੇ ਸੋ ਭਉਜਲ ਉਤਰੇ ਪਾਰ।*
*ਦੋਹਿਰਾ।*
*ਜਗ ਮਗ ਜੋਤ ਬਰਾਜੀਆ ਰਾਮਦਾਸ ਪੁਰੇ ਹਜੂਰ।*
*ਜੋ ਨਰ ਸਰਨੀ ਜਾ ਪਏ ਉਧਰੇ ਜਾਨ ਜਰੂਰ।*
*ਚਉਪਈ।*
*ਚੜਦੇ ਚੇਤ੍ਰ ਚਿਤ ਉਦਾਸ,*

ਚਲੀਏ ਸਤਿਗੁਰਾਂ ਦੇ ਪਾਸ,
ਕਰੀਏ ਹਥ ਜੋੜ ਅਰਦਾਸ,
ਸਾਨੂੰ ਰਖੋ ਅਪਣੇ ਪਾਸ,
ਦੇਹੋ ਚਰਨਾ ਵਿੱਚ ਨਿਵਾਸ, ਮੈਂ ਔਗਣ ਹਾਰੀਆਂ।
ਜਦ ਮੈਂ ਹੋ ਵਿਰਾਗਣ ਚੱਲੀ,
ਚਰਖੇ ਤੰਦ ਨ ਲਾਹੀ ਛੱਲੀ,
ਘਰ ਤੋਂ ਤੁਰ ਕੇ ਭਈ ਅਕੱਲੀ,
ਮੈਨੂੰ ਲੋਕ ਆਖਦੇ ਝੱਲੀ,
ਕਿਸੇ ਦੀ ਗਲ ਨ ਲਗਦੀ ਭੱਲੀ, ਮੈਂ ਬਲਿਹਾਰੀਆਂ।
ਸਤਿਗੁਰ ਮੇਰਾ ਦੀਨ ਦਇਆਲ,
ਲਧਾ ਰਾਮਦਾਸ ਪੁਰੇ ਵਿੱਚ ਭਾਲ,
ਦੇ ਕੇ ਸਬਦ ਤੇ ਕਰੇ ਨਿਹਾਲ,
ਕਟੇ ਜਨਮ ਮਰਨ ਦੇ ਜਾਲ, ਮੈਂ ਸਤਿਗੁਰ ਤਾਰੀਆਂ।
ਸੁਣ ਲਓ ਸੰਤ ਜਨਾ ਗਲ ਹੋਰ,
ਮੈਨੂੰ ਭਜਨ ਲੈਣ ਦੀ ਲੋੜ,
ਤਾਂ ਮੈਂ ਪਹੁੰਚੀ ਸਤਿਗੁਰ ਕੋਲ,
ਲਿਆ ਭਜਨ ਮੈਂ ਕਰ ਕੇ ਜੋਰ,
ਘਰ ਵਿੱਚ ਰਹੇ ਹਮੇਸ਼ਾ ਸ਼ੋਰ,
ਸੱਸ ਕਢੇਂਦੀ ਮੰਦੇ ਬੋਲ,
ਨੀ ਤੈਂ ਜਾਣਾ ਕੂਕਿਆਂ ਕੋਲ, ਇਹ ਮੇਹਣੇ ਮਾਰਦੀ।

ਬਾਰਹ ਮਾਹ ਹੀ ਇਸ ਤਰ੍ਹਾਂ ਲਿਖਿਆ ਹੈ।

ਬੈਠੇ ਖੌਫ ਖਾਂਵਦੇ ਗੋਰੇ,
ਪੈ ਗਏ ਨੰਦਨ ਦੇ ਵਿੱਚ ਝੋਰੇ,

ਫੇਰ ਜਾ ਕੇ ਪਿੱਛੇ ਲਿਖਿਆ ਹੈ–

ਦੋਹਰਾ।
ਇਕ ਦਿਨ ਸ੍ਰੀ ਸਤਿਗੁਰ ਬੈਠੇ ਵਿੱਚ ਧਿਆਨ।

*ਕਲ ਮਾਤਾ ਹਥ ਬੰਨਕੇ ਪਾਸ ਖਲੋਤੀ ਆਨ।*

*ਦੋਹਰਾ।*

*ਆਖੇ ਮੇਰੀ ਬੇਨਤੀ ਸੁਣੋਂ ਗੁਰੂ ਮੇਹਰਵਾਨ।*

*ਫੌਜਾਂ ਮੇਰੀਆਂ ਭੁੱਖੀਆਂ ਮੰਗਦੀਆਂ ਪੈਨਣ ਖਾਣ।*

ਅਜੇ ਅਗਲੀ ਗੱਲ ਲਿਖੀ ਹੈ ਭਾਈ ਸਾਹਿਬ ਨੇ। ਸਤਿਗੁਰਾਂ ਨੇ ਹੁਕਮ ਦਿੱਤਾ–

*ਦੋਹਰਾ।*

*ਕਲ ਮਾਤਾ ਨੂੰ ਫੁਰਮਾਇਆ ਤੂੰ ਵਿੱਚ ਪਠਾਣਾਂ ਜਾਹਿ।*

*ਨਾਰਦ ਡਊਰੂ ਵਾਇਗਾ ਤੂੰ ਸੁੱਤੀ ਕਲਾ ਜਗਾਇ।*

ਰੂਸ ਦੇ ਪਾਸ–

*ਜਦੋਂ ਰੂਸ ਕਚਹਿਰੀ ਆਇਆ,*
*ਪਾਸ ਸਦ ਵਜੀਰ ਬਹਾਇਆ,*
*ਰਾਤੀਂ ਨਜਰ ਖਾਲਸਾ ਆਇਆ,*
*ਉਸ ਨੇ ਭਵਜਲ ਬੁਰਾ ਦਿਖਾਇਆ,*
*ਮੁਖ ਥੀਂ ਕਰੜਾ ਬਚਨ ਸੁਣਾਇਆ,ਚੜ੍ਹੋ ਲਾਹੌਰ ਤੇ।*
*ਜਦ ਰੂਸ ਪੰਜਾਬੇ ਆਵੈ,*

ਇਹ ਉਹਨਾ ਦੇ ਪਾਠ ਲਿਖੇ ਹੋਏ ਹਨ, ਜਿਹਨੂੰ ਲੋਕ ਸੌ ਸਾਖੀ, ਕੋਈ ਕੁਛ ਕਹਿੰਦੇ ਨੇ।

*ਪਵੇ ਕਾਲ ਮੁਲਖ ਰੁਲ ਜਾਵੈ,*
*ਦੁਨੀਆਂ ਮਰੇ ਅੰਨ ਕੈ ਹਾਵੈ,*
*ਠਗ ਚੋਰ ਬਹੁ ਲੁਟ ਲੁਟ ਖਾਵੈ,*
*ਬਚੇ ਸੋ ਜੋ ਗੁਰ ਸਰਨੀ ਆਵੈ,*
*ਇਕ ਮਨ ਹੋਇਕੇ ਨਾਮ ਧਿਆਵੈ, ਉਸ ਅਕਾਲ ਦਾ।*

ਇਹ ਉਹਨਾਂ ਦੀ ਲਿਖੀ ਹੋਈ ਚੀਜ਼ ਹੈ—ਪਹਿਲੇ ਕਵੀਆਂ ਦੀ।

ਦੂਸਰੇ ਭਾਈ ਨਿਹਾਲ ਸਿੰਘ ਜੀ ਕਵੀ ਜਿਹਨਾਂ ਨੇ ਇੱਕ ਬਾਰਹ ਮਾਹ ਲਿਖਿਆ ਹੈ–

*ਸਾਵਣ ਸਾਹਿਬ ਦੀ ਪਰੀਤ, ਅਛੀ ਸਭਨਾਂ ਤੋਂ ਰੀਤ,*
*ਗੌਣ ਸਤਿਗੁਰਾਂ ਦੇ ਗੀਤ, ਤਿਨ੍ਹਾਂ ਵਿਟਹੁ ਕੁਰਬਾਨ ਜੀ।*
*ਛਡ ਮਾਸ ਤੇ ਕਬਾਬ, ਨਹੀ ਪੀਵਣੀ ਸ਼ਰਾਬ,*
*ਕਿਉਂ ਹੋਇਆ ਗ਼ਰਕਾਬ, ਕਿਧਰ ਗਿਆ ਏ ਧਿਆਨ ਜੀ।*
*ਨਾਮ ਜਪ ਇਕ ਵਾਰੀ ਬਾਜੀ ਜਿਤ ਕੇ ਕਿਉਂ ਹਾਰੀ,*
*ਕੇਹੀ ਨੀਤ ਮਨੋ ਧਾਰੀ ਕਿਉਂ ਹੋਇਆ ਬੇਈਮਾਨ ਜੀ।*
*ਨਿਹਾਲ ਸਿੰਘ ਕਹੇ ਭਾਈ, ਆਖ ਬੇਨਤੀ ਸੁਣਾਈ,*
*ਅੰਤ ਹੋਣਗੇ ਸਹਾਈ ਸਤਿਗੁਰੂ ਮਿਹਰਬਾਨ ਜੀ।*

– – – – – – – – – – – – – – – – – – – –

– *ਨਿਹਾਲ ਸਿੰਘ ਜਪ ਨਾਮ, ਮੁੱਖੋਂ ਬਾਲ ਰਾਮ ਰਾਮ,*
*ਗੁਰੂ ਰਖੇ ਤੇਰੀ ਹਾਮ, ਦੂਰ ਹੋਣਗੇ ਕਲੇਸ਼ ਜੀ।*
– *ਕੱਤੇਂ ਅਕਾਲ ਕਾਲ ਕਰਦੇ ਅਤੇ ਹਥੀਂ ਸਲੋਤਰ ਫੜਦੇ,*
*ਮਰਨੌਂ ਮਾਰਨੌਂ ਨਾ ਡਰਦੇ ਖੌਫ ਕਰਦੀ ਲੁਕਾਈ ਹੈ।*
*ਸਿੰਘ ਰੰਗੀਲੇ ਨਹੀਂ ਛਪਦੇ ਛਪਾਏ,*
*ਗੁਰੂ ਨਾਮ ਨੂੰ ਜਪਾਏ ਕੈਸੀ ਰਚਨਾ ਰਚਾਈ ਹੈ।*
*ਢਠੇ ਦੇਵੀ ਤੇ ਦੁਆਰੇ ਵਡੇ ਵਡੇ ਥਾਨ ਭਾਰੇ,*
*ਢਾਹੀਆਂ ਕਬਰਾਂ ਮਸੀਤਾਂ ਧੁੰਦ ਖਾਲਸੇ ਮਚਾਈ ਹੈ।*
*ਨਿਹਾਲ ਸਿੰਘ ਜੋ ਫਰੰਗੀ ਖੌਫ ਖਾਏ ਲਾਟ ਜੰਗੀ,*
*ਆਏ ਬਾਰ੍ਹਵੇਂ ਅਵਤਾਰ ਫਿਰੇ ਅਕਾਲ ਦੀ ਦੁਹਾਈ ਹੈ।*

ਸਾਹਿਬਾਂ ਦਾ ਪਰਦੇਸ ਜਾਣਾ, ਫੇਰ–

*ਪੋਹ ਪਾਪੀ ਤੇ ਪਰਾਧੀ ਵਡੇ ਚੁਗਲ ਫਸਾਦੀ,*
*ਜਾ ਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ।*
*ਕਰਨ ਸ਼ੋਰ ਤੇ ਸ਼ਰਾਬਾ, ਸਾਨੂੰ ਖੌਫ ਬੜਾ ਡਾਢਾ,*
*ਐਸੀ ਕਰੋ ਤਦਬੀਰ, ਮਤ ਹੋਵੇ ਨਾ ਫਸਾਦ ਜੀ।*
*ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,*
*ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।*

*ਪਿੰਡ ਪਿੰਡ ਤਕੜਾਈ ਬੈਠ ਗਏ ਨੇ ਸਿਪਾਹੀ,*
*ਨਿਹਾਲ ਸਿੰਘ ਲਿਖਣ ਨਾਮ ਲੌਣ ਹਾਜਰੀ ਹਸਾਬ ਜੀ।*

ਓਹ ਲਿਖਦੇ ਹਨ-

*ਮਹੀਨਾ ਮਾਘ ਦਾ ਸੀ ਆਇਆ, ਗੁਰੂ ਖਾਲਸਾ ਸਦਾਇਆ,*
*ਏਹ ਬਚਨ ਸੁਣਾਇਆ ਵਿਚ ਬੈਠ ਦਰਬਾਰ ਦੇ।*
*ਸਤਿਗੁਰੁ ਹੋ ਪਏ ਤਿਆਰ, ਚਲੇ ਸਮੁੰਦਰਾਂ ਤੋਂ ਪਾਰ,*
*ਕਿਹੜਾ ਮੇਟੇ ਇਹ ਅਖਰ ਜਿਹੜੇ ਲਿਖੇ ਕਰਤਾਰ ਦੇ।*
*ਸਤਿਗੁਰੁ ਚਲੇ ਬਣਬਾਸ, ਚਿਤ ਹੋਇਆ ਹੈ ਉਦਾਸ,*
*ਰੋਂਦੇ ਸਿਖ ਸੰਤ ਦਾਸ, ਉਚੀ ਉਚੀ ਭੁਬਾਂ ਮਾਰਦੇ।*
*ਜਿਹੜੀ ਲਿਖੀ ਸੀ ਅਕਾਲ, ਵਰਤੀ ਖਾਲਸੇ ਦੇ ਨਾਲ,*
*ਕਹਿੰਦਾ ਸਿੰਘ ਹੈ ਨਿਹਾਲ, ਕਾਰੇ ਵੇਖੇ ਹੋਣਹਾਰ ਦੇ।*

ਪਿਛਲੀ ਤੁਕ ਵਿੱਚ ਲਿਖਦੇ ਹਨ-

*ਫਗਣ ਫੇਰ ਕਦੀ ਆਵੀਂ, ਮੁਖ ਆਪਣਾ ਦਿਖਾਵੀਂ,*
*ਰਤਾ ਚੈਨ ਨਹੀ ਆਵੇ, ਤੇਰੀ ਸੰਗਤ ਕੁਰਲਾਂਵਦੀ।*
*ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ*

ਜਿਹਨੂੰ ਸਾਹਿਬਾਂ ਨੇ ਬਾਣੀ ਵਿੱਚ ਲਿਖਿਆ ਹੈ-

**ਜਿਨਾ ਅੰਦਰਿ ਉਮਰਥਲ[੨੭] ਸੇਈ ਜਾਣਨਿ ਸੂਲੀਆ।।**

*- ਮ:੪, ਪੰਨਾ-੩੧੧*

*ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ,*
*ਹੋਈ ਹਾਲ ਤੋਂ ਬਿਹਾਲ, ਖੁਲ੍ਹੇ ਗਲ ਵਿੱਚ ਵਾਲ,*
*ਫਿਰ ਥੱਕੀ ਢੂੰਢ ਭਾਲ, ਨੈਣੀਂ ਨੀਂਦ ਨਹੀਂ ਆਂਵਦੀ।*
*ਨਿਹਾਲ ਸਿੰਘ ਔਗਣ ਹਾਰ, ਆਇਆ ਤੇਰੇ ਦਰਬਾਰ,*
*ਗੁਰੂ ਭੁੱਲ ਚੁਕ ਬਖ਼ਸ਼, ਸੰਗਤ ਸੀਸ ਹੈ ਨਿਵਾਂਵਦੀ।*

ਉਹਨਾਂ ਕਵੀਆਂ ਨੇ ਕਵਿਤਾ ਲਿਖੀ—ਭਾਈ ਕਾਲਾ ਸਿੰਘ ਜੀ ਨੇ ਪੈਂਤੀਸ ਅੱਖਰੀ—ਮੇਰੇ ਪਾਸ ਸੀ ਅੱਜ—ਉਹਨਾਂ ਨੇ ਉਹ ਹਾਲ ਲਿਖਿਆ ਉਸ ਵਕਤ ਦਾ ਜਦੋਂ ਸਿੰਘਾਂ ਨੇ ਮਲੇਰ ਕੋਟਲੇ ਤੇ ਚੜ੍ਹਾਈ ਕੀਤੀ।

*ਖਖਾ ਖਾਲਸੇ ਬੈਠ ਸਲਾਹਿ ਕੀਤੀ,*
*ਲਿਖਣ ਚਿੱਠੀਆਂ ਨਾਲ ਵਧਾਈਆਂ ਦੇ।*
*ਜਹਾਂ ਜਹਾਂ ਥਾਈ ਸੰਤ ਖਾਲਸਾ ਜੀ,*
*ਤਹਾਂ ਚਿਠੀਆਂ ਲਿਖ ਪੁਚਾਈਆਂ ਦੇ।*
*ਅਸੀ ਧਰਮ ਉਤੇ ਤੇਗ ਚੁਕਣੀ ਹੈ*
*ਧਰਮ ਰਖਦੇ ਨੇ ਪੁੱਤਰ ਮਾਈਆਂ ਦੇ।*

ਇਹ ਉਹਨਾਂ ਦੀ ਕਵਿਤਾ ਹੈ-

*ਜੀਹਨੂੰ ਆਖਦੇ ਅਕਾਲ ਸੁਰਗ ਲੋਗ ਤੇ ਪਇਆਲ,*
*ਸੋਈ ਪਰਗਟਿਆ ਗੋਪਾਲ ਰਾਮ ਸਿੰਘ ਜੋ ਕਹਾਂਵਦਾ।*
*ਜਿਹੜਾ ਸੁਣੀਦਾ ਸੀ ਦੂਰ ਸੋਈ ਦੇਖਿਆ ਹਜ਼ੂਰ,*
*ਜਿਕੂੰ ਪਾਣੀ ਉਤੇ ਬੂਰ ਪਉਣ ਛਿਨ ਮੇਂ ਹਟਾਂਵਦਾ।*
*ਕੀਤੀ ਧਰਤ ਨੇ ਪੁਕਾਰ ਜੀ ਮੈਂ ਹੋਈ ਆਂ ਲਾਚਾਰ,*
*ਮੈਨੂੰ ਦੇਣਾ ਜੀ ਦਿਦਾਰ ਭਾਰ ਚੁੱਕਿਆ ਨਹੀਂ ਜਾਂਵਦਾ।*
*ਫਿਰ ਧਾਰ ਕੇ ਅਵਤਾਰ ਧਰਤ ਉਤੇ ਆਂਵਦਾ।*

ਪਿੱਛੇ ਜਾ ਕੇ ਕਹਿੰਦੇ ਨੇ-

*ਜਿਹੜੇ ਆਖਦੇ ਕਲਾਮ ਸੋਈ ਹੋਣਗੇ ਬਰਾਨ,*
*ਸਾਰਾ ਦੇਖੂਗਾ ਜਹਾਨ ਕਵੀ ਆਖ ਕੇ ਸੁਣਾਵਦਾ।*

ਇਹ ਉਹਨਾਂ ਦੀ ਕਵਿਤਾ ਸੀ। ਫੇਰ ਪ੍ਰੇਮੀ ਕਵੀ ਸਾਡੇ ਕਈ ਬਹੁਤ ਬਹੁਤ ਉੱਠੇ ਜਿਹਨਾਂ ਬੜੀ ਪ੍ਰੇਮ ਨਾਲ ਕਵਿਤਾ ਲਿਖੀ। ਭਾਈ ਸੰਤ ਸਿੰਘ ਜੀ ਸਨ ਇੱਕ ਕਵੀ ਜਿਹਨਾਂ ਨੇ ਕਿਹਾ-

*ਜਾਚਤ ਹੈ ਜਾਚਕ ਜੋ ਕਾਤਕ ਕੇ ਚਾਤਰਕ ਸੇ,*

ਮੰਗਦੇ ਤਾਂ ਹਾਂ, ਪਰ ਕਿਸ ਹਾਲਤ ਵਿੱਚ ਹੈ ਜਿਵੇਂ ਕੱਤਕ ਦੇ ਮਹੀਨੇ ਬਬੀਹਾ ਹੋਵੇ। ਕੱਤਕ 'ਚ ਬੱਦਲ ਨਹੀਂ ਨ ਰਹਿ ਜਾਂਦਾ।

*ਜਾਚਤ ਕੋ ਭਈ ਬਾਰ ਭਏ ਹੈਂ ਸਫੈਦ ਬਾਰ*
*ਕਵਰ ਮਨਿੰਦ ਕਬ ਪਾਵੈ ਚਰਨਾਰਿ ਬਿੰਦ।*

ਭੌਰਿਆਂ ਦੇ ਬੱਚੇ-

*ਗੁਰੂ ਰਾਮ ਸਿੰਘ ਤੇਰੇ ਦਰਸ ਕੇ ਉਮੈਦ ਵਾਰ*
*ਕਿੰਕਰ ਤੇਰੇ ਅਪਾਰ, ਜਥਾ ਮੀਨ ਹੀਨ ਬਾਰ।*
*ਆਓ ਬਾਰ ਨਿਧਿ ਬਾਰ ਧਿਆਨ ਧਰੇ ਵਾਰ ਵਾਰ।*
*ਜੈਸੀ ਦਾਸ ਹੀਏ ਚੀਨੀ ਰਾਵਰ ਪੈ ਬਿਨੈ ਕੀਨੀ,*
*ਮੋਰੀ ਬੁਧਿ ਪੀਨੀ ਕੋ ਸਵਾਰ ਚੀਨੀ ਕੇ ਸਵਾਰ।*

ਤੁਹਾਡੇ ਕੋਲ, ਏਥੇ ਜਦੋਂ ਆਉਂਦੇ ਸਾਂ, ਲਿਖਣ ਵਾਲੇ ਲਿਖਦੇ ਸਨ, ਸੁਆਦ ਆਉਂਦਾ ਸੀ। ਹੁਣ ਇਹ ਗੱਲ ਨਹੀਂ ਚੰਗੀ, ਸਾਧ ਸੰਗਤ 'ਚ ਬੈਠ ਕੇ ਕੁਝ ਆਖੀਏ—ਐਤਕਾਂ ਜਾਂ ਕਵੀਆਂ ਦਾ ਚਿਤ ਨਹੀਂ ਲੱਗਿਆ, ਜਾਂ ਕਵੀਆਂ ਦਾ ਧਿਆਨ ਭੁੱਲ ਗਿਆ, ਜਾਂ ਕਵੀਆਂ ਨੂੰ ਇਹ ਖਿਆਲ ਆ ਗਿਆ ਅਸੀਂ ਇਨਾਮ ਲੈਣੇ ਨੇ, ਸਵਾਦ ਨਹੀਂ ਆਇਆ ਕਵਿਤਾ ਦਾ। ਘਰ ਵਾਲਿਆਂ ਨੇ ਇਨਾਮ ਦੇ ਦਿੱਤਾ ਹੈ, ਅਸਾਂ ਉਹਨਾਂ ਨੂੰ ਦੇ ਦੇਣਾ ਹੈ। ਲੇਕਿਨ ਜੇ ਤੁਹਾਡਾ ਚਿਤ ਲਿਖਣ ਨੂੰ ਕਰਦਾ ਹੈ—ਇੱਕ ਤਾਂ ਇਹ ਧਿਆਨ ਕਦੇ ਨਾ ਕਰਿਆ ਕਰੋ ਕਿ ਸਾਨੂੰ ਇਨਾਮ ਮਿਲੇ, ਦੂਜਾ ਇਹ ਧਿਆਨ ਨਾ ਕਰਿਆ ਕਰੋ ਕਿ ਕੋਈ ਸਾਨੂੰ ਕਵੀ ਆਖੇ—ਬਈ, ਇਹ ਬੜਾ ਸਿਆਣਾ ਕਵੀ ਹੈ—ਇਹ ਦੂਸਰੀ ਚੀਜ਼ ਹੈ। ਪਹਿਲੀ ਮਾਇਆ, ਦੂਸਰੀ ਲੋਕਾਂ ਦੀ ਸੋਭਾ। ਅਗਲੇ ਪਾਸੇ ਤੁਰੋ ਇੱਕੋ ਚੀਜ਼ ਹੈ-

**ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।।**

*–ਦਸਮ ਗ੍ਰੰਥ, ਪੰਨਾ–੧੪*

ਜੇ ਲਿਖੋ ਕਵਿਤਾ ਤਾਂ ਇਸ਼ਕ 'ਚ ਲਿਖੋ, ਸਤਿਗੁਰੂ ਦੇ ਪਿਆਰ 'ਚ ਲਿਖੋ, ਆਪਣੇ ਦਿਲੋਂ ਅਰਦਾਸ ਕਰਕੇ ਬੈਠ ਕੇ ਲਿਖੋ, ਨਹੀਂ ਲਿਖੀ ਜਾਂਦੀ ਨਾ ਲਿਖੋ, ਵਕਤ ਨਾ ਪੂਰਾ ਕਰੋ। ਵਕਤ ਪੂਰਾ ਕਰਨ ਨਾਲ ਕੋਈ ਸਵਾਦ ਨਹੀਂ ਆਉਂਦਾ। ਮੈਂ ਹੁਣ ਕੀ ਆਖਾਂ ਮੇਰਾ ਆਪਣਾ ਭੀ ਸੁਆਦ ਮਾਰਿਆ ਹੋਇਆ ਹੈ, ਮੈਂ ਕਿਸੇ ਦੀ ਕੀ ਗੱਲ ਕਰਾਂ। ਉਹ ਸਤਿਗੁਰਾਂ ਦਾ ਨਾਮ ਜਦੋਂ ਨਾਮਧਾਰੀ ਸਿੱਖ ਲੈਂਦਾ ਸੀ, ਸਿਰ ਤੋਂ ਪੈਰਾਂ ਤਕ ਉਹਦੇ ਰੋਮ ਖੜ੍ਹੇ ਹੋ ਜਾਂਦੇ ਸੀ। ਰਜ਼ਾ ਹੈ, ਅੰਦਰ ਸੁਕਾ ਦਿੱਤੇ ਹਨ, ਕੋਈ ਚੀਜ਼ ਨਹੀਂ ਰਹੀ। ਹੁਣ ਜਿਹੜੇ ਇਨਾਮ ਹਨ, ਧੀਰ ਜੀ ਦੱਸਣਗੇ ਉਹ ਕਵੀ ਜਨ ਲੈ ਲੈਣ। ਰਸਮ

ਉਹਨਾਂ ਪੂਰੀ ਕੀਤੀ ਹੈ, ਰਸਮ ਅਸੀਂ ਕਰ ਛਡਦੇ ਹਾਂ, ਸੁਆਦ ਕੋਈ ਨਹੀਂ। ਅੱਗੇ ਵਾਸਤੇ ਧਿਆਨ ਕਰਕੇ, ਸਤਿਗੁਰਾਂ ਅਗੇ ਅਰਦਾਸ ਕਰਿਆ ਕਰੋ, ਲਿਖਣ ਲੱਗੇ ਅਰਦਾਸ ਕਰੋ ਕਿ ਜੋ ਤੈਨੂੰ ਚੰਗੀ ਲਗੇ ਉਹ ਲਿਖਾਈਂ। ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਜਦੋਂ ਉੱਥੋਂ ਹੁਕਮਨਾਮੇ ਲਿਖੇ ਤਾਂ ਕਹਿੰਦੇ ਨੇ,''ਭਾਈ, ਮੈਂ ਜਦੋਂ ਵੀ ਲਿਖਣ ਬੈਠਦਾ ਹਾਂ, ਤਦੋਂ ਹੀ ਸਤਿਗੁਰੂ ਅੱਗੇ ਅਰਦਾਸ ਕਰਦਾ ਹਾਂ, ਹੇ ਸੱਚੇ ਪਾਤਸ਼ਾਹ ! ਜੋ ਤੈਨੂੰ ਚੰਗੀ ਲੱਗੇ ਸੋ ਮੇਰੇ ਤੋਂ ਲਿਖਾਈਂ।''

ਉਹ ਅਕਾਲ ਪੁਰਖ ਇਹ ਗੱਲ ਕਹਿੰਦਾ ਹੈ, ਅਸੀਂ ਕਿਨ੍ਹਾਂ ਵਿੱਚੋਂ ਹਾਂ, ਅਸੀਂ ਕਿਆ ਚੀਜ਼ ਹਾਂ ? ਅਸੀਂ ਕੁਛ ਭੀ ਨਹੀਂ, ਸਾਨੂੰ ਏਥੇ ਇਹ ਨਹੀਂ ਹੋਣਾ ਚਾਹੀਦਾ—ਮੈਨੂੰ ਕਹੇ ਬਈ, ਬੜਾ ਚੰਗਾ ਹੈ, ਇਹ ਬੜਾ ਚੰਗਾ ਬੋਲਦਾ ਹੈ, ਇਹ ਬੜੀ ਚੰਗੀ ਕਵਿਤਾ ਕਰਦਾ ਹੈ। ਚੰਗੀ ਨੂੰ ਛੱਡੋ, ਇਹ ਗੱਲ ਦਾ ਧਿਆਨ ਕਰੋ ਭਾਵੇਂ ਉਹ ਵਿੰਗੀ ਹੋਵੇ ਭਾਵੇਂ ਉਹ ਟੇਢੀ ਹੋਵੇ–

**ਮੋਹਿ ਅਨਾਥ ਗਰੀਬ ਨਿਮਾਨੀ।।**
**ਕੰਤ ਪਕਰਿ ਹਮ ਕੀਨੀ ਰਾਨੀ।।**

*– ਆਸਾ ਮ:੫, ਪੰਨਾ–੩੯੪*

ਜਿਹਨੂੰ ਉਹ ਪਸੰਦ ਕਰੇ–

**ਸਾਈ ਸੋੁਹਾਗਣਿ ਸਾਈ ਭਾਗਣਿ**
**ਜੈ ਪਿਰਿ ਕਿਰਪਾ ਧਾਰੀ।।**
**ਪਿਰਿ ਅਉਗਣ ਤਿਸ ਕੇ ਸਭਿ ਗਵਾਏ**
**ਗਲ ਸੇਤੀ ਲਾਇ ਸਵਾਰੀ।।**

*– ਰਾਮਕਲੀ ਮ:੫, ਪੰਨਾ–੯੫੯*

ਕਿਰਪਾ ਕਰਕੇ ਆਪਣੇ ਆਪ ਨੂੰ, ਉਹਨਾਂ ਕਿਹੈ–

**ਕਰਮ ਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ।।**

ਸਾਹਿਬ ਕਹਿੰਦੇ ਹਨ ਇਹ ਗੱਲ, ਜਿਹੜੇ ਕਰਮਾਂ ਨੂੰ ਬਣਾਉਣ ਵਾਲੇ ਹਨ, ਜਿਹੜੇ ਸਾਰੀ ਸ੍ਰਿਸ਼ਟੀ ਦੇ ਕਰਮ ਕੱਟ ਸਕਦੇ ਹਨ। ਉਹ ਕਹਿੰਦੇ ਹਨ–

**ਕਰਮ ਹੀਣ ਧਨ ਕਰੈ ਬਿਨੰਤੀ,**

ਸੋ ਭਾਈ ਹੁਣ ਧੀਰ ਜੀ[੨੮] ਕਹਿਣਗੇ, ਉਹ ਕਿਰਪਾ ਕਰ ਕੇ ਆਪੋ ਆਪਣੀ ਚੀਜ਼ ਲੈ ਲਓ। ਇਹ ਵਕਤ ਪੂਰਾ ਕਰ ਕੇ ਫਿਰ ਅਰਦਾਸ ਕਰੀਏ, ਨਿਤ ਨੇਮ ਕਰੀਏ।

**ਸ਼ਬਦਾਰਥ**

੧ ਮਨ ਸੁੱਚੇ ਮੋਤੀ ਵਰਗਾ ਗਹਿਣਾ ਬਣ ਜਾਵੇ।
੨ ਪ੍ਰਾਣ, ਸਵਾਸ।
੩ ਸੂਤ੍ਰ, ਧਾਗਾ।
੪ ਇਸਤ੍ਰੀ, ਜੀਵ।
੫ ਮਾਣੇ, ਭੋਗੇ।
੬ ਪਿਆਰਾ।
੭ ਮੋਹਿਤ ਹੋ ਗਈ।
੮ ਹੋਰ ਕਿਸੇ ਵਿੱਚ।
੯ ਚਾਰ ਚੁਫੇਰੇ, ਦਸਾਂ ਦਿਸ਼ਾਵਾਂ ਵਿੱਚ।
੧੦ ਬੱਦਲ ਛਤਰੀ ਵਾਂਗ ਛਾਏ ਹੋਏ।
੧੧ ਘਟਾ ਉੱਤੇ ਘਟਾ ਹੈ।
੧੨ ਬਿਜਲੀ।
੧੩ ਅੱਖਾਂ ਵਿੱਚ।
੧੪ ਸੁਆਮੀ, ਪਤੀ।
੧੫ ਕੋਹ ਭਰ ਰਸਤਾ।
੧੬ ਲੰਘਦਾ ਹੈ।
੧੭ ਚਾਰ।
੧੮ ਚਿੱਠੀਆਂ।
੧੯ ਕੋਠੇ ਤੇ।
੨੦ ਚੜ੍ਹ ਕੇ।
੨੧ ਰਾਹ।
੨੨ ਦੇਖਦਾ ਹਾਂ।
੨੩ ਵੈਰਾਗ ਰੂਪ ਪਾਣੀ।
੨੪ ਨਿੰਦਿਆ ਹੈ।
੨੫ ਦੂਣੇ।
੨੬ ਬੇਮੁਖ।
੨੭ ਪਿੱਠ ਦਾ ਫੋੜਾ, ਵਿਛੋੜੇ ਦਾ ਦੁੱਖ।
੨੮ ਸੇਠ ਸੁਹੇਲ ਸਿੰਘ ਧੀਰ।

# ਬੰਕੋਕ ੫-੨-੧੯੫੫

*ਸੋਰਠਾ।*
*ਸਿਖੀ ਗੁਰ ਹਰਿ ਰਾਮ ਰਾਖੀ ਹਿੰਦ ਗੁਬਿੰਦ ਗੁਰ।*
*ਟੂਟੀ ਗਾਂਢਨ ਕਾਮ ਜਿਨੌਂ ਨਮੌਂ ਗੁਰ ਹਰੀ ਹਰਿ।।੫।।*
*ਦੋਹਰਾ।*
*ਇਸ ਬਿਧ ਭੈਣੀ ਸਾਹਿਬ ਮੇਂ ਸਤਿਗੁਰ ਕਰ ਹੈਂ ਕੇਲ।*
*ਵਾਲੀ ਮਾਲੀ ਬਾਗ ਕੇ ਪੰਥ ਗੁਲਾਬ ਰਵੇਲ।।੬।।*
*ਚੌਪਈ।*
*ਸਿੰਘ ਹਰਿ ਮੀਤ ਸੁਣਾਵੈ ਗਾਥਾ।*
*ਆਨ ਲਿਖੀ ਸੋ ਦਾਸਨ ਦਾਸਾ।*
*ਗੁਰ ਚਰਿਤ੍ਰ ਜੋ ਮੋਹਿ ਸੁਣਾਇਆ।*
*ਪ੍ਰੇਮੀ ਜਨ ਹਿਤ ਸੋਈ ਗਾਇਆ।।੭।।*
*ਗੁਰੂ ਰਾਮ ਸਿੰਘ ਨਿਜ ਪੁਰ ਮਾਹਿ।*
*ਦਾਸਨ ਕੇ ਸਭ ਦੋਖਨ ਦਾਹਿ।*
*ਦੈ ਨਿਜ ਪਾਨ[੧] ਡੂਬਤੇ ਕਾਢੇ।*
*ਗਾਢੇ[੨] ਦੁਖ ਬਾਢੀ ਸੁਤ ਬਾਢੇ[੩]।।੮।।*
*ਬਾਢੇ ਸੁਖ ਜੋ ਦਰ ਤੇ ਠਾਢੇ[੪]।*
*ਠਾਢੇ ਸੀਤਲ ਕੀਨੇ ਡਾਢੇ[੫]।*
*ਡਾਢੇ ਜਿਸ ਪ੍ਰਭ ਕੀਨੇ ਆਢੇ।*

*ਆਢੇ ਸੇ ਤਿਨ ਕੀਏ ਧਨਾਢੇ।।੯।।*

*ਸਿਖੀ ਗੁਰ ਹਰਿ ਰਾਮ ਰਾਖੀ ਹਿੰਦ ਗੁਬਿੰਦ ਗੁਰ।*

*ਟੂਟੀ ਗਾਂਢਨ ਕਾਮ ਜਿਨੌਂ ਨਮੌਂ ਗੁਰ ਹਰੀ ਹਰਿ।*

ਸੰਤ ਜੀ ਏਥੇ ਮੰਗਲ ਕਰਦੇ ਕਰਦੇ ਕਹਿੰਦੇ ਹਨ–

*ਸਿਖੀ ਗੁਰ ਹਰਿ ਰਾਮ ਰਾਖੀ ਹਿੰਦ ਗੁਬਿੰਦ ਗੁਰ।*

ਸਿੱਖੀ, ਸਤਿਗੁਰੂ ਰਾਮ ਸਿੰਘ ਨੇ ਜਿਹੜੀ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਜਾ ਰਹੀ ਸੀ, ਜਿਹੜੇ ਲੋਕ ਸਿੱਖੀ ਛੱਡ ਚੁੱਕੇ ਸੀ, ਉਹਨਾਂ ਨੇ ਮੁੜਕੇ ਉਹਦੀ ਰਾਖੀ ਕੀਤੀ ਔਰ ਉਹਨਾਂ ਨੂੰ ਬਚਾਇਆ—ਸਤਿਗੁਰੂ ਰਾਮ ਸਿੰਘ ਨੇ।

*ਟੂਟੀ ਗਾਂਢਨ ਕਾਮ ਜਿਨੌ ਨਮੌਂ ਗੁਰ ਹਰੀ ਹਰਿ।।*

ਫਿਰ ਕਹਿੰਦੇ ਹਨ, ਕਿ ਗੁਰੂ ਹਰੀ ਸਿੰਘ ਜੀ ਨੇ, ਜਿਹਨਾਂ ਨੇ ਟੁੱਟੀ ਨੂੰ ਗੰਢਿਆ, ਜਿਹਨਾਂ ਦਾ ਕੰਮ ਹੈ ਟੁੱਟੀ ਗੰਢਣਾਂ, ਮੇਰੀ ਓਸ ਗੁਰੂ ਹਰੀ ਸਿੰਘ ਨੂੰ ਨਮਸਕਾਰ ਹੈ। ਸਤਿਗੁਰਾਂ ਨੇ ਜਿਸ ਵੇਲੇ ਰੰਗੂਨੋਂ ਹੁਕਮਨਾਮਾ ਲਿਖਿਆ, ਓਹਦੇ 'ਚ ਲਿਖਿਆ—ਇਹਨੂੰ ਸਿਰ ਕਰਤਾ ਜਾਨਣਾ, ਇਸ ਦਾ ਨਾਓਂ ਅੱਜ ਤੋਂ ਹਰੀ ਸਿੰਘ ਹੋਇਆ, ਇਹ ਸਿੱਖੀ ਨੂੰ ਹਰੀ ਰੱਖੇਗਾ। ਮੇਰੇ ਧੱਕੇ ਹੋਏ ਨੂੰ ਇਹ ਬਖ਼ਸ਼ ਦੇਵੇਗਾ, ਇਹਦੇ ਧੱਕੇ ਹੋਏ ਨੂੰ ਮੈਂ ਨਹੀਂ ਬਖ਼ਸ਼ਾਂਗਾ।''

*ਟੂਟੀ ਗਾਂਢਨ ਕਾਮ*—ਇੱਕ ਦੋ ਸਰੀਰ ਐਸੇ ਸਨ ਜਿਹਨਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਜਿਹੜੇ ਸਤਿਗੁਰਾਂ ਵੇਲੇ ਤੋਂ ਨਿਕਲ ਚੁੱਕੇ ਸਨ, ਜਿਹਨਾਂ ਨੂੰ ਬਖ਼ਸ਼ਿਆ। ਕਹਿੰਦੇ ਨੇ—ਮੇਰੀ ਉਹਨਾਂ ਨੂੰ ਨਮਸਕਾਰ ਹੈ।

*ਦੋਹਰਾ।*

*ਇਸ ਬਿਧ ਭੈਣੀ ਸਾਹਿਬ ਮੇਂ ਸਤਿਗੁਰ ਕਰ ਹੈਂ ਕੇਲ।*

ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਰਾਮਦਾਸ ਪੁਰੇ ਭੈਣੀ ਸਾਹਿਬ ਵਿੱਚ ਆਪਣੀਆਂ ਖੇਡਾਂ, ਕੇਲ—ਤਮਾਸ਼ੇ, ਖੇਡ ਕਰਨ ਡਏ ਹਨ।

*ਵਾਲੀ ਮਾਲੀ ਬਾਗ ਕੇ ਪੰਥ ਗੁਲਾਬ ਰਵੇਲ।*

ਜਿਹੜੇ ਬਾਗ ਦੇ ਵਾਲੀ ਭੀ ਹਨ ਅਰ ਮਾਲੀ ਭੀ ਹਨ। ਮਾਲਕ ਭੀ ਉਹ ਹਨ ਬਾਗ ਦੇ, ਬਾਗ ਦੀ ਸਾਂਭ ਭੀ ਉਹੋ ਹੀ ਕਰਦੇ ਹਨ। ਵਾਲੀ,

ਮਾਲਕ ਦਾ ਸ਼ਬਦ ਹੈ; ਮਾਲੀ ਉਹਦਾ ਸ਼ਬਦ ਹੈ ਜਿਹੜਾ ਉਹਨਾਂ ਬੂਟਿਆਂ ਨੂੰ ਪਾਣੀ ਦਿੰਦਾ ਹੈ, ਜਿਹਦਾ ਕੰਡਾ ਕੋਈ ਵਧ ਜਾਏ, ਕੋਈ ਡਾਹਣੀ ਵਧ ਜਾਏ, ਘਟ ਜਾਏ—ਓਸ ਨੂੰ ਠੀਕ ਕਰਦਾ ਹੈ। ਤਾਂ, ਸਤਿਗੁਰੂ ਵਾਲੀ ਭੀ ਹਨ—ਮਾਲਕ ਭੀ ਹਨ, ਔਰ ਮਾਲੀ ਭੀ ਹਨ। ਕੋਈ ਡਿਗਦਾ ਹੈ, ਉਹਨੂੰ ਸਾਂਭਦੇ ਹਨ, ਜੇ ਕੋਈ ਖਰਾਬੀ ਕਰਦਾ ਹੈ, ਉਹਨੂੰ ਘੂਰ ਕੇ, ਉਹਨੂੰ ਨਰਾਜ ਹੋ ਕੇ, ਉਹਨੂੰ ਮਾਰ ਕੇ, ਉਹਨੂੰ ਡੰਨ ਲਾ ਕੇ, ਉਹਨੂੰ ਪਿਆਰ ਕਰਕੇ ਉੱਚਾ ਕਰਦੇ ਹਨ।

ਪੰਥ ਸਤਿਗੁਰਾਂ ਦਾ ਕਿਹੋ ਜਿਹਾ ਹੈ—ਗੁਲਾਬ ਜੈਸਾ। ਅੱਜ ਕੱਲ ਦੇ ਫੁੱਲ ਜਿੰਨੇਂ ਹਨ ਅੰਗਰੇਜ਼ੀ, ਦੇਖਣ ਵਿੱਚ ਸੁਹਣੇ ਹਨ, ਵਿੱਚ ਕੁੱਛ ਨਹੀਂ, ਖੁਸ਼ਬੂ ਨਹੀਂ। ਸ਼ਕਲ ਭੀ ਸੁਹਣੀ ਹੈ, ਖੁਸ਼ਬੂ ਭੀ ਹੈ ਗੁਲਾਬ ਵਿੱਚ। ਹੋਰ ਭੀ ਸਿਫਤ ਹੈ—ਜੇ ਅਰਕ ਕੱਢ ਕੇ ਦਿਓ ਤਾਂ ਕਈ ਬਿਮਾਰੀਆਂ ਦੂਰ ਕਰ ਦਿੰਦਾ ਹੈ, ਜੇ ਗੁਲਕੰਦ ਬਣਾਕੇ ਦਿਓ ਤਾਂ ਵੀ ਕਬਜ਼ ਦੂਰ ਕਰਦਾ ਹੈ। ਸਤਿਗੁਰੂ ਦਾ ਪੰਥ, ਸਤਿਗੁਰੂ ਦੀ ਸਾਧ ਸੰਗਤ ਜਿਹਨਾਂ ਨੇ ਉਹਨਾਂ ਦਾ ਸੰਗ ਕੀਤਾ, ਉਹਨਾਂ ਦੇ ਅੰਦਰਲੇ ਬਾਹਰਲੇ ਸਾਰੇ ਹੀ ਦੁੱਖ ਮਿਟ ਗਏ ਹਨ ਛਿਨ ਵਿੱਚ।

*ਚੌਪਈ।।ਸਿੰਘ ਹਰਿ ਮੀਤ ਸੁਣਾਵੈ ਗਾਥਾ।*

ਹੁਣ ਸਤਿਗੁਰੂ ਜੀ ਦੀ ਕਥਾ, ਭਾਈ ਹਰਮੀਤ ਸਿੰਘ ਜੀ ਸੁਣਾਉਣ ਲੱਗੇ ਹਨ।

## ਬੱਚਿਆਂ ਨੂੰ ਗੁਰਸਿੱਖੀ

ਮੈਂ ਥੋੜੀ ਜਿਹੀ ਅਰਜ਼ ਕਰ ਲਵਾਂ। ਅੱਜ ਗੱਡੀਓਂ ਉਤਰ ਕੇ ਜਦੋਂ ਆਏ ਹਾਂ ਤਾਂ ਰਸਤੇ ਵਿੱਚ ਬਚਨ ਬਿਲਾਸ ਮੋਟਰ ਵਿੱਚ ਤੁਰ ਪਿਆ। ਤਾਂ, ਉਹਦੇ ਵਿੱਚ ਸੰਤਾਂ ਇਕਨਾਂ ਨੇ ਕਿਹਾ ਕਿ ਮਾਈਆਂ ਸਾਡੀਆਂ ਨੇ ਤਾਂ ਬੜਾ ਸੁਹਣਾ ਬਾਣਾ ਰੱਖਿਆ ਹੈ, ਸੁੱਥਣਾਂ ਭੀ ਚੂੜੀ ਵਾਲੀਆਂ ਪਾਉਂਦੀਆਂ ਹਨ, ਕੱਪੜੇ ਭੀ ਚਿੱਟੇ ਹਨ, ਪਰ ਜੇ ਹੁਣ ਬੱਚਿਆਂ ਨੂੰ ਮਾਈਆਂ ਨਾ ਸਾਂਭਣ, ਜਿਹਨਾਂ ਬੱਚਿਆਂ ਦੇ ਐਥੋਂ ਦੀ ਪੇਟੀਆਂ ਪਾ ਕੇ ਕੱਸ ਦਿੰਦੀਆਂ ਹਨ, ਲੜਕੀਆਂ ਦੇ ਐਸੇ ਲੀੜੇ ਪਾਉਂਦੀਆਂ ਹਨ, ਦੋ ਦੋ ਗੁੱਤਾਂ ਕਰਦੀਆਂ ਹਨ

—ਸੋ ਮਾਈਆਂ ਅੱਗੇ ਮੇਰੀ ਅਰਜ਼ ਹੈ ਕਿ ਬੱਚਿਆਂ ਦਾ ਅੱਗੋਂ ਸਿੱਖ ਰਹਿਣਾ ਇਹ ਮਾਈਆਂ ਦੇ ਹੱਥ ਵਿੱਚ ਹੈ। ਭਾਂਵੇਂ ਭਾਗ ਮਾਈਆਂ ਦੇ ਹੱਥ ਵਿੱਚ ਨਹੀਂ, ਵੱਡੇ ਹੋਣ ਯਾ ਛੋਟੇ, ਪੈਸੇ ਬਹੁਤੇ ਹੋਣ ਯਾ ਨਾ। ਇਹ ਚੀਜ਼ ਮਾਈਆਂ ਦੇ ਹੱਥ ਵਿੱਚ ਹੈ—ਮਾਈਆਂ ਆਪਣੀਆਂ ਬੱਚੀਆਂ ਨੂੰ ਆਪਣੇ ਵਾਂਗੂ ਬਸਤਰ ਪਾਉਣ, ਆਪਣੇ ਵਾਂਗੂ ਇਸ਼ਨਾਨ ਕਰਾਉਣ। ਸਤਿਗੁਰਾਂ ਨੇ ਹੁਕਮ ਲਿਖਿਆ ਹੈ ਹੁਕਮਨਾਮੇ 'ਚ,"ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ।" ਇਹ ਕੰਮ ਮਾਈਆਂ ਦਾ ਆਪਣਾ ਹੈ। ਮਾਈਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਜਿਹਨਾਂ ਨੂੰ ਆਪਣੇ ਹੱਥੀਂ ਮਾਈਆਂ ਏਹੋ ਜਿਹੇ ਵੇਸ ਬਣਾਉਂਦੀਆਂ ਹਨ, ਉਹਨਾਂ ਬੱਚਿਆਂ ਨੂੰ ਅਜੇ ਕੋਈ ਪਤਾ ਨਹੀਂ ਕਿ ਸਾਡੇ ਕਿਹੋ ਜਿਹੇ ਲੀੜੇ ਚਾਹੀਦੇ ਹਨ। ਜੇ ਮਾਈਆਂ ਕਿਰਪਾ ਕਰਨ ਤਾਂ ਮਾਈਆਂ ਬੱਚਿਆਂ ਦਾ ਇਸ ਗੱਲ ਦਾ ਖਿਆਲ ਰੱਖਣ। ਤੜ੍ਹਕੇ ਇਸ਼ਨਾਨ ਕਰਕੇ ਬੈਠਣ, ਭਜਨ ਕਰਨ, ਬਾਣੀ ਪੜ੍ਹਨ ਭਾਵੇਂ ਪੰਜ-ਪੰਜ ਮਿੰਟ ਬੱਚਿਆਂ ਨੂੰ ਬਹਾਉਣ। ਉਹਨਾਂ ਨੂੰ ਭੀ ਕੁਛ ਸਿਖਾਉਣ ਤਾਂ ਕਿ ਉਹਨਾਂ ਨੂੰ ਇਹ ਭੀ ਪਤਾ ਲੱਗੇ ਕਿ ਸਾਧ ਸੰਗਤ 'ਚ ਭਜਨ ਕਿਵੇਂ ਕਰਨਾ ਹੈ, ਸਮਾਧੀ ਕਿਵੇਂ ਲਗਦੀ ਹੈ, ਬਾਣੀ ਕਿਵੇਂ ਪੜ੍ਹੀਦੀ ਹੈ, ਸਿੱਖੀ ਕੀ ਚੀਜ਼ ਹੈ, ਕਛਹਿਰੇ ਕਿਵੇਂ ਰੱਖੀਦੇ ਹਨ। ਸੋ ਮਾਈਆਂ ਅੱਗੇ ਅਰਜ਼ ਹੈ ਖਾਸ ਕਰ ਕੇ। ਅੱਗੇ ਸਤਿਗੁਰਾਂ ਦੀ ਬੜੀ ਕਿਰਪਾ ਹੈ। ਮਾਈਆਂ ਨੇ ਬਹੁਤ ਸਾਰਾ ਹਿੱਸਾ ਏਥੇ ਮੇਲੇ ਕਰਨ 'ਚ, ਭਜਨ ਬਾਣੀ ਕਰਨ 'ਚ, ਲਿਆ ਹੈ। ਇਹ ਹਿੱਸਾ ਭੀ ਮਾਈਆਂ ਦਾ ਸਭ ਤੋਂ ਵੱਡਾ ਹੈ। ਸਤਿਗੁਰਾਂ ਦੀਆਂ ਖੁਸ਼ੀਆਂ, ਸਤਿਗੁਰੂ ਰਾਮ ਸਿੰਘ ਦੀਆਂ ਖੁਸ਼ੀਆਂ ਏਸ ਚੀਜ਼ 'ਚ, ਹਨ ਕਿ ਮਾਈਆਂ ਬੱਚਿਆਂ ਨੂੰ ਆਪਣਿਆਂ ਨੂੰ, ਸਿੱਖੀ ਵਾਲੇ ਪਾਸੇ ਆਪਣੀਆਂ ਲੜਕੀਆਂ ਲੜਕਿਆਂ ਨੂੰ ਤੋਰਨ। ਉਹਨਾਂ ਨੂੰ ਇਹ ਜਾਚ ਭੀ ਮਾਈਆਂ ਦੱਸਣ ਤਾਂ ਕਿ ਸਤਿਗੁਰ ਜਿਸ ਵੇਲੇ ਆਉਣ ਤਾਂ ਇਹ ਦੇਖ ਕੇ ਮੈਨੂੰ ਭੀ ਗਾਲ੍ਹਾਂ ਨਾ ਮਿਲਣ ਤੁਹਾਨੂੰ ਭੀ ਨਰਾਜ਼ ਨਾ ਹੋਣ ਕਿ ਬੱਚੇ ਕਿਹੋ ਜਿਹੇ ਬਣਾਏ ਹੋਏ ਹਨ। ਹੁਣ ਵਕਤ ਨੇੜੇ ਆਉਂਦਾ ਜਾਂਦਾ ਹੈ, ਸਮਾਂ ਬਹੁਤ ਜ਼ਿਆਦਾ ਦੇਰ ਦਾ ਨਹੀਂ, ਪਤਾ ਨਹੀਂ ਕਦੋਂ ਨੂੰ ਇਹ ਕਿਰਪਾ ਹੋਵੇ। ਹੇਠਲੀ ਉੱਤੇ ਆ ਰਹੀ ਹੈ ਪਰ ਮਾਈਆਂ

ਅੱਗੇ ਇਹ ਅਰਜ਼ ਹੈ—ਮਾਈਆਂ ਨੂੰ ਇਹ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਹੋ ਜਿਹੇ ਲੀੜੇ ਕਪੜੇ ਬਚਪਨ 'ਚ, ਹੀ ਨਾ ਪਹਿਨਾਇਆ ਕਰਨ ਜਿਹਨਾਂ ਨਾਲ ਬੱਚਿਆਂ ਦੀ ਆਦਤ ਵਿਗੜ ਜਾਏ। ਬੱਚਿਆਂ ਦਾ ਸਣੇ ਕੇਸੀਂ ਸਵੇਰੇ ਇਸ਼ਨਾਨ ਕਰਾ ਕੇ, ਆਪ ਮਾਲਾ ਲੈ ਕੇ ਬੈਠਣ, ਬਾਣੀ ਪੜ੍ਹਨ, ਬੱਚਿਆਂ ਨੂੰ ਅੱਖਰ ਪੜ੍ਹਾਉਣ। ਇਹ ਪਹਿਲਾ ਫ਼ਰਜ਼ ਮਾਈਆਂ ਦਾ ਹੈ। ਉਸ ਤੋਂ ਬਾਅਦ ਬੇਸ਼ਕ ਬੱਚੇ ਸਕੂਲਾਂ 'ਚ ਜਾਣ ਪਰ ਦੋ, ਚਾਰ, ਦਸ ਮਿੰਟ ਮਾਈਆਂ ਪਹਿਲਾਂ ਆਪਣੀ ਕਿਰਪਾ ਕਰਨ। ਭਾਈ ਸਾਹਿਬ ਹਰਮੀਤ ਸਿੰਘ ਜੀ ਦੀ ਇਹ ਕਥਾ ਹੁਣ—ਸਤਿਗੁਰਾਂ ਦੀ—ਸੁਣਾਉਣਗੇ।

*ਸਿੰਘ ਹਰਿ ਮੀਤ ਸੁਣਾਵੈ ਗਾਥਾ।*
*ਆਨ ਲਿਖੀ ਸੋ ਦਾਸਨ ਦਾਸਾ।*

ਜੋ ਕੁਛ ਹਰਮੀਤ ਸਿੰਘ ਜੀ ਨੇ ਸਤਿਗੁਰਾਂ ਦੇ ਦਰਸ਼ਨ ਕਰ ਕੇ ਸੁਣਿਆ, ਉਹ ਭਾਈ ਸਾਹਿਬ ਜੀ ਆਪ ਕਹਿੰਦੇ ਨੇ ਸੰਤ ਧਿਆਨ ਸਿੰਘ —ਮੈਂ ਲਿਖਿਐ।

ਮੈਂ ਥੋੜਾ ਜਿਹਾ ਚਿਰ ਹੀ ਤੁਹਾਡੀ ਸੇਵਾ ਕਰ ਸਕਾਂਗਾ, ਅਵਾਜ਼ ਨਹੀਂ ਨਿਕਲਦੀ, ਜ਼ੋਰ ਨਾਲ ਬੋਲਣਾ ਪੈਂਦਾ ਹੈ। ਮੈਂ ਰਾਗੀਆਂ, ਅੱਜ ਇਹਨਾਂ ਨਾਲ ਗਾ ਨਹੀਂ ਸਕਿਆ, ਮੇਰਾ ਆਪਣਾ ਵੀ ਚਿਤ ਕਰਦਾ ਰਹਿੰਦਾ ਹੈ, ਪਰ ਹਾਲਤ ਐਸੀ ਹੈ।

## ਏਕ ਸਰੂਪ ਕਰ ਭਾਸੇ

*ਗੁਰ ਚਰਿਤ੍ਰ ਜੋ ਮੋਹਿ ਸੁਣਾਇਆ।*

ਸਤਿਗੁਰੂ ਦੇ ਚਰਿਤ੍ਰ, ਜੋ ਉਹ ਕਹਿੰਦੇ ਨੇ—ਮੈਂ ਸੁਣੇ।

*ਪ੍ਰੇਮੀ ਜਨ ਹਿਤ ਸੋਈ ਗਾਇਆ।।੯।।*

ਉਹ ਪ੍ਰੇਮੀਆਂ ਵਾਸਤੇ ਲਿਖੇ ਹਨ।

*ਗੁਰੂ ਰਾਮ ਸਿੰਘ ਨਿਜ ਪੁਰ ਮਾਹਿ।*

ਸਤਿਗੁਰੂ ਰਾਮ ਸਿੰਘ ਜੀ ਉੱਥੇ ਰਾਮਦਾਸ ਪੁਰੇ ਭੈਣੀ ਸਾਹਿਬ ਵਿੱਚ...............।

ਸਤਿਗੁਰਾਂ ਹੁਕਮਨਾਮੇ 'ਚ ਇੱਕ 'ਚ ਲਿਖ ਕੇ ਭੇਜਿਆ, ਪਹਿਲੇ ਬਾਬੇ ਕਾਹਨ ਸਿੰਘ ਹੁਰੀਂ ਬੁਰਜ ਵਾਲੇ, ਸ਼ਾਮ ਸਿੰਘ ਹੁਰੀਂ, ਸਰਿਹਾਲੀ ਵਾਲੇ ਗਏ, ਇਹਨਾਂ ਜਾ ਕੇ ਅਰਜ਼ ਕਰੀ, ਨਾਲ ਬਘੇਲ ਸਿੰਘ ਜੀ ਨਾਰਲੀ ਵਾਲੇ ਸਨ,''ਮਹਾਰਾਜ ! ਖੂਹ ਲਾਈਏ, ਸੱਚੇ ਪਾਤਸ਼ਾਹ, ਰਾਮਸਰ।'' ਸਤਿਗੁਰਾਂ ਆਖਿਆ,''ਅਜੇ ਖੂਹ ਨਹੀਂ ਲਾਉਣਾ, ਜੇ ਤਾਂ ਮੈਂ ਆ ਗਿਆ ਤਾਂ ਉਹਦਾ ਨਾਮ ਰਾਮਦਾਸ ਪੁਰਾ ਸੱਦੀਏਗਾ ਔਰ ਉਹਦਾ ਨਾਮ ਰਾਮਸਰ, ਨਹੀਂ ਤਾਂ ਭੂੰਦੜ-ਭੈਣੀ ਤੇ ਕੁੱਪਾਂ ਵਾਲਾ ਛੱਪੜ।''

ਇਸ ਤੋਂ ਬਾਅਦ ਥੋੜਾ ਚਿਰ, ਸੱਚੇ ਪਾਤਸ਼ਾਹ ਨੇ ਆਪ ਫਿਰ ਹੁਕਮਨਾਮੇ 'ਚ ਲਿਖ ਕੇ ਭੇਜਿਆ ਕਿ ਨਾਮਧਾਰੀ ਸਿੰਘ ਇਸ ਨੂੰ ਭੈਣੀ ਸਾਹਿਬ ਨਹੀਂ ਰਾਮਦਾਸ ਪੁਰਾ ਸੱਦਿਆ ਕਰੋ। ਤਾਂ ਆ ਕੇ ਹੀ ਗੱਲ ਕੀਤੀ ਨ, ਜੇ ਨਾ ਆਉਣ ਵਾਲੀ ਗੱਲ ਹੁੰਦੀ..........।

ਮੈਂ ਰਾਤ ਅਰਜ਼ ਕੀਤੀ ਸੀ ਰਸਤੇ 'ਚ—ਭਾਈ ਉੱਤਮ ਸਿੰਘ ਜੀ ਇੱਕ ਰਾਏਸਰ ਦੇ ਸਿੱਖ ਸਨ, ਸਤਿਗੁਰੂ ਰਾਮ ਸਿੰਘ ਦੇ, ਜਿਹਨਾਂ ਨੂੰ ਸਤਿਗੁਰੂ ਜੀ ਬੀਰ ਕਹਿੰਦੇ ਹੁੰਦੇ ਸਨ। ਤਿੰਨ ਚਾਰ ਸਰੀਰ ਇਹੋ ਜਿਹੇ ਸਨ। ਉਹਨਾਂ ਦਿਨਾਂ ਵਿੱਚ ਚਾਰ ਸੇਰ ਪੱਕਾ ਘਿਓ ਦਾ ਭਾਅ ਸੀ ਰੁਪੱਈਏ ਦਾ। ਉਹ ਚਾਰ ਸੇਰ ਘਿਓ, ਚਾਰ ਸੇਰ ਖੰਡ, ਚਾਰ ਸੇਰ ਆਟਾ—ਬਾਰ੍ਹਾਂ ਸੇਰ ਪੱਕਾ ਇਹ ਔਰ ਜਲ ਜਿੰਨਾ ਪੈ ਜਾਏ, ਕੜਾਹ ਪ੍ਰਸ਼ਾਦ ਛਕ ਕੇ ਅਸਾਨੀ ਨਾਲ ਹੀ ਫੇਰ ਵਿਹਾਰ ਕਰਦੇ ਰਹਿੰਦੇ, ਹੋਰ ਪ੍ਰਸਾਦ ਪਾਣੀ ਭੀ ਛਕ ਲੈਂਦੇ। ਇਹ ਹੁਣ ਤੁਸੀਂ ਹਿਸਾਬ ਗਿਣ ਸਕਦੇ ਹੋ ਕਿ ਕਿੱਡੇ ਉਹ ਆਦਮੀ ਹੋਣਗੇ—ਬਖਸ਼ਿਸ਼ ਸਤਿਗੁਰਾਂ ਦੀ। ਜਿਸ ਤਰ੍ਹਾਂ ਦੇ ਉਹ ਜ਼ੋਰਾਵਰ ਸਿੱਖ ਸਨ, ਤਾਕਤ ਵਾਲੇ, ਜਿਹੜੀਆਂ ਗੁਰਦੁਆਰੇ ਦੀਆਂ ਕੰਧਾਂ ਬਣੀਆਂ ਹਨ ਇਹ ਸਭ ਉਹਨਾਂ ਹੀ ਮਹਾਂਪੁਰਸ਼ਾਂ ਨੇ ਕਿਰਪਾ ਕਰਕੇ ਸੇਵਾ ਕੀਤੀ ਹੋਈ ਹੈ ਗੁਰਦੁਆਰੇ ਦੀ। ਉਨ੍ਹਾਂ ਦਾ ਸਰੀਰ ਸਤਿਗੁਰੂ ਹਰੀ ਸਿੰਘ ਤੇ ਬੜੀ ਸ਼ਰਧਾ ਰੱਖਦਾ ਸੀ। ਉਨ੍ਹਾਂ ਨੇ ਬਚਨ ਸੁਣਾਇਆ—ਭਾਈ ਮਸਤਾਨ ਸਿੰਘ ਹੁਰੀਂ ਉਹਨਾਂ ਦੇ ਲੜਕੇ ਸਨ ਜਿਹੜੇ ਸੂਬੇ ਨਾਮਧਾਰੀ ਪੰਥ 'ਚ ਰਹੇ, ਜਿਹਨਾਂ ਨੇ ਸਾਰੀ ਜ਼ਿੰਦਗੀ ਪ੍ਰਚਾਰ ਕਰਕੇ, ਅਖੰਡ ਪਾਠ ਕਰਕੇ, ਅੰਮ੍ਰਿਤ ਛਕਾ ਕੇ ਇੱਕ ਪੈਸੇ ਨੂੰ ਹੱਥ ਨਹੀਂ

ਲਾਇਆ। ਜੋ ਕੁਝ ਮਿਲਿਆ ਸਭ ਲੰਗਰ 'ਚ ਪਾਇਆ। ਉਹ ਕਹਿੰਦੇ —ਭਾਈ ਉੱਤਮ ਸਿੰਘ ਜੀ ਦੱਸਦੇ ਸੀ—ਸਤਿਗੁਰੂ ਸੱਚੇ ਪਾਤਸ਼ਾਹ ਨੇ ਪਰਦੇਸ ਜਾਣ ਤੋਂ ਛੇ ਮਹੀਨੇ ਪਹਿਲਾਂ ਇੱਕ ਦਿਨ ਗੁਰੂ ਹਰੀ ਸਿੰਘ ਜੀ ਨੂੰ ਸੱਦ ਕੇ, ਇਸ਼ਨਾਨ ਪਾਣੀ ਕਰਵਾ ਕੇ, ਆਪਣੇ ਨਾਲ ਪੁਸ਼ਾਕਾ ਪੁਆ ਕੇ ਲੰਗਰ 'ਚ ਪ੍ਰਸਾਦ ਭੀ ਨਾਲ ਛਕਾਇਆ ਇੱਕ ਆਸਣ ਤੇ ਬੈਠ ਕੇ। ਸਾਧ ਸੰਗਤ ਨੂੰ ਕਿਹਾ,''ਭਾਈ ਦੇਖੋ ਕੋਈ ਸਾਡੇ 'ਚ ਫਰਕ ਤੇ ਮਲੂਮ ਨਹੀਂ ਹੁੰਦਾ।'' ਉਹਨਾਂ ਚੋਂ ਭਾਈ ਉੱਤਮ ਸਿੰਘ ਜੀ ਰਾਏਸਰੀਏ ਸਨ ਜਿਹਨਾਂ ਨੇ ਉਸ ਵੇਲੇ ਦਰਸ਼ਨ ਕੀਤਾ ਸੀ। ਓਦੂੰ ਬਾਅਦ ਕਹਿੰਦੇ,''ਭਾਈ ਲਾਹ ਦੇ ਹੁਣ ਬਸਤਰ।'' ਫੇਰ ਓਸੇ ਤਰ੍ਹਾਂ ਕਰ, ਛੱਡ ਆਏ—ਇਹ ਇੱਕ ਕੌਤਕ ਸੀ ਉਹਨਾਂ ਦਾ। ਦੂਸਰੀ ਚੀਜ਼ ਕੁਛ ਮਾਇਆ—ਕਿਉਂਕਿ ਸਤਿਗੁਰ ਜਾਣਦੇ ਸੀ ਬਈ ਸਾਡੇ ਜਿਹੜੇ ਥੜ੍ਹੇ ਵਾਲੇ ਮੰਦਰ ਹਨ ਇਹਨਾਂ ਨੂੰ ਤਾਂ ਇਹਨਾਂ ਨੇ ਪਾਣੀ ਆਂਢੇ ਤੱਕ ਪੁੱਟਣਾ ਹੈ—ਉਹ ਮਾਇਆ ਦੀ ਗਾਗਰ ਬਾਬੇ ਸਾਹਿਬ ਸਿੰਘ ਜੀ, ਮਹੰਤ ਗੁਰਦਿੱਤ ਸਿੰਘ ਜੀ ਤੇ ਗੁਰੂ ਹਰੀ ਸਿੰਘ ਜੀ ਨੂੰ ਨਾਲ ਲੈ ਕੇ ਤਬੇਲੇ 'ਚ ਦੱਬੀ। ਗੁਰੂ ਹਰੀ ਸਿੰਘ ਜੀ ਕਹਿੰਦੇ,''ਜਿਦਣ ਉਹ ਮਾਇਆ ਕੱਢ ਕੇ ਵਰਤੀ, ਫੇਰ ਅਸੀਂ ਆਖਿਆ, ਹੁਣ ਸੱਚੇ ਪਾਤਸ਼ਾਹ ਕਿਵੇਂ ਬਣੇਗੀ ਖੇਡ ? ਫੇਰ ਪਤਾ ਨਹੀਂ ਕਿਧਰੋਂ ਆਉਂਦੀ ਗਈ, ਸਾਨੂੰ ਨਹੀਂ ਫਿਰ ਪਤਾ ਲੱਗਿਆ ਸਤਿਗੁਰਾਂ ਨੇ ਕਿਸ ਤਰ੍ਹਾਂ ਲੰਗਰ ਚਲਾਇਆ।'' ਸਤਿਗੁਰੂ ਸੱਚੇ ਪਾਤਸ਼ਾਹ ਦੇ ਪਰਦੇਸ ਜਾਣ ਤੋਂ ਬਾਅਦ ਉਹ (ਭਾਈ ਉੱਤਮ ਸਿੰਘ ਜੀ) ਗੁਰੂ ਹਰੀ ਸਿੰਘ ਜੀ ਕੋਲ ਆਏ, ਆ ਕੇ ਕਹਿਣ ਲਗੇ,''ਸੱਚਿਆ ਪਾਤਸ਼ਾਹ ! ਸਤਿਗੁਰੂ ਰਾਮ ਸਿੰਘ ਜੀ ਐਸ ਵੇਲੇ ਕਿੱਥੇ ਹਨ ?''

ਗੁਰੂ ਹਰੀ ਸਿੰਘ ਜੀ ਕਹਿੰਦੇ,''ਭਾਈ ਉੱਤਮ ਸਿਹਾਂ, ਜੇ ਤੂੰ ਥੋੜਾ ਜਿਹਾ ਚਿਰ ਪਹਿਲਾਂ ਆ ਜਾਂਦਾ ਤਾਂ ਤੈਨੂੰ ਐਥੇ ਹੀ ਦਰਸ਼ਨ ਕਰਾਂਉਂਦੇ।'' ਕਹਿਣ ਲੱਗੇ,''ਭਾਈ, ਜਦੋਂ ਦੇ ਸਤਿਗੁਰੂ ਗਏ, ਮੈਂ ਬਾਹਰ ਜਾ ਕੇ ਬੜਾ ਰੋਂਦਾ ਧਾਹੀਂ ਮਾਰ ਮਾਰ। ਥੋੜਾ ਜਿਹਾ ਚਿਰ ਹੀ, ਜੇ ਇਕ ਅੱਧਾ ਦਿਨ ਹੀ ਸਤਿਗੁਰੂ ਸੱਚੇ ਪਾਤਸ਼ਾਹ ਦਰਸ਼ਨ ਨਾ ਦਿੰਦੇ ਤਾਂ ਮੇਰਾ ਸਰੀਰ ਨਾ ਰਹਿੰਦਾ।''

ਸਤਿਗੁਰੂ ਆ ਗਏ, ਸਤਿਗੁਰਾਂ ਆ ਕੇ ਆਖਿਆ,''ਭਾਈ ਮੈਂ ਤੇਰੇ ਕੋਲ ਸਦਾ ਹੀ ਅੰਗ ਸੰਗ ਹਾਂ। ਮੈਂ ਤੇਰੇ ਕੋਲ ਰਹਾਂਗਾ ਤੂੰ ਕੰਮ ਕਾਰ ਕਰ ਭਾਈ।'' ਸਤਿਗੁਰੂ ਤਾਂ ਮੇਰੇ ਮੋਢੇ ਤੇ ਹੱਥ ਰੱਖਦੇ ਹਨ।

ਤਾਂ, ਉਹ ਭਾਈ ਉੱਤਮ ਸਿੰਘ ਜੀ—ਇਹ ਖੇਡਾਂ ਜਿਹਨਾਂ ਦੇਖੀਆਂ ਆਪਣਾ ਘਰ ਬਾਰ ਸਾਰਾ ਉਹਨਾਂ ਮਹਾਂਪੁਰਖਾਂ ਨੇ ਸਾਧ ਸੰਗਤ ਨੂੰ ਛਕਾ ਦਿੱਤਾ। ਨੰਬਰਦਾਰੀ ਸੀ, ਸਾਰੀ ਜ਼ਮੀਨ ਵੇਚ ਕੇ ਛਕਾ ਕੇ—ਮੈਨੂੰ ਬਹੁਤ ਥੋੜੀ ਥੋੜੀ ਖਬਰ ਹੈ, ਮੇਰੀ ਪੰਜ ਕੁ ਸਾਲ ਦੇ ਕਰੀਬ ਉਮਰ ਸੀ—ਇੱਕ ਬਾਹਰ ਜਗ੍ਹਾ ਬਣਾਈ ਹੋਈ ਸੀ, ਹਵੇਲੀ 'ਚ ਝੁੱਗੀ ਜਿਹੀ। ਕਹੀ ਨਾਲ ਥਾਂ ਪੁੱਟਣਾ। ਕਹੀ ਨਾਲ ਥਾਂ ਪੁੱਟ ਕੇ ਉੱਥੇ ਗਾਜਰਾਂ, ਮੂਲੀਆਂ ਇਹੋ ਜਿਹਾ ਕੁਝ ਬੀਜਣਾ। ਉਹਦੇ ਦਾਣੇ ਵਟਾ ਕੇ ਸਾਧ ਸੰਗਤ ਨੂੰ ਛਕਾਉਂਦੇ। ਸਤਿਗੁਰਾਂ ਫੇਰ ਕਿਰਪਾ ਕੀਤੀ, ਪਿੰਡ ਵਿੱਚ ਕੋਈ ਆਦਮੀ ਉਹਨਾਂ ਦੇ ਮੁਕਾਬਲੇ 'ਚ ਜਾਇਦਾਦ ਵਾਲਾ ਨਾ ਰਿਹਾ। ਉਹ ਸਾਰੀ ਫੇਰ ਮੁੜ ਕੇ ਆ ਗਈ ਕਿਉਂਕਿ ਸਤਿਗੁਰਾਂ ਨੂੰ, ਸਾਧ ਸੰਗਤ ਨੂੰ ਛਕਾਈ ਸੀ। ਏਥੇ ਸਤਿਗੁਰਾਂ ਭੀ ਇੱਕ ਹੁਕਮਨਾਮੇ 'ਚ ਲਿਖਿਐ,''**ਭਾਈ ਪੁੰਨ ਦਾਨ ਤੇ ਧਨ ਨਹੀਂ ਘਟਦਾ, ਧਨ ਤਾਂ ਕੁਚਾਲ ਚਲਣ ਤੇ ਘਟਦਾ ਹੈ।**''

ਤਾਂ ਭਾਈ ਸਾਹਿਬ ਬਚਨ ਕਰਦੇ, ਕਿ ਗੁਰੂ ਹਰੀ ਸਿੰਘ ਦੇ ਕੋਲ, ਉਹਨਾਂ ਦਾ ਜਾਣ ਆਉਣ ਓਸੇ ਤਰ੍ਹਾਂ ਬਣਿਆ ਰਿਹਾ। ਬਾਬੇ ਲਾਲ ਸਿੰਘ ਹੁਰੀਂ ਲਤਾਲੀਏ, ਇੱਕ ਵੇਰ ਚਿਤ 'ਚ ਆ ਗਿਆ ਸਤਿਗੁਰਾਂ ਦੀ ਦੇਹ ਤੇ ਸਰਧਾ ਸੀ—ਬਈ, ਹੁਣ ਭੈਣੀ ਸਾਹਿਬ ਕੀ ਕਰਨ ਜਾਣਾ ਹੈ। ਸਤਿਗੁਰਾਂ ਨੇ ਇੱਕ ਦਿਨ ਦਰਸ਼ਨ ਦਿੱਤਾ ਦ੍ਰਿਸ਼ਟਾਂਤ ਵਿੱਚ। ਬਾਬੇ ਲਾਲ ਸਿੰਘ ਹੁਰੀਂ ਕਹਿੰਦੇ,''ਮੈਂ ਦੋ ਰੁਪੱਈਏ ਧਰ ਕੇ, ਮੱਥਾ ਟੇਕਿਆ ਤਾਂ ਸਤਿਗੁਰ ਪਿੱਛੇ ਹਟ ਗਏ, ਕਹਿੰਦੇ—ਅਸੀਂ ਨਹੀਂ ਤੇਰੇ ਰੁਪੱਈਏ ਲੈਣੇ।''

''ਮੈਂ ਆਖਿਆ, ਕਿਉ ?''

ਕਹਿਣ ਲਗੇ,''ਜੇ ਰੁਪੱਈਏ ਦੇਣੇ ਨੇ, ਤਾਂ ਭੈਣੀ ਸਾਹਿਬ ਜਾ ਕੇ ਦੇਹ।''

ਬਾਬੇ ਲਾਲ ਸਿੰਘ ਹੁਰੀਂ ਆਏ। ਗੁਰੂ ਹਰੀ ਸਿੰਘ ਜੀ ਕਹਿਣ ਲਗੇ,''ਭਾਈ ਲਾਲ ਸਿਹਾਂ, ਅਸੀਂ ਬੜੇ ਚਿਰ ਦੇ ਤੈਨੂੰ ਉਡੀਕਦੇ ਸੀ''।

ਬਹੁਤ ਸਰੀਰਾਂ ਦੀ ਇਹ ਚਿਤ 'ਚ ਖਾਹਿਸ਼ ਪੈਦਾ ਹੋਈ ਜਿਸ ਵੇਲੇ ਸਤਿਗੁਰੂ ਪਰਦੇਸ ਗਏ ਤਾਂ ਉਹਨਾਂ ਨੇ ਕਿਹਾ—ਜਿਸ ਤਰ੍ਹਾਂ ਹਨੂਮਾਨ ਨੇ ਕਿਹਾ ਸੀ, ਜਦੋਂ ਗੁਰੂ ਨਾਨਕ ਦੇਵ ਮਹਾਰਾਜ ਲੰਕਾ ਗਏ ਨੇ,''ਮੈਂ ਤਾਂ ਹੀ ਮੰਨਾਂਗਾ ਜੇ ਮੈਨੂੰ ਰਾਮ ਚੰਦਰ ਦਾ ਦਰਸ਼ਨ ਮੈਨੂੰ ਹੋਵੇ, ਮੈਂ ਨਹੀਂ ਮੰਨਦਾ ਹੋਰ ਕਿਸੇ ਨੂੰ।'' ਤਾਂ ਏਸੇ ਤਰ੍ਹਾਂ ਹੀ ਬਹੁਤ ਸਰੀਰਾਂ ਦੀ ਇਹ ਖਾਹਿਸ਼ ਪੈਦਾ ਹੋਈ ਕਿ ਅਸੀਂ ਤਾਂ ਮੰਨਦੇ ਹਾਂ ਜੇ ਸਤਿਗੁਰਾਂ ਦਾ ਦਰਸ਼ਨ ਹੋਵੇ। ਬਹੁਤ ਸੱਜਣਾਂ ਨੂੰ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ, ਸਤਿਗੁਰੂ ਰਾਮ ਸਿੰਘ ਜੀ ਦਾ ਪਹਿਲੇ ਦਰਸ਼ਨ ਹੋਇਆ, ਉਹੋ ਰੂਪ ਦਿਖਲਾ ਕੇ ਫੇਰ ਰੂਪ ਬਦਲ ਕੇ, ਤਾਂ ਉਹ ਚਰਨੀਂ ਲੱਗੇ।

ਤਾਂ ਭੈਣੀ ਸਾਹਿਬ ਨੂੰ ਸਤਿਗੁਰਾਂ ਲਿਖ ਭੇਜਿਆ, ਹੁਣ ਏਸ ਦਾ ਨਾਓਂ ਰਾਮਦਾਸ ਪੁਰਾ ਸੱਦਣਾ। ਤਾਂ ਸਤਿਗੁਰੂ ਜੀ ਆਪਣੇ ਨਗਰ ਰਾਮਦਾਸ ਪੁਰੇ ਵਿੱਚ ਚਲਿਤ ਕਰ ਰਹੇ ਹਨ, ਆਪਣੀਆਂ ਖੇਡਾਂ।

## ਚਰਨ ਕਮਲ ਕੀ ਮਉਜ

*ਦਾਸਨ ਕੇ ਸਭ ਦੋਖਨ ਦਾਹਿ।*

ਆਪਣੇ ਸੇਵਕਾਂ ਦੇ ਸਾਰੇ ਦੁਖ ਅੰਦਰਲੇ ਵੀ ਬਾਹਰਲੇ ਵੀ ਦੂਰ ਕਰਦੇ ਹਨ।

*ਦੈ ਨਿਜ ਪਾਨ ਡੂਬਤੇ ਕਾਢੇ।*

ਆਪਣਾ ਹੱਥ ਦੇ ਕਰਕੇ, ਸੰਸਾਰ ਸਮੁੰਦਰ ਵਿੱਚ ਡੁਬਦਿਆਂ ਨੂੰ—ਭਾਈ ਗੁਰਦਾਸ ਜੀ ਕਹਿੰਦੇ ਨੇ–

*ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ।*
*ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ।*

*– ਵਾਰ ੧, ਪਉੜੀ ੧*

*ਗਾਢੇ ਦੁਖ ਬਾਢੀ ਸੁਤ ਬਾਢੇ।।੮।।*

ਕਵਿਤਾ ਵੱਲ ਧਿਆਨ ਦੇਣਾ, ਜਿਹੜੇ ਗਾੜ੍ਹੇ ਦੁੱਖ ਸਨ, ਉਹ ਬਾਢੀ ਸੁਤ ਨੇ ਵੱਢ ਦਿੱਤੇ, ਕੱਟ ਦਿੱਤੇ। ਹੁਣ ਜ਼ਰਾ ਅੱਗੇ ਚੱਲਣਾ, ਹੁਣ ਬਾਢੇ ਫੇਰ ਆਵੇਗਾ।

*ਬਾਢੇ ਸੁਖ ਜੇ ਦਰ ਤੇ ਠਾਢੇ।*

ਜਿਹੜੇ ਉਹਨਾਂ ਦੇ ਦਰ ਤੇ ਆ ਕੇ ਖੜੋਤੇ, ਉਹਨਾਂ ਦੇ ਸੁਖ ਵਧ ਗਏ।

*ਠਾਢੇ ਸੀਤਲ ਕੀਨੇ ਡਾਢੇ।*

ਜਿਹੜੇ ਦਰਵਾਜੇ ਤੇ ਆ ਕੇ ਠੰਢੇ ਹੋਏ, ਉਹਨਾਂ ਨੂੰ ਡਾਢੇ ਸੀਤਲ ਕਰ ਦਿੱਤਾ। ਓਹ ਨਿਰਾ ਹੀ ਤਪਤ ਕੜਾਹਾ ਬੁਝ ਗਿਆ।

**ਤਪਤ ਕੜਾਹਾ[੬] ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।।**

*– ਮਾਰੂ ਮ:੫, ਪੰਨਾ–੧੦੦੨*

*ਡਾਢੇ ਜਿਸ ਪ੍ਰਭ ਕੀਨੇ ਆਢੇ।*

ਉਸ ਪ੍ਰਭੂ ਨੇ ਜਿਹੜੇ ਡਾਢੇ ਬਣੇ ਹੋਏ ਸਨ ਜਿਹੜੇ ਆਕੜ ਖਾਂ ਸਨ, ਉਹ ਆਢੇ ਕਰ ਦਿੱਤੇ।

**ਆਢ[੭] ਦਾਮ ਕੋ ਛੀਪਰੋ[੮] ਹੋਇਓ ਲਾਖੀਣਾ[੯]।।**

*– ਆਸਾ, ਪੰਨਾ–੪੮੭*

ਉਹਨਾਂ ਨੂੰ ਆਢੇ ਕਰ ਦਿੱਤਾ।

*ਆਢੇ ਸੇ ਤਿਨ ਕੀਏ ਧਨਾਢੇ।*

ਜਿਹੜੇ ਆਢੇ ਸਨ, ਇੱਕ ਕਉਡੀ ਦੇ ਸਨ, ਉਹਨਾਂ ਨੂੰ ਧਨਾਢ ਬਣਾ ਦਿੱਤਾ, ਉਹਨਾਂ ਨੂੰ ਘਾਟਾ ਕਿਸੇ ਗੱਲ ਦਾ ਨਾ ਛੱਡਿਆ।

*ਨਾਢੇ ਜੇ ਮਗਰੂਰੀ ਪਾਢੇ।*

ਜਿਹੜੇ ਨਾਢੇ ਸਨ, ਬੜੇ ਮਗਰੂਰੀ ਚੜ੍ਹੀ ਵਾਲੇ, ਉਹ ਪਾਢੇ ਬਣਾ ਦਿੱਤੇ, ਜਿਸ ਤਰ੍ਹਾਂ ਇੱਕ ਬੱਚਾ ਹੁੰਦਾ ਹੈ।

*ਪਾਢੇ ਪਰ ਕੇਹਰ ਪੁਨ ਪਾਢੇ।*

ਨਾਢੇ ਕਰ ਦਿੱਤੇ ਜਿਹੜੇ ਮਗਰੂਰੀ 'ਚ ਪੜ੍ਹੇ ਹੋਏ ਜਿਹੜੇ ਆਪਣੇ ਆਪ 'ਚ ਆਕੜਦੇ ਸੀ, ਜਿਹੜੇ ਪਾਢੇ ਸਨ—ਛੋਟੇ ਗਰੀਬ ਸਨ, ਉਹਨਾਂ

ਨੂੰ ਕੇਹਰਾਂ ਦੇ ਉੱਤੇ ਬਣਾ ਦਿੱਤਾ।

*ਪਾਢੇ ਮੰਤਰ ਸਾਝ ਸਵੇਰਾ।*

ਜਿਹੜੇ ਸਤਿਗੁਰੂ ਦੇ ਮੰਤਰ ਨੂੰ ਸਾਂਝ ਸਵੇਰੇ ਪੜ੍ਹਦੇ ਹਨ, ਜਿਹੜੇ ਰਾਤ ਦਿਨ ਸਤਿਗੁਰੂ ਦੇ ਸਬਦ ਨੂੰ ਜਪਦੇ ਹਨ-

*ਕਾਟੇ ਚੌਰਾਸੀ ਜਨ ਫੇਰਾ।।੧੦।।*

ਹੁਕਮ ਦੇ ਦਿੱਤਾ—ਜਿਹੜਾ ਇੱਕ ਵੇਰ ਕੰਨ 'ਚ ਭਜਨ ਪੁੱਛ ਲਏਗਾ ਉਹ ਚੌਰਾਸੀ 'ਚ ਨਹੀਂ ਜਾਵੇਗਾ। ਇੱਕ ਦੇ ਦੋ ਜਨਮ, ਤਿੰਨ ਜਨਮ ਤੇ ਮਨੁੱਖ ਦੇ ਮਿਲਣਗੇ ਫੇਰ ਉਹਦਾ ਪਾਰ ਉਤਾਰਾ ਹੋ ਜਾਵੇਗਾ, ਉਹ ਜਾ ਨਹੀਂ ਸਕਦਾ, ਚੌਰਾਸੀ ਦਾ ਫੇਰਾ ਕੱਟ ਦਿੱਤਾ।

*ਏਕ ਦਿਵਸ ਵੈ ਨਿਜ ਆਨੰਦ।*

ਉਹ ਸਤਿਗੁਰੂ ਸੱਚੇ ਪਾਤਸ਼ਾਹ, ਇੱਕ ਦਿਨ ਆਪਣੀ ਮੌਜ ਵਿੱਚ,

*ਆਹਿ ਬ੍ਰਿਜਮਾਨ ਕੁਲ ਚੰਦ।*

ਬਰਾਜਮਾਨ ਹਨ ਪਲੰਘ ਉੱਤੇ।

*ਚਾਪੀ[੧੦] ਕਰਤੋ ਸਿੰਘ ਹਰਮੀਤ।*

ਹਰਮੀਤ ਸਿੰਘ ਕਹਿੰਦਾ ਹੈ—ਮੈਂ ਮੁੱਠੀ ਚਾਪੀ ਕਰਨ ਲੱਗਾ ਓਸ ਦਿਨ।

*ਫੜਾ ਅੰਗੂਠਾ ਪਗ ਸੰਗ ਪ੍ਰੀਤ।।੧੧।।*

ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ, ਜਿਸ ਵੇਲੇ ਮਾਲਨ ਨੇ ਚਰਨ ਧੋਤੇ ਕ੍ਰਿਸ਼ਨ ਮਹਾਰਾਜ ਦੇ, ਕਹਿੰਦੇ ਨੇ-

**ਭਾਗ ਬਡੋ ਇਹ ਮਾਲਨ ਕੇ,**
**ਹਰਿ ਕੇ ਤਨ ਕੋ ਜਿਨ ਹਾਥ ਛੁਹਾਯੋ।।**

*- ਦਸਮ ਗ੍ਰੰਥ, ਪੰਨਾ-੩੬੪*

ਉਹ ਭਾਈ ਹਰਮੀਤ ਸਿੰਘ, ਮੁੱਠੀ ਚਾਪੀ ਕਰਦਾ ਕਰਦਾ, ਸਤਿਗੁਰਾਂ ਦਾ ਅੰਗੂਠਾ ਫੜ ਲਿਆ ਹੱਥ ਵਿੱਚ।

*ਸਾਖੀ ਇਕ ਤਾਕੋ ਚਿਤ ਆਈ।*

ਉਸ ਨੂੰ ਇਹ ਗੱਲ ਯਾਦ ਆ ਗਈ।

*ਸੰਤ ਏਕ ਕੋ ਅੰਤ ਸਮਾਈ।*

ਇਕ ਮਹਾਂਪੁਰਖ ਦਾ ਅੰਤ ਦਾ ਸਮਾਂ ਆਇਆ ਜਿਸ ਵੇਲੇ।

*ਥੋਰੇ ਸਾਸ ਸਾਧ ਕੇ ਰਹੇ।*

ਸਾਧੂ ਦੇ ਜਿਸ ਵੇਲੇ ਥੋੜੇ ਜਿਹੇ ਸਵਾਸ ਰਹਿ ਗਏ।

*ਲੋਗ ਆਇ ਤਾ ਕੋ ਯੋਂ ਕਹੇ।।੧੨।।*

ਲੋਗ ਕਹਿੰਦੇ ਹਨ ਆ ਕੇ, ਹੇ ਸੰਤ ਜੀ–

*ਕਰੋ ਸਾਧ ਜੀ ਗੁਰ ਕੌ ਯਾਦ।*

ਹੇ ਸੰਤ ਜੀ ! ਆਪਣੇ ਗੁਰੂ ਨੂੰ ਯਾਦ ਕਰੋ।

*ਮੇਟੇ ਮਨ ਸੇ ਸਕਲ ਉਪਾਧ।*

ਤੁਸੀਂ ਆਪਣੇ ਮਨ ਦੀਆਂ ਉਪਾਧੀਆਂ ਹੋਰ ਮੇਟ ਕੇ ਸਤਿਗੁਰੂ ਦੇ ਚਰਨਾਂ ਨਾਲ ਧਿਆਨ ਲਾਓ।

*ਸੰਤ ਤਿਨੋ ਕੋ ਉਤੱਰ ਦੀਨਾ।*

ਸੰਤ ਨੇ ਉਹਨਾਂ ਨੂੰ ਉਤੱਰ ਦਿੱਤਾ।

*ਗੁਰੂ ਅੰਗੂਠਾ ਮੈਂ ਕਰ ਲੀਨਾ।।੧੩।।*

ਮੈਂ ਆਪਣੇ ਸਤਿਗੁਰੂ ਦਾ ਅੰਗੂਠਾ ਚਰਨ ਦਾ, ਹੱਥ 'ਚ ਫੜਿਆ ਹੈ।

*ਮੂਰਤਿ ਗੁਰ ਕੀ ਉਰ ਮੈਂ ਧਾਰੀ।*

ਗੁਰੂ ਦੀ ਮੂਰਤ ਮੇਰੇ ਹਿਰਦੇ ਵਿੱਚ ਵਸਦੀ ਹੈ। ਦੇਖੋ, ਪੜ੍ਹੋ, ਰਾਮ ਚੰਦਰ ਜੀ ਮਹਾਰਾਜ ਜਿਸ ਵੇਲੇ ਰਾਵਣ ਨਾਲ ਲੱਗੇ ਲੜਾਈ ਕਰਨ, ਕਹਿਣ ਲੱਗੇ,''ਬਈ, ਜੇ ਰਾਵਣ ਦੀ ਛਾਤੀ 'ਚ ਮਾਰੀਏ ਤੀਰ—ਰਾਵਣ ਦੀ ਛਾਤੀ ਵਿੱਚ, ਹਿਰਦੇ ਵਿੱਚ ਸੀਤਾ ਵਸਦੀ ਹੈ, ਸੀਤਾ ਦੇ ਰਿਦ੍ਹੇ ਵਿੱਚ ਮੈਂ ਵਸਦਾ ਹਾਂ, ਮੇਰੇ ਵਿੱਚ ਤਰਲੋਕੀ ਹੈ, ਸਾਰਾ ਹੀ ਕੁਛ ਖਤਮ ਹੋ ਜਾਊ।'' ਕਬੀਰ ਨੇ ਇਸ ਚਰਨ ਨੂੰ ਲਿਖਿਆ ਹੈ, ਕਬੀਰ ਜੀ ਕਹਿੰਦੇ ਹਨ–

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ।।**

ਤੇ ਫੇਰ ਕਿੱਥੇ ਤੂੰ ਰਹਿੰਦਾ ਹੈਂ–

**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।।**

*– ਪੰਨਾ–੧੩੭੦*

ਮੈਂ ਅਰਜ਼ ਕੀਤੀ ਸੀ, ਕਿ ਜੀਵਨ ਮੁਕਤ—ਮੁਕਤੀ ਜਿਹਨੂੰ ਕਹਿੰਦੇ ਨੇ ਨਾ, ਉਹ ਤੱਤਾਂ 'ਚ ਤੱਤ ਮਿਲ ਜਾਣ, ਸੁਆਦ ਕੁਛ ਨਹੀਂ। ਜਿਹੜੇ ਚਰਨਾਂ ਨਾਲ ਲਗਦੇ ਹਨ, ਉਹਨਾਂ ਨੂੰ ਪਤਾ ਲੱਗਦਾ ਹੈ ਸੁਆਦ ਦਾ। ਉਹ ਕਹਿੰਦੇ ਹਨ–

**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।।**

ਫੇਰ ਬਈ, ਦੱਸ ਉਹਦਾ ਸੁਆਦ ? ਤਾਂ ਕਬੀਰ ਜੀ ਕਹਿੰਦੇ ਹਨ–

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ[੧੧]।।**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ[੧੨]।।**

*– ਪੰਨਾ–੧੩੭੦*

ਬਰਾਬਰ ਦੀ ਕੋਈ ਚੀਜ਼ ਸੁਆਦ ਉਹੋ ਜਿਹੀ ਹੋਵੇ ਤਾਂ ਦੱਸੀ ਜਾਵੇ। ਉਸ ਸਵਾਦ ਦਾ ਕਉਣ ਵਰਣਨ ਕਰ ਸਕੇ। ਉਸ ਰਸ ਨੂੰ–

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ।।**

*– ਪੰਨਾ–੩੩੪*

ਨਾਮਦੇਵ ਜੀ ਕਹਿੰਦੇ ਹਨ–

**ਐਸੋ ਬੇਢੀ[੧੩] ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ।।**
**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ।।**

*– ਪੰਨਾ–੬੫੭*

ਕਈ ਐਸੀਆਂ ਚੀਜ਼ਾਂ ਹਨ, ਜਿਹੜੀਆਂ ਕਹਿਣ ਵਿੱਚ ਨਹੀਂ ਆ ਸਕਦੀਆਂ। ਉਹਨਾਂ ਨੂੰ ਕਹਿ ਕੇ ਕੋਈ ਦੱਸ ਹੀ ਨਹੀਂ ਸਕਦਾ। ਉਹ ਜਿਹਨਾਂ ਨੂੰ ਪ੍ਰਾਪਤੀ ਹੋਵੇ ਉਹਨਾਂ ਨੂੰ ਪਤਾ ਲੱਗਦਾ ਹੈ ਉਸ ਚੀਜ਼ ਦਾ। ਤਾਂ, ਭਾਈ ਹਰਮੀਤ ਸਿੰਘ ਜੀ ਨੇ ਸੱਚੇ ਪਾਤਸ਼ਾਹ ਦਾ ਅੰਗੂਠਾ ਫੜਿਆ ਹੋਇਆ ਹੈ ਹੱਥ ਵਿੱਚ। ਉਹ ਸਾਧੂ ਦੀ ਕਥਾ ਯਾਦ ਆਈ ਕਿ ਉਹ ਕਹਿੰਦਾ ਹੈ, ''ਮੈਂ ਅੰਗੂਠਾ ਆਪਣੇ ਗੁਰੂ ਦਾ ਫੜਿਆ ਹੈ ਹੱਥ 'ਚ ਔਰ ਮੂਰਤ ਗੁਰੂ ਦੀ ਮੇਰੇ ਹਿਰਦੇ ਵਿੱਚ ਵਸਦੀ ਹੈ।''

*ਕੋਇ ਨ ਡਰ ਮੁਹਿ ਸੁਣੌਂ ਸੰਸਾਰੀ।*

ਹੇ ਸੰਸਾਰੀ ਲੋਕੋ ਸੁਣੋਂ।

ਮਾਈਓ, ਜਿਹੜਾ ਤੁਹਾਡੇ ਉੱਤੇ ਸਤਿਗੁਰੂ ਰਾਮ ਸਿੰਘ ਨੇ ਉਪਕਾਰ ਕੀਤਾ ਹੈ, ਜੇ ਤੁਸੀਂ ਭੀ ਭੁੱਲੋਂ, ਤਾਂ ਫੇਰ ਬੜੀ ਬੁਰੀ ਚੀਜ਼ ਹੈ। ਕਿਸੇ ਨੇ ਮਾਈਆਂ ਨੂੰ ਬਰਾਬਰ ਥਾਂ ਨਹੀਂ ਦਿੱਤਾ। ਗੁਰੂ ਗੋਬਿੰਦ ਸਿੰਘ ਤਕ ਭੀ ਮਾਈਆਂ ਨੂੰ ਕਛਹਿਰੇ ਨਹੀਂ ਪੁਆਏ, ਅੰਮ੍ਰਿਤ ਨਹੀਂ ਛਕਾਇਆ—ਸਤਿਗੁਰੂ ਰਾਮ ਸਿੰਘ ਦੀ ਕਿਰਪਾ। ਮੈਂ ਇੱਕ ਦਿਨ ਗੁਜਰਾਂਵਾਲੇ ਗਿਆ, ਉਹ ਮਾਈ ਰਾਮ ਜੁਆਈ ਠਠਿਆਰੀ ਇੱਕ ਹੁੰਦੀ ਸੀ। ਉਹ ਬਿਮਾਰ ਹੋ ਗਈ। ਸਾਧ ਸੰਗਤ ਦੀ ਸੇਵਾ ਕਰਦੀ ਸੀ। ਮੈਂ ਗਿਆ ਮਿਲਣ ਵਾਸਤੇ। ਸੱਦਿਆ ਤੇ ਉਤਰ ਕੇ ਕੋਠੇ ਤੋਂ ਆ ਗਈ। ਆਂਹਦੀ ਹੈ,''ਮੈਨੂੰ ਹੁਣ ਸੰਸਾ ਨਹੀਂ ਕਿਸੇ ਚੀਜ਼ ਦਾ ਰਹਿ ਗਿਆ, ਸਰੀਰ ਮੇਰਾ ਜਦੋਂ ਮਰਜ਼ੀ ਹੈ ਚਲ ਜਾਏ।''

ਜਿਹੜੇ ਲੋਕ ਅਠਾਸੀ ਅਠਾਸੀ ਹਜ਼ਾਰ ਵਰ੍ਹਾ ਤਪ ਕਰਦੇ ਸੀ, ਉਹ ਭੀ ਇਹ ਚੀਜ਼ਾਂ ਨਹੀਂ ਲੈ ਸਕੇ। ਸਤਿਗੁਰੂ ਰਾਮ ਸਿੰਘ ਦੀ ਕਿਰਪਾ ਨਾਲ ਉਹਨਾਂ ਦਾ ਜੰਮਣ ਮਰਨਾਂ ਉਹਨਾਂ ਨੇ ਚੁੱਕ ਦਿੱਤਾ। ਜਿਨ੍ਹਾਂ ਉੱਤੇ ਕਿਰਪਾ ਕੀਤੀ ਉਹ ਮਾਈ ਕੇਸਰੋ ਉਹਦਾ ਨਾਓਂ ਸੀ। ਕੇਸਰ ਦੇਈ ਉਹਦਾ ਨਾਂ ਸੀ ਤੇ ਅਸੀਂ ਮਾਈ ਘਿਓ ਵਾਲੀ ਨਾਓਂ ਰੱਖਿਆ ਸੀ—ਜਦੋਂ ਜਾਂਦੇ ਸੀ ਗੁਜਰਾਂਵਾਲੇ ਘਿਓ ਦੀ ਗੜਵੀ ਲੈ ਕੇ ਆਉਂਦੀ ਸੀ, ਘਰਜਾਖ ਰਹਿੰਦੇ ਸਨ। ਸੰਤਾਂ ਚਵਿੰਡੇ ਵਾਲਿਆਂ ਉਹਨਾਂ ਤੇ ਕਿਰਪਾ ਕਰੀ। ਸਰੀਰ ਚਲਣ ਵਾਲਾ, ਮੈਂ ਗਿਆ, ਕਹਿਣ ਲੱਗੀ,''ਬਸ ਮੈਨੂੰ ਕਿਸੇ ਗੱਲ ਦਾ ਫਿਕਰ ਨਹੀਂ, ਮੈਨੂੰ ਕੋਈ ਲੋੜ ਨਹੀਂ, ਮੇਰੀ ਕੋਈ ਇੱਛਾ ਨਹੀਂ, ਕੁਝ ਨਹੀਂ ਰਹਿ ਗਿਆ, ਬਸ ਮੇਰਾ ਕੰਮ ਨਿੱਬੜ ਗਿਆ ਹੈ।''

ਇਹ ਸਤਿਗੁਰੂ ਰਾਮ ਸਿੰਘ ਦਾ ਪਰਤਾਪ ਹੈ। ਉਸ ਦੇ ਗੁਣ ਕਿਹੜੇ ਕਿਹੜੇ ਅਸੀਂ ਦੱਸੀਏ, ਕਿਹੜੀ ਕਿਹੜੀ ਗੱਲ ਦੱਸੀਏ। ਤਾਂ ਉਹ ਕਹਿੰਦਾ ਹੈ ਸਾਧੂ,''ਮੈਨੂੰ ਫਿਕਰ ਕੋਈ ਨਹੀਂ ਰਿਹਾ।''

*ਰਾਮ ਰਾਮ ਕਹਿ ਦੀਏ ਪ੍ਰਾਨ।*

ਉਹਨੇ ਰਾਮ ਰਾਮ ਕਹਿ ਕੇ ਸੁਆਸ ਛੱਡ ਦਿੱਤੇ।

*ਗੁਰ ਪੁਰ ਪਹੁੰਚਾ ਬੈਠ ਬਿਬਾਨ।।੧੪।।*

ਗੁਰੂ ਦੀ ਪੁਰੀ ਚਲਾ ਗਿਆ ਬਿਬਾਨਾਂ 'ਚ ਚੜ੍ਹਕੇ। ਕਿਉਂਕਿ ਉਹ ਗੁਰੂ

ਦੀ ਪੁਰੀ ਹੀ ਜਾਂਦੇ ਹਨ, ਉਹ ਬਿਨਾਂ ਸਤਿਗੁਰਾਂ ਤੋਂ, ਉਹ ਕਹਿੰਦੇ ਨੇ,''ਸਾਨੂੰ ਲੋੜ ਨਹੀਂ ਮੁਕਤ ਦੀ, ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਇੱਕੋ ਗੱਲ ਦੀ ਲੋੜ ਹੈ ਕਿ ਤੇਰਾ ਦਰਸ਼ਨ ਹੋਵੇ, ਹੋਰ ਸਾਨੂੰ ਕੋਈ ਖਾਹਿਸ਼ ਨਹੀਂ।'' ਦਿਵਾਨ ਨੰਦ ਲਾਲ ਜੀ ਆਪਣੀਆਂ ਗਜ਼ਲਾਂ ਵਿੱਚ ਕਹਿੰਦੇ ਹਨ–

*ਮਾ ਬੰਦਾ-ਇ ਇਸ਼ਕੇਮ,*

ਮੈਂ ਹਾਂ ਪ੍ਰੇਮ ਦਾ ਬੰਦਾ ਗੁਰੂ ਗੋਬਿੰਦ ਸਿੰਘ ਦੇ ਦਾ।

*ਖ਼ੁਦਾ ਰਾ ਨ ਸ਼ਨਾਸੇਮ*[੧੪]*।*

ਮੈਂ ਨਹੀਂ ਜਾਣਦਾ ਕਉਣ ਖ਼ੁਦਾ ਹੁੰਦਾ ਹੈ।

*ਦੁਸ਼ਨਾਮ*[੧੫] *ਨ ਦਾਨੇਮ,*

ਮੈਨੂੰ ਕੋਈ ਫਿਕਰ ਨਹੀਂ, ਮੈਨੂੰ ਪਤਾ ਹੀ ਨਹੀਂ ਕਉਣ ਮੈਨੂੰ ਗਾਲ੍ਹਾਂ ਕੱਢਦਾ ਹੈ, ਬਈ, ਉਹ ਪਾਗਲ ਹੋ ਗਿਆ, ਓਏ ਬੇਵਕੂਫ ਹੋ ਗਿਆ, ਓਏ ਮੂਰਖ ਹੋ ਗਿਆ, ਓਏ ਘਰ ਉਜਾੜ ਦਿੱਤਾ।

*ਦੁਆ ਰਾ ਨ ਸ਼ਨਾਸੇਮ।*

ਮੈਨੂੰ ਏਸ ਗੱਲ ਦਾ ਭੀ ਕੋਈ ਪਤਾ ਨਹੀਂ ਬਈ, ਲੋਕ ਕਹਿਣ ਲੱਗੇ —ਇਹ ਬਹੁਤ ਚੰਗਾ ਹੈ, ਇਹਦੀ ਬੜੀ ਸਿਫਤ ਕਰੀਏ। ਨਾ ਮੈਨੂੰ ਦੁਆ ਦਾ ਪਤਾ ਹੈ, ਨਾ ਮੈਨੂੰ ਗਾਲ੍ਹਾਂ ਦਾ ਪਤਾ ਹੈ। ਫੇਰ–

*ਆਸ਼ੁਫਤਾ*[੧੬]*-ਇ ਆਨੇਮ,*

ਮੈਂ ਹਾਂ ਗੁਰੂ ਦਾ ਆਸ਼ਕ,

*ਕਿ ਆਸ਼ੁਫਤਾ-ਇ ਮਾਸੂ।*

ਉਹ ਮੇਰਾ ਮਾਸ਼ੂਕ ਹੈ।

*ਮਾ ਸ਼ਾਹ ਨ ਦਾਨੇਮ,*

ਮੈਨੂੰ ਕਿਸੇ ਬਾਦਸ਼ਾਹੀ ਦਾ ਨਹੀਂ ਪਤਾ, ਕਿਸੇ ਬਾਦਸ਼ਾਹ ਦਾ ਨਹੀਂ ਪਤਾ।

*ਗਦਾ ਰਾ ਨ ਸ਼ਨਾਸੇਮ।*

*– ਗਜ਼ਲ-੫੮*

ਮੈਨੂੰ ਕਿਸੇ ਗਰੀਬੀ ਦਾ ਨਹੀਂ ਪਤਾ, ਕਿਉਂਕਿ ਲੋੜ ਹੀ ਕਿਸੇ ਗੱਲ

ਦੀ ਨਹੀਂ ਰਹਿ ਜਾਂਦੀ। ਉੱਥੇ ਖਾਹਿਸ਼ ਜਿਹਨਾਂ ਦੀ ਲੱਗ ਗਈ, ਜਿਹਨਾਂ ਨੂੰ ਉਹ ਪਿਆਰ ਮਿਲ ਗਿਆ, ਜਿਹਨਾਂ ਨੂੰ ਉਹ ਚੀਜ਼ ਲੱਭ ਗਈ, ਉਹਨਾਂ ਨੂੰ ਦੁਨੀਆ ਦੇ ਪਦਾਰਥ—ਉਹ ਕਹਿੰਦੇ ਨੇ–

**ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀਂ ਸੇਤੀ ਜਾਲਿ[੧੭]।।**
**ਏਨੀ ਜਲੀਈ[੧੮] ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ।।**

*– ਮ:੨, ਪੰਨਾ–੧੨੯੦*

ਇੱਕ ਜਗ੍ਹਾ ਮਹਾਰਾਜ ਕਹਿੰਦੇ ਨੇ–

**ਲੋਕਨ ਕੀਆ ਵਡਿਆਈਆ ਬੈਸੰਤਰਿ[੧੯] ਪਾਗਉ[੨੦]।।**
**ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ[੨੧]।।**

*– ਬਿਲਾਵਲ ਮ:੫, ਪੰਨਾ–੮੦੮*

ਉਹਨਾਂ ਨੂੰ ਓਸੇ ਗੱਲ ਦੀ ਖਾਹਿਸ਼ ਹੈ। ਜੇ ਇਹ ਖਾਹਿਸ਼ ਨਾ ਹੁੰਦੀ, ਦੁਨੀਆਂਦਾਰੀ 'ਚ ਪੈ ਕੇ—ਉਹ ਮਿਰਜ਼ਾ ਇਜ਼ਤ ਬੇਗ ਕਿਉਂ ਮਹੀਆਂ ਚਾਰਦਾ ਘੁਮਿਆਰਾਂ ਦੀਆਂ। ਉਹਨੂੰ ਕੀ ਲੋੜ ਸੀ। ਬੁਲ੍ਹੇ ਸ਼ਾਹ ਕਹਿੰਦਾ ਹੈ–

*ਬੁਲਿਆ ਜੇ ਤੂੰ ਲੋੜੇਂ ਬਾਗ ਬਹਾਰਾਂ*
*ਚਾਕਰ ਥੀ ਹੋ ਅਰਾਈ ਦਾ।*

ਅਰਾਈ ਦੇ ਪੈਰੀਂ ਡਿੱਗ ਪਿਆ, ਵਿਸ਼ਵਾਸ਼ ਤੇ ਪਿਆ, ਉਹਨੂੰ ਅਰਾਈ ਨਹੀਂ ਸੀ ਦੀਂਹਦਾ। ਲੋਕ ਜਾਤਾਂ ਪਰਖਦੇ ਹਨ, ਲੋਕਾਂ ਨੂੰ ਇਹ ਸਮਝ ਨਹੀਂ ਆਉਂਦੀ। ਉੱਥੇ ਜਾ ਕੇ ਉਹ ਜਿਹੜੀ ਚੀਜ਼ ਹੈ, ਜਿੱਥੇ ਉਹ ਪਰਗਟ ਹੁੰਦੀ ਹੈ–

**ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ।।**
**ਬ੍ਰਹਮ ਕੇ ਬੇਤੇ[੨੨] ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।।**

ਹਉਮੈ ਦੀ ਜਾਤ ਸਭ ਗਵਾਚ ਗਈ ਉਹਨਾਂ ਦੀ।

**ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ।।**

*– ਸਿਰੀ ਰਾਗ ਮ:੩, ਪੰਨਾ–੬੭*

ਭਾਈ ਗੁਰਦਾਸ ਜੀ ਕਹਿੰਦੇ ਨੇ–

*ਅਸੁਰ ਭਭੀਖਣ ਭਗਤ ਹੈ,*

ਦੈਂਤ ਕੁਲ ਵਿੱਚ ਵਿਭੀਸ਼ਨ ਭਗਤ ਹੋ ਗਿਆ–

**ਬਿਦਰ ਦਾਸੀ ਸੁਤੁ[੨੩] ਛੋਕ[੨੪] ਛੋਹਰਾ**
**ਕ੍ਰਿਸਨੁ ਅੰਕਿ ਗਲਿ ਲਾਵੈਗੋ।।**

*– ਕਾਨੜਾ ਮ:੪, ਪੰਨਾ–੧੩੦੯*

ਜਿਹੜਾ ਛੇਕਿਆ ਹੋਇਆ, ਬਾਹਰ ਜਿਹਦਾ ਡੇਰਾ ਲਵਾਇਆ ਹੋਇਆ ਸੀ, ਕ੍ਰਿਸ਼ਨ ਜੀ ਨੇ ਉਹਨੂੰ ਗਲ ਨਾਲ ਲਾਇਆ। ਉਹਨਾਂ ਨੇ ਆਖਿਆ ਨ ਕ੍ਰਿਸ਼ਨ ਮਹਾਰਾਜ ਨੇ–

*ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ[੨੫] ਦੁਖਾ।*
*ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ[੨੬]।*
*ਗੋਬਿੰਦ ਭਾਉ ਭਗਤਿ ਦਾ ਭੁਖਾ।*

*– ਵਾਰ ੧੦, ਪਉੜੀ–੭*

ਕਬੀਰ ਜੀ ਕਹਿੰਦੇ ਨੇ–

**ਕਬੀਰ ਕੋ ਠਾਕੁਰੁ ਅਨਦ ਬਿਨੋਦੀ[੨੭]**
**ਜਾਤਿ ਨ ਕਾਹੂ ਕੀ ਮਾਨੀ।।**

*– ਮਾਰੂ ਕਬੀਰ ਜੀ, ਪੰਨਾ–੧੧੦੫*

ਉੱਥੇ ਕਿਸੇ ਦੀ ਮੰਨੀ ਨਹੀਂ ਜਾਂਦੀ। ਉੱਥੇ ਜਾਤ ਭੀ ਕਿਸੇ ਦੀ ਨਹੀਂ ਮੰਨੀ ਬਈ, ਵੱਡੀ ਜਾਤ ਹੈ। ਤਾਂ ਜਿਹੜੇ ਨੇ ਪ੍ਰੇਮੀ, ਉਹਨਾਂ ਨੇ ਹੋਰ ਕੁਛ ਨਹੀਂ ਲੱਭਿਆ, ਉਹਨਾਂ ਨੇ ਇੱਕੋ ਚੀਜ਼ ਭਾਲੀ ਹੈ—ਪ੍ਰੇਮ, ਮੈਂ ਤੇ ਮੇਰਾ ਸਤਿਗੁਰੂ।

**ਸਤਿਗੁਰ ਦਰਸਨਿ ਅਗਨਿ[੨੮] ਨਿਵਾਰੀ[੨੯]।।**
**ਸਤਿਗੁਰ ਭੇਟਤ[੩੦] ਹਉਮੈ ਮਾਰੀ।।**

*– ਗਉੜੀ ਮ:੫, ਪੰਨਾ–੧੮੩*

ਸਤਿਗੁਰੂ ਦੇ ਚਰਨਾਂ ਨਾਲ ਜੁੜੇ। ਤਾਂ ਉਹ ਭਾਈ ਹਰਮੀਤ ਸਿੰਘ ਜੀ ਨੂੰ ਉਹ ਕਥਾ ਯਾਦ ਆਈ ਹੈ, ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨ ਦਾ ਅੰਗੂਠਾ ਫੜਿਆ ਬੈਠਾ ਹੈ।

*ਮੈਂ ਭੀ ਤਿਉ ਅੰਗੂਠਾ ਪ੍ਰਭ ਕਾ।*

ਕਹਿੰਦਾ ਹੈ—ਮੈਂ ਭੀ ਏਸੇ ਤਰ੍ਹਾਂ ਹੀ ਅੰਗੂਠਾ ਫੜਿਆ ਹੋਇਆ ਹੈ।

*ਲੀਆ ਹਾਥ ਜੇ ਵਾਲੀ ਸਭ ਕਾ।।੧੫।।*

ਮੈਂ ਉਹਦਾ ਅੰਗੂਠਾ ਫੜਿਆ ਹੈ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਹੈ।

*ਬੋਹਿਥ ਮਿਲਾ ਤਰੋ ਭਵ ਬਾਰੀ।*

ਮੈਨੂੰ ਇਹ ਸੰਸਾਰ ਸਮੁੰਦਰ ਤੋਂ ਤਰਨ ਦੇ ਵਾਸਤੇ ਜਹਾਜ਼ ਲੱਭ ਗਿਆ ਹੈ।

*ਜਬ ਮਨ ਮੈਂ ਏਤੀ ਵਿਚਾਰੀ।*

ਜਦੋਂ ਏਨੀ ਮਨ ਵਿੱਚ ਗੱਲ ਆਈ।

*ਗੁਰੂ ਰਾਮ ਸਿੰਘ ਜਾਨੀ ਜਾਣ।*

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ,

*ਬਪੁ ਭਗਤੀ ਧਾਰਾ ਭਗਵਾਨ।।੧੬।।*

ਭਗਤੀ ਰੂਪ ਸਰੀਰ ਧਾਰਿਆ ਹੈ, ਭਗਤਾਂ ਵਾਸਤੇ ਹੀ ਬਪੁ ਧਾਰਿਆ ਹੈ।

*ਬੋਲੇ ਪ੍ਰਭੁ ਲਖ ਤਾ ਕੇ ਚਿਤ ਕੀ।*

ਉਹਦੇ ਚਿਤ ਦੀ ਜਾਣਕੇ, ਸਤਿਗੁਰੂ ਕਹਿੰਦੇ ਹਨ,

*ਬਾਣੀ ਮੋਹਿਤ ਮਨ ਜਨ ਹਿਤ ਕੀ।*

ਕਹਿੰਦਾ ਹੈ ਭਾਈ ਹਰਮੀਤ ਸਿੰਘ, ਜਿਹੜੀ ਮੇਰੇ ਮਨ ਨੂੰ ਮੋਹਨ ਵਾਲੀ ਬਾਣੀ, ਮੇਰੇ ਮਨ ਨੂੰ ਹਿਤ ਦੇਣ ਵਾਲੀ ਬਾਣੀ, ਜਾਂ ਜਿਹੜੀ ਮੋਹਿਤ ਕਰਨ ਵਾਲੀ ਬਾਣੀ, ਜਨਾਂ ਦੇ ਹਿਤ ਵਾਲੀ ਬਾਣੀ।

*ਕਿਆ ਸੋਚੋ ਹਰਮੀਤ ਸਿੰਘ ਭਾਈ।*

ਭਾਈ ਹਰਮੀਤ ਸਿਹਾਂ ਕੀ ਸੋਚ ਰਿਹਾ ਹੈਂ ?

*ਚਰਨ ਅੰਗੂਠਾ ਫੜ ਗੁਰ ਠਾਈ।।੧੭।।*

ਸਤਿਗੁਰੂ ਦੇ ਚਰਨ ਦਾ ਅੰਗੂਠਾ ਫੜ ਕੇ,

*ਤਰ ਜਈਏ ਭਵ ਜਲ ਦੁਖ ਦਾਈ।।*

ਸੰਸਾਰ ਸਮੁੰਦਰ ਤਰ ਜਾਈ ਦਾ ਹੈ।

*ਤੇਰੇ ਮਨ ਮੇਂ ਕੀ ਇਹ ਆਈ।*

ਕੀ ਭਾਈ ਤੇਰੇ ਮਨ ਵਿੱਚ ਇਹ ਗੱਲ ਆਈ ਹੈ।

*ਕੈਸੇ ਸਾਧ ਤਿਆਗੀ ਦੇਹ।*

ਕਿਸ ਤਰ੍ਹਾਂ ਸਾਧੂ ਨੇ ਦੇਹ ਛੱਡੀ, ਤੇਰੇ ਚਿਤ ਵਿੱਚ ਇਹ ਕਿਸ ਤਰ੍ਹਾਂ ਖਿਆਲ ਪੈਦਾ ਹੋਇਆ।

*ਸਾਚੀ ਹੈ ਜਿਨ ਨਿਸਚਾ ਏਹ।।੧੮।।*

ਭਾਈ ਹਰਮੀਤ ਸਿਹਾਂ ਇਹ ਗੱਲ ਸੱਚੀ ਹੈ। ਜਿਹਨਾਂ ਨੇ ਸਤਿਗੁਰੂ ਦੇ ਚਰਨ–

**ਸਤਿਗੁਰੂ ਚਰਨ ਜਿਨ੍ ਪਰਸਿਆ**
**ਸੇ ਪਸੁ ਪਰੇਤ ਸੁਰਿ ਨਰ ਭਇਆ।।**

*– ਪੰਨਾ–੧੩੯੯*

ਭਾਈ ਇਹ ਗੱਲ ਸੱਚੀ ਹੈ।

*ਗੁਰ ਪਗ ਸਰਧਾ ਜਾਂਕੋ ਹੋਵੇ।*

ਨਾਮਦੇਵ ਜੀ ਕਹਿੰਦੇ ਹਨ–

**ਦੇਵਾ[੩੧] ਪਾਹਨ[੩੨] ਤਾਰੀਅਲੇ।।**

ਹੇ ਦੇਵ, ਪੱਥਰ ਤਾਰ ਦਿੱਤੇ।

**ਰਾਮ ਕਹਤ ਜਨ[੩੩] ਕਸ[੩੪] ਨ ਤਰੇ।।**

ਜਿਹਦੇ ਨਾਲ ਲਗ ਕੇ ਪੱਥਰ ਤਰ ਗਏ।

**ਤਾਰੀਲੇ ਗਨਿਕਾ[੩੫] ਬਿਨੁ ਰੂਪ ਕੁਬਿਜਾ**
**ਬਿਆਧਿ[੩੬] ਅਜਾਮਲੁ ਤਾਰੀਅਲੇ।।**
**ਚਰਨ ਬਧਿਕ[੩੭] ਜਨ ਤੇਊ[੩੮] ਮੁਕਤਿ ਭਏ।।**
**ਹਉ ਬਲਿ ਬਲਿ ਜਿਨ ਰਾਮ ਕਹੇ।।**
**ਦਾਸੀ ਸੁਤ[੩੯] ਜਨੁ ਬਿਦਰੁ ਸੁਦਾਮਾ**
**ਉਗ੍ਰਸੈਨ ਕਉ ਰਾਜ ਦੀਏ।।**
**ਜਪ ਹੀਨ ਤਪ ਹੀਨ ਕੁਲ ਹੀਨ,**
**ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ[੪੦] ਤਰੇ।।**

*– ਗਾਉੜੀ ਨਾਮਦੇਵ ਜੀ, ਪੰਨਾ–੩੪੫*

– **ਮੇਰੋ ਬਾਪੁ ਮਾਧਉ ਤੂ ਧਨੁ**
**ਕੇਸੌ[੪੧] ਸਾਂਵਲੀਓ[੪੨] ਬੀਠੁਲਾਇ[੪੩]।।**
**ਕਰ ਧਰੇ[੪੪] ਚਕ੍ਰ ਬੈਕੁੰਠ ਤੇ ਆਏ**
**ਗਜ ਹਸਤੀ[੪੫] ਕੇ ਪ੍ਰਾਨ ਉਧਾਰੀਅਲੇ।।**
**ਦੁਹਸਾਸਨ ਕੀ ਸਭਾ ਦ੍ਰੋਪਤੀ**
**ਅੰਬਰ ਲੇਤ[੪੬] ਉਬਾਰੀਅਲੇ[੪੭]।।**
**ਗੋਤਮ ਨਾਰਿ ਅਹਿਲਿਆ ਤਾਰੀ**
**ਪਾਵਨ[੪੮] ਕੇਤਕ ਤਾਰੀਅਲੇ।।**

*– ਮਾਲੀ ਗਉੜੀ ਨਾਮ ਦੇਵ ਜੀ, ਪੰਨਾ-੯੮੮*

ਇਹਨਾਂ ਪੈਰਾਂ ਨੇ—ਕੇਤਕ ਤਾਰੀਅਲੇ—ਕਿੰਨੇਂ ਕੁ ਤਾਰੇ, ਕੋਈ ਗਿਣ ਸਕਦਾ ਹੈ ? ਭਾਵੇਂ ਇਹਦਾ ਅਰਥ ਕਈ ਤਰ੍ਹਾਂ ਗਿਆਨੀ ਕਰਦੇ ਹਨ। ਮੈਨੂੰ ਏਹੋ ਹੀ ਕੁਛ ਜਣਾਇਆ ਹੈ ਸਤਿਗੁਰਾਂ—ਪਾਵਨ ਕੇਤਕ ਤਾਰੀਅਲੇ—ਪਤਾ ਹੀ ਨਹੀਂ ਕਿੰਨੇਂ ਕੁ ਤਾਰੇ ਹਨ ਇਹਨਾਂ ਪੈਰਾਂ ਨੇ, ਜਿੱਥੇ ਜਿੱਥੇ ਲੱਗੇ, ਜਿਹਨਾਂ ਜਿਹਨਾਂ ਨੂੰ ਛੁਹੇ, ਜਿਹਨਾਂ ਜਿਹਨਾਂ ਨੂੰ ਇਹ ਮਿਲੇ। ਉਹ ਭਾਈ, ਸਤਿਗੁਰੂ ਦੇ ਚਰਨ ਐਸੀ ਚੀਜ਼ ਹਨ ਭਾਈ ਹਰਮੀਤ ਸਿੰਘ।

*ਗੁਰ ਪਗ ਸਰਧਾ ਜਾ ਕੋ ਹੋਵੇ।*

ਸਤਿਗੁਰੂ ਦੇ ਚਰਨਾਂ ਤੇ ਜਿਹਨੂੰ ਸਰਧਾ ਹੋਵੇ। ਦਿਵਾਨ ਜੀ ਐਵੇਂ ਨਹੀਂ ਕਹਿੰਦੇ–

*ਖ਼ਾਕਿ ਰਾਹਸ਼ ਤੂਤੀਯਾਇ ਚਸ਼ਮਿ ਮਾਸਤ।*

ਕਹਿੰਦੇ ਨੇ—ਉਹਨਾਂ ਦੇ ਰਾਹ ਦੀ ਧੂੜ ਜਿਹੜੀ ਹੈ, ਉਹ ਮੇਰੀਆਂ ਅੱਖਾਂ ਦਾ ਸੁਰਮਾ ਹੋਵੇ—ਕਿਉਂ ਕਹਿੰਦੇ ਨੇ–

*ਅਬਰੂ ਅਫ਼ਜਾਇ,*

ਹਰ ਇੱਕ ਦੀ ਉਹ ਇਜ਼ਤ ਵਧਾਉਂਦੀ ਹੈ—

*ਹਰ ਸ਼ਾਹੋ ਗਦਾ ਸਤ।*

*– ਜ਼ਿੰਦਗੀ ਨਾਮਾ-੨*

—ਭਾਵੇਂ ਸ਼ਾਹ ਹੋਵੇ, ਬਾਦਸ਼ਾਹ ਹੋਵੇ, ਭਾਵੇਂ ਕੰਗਾਲ ਹੋਵੇ। ਉਹ ਜਿਹਨੇ

ਭੀ ਨੇਤ੍ਰਾਂ ਨੂੰ ਉਹ ਧੂੜ ਲਾਈ–

**ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ।।**
**ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ।।**

*– ਧਨਾਸਰੀ ਨਾਮਦੇਵ ਜੀ, ਪੰਨਾ–੬੯੪*

ਜਿਹੜੇ ਸੁਰਿ–ਦੇਵਤੇ, ਨਰ–ਮਨੁੱਖ, ਮੁਨਿ ਜਨ ਹਨ, ਉਹਨਾਂ ਨੂੰ ਭੀ ਨਹੀਂ ਮਿਲੀ, ਉਹਨਾਂ ਤੋਂ ਭੀ ਜਿਹੜੀ ਦੂਰ ਹੈ—ਉਹ ਮੈਨੂੰ ਧੂੜ ਮਿਲੀ ਹੈ।

*ਮੇਟੇ ਜਨਮ ਮਰਨ ਦੁਖ ਦੋਵੈ।*

ਜੰਮਣਾ, ਮਰਨਾਂ ਦੁੱਖ ਮਿਟ ਜਾਂਦਾ ਹੈ ਉਹਨਾਂ ਦਾ।

*ਗੁਰ ਪਦ ਪੂਰਨ ਕੇ ਰਸ ਚਾਖੇ।*

ਜਿਹੜਾ ਸਤਿਗੁਰ ਪੂਰੇ ਦੇ ਚਰਨਾਂ ਦੇ ਰਸ ਨੂੰ ਚੱਖਦਾ ਹੈ।

*ਨਰਕ ਪੜੰਤੇ ਸੇਵਕ ਰਾਖੇ।।੧੯।।*

ਉਹ ਨਰਕ ਪੈਂਦਿਆਂ, ਆਪਣੇ ਸੇਵਕਾਂ ਨੂੰ ਭੀ ਰੱਖ ਲੈਂਦਾ ਹੈ।

*ਸੁਣ ਕਰ ਭਾਈ ਅਚਰਜ ਮਾਨੀ।*

ਭਾਈ ਨੇ ਸੁਣ ਕੇ ਅਸਚਰਜ ਮੰਨਿਆ।

*ਅੰਤਰਜਾਮੀ ਗੁਰ ਗੁਣ ਖਾਨੀ।*

ਕਹਿੰਦਾ ਹੈ—ਸਤਿਗੁਰੂ ਅੰਤਰਜਾਮੀ ਹੈ, ਸਤਿਗੁਰੂ ਦੇ ਕੁੱਤਿਆਂ ਨੂੰ ਅੰਤਰ ਜਾਮਤਾ ਹੈ। ਭਾਈ ਦਇਆ ਸਿੰਘ ਜੀ ਔਰੰਗਾਬਾਦ ਗਏ। ਜਿਸ ਵੇਲੇ ਔਰੰਗਜ਼ੇਬ ਕੋਲ ਜਾ ਕੇ, ਮਿਲ ਕੇ ਫਤਹਿ ਬੁਲਾਈ। ਤਾਂ ਉਹ ਕਹਿੰਦਾ,''ਖ਼ਾਲਸਾ ਹੂਆ।''

ਉਹਨਾਂ ਕਿਹਾ,''ਹੂਆ।''

ਕਹਿੰਦਾ,''ਕੋਈ ਕਰਾਮਾਤ ?''

ਭਾਈ ਸਾਹਿਬ ਕਹਿੰਦੇ,''ਗੁਰੂ ਦੇ ਕੁੱਤਿਆ 'ਚ ਕਰਾਮਾਤ।''

ਉਹਨੇ ਆਖਿਆ,''ਮੈਂ ਕਿਸ ਤਰ੍ਹਾਂ ਮੰਨਾਂ ?''

ਕਹਿਣ ਲੱਗੇ,''ਕੱਲ ਸਹੀ।''

ਭਾਈ ਦਇਆ ਸਿੰਘ ਜੀ, ਕੁੱਤੇ ਨੂੰ ਨਾਲ ਲੈ ਗਏ ਤਾਜੀ ਨੂੰ ਇੱਕ ਨੂੰ। ਕਹਿੰਦੇ,''ਪੁੱਛ ਜੋ ਕੁਛ ਪੁੱਛਣਾ ਹੈ।'' ਉਹ ਪਹਿਲਾਂ ਰੋਇਆ—ਕੁੱਤਾ।

ਉਹਨੇ (ਔਰੰਗਜ਼ੇਬ) ਆਖਿਆ,''ਕਿਉਂ ?''

ਉਹਨੇ (ਕੁੱਤੇ) ਨੇ ਆਖਿਆ ਔਰੰਗਜ਼ੇਬ ਨੂੰ,''ਤੂੰ ਭੀ ਸਾਡੇ ਵਿੱਚੋਂ ਹੈਂ, ਮੈਂ ਤੇਰਾ ਚਾਚਾ ਲਗਦਾ ਹਾਂ। ਤੂੰ ਇਹ ਸਤਿਗੁਰਾਂ ਨਾਲ ਜਿਦ ਕਰਦਾ ਹੈਂ।''

ਤਾਂ ਸਤਿਗੁਰੂ ਦੇ ਤਾਂ ਕੁੱਤਿਆਂ 'ਚ ਕਰਾਮਾਤ ਹੈ। ਇੱਕ ਥਾਂ ਨਹੀਂ, ਗੁਰੂ ਹਰਿ ਗੋਬਿੰਦ ਸਾਹਿਬ ਨੂੰ ਜਿਸ ਵੇਲੇ ਜ਼ਹਿਰ ਦੇਣ ਲਗਿਆ ਬ੍ਰਾਹਮਣ, ਉਹ ਕੁੱਤੇ ਨੇ ਬੋਲ ਕੇ ਆਖਿਆ,''ਮਹਾਰਾਜ ਆਪਣੇ ਪੁੱਤਰ ਨੂੰ ਬਚਾਉਂਦੇ ਹੋ ਤੇ ਮੈਨੂੰ ਆਂਹਦੇ ਹੋ ਤੂੰ ਖਾ ਲੈ ਦਹੀਂ, ਹੁਣ।''

*ਅੰਤਰਜਾਮੀ ਗੁਰ ਗੁਣ ਖਾਨੀ।*

ਸਤਿਗੁਰੂ ਅੰਤਰਜਾਮੀ ਜੋ ਗੁਣਾਂ ਦੀ ਖਾਨ ਹਨ।

*ਮਨ ਚਿਤਵਨ ਕੇ ਜਾਨਣ ਹਾਰੇ।*

ਮਨ ਦੀਆਂ—ਇੱਕ ਥਾਂ ਦੀਆਂ ਨਹੀਂ, ਸਾਰੀ ਸ੍ਰਿਸ਼ਟੀ ਨੂੰ ਜਿਹੜਾ ਜਾਣਦਾ ਹੈ।

*ਪੂਰਨ ਸਰਬੱਗਯ ਰਹਿਤ ਨਿਆਰੇ।।੨੦।।*

ਉਹ ਸਤਿਗੁਰੂ ਪੂਰਨ ਹੈ, ਸਰਬ ਕਾ ਗਿਆਤਾ ਹੈ, ਪਰ ਰਹਿੰਦਾ—ਫੇਰ ਨਿਆਰਾ ਹੈ। ਜਿਸ ਤਰ੍ਹਾਂ ਮੁਰਗਾਈ ਪਾਣੀ ਵਿੱਚ ਹੁੰਦੀ ਨੂੰ ਪਾਣੀ ਨਹੀਂ ਛੁੰਹਦਾ, ਕੌਲ ਦੇ ਫੁੱਲ ਨੂੰ ਪਾਣੀ ਨਹੀਂ ਛੁੰਹਦਾ, ਰਹਿੰਦੇ ਹੋਇਆਂ ਵਿੱਚ ਭੀ ਨਿਆਰਾ ਹੈ। ਜਿਹਨਾਂ ਉੱਤੇ ਕਿਰਪਾ ਕਰਦਾ ਹੈ, ਸਿੱਖਾਂ ਉੱਤੇ ਭੀ-

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ,**
**ਕਮਲੁ ਰਹੈ ਵਿਚਿ ਪਾਣੀ ਹੇ।।**

*- ਮਾਰੂ ਮ:੪, ਪੰਨਾ-੧੦੭੦*

ਉਹਨਾਂ ਤੇ ਕਿਰਪਾ ਕਰਦਾ ਹੈ। ਉਹਨਾਂ ਨੂੰ ਦੁੱਖ ਤਾਂ ਹੀ ਨਹੀਂ ਹੁੰਦਾ। ਮੁੰਡਾ ਮਰ ਗਿਆ—ਤਾਂ ਨਹੀਂ; ਜੰਮ ਪਿਆ—ਖੁਸ਼ੀ ਨਹੀਂ; ਧਨ ਚਲਾ ਗਿਆ —ਦੁਖੀ ਨਹੀਂ; ਮਿਲ ਗਿਆ ਖੁਸ਼ੀ ਨਹੀਂ। ਉਹ ਕਹਿੰਦੇ—ਸਾਡਾ ਹੈ ਹੀ ਕੁਛ ਨਹੀਂ, ਸਾਰਾ ਸਤਿਗੁਰੂ ਦਾ ਹੀ ਹੈ। ਜੋ ਕੁਛ ਹੈ ਸਤਿਗੁਰੂ ਦਾ ਮੰਨਿਆ ਆਪਣੀ ਨਹੀਂ ਚੀਜ਼ ਮੰਨੀ—ਉਹਨਾਂ ਨੂੰ ਇਹ ਸੁਖ ਪ੍ਰਾਪਤ ਹੁੰਦਾ ਹੈ।

*ਆਵਰ ਮਾਇਕ ਤਿਸ ਕੋ ਪਾਯੋ।*
*ਚਰਨ ਕਵਲ ਪਰ ਨਹਿ ਲਪਟਾਯੋ।*
*ਅੰਤਰ ਉਸਤਤਿ ਕਰਤਾ ਰਹਾ।*

ਸਤਿਗੁਰਾਂ ਦੀ ਅੰਦਰੋਂ ਉਸਤਤ ਕਰਦਾ ਹੈ।

*ਬਾਹਰ ਮੁਖ ਸੇ ਕਿਛੂ ਨ ਕਹਾ।।੨੧।।*

ਬਾਹਰੋਂ ਨਹੀਂ ਕੁਛ ਆਖਿਆ।

*ਤਬ ਪ੍ਰਭ ਮੋਨ ਹੋਇ ਰਹੇ ਭਾਈ।*

ਸਤਿਗੁਰੂ ਜੀ ਫੇਰ ਮੋਨ ਹੋ ਗਏ, ਫੇਰ ਬਚਨ ਨਹੀਂ ਕੋਈ ਕੀਤਾ।

*ਲੀਲਾ ਅਚਰਜ ਲਖੀ ਨ ਜਾਈ।*
*ਸਕਤਿ ਬਿਅੰਤ ਅੰਤ ਨਹਿ ਆਵੈ।*
*ਕੀਰਤ ਜਸ ਜਾਂ ਕੋ ਜਗ ਗਾਵੈ।।੨੨।।*

ਸਤਿਗੁਰੂ ਦੀ ਲੀਲਾ ਅਚਰਜ ਹੈ, ਅਚਰਜ ਤੋਂ ਅਚਰਜ ਹੈ। ਹੁਣ ਐਥੇ ਹੀ ਭੋਗ ਪਾ ਦੇਈਏ। ਬਸ ਹੁਣ ਬੋਲਿਆ ਨਹੀਂ ਜਾਂਦਾ ਜ਼ਰਾ। ਸਾਧ ਸੰਗਤ ਕਿਰਪਾ ਕਰਕੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ, ਸਾਢੇ ਕੁ ਚਾਰ ਵਜੇ ਏਥੇ ਦਰਸ਼ਨ ਦੇਣੇਂ। ਫੇਰ ਓਦੂੰ ਬਾਅਦ ਜਿਹੜਾ ਸਮਾਂ ਹੋਵੇਗਾ, ਫੇਰ ਦੇਖੀ ਜਾਵੇਗੀ। ਰਾਤ ਨੂੰ ਪੰਡਤ ਜੀ (ਪੰਡਤ ਗੋਪਾਲ ਸਿੰਘ) ਕੁਛ ਨ ਕੁਛ ਕਰਨਗੇ ਹੀ ਜਿਹੜਾ ਮਾੜਾ ਮੋਟਾ ਇਹਨਾਂ ਤੋਂ ਹੋਇਆ।

ਹੁਣ ਨਿਤਨੇਮ, ਮੈਂ ਉਦਣ ਅਰਜ਼ ਕਰੀ ਸੀ, ਮੇਰੀ ਅਰਜ਼ ਅਜੇ ਸਾਧ ਸੰਗਤ ਨੇ ਪੂਰੀ ਤਰ੍ਹਾਂ ਮੰਨੀ ਨਹੀਂ। ਜਦੋਂ ਅਰਦਾਸਾ ਹੁੰਦਾ ਹੈ, ਤੁਰ ਬੜੇ ਜਾਂਦੇ ਨੇ ਫੇਰ, ਵਿੱਚੋਂ। ਇਹ ਹੁਣ ਮੈਂ ਫੇਰ ਅਰਜ਼ ਕਰਦਾ ਹਾਂ ਬਈ–

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।।**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।।**

*– ਪੰਨਾ–੧੩੭੭*

ਸਾਧ ਸੰਗਤ ਦਾ ਨਾਮ ਜਪਣ ਦਾ ਜਿਹੜਾ ਵੇਲਾ ਹੈ, ਇਹਨੂੰ ਤੁਸੀਂ ਨਾ ਗਵਾਇਆ ਕਰੋ। ਇਹੋ ਹੀ ਇੱਕ ਵਕਤ ਹੈ। ਲਿਖਿਆ ਹੈ ਜਨਮ ਸਾਖੀ 'ਚ, ਇੱਕ ਥਾਂ ਗੁਰੂ ਨਾਨਕ ਦੇਵ ਜੀ ਗਏ, ਉੱਥੇ ਅਰਦਾਸ ਹੋਣ ਵੇਲੇ

ਜਿਹੜੇ ਕੁਛ ਸਰੀਰ ਤੁਰ ਜਾਂਦੇ ਸੀ ਨ ਕਿਤੇ ਪਹਿਲਾਂ, ਉੱਥੇ ਜਦੋਂ ਅਰਦਾਸ ਹੋਣ ਦਾ ਵੇਲਾ ਹੋਵੇ ਨ, ਤਾਂ ਉਹਨਾਂ ਨੂੰ ਬਾਹਰ ਕੱਢਿਆ ਜਾਵੇ। ਪੁੱਛਿਆ ? ਉਹਨਾਂ ਆਖਿਆ,''ਜੀ ਇਹ ਅਰਦਾਸ ਵੇਲੇ ਤੁਰ ਜਾਂਦੇ ਸਨ।'' ਭਾਈ ਜਿਹੜੇ ਨਾਮ ਜਪਣ ਵੇਲੇ ਤੁਰ ਜਾਣਗੇ ਉਹਨਾਂ ਨੂੰ ਮੈਂ ਕੀ ਆਖਾਂ ? ਕਿਰਪਾ ਕਰਿਆ ਕਰੋ, ਧਿਆਨ ਦਿਆ ਕਰੋ, ਸਮਾਂ ਕਲਜੁਗ ਦਾ ਹੈ। ਸਿਨੇਮਿਆਂ ਨੇ, ਤਮਾਸ਼ਿਆਂ ਨੇ, ਤੁਹਾਡੇ ਖਾਣ ਪੀਣ ਨੇ, ਤੁਹਾਡੀਆਂ ਵਰਦੀਆਂ ਬਦਲਣ ਨੇ, ਫੈਸ਼ਨਾਂ ਨੇ, ਤੁਹਾਨੂੰ ਨਹੀਂ ਪਾਰ ਲੰਘਾਉਣਾ। ਸਤਿਗੁਰੂ ਦਾ ਜਿਹਦਾ ਹੁਕਮ ਹੈ, ਉਹਦੇ ਹੁਕਮ 'ਚ ਜੇ ਚਲੋਗੇ ਫੇਰ ਤੁਹਾਨੂੰ ਦੋਏ ਲੋਕ ਖੁਸ਼ੀ ਹੋਵੇਗੀ, ਨਹੀਂ ਏਥੇ ਭੀ ਦੁੱਖ ਹੋ ਜਾਂਦਾ ਹੈ। ਇਹ ਮਾਇਆ ਤਾਂ ਛਾਂ ਹੈ, ਕਦੇ ਹੋਈ, ਕਦੇ ਨਾ ਹੋਈ। ਤੁਹਾਡੇ ਸਾਹਮਣੇ ਕਈ ਆਦਮੀ ਦਵਾਲੇ ਕੱਢਦੇ ਹਨ, ਕਈ ਥੋੜਿਆਂ ਪੈਸਿਆਂ ਵਾਲੇ ਬਹੁਤਿਆਂ ਵਾਲੇ ਬਣ ਜਾਂਦੇ ਹਨ। ਤੁਸੀਂ ਸਭ ਕੁਛ ਆਪਣੀ ਅੱਖੀਂ ਦੇਖਦੇ ਹੋ। ਕਿਸੇ ਦਾ ਨਾਂ ਲੈਣ ਦੀ ਲੋੜ ਤਾਂ ਹੋਵੇ ਜਿਹੜੀ ਚੀਜ਼ ਦੇਖਣ 'ਚ ਨਾ ਆਉਂਦੀ ਹੋਵੇ। ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ, ਸਿਦਕ ਦਾ ਦਾਨ ਬਖਸ਼ਣ, ਕਿਰਪਾ ਕਰਨ ਆਪਣੀ ਸਿੱਖੀ ਸਾਨੂੰ ਬਖਸ਼ਣ ਤਾਂ ਜੇ ਅਸੀਂ ਉਹਨਾਂ ਦੇ ਕਹਾਉਂਦੇ ਰਹੀਏ। ਪਟੇ ਵਾਲੇ ਕੁੱਤੇ ਨੂੰ ਕੋਈ ਜ਼ਹਿਰ ਨਹੀਂ ਦਿੰਦਾ। ਆਓ ਪੰਡਤ ਜੀ (ਪੰਡਤ ਗੋਪਾਲ ਸਿੰਘ) ਅਰਦਾਸ ਕਰੋ।

## ਸ਼ਬਦਾਰਥ

੧ ਹੱਥ।
੨ ਬਹੁਤੇ।
੩ ਵੱਢਣਾ।
੪ ਖਲੋਤੇ।
੫ ਛੋਟੇ।
੬ ਹਿਰਦਾ ਰੂਪੀ ਤਪਦਾ ਕੜਾਹਾ।
੭ ਅੱਧੀ ਕੌਡੀ ਦਾ।
੮ ਛੀਂਬਾ।
੯ ਲੱਖਾਂ ਦਾ।
੧੦ ਮੁੱਠੀ ਚਾਪੀ।
੧੧ ਅੰਦਾਜ਼ਾ ਲਾ ਕੇ।
੧੨ ਮੰਨਣ ਯੋਗ ਹੈ।
੧੩ ਕਾਰੀਗਰ।
੧੪ ਅਸੀਂ ਨਹੀਂ ਪਛਾਣਦੇ।
੧੫ ਗਾਲ੍ਹਾਂ, ਦੁਰਬਚਨ।
੧੬ ਮਤਵਾਲੇ, ਚਾਹਵਾਨ।
੧੭ ਅੱਗ ਵਿੱਚ।
੧੮ ਸੜੀਆਂ ਹੋਈਆਂ।
੧੯ ਅੱਗ ਵਿੱਚ।
੨੦ ਪਾਵੋ।
੨੧ ਕਰੋ।
੨੨ ਜਾਨਣ ਵਾਲੇ।
੨੩ ਨੌਕਰਾਣੀ ਦਾ ਪੁੱਤਰ।
੨੪ ਅਛੂਤ ਬਾਲਕ।
੨੫ ਦੁੱਖ।
੨੬ ਰਤਾ ਜਿੰਨਾ।
੨੭ ਕੌਤਕੀ।
੨੮ ਤ੍ਰਿਸ਼ਨਾ ਦੀ ਅੱਗ।
੨੯ ਦੂਰ ਕੀਤੀ ਹੈ।
੩੦ ਮਿਲਕੇ।
੩੧ ਪ੍ਰਮੇਸ਼ੂਰ ਰੂਪ ਰਾਮ ਚੰਦਰ ਜੀ।
੩੨ ਪੱਥਰ।
੩੩ ਦਾਸ।
੩੪ ਕਿਸ ਤਰ੍ਹਾਂ।
੩੫ ਵੇਸਵਾ।
੩੬ ਸ਼ਿਕਾਰੀ, ਫੰਧਕ ਜਿਸ ਨੇ ਚਤਰ ਭੁਜ ਪੰਛੀ ਫੜਿਆ ਸੀ।
੩੭ ਚਰਨਾਂ ਨੂੰ ਤੀਰ ਮਾਰਨ ਵਾਲਾ ਸ਼ਿਕਾਰੀ, ਜਿਸ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਪਦਮ ਲਿਸ਼ਕਦਾ ਵੇਖ ਕੇ ਹਰਨ ਦੀ ਅੱਖ ਦੇ ਭੁਲੇਖੇ ਤੀਰ ਮਾਰਿਆ ਸੀ।
੩੮ ਸੋਈ।
੩੯ ਗੋਲੀ ਦਾ ਪੁੱਤਰ ਬਿਦਰ।
੪੦ ਉਹ।
੪੧ ਕੇਸ਼ਵ।
੪੨ ਸਾਂਵਲੇ ਰੰਗ ਵਾਲੇ।
੪੩ ਹੇ ਭਗਤ।
੪੪ ਹੱਥ ਵਿੱਚ ਧਾਰ ਕੇ।
੪੫ ਐਰਾਵਤ ਹਾਥੀ।
੪੬ ਕਪੜੇ ਲਾਹੁੰਦੇ ਅਥਵਾ ਨੰਗੀ ਕਰਦੇ।
੪੭ ਪੱਤ ਰੱਖ ਲਈ।
੪੮ ਚਰਨਾਂ ਕਰਕੇ।

ਬੰਕੋਕ ੫-੨-੧੯੫੫

# ਬੰਕੋਕ ੬-੨-੧੯੫੫

## ਸਤਿਗੁਰ ਕੈਸੇ ਹਨ ?

*ਕਬਿਤ।।ਸੁਖਨ ਦਿਵੱਯਾ ਦੁਖ ਦੂਖਨ ਕਟੱਯਾ,*

ਸਤਿਗੁਰ ਕੈਸੇ ਹਨ—ਸੁਖਾਂ ਦੇ ਦੇਣ ਵਾਲੇ ਹਨ, ਦੁੱਖਾਂ ਨੂੰ ਭੀ ਕੱਟਣ ਵਾਲੇ ਹਨ, ਦੋਸ਼ਾਂ ਨੂੰ ਭੀ ਕੱਟਣ ਵਾਲੇ ਹਨ, ਜਿਹੜੇ ਅੰਦਰ ਨੂੰ, ਮਨ ਨੂੰ ਦੁੱਖ ਦੇਣ ਵਾਲੀਆਂ ਚੀਜ਼ਾਂ ਹਨ, ਉਹਨਾਂ ਦੂਸ਼ਣਾਂ ਨੂੰ ਭੀ ਦੂਰ ਕਰਦੇ ਹਨ।

*ਅਰ ਬੇਨ[੧] ਕੇ ਬਜੱਯਾ ਤੇ ਮੁਹੱਯਾ ਸਭ ਲੋਕ ਕੇ।*

ਕੈਸੇ ਹਨ ਉਹ ਬੇਨ ਬਜਾਉਣ ਵਾਲੇ—

**ਬੇਨੁ ਬਜਾਵੈ ਗੋਧਨੁ[੨] ਚਰੈ[੩]।।**

*– ਨਾਮਦੇਵ ਜੀ, ਪੰਨਾ-੯੮੮*

—ਬੰਸਰੀ ਦੇ ਬਜਾਉਣ ਵਾਲੇ, ਔਰ—

*ਮਹੱਯਾ ਸਭ ਲੋਕ ਕੇ,*

—ਸਾਰੀ ਸ੍ਰਿਸ਼ਟੀ ਨੂੰ ਮੋਹ ਲੈਣ ਵਾਲਾ, ਮੋਹਣ ਉਹਦਾ ਨਾਮ ਜੁ ਹੋਇਆ।

*ਦੂਤਨ ਦਲੱਯਾ ਘਟਿ ਘਟਿ ਕੇ ਰਮੱਯਾ,*

ਕੈਸੇ ਹਨ ਸਤਿਗੁਰੂ—ਦੂਤਾਂ ਨੂੰ ਦਲਣ ਵਾਲੇ, ਜਿਹੜੇ ਦੂਤੀ ਦੁਸ਼ਮਨੀ ਕਰਨ ਵਾਲਿਆਂ ਨੂੰ, ਬਾਹਰਲਿਆਂ ਨੂੰ ਵੀ, ਅੰਦਰਲੇ ਜਿਹੜੇ—

**ਪੰਚ ਦੂਤ ਮੁਹਹਿ[੪] ਸੰਸਾਰਾ।।**

*– ਮਾਝ ਮ:੩, ਪੰਨਾ-੧੧੩*

—ਇਹਨਾਂ ਨੂੰ ਵੀ ਸਤਿਗੁਰੂ ਦਲਨੇ ਵਾਲੇ ਹਨ।

*ਘਟਿ ਘਟਿ ਕੇ ਰਮੱਯਾ,*

ਘਟ ਘਟ ਵਿੱਚ ਰਮੇ ਹੋਏ ਹਨ ਜੋ।

*ਸੁਧ ਮਗ ਜੋ ਦਿਖੱਯਾ ਤੇ ਸਹੱਯਾ ਪਰਲੋਕ ਕੇ।*

ਸ੍ਰੇਸ਼ਟ ਰਸਤਾ ਦੱਸਣ ਵਾਲੇ ਹਨ। ਬੁਰੇ ਕਰਮਾਂ ਤੋਂ ਹਟਾ ਕੇ, ਸ੍ਰੇਸ਼ਟ ਰਸਤੇ ਲਾ ਕੇ ਪਰਲੋਕ ਵਿੱਚ ਸਹਾਇਤਾ ਕਰਦੇ ਹਨ। ਉਹਨਾਂ ਦੀ ਸਹਾਇਤਾ ਪਰਲੋਕ ਵਿੱਚ ਹੁੰਦੀ ਹੈ ਜਿਹੜੇ ਸਤਿਗੁਰਾਂ ਦੇ ਹੁਕਮ ਮੰਨ ਕੇ, ਸਤਿਗੁਰੂ ਦੇ ਹੁਕਮ ਦੇ ਅਨੁਸਾਰ ਏਥੇ ਬੁਰੇ ਕੰਮ ਛੱਡ ਕੇ, ਜੋ ਉਹਨਾਂ ਹੁਕਮ ਦਿੱਤੇ ਹਨ ਓਸ ਪਾਸੇ ਤੁਰਦੇ ਹਨ। ਉਹਨਾਂ ਦੀ ਪਰਲੋਕ ਵਿੱਚ ਸਹਾਇਤਾ ਸਤਿਗੁਰੂ ਕਰਦੇ ਹਨ।

*ਕਾਲ ਕੇ ਰਖੱਯਾ ਮਹਾਂ ਜਾਲ ਕੇ ਜਲੱਯਾ,*

ਕਾਲ ਤੋਂ ਰੱਖਿਆ ਕਰਨ ਵਾਲੇ ਹਨ, ਮਹਾਂ ਜਾਲ ਜੋ ਹੈ—ਮਾਇਆ ਦਾ ਜਾਲ, ਏਸ ਨੂੰ ਜਾਲ ਦਿੰਦੇ ਹਨ ਸਤਿਗੁਰੂ।

*ਚਾਰ ਵੱਥ ਕੇ ਦਿਵੱਯਾ ਤੇ ਹਨੱਯਾ ਦੀਨ ਸੋਕ[੫] ਕੇ।*

ਚਾਰ ਵਸਤੂਆਂ ਦੇ ਦੇਣ ਵਾਲੇ ਹਨ, ਧਰਮ ਵੀ, ਅਰਥ—ਧਨ ਵੀ, ਕਾਮਨਾਂ ਵੀ ਪੂਰੀਆਂ ਕਰਦੇ ਹਨ, ਮੋਖਸ਼ ਵੀ ਦਿੰਦੇ ਹਨ।

**ਧਰਮ ਅਰਥ[੬] ਅਰੁ ਕਾਮ[੭] ਮੋਖ[੮] ਦੇਤੇ[੯] ਨਹੀ ਬਾਰ[੧੦]।।**

*– ਬਿਲਾਵਲ ਮ:੫, ਪੰਨਾ–੮੧੬*

ਦੇਰ ਨਹੀਂ ਲਗਦੀ ਦੇਣ ਲਗਿਆਂ।

*ਮੋਹਨ ਘਨੱਯਾ ਰਸ ਰਾਸ ਕੇ ਮਚੱਯਾ,*

ਉਹ ਮੋਹਨ ਰੂਪ ਵੀ ਉਹਨਾਂ ਦਾ ਹੀ, ਕ੍ਰਿਸ਼ਨ ਵੀ ਉਹ ਹੀ, ਔਰ ਰਾਸ ਦੇ ਮਚਾਉਣ ਵਾਲੇ। ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

**ਜਬ ਆਈ ਹੈ ਕਾਤਕ ਕੀ ਰੁਤ ਸੀਤਲ[੧੧]**
**ਕਾਨ੍ਹ ਤਬੈ ਅਤਿ ਹੀ ਰਸੀਆ[੧੨]।।**
**ਸੰਗ ਗੋਪਨ[੧੩] ਖੇਲ ਬਿਚਾਰ ਕਰਯੋ**

**ਜੁ ਹੁਤੋ ਭਗਵਾਨ ਮਹਾ ਜਸੀਆ[੧੪]।।**
**ਅਪਵਿੱਤ੍ਰਨ[੧੫] ਲੋਗਨ ਕੇ ਜਿਹ ਕੇ**
**ਪਗ ਲਾਗਤ[੧੬] ਪਾਪ ਸਭੈ ਨਸੀਆ[੧੭]।।**

*- ਦਸਮ ਗ੍ਰੰਥ, ਪੰਨਾ-੩੧੦*

ਉਹ ਰਸ ਦੀ ਰਾਸ ਮਚਾਉਣ ਵਾਲੇ,
*ਗੋਪ ਇਛਕੇ ਪੁਜੱਯਾ ਜੱਸਾ ਸਿੰਘ ਜਯਾ ਮੋਖ ਦੇ।।੨੩।।*

ਜਿਹੜੇ ਗੋਪੀਆਂ ਦੀ ਇੱਛਾ ਪੂਰੀ ਕਰਨ ਵਾਲੇ। ਗੋਪੀਆਂ ਦੀ ਇੱਛਿਆ ਤਾਂ ਪੂਰੀ ਹੋ ਗਈ ਸੀ, ਬੜੀ ਤਕਲੀਫ ਝੱਲੀ, ਬੜਾ ਦੁੱਖ ਹੋਇਆ ਪਰ ਕੁਰਛੇਤਰ ਉੱਤੇ ਮਹਾਰਾਜ ਆਏ ਤਾਂ ਦਸਮ ਪਾਤਸ਼ਾਹ ਨੇ ਬਿਸ਼ਨ ਪਦ ਲਿਖਿਆ ਹੈ ਦਸਮ ਗ੍ਰੰਥ ਕਿਸ਼ਨਾ ਅਵਤਾਰ ਵਿੱਚ-

**ਸੁਨ ਪਾਈ ਬ੍ਰਿਜ ਬਾਲਾ[੧੮] ਮੋਹਨ[੧੯] ਆਏ ਹੈਂ ਕੁਰਖੇਤ।।**

*- ਦਸਮ ਗ੍ਰੰਥ, ਪੰਨਾ-੫੬੨*

ਉਹਨਾਂ ਨੂੰ ਕੁਰਛੇਤਰ ਦੇ ਦਰਸ਼ਨ ਨਾਲ ਗਰਜ਼ ਨਹੀਂ ਸੀ, ਉਹਨਾਂ ਨੂੰ ਏਸੇ ਨਾਲ ਗਰਜ਼ ਸੀ ਬਈ, ਕਿਤੇ ਉੱਥੇ ਦਰਸ਼ਨ ਹੋਵੇ। ਜਿਸ ਤਰ੍ਹਾਂ ਸੰਤ ਜਿਊਣ ਸਿੰਘ ਜੀ ਘਰੋਂ ਤੁਰੇ ਤਰਨ ਤਾਰਨ ਵੱਲ ਨੂੰ, ਰਸਤੇ ਵਿੱਚ ਜਾਂਦਿਆਂ ਜਦੋਂ ਨਹਿਰ ਦੇ ਕੰਢੇ ਉੱਤੇ ਪਹੁੰਚੇ, ਸਰਹਾਲੀਓਂ ਤਰਨ ਤਾਰਨ ਵਾਲੇ ਪਾਸੇ ਦੋ ਮੀਲ—ਤਰਨ ਤਾਰਨ ਤੋਂ ਦੋ ਢਾਈ ਮੀਲ ਤੇ ਨਹਿਰ ਹੈ—ਪਰ ਕਿਆ ਹੈ ਗੱਲ ? ਕਿਉਂ—ਸਾਡੇ ਵਾਲਾ ਹਾਲ ਨਹੀਂ ਸੀ। ਉਹਨਾਂ ਆਖਿਆ ਸੀ-

*ਢੋਲ ਢਮੱਕਾ ਸਰਵਰ ਦਾ,*
*ਕੋਈ ਅੰਨ ਦਾ ਕੋਈ ਧਨ ਦਾ,*
*ਕੋਈ ਪਹਾੜਾਂ ਵਾਲੀ ਰੰਨ ਦਾ*
*ਕੋਈ ਢੋਲ ਢਮੱਕਾ ਸਰਵਰ ਦਾ,*
*ਕੋਈ ਹਿਰਦਸ ਬਾਬੇ ਨਾਨਕ ਦਾ।*

ਹਿਰਸ ਬਾਬੇ ਨਾਨਕ ਦੀ ਵੀ ਮਾੜੀ ਮੋਟੀ, ਉਹ ਇੱਕੋ ਥਾਂ ਲੱਗੇ ਸਨ। ਉਹਨਾਂ ਨੇ ਕਿਹਾ ਸੀ—ਉਹਨਾਂ ਵਾਸਤੇ ਗੁਰੂ ਸਾਹਿਬ ਨੇ ਲਿਖਿਆ ਹੈ-

## ਤਿਨਾ ਝਾਕ ਨ ਹੋਰ

**ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ[੨੦]॥**

*– ਮ:੪, ਪੰਨਾ–੧੩੧੮*

ਜੇ ਕਿਸੇ ਦੂਏ ਵੱਲ ਝਾਕਦੀਆਂ ਹਨ ਤਾਂ ਮੇਰੀਆਂ ਅੱਖਾਂ ਕੱਢ ਦਿੱਤੀਆਂ ਜਾਣ। ਉਹਨਾਂ ਨੇ ਨਹੀਂ ਕੋਈ ਪਾਸਾ ਹੋਰ ਤੱਕਿਆ ਸੀ। ਬਾਬਾ ਸਾਹਿਬ ਸਿੰਘ ਜੀ ਇੱਕ ਲੋਹਗੜ੍ਹ ਪਿੰਡ ਵਿੱਚ ਰਹਿੰਦੇ ਸਨ, ਲੁਧਿਆਣੇ ਦੇ ਜ਼ਿਲ੍ਹੇ 'ਚ, ਜਨਮ ਭੰਮਾ ਬੱਧੀ ਦਾ ਸੀ। ਲੋਹਗੜ੍ਹ ਵਿੱਚ ਸੰਤ ਮਸਤੂਆਣੀਏ ਆਏ। ਦੀਵਾਨ ਲਾਉਂਦੇ ਰਹੇ, ਖਵਰੇ ਉਨੀ ਦਿਨ ਕੇ ਬਾਈ ਦਿਨ ਰਹੇ। (ਬਾਬਾ ਸਾਹਿਬ ਸਿੰਘ ਜੀ) ਕਹਿੰਦੇ–ਬਿਨਾਂ ਸਤਿਗੁਰੂ ਰਾਮ ਸਿੰਘ ਦੀ ਸਾਧ ਸੰਗਤ ਤੋਂ ਦੀਵਾਨ ਨਹੀਂ ਸੁਣਨ ਜਾਣਾ। ਹੋਰਨਾਂ ਦੀ ਤਾਂ ਕੀ ਗੱਲ ਕਰਨੀ ਹੈ। ਸਤਿਗੁਰਾਂ ਦੀ ਕਿਰਪਾ ਨਾਲ ਭਾਈ ਗੁਰਦਿੱਤ ਸਿੰਘ ਨਾਂ ਹੋਇਆ, ਪਹਿਲੇ ਦਿੱਤੂ ਉਹਦਾ ਨਾਂ ਸੀ। ਸੱਚੇ ਪਾਤਸ਼ਾਹ (ਸਤਿਗੁਰੂ ਰਾਮ ਸਿੰਘ ਜੀ) ਹਜ਼ਰੋਂ ਸਾਹਿਬ ਤੋਂ ਆ ਕੇ ਮੁਠੱਡੇ ਨਗਰ ਵਿੱਚ ਇੱਕ ਵਜੀਰਾ ਲੁਹਾਰ ਸੀ, ਸਭ ਤੋਂ ਪਹਿਲੇ ਓਹਦੇ ਉੱਤੇ ਕਿਰਪਾ ਕੀਤੀ, ਉਹਨੂੰ ਭਜਨ ਦੱਸਿਆ। ਫੇਰ ਦੂਈ ਵੇਰ ਇਹ ਦਿਆਲ ਸਿੰਘ ਹੁਰੀਂ ਸਨ, ਹੁੱਕੇ ਪੀਣ ਵਾਲੇ ਦਿਆਲ ਜੱਟ। ਕਹਿਣ ਲੱਗੇ–ਆਓ ਤੁਹਾਨੂੰ ਕੁਛ ਦੱਸੀਏ। ਵਜੀਰੇ ਨੇ ਉਹਨਾਂ ਨੂੰ ਆਖਿਆ,''ਬਈ, ਮੈਨੂੰ ਕੁਛ ਦੱਸ ਗਏ ਹਨ।'' ਮੁੜਕੇ ਸਤਿਗੁਰੂ ਆਏ ਤਾਂ ਉਹਨੂੰ ਦਿਆਲੇ ਨੂੰ ਆਖਿਆ,''ਐਸੇ ਤਰ੍ਹਾਂ ਹੀ ਲੀੜਿਆਂ ਸਣੇ ਵੜ ਜਾ ਛੱਪੜ ਵਿੱਚ।''

ਹੁਣ ਸਾਡੇ ਆਖੇ ਤੇ ਕੋਈ ਉਂਗਲ ਤੇ ਪਾਣੀ ਨਹੀਂ ਪਾਉਂਦਾ। ਉਹਨਾਂ ਦਾ ਪਰਤਾਪ ਹੀ ਐਸਾ ਸੀ, ਹੁੱਕਾ ਪੀਂਦੇ ਹੋਏ ਜੱਟ, ਛੱਡ ਕੇ ਹੁੱਕੇ ਛੱਪੜ ਵਿੱਚ ਵੜ ਗਏ। ਇਸ਼ਨਾਨ ਕਰ ਲਿਆ, ਭਜਨ ਦੱਸਿਆ। ਉਹ ਦਿਆਲ ਸਿੰਘ ਹੁਰੀਂ ਏਡੇ ਅਸਚਰਜ ਸਿੱਖ ਹੋਏ ਜਿਹਨਾਂ ਦੇ ਕਹਿਣ ਦੀ ਗੱਲ ਨਹੀਂ। ਉਥੋਂ ਤੁਰੇ, ਸੱਚੇ ਪਾਤਸ਼ਾਹ ਧੁਲੇਟੇ ਚਲੇ ਗਏ। ਉੱਥੇ ਜਾ ਕੇ ਦੋ ਤਿੰਨ ਸਿੰਘ ਸਜਾਏ। ਉੱਥੇ ਕਹਿਣ ਲੱਗੇ,''ਬਈ, ਐਥੇ ਕੋਈ ਮਰਾਸੀਆਂ ਦਾ ਮੁੰਡਾ ਵੀ

ਹੈ।'' ਪਤਾ ਕੀਤਾ। ਕਹਿਣ ਲੱਗੇ—ਜੀ, ਦੋ ਬੱਚੇ ਹਨ ਜਿਹੜੇ ਬੱਕਰੀਆਂ ਚਾਰਦੇ ਹਨ। ਬੱਕਰੀਆਂ ਚਾਰਦੇ ਨੂੰ ਸੱਦਿਆ ਬਾਹਰੋਂ ਭਾਈ ਦਿਤੂ ਨੂੰ। ਛੋਟਾ ਜਿਹਾ ਬੱਚਾ, ਸਤਿਗੁਰਾਂ ਦੇ ਪਾਸ ਆ ਗਿਆ। ਸਤਿਗੁਰੂ ਕਹਿੰਦੇ,''ਭਾਈ, ਸਾਨੂੰ ਤੇਰੇ ਨਾਲ ਕੁਛ ਕੰਮ ਹੈ। ਅੱਛਾ ਭਾਈ, ਕੋਈ ਸਬਦ ਭੀ ਯਾਦ ਹੈ।''

''ਜੀ ਨਹੀਂ।''

ਅਖੇ,''ਕੋਈ ?''

''ਹਾਂ ਜੀ ਇੱਕ ਤੁਕ ਯਾਦ ਹੈ।''

ਉਹ ਕੀ ਯਾਦ ਹੈ?

ਕਹਿੰਦਾ,''ਜਾ ਕੇ ਰਾਮ ਧਨੀ ਤਾ ਕਉ ਕਾਹੇ ਕੀ ਕਮੀ।''

ਸਤਿਗੁਰੂ ਕਹਿੰਦੇ,''ਹਾਂ ਭਾਈ, ਜਾ ਕੇ ਰਾਮ ਧਨੀ ਤਾ ਕਉ ਕਾਹੇ ਕੀ ਕਮੀ।''

ਗੱਲ ਇਹ ਸੀ, ਸਤਿਗੁਰਾਂ ਦਾ ਨਾਮ ਪਿਤਾ ਨੇ ਪਹਿਲੇ ਰਾਮ ਧਨ ਰੱਖਿਆ ਹੋਇਆ ਸੀ। ਉਹਦੇ ਮੂੰਹੋਂ ਓਹੋ ਹੀ ਸਬਦ ਨਿਕਲਿਆ। ਇਹਨੂੰ ਸਤਿਗੁਰੂ ਜਾਣਦੇ ਸਨ, ਹੋਰ ਨਹੀਂ ਸੀ ਕਿਸੇ ਨੂੰ ਪਤਾ। ਕਰ ਦਿੱਤੀ ਕਿਰਪਾ, ਅੰਮ੍ਰਿਤਸਰ ਭੇਜੇ ਕੁਛ ਚਿਰ ਵਾਸਤੇ ਕਿ ਜਾਓ ਕੁਛ ਸਿੱਖ ਕੇ ਆਓ। ਆਏ, ਸਤਿਗੁਰਾਂ ਦੇ ਨਾਲ ਲੱਗੇ। ਸਤਿਗੁਰ ਮਰਦਾਨਾ ਹੀ ਕਹਿੰਦੇ ਸੀ ਉਸਨੂੰ। ਜਾਂ ਮਰਦਾਨਾ ਆਪਣੀ ਖੁਸ਼ੀ ਨਾਲ ਜਲਿਆ ਹੈ ਗੁਰੂ ਨਾਨਕ ਵੇਲੇ, ਜਾਂ ਭਾਈ ਗੁਰਦਿਤ ਸਿੰਘ ਨੇ ਆਪਣਾ ਸਰੀਰ ਚੜ੍ਹਨ ਵੇਲੇ। ਫੇਰ ਨਾਲ ਲੈ ਕੇ ਤੁਰੇ ਗੰਗਾ ਨੂੰ। ਰਾਹ ਵਿੱਚ ਚੱਕਰ ਲੈ ਕੇ, ਪੱਤੇ ਅੰਬ ਦੇ ਪਾ ਕੇ ਇੱਕ ਲੋਹੇ ਦੇ ਬਾਟੇ 'ਚ ਉੱਤੇ ਬਾਣੀ ਪੜ੍ਹਨ ਲੱਗ ਪਏ। ਕਹਿਣ ਲੱਗੇ,''ਬਈ ਮਰਦਾਨਿਆ, ਇਹ ਹੁਣ ਸਿੱਟਣ ਵਾਲੀ ਚੀਜ਼ ਨਹੀਂ ਰਹੀ, ਆ ਤੈਨੂੰ ਰਾਗ ਪਿਆਈਏ।'' ਉਹ ਜਲ ਛਕਾਇਆ। ਮੈਂ ਉਹਨਾਂ ਦਾ ਦਰਸ਼ਨ ਕੀਤਾ ਹੈ ਚੰਗੀ ਤਰ੍ਹਾਂ। ਉਹ ਸਬਦ ਪੜ੍ਹਦੇ ਐਉਂ ਗੱਲ ਨਹੀਂ ਸਨ ਕਰਦੇ। ਐਥੇ ਮੂੰਹ ਰੱਖ ਕੇ ਸਿੱਧਾ, ਸਬਦ ਪੜ੍ਹਦੇ ਸੀ ਤੇ ਸੁਰ ਉਹਨਾਂ ਦੇ ਅਗਲੇ ਪੰਚਮ ਤੇ ਮਾਈਆਂ ਦੇ ਬਰਾਬਰ ਲਗਦਾ ਸੀ।

ਏਥੇ ਹੁੰਦਿਆਂ ਤਿੰਨ ਜੋੜੀਆਂ ਰਾਗੀਆਂ ਦੀਆਂ ਭਾਈ ਪ੍ਰੇਮ ਸਿੰਘ

ਕ੍ਰਿਪਾਲ ਸਿੰਘ ਹੁਰੀਂ, ਮਜ਼੍ਹਬੀ ਸਿੰਘ—ਇਹਨਾ ਨੂੰ ਹੁਕਮਨਾਮਾ ਲਿਖ ਦਿੱਤਾ ਮਾਲਵਾ ਦੇਸ ਬਖਸ਼ਿਆ; ਭਾਈ ਤਾਰਾ ਤੇ ਮਾਲੀ, ਅਟਾਰੀ ਦੇ ਰਹਿਣ ਵਾਲੇ —ਉਹਨਾਂ ਨੂੰ ਸਤਿਗੁਰਾਂ ਮਾਝੇ ਵਾਸਤੇ ਹੁਕਮਨਾਮਾ ਦਿੱਤਾ। ਓਦੋਂ ਅੰਮ੍ਰਿਤ ਨਹੀਂ ਅਜੇ ਛਕਾਇਆ ਹਾਲੇ ਕਿਸੇ ਨੂੰ। ਭਾਈ ਦਿਤੂ ਨੂੰ ਉਸ ਵੇਲੇ ਦੜਪ ਦਾ ਹੁਕਮਨਾਮਾ ਲਿਖ ਦਿੱਤਾ; ਇੱਕ ਢਾਡੀ ਨੂੰ ਹੁਕਮਨਾਮਾ ਲਿਖਿਆ ਸੰਤ ਸਿੰਘ ਹੁਰਾਂ ਨੂੰ—ਕਿ ਇੱਕ ਰੁਪੱਈਆ ਸੰਗਤ ਇਹਨਾਂ ਨੂੰ ਦੇਵੇ ਜਿੱਥੇ ਜਾਣ। ਉਹ ਭਾਈ ਹੁਰੀਂ—ਮੈਨੂੰ ਇੱਕ ਸਿੰਘ ਨੇ ਗੱਲ ਸੁਣਾਈ—ਦਾਤੇ ਵਾਲ ਗਏ ਭਾਈ ਦਿਤੂ ਹੁਰੀਂ, ਮੁੜ ਕੇ ਨਾਂ ਉਹਨਾਂ ਦਾ ਗੁਰਦਿਤ ਸਿੰਘ ਹੋ ਗਿਆ। ਸਤਿਗੁਰਾਂ ਹੁਕਮ ਭੇਜਿਆ ਰੰਗੂਨੋਂ—ਬਈ, ਅੰਮ੍ਰਿਤ ਛਕੋ, ਜਿਹੜਾ ਅੰਮ੍ਰਿਤ ਨਾ ਛਕੇ ਓਹਦਾ ਸਬਦ ਨਾ ਸੁਣਨਾਂ—ਰਬਾਬੀ ਦਾ।

ਗੁਰੂ ਹਰੀ ਸਿੰਘ ਜੀ ਨੇ ਹੁਕਮ ਦਿੱਤਾ। (ਭਾਈ ਦਿਤੂ) ਕਹਿਣ ਲੱਗੇ,''ਸੱਚਿਆ ਪਾਤਸ਼ਾਹ, ਜੇ ਅੰਮ੍ਰਿਤ ਛਕਾਉਣ ਲੱਗਿਆ ਹੈਂ ਤਾਂ ਲੱਜਿਆ ਭੀ ਤੂੰ ਹੀ ਰੱਖਣੀ ਹੈ, ਮੇਰਾ ਸਰੀਰ ਯਾ ਭੈਣੀ ਸਾਹਿਬ ਛੁੱਟੇ ਯਾ ਅੰਮ੍ਰਿਤਸਰ ਛੁੱਟੇ। ਜੇ ਇਹਨਾਂ ਮੁਸਲਿਆਂ 'ਚ ਮੈਂ ਮਰਿਆ ਤਾਂ ਇਹਨਾਂ ਨੇ ਮੇਰਾ ਸਸਕਾਰ ਨਹੀਂ ਕਰਨਾ।''

ਮੇਰੇ ਦੇਖਦਿਆਂ ਹੀ ਉਹਨਾਂ ਦਾ ਸਰੀਰ, ਗੁਰੂ ਹਰੀ ਸਿੰਘ ਜੀ ਦੇ ਦੌਰੇ ਨਾਲ, ਅੰਮ੍ਰਿਤਸਰ ਛੁੱਟਿਆ। ਸਾਧ ਸੰਗਤ ਨੇ ਬਿਬਾਨ ਬਣਾਇਆ, ਦੋ ਸੌ ਸਿੰਘ ਗਿਆ, ਜਿਹਨਾਂ ਨੇ ਸਸਕਾਰ ਕੀਤਾ। ਭਾਈ ਜੈ ਸਿੰਘ ਹੁਰੀਂ ਉਹਨਾਂ ਦੇ ਪੁੱਤਰ ਸੀ, ਭਾਈ ਮੋਨੀ ਜੀ ਉਹਨਾਂ ਨੂੰ ਕਹਿੰਦੇ ਸੀ, ਸਾਡੇ ਨਾਲ ਰਹੇ। ਭਾਈ ਗੁਰਦਿਤ ਸਿੰਘ ਹੁਰੀਂ ਦਾਤੇਵਾਲ ਗਏ, ਕੀਰਤਨ ਕਰਦੇ ਰਹੇ। ਕਿਸੇ ਨੇ ਆਖਿਆ—ਭਾਈ ਕੁਛ ਪੂਜਾ ? ਕਹਿਣ ਲੱਗੇ—ਸਤਿਗੁਰਾਂ ਸਾਡਾ ਰੁਪੱਈਆ ਰੋਜ਼ ਲਾਇਆ ਹੋਇਆ ਹੈ, ਉਹ ਸਾਡਾ ਕੋਈ ਨਹੀਂ ਲੈ ਸਕਦਾ। ਮਹੀਨੇ ਮਗਰੋਂ ਕੱਠੇ ਹੀ ਤੀਹ ਮਿਲ ਗਏ। ਉਹਨਾਂ ਦਿਨਾਂ 'ਚ ਇੱਕ ਰੁਪੱਈਆ ਹੀ ਬਹੁਤ ਬੜੀ ਚੀਜ਼ ਸੀ। ਕਿਆ ਉਹਨਾਂ ਦਾ ਸਬਰ ਸੰਤੋਖ ਸੀ ? ਭਾਈ ਖਜ਼ਾਨ ਸਿੰਘ ਹੁਰੀਂ, ਭਾਈ ਕ੍ਰਿਪਾਲ ਸਿੰਘ ਹੁਰੀਂ, ਭਾਈ ਗੁਰਦਿਤ ਸਿੰਘ ਹੁਰੀਂ—ਜਦੋਂ ਇਹਨਾਂ ਤਿੰਨਾਂ ਚੌਕੀਆਂ 'ਚ ਕਿਸੇ ਮੇਲੇ 'ਚ

ਕੱਠੇ ਹੋ ਜਾਣ—ਇਹ ਮੈਂ ਆਪਣੇ ਅਖੀਂ ਗੱਲ ਦੇਖੀ ਉਹਨਾਂ ਦੀ, ਉਹ ਦੂਜੇ ਚਾਰ ਭਾਵੇਂ ਗਏ ਹੋਣ, ਜੇ ਉਹਨਾਂ ਚੋਂ ਇੱਕ ਚਲਾ ਜਾਏ ਜਾਂ ਦੂਆ, ਤੇ ਫੇਰ ਜਦੋਂ ਮਾਇਆ ਵੰਡਣੀ ਮੇਲੇ ਦੀ ਅੱਧੀ ਉਹਨੂੰ ਦੇਣੀ ਨਾਲ ਦੇ ਨੂੰ। ਹਿੱਸਾ ਪੂਰੀ ਚੌਕੀ ਦਾ ਦੇਣਾ ਭਾਵੇਂ ਗੁਰਦਿੱਤ ਸਿੰਘ ਇਕੱਲਾ ਗਿਆ ਹੋਵੇ, ਭਾਵੇਂ ਕਿਰਪਾਲ ਸਿੰਘ ਇਕੱਲਾ ਆਇਆ ਹੋਵੇ। ਉਹਨਾਂ ਨੇ ਉਹ ਹਿਸਾਬ ਆਪਣਾ ਪੂਰਾ ਉਸ ਵੇਲੇ ਰੱਖਿਆ। ਮੈਂ ਇਹ ਗੱਲ ਉਹਨਾਂ ਦੀ ਦੇਖੀ। ਏਨਾ ਸਬਰ ਸੰਤੋਖ ਸੀ, ਬਈ ਜੇ ਇੱਕ ਆ ਗਿਆ ਨ, ਉਹਨੂੰ ਭੀ ਬਰਾਬਰ ਦਾ ਪੂਰਾ ਹਿੱਸਾ ਦੇਣਾ।

ਤਾਂ, ਮੈਂ ਗੱਲ ਕਰ ਰਿਹਾ ਸੀ—ਜੇ ਕਰ ਦੂਜਾ ਦੇਖਦੀਆਂ। ਤਾਂ, ਭਾਈ ਹੁਰਾਂ ਨੇ ਸਾਰੀ ਜ਼ਿੰਦਗੀ ਬਿਨਾਂ ਸਤਿਗੁਰੂ ਰਾਮ ਸਿੰਘ ਦੀ ਸਾਧ ਸੰਗਤ ਤੋਂ, ਸਾਜ ਨਹੀਂ ਕਿਸੇ ਅੱਗੇ ਖੋਲ੍ਹਿਆ। ਉਹੋ ਹੀ ਉਹਨਾਂ ਦਾ ਪੁੱਤਰ ਭਾਈ, ਸਾਡੇ ਨਾਲ ਰਿਹਾ, ਮੋਨੀ ਨਾਂ ਸੀ ਪਹਿਲੇ, ਫੇਰ ਜੈ ਸਿੰਘ, ਗੁਰੂ ਹਰੀ ਸਿੰਘ ਜੀ ਧਰਿਆ। ਕੇਸ ਰੱਖੇ ਹੋਏ ਸੀ, ਕਛਹਿਰਾ ਪਾ ਲੈਂਦੇ ਸੀ ਕਦੇ ਲਾਹ ਲੈਂਦੇ ਸੀ। ਹਾਲਤ ਇਹ ਹੋਈ ਪੰਤਾਲੀ ਚੱਕ ੧੯੬੬ ਬਿਕਰਮੀ 'ਚ ਹੋਲਾ ਹੋਇਆ। ਉਸ ਹੋਲੇ ਵਿੱਚ ਏਨੇ ਰਬਾਬੀ, ਮਰਾਸੀ ਗਏ, ਕਈ ਸ਼ਰਾਬ ਪੀਣ ਵਾਲੇ ਦਾੜ੍ਹੀ ਮੁੰਨਣ ਵਾਲੇ, ਸਿਗਰਟ ਪੀਣ ਵਾਲੇ। ਉੱਥੇ ਸਾਧ ਸੰਗਤ 'ਚ ਇਹ ਬਚਨ ਬਿਲਾਸ ਸ਼ੁਰੂ ਹੋਇਆ, ਬਈ ਜਿਹੜਾ ਅੰਗੂਠਾ ਲਾ ਦੇਵੇ ਨ —ਕਿ ਮੈਨੂੰ ਸੜਨਾ ਮਨਜ਼ੂਰ ਹੈ—ਉਸ ਦਾ ਸ਼ਬਦ ਸੁਣਿਆ ਜਾਏ। ਤੰਗ ਜੁ ਕੀਤੇ, ਸਿਗਰਟ ਪੀਣ ਵਾਲੇ ਭੀ ਗਏ ਹੋਏ ਸੀ। ਉੱਥੋਂ ਫੇਰ ਇਹ ਭੱਜੇ, ਕਾਲੂ ਕੇ ਵੀ ਤੇ ਭਾਈ ਜੈ ਸਿੰਘ ਵੀ ਤੁਰ ਆਇਆ, ਅੰਗੂਠਾ ਨਾ ਲਾਇਆ। ਭਾਈ ਨੱਥਾ, ਕੱਥਾ ਸਿੰਘ ਹੁਰਾਂ ਲਾਇਆ। ਡੇਢ ਵਰ੍ਹਾ ਯਾ ਸਵਾ ਸਾਲ ਘਰ ਬੈਠਾ ਰਿਹਾ। ਘਰ ਵਿੱਚ ਬੜੇ ਵੱਡੇ ਮਹੰਤ ਸਨ, ਡੇਰੇ ਦੇ ਮਾਲਕ ਸਨ, ਜ਼ਮੀਨ ਬੜੀ ਸੀ। ਏਧਰੋਂ ਕੱਢੇ ਹੋਏ, ਸਾਜ ਨਹੀਂ ਹੋਰ ਕਿਸੇ ਅੱਗੇ ਖੁੱਲ੍ਹ ਸਕਦਾ, ਬਿਨਾਂ ਸਤਿਗੁਰੂ ਰਾਮ ਸਿੰਘ ਦੀ ਸਾਧ ਸੰਗਤ ਤੋਂ।

ਫੇਰ ਭਾਈ ਸੰਤ ਸਿੰਘ ਢਾਡੀ—ਵਾਰ ਲਾਉਣੀ। ਰੇਨੂ ਸਾਹਿਬ ਗੁਰਦੁਆਰੇ ਰਾਮਪੁਰ ਗਏ। ਜਿਸ ਵੇਲੇ ਵਾਰ ਲੱਗੇ ਪੜ੍ਹਨ ਤਾਂ ਉਹਨਾਂ ਦੀ ਆਪਣੀ

ਵੱਖਰੀ ਗੁਰ ਪ੍ਰਨਾਲੀ ਬਣਾਈ ਹੁੰਦੀ—ਗੁਰੂ ਨਾਨਕ ਸਾਹਿਬ ਜੀ, ਮਾਤਾ ਤ੍ਰਿਪਤਾ ਜੀ, ਬਾਬਾ ਕਾਲੂ ਜੀ, ਮਾਤਾ ਚੋਣੇ ਜੀ—ਮੂਲੇ ਦੀ ਧੀ ਸੀ—ਬਾਬਾ ਸਿਰੀ ਚੰਦ, ਲਖਮੀ ਦਾਸ ਜੀ, ਬੇਬੇ ਨਾਨਕੀ ਜੀ, ਗੁਰੂ ਨਾਨਕ ਸਾਹਿਬ ਜੀ।'' ਏਸੇ ਤਰ੍ਹਾਂ ਉਹ ਗਿਣਦੇ ਜਾਂਦੇ। ਅੱਗੇ ਜਾ ਕੇ ਬਾਬਾ ਸੋਮਾ ਸਿੰਘ, ਬਾਬਾ ਦਿਆਲ ਸਿੰਘ ਜੀ, ਮਾਤਾ ਭਾਗ ਭਰੀ ਜੀ, ਸਤਿਗੁਰੂ ਬਾਲਕ ਸਿੰਘ ਜੀ, ਬਾਬਾ ਲੱਧਾ ਸਿੰਘ, ਬਾਬਾ ਭੱਗਾ ਸਿੰਘ, ਬਾਬਾ ਜੱਸਾ ਸਿੰਘ, ਮਾਤਾ ਸਦਾ ਕੌਰ ਜੀ, ਮਾਤਾ ਜੱਸਾਂ ਜੀ, ਕਰਨ ਕਾਰਨ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ, ਖਿਮਾਂ ਦੇ ਮਾਲਕ ਗੁਰੂ ਹਰੀ ਸਿੰਘ ਜੀ।

ਜਿਸ ਵੇਲੇ ਪੜ੍ਹੀ ਨ ਉਹਨਾ ਨੇ ਇਹ, ਉਹਨਾਂ ਆਖਿਆ,''ਤੂੰ ਸਾਡੇ ਕੋਲ ਆ ਕੇ, ਅੱਗੇ ਨਾਂ ਨਾ ਲੈ ਗੁਰੂ ਗੋਬਿੰਦ ਸਿੰਘ ਤੋਂ।'' ਏਧਰੋਂ ਕੱਢੇ ਹੋਏ ਸੀ। ਸਾਜ ਸੰਤੋਖ ਲਿਆ, ਰਬਾਬ ਸੰਤੋਖ ਕੇ ਉੱਥੋਂ ਤੁਰ ਪਏ। ਪ੍ਰਸਾਦਾ ਭੈਣੀ ਸਾਹਿਬ ਆ ਕੇ ਮੰਗ ਕੇ ਛਕਿਆ, ਭਾਵੇਂ ਨਹੀਂ ਸੀ ਵੜਦੇ, ਮਿਲਦੇ। ਕਹਿਣ ਲੱਗੇ—ਇਹ ਨਹੀਂ ਹੋ ਸਕਦਾ, ਇਹ ਚੀਜ਼ ਨਹੀਂ ਛੁੱਟ ਸਕਦੀ। ਭਾਈ ਜੈ ਸਿੰਘ ਨੇ ਡੂਢ ਸਾਲ ਕਿਸੇ ਅੱਗੇ ਸਾਜ ਨਹੀਂ ਖੋਲ੍ਹਿਆ।

ਸੰਤਾਂ ਦਾ ਮੈਂ ਬਚਨ ਕਰਨ ਲੱਗਾ ਸਾਂ ਜਿਊਣ ਸਿੰਘ ਹੁਰਾਂ ਦਾ ਕਿ ਪਿੰਡੋਂ ਤੁਰ ਪਏ, ਜਿਸ ਵੇਲੇ ਪਿੰਡੋਂ ਤੁਰੇ ਨ, ਤੇ ਰਸਤੇ 'ਚ ਆ ਕੇ ਸਤਿਗੁਰ ਯਾਦ ਆਏ, ਹਓਕਾ ਲਿਆ ਨਹਿਰ ਦੇ ਕੰਢੇ ਤੇ ਖਲੋ ਕੇ। ਸਤਿਗੁਰੂ ਸੱਚੇ ਪਾਤਸ਼ਾਹ ਰੰਗੂਨ ਵਿੱਚ ਇਸ਼ਨਾਨ ਕਰ ਕੇ ਇੱਕ ਪਓਂਚਾ ਕਛਹਿਰੇ ਦਾ ਪਾਇਆ ਸੀ ਤੇ ਇੱਕ ਅਜੇ ਹੱਥ 'ਚ ਸੀ—ਓਸੇ ਤਰ੍ਹਾਂ ਹੀ ਅੱਗੇ ਜਾ ਖਲੋਤੇ। ਕਿਉਂ, ਲਿਖਿਆ ਹੈ–

**ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ।।**

*– ਫਰੀਦ ਜੀ, ਪੰਨਾ–੧੩੮੪*

ਦਰਸ਼ਨ ਹੋਇਆ। ਕਹਿਣ ਲੱਗੇ,''ਭਾਈ ਜਿਊਣ ਸਿਹਾਂ, ਇਉਂ ਨਾ ਕਰਿਆ ਕਰੋ।''

(ਸੰਤ) ਕਹਿਣ ਲੱਗੇ,''ਹੁਣ ਕਰੀਏ ਕੀ ?''

(ਸਤਿਗੁਰ) ਕਹਿਣ ਲੱਗੇ,''ਸਾਡਾ ਦਰਸ਼ਨ ਸਿੱਖਾਂ ਵਿੱਚੋਂ ਕਰਿਆ ਕਰੋ।''

ਉਹ ਜਿਹੜਾ ਪਹਿਲਾਂ ਕੱਲਿਆਂ ਨੂੰ ਬੰਦ ਕੀਤਾ, ਫੇਰ ਪੰਜ ਸੂਬੇ ਬਣਾਏ। ਪੰਜ ਬੰਦ ਕੀਤੇ, ਫੇਰ ਸਤਾਰਾਂ ਬੰਦ ਕੀਤੇ ਜਿਦਣ, ਕਮਿਸ਼ਨਰ ਜਾ ਕੇ ਕਹਿੰਦਾ,''ਬਾਬਾ ਸਾਹਿਬ ਅਬ ਕਿਆ ਕਰੋਗੇ ?''

ਸਤਿਗੁਰ ਰੰਗ 'ਚ ਹੋ ਕੇ ਕਹਿੰਦੇ,''ਜਾਹ ਓਏ ਬਿੱਲਿਆ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ। ਇੱਕ ਹਲਵਾਹਾ ਜੱਟ ਭੀ ਜਿਸ ਨੂੰ ਭਜਨ ਦੱਸੇਗਾ, ਉਸਦਾ ਵੀ ਮੇਰੇ ਵਰਗਾ ਹੀ ਅਸਰ ਹੋਵੇਗਾ।''

ਉਹ ਬਚਨ ਸਤਿਗੁਰਾਂ ਆਖਿਆ ਕਿ ਸਾਡਾ ਸਿੱਖਾਂ 'ਚ ਦਰਸ਼ਨ....।

(ਸੰਤ) ਕਹਿੰਦੇ,''ਫੇਰ ?''

(ਸਤਿਗੁਰੂ) ਕਹਿੰਦੇ,''ਸਾਡੀ ਨਿਸ਼ਾਨੀ ਇਹ ਹੋਵੇਗੀ, (ਕਛਹਿਰੇ ਦਾ) ਇੱਕ ਪਉਂਚਾ ਹੱਥ 'ਚ ਹੋਵੇਗਾ ਅਤੇ ਇੱਕ ਲੱਤ 'ਚ ਹੋਵੇਗਾ, ਤੇ ਪੁੱਠੀ ਪਰਕਰਮਾ ਕਰਦੇ ਹੋਵਾਂਗੇ ਅੰਮ੍ਰਿਤਸਰ 'ਚ।''

ਕਦੇ ਨਹੀਂ ਸਨ (ਸੰਤ) ਮੱਥਾ ਟੇਕਣ ਗਏ ਦਰਬਾਰ ਸਾਹਿਬ। ਓਥੇ ਤਾਂ ਹੋਰ ਕੋਈ ਗੱਲ ਹੀ ਨਹੀਂ ਨ। ਚਲੇ ਗਏ ਦੋ ਦਿਨ ਪਹਿਲਾਂ ਹੀ। ਉੱਥੇ ਫੇਰ ਜਾ ਕੇ, ਕੀ ਦੇਖਿਆ ? ਬਾਬੇ ਰਿਖੀ ਸਿੰਘ ਹੁਰੀਂ ਜਿਹੜੇ ਸੇਖਵੇਂ ਭਾਈ ਟਹਿਲ ਸਿੰਘ ਹੁਰਾਂ ਦੇ ਘਰ ਰਹਿੰਦੇ ਰਹੇ—ਮਦਾਰ ਵਾਲੇ, ਇੱਕ ਲੱਤ 'ਚ ਪਉਂਚਾ ਹੈ, ਇੱਕ ਹੱਥ 'ਚ ਪਉਂਚਾ ਹੈ। ਸੰਤਾਂ (ਜਿਊਣ ਸਿੰਘ) ਦਰਸ਼ਨ ਕੀਤਾ। (ਬਾਬਾ ਰਿਖੀ ਸਿੰਘ ਹੁਰੀਂ) ਕਹਿੰਦੇ,''ਮੈਂ ਰਾਮ ਸਿੰਘ।'' (ਸੰਤ ਜਿਊਣ ਸਿੰਘ ਹੁਰੀਂ) ਜਾ ਚਰਨੀਂ ਡਿੱਗੇ।

ਹੋਰ ਕਿਸੇ ਚੀਜ਼ ਵਾਸਤੇ ਨਹੀਂ ਸਨ ਜਾਂਦੇ, ਦੂਸਰੇ ਪਾਸੇ ਧਿਆਨ ਨਹੀਂ ਸਨ ਕਰਦੇ। ਉਹ ਬਾਬਾ ਸਾਹਿਬ ਸਿੰਘ ਜੀ ਨੇ ਦੱਸਿਆ—ਬਈ, ਇੱਕੀ ਦਿਨ ਸੰਤ ਮਸਤੂਆਣੀਏ ਆਏ, ਦੀਵਾਨ ਲਗਦਾ ਰਿਹਾ, ਉਹ ਸੁਣਨ ਨਹੀਂ ਗਏ।

ਇਹ ਮਰਾਸੀ ਭਾਈ ਜੈ ਸਿੰਘ ਹੁਰੀਂ, ਕਿਸੇ ਅੱਗੇ ਜਾ ਕੇ ਸਾਜ ਨਹੀਂ ਖੋਲ੍ਹਿਆ।

**ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ।।**

*– ਪੰਨਾ–੧੩੮੪*

ਤਾਂ, ਭਾਈ ਸੱਜਣੋਂ, ਹੁਣ ਜਦੋਂ ਆਪਾਂ ਗੱਲਾਂ ਸੁਣੀਂਦੀਆਂ ਹਨ—ਕੋਈ ਚੀਜ਼ ਹੁੰਦੀ ਹੈ, ਸ਼ਰਮ ਆਉਂਦੀ ਹੈ ਉਹ ਗੱਲ ਕਰਦਿਆਂ—ਬਈ, ਮੁਸਲਮਾਨਾਂ ਦੇ ਅੱਗੇ ਜਾ ਕੇ ਬੈਠ ਕੇ, ਉਨ੍ਹਾਂ ਕੋਲੋਂ ਕਲਾਮਾਂ ਸੁਣਕੇ, ਉਹਨਾਂ ਤੋਂ ਮੰਤਰ ਲੈਣ ਜਾਣਾ, ਸਤਿਗੁਰਾਂ ਦਾ ਘਰ ਛੱਡਕੇ।

ਭਾਈ ਗੁਰਦਾਸ ਜੀ ਕਹਿੰਦੇ ਹਨ–

*ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।*
*ਹੁਕਮੀ ਬੰਦਾ ਹੋਇ ਕੈ ਨਿਤ ਉਠਿ ਜਾਇ ਸਲਾਮ ਕਰੰਦਾ।*

*– ਵਾਰ ੧੫, ਪਉੜੀ ੪*

ਔਰ ਕਿਸ ਤਰ੍ਹਾਂ ਦੇ ਉਹ ਲੋਕ ਸਨ—ਮੈਂ ਅੱਗੇ ਭੀ ਸ਼ਾਇਦ ਅਰਜ਼ ਕਰੀ ਹੋਵੇ—ਭਾਈ ਫੱਤੂ ਵੀ, ਭਾਈ ਕਾਲੂ ਹੁਰਾਂ ਦੇ ਨਾਲ ਉਹਨਾਂ ਦਿਨਾਂ 'ਚ ਹੀ ਕੱਢਿਆ ਗਿਆ। ਉਹ ਨਿਕਲ ਆਏ, ਅੰਗੂਠਾ ਲਾਉਣ ਤੋਂ ਡਰਦੇ। ਪਿੰਡ ਆ ਕੇ ਅੱਸੂ ਦੇ ਮਹੀਨੇ ਵਿੱਚ ਗੁਲੂਸ਼ਾਹ ਇੱਕ ਮੇਲਾ ਹੁੰਦਾ ਸੀ ਸਿਆਲ ਕੋਟ ਦੇ ਜ਼ਿਲ੍ਹੇ 'ਚ। ਓਸ ਮੇਲੇ ਤੇ ਗਏ। ਉੱਥੇ ਜਾ ਕੇ ਸੋਡੇ ਦੀ ਦੁਕਾਨ ਬਣਾਈ। ਉੱਥੇ ਹੈਜੇ ਦੀ ਬਿਮਾਰੀ ਪੈ ਗਈ। ਹੈਜਾ ਹੋ ਗਿਆ। ਸਾਧ ਸੰਗਤ ਚੋਂ ਕੱਢੇ ਹੋਏ ਨੇ, ਜਾਤ ਦੇ ਮਰਾਸੀ ਨੇ, ਕੋਈ ਸਿੱਖ ਨਹੀਂ। ਘਰ ਆ ਗਏ। ਜਦੋਂ ਸਰੀਰ ਚਲਣ ਲੱਗਿਆ—ਉਹਨਾਂ ਦੇ ਲੜਕਿਆਂ ਨੇ ਇਹ ਗੱਲ ਸੁਣਾਈ—ਕਿਸੇ ਨੇ ਆਖਿਆ—ਭਾਈ ਫੱਤੂ ਨੂੰ ਸ਼ਰਾਬ ਦੇ ਦਿਓ ਹੈਜ਼ੇ 'ਚ, ਬਚ ਜਾਊਗਾ। ਜਿਸ ਵੇਲੇ ਸ਼ਰਾਬ ਲੈ ਕੇ ਆਏ, (ਭਾਈ ਫੱਤੂ) ਕਹਿਣ ਲੱਗਾ,''ਮੈਂ ਸਾਧ ਸੰਗਤ 'ਚ ਬਚਨ ਕੀਤਾ ਹੈ ਕਿ ਮੈਂ ਸ਼ਰਾਬ ਨਹੀਂ ਪੀਆਂਗਾ, ਮੈਂ ਮਰ ਜਾਵਾਂ ਬੇਸ਼ਕ ਮੈਨੂੰ ਸ਼ਰਾਬ ਨਾ ਦਿਓ।'' ਸਰੀਰ ਛੁੱਟ ਗਿਆ ਸ਼ਰਾਬ ਨਹੀਂ ਪੀਤੀ। ਅਸੀਂ ਐਥੇ ਹੁਣ ਐਵੇਂ ਹੀ ਲੋਕਾਂ ਦੇ ਅੱਗੇ ਚੁਲੀਆਂ ਡਾਉਂਦੇ ਫਿਰਦੇ ਹਾਂ, ਜੋ ਮਰਜ਼ੀ ਹੈ ਕੋਈ ਖੁਆ ਪਿਆ ਦੇਵੇ ਸਾਨੂੰ।

ਤਾਂ ਇਹ ਚੀਜ਼ ਸੀ ਸਿੱਖਾਂ ਵਿੱਚ। ਸਤਿਗੁਰੂ ਦਾ ਸਿੱਖ, ਉਹ ਜੇ ਦੂਸਰੇ ਪਾਸੇ ਜਾਂਦਾ ਹੈ, ਤਾਂ ਸਿੱਖੀ ਤੋਂ ਫਿਰ ਇਹ ਇੱਕ ਐਸੀ ਚੀਜ਼ ਹੋ ਜਾਂਦੀ ਹੈ —ਕੋਈ ਇਸਤਰੀ ਆਪਣੇ ਪਤੀ ਦੇ ਜਿਊਂਦਿਆਂ ਅਗਰ ਕਿਸੇ ਹੋਰ ਆਦਮੀ ਕੋਲ ਜਾਂਦੀ ਹੈ ਤਾਂ ਲੋਕ ਉਹਨੂੰ ਕੀ ਕਹਿੰਦੇ ਹਨ। ਦੁਨੀਆਂ ਦੀ ਚੀਜ਼ ਤਾਂ

ਚਾਰ ਦਿਨ ਦੀ ਖੇਡ ਹੈ। ਇਹਨੇ ਤੇ ਖਵਰੇ ਰਹਿਣਾ ਹੈ ਕਿ ਨਹੀਂ ਰਹਿਣਾ। ਮੈਨੂੰ ਇਹ ਗੱਲ ਯਾਦ ਹੈ, ਮਾਤਾ ਸਿੰਘ ਸਾਡੇ ਕੋਲ ਗ੍ਰੰਥੀ ਸਿੰਘ ਮਧਰਾ ਜਿਹਾ ਸਿੰਘ ਹੈ, ਬਹੁਤ ਸਾਰੇ ਸੱਜਣ ਉਹਨਾਂ ਨੂੰ ਜਾਣਦੇ ਹਨ—ਪੁਰਾਣੇ। ਇਹਨਾਂ ਦਾ ਪਿੰਡ ਖੰਨੇ ਦੇ ਸਟੇਸ਼ਨ ਦੇ ਤੇ ਗੋਬਿੰਦ ਗੜ੍ਹ ਦੇ ਸਟੇਸ਼ਨ ਦੇ ਵਿੱਚਕਾਰ ਸੀ। ਸਤਿਗੁਰੂ ਸੱਚੇ ਪਾਤਸ਼ਾਹ ਜਿਸ ਵੇਲੇ ਪਰਦੇਸ ਨੂੰ ਗਏ ਨ, ਇਹਨਾਂ ਦੇ ਪਿੰਡ 'ਚ ਇੱਕ ਬੁੱਢਾ ਸਿੱਖ ਸੀ। ਇਹਨਾਂ (ਮਾਤਾ ਸਿੰਘ) ਦਾ ਚਾਚਾ ਜਿਹੜਾ ਸੀ—ਉਹ ਬੜਾ ਜਵਾਨ ਸੀ। ਓਦੋਂ ਦੌੜਦਾ ਸੀ ਤੇ ਆਪਣੇ ਸਾਥੀਆਂ ਨੂੰ ਦੌੜਨ ਨਹੀਂ ਸੀ ਦਿੰਦਾ। ਮਾਤਾ ਸਿੰਘ ਨੂੰ ਭੀ ਜਦੋਂ ਦੇਖਿਆ, ਤਾਂ ਧੀਰ ਹੁਰਾਂ ਜਿੰਨਾਂ ਮਸਾਂ ਉੱਚਾ ਕੱਦ ਹੈ ਉਹਦਾ। ਉਹਨੇ ਭੀ ਆਪਣੇ ਵੇਲੇ 'ਚ ਕਿਸੇ ਨੂੰ ਨਹੀਂ ਦੌੜਨ ਦਿੱਤਾ। ਉਹ ਜਿਹੜਾ ਸਿੱਖ ਸੀ ਨ ਬੁੱਢਾ—ਥਾਣੇਦਾਰ ਆਇਆ ਉੱਥੇ ਪਤਾ ਕਰਨ ਬਈ, ਕਿੰਨੇ ਕੂਕੇ ਹਨ ਪਿੰਡ 'ਚ—ਉਹਨੇ ਕੱਛ ਲਾਹ ਦਿੱਤੀ, ਧੋਤੀ ਬੰਨ੍ਹ ਕੇ, ਹੱਥ 'ਚ ਹੁੱਕਾ ਫੜ ਕੇ ਚਲਾ ਗਿਆ। ਇਹ ਨੌਜਵਾਨ ਸੀ, ਇਹ ਓਸੇ ਤਰ੍ਹਾਂ ਗਿਆ। ਉਹਨੂੰ (ਬੁੱਢੇ ਨੂੰ) ਪਹਿਲੇ ਉਸ ਨੇ ਪੁੱਛਿਆ,''ਬਈ, ਤੂੰ ਸਿੱਖ ਹੈਂ ?'' ਉਹਨੇ ਆਖਿਆ,''ਜੀ ਮੈਂ ਸਿੱਖ ਨਹੀਂ।'' ਉਹਦੀ ਚਾਦਰ ਜਿਸ ਵੇਲੇ ਲਾਹੀ—ਕਛਹਿਰੇ ਦੇ ਨਿਸ਼ਾਨ ਤੇ ਪੱਟਾਂ ਤੇ ਰਹਿੰਦੇ ਨੇ ਨ ਜਿਹੜੇ ਕਛਿਹਰਾ ਪਾਉਂਦੇ ਨੇ। ਅੱਜ ਕਲ ਦੀਆਂ ਕੱਛਾਂ ਨਹੀਂ, ਨਿੱਕਰਾਂ ਪਾ ਲਈਆਂ, ਜਾਂ ਉਹ ਨਾ ਪਾ ਲਈਆਂ। ਸਿੱਖੀ ਦੇ ਅਸੂਲ ਮੁਤਾਬਕ ਪਜਾਮੇ ਦੀ ਭੀ ਕੱਛ ਬਣਾਕੇ ਪਾਉਣੀ ਸਿੱਖ ਦਾ ਅਸੂਲ ਨਹੀਂ। ਜਿਹੜੀ ਗੁਰੂ ਗੋਬਿੰਦ ਸਿੰਘ ਨੇ ਕਛਹਿਰੇ ਦੀ ਕਾਟ ਬਣਾਈ ਹੈ—ਇਹੋ ਚੀਜ਼ ਹੈ, ਗੋਡਾ ਨੰਗਾ ਰੱਖਣਾ, ਗੋਡੇ ਦੇ ਨਾਲ ਤਕ ਕਛਹਿਰਾ ਹੋਵੇ ਔਰ ਏਸੇ ਕਾਟ ਦਾ ਹੋਵੇ। ਜੇ ਪਜਾਮੇ ਦੀ ਕਾਟ ਦਾ ਹੈ ਤਾਂ ਮਨਜ਼ੂਰ ਨਹੀਂ ਰਹਿਤ ਮਰਯਾਦਾ ਵਿੱਚ। ਹੁਣ ਤਾਂ ਲੋਕਾਂ ਨੇ ਨਿੱਕਰਾਂ ਪਾ ਕੇ, ਫੇਰ ਕੋਈ ਲਾਲ ਕੱਛ ਪਾ ਲੈਂਦਾ ਹੈ, ਕੋਈ ਨੀਲੀ ਪਾ ਲੈਂਦਾ ਹੈ, ਕੋਈ ਕਾਲੀ ਪਾ ਲੈਂਦਾ ਹੈ, ਕੋਈ ਪੀਲੀ ਪਾ ਲੈਂਦਾ ਹੈ—ਕਛਹਿਰੇ ਦਾ ਅਸੂਲ ਨਹੀਂ ਹੈ। ਕਛਹਿਰੇ ਦਾ ਓਹੀ ਰੰਗ ਹੈ ਜਿਹੜਾ ਚਿੱਟਾ ਹੈ, ਜਿਹੜਾ ਉਹਨਾਂ ਨੇ ਦਿੱਤਾ ਹੈ। ਸਾਡੀ ਚੀਜ਼ ਨਹੀਂ, ਸਤਿਗੁਰਾਂ ਦੇ ਹੁਕਮ ਦੀ ਖੇਡ ਹੈ। ਮੈਂ ਅਰਜ਼ ਕਰਾਂ ਗੁਰੂ ਗੋਬਿੰਦ

ਸਿੰਘ ਦੇ ਵਕਤ ਤਕ, ਗੁਰੂ ਗੋਬਿੰਦ ਸਿੰਘ ਦੇ ਵੇਲੇ ਵੀ, ਬਗੈਰ ਉੱਚ ਦੇ ਪੀਰ ਬਣਨ ਤੋਂ ਕਦੇ ਕੋਈ ਸਿੱਖ ਕਾਲਾ ਨੀਲਾ ਲੀੜਾ ਨਹੀਂ ਸੀ ਪਾਉਂਦਾ। ਪੜ੍ਹਕੇ ਦੇਖੋ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ—ਹਿਕਾਇਤਾਂ, ਜ਼ਫਰਨਾਮਾ ਜਿਹੜਾ ਔਰੰਗਜ਼ੇਬ ਨੂੰ ਲਿਖਦੇ ਹਨ। ਓਹਦੇ 'ਚ ਕਹਿੰਦੇ ਹਨ-

**ਬਰੰਗੇ ਮਗਸ ਸਯਾਹ ਪੋਸ਼ ਆਮਦੰਦ।।**

*– ਦਸਮ ਗ੍ਰੰਥ, ਪੰਨਾ-੧੩੯੦*

ਸਾਡੇ ਉੱਤੇ ਚੜ੍ਹਕੇ ਆਏ ਜਿਹਨਾਂ ਦੇ ਰੰਗ ਮੱਖੀ ਵਰਗੇ ਸਨ—ਕਾਲੇ, ਸ਼ਾਹ ਪੋਸ਼। ਜੇ ਸਤਿਗੁਰਾਂ ਦੇ ਰੰਗ ਦੇ ਕਾਲੇ ਲੀੜੇ ਹੁੰਦੇ, ਕਦੇ ਨਾ ਇਹ ਗੱਲ ਲਿਖਦੇ। ਆਸਾ ਦੀ ਵਾਰ ਰੋਜ਼ ਪੜ੍ਹਦੇ ਹੋ—ਇੱਕ ਤੁਕ ਤਾਂ ਅਸੀਂ ਸਾਰੇ ਪੜ੍ਹ ਲੈਨੇ ਹਾਂ, ਝਟਕਾ ਖਾਣ ਦੇ ਮਾਰੇ ਕਿ—**ਅਭਾਖਿਆ ਕਾ ਕੁਠਾ ਬਕਰਾ ਖਾਣਾ**। ਹਲਾਲ ਕੀਤਾ ਹੋਇਆ ਬੱਕਰਾ ਨਹੀਂ ਖਾਣਾ ਚਾਹੀਦਾ ਪਰ ਨਾਲ ਦੀ ਤੁਕ ਨਹੀਂ ਪੜ੍ਹਦੇ-

**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।।**
**ਮਲੇਛ ਧਾਨੁ ਲੈ ਪੂਜਹਿ ਪੁਰਾਣੁ।।**

*– ਆਸਾ ਮ:੧, ਪੰਨਾ-੪੭੨*

ਓਸੇ ਹੀ ਸਲੋਕ ਵਿੱਚ ਇਹ ਤੁਕ ਲਿਖੀ ਹੈ—ਬਈ, ਨੀਲੇ ਬਸਤਰ ਪਹਿਨ ਕੇ ਪਰਵਾਨ ਕਰਦੈ ਤੇ ਅਭਾਖਿਆ ਦਾ ਬੱਕਰਾ ਖਾਂਦਾ ਹੈ। ਇੱਕੋ ਜਿਹੀ ਚੀਜ਼ ਹੈ, ਜੇ ਦੇਖੀ ਜਾਏ। ਆਸਾ ਦੀ ਵਾਰ ਹੈ, ਕੋਈ ਮੇਰੀ ਬਣਾਈ ਹੋਈ ਚੀਜ਼ ਨਹੀਂ, ਕੋਈ ਕੂਕਿਆਂ ਦੀ ਬਣਾਈ ਹੋਈ ਨਹੀਂ। ਪੜ੍ਹੋ, ਦੇਖੋ, ਧਿਆਨ ਦਿਓ। ਸੋਢੀ ਜੀ ਜਿਸ ਵੇਲੇ ਕਹਿੰਦੇ ਹਨ,''ਸੱਚੇ ਪਾਤਸ਼ਾਹ, ਇਹ ਤੁਰਕਾਂ ਵਾਲਾ ਬਾਣਾ ਕਿਉਂ ਪਾਇਆ ਹੋਇਆ ਹੈ ?''

ਪਰ ਇੱਕ ਇਹ ਭੀ ਗੱਲ ਹੈ, ਭਾਈ ਦਇਆ ਸਿੰਘ ਔਰ ਧਰਮ ਸਿੰਘ ਹੁਰਾਂ ਦੇ ਬਸਤਰ ਤਾਂ ਨੀਲੇ ਕਰਾ ਦਿੱਤੇ ਸੀ, ਜਿਹੜਾ ਆਪਣਾ ਪੁਸ਼ਾਕਾ ਸੀ ਗੁਰੂ ਗੋਬਿੰਦ ਸਿੰਘ ਦਾ ਉਹ ਸੁਰਮੇ 'ਚ ਰੰਗਿਆ ਹੋਇਆ ਸੀ, ਕਾਲਾ ਸੀ, ਨੀਲਾ ਉਹ ਭੀ ਨਹੀਂ ਸੀ। ਇਸ ਗੱਲ ਦਾ ਸਬੂਤ ਹੈ। ਉੱਚ ਦੇ ਪੀਰ ਸਾਹਿਬ ਬਣੇ ਹਨ। ਭਾਈ ਜੀ ਨੇ ਲਿਖਿਆ ਹੈ ਗਿਆਨ ਸਿੰਘ ਜੀ ਨੇ-

*ਐਸੀ ਕਹਿ ਗਨੀ ਖਾਨ ਨਬੀ ਖਾਨ ਕੋ ਬੁਲਾਇ,*
*ਬਸਨ ਰੰਗਾਇ ਸਯਾਹਿ[੨੧] ਧਾਰੇ ਗੁਰ ਭਲ ਹੈਂ।*
*ਹਾਜੀਆਂ ਕਾ ਬੇਖ ਧਰਿ ਮੰਚ[੨੨] ਪਰ ਚਾਲੇ ਚਰਿ[੨੩],*
*ਸਿੱਖਨ ਕੋ ਵੈਸੇ ਹੀ ਕਰਾਏ ਵੇਸ ਰੁੱਚ ਕੇ[੨੪]।*
*ਗਨੀ ਖਾਨ ਨਬੀ ਖਾਨ ਮਾਨ ਸਿੰਘ ਧਰਮ ਸਿੰਘ*
*ਲਾਗੇ ਚਾਰੋਂ ਓਰਿ ਯਹਿ ਮੰਚ ਕੋ ਮਨੁੱਚ ਕੈ।*
*ਮੰਚ ਕੋ ਉਠਾਇ ਚਲੈ ਮੋਦ ਮਨਿ ਪਾਇ ਵਹਿ,*
*ਸੱਯਦ ਕਹਾਇ ਸਭ ਹਾਜੀ ਬਨਿ ਸੁੱਚ ਕੇ[੨੫]।*
*ਬੂਝੈ ਜਨ ਜੌਨ ਯਹਿ ਜਾਹਿ ਕੌਨ ਮੰਚ ਪਰ,*
*ਗਨੀ ਖਾਨ ਕੈ ਹੈ ਤਾਂਹਿ ਏਹੁ ਪੀਰ ਉੱਚ ਕੇ।*

*– ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾਂ-੧੬੪੬*

ਉੱਚ ਜਗ੍ਹਾ ਜਿਹੜੀ ਹੈ, ਗੁਰੂ ਨਾਨਕ ਦੇਵ ਮਹਾਰਾਜ ਉੱਥੇ ਗਏ ਨੇ। ਉੱਥੇ ਗੁਰੂ ਨਾਨਕ ਦੇਵ ਦੀਆਂ ਖੜਾਵਾਂ ਉਹਨਾਂ ਦੇ ਕੋਲ ਹਨ, ਉਹਨਾਂ ਪੀਰਾਂ ਉੱਚ ਵਾਲਿਆਂ ਦੇ। ਸਾਨੂੰ ਭੀ ਸੁਭਾਗ ਹੋਇਆ ਹੈ, ਉਸ ਪਿੰਡ ਜਾਣ ਦਾ ਉੱਚ 'ਚ। ਅਸੀਂ ਦਰਸ਼ਨ ਕਰ ਕੇ ਆਏ ਹਾਂ ਉਹਦਾ। ਇਹ ਗੱਲ ਠੀਕ ਸੀ—ਨਹੀਂ, ਮੁਸਲਮਾਨ ਕਦੇ ਨਾ ਗੁਰੂ ਗੋਬਿੰਦ ਸਿੰਘ ਨੂੰ ਫੜੇ ਬਿਨਾਂ ਛਡਦੇ—ਉੱਚ ਦੇ ਪੀਰਾਂ ਦਾ ਅੱਜ ਤਕ ਭੀ ਕੋਈ ਦਾੜ੍ਹੀ ਦਾ ਰੋਮ ਯਾ ਕੇਸਾਂ ਦਾ ਨਹੀਂ ਲਾਹਿਆ, ਕੇਸ ਪਿੱਛੇ ਨੂੰ ਖੁਲ੍ਹੇ ਛੱਡ ਕੇ, ਮੁੱਛਾਂ 'ਚ ਕੋਈ ਨਸ਼ਾਨ ਨਹੀਂ ਮਲੂਮ ਹੁੰਦਾ ਕਿ ਮੁੱਛਾਂ ਕਤਰੀਆਂ ਹੋਣ। ਐਂਵੇ ਨਹੀਂ ਸਨ ਸਾਹਿਬ ਬਣੇ। ਫਿਰ ਸਭ ਕੁਛ ਕਰ ਕਰਾ ਕੇ ਇਕੋਤਰ ਸੌ ਵਾਰ ਤੁਕ ਪੜ੍ਹੀ–

**ਨੀਲ ਬਸਤ੍ਰ ਲੇ ਕਪੜੇ ਫਾੜੇ,**
**ਤੁਰਕ ਪਠਾਣੀ ਅਮਲੁ ਗਇਆ।।**

ਕੂਕੇ ਐਵੇਂ ਨਹੀਂ ਪੜ੍ਹਦੇ, ਕੂਕੇ ਨਹੀਂ ਤੁਕ ਉਲਟਾ ਸਕਦੇ ਗੁਰੂ ਦੀ ਤੁਕ। ਗੁਰੂ ਦੀ ਤੁਕ ਨੂੰ ਗੁਰੂ ਹੀ ਭਾਵੇਂ ਉਲਟਾਵੇ, ਹੋਰ ਕੋਈ ਆਦਮੀ ਨੂੰ ਤਾਕਤ ਨਹੀਂ ਉਲਟਾਉਣ ਦੀ। ਹੁਣ ਅਸਾਂ ਏਸ ਪਾਸੇ ਦੀ ਬਹਿਸ ਵਿੱਚ ਨਹੀਂ ਜਾਣਾ, ਪਰ ਥੋੜੀ ਜਿਹੀ ਅਰਜ਼ ਮੈਂ ਕਰ ਦਿਆਂ। ਬਹੁਤ ਸਰੀਰ ਕਹਿੰਦੇ

ਨੇ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮੇ ਸਾਹਿਬ ਦੀ ਬੀੜ ਉਚਾਰੀ। ਏਸ ਦਾ ਸਬੂਤ ਨਹੀਂ ਸਾਨੂੰ ਮਿਲਦਾ। ਕੋਈ ਕਹੇਗਾ ਨਵੀਂ ਗੱਲ ਹੈ। ਭਾਈ ਸੰਤੋਖ ਸਿੰਘ ਜੀ ਨੂੰ ਪੜ੍ਹਕੇ, ਸੂਰਜ ਪ੍ਰਕਾਸ਼ ਦੇਖੋ, ਓਥੇ ਨਹੀਂ ਲਿਖਿਆ ਕਿ ਗੁਰੂ ਗੋਬਿੰਦ ਸਾਹਿਬ ਨੇ ਬੀੜ ਉਚਾਰੀ; ਸੁਖਾ ਸਿੰਘ ਨੇ ਨਹੀਂ ਲਿਖਿਆ; ਗੁਰੂ ਬਿਲਾਸ ਵਿੱਚ ਰਤਨ ਸਿੰਘ ਭੰਗੂ ਨੇ ਵੀ ਨਹੀਂ ਲਿਖਿਆ। ਗਿਆਨ ਸਿੰਘ ਜੀ ਗਿਆਨੀ ਨੇ ਲਿਖਿਆ ਹੈ ਜਿਹੜੇ ਓਦੂੰ ਪਿੱਛੋਂ ਹੋਏ ਹਨ। ਹੁਣ ਜਿਹੜੇ ਸਤਿਗੁਰਾਂ ਵੇਲੇ ਦੇ ਸਿੱਖ ਇਤਿਹਾਸ ਲਿਖਦੇ ਹਨ, ਅਸੀਂ ਅੱਜ ਲਿਖਣ ਲਗਦੇ ਹਾਂ ਤਾਂ ਕਿੰਨਾਂ ਫਰਕ ਪੈ ਜਾਂਦਾ ਹੈ। ਜਿਹੜੇ ਉਸ ਵੇਲੇ ਵਾਲੇ ਹਨ, ਉਹਨਾਂ ਨੂੰ ਬਹੁਤਾ ਪਤਾ ਹੈ। ਦੂਜਾ ਇੱਕ ਸਬੂਤ ਹੋਰ ਬੜਾ ਵੱਡਾ ਹੈ। ਸੂਰਜ ਪ੍ਰਕਾਸ਼ ਵਿੱਚ ਪ੍ਰਸੰਗ ਆਉਂਦਾ ਹੈ, ਗੁਰੂ ਬਿਲਾਸ ਵਿੱਚ ਵੀ ਆਉਂਦਾ ਹੋਵੇਗਾ, ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ, ਕਿ ਇੱਕ ਸਿੱਖ ਉਦਾਸੀ ਨੇ ਇੱਕ ਬੀੜ ਮਹਾਰਾਜ ਦੀ ਲਿਖ ਕੇ—ਗੁਰੂ ਗੋਬਿੰਦ ਸਿੰਘ ਦੇ ਜ਼ਮਾਨੇ ਤਕ ਗੁਰੂ ਅਰਜਨ ਤੋਂ ਲੈ ਕੇ ਪੰਜਾਂ ਪਾਤਸ਼ਾਹੀਆਂ ਦੇ ਵਕਤ, ਜਿਹੜੀ ਕੋਈ ਬੀੜ ਕੋਈ ਲਿਖਦਾ ਸੀ, ਤਾਂ ਜਿਹੜੇ ਉਸ ਵੇਲੇ ਗੁਰੂ ਸਾਹਿਬ ਗੱਦੀ ਤੇ ਹੁੰਦੇ ਸੀ ਉਹਨਾਂ ਦੇ ਦਸਖ਼ਤ ਕਰਵਾਉਂਦੇ ਸੀ, ਤਾਂ ਉਹ ਬੀੜ ਮੰਨੀ ਜਾਂਦੀ ਸੀ, ਕਿਉਂਕਿ ਉਦੋਂ ਛਾਪੇ ਖਾਨੇ ਨਹੀਂ ਸਨ, ਪਰਵਾਨ ਹੀ ਨਹੀਂ ਸੀ ਮੰਨੀ ਜਾਂਦੀ ਬੀੜ—ਉਦਾਸੀ ਸਾਧੂ ਨੇ ਬੀੜ ਲਿਖੀ, ਗੁਰੂ ਸਾਹਿਬ ਦੇ ਦਸਖ਼ਤਾਂ ਵਾਸਤੇ ਲੈ ਗਿਆ। ਦਿਵਾਨ ਨੰਦ ਚੰਦ ਸੰਘਾ ਸੀ ਡਰੋਲੀ ਦਾ, ਉਹਨੇ ਉਹ ਬੀੜ ਦਬਾ ਲਈ। ਉਹਨੂੰ ਜਾਣਾ ਨਾ ਮਿਲੇ ਮਹਾਰਾਜ ਦੇ ਪਾਸ। ਰਾਜਸੀ ਠਾਠ ਸੀ, ਉਹ ਦਿਵਾਨ ਸੀ, ਉਹ ਨੇੜੇ ਨਾ ਲੱਗਣ ਦੇਵੇ। ਇੱਕ ਦਿਨ ਉਹ ਸਾਧ ਕਿਤੇ ਪੇਸ਼ ਹੋਇਆ, ਅਨੰਦਪੁਰ ਸਾਹਿਬ ਪੇਸ਼ ਹੋਇਆ। ਉਹਨੇ ਅਰਜ਼ ਕਰੀ। ਮਹਾਰਾਜ ਨੇ ਆਖਿਆ ਦਿਵਾਨ ਨੰਦ ਚੰਦ ਨੂੰ। ਉਹਨੇ ਆਖਿਆ,''ਮੇਰੇ ਕੋਲ ਬੀੜ ਹੈ ਹੀ ਨਹੀਂ।'' ਉਨ੍ਹਾਂ ਆਖਿਆ,''ਜਾਹ ਤੇਰੀਆਂ ਜੜ੍ਹਾਂ ਪੁੱਟੀਆਂ ਜਾਣ।''

ਉਹਨੇ ਆਖਿਆ,''ਮੇਰੀਆਂ ਜੜ੍ਹਾਂ ਤੇਰੀਆਂ ਜੜ੍ਹਾਂ।''

ਉਹਨਾਂ ਆਖਿਆ,''ਆਪਣੀਆਂ ਵੀ ਪੁੱਟੀਆਂ, ਜਿਹੜਾ ਏਸ ਬੀੜ ਨੂੰ

ਪੜ੍ਹੇਗਾ ਉਹ ਅੰਨ੍ਹਾ ਹੋ ਜਾਏਗਾ।''

ਉਹ ਜਿਹੜੀ ਬੀੜ ਹੈ ਨ, ਉਹ ਹੁਣ ਭਾਈ ਕੀ ਡਰੋਲੀ ਹੈ। ਜਿਹੜਾ ਇਹ ਲੋਕ ਖਿਆਲ ਕਰਦੇ ਹਨ ਕਿ ਗੁਰੂ ਸਾਹਿਬ ਨੇ ਦਮਦਮੇ ਸਾਹਿਬ ਗੁਰੂ ਤੇਗ਼ ਬਹਾਦਰ ਦੀ ਬਾਣੀ ਚੜ੍ਹਾਈ ਇਹ ਉਹਨਾਂ ਦਾ ਖਿਆਲ ਬਿਲਕੁਲ ਗਲਤ ਹੈ। ਗੁਰੂ ਗੋਬਿੰਦ ਸਿੰਘ ਜਿਸ ਵੇਲੇ ਸੱਚੇ ਪਾਤਸ਼ਾਹ ਬਿਰਾਜਮਾਨ ਗੱਦੀ ਤੇ ਹੋਏ, ਓਦੋਂ ਹੀ ਗੁਰੂ ਤੇਗ਼ ਬਹਾਦਰ ਦੀ ਬਾਣੀ ਚੜ੍ਹਾ ਦਿੱਤੀ ਹੈ। ਇਹ ਉਹ ਬੀੜ ਸਬੂਤ ਦਿੰਦੀ ਹੈ। ਉਸ ਬੀੜ ਨੂੰ ਪੜ੍ਹਿਆ ਇਕਨਾ ਮਹਾਤਮਾ ਨੇ। ਸਾਡੇ ਇੱਕ ਨਾਮਧਾਰੀ ਸੰਤ ਸੇਵਾ ਸਿੰਘ ਜੀ ਸਨ, ਜਿਹਨਾਂ ਕੋਲ ਮੈਂ ਪਾਠ ਪਹਿਲੇ ਕੀਤਾ। ਉਹਨਾਂ ਦੇ ਜਿਹੜੇ ਵਿੱਦਿਆ ਗੁਰੂ ਸਨ ਸੰਤ ਨੱਥਾ ਸਿੰਘ ਜੀ, ਉਹ ਅੰਬਾਲੇ ਦੇ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਮਾਤਾ ਜੀ ਨੂੰ ਉਹਨਾਂ ਦਾ ਪਤਾ ਹੈ। ਮਾਤਾ ਜੀ ਨੇ ਉਹਨਾਂ ਦੇ ਦਰਸ਼ਨ ਕੀਤੇ ਨੇ। ਉਹ ਸਾਰਾ ਪਾਠ ਜਾ ਕੇ ਭਾਈ ਕੀ ਡਰੋਲੀ ਕਰ ਆਏ—ਬੀੜ ਦਾ। ਘਰ ਜਿਸ ਵੇਲੇ ਆਏ, ਚਿਤ 'ਚ ਖਿਆਲ ਆਇਆ ਬਈ, ਕਹਿੰਦੇ ਸੀ —ਗੁਰੂ ਸਾਹਿਬ ਦਾ ਸਰਾਪ ਹੈ, ਜਿਹੜਾ ਪੜੂ ਅੰਨ੍ਹਾ ਹੋ ਜਾਊ, ਮੇਰਾ ਤਾਂ ਕੁਛ ਨ ਵਿਗੜਿਆ। ਦੁਪਹਿਰ ਨੂੰ ਸੁੱਤੇ ਪਏ ਜਦੋਂ ਉੱਠੇ ਅੰਨ੍ਹੇ ਹੋ ਗਏ। ਇਹ ਵੀ ਪੱਕਾ ਸਬੂਤ ਹੋ ਗਿਆ ਬਈ, ਬੀੜ ਉਹੋ ਹੀ ਹੈ। ਹੁਣ ਉਸ ਬੀੜ ਵਿੱਚ ਗੁਰੂ ਤੇਗ਼ ਬਹਾਦਰ ਦੀ ਬਾਣੀ ਚੜ੍ਹੀ ਹੋਈ ਹੈ। ਅਜੇ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਵੀ ਨਹੀਂ ਬਣਾਇਆ ਜਦੋਂ ਦੀ ਉਹ ਬੀੜ ਬਣਾਈ ਹੋਈ ਹੈ। ਇਹ ਸਬੂਤ ਹੈ ਕਿ ਗੁਰੂ ਸਾਹਿਬ ਜਿਸ ਵਕਤ ਗੱਦੀ ਤੇ ਬਿਰਾਜਮਾਨ ਹੋਏ—ਗੁਰੂ ਗੋਬਿੰਦ ਸਿੰਘ ਜੀ, ਓਸੇ ਵੇਲੇ ਹੀ ਗੁਰੂ ਤੇਗ਼ ਬਹਾਦਰ ਦੀ ਬਾਣੀ ਚੜ੍ਹਾ ਦਿੱਤੀ ਹੈ।

**ਨੀਲ ਬਸਤ੍ਰ ਲੇ ਕਪੜੇ ਫਾੜੇ,**

ਜੇ ਗੁਰੂ ਸਾਹਿਬ ਦਮਦਮੇ ਸਾਹਿਬ ਬੀੜ ਉਚਾਰਦੇ, ਇਹ ਜਰੂਰ ਤੁਕ ਚਾੜ੍ਹਦੇ ਉਹਦੇ 'ਚ।

ਫਿਰ ਕੌਲ ਸੋਢੀ ਨੇ ਆਖਿਆ,''ਮਹਾਰਾਜ, ਤਿੰਨ ਅੱਖਰ ਉਲਟਾ ਦਿੱਤੇ ਸੀ ਰਾਮ ਰਾਏ ਨੇ ਉਹ ਗੁਰ ਗੱਦੀਓਂ ਖਾਰਜ ਹੋ ਗਿਆ। ਉਹਨੂੰ ਗੱਦੀ

ਨਾ ਮਿਲੀ ਤੇ ਤੁਸੀਂ ਸਾਰੀ ਤੁਕ ਉਲਟਾਉਂਦੇ ਹੋ।''

ਸਤਿਗੁਰਾਂ ਨੇ, ਗੁਰੂ ਗੋਬਿੰਦ ਸਿੰਘ ਨੇ ਆਖਿਆ,''ਭਾਈ, ਗੁਰੂ ਅਰਜਨ ਦੇਵ ਦਾ ਸੀਸ, ਗੁਰੂ ਹਰਿ ਕ੍ਰਿਸ਼ਨ ਦਾ ਸੀਸ, ਗੁਰੂ ਤੇਗ ਬਾਹਦਰ ਦਾ ਸੀਸ, ਚਾਰ ਸਾਬਿਜ਼ਾਦਿਆਂ ਦੇ ਸੀਸ—ਜਿਹੜਾ ਸੱਤ ਸਿਰ ਦੇਣੇ ਕਹੇ ਸੀ, ਸਤ ਮੁੱਠਾਂ ਦੇ ਕੇ, ਸੱਤ ਸਿਰ ਦਿੱਤੇ ਨੇ ਤਾਂ ਤੁਕ ਉਲਟਾਈ ਹੈ।''*

ਅਗਲੀ ਗੱਲ ਹੁਣ ਸਤਿਗੁਰੂ ਜਾਣਦੇ ਹਨ। ਆਓ ਆਪਣੇ ਥਾਂ ਫੇਰ ਆਪਾਂ, ਕਿ ਗੋਪੀਆਂ ਨੇ—ਉਹਨਾਂ ਨੂੰ ਉਹ ਜਿਹੜੀ ਦਰਸ਼ਨ ਦੀ ਗੱਲ ਸੀ ਨ—ਉਹਨਾ ਦਾ ਕੰਮ ਪੂਰਾ ਹੋ ਗਿਆ–

**ਸੁਨ ਪਾਈ ਬ੍ਰਿਜ ਬਾਲਾ ਮੋਹਨ ਆਏ ਹੈ ਕੁਰਖੇਤ।।**

*– ਦਸਮ ਗ੍ਰੰਥ, ਪੰਨਾ–੫੬੨*

ਕੁਰਛੇਤਰ ਮਹਾਰਾਜ ਆਏ। ਉਹ ਜਿਸ ਤਰ੍ਹਾਂ ਮੈਂ ਸੰਤਾਂ ਦੀ ਗੱਲ ਛੇੜੀ ਹੈ, ਉਹ ਉਂਜ ਨਹੀਂ ਸਨ ਜਾਂਦੇ ਮੇਲਾ ਦੇਖਣ, ਉਹ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਵਾਸਤੇ ਜਾਂਦੇ ਸਨ। ਇਸ ਤਰ੍ਹਾਂ ਹੀ ਇਹ ਗੋਪੀਆਂ ਨੂੰ ਪਤਾ ਲੱਗਾ ਤਾਂ ਗੋਪੀਆਂ ਭੀ ਕੁਰਛੇਤਰ ਉੱਤੇ ਆਈਆਂ। ਆ ਦਰਸ਼ਨ ਕੀਤਾ।

**ਦਰਸ਼ਨ ਦੇਖ ਸਭੈ ਦੁਖ ਬਿਸਰੇ ਬੇਦ ਕਹਤ ਜਿਹ ਨੇਤ।।**
**ਤਨ ਮਨ ਅਟਕਿਯੋ ਚਰਨ ਕਵਲ ਸੌ ਧਨ ਨਿਵਛਾਵਰ ਦੇਤ।।**

ਹੁਣ ਅਸੀਂ ਤੇ, ਉਹ ਜਿਵੇਂ ਘਰੋੜੀ ਦੇ ਹੁੰਦੇ ਨੇ—ਪੂੰਝਣ, ਮਗਰਲੇ ਰਹਿ ਗਏ ਹਾਂ। ਉਹ ਸਿੱਖ ਹੁਣ ਤਕ—ਇੱਕ ਮਾਈ ਅਜੇ ਜਿਊਂਦੀ ਹੈ ਮੁਠੱਡਿਆਂ ਵਿੱਚ ਜਿਨ੍ਹੇ, ਸਤਿਗੁਰਾਂ ਦੇ ਦਰਸ਼ਨ ਕੀਤੇ ਹੋਏ ਹਨ—ਉਹ ਏਸ ਯਾਦ ਵਿੱਚ ਹੀ ਉਹਨਾਂ ਦੀ ਉਮਰ ਸਾਰੀ ਗੁਜ਼ਰੀ ਔਰ ਉਹਨਾ ਨੇ ਬਿਨਾਂ ਯਾਦ ਤੋਂ ਹੋਰ ਕੋਈ ਚੀਜ਼ ਧਿਆਨ ਵਿੱਚ ਨਹੀਂ ਲਿਆਂਦੀ। ਸਾਡਾ ਧਿਆਨ ਹੋਰ ਪਾਸੇ ਨੂੰ ਜਾਂਦਾ ਹੈ। ਜਿਹੜੇ ਪਾਸੇ ਨੂੰ ਸਾਡਾ ਧਿਆਨ ਜਾਂਦਾ ਹੈ, ਉਹ ਸਾਨੂੰ ਮਿਲਦਾ ਹੈ। ਸਿੱਖ ਦਾ ਕੰਮ, ਜਿਸ ਤਰ੍ਹਾਂ ਇਸਤਰੀ ਜੇ ਪਤੀ ਨੂੰ ਛੱਡ ਕੇ ਲਾਂਭ ਭਟਕਦੀ ਹੈ ਤਾਂ ਓਸ ਦਾ ਨਾਂਉਂ ਛਨਾਰ ਪੈਂਦਾ ਹੈ। ਜੇ ਸਿੱਖ ਗੁਰੂ ਨੂੰ ਛਡਕੇ, ਭਾਈ ਗੁਰਦਾਸ ਕਹਿੰਦਾ ਹੈ–

*ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ,*
*ਸਹੈ ਜਮ ਡੰਡ ਧ੍ਰਿਗ ਜੀਵਨੁ ਸੰਸਾਰ ਹੈ।*

*– ਕਬਿਤ-੪੬੭*

ਤਾਂ ਉਹਨੇ ਗੋਪੀਆਂ ਨੂੰ ਮੋਹਿਆ, ਕਹਿੰਦੇ ਨੇ–

*ਜੱਸਾ ਸਿੰਘ ਜਯਾ ਮੋਖ ਦੇ।।੨੩।।*

ਹੇ ਸਤਿਗੁਰੂ ਰਾਮ ਸਿੰਘ, ਜਿਹਨੇ ਜੱਸਾ ਸਿੰਘ ਨੂੰ ਬਣਾਇਆ ਪਿਤਾ—ਕਿਉਂਕਿ ਪਿਤਾ ਤੇ ਮਾਤਾ ਉਹਦਾ ਕੋਈ ਹੈ ਹੀ ਨਹੀਂ—ਮੈਨੂੰ ਭੀ ਮੋਖ ਦੇਹ। ਸੰਤ ਜੀ ਕਹਿੰਦੇ ਨੇ—ਮੇਰੇ ਉੱਤੇ ਕਿਰਪਾ ਕਰੋ, ਮੈਨੂੰ ਬਖ਼ਸ਼ਿਸ ਕਰੋ ਮੋਖ ਦੀ।

ਮੈਂ ਹੁਣ ਖਿਮਾਂ ਮੰਗਦਾ ਹਾਂ ਸਾਧ ਸੰਗਤ ਤੋਂ। ਬੋਲਿਆ ਨਹੀਂ ਜਾਂਦਾ। ਇਹ ਸਾਧ ਸੰਗਤ ਦੀ ਕਿਰਪਾ ਦਾ ਫਲ ਹੀ ਹੈ ਏਨਾ ਚਿਰ ਜਿਹੜਾ ਵਕਤ ਲੰਘਿਆ ਹੈ। ਅਰਜ਼ ਹੈ ਸਾਧ ਸੰਗਤ ਇੱਕੋ ਚੀਜ਼ ਹੈ ...........।

ਸਤਿਗੁਰੂ ਸੱਚੇ ਪਾਤਸ਼ਾਹ ਜਿਸ ਵੇਲੇ ਪਰਾਗ ਰਾਜ ਆਏ—ਜ਼ਰਾ ਧਿਆਨ ਦੇਣਾਂ—ਐਵੇਂ ਬਾਹਰ ਜਾ ਕੇ ਹੋਰ ਤਰ੍ਹਾਂ ਗੱਲਾਂ ਬਣਾਕੇ ਨਾ ਕਰੀ ਜਾਣੀਆਂ, ਜ਼ਰਾ ਮੇਰੀ ਗੱਲ ਵੱਲ ਧਿਆਨ ਦੇ ਕੇ ਚੰਗੀ ਤਰ੍ਹਾਂ ਇਹਨੂੰ ਸੋਚ ਲੈਣਾ ਕਿਉਂਕਿ ਕੋਈ ਆਦਮੀ ਕਹਿੰਦੇ ਨੇ, ਇਹਨੇ ਕੀ ਆਖਿਆ ਹੈ।

ਇੱਕ ਵੇਰ ਭਾਈ ਹੀਰਾ ਸਿੰਘ ਹੁਰੀਂ, ਭਾਗ ਸਿੰਘ ਹੁਰੀਂ ਸਿੰਘ ਸਭਾ ਦੇ ਰਾਗੀ ਸਨ, ਉਹਨਾਂ ਨੇ ਇਹ ਗੱਲ ਕਰ ਦਿੱਤੀ ਕਿ ਨਾਮ ਗਿਰੀ ਹੈ ਤੇ ਬਾਣੀ ਛਿਲੱੜ ਹੈ, ਤੇ ਉਹਨਾਂ ਦੇ ਗਲ ਪੈ ਗਏ। ਸੋਚ ਸਮਝ ਨਹੀਂ ਕੀਤੀ। ਜਦੋਂ ਲਿਖਿਆ ਹੈ ਕਿ–

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ।।**
**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ।।**

*– ਗਉੜੀ ਮ:੧, ਪੰਨਾ–੨੬੨*

ਸਿਮਰਨ ਬਾਣੀ ਤਾਂ ਨਹੀਂ—ਸੁਖਮਨੀ, ਆਸਾ ਦੀ ਵਾਰ, ਜਪੁ ਸਾਹਿਬ, ਜਾਪੁ ਸਾਹਿਬ ਸਿਮਰਨ ਨਹੀਂ—ਇਹ ਬਾਣੀ ਹੈ। ਸਿਮਰਨ ਉਹ ਹੈ ਜਿਹੜਾ ਨਾਮ ਹੈ, ਜਿਹੜਾ ਸਤਿਗੁਰਾਂ ਨੇ ਲਿਖਿਆ ਹੈ ਜਪੁ ਸਾਹਿਬ 'ਚ–

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

*– ਪੰਨਾ-੪*

ਉਹ ਨਾਮ ਜਿਹੜੀ ਚੀਜ਼ ਸੀ—ਉਹਨਾਂ ਨੇ ਇਹ ਗੱਲ ਕਹਿ ਦਿੱਤੀ —ਨਾਸਮਝ। ਸਤਿਗੁਰੂ ਸੱਚੇ ਪਾਤਸ਼ਾਹ ਪਰਾਗ ਰਾਜ ਜਿਸ ਵੇਲੇ ਆਏ, ਇੱਕ ਦਿਨ ਸਮੇਤ ਸੂਬਿਆਂ ਦੇ ਬੈਠੇ। ਬੈਠੇ ਬੈਠੇ ਕਹਿਣ ਲੱਗੇ—ਬਾਣੀ ਬੜੀ ਚੀਜ਼ ਹੈ। ਜ਼ਰਾ ਕੁ ਪਿੱਛੋਂ ਆਖਣ ਲੱਗੇ—ਬਾਣੀ ਤਾਂ ਨਾੜ ਹੈ, ਸਿੱਟਾ ਨਾਮ ਹੈ। ਫੇਰ ਜ਼ਰਾ ਕੁ ਚਿਰ ਬੈਠੇ ਤੇ ਆਖਣ ਲੱਗੇ—ਨਾਮ ਵੀ ਤੋਹ ਹੀ ਹੈ।

ਤਾਂ, ਬਾਬਾ ਜਵਾਹਰ ਸਿੰਘ ਜੀ ਜਿਹੜੇ ਸਨ—ਭਾਵੇਂ ਸਤਿਗੁਰ ਉਹਨਾਂ ਦੇ ਆਇਆਂ ਤੇ ਉਠ ਖੜ੍ਹੇ ਹੁੰਦੇ ਸਨ—ਭਾਵੇਂ ਉਹ ਜਿਸ ਨੂੰ ਬਖ਼ਸ਼ਵਾ ਲੈਣ, ਪਰ ਗੱਲ ਇਹ ਹੈ ਦਿਵਾਨ ਜੀ ਨੇ ਲਿਖਿਆ ਹੈ ਗੁਰੂ ਗੋਬਿੰਦ ਸਿੰਘ ਨੂੰ ਕਿ—ਉਹ ਹਮੇਸ਼ਾ ਸਾਹਿਬ ਅਸਤੋ, ਮਾ ਹਮੇਸ਼ਾ ਬੰਦਾ ਏਮ।

ਬਾਬਾ ਬੁੱਢਾ ਜੀ ਦਾ ਕਿੰਨਾ ਅਦਬ ਸੀ ਗੁਰੂ ਘਰ ਵਿੱਚ, ਪਰ ਪੁਸਤਕ ਮੋਹਨ ਜੀ ਤੋਂ ਗੁਰੂ ਅਰਜਨ ਜੀ ਹੀ ਲਿਆਏ ਜਾ ਕੇ। ਬਾਬੇ ਬੁੱਢੇ ਜੀ ਤੋਂ ਨਾ ਹੀ ਉਹਨਾਂ ਦੀ ਸਮਾਧੀ ਖੁੱਲ੍ਹੀ। ਸਾਹਿਬ ਸਦਾ ਸਾਹਿਬ ਹੈ, ਬੰਦਾ ਸਦਾ ਬੰਦਾ ਹੈ। ਭਾਵੇਂ ਆਪਣੀ ਕਿਰਪਾ ਨਾਲ ਉਹਨੂੰ ਕਿੰਨਾ ਉੱਚਾ ਕਰ ਲੈਣ। ਤਾਂ ਬਾਬਾ ਜੀ ਪਿੱਟਣ ਲੱਗ ਪਏ—ਬਾਬਾ ਜਵਾਹਰ ਸਿੰਘ ਜੀ—ਕਹਿਣ ਲੱਗੇ,''ਫਿਰ ਦੱਸ ਹੋਰ ਕੀ ਹੈ ?''

ਸਤਿਗੁਰ ਕਹਿੰਦੇ ਨੇ,''ਬਾਬਾ ਜੀ, ਜੇ ਬਾਣੀ ਪੜ੍ਹਕੇ, ਜੇ ਭਜਨ ਕਰਕੇ ਇਹਨੂੰ ਸਤਿਗੁਰੂ ਤੇ ਸਿਦਕ ਆ ਗਿਆ ਬਈ, ਇਹ ਅਕਾਲ ਪੁਰਖ ਹੈ ਤਾਂ ਤੇ ਇਹਦੀ ਬਾਣੀ ਪੜ੍ਹੀ, ਭਜਨ ਕੀਤਾ ਹੋ ਗਿਆ ਸਫਲਾ। ਜੇ ਇਸ ਨੂੰ ਸਿਦਕ ਨਹੀਂ ਆਇਆ ਤਾਂ ਇਹਦੀ ਬਾਣੀ ਤੇ ਨਾਮ ਨਿਸਫਲ ਜਾਂਦੇ ਹਨ।''

ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ, ਸਮਾਂ ਬੜਾ ਭਿਆਨਕ ਹੈ, ਬੜੇ ਬੜਿਆਂ ਦੇ ਪੈਰ ਹਿਲਾ ਦਿੰਦਾ ਹੈ, ਇਹ ਮੰਗ ਮੰਗਿਆ ਕਰੋ,''ਹੇ ਸੱਚੇ

ਪਾਤਸ਼ਾਹ ! ਸਾਡੇ ਉੱਤੇ ਮਨਮੁਖੀ, ਬੇਮੁਖੀ, ਤੇ ਹੱਥ ਦੇ ਕੇ ਰੱਖ ਲਈਂ, ਸਿਦਕ ਦਾ ਦਾਨ ਦੇਈਂ।'' ਜੇ ਸਿਦਕ ਨਹੀਂ ਤਾਂ ਕੁਛ ਭੀ ਨਹੀਂ, ਜੇ ਸਿਦਕ ਹੈ ਤਾਂ ਸਭੋ ਕੁਛ ਹੈ। ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ, ਸਿਦਕ ਦਾ ਦਾਨ ਮੰਗਿਆ ਕਰੋ, ਸਤਿਗੁਰੂ ਕਿਰਪਾ ਕਰਨ, ਇਹ ਸਮਾਂ ਭਿਆਨਕ ਹੈ, ਜਿਹਦੇ ਵਿੱਚ ਅਸੀਂ ਲੰਘ ਰਹੇ ਹਾਂ। ਉਹ ਸਾਡੇ ਤੇ ਬਖ਼ਸ਼ਿਸ ਕਰਨ, ਤੇ ਆਪਣੇ ਨਾਮ ਦੀ ਲਾਜ ਉਹਨਾਂ ਨੂੰ ਹੀ ਹੈ, ਜਿਹੜਾ ਗੁਰੂ ਅਰਜਨ ਦੇਵ ਨੇ ਲਿਖਿਆ ਹੈ–

**ਗਈ[੨੬] ਬਹੋੜੁ[੨੭] ਬੰਦੀ[੨੮] ਛੋੜੁ ਨਿਰੰਕਾਰੁ ਦੁਖ ਦਾਰੀ[੨੯]।।**
**ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆ ਧਾਰੀ।।**
**ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ।।**

*– ਸੋਰਠ ਮ:੫, ਪੰਨਾ–੬੨੪*

ਗੁਰੂ ਨਾਨਕ ਦੇਵ ਨੇ ਕਿਹਾ ਹੈ–

**ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ।।**

*– ਬਿਲਾਵਲ ਮ:੧, ਪੰਨਾ–੭੯੫*

ਸੱਚਿਆ ਪਾਤਸ਼ਾਹ ! ਨਾਂਉਂ ਪੈ ਗਿਆ ਹੈ ਨਾਮਧਾਰੀ, ਜਿਹੜਾ ਨਾਉਂ ਪੈ ਚੁੱਕਾ ਹੈ, ਤੂੰ ਆਪਣੀ ਬਖ਼ਸ਼ਿਸ ਕਰ ਤੇ ਸਾਨੂੰ ਬਖ਼ਸ਼।

ਹੁਣ ਏਥੇ ਹੀ ਸਮਾਪਤ ਕਰਕੇ ਸਿਮਰਨ ਕਰਦੇ ਹਾਂ।

## ਟਿੱਪਣੀਆਂ

★ ਭਵਿਖਤ ਪੁਰਾਣ–

*ਮੁਲਾਕਾਤ ਬਖਯਾਤ, ਸ਼ਾਹਿ ਗੁਰ ਕੀ ਜਬ ਹੋਈ।*
*ਨਿਜ ਬਜ਼ੀਰ ਸੋ ਕਹਯੋ, ਸ਼ਾਹਿ ਯਹਿ ਫੱਕਰ ਸੋਈ।*
*ਗਜ਼ਨੀ ਮੁਝ ਕੋ ਖ਼੍ਵਾਬ ਬੀਚ, ਜਿਨਿ ਥਾ ਅਸ ਭਾਖਾ।*
*ਚਲੋ ਹਿੰਦ ਕੇ ਬਨੋ ਸ਼ਾਹਿ, ਮੈਂ ਹੂੰ ਤੁਵ ਰਾਖਾ।।੧੨੪।।*
*ਯਹਿ ਕਹਿ ਪੁਨ ਪਤਸ਼ਾਹਿ, ਗੁਰੂ ਕੇ ਪਗ ਲਪਟਾਨਾ।*
*ਧਰੀ ਨਜ਼ਰ ਜ਼ਰ ਘਨੀ, ਗੁਰੂ ਨਹਿ ਲੀਨੋ ਆਨਾ।*
*ਫਿਰ ਬਾਬਰ ਨੇ ਭੰਗ, ਸਾਤ ਮੁੱਠੀ ਭਰ ਦੀਨੀ।*
*ਜਾਂ ਬਦਲੇ ਗੁਰ ਤਾਂਹਿ, ਸਾਤ ਸ਼ਾਹੀ ਬਖਸ਼ੀਨੀ।।੧੨੫।।*
*ਨਜ਼ਰੀ ਨਜ਼ਰ ਨਿਹਾਲ, ਗੁਰੂ ਸਮ ਗੁਰ ਹੀ ਜਾਨੋ।*
*ਤੈਸੀ ਦੀਨੀ ਦਾਤ, ਜੈਸ ਥੇ ਆਪ ਪ੍ਰਮਾਨੋ।*
*ਤੁਜ਼ਕ ਬਾਬਰੀ ਵੀਚ, ਸ਼ਾਹਿ ਬਾਬਰ ਖੁਦ ਲਿਖਯੋ।*
*ਹਿੰਦੂ ਨਾਨਕ ਪੀਰ ਹਿੰਦ ਮੈਂ, ਮੈਂ ਬਡ ਪਿਖਯੋ।।੧੨੬।।*
*ਗੁਰ ਤੇ ਆਗਯਾ ਪਾਇ, ਜਾਇ ਦਿਲੀ ਤਿਨਿ ਲੀਨੀ।*
*ਪਤਸ਼ਾਹੀ ਭਲ ਤੌਰ, ਸਾਤ ਪੀੜ੍ਹੀ ਤਿਨਿ ਕੀਨੀ।*
*ਹੁਤੋ ਪੰਦ੍ਰਾ ਸੈ ਅਠੱਤ੍ਰਾ, ਸੰਮਤ ਜਾਨੋ।*
*ਸ਼ਬਦ ਗੁਰੂ ਕਾ ਭਯਾ ਸਫਲ, ਜੋ ਪਹਿਲ ਬਖਾਨੋ।।੧੨੭।।*
*ਮਰਦਾਨੇ ਪੁਨੁ ਗੁਰੂ ਪਾਸ, ਅਸ ਅਰਜ਼ ਗੁਜ਼ਾਰੀ।*
*ਸ਼ਾਹੀ ਤੁਰਕੈਂ ਦਈ, ਕਰੈ ਕਿਆ ਉੱਮਤ ਥਾਰੀ।*
*ਤਬਿ ਗੁਰੁ ਨਾਨਕ ਕਹਯੋ, ਸਾਤ ਸਿਰ ਹਮ ਨਿਜ ਦੈ ਕੈ।*
*ਪਤਸ਼ਾਹੀ ਫਿਰ ਦੈਂਹ, ਆਪਨੇ ਸਿੱਖੈਂ ਲੈ ਕੈ।੧੨੮।।*
*ਕਬਿੱਤ।*
*ਸੋਈ ਬਾਤ ਲੇਹੁ ਚੀਨ ਸਿਰ ਸਾਤ ਦੀਨ,*
*ਪਾਂਚਮੇਂ, ਅਸ਼ਟ ਗੁਰ, ਨੌਮ ਪਹਿਚਾਨੀਏ।*
*ਚਾਰੋ ਸੁਤ ਦਸਮ ਗੁਰੂ ਕੇ ਏਈ ਸਾਤ ਸਿਰ,*

*ਦੈ ਕੈ ਫਿਰ ਲੈ ਕੈ ਦਈ ਸਿੱਖਨ ਮਹਾਨੀਏ।*
*ਬਾਬਰ, ਹਿਮਾਊਂ, ਅਕਬਰ, ਜਹਾਗੀਰ ਬੀਰ,*
*ਸ਼ਾਹ ਜਹਾਂ, ਔਰੰਗ, ਬਹਾਦਰ ਪ੍ਰਮਾਨੀਏ।*
*ਸਾਤ ਸ਼ਾਹ ਭਏ ਯੇ ਚੁਗੱਤੇ ਅਲਵੱਤੇ ਨੀਕ,*
*ਫੇਰ ਪਰੋ ਰੌਰ ਸ਼ਾਹੀ ਜਾਤ ਰਹੀ ਜਾਨੀਏ।।੧੨੯।।*

*– ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾਂ–੫੫੨*

## ਸ਼ਬਦਾਰਥ

੧ ਬੰਸਰੀ।
੨ ਗਊਆਂ ਨੂੰ।
੩ ਚਾਰਦਾ ਹੈ।
੪ ਲੁੱਟਦੇ (ਠੱਗਦੇ) ਹਨ।
੫ ਗਮੀ।
੬ ਮਾਇਆ।
੭ ਕਾਮਨਾ, ਇੱਛਾ।
੮ ਮੋਖਸ਼, ਮੁਕਤੀ।
੯ ਦੇਣ ਲੱਗਿਆਂ।
੧੦ ਦੇਰੀ।
੧੧ ਸਰਦ ਰੁਤਿ।
੧੨ ਪ੍ਰੇਮ ਰਸ ਚੱਖਣ ਵਾਲਾ।
੧੩ ਗੋਪੀਆਂ, ਗੁਆਲਣਾਂ।
੧੪ ਬਹੁਤ ਜੱਸ—ਕੀਰਤਿ ਦਾ ਮਾਲਕ।
੧੫ ਪਾਪਾਂ ਨਾਲ ਮੈਲੇ ਹੋਏ ਬੰਦੇ।
੧੬ ਚਰਨ ਛੂੰਹਦਿਆਂ ਸਾਰ।
੧੭ ਪਾਪ ਦੂਰ ਹੋ ਜਾਂਦੇ ਹਨ।
੧੮ ਬ੍ਰਿਜ ਪਿੰਡ ਦੀਆਂ ਮੁਟਿਆਰਾਂ, ਗੋਪੀਆਂ।
੧੯ ਮੋਹ ਲੈਣ ਵਾਲੇ ਪ੍ਰੀਤਮ, ਕਾਨ੍ਹ ਜੀ।
੨੦ ਦੇਈਏ।
੨੧ ਕਾਲੇ।
੨੨ ਪਲੰਘ।
੨੩ ਚੜ੍ਹ ਕੇ।
੨੪ ਆਪਣੀ ਇੱਛਾ ਦੇ।
੨੫ ਪਵਿਤ੍ਰ।
੨੬ ਲੰਘ ਗਈ ਅਵਸਥਾ ਨੂੰ।
੨੭ ਮੋੜਨ ਵਾਲਾ, ਸਫਲਾ ਕਰਨ ਵਾਲਾ।
੨੮ ਸੰਸਾਰਕ ਮਾਇਆ ਦੀ ਫਾਹੀ।
੨੯ ਦੁੱਖ ਦੂਰ ਕਰਨ ਵਾਲਾ।

# ਬੈਂਕੋਕ ੭-੨-੧੯੫੫

## ਸਾਦਰ ਯਾਦ ਕਰੇ ਹੋਇ ਆਦਰ

*ਕਬਿਤ।*
*ਸਦਾ ਹੀ ਮੌਜੂਦ ਆਨਾ ਜਾਵਣਾ ਨ ਬਣੇ ਯਾ ਮੈ,*
*ਹਮਰੇ ਵਜੂਦ ਰੋਮ ਰੋਮ ਮਾਹਿ ਵਸੇ ਹੈ।*
*ਪਾਪਨ ਅਲੂਦ ਔ ਖਰੂਦ ਵਿਸ਼ੇ ਦੂਤ ਕਾਢ ਨਾਮ ਸੁਧ,*
*ਦੂਧ ਪਿਆਏ ਪਿਜੇ ਪਾਪ ਨਸੇ ਹੈ।*
*ਕਾਢ ਤੁਮੇ ਮੂਲ ਔ ਮਤੀਰੇ ਬੇਲ ਫਲ*
*ਫੂਲ ਕਿਤੋ ਮੀਨ[੧] ਆਬ ਕੂਲ ਮਿਲੇ ਖੁਸੀ ਵਸੇ ਹੈ।*
*ਮੋ ਸੇ ਜੋ ਨਬੂਦ ਕੀਟ ਜਨਮ ਸੂਦ ਧਿਆਨ ਹਰੀ*
*ਗੁਰੂ ਰਾਮ ਸਿੰਘ ਦਿਆਲ ਸਾਚੋ ਮਗ ਦਸੇ ਹੈ।।੧।।*

ਤੁੰਮੇਂ ਦੇ ਪੱਤਰ ਜ਼ਰਾ ਛੋਟੇ ਹੁੰਦੇ ਹਨ, ਮਤੀਰੇ ਦੇ ਜ਼ਰਾ ਵੱਡੇ ਹੁੰਦੇ ਹਨ, ਉਸੇ ਤਰ੍ਹਾਂ ਹੀ ਪਾਟਵੇਂ ਪੱਤਰ, ਉਸੇ ਹੀ ਰੰਗ ਦੇ ਫੁੱਲ। ਕਹਿੰਦੇ ਨੇ—ਤੁੰਮੇ ਦੀ ਜੜ੍ਹ ਕੱਢ ਦਿੱਤੀ, ਅੰਦਰੋਂ ਕਾਮ, ਕ੍ਰੋਧ ਕੱਢ ਦਿੱਤਾ, ਲਾ ਦਿੱਤੀ ਮਤੀਰੇ ਦੀ ਵੇਲ—ਸਤ, ਸੰਤੋਖ, ਦਇਆ, ਧਰਮ ਕਰ ਦਿੱਤੇ। ਅੰਦਰ ਕਰ ਦਿੱਤੀ ਕਿਰਪਾ।

*ਕਾਢ ਤੁਮੇ ਮੂਲ ਔ ਮਤੀਰੇ ਬੇਲ ਫਲ ਫੂਲ।*

ਤੁੰਮੇਂ ਦੀ ਵੇਲ ਕੱਢ ਕੇ ਮਤੀਰੇ ਦੀ ਵੇਲ ਲਾ ਕੇ ਉਹਨੂੰ ਫਲ ਲਾਏ ਮਿੱਠੇ।

*ਕਿਤੋਂ ਮੀਨ ਆਬ ਕੂਲ ਮਿਲੇ ਖੁਸੀ ਵਸੇ ਹੈ।*

ਕਿਸ ਤਰ੍ਹਾਂ—ਜਿਸ ਤਰ੍ਹਾਂ ਮੱਛੀ ਨੂੰ ਪਾਣੀ ਦੀ ਕੂਲ ਮਿਲੇ ਤਾਂ ਉਹ ਸੁਖੀ ਹੁੰਦੀ ਹੈ। ਇਸੇ ਤਰ੍ਹਾਂ—**ਸੀਤਲ ਨਾਮੁ ਦੀਓ**—ਸੀਤਲ ਨਾਮ ਦੇ ਕਰਕੇ ਠੰਢੇ ਕਰ ਦਿੱਤਾ।

*ਮੋ ਸੋ ਜੇ ਨਬੂਦ ਕੀਟ ਜਨਮ ਸੂਦ ਧਿਆਨ ਹਰੀ,*

ਧਿਆਨ ਸਿੰਘ ਜੀ ਕਹਿੰਦੇ ਹਨ—ਮੇਰੇ ਜੈਸੇ ਨਾ-ਬੂਦ, ਨਾ ਹੋਏ, ਕੀੜੇ ਸੂਦ ਜਨਮ—ਸੂਦਰ ਦੇ ਜਨਮ, ਜਿਹੜੇ ਨੀਚ ਜਨਮ ਦੇ ਸਨ। ਧਿਆਨ ਸਿੰਘ ਜੀ ਕਹਿੰਦੇ ਹਨ-

*ਗੁਰੂ ਰਾਮ ਸਿੰਘ ਦਿਆਲ ਸਾਚੋ ਮਗ ਦਸੇ ਹੈ।।੧।।*

ਮੇਰੇ ਜੈਸੇ ਪਾਪੀਆਂ ਨੂੰ ਸਤਿਗੁਰਾਂ ਨੇ ਸੱਚੇ ਰਸਤੇ ਪਾ ਦਿੱਤਾ।।

*ਸਵੈਯਾ। ਕਾਦਰ ਸਾਦਰ ਸੇਰ ਬਹਾਦਰ,*

ਸਤਿਗੁਰੂ ਕੈਸਾ ਹੈ—ਉਹ ਕਾਦਰ ਹੈ, ਉਹ ਸ੍ਰਿਸ਼ਟੀ ਦੇ ਕਰਨ ਵਾਲਾ ਹੈ, ਉਹ ਸਹਿਤ ਆਦਰ ਦੇ, ਪਿਆਰ ਕਰਨ ਵਾਲਾ ਹੈ।

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ[2]।।**
**ਹਉ ਸੰਮਲਿ[3] ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।**

*- ਸੂਹੀ ਮ:੫, ਪੰਨਾ-੭੮੪*

*ਉਹ ਸਾਦਰ*—ਸਹਿਤ ਆਦਰ ਦੇ ਰਹਿੰਦਾ ਹੈ ਔਰ ਫੇਰ ਕੈਸਾ ਹੈ—*ਸੇਰ ਬਹਾਦਰ ਹੈ*—ਸ਼ੇਰ ਜੈਸਾ ਹੈ, ਔਰ ਬਹਾਦਰ ਹੈ। ਸਿੰਘ ਦਾ ਕੰਮ ਹੈ, ਸਿੰਘ ਦੇ ਹੁੰਦਿਆਂ ਮਿਰਗਾਬਲੀ ਨਹੀਂ ਰਹਿੰਦੀ। ਸਤਿਗੁਰੂ ਦੀ ਕਿਰਪਾ ਜਿੱਥੇ ਹੋਵੇ, ਉੱਥੇ ਵਿਸ਼ੇ ਵਿਕਾਰ ਸਭ ਦੂਰ ਹੋ ਜਾਂਦੇ ਹਨ।

*ਬਾਦਰ ਦਾਦਰ[4] ਮੋਰ ਸਹਾਈ*

ਕਿਸ ਤਰ੍ਹਾਂ ਦਾ ਹੈ—ਜਿਸ ਤਰ੍ਹਾਂ ਬੱਦਲ ਜਿਹੜਾ ਹੈ, ਉਹ ਪਪੀਹੇ ਨੂੰ, ਔਰ ਮੋਰ ਦੀ ਜਿਵੇਂ ਸਹਾਇਤਾ ਕਰਦਾ ਹੈ। ਜਿਸ ਤਰ੍ਹਾਂ ਬੱਦਲ ਦੇ ਨਾਲ ਮੋਰ ਅਤੇ ਪਪੀਹੇ ਰਾਜ਼ੀ ਹੁੰਦੇ ਹਨ, ਇਸੇ ਤਰ੍ਹਾਂ ਆਪਣੇ ਸੇਵਕਾਂ ਦੀ

ਸਹਾਇਤਾ ਕਰਦਾ ਹੈ।

*ਸਾਦਰ ਯਾਦ ਕਰੇ ਹੋਇ ਹਾਦਰ* [੫]

ਜਿਹੜਾ ਸਹਿਤ ਆਦਰ ਦੇ, ਜਿਹੜਾ ਪ੍ਰੇਮ ਨਾਲ ਉਹਨਾਂ ਨੂੰ ਯਾਦ ਕਰੇ, ਉਹ ਹਾਜ਼ਰ ਹੁੰਦਾ ਹੈ। ਮੈਂ ਕੱਲ ਅਰਜ਼ ਕਰੀ ਸੀ ਕਿ ਸਤਿਗੁਰੂ ਸੱਚੇ ਪਾਤਸ਼ਾਹ ਰੰਗੂਨ, ਸੰਤ ਜਿਊਣ ਸਿੰਘ ਹੁਰਾਂ ਤਰਨ ਤਾਰਨ ਦੇ ਪਾਸ ਯਾਦ ਕੀਤਾ, ਉਸੇ ਵਕਤ ਦਰਸ਼ਨ ਦਿੱਤਾ। ਜਦੋਂ ਕੋਈ ਯਾਦ ਕਰੇ, ਉਹ ਅੱਠ ਸੌ ਕੋਹ ਉੱਤੇ, ਭਾਈ ਰਾਇ ਸਿੰਘ ਜਿਹੜਾ ਹਜੂਰ ਸਾਹਿਬ ਨੂੰ, ਹਜ਼ੂਰ ਨੇ ਭੇਜਿਆ—ਦੋ ਸੈ ਜੋਜਨ ਪੈਂਡਾ ਚੂਰਨ—ਲਿਖਿਆ ਹੈ। ਦੋ ਸੌ ਜੋਜਨ—ਜਿਹੜਾ ਅੱਠ ਸੌ ਕੋਹ ਪੈਂਡਾ, ਜਿਹੜਾ ਆਦਰ ਦੇ ਨਾਲ ਯਾਦ ਕਰੇ ਤਾਂ ਪਹੁੰਚਦਾ ਹੈ—ਉੱਥੇ ਤੂਰਨ। ਉਹ ਚੀਨੀ ਦੀ ਕਰਕੇ ਸਵਾਰੀ, ਆ ਕੇ ਉਸਨੂੰ ਦਿੱਤਾ ਦਰਸ਼ਨ। ਦੱਸਣ ਵਾਸਤੇ ਸਾਧ ਸੰਗਤ ਦੇ ਤਾਂ ਕਿ ਪਿੱਛੇ ਭੁਲੇਖਾ ਨਾ ਰਹਿ ਜਾਏ—ਸਿੰਘ ਕਹਿੰਦੇ ਹਨ,''ਮਹਾਰਾਜ, ਸਾਰੀ ਰਾਤ ਜਾਗਦਿਆਂ ਲੰਘਾਈ ਹੈ, ਘੋੜੀ ਮੁੜ੍ਹਕਾ ਮੁੜ੍ਹਕਾ ਹੋਈ ਹੋਈ ਹੈ, ਗਿੱਟਿਆਂ ਤਕ ਮੁੜ੍ਹਕਾ ਵਗਿਆ ਹੋਇਆ ਹੈ, ਕਾਠੀ ਦੇ ਨਿਸ਼ਾਨ ਉੱਤੇ ਪਏ ਹੋਏ ਹਨ।''

ਸਤਿਗੁਰੂ ਮੁਸਕਰਾ ਕੇ ਕਹਿੰਦੇ ਨੇ,''ਅੱਛਾ ਭਾਈ ਕੋਈ ਵੇਲਾ ਆਏਗਾ ਤਾਂ ਲੱਗ ਜਾਏਗਾ ਪਤਾ।''

ਤਾਂ ਉਹਦੀ ਉੱਥੇ ਜਾ ਕੇ ਸਹਾਇਤਾ ਕਰੀ। ਇੱਕ ਦੀ ਸਹਾਇਤਾ ਦੀ ਗੱਲ ਨਹੀਂ, ਕੋਈ ਗਿਣਤੀ ਨਹੀਂ ਹੋ ਸਕਦੀ, ਕਿਨੇਂ ਕੁ ਗਿਣੀਏ ? ਭਾਈ ਕਟਾਰੂ ਦੀ ਕਾਬੁਲ ਵਿੱਚ ਬੈਠੇ ਦੀ—ਪਰ ਉਹਨੇ ਜਾਣ ਕੇ ਵੱਟਾ ਘੱਟ ਨਹੀਂ ਸੀ ਕੀਤਾ ਹੋਇਆ, ਉਹਦੀ ਆਪਣੀ ਬਦਨੀਅਤ ਨਹੀਂ ਸੀ। ਉਸਦੀ ਉੱਥੇ ਸਹਾਇਤਾ, ਗੁਰੂ ਅਰਜਨ ਦੇਵ ਮਹਾਰਾਜ, ਪੰਜ ਪੈਸੇ ਹੱਥ 'ਚ ਫੜੇ ਹੋਏ ਹਨ ਅੰਮ੍ਰਿਤਸਰ ਜੀ, ਸਿੱਖ ਪੁੱਛਦੇ ਹਨ, ਕਹਿੰਦੇ ਹਨ—ਉਸਦਾ ਵੱਟਾ ਪੂਰਾ ਕੀਤੈ।

ਜਦੋਂ ਅਸੀਂ ਪੜ੍ਹਦੇ ਹਾਂ ਇਤਹਾਸ, ਜਦੋਂ ਅਸੀਂ ਦੇਖਦੇ ਹਾਂ ਗੁਰ ਸਿੱਖੀ, ਫੇਰ ਸਾਨੂੰ ਜਿਹੜਾ ਪਤਾ ਲਗਦਾ ਹੈ, ਕਿ ਸਿੱਖਾਂ ਦਾ ਕੰਮ ਮਾਸ ਖਾਣਾ ਨਹੀਂ; ਸਿੱਖਾਂ ਦਾ ਕੰਮ ਜੀਵ ਹਿੰਸਾ ਕਰਨੀ ਨਹੀਂ। ਪਹਿਲੀ ਪਾਤਸ਼ਾਹੀ ਗੁਰੂ ਨਾਨਕ

ਦੇਵ ਮਹਾਰਾਜ ਜਿਸ ਵਕਤ ਜਾਂਦੇ ਹਨ ਦੇਵਲੂਤ ਦੇ ਪਾਸ। ਤਾਂ ਦੇਵਲੂਤ ਅਗੋਂ ਅਰਜ਼ ਕਰਦਾ ਹੈ–

*ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ।*

ਹੇ ਮਹਾਰਾਜ ! ਬਣਾ ਕੇ ਪ੍ਰਸਾਦ ਮੇਰਾ ਛਕੋ, ਮੇਰੀ ਰਸੋਈ ਕਰੋ।

*ਕਿਰਪਾ ਮੁਝ ਪਰ ਕੀਜੀਏ ਸੁਣ ਸ੍ਰੀ ਗੁਰੂ ਅਲਾਏ।*

ਤਾਂ ਅੱਗੋਂ ਸੁਣ ਕੇ ਸੱਚੇ ਪਾਤਸ਼ਾਹ ਕੀ ਹੁਕਮ ਦਿੰਦੇ ਹਨ–

*ਪ੍ਰਿਥਮ ਤਜਹੁ ਆਮਿੱਖ ਕੋ ਖਾਨਾ।*
*ਕਰਹੁ ਜਾਤ ਹਿਤ ਜੀਵਨ ਹਾਨਾ।*

ਭਾਈ ਜੇ ਤੂੰ ਸਾਨੂੰ ਪ੍ਰਸਾਦ ਛਕਾਉਣਾ ਹੈ, ਤਾਂ ਮਾਸ ਦਾ ਖਾਣਾ ਛੱਡ, ਜਿਹਦੇ ਵਾਸਤੇ ਤੂੰ ਜੀਆਂ ਨੂੰ ਮਾਰਦੈਂ।

*ਯੋ ਨਹਿ ਤੁਮਰੋ ਖਾਇ ਕਦਾ ਪੀ।*

ਇਸ ਤਰ੍ਹਾਂ ਤੇਰਾ ਕਦੇ ਵੀ ਅਸੀਂ ਨਹੀਂ ਖਾਵਾਂਗੇ।

*(ਤੁਮ) ਹੋ ਸਭ ਜੀਵਨ ਕੇ ਸੰਤਾਂਪੀ।*

*–ਨਾਨਕ ਪ੍ਰਕਾਸ਼, ਪੰਨਾ–੫੯੪*

ਕਿਉਂਕਿ ਤੂੰ ਜੀਆਂ ਨੂੰ ਦੁੱਖ ਦੇਨੈਂ। ਤੇ, ਹੁਣ ਅਸੀਂ ਕਹਿਨੇ ਹਾਂ ਸਤਿ ਸ੍ਰੀ ਅਕਾਲ ਨਾਲ ਝਟਕਾ, ਮੁਸਲਮਾਨ ਤਕਬੀਰ ਕਰਦੇ ਹਨ ਹੁਣ ਉਹਨੂੰ ਕਦੇ ਨਹੀਂ ਕੋਈ ਪੁੱਛਦਾ, ਜਿਹੜਾ ਮਰਦਾ ਹੈ—ਤੂੰ ਕਿਸ ਗੱਲੇ ਰਾਜ਼ੀ ਹੈ। ਜਿਹਦੀ ਜਾਨ ਜਾਂਦੀ ਹੈ, ਉਹਨੂੰ ਕਦੇ ਕਿਸੇ ਨੇ ਨਹੀਂ ਪੁੱਛਿਆ। ਤਾਂ, ਗੁਰੂ ਨਾਨਕ ਦੇਵ ਤੋਂ ਬਾਅਦ, ਫੇਰ ਦੇਖੋ ਭਾਈ ਤਿਲੋਕਾ ਮਹਾਰਾਜ ਦਾ ਸਿੱਖ ਗਜ਼ਨੀ ਦੇ ਬਾਦਸ਼ਾਹ ਦੇ ਕੋਲ ਰਹਿਣ ਵਾਲਾ। ਇੱਕ ਦਿਨ ਇਹ ਗੱਲ ਦਾ ਫੈਸਲਾ ਹੋਇਆ ਕਿ ਜਿਹਦੇ ਅੱਗੇ ਸ਼ਿਕਾਰ ਨਿਕਲੇ, ਓਹੀ ਮਾਰੇ। ਭਾਈ ਤਿਲੋਕਾ ਹਿਰਨੀ ਦੇ ਮਗਰ ਲਗਦਾ ਹੈ, ਗੱਭਣ ਹਿਰਨੀ ਹੈ, ਜਿਹਦੇ ਪੇਟ ਵਿੱਚ ਬੱਚੇ ਹਨ। ਜਿਸ ਵੇਲੇ ਜਾ ਕੇ ਮਾਰਦਾ ਹੈ ਤਲਵਾਰ, ਉਹ ਹਿਰਨੀ ਮਰਦੀ ਹੈ, ਉਹਦੇ ਬੱਚੇ ਤੜਪ ਕੇ ਮਰਦੇ ਹਨ। ਭਾਈ ਤਿਲੋਕੇ ਨੂੰ ਬੜਾ ਦੁੱਖ ਲੱਗਿਆ। ਤਾਂਹੀ ਦੁੱਖ ਲੱਗਿਆ ਨ, ਜੇ ਖਾਣ ਵਾਲਾ ਹੁੰਦਾ ਤਾਂ ਕਾਹਨੂੰ ਦੁੱਖ ਲੱਗਦਾ। ਏਥੇ ਜਿਹੜੇ ਲੋਕ ਖਾਣ ਵਾਲੇ ਹਨ, ਉਹ ਡੱਡਾਂ ਤੇ ਮੱਛੀਆਂ

ਦੇ ਟੋਕਰੇ ਭਰ ਭਰ ਕੇ, ਡੰਗਰ ਮਾਰ ਮਾਰ ਕੇ—ਦੁੱਖ ਲੱਗਦਾ ਹੈ ਸਵੇਰੇ ਜਦੋਂ ਚਾਰ ਵਜੇ ਆਈਦੈ—ਉਹਨਾਂ ਨੇ ਟਰੱਕ ਲੱਦੇ ਹੁੰਦੇ ਹਨ ਡੰਗਰਾਂ ਦੇ। ਭਾਈ ਤਿਲੋਕੇ ਨੂੰ ਗੁਰੂ ਦਾ ਹੁਕਮ ਨਹੀਂ ਸੀ ਨ, ਤਾਂ ਹੀ ਭਾਈ ਤਿਲੋਕੇ ਨੂੰ ਦੁੱਖ ਲੱਗਾ। ਕਾਠ ਦੀ ਤਲਵਾਰ ਬਣਾ ਲਈ। ਮਹਾਰਾਜ ਨੇ ਉਸਦੀ ਸਹਾਇਤਾ ਇਸੇ ਵਾਸਤੇ ਕੀਤੀ ਨ ਕਿ ਉਹ ਜੀਵ ਹਿੰਸਾ ਤੋਂ ਉਸ ਨੇ ਤਿਆਗ ਕੀਤਾ ਹੈ। ਜਿਸ ਵੇਲੇ ਉਸਦੀ ਚੁਗਲੀ ਹੋਈ, ਤਾਂ ਉਸ ਨੇ ਤਲਵਾਰ ਖਿੱਚ ਕੇ ਆਖਿਆ,''ਜੈਸੀ ਮੇਰਾ ਗੁਰੂ ਕਰੇ ਵੈਸੀ।'' ਉਹਨੇ ਨਹੀਂ ਆਖਿਆ, ਝੂਠ ਨਹੀਂ ਬੋਲਿਆ; ਨਾ ਉਹਨੇ ਆਖਿਆ ਮੇਰੀ ਕਾਠ ਦੀ ਹੈ; ਨਾ ਮੇਰੀ ਲੋਹੇ ਦੀ ਹੈ। ਤਾਂ ਸਤਿਗੁਰੂ ਹਾਜ਼ਰ ਹੁੰਦਾ ਹੈ ਜਿੱਥੇ ਕੋਈ ਯਾਦ ਕਰੇ।

*ਸਾਦਰ ਯਾਦ ਕਰੇ ਹੋਇ ਹਾਦਰ।*
*ਤਾ ਦਰ ਛੋਰ ਸਕੋਂ ਕਿਮ ਭਾਈ।*

ਮੈਂ ਉਹਦਾ ਲੜ—ਸੰਤ ਜੀ ਕਹਿੰਦੇ ਹਨ—ਕਿਸ ਤਰ੍ਹਾਂ ਛੱਡਾਂ, ਭਾਈ।

*ਮਾਦਰ ਆਦਰ ਬਾਲ ਰੱਖੇ,*

ਕਿਸ ਤਰ੍ਹਾਂ ਦਾ ਹੈ ਸਤਿਗੁਰੂ—ਮਹਾਰਾਜ ਬਾਣੀ ਵਿੱਚ ਲਿਖਦੇ ਹਨ–

**ਮਾਤ ਪਿਤਾ ਦਇਆ ਜਿਉ ਬਾਲਾ।।**

*– ਰਾਮਕਲੀ ਮ:੪, ਪੰਨਾ–੯੧੪*

ਕਹਿੰਦੈ—*ਮਾਦਰ ਆਦਰ ਬਾਲ ਰਖੇ*—ਜਿਸ ਤਰ੍ਹਾਂ ਮਾਤਾ ਪ੍ਰੇਮ ਦੇ ਨਾਲ, ਆਦਰ ਕਰਕੇ ਬਾਲਕ ਨੂੰ ਰੱਖਦੀ ਹੈ।

*ਤਿਮ ਚਾਦਰ ਹਿੰਦ ਬਹਾਦਰ ਪਾਈ।*

ਗੁਰੂ ਤੇਗ਼ ਬਹਾਦਰ ਦੇ ਕੀ ਲਗਦੇ ਸਨ ਹਿੰਦੂ ? ਕੀ ਉਹਦਾ ਕੁਝ ਸਵਾਰਦੇ ਸਨ ? ਉਹ ਮੌਜ ਨਾਲ ਬੈਠ ਸਕਦੇ ਸਨ; ਉਹ ਬਾਦਸ਼ਾਹਤ ਭੋਗ ਸਕਦੇ ਸਨ। ਸਤਿਗੁਰੂ ਦਾ ਕੰਮ ਹੈ, ਸਤਿਗੁਰੂ ਦਾ ਸਰੀਰ ਜਿਹੜਾ ਉਹ ਬਣਾ ਕੇ, ਮਨੁੱਖਾ ਦੇਹ ਧਾਰ ਕੇ ਆਉਂਦਾ ਹੈ—ਉਹਦਾ ਹੋਰ ਕੋਈ ਕੰਮ ਨਹੀਂ। ਉਸਦੀ ਜ਼ਰੂਰ ਟੱਕਰ ਬਾਦਸ਼ਾਹਤ ਨਾਲ ਹੁੰਦੀ ਹੈ, ਬਾਦਸ਼ਾਹ ਜਦੋਂ ਜ਼ੁਲਮ ਕਰਨ, ਜੇ ਨਾ ਕਰਨ ਤੇ ਕੋਈ ਨਹੀਂ। ਤਾਂ ਉਹਨਾਂ ਨੇ ਜਿਸ ਵੇਲੇ ਜ਼ੁਲਮ ਸ਼ੁਰੂ ਕੀਤਾ, ਤੁਰਕ ਬਣਾਉਣ ਲੱਗੇ, ਮਹਾਰਾਜ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ–

**ਤਿਲਕ ਜੰਞੂ ਰਾਖਾ ਪ੍ਰਭ ਤਾਕਾ।।**
**ਕੀਨੋ ਬਡੋ ਕਲੂ ਮਹਿ ਸਾਕਾ।।**

*- ਦਸਮ ਗ੍ਰੰਥ, ਪੰਨਾ-੫੪*

ਪਰ ਬੜੇ ਦੁੱਖ ਦੀ ਗੱਲ ਹੈ, ਹੁਣ ਉਹ ਹਿੰਦੂ ਜਿਹਨਾਂ ਦੇ ਵਾਸਤੇ ਗੁਰੂ ਸਾਹਿਬ ਨੇ ਆਪਣਾ ਸਰੀਰ ਕੁਰਬਾਨ ਕੀਤਾ, ਜਿਸ ਹਿੰਦ ਧਰਮ ਨੂੰ ਰੱਖਿਆ, ਉਹ ਆਪਣੇ ਆਪ ਹਿੰਦੂ—ਨਾ ਤਿਲਕ, ਨਾ ਜੰਞੂ, ਨਾ ਬੋਦੀ, ਆਪਣੇ ਆਪ ਕਟਾ ਕੇ ਹੁਣ ਐਸਾ ਫੈਸ਼ਨ ਬਣ ਗਿਆ ਹੈ, ਕੋਈ ਸਮਝ ਹੀ ਨਹੀਂ ਸਕਦਾ ਇਹ ਕੀ ਹੈ। ਸਤਿਗੁਰੂ ਪਰਉਪਕਾਰ ਵਾਸਤੇ ਆਉਂਦੇ ਹਨ। ਕਹਿੰਦੇ ਹਨ—ਸਾਦਰ—ਸਹਿਤ ਆਦਰ ਦੇ, ਮਾਤਾ ਪਿਤਾ ਦੀ ਤਰ੍ਹਾਂ ਸਹਾਇਤਾ ਕਰਦੇ ਹਨ। ਹਿੰਦ ਦੀ ਚਾਦਰ ਬਣਕੇ, ਸਾਹਿਬਾਂ ਨੇ ਹਿੰਦ ਨੂੰ ਬਚਾਇਆ।

*ਰਾਮ ਮ੍ਰਿੰਦ ਸੇਯ ਗੁਣ ਸਾਗਰ,*

ਸਤਿਗੁਰੂ ਰਾਮ ਸਿੰਘ ਕੈਸਾ ਹੈ ? ਉਹ ਸ੍ਰੇਯ ਹੈ, ਉਹ ਕਲਿਆਣ ਰੂਪ ਹੈ।

*ਧਿਆਨ ਹਰੀ ਸਦ ਕੇ ਗੁਣ ਗਾਈ।।੨।।*

ਉਹ ਗੁਣਾਂ ਦਾ ਸਮੁੰਦਰ ਹੈ। ਗੁਣਾਂ ਦਾ ਸਮੁੰਦਰ ਹੋਰ ਕੋਈ ਬਣ ਹੀ ਨਹੀਂ ਸਕਦਾ ਬਿਨਾਂ ਸਤਿਗੁਰੂ ਤੋਂ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲਿਖਦੇ ਹਨ-

**ਕੰਜਲਕ[੬] ਨੈਨ ਕੰਬੂ[੭] ਗ੍ਰੀਵਹਿ[੮]**
**ਕਟਿ[੯] ਕੇਹਰ[੧੦] ਕੁੰਜਰ[੧੧] ਗਵਨ[੧੨]।।**
**ਕਦਲੀ[੧੩] ਕੁਰੰਕ[੧੪] ਕਰਪੂਰ[੧੫] ਗਤ[੧੬]**
**ਬਿਨ ਅਕਾਲ ਦੂੱਜੋ ਕਵਨ।।**

*- ਦਸਮ ਗ੍ਰੰਥ, ਪੰਨਾ-੧੩੧*

ਗੱਲ ਵੀ ਠੀਕ ਹੈ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਫੇਰ- ਆਪਣਿਆ ਦਾ ਹੀ ਭਲਾ—ਕਿ ਮਨੁੱਖਾਂ ਦਾ ਭਲਾ—ਕਿ ਹਿੰਦੂਆਂ ਦਾ ਭਲਾ —ਸਿੱਖਾਂ ਦਾ ਭਲਾ—ਕਹਿੰਦੇ—ਤੇਰੇ ਭਾਣੇ ਸਰਬੱਤ ਕਾ ਭਲਾ। ਇਹ ਬੜੀ ਭਾਰੀ ਗੱਲ ਹੈ। ਜਦੋਂ ਲੋਕਾਂ ਦੇ ਇਤਹਾਸ ਨੂੰ ਫੋਲ ਕੇ ਦੇਖੀਦਾ ਹੈ—ਕੋਈ

ਜ਼ਿਦ ਨਾ ਕਰੇ, ਕੋਈ ਗੁੱਸਾ ਨਾ ਕਰੇ—ਕੋਈ ਵਜ਼ਨ ਕਰ ਕੇ ਦੇਖੇ ਕਿ ਸਰਬੱਤ ਦਾ ਭਲਾ ਕਿਸੇ ਨੇ ਨਹੀਂ ਮੰਗਿਆ ਬਿਨਾਂ ਗੁਰੂ ਨਾਨਕ ਤੋਂ। ਗੁਰੂ ਨਾਨਕ ਦੇ ਵੇਲੇ ਸਿੱਖਾਂ ਨੇ ਕਿਹਾ, ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਭਲਾ ਕਰਕੇ ਵਿਖਾਇਆ, ਜਿਹੜੇ ਸੱਪ ਨੂੰ ਵੀ ਨਾ ਮਾਰਨ।

ਮੈਨੂੰ ਗੱਲ ਸੁਣਾਈ ਸੂਬਾ ਵਰਿਆਮ ਸਿੰਘ ਜੀ ਗਹਿਲਾਂ ਵਾਲਿਆਂ ਨੇ, ਉਹਨਾਂ ਦਾ ਸਬੰਧ ਸੀ ਘਣੀਏ। ਉੱਥੇ ਭਾਈ ਜੈਤਾ ਸਿੰਘ ਜੀ ਇੱਕ ਸਤਿਗੁਰਾਂ ਦੇ ਸਿੱਖ ਹੋਏ ਹਨ। ਹੁਕਮਨਾਮੇ ਵਿੱਚ ਵੀ ਲਿਖਿਐ—ਜੈਤਾ ਸਿੰਘ ਦਾ ਨਾਮ। ਜੇ ਚੂਹੇ ਬਾਹਰ ਪੈਲੀ ਨੂੰ ਵੱਢਣ ਲੱਗ ਜਾਣ—ਕਦੇ ਕਦੇ ਚੂਹਾ ਲੱਗ ਜਾਂਦਾ ਹੈ ਕਿਸੇ ਸਮੇਂ ਵਿੱਚ ਕਾਲ ਪੈਂਦਾ ਹੈ ਜਦੋਂ ਪੈਲੀ ਮਾੜੀ ਹੋਵੇ, ਕੁਦਰਤ ਵਲੋਂ ਇਹ ਖੇਡ ਬਣਦੀ ਹੈ—ਉਹਨਾਂ ਨੇ ਲੋਕਾਂ ਨੇ ਤਾਂ ਉੱਥੇ ਜਾ ਕੇ ਜ਼ਹਿਰ ਪਾਉਣਾ, ਉਹਨਾਂ ਉੱਥੇ ਪਾਣੀ ਲਜਾ ਕੇ ਧਰਨਾ ਚੂਹਿਆਂ ਨੂੰ, ਬਈ ਇਹਨਾਂ ਨੂੰ ਖਾਣ ਨੂੰ ਤਾਂ ਮਿਲਦਾ ਹੈ, ਤਾਂ ਇਹਨਾਂ ਨੂੰ ਪਾਣੀ ਕਿੱਥੋਂ ਮਿਲੇਗਾ। ਘਰ ਦੇ ਅੰਦਰ ਚੂਹਿਆਂ ਨੇ ਜਿਸ ਵੇਲੇ ਦਾਣੇ ਖਾਣੇ, ਮਾਈ ਨੇ ਘਰ ਵਾਲੀ ਨੇ ਕਿਸੇ ਵੇਲੇ ਅਉਖੀ ਹੋਣਾ, ਉੱਥੇ ਅੰਦਰ ਵੀ ਠੀਕਰੀਆਂ ਦੇ ਵਿੱਚ ਪਾਣੀ ਪਾ ਕੇ ਧਰ ਦੇਣਾ, ਬਈ ਅੰਨ ਤਾਂ ਖਾਂਦੇ ਨੇ ਇਹਨਾਂ ਨੂੰ ਜਲ ਕੌਣ ਛਕਾਊ। ਸੱਪ ਨਹੀਂ ਮਾਰਨਾ, ਜੂੰ ਨਹੀਂ ਮਾਰਨੀ।

ਹੁਣ ਬੜੀ ਵੱਡੀ ਗੱਲ ਲੋਕ ਕਰਦੇ ਹਨ। ਜੇ ਮੁਸਲਮਾਨਾਂ ਨੂੰ ਪੁੱਛੋ ਤਾਂ ਉਹ ਕਹਿੰਦੇ ਹਨ—ਮੁਹੰਮਦ ਸਾਹਿਬ ਆਪਣੀ ਉਮਤ ਨੂੰ ਢਾਈ ਕਲਾਵਿਆਂ ਵਿੱਚ ਲੈ ਜਾਏਗਾ, ਜੇ ਯਸੂਹ ਵਾਲਿਆਂ ਨੂੰ ਪੁੱਛੋ ਤਾਂ ਕਹਿੰਦੇ ਨੇ ਆਪਣਿਆਂ ਚੇਲਿਆਂ ਨੂੰ..........। ਉਹਦੇ ਏਨੇ ਕੁ ਜੁ ਹੋਏ। ਹੁਣ ਇੱਕ ਪਿੰਡ ਵਾਲਾ ਪਿੰਡ ਦੀ ਰੱਖਿਆ ਕਰ ਸਕਦਾ ਹੈ, ਦੋ ਚਹੁੰ ਵਾਲਾ ਦੋ ਚਹੁੰ ਦੀ ਰੱਖਿਆ ਕਰ ਸਕਦਾ ਹੈ, ਸਾਰੇ ਮੁਲਕ ਦੀ ਰੱਖਿਆ ਸਾਰੇ ਮੁਲਕ ਦਾ ਮਾਲਕ ਹੀ ਕਰ ਸਕਦਾ ਹੈ ਨ। ਜਿੰਨੀ ਜਿੰਨੀ ਕਿਸੇ ਦੀ ਗੱਲ ਹੈ, ਓਨੀ ਓਨੀ ਹੀ ਉਹ ਕਰ ਸਕਦਾ ਹੈ। ਤਾਂ—

**ਸਤਿਗੁਰੁ ਸਭਨਾ ਦਾ ਭਲਾ ਮਨਾਇਦਾ,**

*- ਗਉੜੀ ਵਾਰ ੪, ਪੰਨਾ–੩੦੨*

—ਸਤਿਗੁਰੂ ਸਭ ਦੇ ਭਲੇ ਵਾਸਤੇ ਆਉਂਦਾ ਹੈ। ਸਿੱਖ ਦਾ ਵੀ ਇਹ ਕੰਮ ਹੈ, ਜੇ ਸਤਿਗੁਰੂ ਬਖਸ਼ਿਸ਼ ਕਰੇ, ਜੇ ਉਹ ਆਪਣੇ ਕੋਲੋਂ ਕਿਨਕਾ ਉਹਨੂੰ ਸਿੱਖੀ ਦਾ ਦੇਵੇ ਤਾਂ ਇਹ ਕਿਸੇ ਦਾ ਬੁਰਾ ਨਾ ਮੰਗੇ। ਅਗਰ ਇਹ ਬੁਰਾ ਮੰਗਦਾ ਹੈ ਤਾਂ ਇਹਦਾ ਆਪਣਾ ਨੁਕਸਾਨ ਹੈ। ਇਸਨੂੰ, ਇਹ ਇਸਦੀ ਸਿੱਖੀ ਨੂੰ ਓਨੀ ਠੇਸ ਲੱਗਦੀ ਹੈ। ਤਾਂ ਨਾਨਕ ਨਾਮ ਚੜ੍ਹਦੀ ਕਲਾ।

**ਸਤਿਗੁਰੁ ਸਭਨਾ ਦਾ ਭਲਾ ਮਨਾਇਦਾ,**

ਬੁੱਧ ਮਹਾਤਮਾ ਜੀ ਬੜੇ ਉੱਚੇ ਮਹਾਤਮਾ ਹੋਏ ਹਨ ਔਰ ਉਹਨਾਂ ਦੇ ਸ਼ਬਦ ਹਨ—ਅਹਿੰਸਾ ਪਰਮੋ ਧਰਮਾ। ਪਰ ਕਿਆ ਦੇਖਦੇ ਹੋ ਕਿ ਬੁੱਧ ਜੀ ਦੀ ਜਿਦਣ ਮੌਤ ਹੋਈ ਤਾਂ ਮਹਾਤਮਾ ਬੁੱਧ★[੧] ਉਦਣ ਕੱਚਾ ਮਾਸ ਆਲੂਆਂ ਵਿੱਚ ਰਲਿਆ ਹੋਇਆ ਖਾ ਕੇ ਮਰੇ, ਇਹ ਉਹਨਾਂ ਦਾ ਇਤਹਾਸ ਦੱਸਦਾ ਹੈ। ਕੰਮ ਉਹਨਾਂ ਦਾ ਅਹਿੰਸਾ ਪਰਮੋ ਧਰਮਾ ਹੈ।

ਧੰਨ ਸਤਿਗੁਰੂ ਰਾਮ ਸਿੰਘ ਜਿਨ੍ਹੇ ਚੂੜ੍ਹਿਆਂ ਉੱਤੇ ਕਿਰਪਾ ਇਹੋ ਜਿਹੀ ਕੀਤੀ—ਸਰਹਾਲੀ ਦਾ ਚੂੜ੍ਹਾ ਹੈ ਇੱਕ ਨੱਥੂ, ਬੱਚੇ ਨਾ ਬਚਣ, ਹੁੱਕਾ ਪੀਵੇ, ਔਰ ਸਾਨ੍ਹੇ ਇੱਕ ਜਾਨਵਰ ਹਨ ਸਾਡੇ, ਜਿਹੜੇ ਮੁਲਕ ਪੰਜਾਬ ਵਿੱਚ ਬਹੁਤੇ ਹੁੰਦੇ ਹਨ। ਉਹ ਦੱਸਦਾ ਸੀ—ਮੈਂ ਉਹਨਾਂ ਦੇ ਦਰਸ਼ਨ ਕੀਤੇ ਨੇ, ਉਹ ਆਂਹਦਾ ਸੀ—ਕਿ ਪਿਛਲੀਆਂ ਲੱਤਾਂ ਵਿੱਚ ਉਹਨਾਂ ਦੇ ਚਰਬੀ ਦੀਆਂ ਉਂਗਲਾਂ ਵਰਗੀਆਂ ਮੋਟੀਆਂ ਨਾੜਾਂ ਹੁੰਦੀਆਂ ਹਨ। ਉਹ ਮੈਂ ਢੇਰ ਲਾ ਲੈਂਦਾ, ਕੱਚੇ ਹੀ ਖਾ ਜਾਂਦਾ। ਪੁੱਤਰ ਨੂੰ ਲੈ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਸ਼ਰਨ ਸਰਿਹਾਲੀ ਵਿੱਚ ਆਇਆ। ਆ ਕੇ ਪੁੱਤਰ ਨੂੰ ਅੱਗੇ ਲੰਮਾ ਪਾਇਆ। ਸਤਿਗੁਰਾਂ ਆਖਿਆ—ਬਈ, ਖਾਲਸਾ ਜੀ ਹੁਣ ਨਹੀਂ ਜਾਣਾ। ਬੱਚੇ ਨਹੀਂ ਸਨ ਬਚਦੇ। ਇੱਕ ਲੜਕੀ ਸੀ ਇੱਕ ਲੜਕਾ ਸੀ, ਘਰੋਂ ਮਾਈ ਜਿਊਂਦੀ ਰਹੀ। ਸਾਡੇ ਤੇ ਸਤਿਗੁਰੂ ਬਖਸ਼ਿਸ਼ ਕਰਨ, ਆਪਣੀ ਮਿਹਰ ਕਰਨ, ਸਾਡੀਆਂ ਅੱਖਾਂ ਗੰਦ ਤੋਂ ਬਚਣ, ਕਿਸੇ ਪਾਸੇ ਝਾਕਣੋ ਬਚਣ, ਕਿਸੇ ਵੱਲ ਬੁਰੀ ਨਿਗਾਹ ਨਾਲ ਨਾ ਤੱਕਣ। ਉਹ ਸਤਿਗੁਰੂ ਦੀ ਕਿਰਪਾ, ਉਹ ਹੁੱਕਾ ਪੀਣ ਵਾਲਾ ਚੂੜ੍ਹਾ ਸਿੱਖ ਬਣ ਕੇ ਆਪਣੀ ਔਰਤ ਦੇ ਹੁੰਦਿਆਂ, ਖਵਰੇ ਉਹ ਪੰਜਾਹ ਵਰ੍ਹੇ ਜੀਵੀ, ਪੰਤਾਲੀ ਵਰ੍ਹੇ ਜੀਵੀ, ਉਸਨੇ ਆਖਿਆ—ਭਲੀਏ ਲੋਕੇ ਹੁਣ ਕੀ ਇਸ ਗੰਦ

ਤੋਂ ਲੈਣੈ, ਆਪਣੀ ਸਿੱਖਣੀ ਦੇ ਨੇੜੇ ਨਹੀਂ ਗਿਆ। ਉਹਨਾਂ ਉੱਤੇ ਕਿਰਪਾ ਕੀਤੀ।

ਉਹ ਐਸੇ ਮਾਸਾਹਾਰੀ ਬਾਬਾ ਦਰਬਾਰਾ ਸਿੰਘ ਜੀ, ਉਹ ਮਹਾਂਪੁਰਖ, ਨਾਮਧਾਰੀ ਪੰਥ ਵਿੱਚ ਜਿਨ੍ਹਾਂ ਦਾ ਨਾਉਂ ਸਭ ਤੋਂ ਅਗਦਾ ਹੈ। ਸੱਚੇ ਪਾਤਸ਼ਾਹ ਪ੍ਰਦੇਸ ਜਿਸ ਵੇਲੇ ਗਏ, ਪਤਾ ਨਹੀਂ ਲੱਗਿਆ ਤਿੰਨ ਸਾਲ। ਤੀਸਰੇ ਸਾਲ ਬਾਰਬਟਨ ਦੀ ਮੇਮ ਨੇ ਦੱਸਿਆ। ਬਾਬਾ ਜੀ ਗੁਰਦੁਆਰੇ ਭੈਣੀ ਸਾਹਿਬ ਤੋਂ ਜਾਂਦੇ ਹੁੰਦੇ ਸਨ ਉੱਥੇ। ਬਾਬਾ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਨੌਕਰ ਸਨ। ਮੈਨੂੰ ਉਹ ਦੱਸਦੇ ਹੁੰਦੇ—ਮੈਂ ਉਹਨਾਂ ਦੇ ਦਰਸ਼ਨ ਬੜੇ ਰੱਜ ਕੇ ਕੀਤੇ ਹਨ—ਕਿ ਤੇਰ੍ਹਾਂ ਆਦਮੀ ਮੈਂ ਆਪਣੇ ਘੋੜੇ ਨਾਲ ਜਦੋਂ ਭਾਜ ਪਈ ਹੈ ਸਭਰਾਵੀਂ, ਲੰਘਾਏ ਸਨ ਦਰਿਆ ਵਿੱਚੋਂ। ਗਲ ਤੋਂ ਅੱਗੇ ਨਹੀਂ ਸੀ ਕਿਸੇ ਨੂੰ ਹੋਣ ਦਿੱਤਾ, ਕਿਸੇ ਨੂੰ ਤੁੰਗ ਫੜਾਈ, ਕਿਸੇ ਨੂੰ ਪੂਛਤੰਗ ਫੜਾਇਆ, ਕਿਸੇ ਨੂੰ ਫਲਾਕੀ ਫੜਾਈ, ਕਿਸੇ ਨੂੰ ਰਕਾਬ ਫੜਾਈ। ਤਾਂ ਉਹਨਾਂ ਦੀ ਪੁੱਛ ਗਿੱਛ ਅੰਗਰੇਜ਼ ਰਾਜ ਵਿੱਚ ਹੁੰਦੀ ਰਹੀ। ਭੈਣੀ ਸਾਹਿਬ ਸਿਪਾਹੀ ਆਉਂਦਾ ਹੁੰਦਾ ਕਿ ਦਰਬਾਰਾ ਸਿੰਘਂ ਹਾਜ਼ਰ ਹੈ, ਕਿਉਂਕਿ ਅੰਗਰੇਜ਼ਾਂ ਦੇ ਖਿਲਾਫ਼ ਲੜੇ ਸਨ। ਉਹ ਮਹਾਂਪੁਰਖ ਮੈਨੂੰ ਦੱਸਦੇ ਸੀ ਆਪ—ਮੈਂ ਆਪਣੀ ਕੰਨੀਂ ਉਹਨਾਂ ਕੋਲੋਂ ਸੁਣਿਐ—ਆਂਹਦੇ ਸੀ—ਕਿ ਮੇਰੀ ਇਹ ਹਾਲਤ ਸੀ, ਕਿ ਪੰਜ-ਪੰਜ ਸੌ ਚਿੜਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਮੈਂ ਸ਼ਰਾਬ ਦੀ ਗਾਹਣ 'ਚ ਪਾ ਕੇ ਸ਼ਰਾਬ ਕੱਢਦਾ ਹੁੰਦਾ ਸੀ। ਅਫੀਮ ਇਸ ਤਰ੍ਹਾਂ ਖਾਂਦੇ ਸੀ—ਉਹਨਾਂ ਦਿਨਾਂ ਵਿੱਚ ਰੁਕਾਵਟ ਨਹੀਂ ਸੀ—ਜਿਹੜੇ ਵੰਨੇ ਜੰਗਲ ਜਾਣਾ ਬਾਹਰ ਦਰੱਖਤਾਂ ਨੂੰ ਲਾ ਆਉਣੀ, ਕਿ ਕੱਲ ਨੂੰ ਆਵਾਂਗੇ, ਫੇਰ ਇੱਥੋਂ ਲਾਹ ਕੇ ਖਾਵਾਂਗੇ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜਿਦਣ ਕਿਰਪਾ ਕਰੀ, ਸਤਿਗੁਰਾਂ ਕਿਹਾ,''ਸਿੱਟ ਦੇ ਦਰਬਾਰਾ ਸਿਹਾਂ ਡੱਬੀ।'' ਉੱਥੇ ਹੀ ਸੁੱਟ ਦਿੱਤੀ, ਮੁੜ ਕੇ ਨਹੀਂ ਦੇਖੀ। ਇਹ ਉਹ ਬਾਬਾ ਜੀ ਜਿਹੜੇ ਸਭ ਤੋਂ ਪਹਿਲਾਂ ਸੱਚੇ ਪਾਤਸ਼ਾਹ ਦੇ ਦਰਸ਼ਨ ਰੰਗੂਨ ਕਰਨ ਵਾਸਤੇ ਆਏ। ਸਤਿਗੁਰੂ ਨੇ ਇਹੋ ਜਿਹੇ ਪੁਰਸ਼, ਜਿਨ੍ਹਾਂ ਦੀ ਬਿਰਤੀ ਏਡੀ ਰਾਖਸ਼ਸੀ ਸੀ, ਜਿਹੜੇ ਇਸ ਹਾਲਤ ਵਾਲੇ ਸਨ, ਉਹਨਾਂ ਨੂੰ ਕਿਰਪਾ ਕਰਕੇ ਦੇਵਤੇ ਬਣਾ ਦਿੱਤਾ, ਕਿਉਂਕਿ ਉਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ;

ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ; ਸਾਰਿਆਂ ਦਾ ਰੱਖਿਅਕ ਹੈ।

## ਭਵਿਖਤ ਵਾਕ

ਵੇਲਾ ਇੱਕ ਆਉਣ ਵਾਲਾ ਹੈ, ਪਤਾ ਨਹੀਂ ਅਸੀਂ ਇਹਨਾਂ ਅੱਖੀਆਂ ਨਾਲ ਦੇਖ ਸਕਦੇ ਹਾਂ ਕਿ ਨਹੀਂ, ਕਿਉਂਕਿ ਇਹ ਉਹਦੀ ਮੌਜ ਹੈ। ਗੁਰੂ ਨਾਨਕ ਦੇਵ ਨੇ ਰੁਕਨਦੀਨ ਨਾਲ ਜਿਸ ਵੇਲੇ ਬਚਨ ਬਿਲਾਸ ਕੀਤੇ ਤਾਂ ਕਿਹਾ–

*ਨਾਨਕ ਆਖੀਂ ਰੁਕਨਦੀਨ ਸੱਚੇ ਸੁਨੋ ਜਵਾਬ।*
*ਪੜ੍ਹੇ ਸੁਨੇ ਜੋ ਪ੍ਰੀਤ ਲਾਏ ਕਰਿ ਛੁਟਨ ਸਭ ਅਜਾਬ।*

ਉੱਥੇ ਸਾਰਾ ਹਾਲ ਦੱਸਿਆ। ਔਰੰਗਜ਼ੇਬ ਦੇ ਪਾਸ—

*ਤੁਕਬਲ ਆਪਣਾ ਦੇਇੱਕੇ ਭੇਜ ਦੇਊਗਾ ਸਿੰਘ।*
*ਦੇਖ ਉਨ ਬਲ ਘਟ ਸੀ ਭੂਲ ਜਾਨ ਸਭ ਫੰਧ।*
*ਆਗੇ ਪਹਿਲਾਂ ਕਿਉਂ ਕੀਆ ਭਲਾ ਨ ਕੀਆ ਗੋਬਿੰਦ।*

ਔਰੰਗਜ਼ੇਬ ਆਖੇਗਾ—ਗੁਰੂ ਗੋਬਿੰਦ ਸਿੰਘ ਨੇ ਕਿਉਂ ਪਹਿਲਾਂ ਸਿੱਖ ਪੈਦਾ ਕਰ ਦਿੱਤੇ, ਉਹ ਕਿਉ ? ਸਾਹਿਬ ਕਹਿੰਦੇ ਹਨ–

*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗੰਮ।*

ਉਹ ਸਿੱਖ ਅਸਿੱਖ ਹੋ ਗਏ। ਫੇਰ ਲਿਖਿਐ–

*ਮੈਂ ਫੇਰ ਕਰੂੰਗਾ ਖਾਲਸਾ, ਵਸੇ ਵਿੱਚ ਪੰਜਾਬ।*

ਦੂਸਰੀ ਵੇਰ ਬਣਾਵਾਂਗਾ। ਬਿਆਸ ਜੀ★[੨] ਵੀ ਇਹਦੇ ਵਾਸਤੇ ਲਿਖਦੇ ਹਨ; ਪਹਿਲੇ ਲਿਖਦੇ ਹਨ–

*ਏਵੰ ਵੈ ਧਰਮਯ ਪ੍ਰਾਚੁਰਯੰ,*
*ਪਸਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ੇ ਚ ਨਾਨਕੌ।*

ਪਸਚਮ ਦੇਸ਼ ਵਿੱਚ, ਵੇਦੀਆਂ ਦੀ ਵੰਸ ਵਿੱਚ ਗੁਰੂ ਨਾਨਕ ਹੋਵੇਗਾ।

*ਨਾਮਨਾ ਭੁਵਿ ਰਾਜ ਰਿਖੀ,*

ਰਾਜ ਰਿਖੀ—ਕਿਉਂਕਿ ਸਾਹਿਬਾਂ ਨੇ—ਜਦੋਂ ਸਿੱਧਾਂ ਨੇ ਆਖਿਆ, ਕਿਉਂ ਉਦਾਸੀ ਬਣਦੈ—ਛੱਡਕੇ, ਗ੍ਰਹਿਸਤੀ ਦੀ ਰੀਤ ਚਲਾਈ ਹੈ—ਮਹਾਰਾਜ ਕਹਿੰਦੇ

ਨੇ–

*ਹੋਇ ਅਤੀਤੁ ਗ੍ਰਿਹਸਤਿ ਤਜਿ,*
*ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।*

ਭੰਗਰ ਨਾਥ ਨੂੰ ਆਖਿਆ–

– *ਤੇਰੀ ਮਾਉ ਕੁਚਜੀ ਆਹੀ।*
*ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।*

*– ਵਾਰ–੧, ਪਉੜੀ–੪੦*

ਕਿਸ ਕਰਕੇ; ਸਾਹਿਬਾਂ ਨੇ ਲਿਖਿਆ ਹੈ ਬਾਣੀ ਦੇ ਵਿੱਚ–

**ਵਿਚੇ ਗ੍ਰਿਹ ਸਦਾ ਰਹੈ ਉਦਾਸੀ,**
**ਜਿਉ ਕਮਲੁ ਰਹੈ ਵਿਚਿ ਪਾਣੀ ਹੇ।।**

*– ਮਾਰੂ ਮ:੪, ਪੰਨਾ–੧੦੭੦*

ਜਿਨ੍ਹਾਂ ਉੱਤੇ ਉਹ ਕਿਰਪਾ ਕਰਦੇ ਹਨ ਉਹ ਧੀ, ਪੁੱਤ, ਸਾਕ ਆਪਣਾ ਨਹੀਂ ਜਾਣਦੇ, ਸਤਿਗੁਰੂ ਦਾ ਜਾਣਦੇ ਹਨ। ਜੇ ਸਤਿਗੁਰੂ ਦਾ ਜਾਣੇ ਤਾਂ ਦੁੱਖ ਸੁਖ ਕਾਹਨੂੰ ਹੋਣਾ ਹੈ। ਜੇ ਉਹਦੇ ਉੱਤੇ ਸੁੱਟੇ ਤਾਂ—

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ।।**

*– ਰਾਮਕਲੀ ਮ:੩, ਪੰਨਾ–੯੧੮*

*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗੰਮ*

—ਸਿੱਖੀ ਛੁੱਟ ਗਈ।

*ਸਿੱਖੀ ਦਸ਼ਮੇਸ਼ ਕੀ,*

ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ–

*ਸੁ ਕੀ ਅੱਪਰਦੇਸ ਕੀ,*

ਸਿੱਖੀ ਜਿਹੜੀ ਸੀ, ਉਹ ਪ੍ਰਦੇਸਣ ਬਣਾ ਦਿੱਤੀ।

*ਅਸਿੱਖੀ ਪਰੀ ਪੇਸ਼ ਕੀ, ਛਨਾਰ ਬਨ ਠਨ ਕੈ।।*

ਅਸਿੱਖੀ ਪੇਸ਼ ਪੈ ਗਈ ਛਨਾਰ ਬਣਕੇ। ਜਿਸ ਤਰ੍ਹਾਂ ਇੱਕ ਪੁਰਸ਼ ਭਲਾ ਮਾਨਸ ਆਪਣੀ ਕੁਲ ਦੀ ਔਰਤ ਨੂੰ ਛੱਡਕੇ ਕੰਜਰਾਂ ਦੇ ਘਰ ਚਲਾ ਜਾਂਦਾ ਹੈ, ਉਸ ਹਾਲਤ ਵਿੱਚ ਜਿਹੜਾ ਲਿਖਿਆ ਸੀ ਨ—ਮੈਂ ਫੇਰ ਕਰੂੰਗਾ ਖਾਲਸਾ

—ਉੱਥੇ ਲਿਖਿਆ ਬਿਆਸ ਜੀ ਨੇ ਅਲਪ ਕਾਲੇਨ ਸਿੱਖ ਰਾਜ-ਥੋੜਾ ਚਿਰ ਸਿੱਖ ਰਾਜ ਹੋਵੇਗਾ।

*ਤੇਸਾ ਰਾਜਯਾਂਤ ਪਰੇ ਕਾਲੇ ਮਲੇਛਾ, ਗੌਰ ਮੁਖਾ ਨ੍ਰਿਪਾ।*

ਓਦੂੰ ਪਿੱਛੋਂ ਗੋਰੇ ਮੂੰਹ ਵਾਲੇ ਰਾਜੇ ਹੋਣਗੇ। *ਅਸੀਤ ਸਤ*—ਅਸੀਤ ਦਾ ਅਰਥ ਹੈ, ਰਹਿਣਗੇ, ਠਹਿਰਣ ਦਾ ਸ਼ਬਦ ਹੈ ਸੰਸਕ੍ਰਿਤ, ਸੱਤ-ਸੌ ਸਾਲ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ-

*ਤੇਜ ਮੋਨੀਆ ਸਾਤ ਲੌ,*

ਅੰਗਰੇਜ਼ਾਂ ਦਾ ਤੇਜ ਸੌ ਸਾਲ ਰਹੇਗਾ।

*ਦੋ ਪਰ ਰੌਰ ਸਰੂਰ,*

ਦੋ ਸਾਲ ਉੱਤੇ ਜਦੋਂ ਇੱਕ ਸੌ ਤੋਂ ਹੋ ਜਾਣਗੇ ਤਾਂ ਫਿਰ ਰੌਲਾ ਪੈ ਜਾਏਗਾ। ਉਨੀ ਸੌ ਦੋ 'ਚ ਅੰਗਰੇਜ਼ ਆਏ ਨੇ, ਅਰ ਚਾਰ ਵਿੱਚ ਨਿਕਲੇ ਹਨ। ਤੇ, ਹੁਣ ਅਗਲਾ ਜਿਹੜਾ ਸਮਾਂ ਹੈ ਉਹ ਕੀ ਹੈ—ਜਿਹਨੂੰ ਸਾਹਿਬਾਂ ਨੇ ਕਿਹਾ ਹੈ ਕਿ-

*ਮਾਇਆ ਇੱਕਠੀ ਕਰਕੇ ਦੇਹੋ ਲੰਗਰ ਲਾਇ।*
*ਨੰਗਾ ਭੁੱਖਾ ਅਰਥੀਆ ਖਾਲੀ ਕੋਈ ਨਾ ਜਾਇ।*

ਅਜੇ ਹੁਣ ਦੇਖੀਦੈ—ਅੱਜ ਮੈਂ ਗਿਆ ਹਾਂ ਪਾਰ, ਸਿੱਖਾਂ ਦੇ ਘਰ—ਉਹਨਾਂ ਗਰੀਬਾਂ ਨੇ ਝੁੱਗੀਆਂ ਲੈ ਕੇ ਡੇਰੇ ਲਾਏ ਹੋਏ ਨੇ। ਜਿਹਨਾਂ ਦੀ ਆਪਣੀ ਹਾਲਤ ਜਿਹੜੀ ਹੈ—ਧੰਨ ਉਹ ਗੁਰੂ ਕੇ ਸਿੱਖ ਹਨ ! ਜਿਹੜੇ ਇਸ ਹਾਲਤ ਵਿੱਚ ਵੀ ਲੰਗਰ ਦੀ ਸੇਵਾ ਕਰਨ ਨੂੰ ਆਪਣਾ ਧੰਨ ਭਾਗ ਸਮਝਦੇ ਹਨ। ਆਪਣੇ ਪਾਸਿਉਂ ਕਹਿੰਦਿਆਂ ਕਹਾਉਂਦਿਆਂ ਫੇਰ ਵੀ ਉਹ ਨਹੀਂ ਹਟਦੇ।

*ਨੰਗਾ ਭੁੱਖਾ ਅਰਥੀਆ ਖਾਲੀ ਕੋਈ ਨਾ ਜਾਇ।*

ਉਹ ਦਿਨ ਆਵੇਗਾ ਜਿਦਣ ਕੋਈ ਨੰਗਾ ਭੁੱਖਾ ਅਰਥੀਆ ਹੀ ਨਹੀਂ ਰਹੇਗਾ।

*ਗਊਆਂ ਦੁਧ ਬਹੁ ਦੇਂਏਗੀ ਪਰਬਤ ਦਏਂਗੇ ਲਾਲ।*
*ਮੇਵੇ ਸਭ ਤਰ ਦੇਂਗੇ, ਵੇਖੈ ਆਪ ਅਕਾਲ।*

ਇਹ ਚੀਜ਼ ਅਜੇ ਆਉਂਣ ਵਾਲੀ ਹੈ।

*ਸਤਿਗੁਰੂ ਫੇਰ ਪੰਜਾਬੇ ਆਵਣ।।*

ਭਾਈ ਚੰਦਾ ਸਿੰਘ ਜੀ ਲਿਖਦੇ ਹਨ–

*ਅਗੱਲੀਆਂ ਸਫਾਂ ਸਭ ਉਠਾਵਣ।।*

ਅੱਜ ਰਾਜ ਹਿੰਦੁਸਤਾਨ ਵਿੱਚ ਹਿੰਦੁਸਤਾਨੀਆਂ ਦਾ ਹੋ ਗਿਐ, ਲੇਕਿਨ ਹਿੰਦੁਸਤਾਨ ਦੀ ਕਾਇਆ ਨਹੀਂ ਪਲਟੀ। ਹਿੰਦੁਸਤਾਨ ਵਿੱਚ ਅੱਗੇ ਨਾਲੋਂ ਰਿਸ਼ਵਤ ਜ਼ਿਆਦਾ ਹੈ, ਅੱਗੇ ਨਾਲੋਂ ਇੱਕ ਦੂਏ ਨਾਲ ਦੁਸ਼ਮਨੀ ਜ਼ਿਆਦਾ ਹੈ। ਭਲੇ ਮਾਨਸ ਦੀ ਅਜੇ ਕੋਈ ਇਜ਼ਤ ਨਹੀਂ। ਕਿਉਂ—ਜੇ ਦੋ ਚਾਰ ਆਦਮੀ ਪੰਡਤ ਵਰਗੇ ਜਵਾਹਰ ਲਾਲ ਵਰਗੇ, ਜਾਂ ਬਾਬੂ ਰਜਿੰਦਰ ਪ੍ਰਸਾਦ ਵਰਗਿਆਂ ਨੂੰ ਮੰਨ ਲਈਏ, ਤਾਂ ਉਹਨਾਂ ਦੇ ਨਾਲ ਹਜ਼ਾਰਾਂ ਆਦਮੀ ਉਹ ਹਨ, ਜਿਹੜੇ ਬੁਰੇ ਹਨ, ਜਿਹੜੇ ਅੰਗਰੇਜ਼ ਦੇ ਵੇਲੇ ਸਨ ਅੰਗਰੇਜ਼ ਦੇ ਪਿੱਠੂ, ਹੁਣ ਉਹਨਾਂ ਨੇ, ਕਿਸੇ ਨੇ—ਹਿੰਦੂਆਂ ਨੇ ਖੱਦਰ ਦੀਆਂ ਟੋਪੀਆਂ ਪਾ ਲਈਆਂ—ਮੁਸਲਮਾਨਾਂ ਨੇ ਪਾ ਲਈਆਂ—ਸਿੱਖਾਂ ਨੇ ਖੱਦਰ ਦੀਆਂ ਪੱਗਾਂ ਬੰਨ੍ਹ ਲਈਆਂ। ਉਹਨਾਂ ਦੀ ਆਪਣੀ ਉਹੋ ਆਦਤ ਹੈ ਅਜੇ। ਕਿਉਂ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਨ ਛਾਡਉਂ ਕਹੂੰ ਦੁਸਟ ਅਸੁਰਨ ਨਿਸਾਨੀ।।**
**ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ।।**

*– ਉਗ੍ਰ ਦੰਤੀ, ਛਕਾ ੬*

ਔਰ ਫੇਰ, ਗੁਰਿੰਡ ਨਾਮੇ ਵਿੱਚ ਲਿਖਿਆ ਹੈ ਕਿ–

*ਮਹਾ ਮੰਦ ਕੁਲ ਮੂਲ ਉਖਾਰੈ।*

ਮੁਸਲਮਾਨਾਂ ਦੀ ਕੁਲ ਦਾ ਮੂਲ ਉੱਖੜ ਜਾਏਗਾ ਸਾਰੀ ਧਰਤੀ ਉੱਤੋਂ। ਇੱਕ ਅੰਗਰੇਜ਼ ਨੇ ਲਿਖਿਆ ਹੈ ਕਿ ਜਿੰਨਾਂ ਚਿਰ ਮੁਸਲਮਾਨ ਕੌਮ ਦੁਨੀਆਂ 'ਚ ਜਿਊਂਦੀ ਹੈ ਉਨਾਂ ਚਿਰ ਅਮਨ ਨਹੀਂ ਹੋ ਸਕਦਾ। ਹੁਣ ਤਾਂ ਅਸੀਂ ਸਿੱਖ ਵੀ, ਹਿੰਦੂ ਵੀ, ਮੁਸਲਮਾਨਾਂ ਨਾਲੋਂ ਘੱਟ ਨਹੀਂ ਰਹੇ ਹੋਏ। ਸਾਡੇ 'ਚ ਕੋਈ ਫਰਕ ਨਹੀਂ ਰਿਹਾ ਹੋਇਆ। ਇਹ ਅਲਹਿਦੀ ਗੱਲ ਹੈ ਅਸੀਂ ਆਪਣੇ ਆਪ ਨੂੰ ਕੁਛ ਕਹੀਏ। ਜ਼ੁਲਮ ਕਰਨ ਵਿੱਚ ਸਾਡੇ ਵਿੱਚ ਵੀ ਕੋਈ ਫਰਕ ਨਹੀਂ। ਤਾਂ, ਉਸ ਸਮੇਂ ਦੇ ਵਾਸਤੇ ਸਤਿਗੁਰਾਂ ਨੇ

ਹੁਕਮ ਦਿੱਤਾ ਸੀ-

*ਕਲ ਮੈਂ ਐਸੀ ਹੋਏਗੀ ਸਿਦਕੀ ਰਹੈ ਨ ਕੋਇ।*

*- ਸੌ ਸਾਖੀ*

## ਸਿਦਕ ਭਰੋਸਾ

ਗੁਰੂ ਨਾਨਕ ਨੇ ਕਿਹੈ—ਬੱਚਾ ਅਜਿਤਿਆ, ਅਜਿਹਾ ਸਮਾਂ ਆਵੇਗਾ ਤੂੰ ਵੀ ਭੁੱਲ ਜਾਵੇਂਗਾ। ਹੁਣ ਕਿਸੇ ਮਾੜੇ ਮੋਟੇ ਦੀ ਕੀ ਤਾਕਤ ਹੈ।

ਸਾਧ ਸੰਗਤ ਹੁਣ ਵਕਤ ਕਾਫੀ ਹੋ ਗਿਆ ਹੈ। ਮੈਂ ਹੁਣ ਏਨੀ ਅਰਜ਼ ਕਰਨੀ ਹੈ ਕਿ ਸਤਿਗੁਰਾਂ ਨੇ ਹੁਕਮ ਦਿੱਤਾ ਸੀ—ਜਿਸ ਵੇਲੇ ਪਰਦੇਸ ਗਏ, ਬਾਬਾ ਦਰਬਾਰਾ ਸਿੰਘ ਹੁਰਾਂ ਨੂੰ ਕਿਹਾ—ਕਿ ਜਿਹੜੇ ਓਦੋਂ ਕਹਿੰਦੇ ਸੀ ਕਿ ਸਾਡਾ ਸਰਬੰਸ ਤੁਹਾਡੇ ਨਮਿਤ ਲੱਗੇ, ਉਹ ਹੁਣ ਸਾਡੇ ਨਮਿਤ ਪਾਠ ਭੋਗ ਕਰਾਉਣ। ਸਾਧ ਸੰਗਤ ਨੇ ਬੜਾ ਕੁਛ ਕੀਤਾ ਹੈ। ਸਾਡੀਆਂ ਗਲਤੀਆਂ, ਮਨੁੱਖਾਂ ਦੀਆਂ ਹੋ ਹੀ ਜਾਂਦੀਆਂ ਹਨ। ਕਈ ਵਿੱਚੋਂ ਛੱਡਦੇ ਵੀ ਰਹੇ। ਹੁਣ ਜਿਨ੍ਹਾਂ ਸੱਜਣਾਂ ਨੇ ਪਾਠ ਲਏ ਹੋਏ ਹਨ, ਉਹ ਕਿਰਪਾ ਕਰਕੇ ਆਪਣੇ ਸਿਰੇ ਚੜ੍ਹਾਉਣ। ਇਹ ਪਤਾ ਉਦਣ ਲੱਗੂਗਾ ਜਿਹੜੇ ਤੁਸੀਂ ਅੱਜ ਪਾਠ ਕਰਦੇ ਹੋ। ਜਿਦਣ ਲੱਧਾ ਸਿੰਘ ਹੁਰੀਂ ਏਥੇ ਆਏ ਸਨ, ਸੇਠ ਦਿਆਲ ਸਿੰਘ— ਉਹਨਾਂ ਦੇ ਪਿਤਾ, ਇੱਕ ਫੇਰੀ ਕਰਕੇ ਇੱਕ ਡੱਗੀ ਨਾਲ ਉਹ ਕਮਾਂਉਂਦੇ ਸੀ। ਅੱਜ ਪਤਾ ਹੈ ਨ ਉਹਨਾਂ ਦੀ ਓਲਾਦ ਕਿਸ ਤਰ੍ਹਾਂ ਸੁਖੀ ਬੈਠੀ ਹੈ, ਔਰ ਉਹਨਾਂ ਦੇ ਨਾਲ ਤੁਸੀਂ ਓਨੇ ਜ਼ਿਆਦਾ ਆਦਮੀ ਆ ਗਏ। ਜਿਹਨਾਂ ਲੋਕਾਂ ਨੇ ਬਾਰ ਵਿੱਚ ਜ਼ਮੀਨਾਂ ਲਈਆਂ ਸੀ, ਜਿਹੜੇ ਹੁਣ ਵੀ ਸਾਡੇ ਕੋਲ ਆਏ ਪੰਜਾਂ ਸੱਤਾਂ ਸਾਲਾਂ ਦੇ, ਉਹ ਇੱਕ ਦੋ ਸਾਲ ਬਾਰਸ਼ ਨਾ ਆਈ ਤਾਂ ਉਹ ਬੜੇ ਤੰਗ ਹੋਏ। ਉੱਜੜੇ, ਪਰ ਹੁਣ ਉਹਨਾਂ ਨੂੰ ਜਾ ਕੇ ਪੁੱਛੋ ਜਿਹਨਾਂ ਦਾ ਚਾਲੀ ਮਣ ਪੱਕਾ ਝੋਨਾ ਨਿਕਲ ਗਿਆ, ਦਸ ਪੰਦਰਾਂ ਮਣ ਬੇਟ ਦਾ ਵੀ ਉਹਦੇ ਵਿੱਚੋਂ ਨਿਕਲ ਜਾਂਦੈ।

ਜਿਹਦੀ ਸੱਠ ਮਣ ਪੱਕੀ ਫਸਲ ਇੱਕ ਘੁਮ੍ਹਾਂ 'ਚ ਨਿਕਲ ਜਾਂਦੀ ਹੈ, ਜੇ ਉਹ ਦਸ ਰੁਪਏ ਦੀ ਵਿਕਦੀ ਹੈ ਤਾਂ ਛੇ ਸੌ ਰੁਪਏ ਦੀ ਨਿਕਲੀ। ਜਿਹਦੇ

ਅੱਧੇ ਮੁਰੱਬੇ ਚੋ—ਬਾਰ੍ਹਾਂ ਪੈਲੀਆਂ ਚੋਂ ਬਾਰ੍ਹਾਂ ਛੀਕ ਬਹਤੱਰ ਸੌ ਉਸਨੇ ਲੈ ਲਿਆ, ਪਚਵੰਜਾ ਸੌ ਲਾ ਕੇ। ਦੇਖੋ, ਮੈਂ ਰਾਤ ਵੀ ਇਹੋ ਅਰਜ਼ ਕਰੀ ਸੀ, ਕਿ ਸਤਿਗੁਰਾਂ ਅੱਗੇ ਅਰਜ਼ ਇਹ ਕਰੋ—ਕਿ ਸੱਚੇ ਪਾਤਸ਼ਾਹ ਸਿਦਕ ਦੇਣ। ਸਿਦਕ ਤੋਂ ਬਗੈਰ ਕੁਝ ਵੀ ਨਹੀਂ ਸਿੱਖ ਦੇ ਪੱਲੇ।

ਇੱਕ ਦਿਨ ਸਤਿਗੁਰਾਂ ਦੇ ਵਕਤ ਸਿੱਖ ਬੈਠੇ ਪੜ੍ਹਨ ਲੱਗੇ ਹੋਏ—ਸਤਿਗੁਰੂ ਤਾਰਨਗੇ ਅਤੀਤ।

ਸੱਚੇ ਪਾਤਸ਼ਾਹ ਉਤੋਂ ਆ ਗਏ। ਉਹਨਾਂ ਨੂੰ ਰੋਕ ਕੇ ਕਹਿੰਦੇ ਹਨ,''ਨਾ ਭਾਈ, ਤਾਰੂਗੀ ਪ੍ਰਤੀਤ।''

ਸਿਦਕ ਤਾਰੂਗਾ। ਸਿਦਕ ਮੰਗੋ ਸਤਿਗੁਰੂ ਕੋਲੋਂ, ਹੱਥ ਜੋੜ ਕੇ, ਗੱਲ ਵਿੱਚ ਪੱਲਾ ਪਾ ਕੇ। ਉਹ ਪਾਠ ਕਰੋ, ਜਿਨ੍ਹਾਂ ਨੇ ਨਹੀਂ ਲਏ ਹੋਏ ਉਹ ਵੀ ਹਿੱਸਾ ਲਉ। ਕੋਈ ਵਕਤ ਆਵੇਗਾ। **ਜਿਥੈ ਮਿਲਹਿ ਵਡਿਆਈਆ** —ਸੱਚੇ ਪਾਤਸ਼ਾਹ ਨੇ ਹੁਕਮਨਾਮੇ ਵਿੱਚ ਲਿਖਿਆ ਹੈ ਕਿ ਭਜਨ ਕਰਨ ਵਾਲਿਆਂ ਦਾ ਜੋ ਭਜਨ, ਪਾਠ ਭੋਗ ਕਰੂਗਾ ਉਹਦੀ ਬਿਰਥਾ ਘਾਲ ਨਹੀਂ ਜਾਊ।

**ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥**
**ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥**

*– ਸਿਰੀ ਰਾਗ ਮ:੧, ਪੰਨਾ-੧੬*

ਜਿਸ ਤਰ੍ਹਾਂ ਲੋਕ ਸ਼ਾਦੀਆਂ ਵਿੱਚ ਜਾਂਦੇ ਹਨ, ਸ਼ਾਇਦ ਏਥੇ ਵੀ ਹੋਵੇ ਇਹ ਗੱਲ, ਪਰ ਜਿਹੜੇ ਉਹਨਾਂ ਵਿੱਚ ਵੱਡੇ ਸਾਊ ਮੰਨੇ ਹੋਏ ਜਾਂਦੇ ਹਨ, ਉਹਨਾਂ ਦੇ ਰਿਸ਼ਤੇਦਾਰ, ਤਾਂ ਉਹਨਾਂ ਨੂੰ ਲੋਕ ਭਨਾਉਣੀਆਂ ਦਿੰਦੇ ਹਨ ਉੱਥੇ, ਪੁਸ਼ਾਕੀਆਂ ਮਿਲਦੀਆਂ ਹਨ। ਮਹਾਰਾਜ ਵੀ ਲਿਖਦੇ ਹਨ ਗੁਰਬਾਣੀ 'ਚ, ਗੁਰੂ ਰਾਮਦਾਸ ਜੀ—

**ਹਰਿ ਦਰਗਹ ਗੁਰਸਿਖ ਪੈਨਾਈਅਹਿ,**
**ਜਿਨ੍ਹਾ ਮੇਰਾ ਸਤਿਗੁਰੁ ਤੁਠਾ॥**

*– ਆਸਾ ਮ:੪, ਪੰਨਾ-੪੫੧*

—ਜਿਨ੍ਹਾਂ ਉੱਤੇ ਸਤਿਗੁਰੂ ਬਖਸ਼ਿਸ਼ ਕਰਨਗੇ। ਤਾਂ, ਉਹ ਵੇਲਾ ਦੇਖਣਾ,

ਹੁਣ ਵਕਤ ਨਾ ਗਵਾ ਬੈਠਣਾ। ਬੜਾ ਨੇੜੇ ਵੇਲਾ ਹੈ। ਇੱਕ ਦੂਏ ਨਾਲ ਪਿਆਰ ਕਰਿਆ ਕਰੋ। ਨਫਰਤ ਨਾ ਕਰਿਆ ਕਰੋ। ਤੁਹਾਡੀ ਹਿੰਮਤ ਇਹ ਚਾਹੀਦੀ ਹੈ ਕਿ ਕਿਸੇ ਮਾੜੇ ਨੂੰ ਹੱਥ ਪਾ ਕੇ ਉਠਾਓ। ਧੋਖਾ ਨਾ ਕਿਸੇ ਨਾਲ ਕਰੋ। ਕਿਉਂ—**ਹੰਸੁ ਨ ਕੋਧ੍ਰਾ ਖਾਇ**। ਹੰਸ ਦਾ ਕੰਮ ਕੋਧਰਾ ਖਾਣਾ ਨਹੀਂ, ਹੰਸ ਦਾ ਕੰਮ ਮੋਤੀ ਚੁਗਣਾ ਹੈ। ਤੁਸੀਂ ਸਤਿਗੁਰੂ ਰਾਮ ਸਿੰਘ ਦੇ ਸਿੱਖ ਹੋ। ਸਤਿਗੁਰਾਂ ਨੇ ਆਖਿਆ—ਇਹ ਭਾਈ, ਮੇਰੀ ਇਹ ਚਿੱਟੀ ਚਾਦਰ ਨੂੰ ਦਾਗ ਨਾ ਲਾਉਣਾ। ਸਾਧ ਸੰਗਤ, ਹੁਣ ਮੇਰੀ ਇਹ ਅਰਜ਼ ਹੈ, ਮੈਂ ਇਸ ਤੋਂ ਬਗੈਰ ਹੋਰ ਅਜੇ ਕੋਈ ਗੱਲ ਨਹੀਂ ਕਹਿੰਦਾ। ਹੁਣ ਕੱਲ ਨੂੰ ਜਾਣਾ ਹੈ। ਤੁਹਾਡੇ ਦਰਸ਼ਨ ਕੀਤੇ ਨੇ ਔਰ ਇਹੋ ਹੀ ਚੀਜ਼ ਨੇੜੇ ਰਹਿਣ ਵਾਲੀ ਹੈ।

ਇੱਕ ਦਿਨ ਸੂਬਿਆਂ ਦੇ ਚਿਤ 'ਚ ਹੰਕਾਰ ਹੋ ਗਿਆ। ਕਹਿਣ ਲੱਗੇ,"ਸੱਚੇ ਪਾਤਸ਼ਾਹ ! ਤੁਹਾਡੇ ਕੋਲ ਰਹਿਣ ਵਾਲੇ ਚੰਗੇ ਹਨ ਕਿ ਦੂਰ ਰਹਿਣ ਵਾਲੇ।" ਤਾਂ ਸਤਿਗੁਰੂ ਜਾਣ ਗਏ ਬਈ, ਇਹ ਕਹਿੰਦੇ—ਅਸੀਂ ਕੋਲ ਰਹਿੰਦੇ ਹਾਂ।

ਤਾਂ ਸਤਿਗੁਰੂ ਕਹਿੰਦੇ,"ਭਾਈ, ਚਿੱਚੜ ਥਣ ਦੇ ਕੋਲ ਹੀ ਲੱਗਿਆ ਰਹਿ ਜਾਂਦਾ ਹੈ। ਬੱਛਾ ਦੂਰੋਂ ਆ ਕੇ ਦੁੱਧ ਚੁੰਘ ਜਾਂਦਾ ਹੈ। ਨੇੜਾ ਦੂਰ ਉਹਨਾਂ ਨੂੰ ਹੈ ਜਿਹੜੇ ਦਿਲੋਂ ਦੂਰ ਹੋ ਜਾਣ।"

ਸਤਿਗੁਰੂ ਸਦਾ ਹੀ ਨੇੜੇ ਹੈ। ਉਹ ਕਿਤੇ ਦੂਰ ਨਹੀਂ ਗਿਆ ਹੋਇਆ। ਜੇ ਉਹ ਕਿਰਪਾ ਨਾ ਕਰਨ, ਤਾਂ ਦੱਸੋ ਅੱਜ ਤੇ ਜ਼ਮਾਨਾ ਹੋਰ ਹੈ, ਹੁਣ ਵੀ ਸਾਡੀ ਵੁੱਕਤ ਜਿਹੜੀ ਹੈ, ਜੇ ਇਹਨੂੰ ਦੇਖਿਆ ਜਾਏ ਤਾਂ ਬਿਆਸੀ ਸਾਲ ਜਾਂ ਅੱਸੀ ਸਾਲ ਨਾਮਧਾਰੀਆਂ ਨੇ, ਜਾਂ ਸੱਠ ਸਾਲ ਕਾਂਗਰਸ ਦਾ ਸਾਥ ਦਿੱਤਾ। ਅੱਜ ਵੀ ਨਾਮਧਾਰੀਆਂ ਵਾਸਤੇ, ਅਜੇ ਕੋਈ ਨਾਮਧਾਰੀਆਂ ਦਾ ਨਾਉਂ ਕਿਸੇ ਪੁਸਤਕ ਵਿੱਚ ਲਿਖਣ ਵਾਲਿਆਂ ਜਿਹੜੀਆਂ ਕਿਤਾਬਾਂ ਮੁੰਡਿਆਂ ਨੂੰ ਪੜ੍ਹਾਈਆਂ ਜਾਂਦੀਆਂ ਹਨ ............। ਆਲਮ ਜੀ ਨੇ ਲਿਖਿਆ ਹੈ, ਸ਼ਾਇਦ ਤੁਹਾਡੇ ਕੋਲ ਬਸੰਤ ਨੰਬਰ ਆਇਆ ਹੈ। ਜੇ ਇਹਦੇ ਵਿੱਚ ਦੇਖੋਗੇ ਤਾਂ ਤੁਹਾਨੂੰ ਪਤਾ ਲੱਗੇਗਾ, ਕਿ ਕਿਤਨਾ ਅਨਿਆ ਹੈ ਕਿ ਉਨ੍ਹਾਂ ਆਦਮੀਆਂ ਦਾ ਨਾਉਂ ਨਹੀਂ ਆਉਣਾ। ਉਹ ਗੱਲ ਨਹੀਂ ਕਿਤੇ ਆਉਣੀ, ਇਹ ਕਿਆ

ਹੋ ਰਿਹਾ ਹੈ।

ਤੁਸੀਂ ਸਤਿਗੁਰੂ ਤੇ ਡੋਰੀ ਰੱਖ ਕੇ, ਸਤਿਗੁਰੂ ਨੂੰ ਯਾਦ ਕਰੋਗੇ, ਸਤਿਗੁਰੂ ਤੁਹਾਡੀ ਸਹਾਇਤਾ ਕਰਨਗੇ। ਕਿਸੇ ਦੀ ਸਹਾਇਤਾ ਨਾਲ ਅਸਾਂ ਨਹੀਂ ਬਚਣਾ। ਅਸੀਂ ਇਹ ਚੀਜ਼ ਚਾਹੁੰਦੇ ਹਾਂ, ਸਤਿਗੁਰੂ ਰਾਮ ਸਿੰਘ ਦਾ ਡੰਕਾ ਸਾਰੀ ਦੁਨੀਆਂ ਉੱਤੇ ਵੱਜੇ। ਕੋਈ ਕਿਸੇ ਦਾ ਦੁਸ਼ਮਣ ਨਾ ਰਹੇ। ਜਿਤਨਾ ਚਿਰ ਦੁਨੀਆਂ 'ਚ ਹਥਿਆਰ ਨੇ, ਉਨਾਂ ਚਿਰ ਕਦੇ ਵੀ ਜੰਗ ਖਤਮ ਨਹੀਂ ਹੋ ਸਕਦਾ। ਜੰਗ ਖਤਮ ਓਦਣ ਹੋਣਾ ਹੈ, ਜਿਦਣ ਲੋਕ ਮਾਲਾ ਫੇਰਨ ਲੱਗਣਗੇ। ਹਥਿਆਰ ਸਮੁੰਦਰਾਂ 'ਚ ਸਿੱਟੇ ਜਾਣਗੇ, ਜਿੰਨਾਂ ਚਿਰ ਇਹ ਚੀਜ਼ ਹੈ ਉਨਾਂ ਚਿਰ ਦੁਸ਼ਮਣੀ ਨਹੀਂ ਬੰਦ ਹੁੰਦੀ।

ਮੈਂ ਇੰਨੀ ਅਰਜ਼ ਕਰਕੇ, ਹੁਣ ਥੋੜੀ ਜਿਹੀ ਮੇਰੀ ਅਰਜ਼ ਹੈ—ਅਜੇ ਓਹਦੇ ਤੇ ਵੀਚਾਰ ਹੋ ਰਹੀ ਹੈ, ਖਵਰ ਨਹੀ ਉਹ ਕਿਹੜੇ ਸਿਰੇ ਜਾ ਕੇ ਲੱਗਦੀ ਹੈ। ਇਹ ਸਾਡੀ ਜਗ੍ਹਾ ਛੋਟੀ ਹੈ, ਸਾਧ ਸੰਗਤ ਨੂੰ ਬੈਠਣ ਵਾਸਤੇ ਤੰਗੀ ਹੁੰਦੀ ਹੈ। ਕਿਸੇ ਵੇਲੇ ਵੱਡਾ ਦੀਵਾਨ ਲਾਉਣ ਨੂੰ ਕਿਤੇ ਬਾਹਰ ਜਾਣਾ ਪੈਂਦਾ ਹੈ ਇਹ ਇੱਕ ਚੀਜ਼ ਹੈ, ਜਿਹਦੀ ਲੋੜ ਹੈ, ਭਾਵੇਂ ਕੁਝ ਹੋਵੇ।

ਇੱਕ ਸੰਸਕ੍ਰਿਤ ਦੇ ਵਿਦਵਾਨ ਨੇ ਹਿੱਤਉਪਦੇਸ਼ ਇੱਕ ਪੁਸਤਕ ਹੈ ਨੀਤੀ ਦਾ, ਜਿਹੜਾ ਸਾਰੀਆਂ ਜ਼ੁਬਾਨਾਂ ਵਿੱਚ ਹੋ ਚੁੱਕਾ ਹੈ। ਓਹਦੇ ਵਿੱਚ ਉਸਨੇ ਲਿਖਿਐ–

*ਯਤ ਨਵੇਂ ਭਾਂਜਨੇ ਲਗਨੇ ਸੰਸਕਾਰੋ ਨਾ ਅਨਥਾ ਭਵੇਤ।*

ਕੱਚਾ ਭਾਂਡਾ, ਘੁਮਿਆਰ ਜਿਹੜੀਆਂ ਓਹਦੇ ਤੇ ਲੀਕਾਂ ਪਾ ਦੇਵੇ, ਆਵੀ ਵਿੱਚ ਜਾਣ ਤੋਂ ਪਹਿਲਾਂ, ਉਹ ਮੁੜਕੇ ਨਹੀਂ ਲਹਿੰਦੀਆਂ ਜਦੋਂ ਆਵੀ ਵਿੱਚ ਜਾ ਪਵੇ। ਜਿਨ੍ਹਾਂ ਦੇ ਬੱਚੇ, ਜਿਨ੍ਹਾਂ ਤੇ ਆਪਣੇ ਮਜ਼੍ਹਬ ਦਾ ਧਿਆਨ, ਜਿਨ੍ਹਾਂ ਦੇ ਆਪਣੇ ਬੱਚਿਆਂ ਤੇ ਇਹ ਸੰਸਕਾਰ ਨਾ ਪੈਣ—ਮੈਂ ਕੀ ਦੱਸਾਂ, ਮੈਨੂੰ ਦੁੱਖ ਲੱਗਦਾ ਹੈ, ਉਹ ਭਾਵੇਂ ਕੋਈ ਆਪਣਾ ਮੈਨੂੰ ਨਾ ਮੰਨੇ, ਪਰ ਮੈਂ ਕਹਿੰਦਾ ਹਾਂ, ਗੁਰੂ ਨਾਨਕ ਸਾਡਾ ਸਾਰਿਆਂ ਦਾ ਸਾਂਝਾ ਹੈ। ਜਿਹੜੇ ਗੁਰੂ ਨਾਨਕ ਦੇ ਹਨ, ਉਨ੍ਹਾਂ ਦੇ ਨਾਲ ਮੇਰਾ ਬੜਾ ਪਿਆਰ ਹੈ, ਦੂਸਰੇ ਪਾਸੇ ਨਾਲੋਂ ਬਹੁਤਾ, ਜਿਸ ਤਰ੍ਹਾਂ ਇੱਕ ਪੁਸ਼ਤ ਵਾਲਿਆਂ ਨੂੰ ਅਸੀਂ ਨੇੜਿਉਂ ਚਾਚੇ ਤਾਇਆਂ ਦੇ ਜਾਂ ਸਕੇ

ਭਰਾ ਮੰਨਦੇ ਹਾਂ, ਉਹ ਦੂਜੀ ਚੌਥੀ ਪੁਸ਼ਤ ਤੋਂ ਭਾਵੇਂ ਸਾਰੀ ਦੁਨੀਆਂ ਸਾਡੀ ਸਾਥੀ ਹੈ। ਗਿਆਨੀ ਠਾਕਰ ਸਿੰਘ ਜੀ ਸਿੱਖ ਪੰਥ ਦੇ ਲੀਡਰ ਜਿਨ੍ਹਾਂ ਦਾ ਪੁੱਤਰ ਇਸਾਈ ਹੋਇਆ ਹੋਇਆ ਹੈ। ਗਿਆਨੀ ਦਿੱਤ ਸਿੰਘ ਜੀ ਜਿਨ੍ਹਾਂ ਦਾ ਪੁੱਤਰ ਬਲਦੇਵ ਸਿੰਘ ਇਸਾਈ। ਜਿਦਣ ਉਨੀ ਸੌ ਵੀਹ, ਮੈਨੂੰ ਯਾਦ ਨਾ ਭੁੱਲਦੀ ਹੋਵੇ—ਉਨੀ ਸੌ ਵੀਹ ਜਾਂ ਇੱਕੀ 'ਚ ਜਿਦਣ ਪਹਿਲੀ ਸ਼੍ਰੋਮਣੀ ਕਮੇਟੀ ਦੀ ਇਕੱਤ੍ਰਤਾ ਅਕਾਲ ਤਖ਼ਤ ਪਹਿਲੀ ਮੱਘਰ ਵਾਲੇ ਦਿਨ ਹੋਈ, ਜਿਹੜਾ ਉਸ ਦਿਨ ਸੈਕਟਰੀ ਸੀ ਡਾਕਟਰ ਗੁਰਬਖ਼ਸ਼ ਸਿੰਘ, ਉਹ ਅੱਜ ਇਸਾਈ ਹੋਇਆ ਹੋਇਆ ਹੈ। ਸਿੱਖਾਂ ਦੇ ਪੁੱਤ ਸਿਰ ਮੁੰਨਾਉਂਦੇ, ਹੁੱਕੇ ਪੀਂਦੇ, ਬੁਰੇ ਹਾਲ ਹੁੰਦੇ। ਕਿਉਂ—ਯਤ ਨਵੇਂ ਭਾਂਜਨੇ ਲਗਨੇ—ਬਚਪਨ ਦੀ ਮੁੱਢਲੀ ਜਿਹੜੀ ਸਾਡੀ ਵਿੱਦਿਆ..........।

ਹੁਣ ਸੇਠ ਦਿਆਲ ਸਿੰਘ ਹੁਰੀਂ ਕਹਿੰਦੇ ਸੀ—ਕਿ ਸਾਡੇ ਬੱਚੇ ਸਾਡੇ ਵਰਗੇ ਕਿਵੇਂ ਹੋਣ। ਅਸੀਂ ਭਾਈ ਜੈ ਸਿੰਘ ਹੁਰਾਂ ਕੋਲ ਜਾਂਦੇ ਸਾਂ। ਉਹ ਸਾਥੋਂ ਭਾਂਡੇ ਮੰਜਵਾਉਂਦੇ ਸਨ। ਰੋਜ਼ ਗੁਰਬਾਣੀ ਪੜ੍ਹਦੇ ਸਨ। ਕੋਈ ਚੀਜ਼ ਬਣਾਉਣ ਵੰਡ ਕੇ ਖਾਂਦੇ ਸਨ। ਰਹਿਰਾਸ ਇੱਕ ਜਣੇ ਨੂੰ ਪੜ੍ਹਨ ਲਾਉਂਦੇ ਸੀ, ਦੂਏ ਸੁਣਦੇ ਸੀ, ਜਿੰਨਾਂ ਚਿਰ ਨਾ ਅਰਦਾਸ ਹੋ ਜਾਵੇ, ਨਹੀਂ ਸੀ ਆਉਂਦੇ। ਹੁਣ ਬੱਚੇ ਪੜ੍ਹਨ ਚਲੇ ਜਾਂਦੇ ਹਨ ਸਕੂਲਾਂ 'ਚ। ਉਹਨਾਂ ਨੂੰ ਪਤਾ ਹੀ ਨਹੀਂ ਗੁਰਬਾਣੀ ਕੀ ਚੀਜ਼ ਹੈ—ਕਿਵੇਂ ਬਣਨ। ਤਾਂ ਤੇ, ਤੁਹਾਡਾ ਵੀ ਫਰਜ਼ ਹੈ, ਤੁਹਾਡੇ ਬੱਚੇ ਪਹਿਲੀ ਜਿਹੜੀ ਮੁੱਢਲੀ ਵਿੱਦਿਆ ਹੈ ਤੁਹਾਡੀ, ਇਹ ਤੁਹਾਡੀ ਆਪਣੀ ਵਿੱਦਿਆ ਹੈ। ਜਿੰਨਾਂ ਚਿਰ ਨਾ ਹੋਵੇਗੀ ਤੁਹਾਡੇ ਲੜਕੇ ਸਿੱਖ ਨਾਮਧਾਰੀ ਨਹੀਂ ਰਹਿ ਸਕਦੇ। ਤੁਹਾਡਾ ਹੰਭਲਾ ਥੋੜ੍ਹਾ ਜਿਹਾ ਮਾਰਨ ਵਾਲੀ ਗੱਲ ਹੈ। ਸ਼ਾਇਦ ਜੇ ਗੁਰੂ ਨੇ ਕਿਰਪਾ ਕਰ ਦਿੱਤੀ ਤੇ ਕੋਈ ਗੱਲ ਬਾਤ ਬਣ ਜਾਵੇ। ਕੁਛ ਮੁੱਢ ਬੱਧਾ ਹੋਇਆ ਹੈ ਸਾਧ ਸੰਗਤ ਨੇ। ਤਾਂ, ਇਹ ਦੋ ਚੀਜ਼ਾਂ ਦੀ ਲੋੜ ਹੈ—ਬਈ, ਜਗ੍ਹਾ ਖੁਲ੍ਹੀ ਹੋਵੇ ਦੀਵਾਨ ਲੱਗਣ ਵਾਲੀ ਔਰ ਬੱਚਿਆਂ ਨੂੰ ਵਿੱਦਿਆ ਮਿਲੇ-ਮਿਲੇ ਬੱਚੀਆਂ ਨੂੰ ਵੀ।

ਪਰ ਮੈਂ ਜਿਹੜੀ ਅੱਗੇ ਅਰਜ਼ ਕੀਤੀ ਸੀ ਮਾਈਆਂ ਅੱਗੇ ਕਿ ਛੋਟੀਆਂ ਬੱਚੀਆਂ ਦੀਆਂ ਮਾਈਆਂ ਦੋ ਦੋ ਗੁੱਤਾਂ ਨਾ ਕਰਨ। ਬੱਚੀਆਂ ਨੂੰ ਇਹੋ ਜਿਹੇ

ਲੀੜੇ ਪਹਿਨਾਕੇ, ਨੰਗੇ ਸਿਰੀਂ ਨਾ ਤੋਰਨ। ਬੱਚੀਆਂ ਨੂੰ ਪਹਿਲਾਂ ਤੋਂ ਹੀ ਜਿਹੜਾ ਬਚਪਨ ਵਿੱਚ, ਜਿਨ੍ਹਾਂ ਨੂੰ ਅਸੀਂ ਬੱਚਿਆਂ ਨੂੰ ਅੱਜ ਉਹਨਾਂ ਦੇ ਗੈਲਸ ਲਾ ਕੇ, ਉਹਨਾਂ ਦੇ ਪੈਂਟ ਪਾ ਕੇ—ਮੈਨੂੰ ਤਾਂ ਨਾਮ ਹੀ ਨਹੀਂ ਆਉਂਦੇ ਕਿਉਂ—ਪੜ੍ਹਿਆ ਹੀ ਨਹੀਂ ਅੰਗਰੇਜ਼ੀ—ਤੇ ਓਹ ਜਿਹੜਾ ਮੁੰਡਾ ਐੜੇ ਨੂੰ ਆ ਕੰਨੇ ਵਾਂਗੂ ਖੜ੍ਹਾ ਆਕੜਿਆ, ਜਿਹੜਾ ਬਹਿ ਕੇ ਚੀਤਾ ਭੀ ਨਹੀਂ ਛੱਡ ਸਕਦਾ, ਉਹ ਵੱਡਾ ਹੋ ਕੇ ਕੀ ਕਰੂਗਾ, ਅੱਜ ਉਹਨੂੰ ਕੋਈ ਪਤਾ ਹੀ ਨਹੀਂ। ਜੇ ਤੁਸੀਂ ਆਪਣੀ ਔਲਾਦ ਦਾ—ਆਪਣੀ ਕੌਮ ਦਾ—ਆਪਣੇ ਮਜ਼੍ਹਬ ਦਾ—ਭਲਾ ਚਾਹੁੰਦੇ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਬਹੁਤ ਸਾਦਾ ਖਾਣਾ ਬੱਚਿਆਂ ਦਾ ਰਵ੍ਹੇ। ਬਹੁਤ ਸਾਦਾ ਪਹਿਰਾਵਾ ਬੱਚਿਆਂ ਦਾ ਰਵ੍ਹੇ, ਦੋਵੇਂ ਗੱਲਾਂ ਹਨ, ਤੁਹਾਨੂੰ ਦੋਵੇਂ ਫਾਇਦੇ ਹਨ।

ਇਹ ਮਾਇਆ ਜਿਹੜੀ ਚੀਜ ਮਹਾਰਾਜ ਨੇ ਬਣਾਈ ਹੈ, ਛਲ ਰੂਪ ਹੈ। ਅੱਜ ਤਾਂ ਇੱਕ ਆਦਮੀ ਬਾਦਸ਼ਾਹ ਹੈ ਤੇ ਕੱਲ ਨੂੰ ਉਹ ਭੁੱਖਾ ਮਰਦਾ ਹੈ। ਤੁਸੀਂ ਜ਼ਰਾ ਧਿਆਨ ਦੇਣਾ। ਮੈਂ ਨਹੀਂ ਕਹਿੰਦਾ ਤੁਹਾਡੀ ਮਾਇਆ ਘਟੇ, ਸਤਿਗੁਰੂ ਏਦੂੰ ਵੀ ਵਧਾਉਣ। ਪਰ, ਇਸ ਗੱਲ ਵਾਸਤੇ ਨਾ ਮਾਇਆ ਵਧੇ, ਬੱਚਾ ਆਉਂਦੈ ਦਸ ਟਿਕਲ ਲੈ ਜਾਂਦੈ। ਓਥੋਂ ਜਾ ਕੇ ਉਹ ਕਰੀਮ ਲੈ ਕੇ ਬਰਫ ਜੰਮੀ ਹੋਈ ਖਾਂਦਾ ਹੈ। ਉਹਦੇ ਦੰਦ ਖਰਾਬ ਹੋ ਜਾਂਦੇ ਹਨ। ਤੁਸੀਂ ਬੱਚਿਆਂ ਨੂੰ ਆਦਤ ਪਾਓ ਕਿ ਤੁਹਾਡੇ ਬੱਚੇ ਇਹੋ ਜਿਹੀਆਂ ਚੀਜ਼ਾਂ ਹੀ ਨਾ ਮੰਗਣ ਜਿਹੜੀਆਂ ਚੀਜ਼ਾਂ ਦੇ ਨਾਲ ਉਹਨਾਂ ਦੀ ਸਿਹਤ ਖਰਾਬ ਹੋਵੇ। ਹੁਣ ਜਿਹਨੂੰ ਦੇਖੀਦਾ ਹੈ, ਕਿਸੇ ਦੇ ਮੂੰਹ ਤੇ ਰੰਗ ਨਹੀ, ਸਰ੍ਹੋਂ ਦੇ ਫੁੱਲ ਵਰਗੇ ਬੱਚਿਆਂ ਦੇ ਰੰਗ ਹਨ। ਮਾਈਆਂ ਦਾ ਕੰਮ ਹੋਣਾ ਚਾਹੀਦੈ, ਮਾਈਆਂ ਤੜਕੇ ਸਵਾ ਪਹਿਰ ਦੇ ਨਾਲ ਉੱਠਣ ਇੱਕ ਪਹਿਰ ਨਾਲ ਉੱਠਣ। ਸਤਿਗੁਰਾਂ ਹੁਕਮ ਦਿੱਤੈ—ਜੋ ਸਵਾ ਪਹਿਰ ਰਾਤ ਨਾਲ ਸਣੇ ਕੇਸੀਂ ਇਸ਼ਨਾਨ ਕਰਕੇ ਨਾਮ ਬਾਣੀ ਪੜ੍ਹੇ ਉਹਨੂੰ ਸਵਾ ਮਣ ਮੋਤੀ ਦਾ ਪੁੰਨ ਹੈ—ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਸਤਿਗੁਰੂ ਰਾਮ ਸਿੰਘ ਜੀ ਨੇ ਦੱਸਿਐ—ਉਸ ਤੋਂ ਬਾਅਦ ਫਿਰ ਸੋਨੇ ਦਾ, ਫਿਰ ਰੁਪੇ ਦਾ, ਫੇਰ ਅੰਨ ਦਾ, ਫੇਰ ਦੁੱਧ ਦਾ, ਫੇਰ ਪਾਣੀ ਦਾ। ਦਿਨ ਚੜ੍ਹੇ ਪੁੰਨ ਕੁਛ ਨਹੀਂ ਪਿੰਡਾ ਧੋ ਲੈਣੈ।

ਮਾਈਆਂ ਦੇ ਸਿਰ ਤੇ ਬੜਾ ਭਾਰ ਹੈ। ਹੁਣ ਮਾਈਆਂ ਆਂਹਦੀਆਂ ਨੇ ਕਿ ਮੇਲਾ ਕਰੋ। ਫੇਰ ਮੁੜਕੇ, ਮੈਂ ਮਾਈਆਂ ਅੱਗੇ ਅਰਜ਼ ਕਰਦਾ ਹਾਂ ਕਿ ਮਾਈਆਂ ਇੱਕ ਤਾਂ ਜਿਹਨਾਂ ਨੇ ਨਹੀਂ ਪਾਠ ਲਏ ਹੋਏ ਉਹ ਸ਼ਬਦ ਲੈ ਲੈਣ, ਜੇ ਮੇਲਾ ਕਰਨੈ, ਤੇ ਦੂਜਾ ਉਹ ਤੜਕੇ ਉਠਿਆ ਕਰਨ। ਆਪਣੇ ਬੱਚਿਆਂ ਦੇ ਕੋਲ ਬੈਠ ਕੇ, ਆਪਣੇ ਬੱਚਿਆਂ ਨੂੰ ਭਜਨ ਕਰਾਇਆ ਕਰਨ, ਦੋ ਦੋ, ਚਾਰ ਚਾਰ, ਪੰਜ ਪੰਜ ਮਿੰਟ। ਉਹਨਾਂ ਬੱਚਿਆਂ ਨੂੰ ਬਾਣੀ ਕੰਠ ਕਰਾਉਣ, ਲੜਕੀਆਂ ਨੂੰ ਵੀ ਕਰਾਉਣ ਤਾਂ ਕਿ ਜਿਸ ਵੇਲੇ ਸਤਿਗੁਰੂ ਆਉਣ..........। ਉਹਨਾਂ ਨੇ ਹੁਕਮਨਾਮੇ ਵਿੱਚ ਲਿਖਿਐ—ਕਿ ਲਿਖ ਕੇ ਸਾਨੂੰ ਭੇਜਣਾ, ਏਸ ਨੇ ਐਨੀ ਬਾਣੀ ਕੰਠ ਕੀਤੀ ਹੈ, ਏਸ ਨੇ ਐਨੀ ਕੰਠ ਕੀਤੀ ਹੈ। ਭਾਈ ਸਭ ਕੁਛ, ਇਹ ਮਾਇਆ ਪਰਛਾਵਾਂ ਹੈ। ਸੂ: ਆਤਮਾ ਸਿੰਘ ਜੀ ਪਰਮਾਣ ਦਿੰਦੇ ਹੁੰਦੇ—ਕਿ ਜੇ ਸੂਰਜ ਵੱਲ ਮੂੰਹ ਕਰਕੇ ਸੂਰਜ ਵੱਲ ਨੂੰ ਦੌੜੀਏ, ਤਾਂ ਪਰਛਾਵਾਂ ਪਿੱਛੇ ਦੌੜਦਾ ਹੈ, ਤੇ ਜੇ ਸੂਰਜ ਵੱਲ ਪਿੱਠ ਕਰ ਦੇਈਏ ਪਰਛਾਵੇਂ ਦੇ ਮਗਰੋ ਦੌੜੀਏ ਤਾਂ ਪਰਛਾਵਾਂ ਡਾਹ ਨਹੀਂ ਦਿੰਦਾ, ਜਿੰਨਾਂ ਮਰਜ਼ੀ ਹੈ ਭੱਜੀ ਜਾਓ। ਜੇ ਸਤਿਗੁਰੂ ਵਲ ਮੂੰਹ ਹੋਏ ਤੇ ਮਾਇਆ ਪਿੱਛੇ, ਜੇ ਸਤਿਗੁਰੂ ਵਲ ਪਿੱਠ ਕਰਕੇ ਮਾਇਆ ਵੱਲ ਮੂੰਹ ਹੋ ਜਾਏ ਤਾਂ ਸਤਿਗੁਰੂ ਵੱਲ ਪਿੱਠ ਹੋਈ, ਤਾਂ ਫੇਰ ਮੂੰਹ ਫੇਰਿਆਂ ਮੂੰਹ ਜੂਠਾ ਹੁੰਦਾ ਹੈ। ਤੁਸੀਂ ਆਪਣਾ ਧਿਆਨ ਦਿਓ।

ਮੈਂ ਤੁਹਾਨੂੰ ਕਹਿਣੋਂ ਨਹੀਂ ਹਟਣਾਂ, ਬੇਸ਼ਰਮਗੀ ਦੇ ਤਾਨ ਵੀ ਕਹਿਣਾਂ ਕਿ ਤਮਾਸ਼ੇ ਨ ਦੇਖਿਆ ਕਰੋ। ਕਦੇ ਕਦੇ ਚੋਰੀ ਹੱਥ ਮਾਰ ਲੈਂਦੇ ਹੋ। ਹਾਸੇ ਵਾਲੀ ਗੱਲ ਵੀ ਔਰ ਦੁੱਖ ਵਾਲੀ ਗੱਲ ਵੀ ਹੈ, ਜਿਹੜੀ ਮੈਂ ਕਹਿਣ ਲੱਗਾਂ। ਕਈ ਕਈ ਆਦਮੀ ਐਸ ਰੌਲੇ 'ਚ ਨਾਮਧਾਰੀ ਸ਼ਰਾਬ ਕੱਢ ਕੇ ਬੇਚਦੇ ਰਹੇ। ਕਈਆਂ ਨੇ ਪੀਤੀ ਵੀ—ਬਈ ਸੋਧ ਦੀ ਤਾਂ ਕੋਈ ਡਰ ਨਹੀਂ ਨ। ਏਸ ਤਰ੍ਹਾਂ ਜੇ ਨੂੰਫ[੧੭] ਵਿੱਚ ਨਾ ਜਾ ਕੇ ਵੇਖੀਏ ਤਾਂ ਆਪਣੇ ਘਰ ਦੇਖ ਲਈਏ ਤਾਂ ਸੋਧ ਦਾ ਨੂੰਫ ਹੋ ਜਾਂਦਾ ਹੈ ਫਿਰ, ਆਪਣੇ ਘਰ ਤਾਂ ਬੇਸ਼ਕ ਦੇਖ ਲਈਏ ਨ ਮਸ਼ੀਨ ਲਿਆਕੇ। ਗੰਦਾ ਬਾਹਰ ਪਿਆ ਵੀ ਬਦਬੂ ਹੈ, ਅੰਦਰ ਪਿਆ ਵੀ ਬਦਬੂ ਹੈ। ਧਿਆਨ ਦਿਓ ਤੁਹਾਡਾ ਇਹ ਕੰਮ ਨਹੀ। ਮੈਂ ਅਰਜ਼

ਬੇਨਤੀ ਕਰਨੀ ਹੈ। ਮੈਂ ਕਿਸੇ ਨੂੰ ਸਖ਼ਤ ਲਫ਼ਜ਼ ਨਹੀਂ ਕਹਿਣ ਨੂੰ ਤਿਆਰ, ਪਰ ਤੁਸੀਂ ਧਿਆਨ ਦਿਓ। ਇੱਕ ਸੱਜਣ ਹਨ ਉਹ ਮੇਰੇ ਆਇਆਂ ਕੁਛ ਹੋਰ ਸ਼ਕਲ ਬਣਾ ਲੈਂਦੇ ਹਨ, ਪਿੱਛੋਂ ਹੋਰ ਬਣਾ ਲੈਂਦੇ ਹਨ। ਮੈਂ ਉਹਨਾਂ ਅੱਗੇ ਬੇਨਤੀ ਕਰਾਂਗਾ, ਹੁਕਮ ਨਹੀਂ ਚਾੜ੍ਹਦਾ, ਲੋਕ ਉਹਨਾਂ ਨੂੰ ਵੀ ਮਖੌਲ ਕਰਦੇ ਹਨ, ਮੈਨੂੰ ਵੀ ਮਖੌਲ ਕਰਦੇ ਹਨ—ਬਈ, ਇਹ ਕੱਲ ਕੀ ਬਣਿਆ ਸੀ, ਅੱਜ ਕੀ ਬਣਿਐ। ਉਹ ਜ਼ਰਾ ਆਪਣੇ ਆਪ ਵੱਲ ਧਿਆਨ ਦੇਣ। ਮੇਰੇ ਮਖੌਲ ਦਾ ਕੋਈ ਫਿਕਰ ਨਹੀਂ, ਉਹ ਆਪਣੇ ਮਖੌਲ ਤੋਂ ਬਚਣ। ਤੁਹਾਡਾ ਕੰਮ ਨਹੀਂ, ਸਤਿਗੁਰਾਂ ਨੇ ਤੁਹਾਨੂੰ ਆਪਣਾ ਸਰੂਪ ਬਖਸ਼ਿਆ ਹੈ। ਓਹ ! ਤੁਸੀਂ ਸਤਿਗੁਰਾਂ ਦਾ ਸਰੂਪ ਛੱਡ ਕੇ ਮਨੁੱਖਾਂ ਦਾ ਸਰੂਪ ਬਣਦੇ ਹੋ। ਬਾਦਸ਼ਾਹ ਦਾ ਥਾਂ ਛੱਡ ਕੇ, ਤਖ਼ਤ ਛੱਡ ਕੇ ਤੇ ਗੰਦਗੀ ਸੰਭਰਨ ਵਾਸਤੇ ਬਾਲਟੀ ਤੇ ਝਾੜੂ ਚੁੱਕਦੇ ਹੋ। ਸਤਿਗੁਰਾਂ ਦੇ ਰੂਪ ਵੱਲ ਧਿਆਨ ਦਿਓ, ਦੁਨੀਆਂ ਦੇ ਸੁਹੱਪਣ ਨੇ ਤੁਹਾਡਾ ਕੁਛ ਨਹੀਂ ਬਣਾਉਣਾ। ਦੁਨੀਆਂ 'ਚ ਸੋਭਾ ਚਾਰ ਦਿਹਾੜੇ। ਮੈਂ ਅਰਜ਼ ਬੇਨਤੀ ਕਰਾਂਗਾ, ਅੱਗੇ ਉਹਨਾਂ ਦੀ ਮਰਜ਼ੀ ਹੈ। ਭਾਈ ਗਿਆਨ ਸਿੰਘ ਜੀ ਗਿਆਨੀ ਨੇ ਇੱਕ ਥਾਂ ਲਿਖਿਐ–

*ਗਰਜ਼ ਸਮਝ ਕਰ ਅਰਜ਼ੀ ਗੁਜ਼ਾਰੀ ਲਿਖ,*
*ਮਰਜ਼ੀ ਤੁਮ੍ਹਾਰੀ ਚਾਹੇ ਮਾਨੌਂ ਨਹੀਂ ਮਾਨੋ।*

ਸਤਿਗੁਰੂ ਹਰੀ ਸਿੰਘ ਜੀ ਦੇ ਪਾਸ ਸਿੱਖਾਂ ਨੇ ਅਰਜ਼ ਕੀਤੀ—ਮਹਾਰਾਜ, ਮੁਰੱਬੇ ਲੈ ਲਈਏ। ਮਹਾਰਾਜ ਨੇ ਆਖਿਆ—ਨਾ ਲਇਓ, ਅਉਖੇ ਹੋਵੋਗੇ। ਲੈ ਲਏ। ਗੁਰੂ ਹਰੀ ਸਿੰਘ ਜੀ ਗਏ। ਭਾਈ ਸਓਣ ਸਿੰਘ ਜੀ ਸਦੋਵਾਲ ਵਾਲੇ, ਬੜੇ ਮਹਾਂਪੁਰਸ਼ ਸਾਧੂ ਸੇ। ਸਾਰੇ ਲਾਇਲਪੁਰ ਦੇ ਜ਼ਿਲ੍ਹੇ 'ਚ ਇੱਕੋ ਹੀ ਬੰਦਾ ਜੰਮਿਆ ਸੀ, ਜਿਨ੍ਹੇ ਆਪਣੇ ਭਰਾਵਾਂ ਨੂੰ ਜ਼ਮੀਨ ਆਪਣੇ ਨਾਂ ਲੱਗੀ ਹੋਈ, ਵੰਡ ਕੇ ਦਿੱਤੀ ਸੀ। ਨਹੀ ਲੋਕਾਂ ਨੇ, ਨਾਲ ਭਰਾ ਲਿਜਾ ਕੇ, ਜ਼ਮੀਨਾਂ ਆਬਾਦ ਕਰਾ ਕੇ, ਮਗਰੋਂ ਘਰਾਂ ਚੋਂ ਕੱਢ ਦਿੱਤੇ। ਗੁਰੂ ਹਰੀ ਸਿੰਘ ਜੀ ਗਏ, ਕਹਿਣ ਲੱਗੇ,''ਸੱਚੇ ਪਾਤਸ਼ਾਹ ! ਦੇਖੋ, ਤੁਸੀਂ ਕਹਿੰਦੇ ਸੀ ਨਾ ਲਓ, ਦੇਖੋ ਕਿੰਨੀ ਮੌਜ ਬਣੀ ਹੈ।''

ਕਹਿਣ ਲੱਗੇ,''ਭਾਈ ਜਿੱਥੇ ਤੁਸੀਂ ਆਓ, ਸਾਨੂੰ ਆਉਣਾ ਤੇ ਪੈਂਦੈ,

ਪਰ ਤੁਸੀਂ ਅਉਖੇ ਬਹੁਤ ਹੋਵੋਂਗੇ।''

ਮੈਨੂੰ ਇਹ ਪਤਾ ਹੈ, ਮੈਂ ਜਿਦਣ ਖਾਲਸਾ ਕਾਲਜ ਵਿੱਚ ਅੱਠ ਸਤੰਬਰ ਨੂੰ ਗਿਆ ਉਹ ਲਾਇਲਪੁਰ ਦੇ ਜ਼ਿਲ੍ਹੇ ਦੇ, ਉਹ ਬਾਬੇ ਸਓਣ ਸਿੰਘ, ਉਹਨਾਂ ਦੇ ਪੋਤਰੇ, ਨੂੰਹਾਂ, ਬੱਚੀਆਂ ਔਰ ਜਿਹੜੀਆਂ ਸਾਡੇ ਹੱਥਾਂ ਵਿੱਚ ਪਲੀਆਂ ਸਨ, ਗਲ ਨੂੰ ਚੰਬੜੀਆਂ ਆਣ ਤੇ ਰੋ ਰੋ ਕੇ ਉਹਨਾਂ ਦਾ ਦੁੱਖ ਨਹੀਂ ਸੀ ਝੱਲਿਆ ਜਾਂਦਾ। ਗੱਲ ਇਹ ਹੈ ਜੇ ਅਸੀਂ ਸਤਿਗੁਰੂ ਦੇ ਹੁਕਮ ਨਾ ਮੰਨੀਏ, ਜੇ ਅਸੀਂ ਸਤਿਗੁਰੂ ਦੇ ਹੁਕਮ ਨੂੰ ਭੁਲਾਂਗੇ—**ਹਰਿ ਬਿਸਰਤ ਸਦਾ ਖੁਆਰੀ**—ਤਾਂ ਖੁਆਰੀ ਦਾ ਥਾਂ ਹੈ।

ਸਾਧ ਸੰਗਤ ਅੱਗੇ ਅਰਜ਼ ਕਰੀ ਹੈ। ਹੁਣ ਸਵੇਰੇ ਜੋ ਸਤਿਗੁਰਾਂ ਨੂੰ ਭਾਵੇ, ਜੇ ਕੋਈ ਗੱਲ ਬਾਤ ਬਣੀ ਤਾਂ ਅਰਜ਼ ਕਰਾਂਗੇ। ਮਸਤਾਨੇ ਹੁਰਾਂ ਨੇ ਬਹੁਤ ਸਾਰਾ ਕੰਮ ਸਿਰ ਤੇ ਲਿਆ ਸੀ। ਇਹਨਾਂ ਨੇ ਕੱਲ ਮੇਰੇ ਬਿਨਾਂ ਪੁੱਛੇ ਕੰਮ ਕਰ ਲਿਆ ਹੈ। ਇੱਕ ਸਾਮੀ ਹੱਥਾਂ ਚੋਂ ਗਵਾ ਦਿੱਤੀ ਹੈ। ਉਹਦੇ ਜ਼ੁੰਮੇਵਾਰ ਹੁਣ ਇਹ ਹਨ। ਉਹਦੇ ਥਾਂ ਇਹ ਪੈਸੇ ਦੇਣਗੇ। ਹੋਰ ਦੂਜਿਆਂ ਨੂੰ ਅਸੀਂ ਅਰਜ਼ ਬੇਨਤੀ ਕਰਾਂਗੇ, ਜੇ ਗੱਲ ਬਾਤ ਬਣੀ ਤਾਂ ਫੇਰ ਮਸਤਾਨਾ ਜੀ ਨੂੰ ਅਰਜ਼ ਬੇਨਤੀ ਕੀਤੀ ਹੈ ਤੁਹਾਡਾ ਆਪਣਾ ਕੰਮ ਹੈ।

**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ।।**

*– ਸਾਰੰਗ ਕਬੀਰ ਜੀ, ਪੰਨਾਂ-੧੨੫੧*

ਨਾ ਕਿਸੇ ਦੇ ਨਾਲ ਆਇਆ ਹੈ, ਨਾ ਜਾਣੈ। ਜੇ ਇਹਨੂੰ ਧਰਮ ਅਰਥ ਵਿੱਚ ਲਾਓਗੇ, ਜੇ ਇਹਨੂੰ ਸਤਿਗੁਰੂ ਅਰਥ ਵਿੱਚ ਲਾਓਗੇ ਤਾਂ ਤੁਹਾਡੀ ਸੁਫਲੀ ਹੋਊ।

## ਟਿੱਪਣੀਆਂ

★੧ ਮਹਾਤਮਾ ਬੁੱਧ ਦੇ ਆਖਰੀ ਭੋਜਨ ਬਾਰੇ 'ਲਾਲ ਏਹਿ ਰਤਨ, ਭਾਗ-੨' ਪੰਨਾਂ-੭੪

★੨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਬਾਰੇ ਬਿਆਸ ਜੀ ਦਾ ਭਵਿਖਤ ਪੁਰਾਣ ਦਾ ਕਥਨ, ਅਧਯਾਇ ੨੮,

੧ ਏਵੰ ਵੈ ਧਰਮਯ ਪ੍ਰਾਚੁਰਯੰ ਭਵਿਸ਼ਯਤਿ ਯਦਾ ਕਲੌ।।੩੩।।
੨ ਤਦਾ ਵੈ ਲੋਕ ਰਖਯਾਰਥੰ ਮਲੇਛਾਨਾ ਨਾਸ਼ ਹੇਤਵੇ।।
੩ ਪਸਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ੇ ਚ ਨਾਨਕੌ।।੩੪।।
੪ ਨਾਮਨਾ ਭੁਵਿ ਰਾਜ ਰਿਖੀ ਬ੍ਰਹਮ ਗਯਾਨੈਕ ਮਾਨਸਃ।।
੫ ਭਵਿਸ਼ਯਤਿ ਕਲੌ ਸਕੰਦ ਤਤ੍ਰ ਬਿੱਤਯ ਕਲਿਯਾ ਹਰੇ।।੩੫।।
੬ ਸ ਸ੍ਰੀ ਮਨ ਰਾਜ ਸਾਰਦੂਲਾਨੁਪਦਿੱਸ਼ਯਤਿ ਪੁਨਾ।।
੭ ਮਲੇਛਾਨ ਹਨਿਸ਼ਯੰਤਿ ਸਕੰਦ ਧਰਮ ਤੱਤੋਪਦੇਸ਼ ਕ੍ਰਿਤ।।੩੬।।
੮ ਤੇਨੋਪਦਿਸ੍ਟ੍ਰੰ ਮਾਰਗ ਵੈ ਯੇ ਗ੍ਰਹੀਸਯੰਤਿ ਭੂਮਿ ਪਾਃ।।
੯ ਤੇ ਵੈ ਰਾਜ ਕਰਿਸ਼ਯੰਤਿ ਤਸਯਾ ਸਿਖਯਾਨੁਸਾਰਿਤਾ।।੩੭।।
੧੦ ਧਰਮੇਣ ਰਾਜਯ ਬ੍ਰਿਧਿਸਚ ਕਲੌ ਤੇਸਾਂ ਭਵਿਸ਼ਯਤਿ।।
੧੧ ਤੇਸਾਂ ਰਾਜਯਾਂਤ ਪਰੇ ਕਾਲੇ ਮਲੇਛਾ ਗੌਰ ਮੁਖਾ ਨ੍ਰਿਪਃ।।੩੮।।
੧੨ ਪ੍ਰਬਲਾਸੰ ਭਵਿਸ਼ਯੰਤਿ ਸਕੰਦ ਪ੍ਰਜਾ ਰਖਯਣ ਤਤਪਰਾ।।
੧੩ ਅਲਪ ਕਾਲੇਨ ਤੇਸਾਂ ਤੁ ਰਾਜਯ ਬ੍ਰਿਧਿ ਭਵਸ਼ਯਤਿ।।੩੯।।
੧੪ ਨ੍ਰਿਪਬਲੰ ਹਰਿਸਯੰਤਿ ਗੌਰ ਵਰਣਾ ਗਯਾਯਨ ਗਾਃ।।
੧੫ ਅਸ਼ੀਤਿ ਸ਼ਤ ਰਾਜਯੰਤੇ ਨੀਤਿ ਸ਼ਾਸਤ੍ਰਾਨੁਸਾਰਤਾਃ।।੪੦।।
੧੬ ਕ੍ਰਿਤ੍ਵਾ ਪਸਚਿਮ ਦੇਸ਼ੀਯੇ ਨ੍ਰਿਪੈਰ ਯਾਸਯੰਤਯ ਦਰਸ਼ਨੰ।।
੧੭ ਯਦਾ ਬੇਦੇ ਚ ਬਿਪ੍ਰੇ ਓ ਬੈਰਮਬੇ ਚ ਵਿਸ਼ੁਯਧ ਧੀ।।੪੧।
੧੮ ਤਦਾ ਨ੍ਰਿਪਾ ਬਿਜਯੰਤਿ ਮਲੇਛਾਨ ਧ੍ਰਮੰ ਪਰਾਜਯਨੁਖਾਨ।।
੧੯ ਤਸਮਿਨ ਕਾਲੇ ਖੰਡ ਨਾਥਾ ਸਤਸਸ੍ਰ ਸਹੱਸ੍ਰਸਾਃ।।੪੨।।
੨੦ ਭਵਿਸ਼ਯੰਤਿ ਕਲੌ ਸਕੰਦ ਰਾਜਯ ਪਾਲਨਾ ਤਤਪਰਾ।।
੨੧ ਰਾਜ ਰਿਖਿ ਮਤ ਮਾਰਗੀਣਾ ਮਾਗਯਾ ਲੋਕੇ ਭਵਿਸ਼ਯਤਿ।।੪੩।।

*- ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾਂ-੩੬੪*

੧ {ਏਵੰ ਵੈ} ਇਸ ਪ੍ਰਕਾਰ {ਧਰਮਯ ਪ੍ਰਾਚੁਰਯੰ} ਜਦ ਧਰਮ ਦੀ ਸੱਤਾ ਕਮਜ਼ੋਰ ਹੋ ਰਹੀ ਹੋਵੇਗੀ ! {ਭਵਿਖਯਤਿ} ਆਉਣ ਵਾਲੇ ਸਮੇਂ ਵਿਚ !! {ਯਦਾ ਕਲੌ} ਜਦ ਕਲਜੁਗ ਹੋਵੇਗਾ !!!

੨ {ਤਦਾ ਵੈ} ਤਾਂ ਉਸ ਸਮੇਂ {ਲੋਕ ਰਖਯਾਰਥੰ} ਲੋਕਾਂ ਦੀ ਰਖਿਆ ਲਈ ਅਤੇ {ਮਲੇਛਾਨਾ ਨਾਸ਼ ਹੇਤਬੇ} ਮਲੇਛ ਪੁਣੇ ਦੇ ਨਾਸ ਵਾਸਤੇ।

੩,੪{ਪਸਚਮੇ ਤੁ} ਤਾਂ ਪੱਛਮ ਦਿਸਾ ਦੇ {ਸ਼ੁਭੇ ਦੇਸੇ} ਉੱਤਮ ਦੇਸ਼ {ਪੰਜਾਬ} ਅੰਦਰ {ਬੇਦੀ ਬੰਸੇ 'ਚ} ਬੇਦੀ ਬੰਸ ਵਿਚ {ਨਾਨਕੋ ਨਾਮਨਾ} ਨਾਨਕ ਨਾਮ ਦੇ ਰਾਜ ਰਿਖੀ ਦਾ {ਭੁਵਿ} ਅਵਤਾਰ ਹੋਵੇਗਾ ਜੋ {ਬ੍ਰਹਮ ਗਯਾਨੈਕ} ਬ੍ਰਹਮ ਤੋਂ ਹੀ ਗਿਆਨ {ਦੀਖਯਾ} ਲੈ ਕੇ ਆਵੇਗਾ {ਮਾਨਸਃ} ਉਸ ਦਾ ਮਨੁੱਖ ਜਾਮਾ ਹੋਵੇਗਾ।

੫ ਉਹ {ਭਵਿਸ਼ਯਤਿ ਕਲੌ} ਆਉਣ ਵਾਲੇ ਕਲਜੁਗੀ ਸਮੇਂ ਦੇ {ਸਕੰਦ} ਝਗੜਿਆਂ {ਤਤ੍ਰ} ਉਸ ਸਮੇਂ ਦੇ ਜੀਵਾਂ ਦੇ {ਬਿੱਤਯ} ਦੁੱਖਾਂ ਅਤੇ {ਕਲਯਾ} ਕਲੇਸ਼ਾਂ ਨੂੰ {ਹਰ} ਨਾਸ ਕਰੇਗਾ।

੬ {ਸ ਸ੍ਰੀ ਮਨ} ਉਸ {ਗੁਰੂ ਨਾਨਕ} ਨੂੰ ਸ਼੍ਰੋਮਣੀ ਸਤਿਗੁਰੂ ਮੰਨਣ ਵਾਲੇ {ਸ਼ਾਰਦੂਲਾਨੁ} ਜੋ ਸਿੰਘ ਹੋਣਗੇ {ਪਦਿੱਸ਼ਯਤਿ ਪੁਨਾ} (ਪੰਜਾਬ ਦੀਆਂ) ਉਪਦਿਸ਼ਾਂ ਵਿਚ ਬਾਰ ਬਾਰ।

੭ {ਮਲੇਛਾਨਾਂ} ਮਲੇਛਾਂ ਦਾ {ਹਿਨਸ਼ਯੰਤਿ} ਨਾਸ ਕਰਨਗੇ ਹੇ ਸਕੰਦ ! {ਧਰਮ ਤੱਤੋਪਦੇਸ਼ ਕ੍ਰਿਤ} ਧਰਮ ਰੂਪੀ ਤੱਤ ਵਸਤੂ ਦਾ ਉਪਦੇਸ਼ ਕਰਨਗੇ।

੮ {ਤੇਨੋਪਦਿਸ਼੍ਰੂੰ} ਤਾਂ ਉਸ ਗੁਰੂ ਦੇ ਦੱਸੇ ਹੋਏ {ਮਾਰਗ ਵੈ} ਮਾਰਗ {ਉਪਦੇਸ਼} ਨੂੰ {ਯੇ ਗ੍ਰਹੀਸ਼ਯੰਤਿ ਭੂਮਿ ਪਾਃ} ਗ੍ਰਹਣ ਕਰੇਗਾ ਉਸ ਕੌਮ ਦਾ ਬਾਦਸ਼ਾਹ (ਮਹਾਰਾਜਾ ਰਣਜੀਤ ਸਿੰਘ)

੯ {ਤੇ ਵੈ ਰਾਜਯੰ ਕਰਿਸ਼ਯੰਤਿ} ਉਹ ਰਾਜ ਕਰੇਗਾ {ਤਸਯ ਸਿਖਯਾਨੁਸਾਰਿਤਾ} ਉਸ (ਗੁਰੂ) ਦੀ ਸਿਖਿਆ ਅਨੁਸਾਰ।

੧੦ {ਧਰਮੇਣ ਰਾਜਯ ਬ੍ਰਿਧਿਸਚ} (ਉਹ) ਧਰਮ ਨਾਲ (ਆਪਣੇ) ਰਾਜ ਨੂੰ ਵਧਾਵੇਗਾ {ਕਲੌ ਤੇਸ਼ਾਂ ਭਵਿਸ਼ਯਤਿ} ਇਸ ਪ੍ਰਕਾਰ ਆਉਣ ਵਾਲੇ ਸਮੇਂ ਕਲਜੁਗ ਵਿਚ।

੧੧ {ਤੇਸਾਂ ਰਾਜਯਾਂਤ ਪਰੇ ਕਾਲੇ} ਉਸਦੇ ਰਾਜ ਦੇ ਅੰਤ ਤੋਂ ਕੁਝ ਸਮਾਂ ਬਾਦ

{ਮਲੇਛਾ ਗੌਰ ਮੁਖਾ ਨ੍ਰਿਪਾ:} ਗੋਰੇ ਮੂਹਾਂ ਵਾਲੇ ਮਲੇਛ (ਅੰਗ੍ਰੇਜ਼) ਰਾਜੇ ਹੋਣਗੇ।

੧੨ {ਪ੍ਰਬਲਾਸੰ ਭਵਿਸ਼ਯੰਤਿ} ਉਹ ਬਹੁਤ ਬਲੀ ਹੋਣਗੇ {ਸਕੰਦ} ਹੇ ਸਕੰਦ ! {ਪ੍ਰਜਾ ਰਖਯਣ ਤਤਪਰਾ} ਅਤੇ ਪਰਜਾ ਦੀ ਰੱਖਿਆ ਲਈ ਤਿਆਰ-ਬਰ-ਤਿਆਰ (ਰਹਿਣਗੇ)।

੧੩ {ਅਲਪ ਕਾਲੇਨ ਤੇ ਸ਼ਾਂ} ਥੋੜੇ ਸਮੇਂ ਵਿਚ ਹੀ ਤਿਨਾਂ ਦਾ {ਤ੍ਰੂ ਰਾਜਯ ਬ੍ਰਿਧਿ ਭਵਿਸ਼ਯਤਿ} ਤਾਂ ਰਾਜ ਵਧ ਜਾਵੇਗਾ ਅੱਗੋਂ ਲਈ।

੧੪ {ਨ੍ਰਿਪਬਲੰ ਹਰਿਸਯੰਤਿ} ਬਲਵਾਨ ਰਾਜਿਆਂ ਨੂੰ ਨਾਸ ਕਰਨਗੇ {ਗੌਰ ਵਰਣਾ ਗਯਾਯਾਨ ਗਾ:} ਗੋਰੇ ਰੰਗ ਵਾਲੇ (ਅੰਗ੍ਰੇਜ਼) ਵਿਦਵਾਨ (ਜੋ ਹਨ)।

੧੫ {ਅਸ਼ੀਤ ਸ਼ਤ ਰਾਜਯੰਤੇ} ਇਕ ਸੌ ਸਾਲ ਰਾਜ {ਨੀਤੀ ਸਾਸਤ੍ਰਨੁਸਾਰਤਾ} ਨੀਤੀ ਸ਼ਾਸਤਰ ਦੇ ਅਨੁਸਾਰ।

੧੬ {ਕ੍ਰਿਤ੍ਵਾ ਪਸ਼ਚਮ ਦੇਸ਼ੀਯੇ ਨ੍ਰਿਪੈਰ} ਪੱਛਮ ਦੇਸ਼ ਦੇ ਰਾਜੇ (ਭਾਵ ਅੰਗ੍ਰੇਜ਼) ਕਰਨਗੇ {ਯਾਸਯੰਤਯ ਦਰਸਨੰ} ਸ਼ਾਸਤ੍ਰਾਂ ਦੇ ਅਨਕੂਲ ਹੁਕਮ।

੧੭ {ਯਦਾ ਬੇਦੇ ਚ ਵਿਪ੍ਰੇ ਚ} ਜਿਸ ਤਰ੍ਹਾਂ ਵੇਦਾਂ ਵਿਚ ਬ੍ਰਹਮਣ (ਗ੍ਰੰਥਾਂ) ਵਿੱਚ {ਬੈਰਮਬੇ ਚ ਵਿਸੁਯਧ ਧੀ} ਵੈਸ਼ਨਵ (ਗ੍ਰੰਥਾਂ) ਵਿਚ ਸ਼ੁੱਧ ਬੁੱਧੀ ਵਾਲਿਆਂ ਨੇ (ਲਿਖਿਆ ਹੋਇਆ) ਹੈ।

੧੮ {ਤਦਾ ਨ੍ਰਿਪਾ ਬਿਜਯੰਤਿ} ਉਸ ਤੋਂ ਉਪ੍ਰਾਂਤ (ਦੇਸੀ) ਰਾਜਿਆਂ ਉਪਰ ਜਿੱਤ ਪ੍ਰਾਪਤ ਕਰਨਗੇ {ਮਲੇਛਾਨ ਧ੍ਰਮੰ ਪ੍ਰਾਜਯਨੁਖਾਨ} ਮਲੇਛ (ਅੰਗ੍ਰੇਜ਼) ਜੋ ਧਰਮ ਤੋਂ ਬੇਮੁਖ ਹਨ।

੧੯ {ਤਸਮਿਨ ਕਾਲੇ} ਉਸ ਸਮੇਂ ਵਿੱਚ {ਖੰਡ ਨਾਥਾ} ਖੰਡਾਂ (ਰਿਆਸਤਾਂ) ਦੇ ਰਾਜੇ {ਸ਼ਤਸਸ੍ਰ ਸਹੱਸ੍ਰਸਾ:} ਸੈਂਕੜੇ ਤੇ ਹਜ਼ਾਰਾਂ ਹੀ।

੨੦ {ਭਵਸ਼ਯੰਤਿ} ਹੋ ਜਾਣਗੇ {ਕਲੌ} ਕਲਜੁਗ ਵਿਚ {ਸਕੰਦ} ਹੇ ਸਕੰਦ {ਰਾਜਯ ਪਾਲਨਾ ਤਤਪਰਾ} ਰਾਜ (ਦੇ ਲੋਕਾਂ) ਦੀ ਪਾਲਣਾ ਕਰਨ ਵਿਚ ਤਿਆਰ-ਬਰ-ਤਿਆਰ।

੨੧ (ਉਸ ਤੋਂ ਬਾਦ) {ਰਾਜ ਰਿਖੀ ਮਤ ਮਾਰਰਗੀਣਾ} ਰਾਜ ਰਿਖੀ (ਗੁਰੂ ਨਾਨਕ) ਦੇ ਮਤ ਦੇ ਮਾਰਗ ਤੇ ਚਲਣ ਵਾਲੇ (ਸਿਖਾਂ) ਦੀ {ਮਾਗਯਾ} ਆਗਿਆ ਵਿੱਚ {ਲੋਕੇ ਭਵਿਸ਼ਯਤਿ} ਲੋਕ ਹੋਣਗੇ (ਭਾਵ ਸਿੰਘਾਂ ਦਾ ਰਾਜ ਹੋਵੇਗਾ)।

## ਸ਼ਬਦਾਰਥ

੧ ਮੱਛੀ।
੨ ਮੇਰਾ।
੩ ਬਹੁਤ ਪਰਖ ਚੁੱਕੀ ਹਾਂ।
੪ ਡੱਡੂ।
੫ ਹਾਜ਼ਰ।
੬ ਕਮਲ ਜਹੀਆਂ ਅੱਖੀਆਂ।
੭ ਸ਼ੰਖ।
੮ ਗਰਦਨ।
੯ ਕਮਰ।
੧੦ ਸ਼ੇਰ।
੧੧ ਹਾਥੀ।
੧੨ ਚਾਲ।
੧੩ ਕੇਲੇ ਵਰਗੀਆਂ ਲੱਤਾਂ ਵਾਲਾ।
੧੪ ਹਰਨ ਵਰਗੀ ਫੁਰਤੀ ਵਾਲਾ।
੧੫ ਕਪੂਰ ਵਰਗੀ ਸੁਗੰਧੀ ਵਾਲਾ।
੧੬ ਅਜੇਹੀ ਅਵਸਥਾ ਵਾਲਾ ਅਕਾਲ ਬਿਨਾਂ ਦੂਜਾ ਕੌਣ ਹੈ।
੧੭ ਥਾਈ ਭਾਸ਼ਾ ਵਿੱਚ ਸਿਨੇਮੇ ਨੂੰ ਨ੍ਹੰਙ ਕਹਿੰਦੇ ਹਨ।

# ਬੰਕੋਕ ੧੯-੧੦-੧੯੫੫

## ਜੀ ਆਇਆ ਨੂੰ

ਇਹ ਸਾਡੇ ਰਿਵਾਜ ਮੁਤਾਬਕ—ਮਸਤਾਨਾ ਜੀ ਨੇ, ਸੇਠ ਪ੍ਰੀਤਮ ਸਿੰਘ ਜੀ ਨੇ, ਸੇਠ ਦਿਆਲ ਸਿੰਘ ਹੁਰਾਂ, ਇਸ ਤਰ੍ਹਾਂ ਦੀਵਾਨ ਦਾ ਕੰਮ ਵਿਗੜਦਾ ਹੈ—ਅੱਗੇ ਸਾਡੇ ਪਿਛਲੇ ਪਾਸੇ ਇੱਕ ਇੱਕ ਲਾਈਨ ਹੁੰਦੀ ਸੀ ਆਦਮੀਆਂ ਦੀ, ਉਹ ਅੱਜ ਸਾਧ ਸੰਗਤ ਕਿਰਪਾ ਨਹੀਂ ਕੀਤੀ, ਹੁਣ ਹੋਰ ਰੌਲਾ ਬਹੁਤਾ ਨੇੜੇ ਆ ਗਿਆ ਹੈ। ਅਰਜ਼ ਹੈ, ਕਿ ਰਿਵਾਜ ਕੁਛ ਹੋਰ ਮਤਲਬ ਰੱਖਦਾ ਹੈ ਔਰ ਅਸਲੀਅਤ ਦੇ ਕੁਛ ਹੋਰ ਅਰਥ ਹਨ। ਮੈਂ ਅਰਜ਼ ਕਰਾਂ, ਕੱਕਾ ਤੇ ਹਾਹਾ ਤੇ ਨੰਨਾ, ਨੰਨੇ ਦੇ ਅੱਗੇ ਲੱਗੀ ਹੁੰਦੀ ਹੈ ਬਿਹਾਰੀ, ਹਾਹੇ ਦਾ ਹੁੰਦਾ ਹੈ ਮੂੰਹ ਖੁਲ੍ਹਾ, ਤੇ ਕਹਿਨੀ, ਤੇ ਜੇ ਹਾਹੇ ਦਾ ਮੂੰਹ ਬੰਦ ਕੀਤਾ ਜਾਏ ਤਾਂ ਉਹ ਕਰਨੀ ਹੋ ਜਾਂਦੀ ਹੈ। ਮੂੰਹ ਤੇ ਬੰਦ ਹੁੰਦੈ, ਪਰ ਤੁਸੀਂ ਗੱਲ ਇਹ ਸਮਝ ਸਕਦੇ ਹੋ ਕਿ ਇੱਕ ਆਦਮੀ—ਭਾਈ ਗੁਰਦਾਸ ਜੀ ਨੇ ਜਿਸ ਤਰ੍ਹਾਂ ਲਿਖਿਐ—

*ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦੁ ਮੀਠੋ ਆਵੈ,*
*ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।*
*ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ,*
*ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ।*
*ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸ,*
*ਚੰਦ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ।*

*ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ,*
*ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ।*

*- ਕਬਿਤ-੪੩੭*

ਕਹਿਣੀ ਨਾਲ ਨਹੀਂ—

*ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ।*

—ਜੇ ਕਰਨੀ ਹੋਵੇ, ਤਾਂ ਉਹ ਅਕਾਸ਼ ਵਿੱਚ ਚਾਨਣ ਹੋ ਜਾਂਦਾ ਹੈ ਜਿਸ ਤਰ੍ਹਾਂ, ਇਸ ਤਰ੍ਹਾਂ ਹੋ ਜਾਂਦਾ ਹੈ। ਸੋ ਮੈਂ ਅਰਜ਼ ਕਰਾਂ ਕਿ ਮੇਰਾ ਇਹ ਜੀਅ ਤਾਂ ਨਹੀਂ ਕਰਦਾ, ਕਿਉਂਕਿ ਇਹਨਾਂ ਨੂੰ ਬੜੇ ਵਲਵਲੇ ਉਠਦੇ ਹਨ ਕਿ ਇਹਨਾਂ ਦਾ ਬੜਾ ਪ੍ਰੇਮ ਹੈ ਦਿਲੋਂ, ਸਤਿਗੁਰਾਂ ਨੇ ਬਖਸ਼ਿਸ਼ ਕੀਤੀ ਹੈ ਬੰਕੋਕ ਨਿਵਾਸੀਆਂ ਉੱਤੇ। ਸਿਆਮ ਨਿਵਾਸੀ ਸਾਧ ਸੰਗਤ, ਅੰਦਰੋਂ ਬਾਹਰੋਂ ਹੋ ਕੇ ਸਾਧ ਸੰਗਤ ਦੇ ਨਾਲ ਪਿਆਰ ਕਰਦੀ ਹੈ। ਪਰ ਕੀ ਹੈ, ਸਾਨੂੰ ਇਹ ਕਦੇ ਨਹੀਂ ਧਿਆਨ ਹੋਣਾਂ ਚਾਹੀਦੈ, ਜ਼ਰੂਰੀ ਗੱਲ ਹੈ ਬਈ, ਅਸੀਂ ਜਰੂਰ ਹੀ ਜੀਓ ਆਇਆਂ ਨੂੰ ਆਖੀਏ ਔਰ ਕਰੀਏ। ਜਿਹੜਾ ਇੱਕ ਜੀਓ ਆਇਆਂ ਨੂੰ ਆਖ ਰਹੇ ਹੋ ਤੁਸੀਂ ਐਸ ਵੇਲੇ, ਜਿਹੜਾ ਸਭ ਤੋਂ ਬੜਾ ਵੱਡਾ ਹੈ, ਜਿਹੜਾ ਤੁਸੀਂ ਭਜਨ ਬਾਣੀ ਕਰਦੇ ਹੋ, ਵਰਨੀਆਂ ਕਰਦੇ ਹੋ, ਮਰਯਾਦਾ ਰੱਖ ਕੇ ਕਰਦੇ ਹੋ, ਇਹ ਸਤਿਗੁਰਾਂ ਨੂੰ ਜੀਓ ਆਇਆਂ ਨੂੰ ਕਹਿਣ ਹੈ, ਮੇਰੇ ਵਰਗੇ ਤਾਂ ਵਿੱਚੇ ਹੀ ਸਭ ਕੁਛ ਆ ਜਾਂਦਾ ਹੈ। ਸਾਧ ਸੰਗਤ ਨੇ ਜਿਹੜੀ ਇਹ ਕਿਰਪਾ ਕੀਤੀ ਹੈ ਔਰ ਇਹ ਚੀਜ਼ ਉੱਥੇ ਤੁਹਾਡੀ ਜਦੋਂ ਪਹੁੰਚਦੀ ਹੈ, ਹਰ ਇੱਕ ਨਾਮਧਾਰੀ ਦਾ ਚਿਤ ਤੁਹਾਡੇ ਵੱਲ ਖਿੱਚੀਂਦੈ। ਤੁਹਾਡੇ ਬਚਾਉ ਦਾ ਵੀ ਇਹੋ ਇਲਾਜ ਹੈ, ਜੇ ਯਾਦ ਨਾ ਰਹੇ ਤਾਂ ਨਹੀਂ ਬਚਣ ਨੂੰ ਥਾਂ।

ਤੁਹਾਡੀ ਗਿਣਤੀ ਕੀ ਹੈ ? ਤੁਸੀਂ ਏਥੇ ਕਿੰਨੇ ਕੁ ਪੰਜਾਬੀ ਵੱਸਦੇ ਹੋ ? ਮੇਰਾ ਏਨਾਂ ਹੀ ਮਤਲਬ ਨਹੀਂ ਬਈ ਨਾਮਧਾਰੀ, ਜਿਹੜੇ ਦੂਏ ਵੀ ਸਾਰੇ ਏਥੇ ਰਹਿਣ ਵਾਲੇ ਆਦਮੀ ਨੇ, ਮੈਂ ਸਾਰਿਆਂ ਨਾਲ ਓਸੇ ਤਰ੍ਹਾਂ ਹੀ, ਮੇਰੀ ਨਿਗਾਹ ਵਿੱਚ ਓਸੇ ਤਰ੍ਹਾਂ ਹੀ ਉਹ ਵੀ ਪਿਆਰ ਕਰਦੇ ਹਨ। ਭਾਵੇਂ ਉਹਨਾ ਦੀ ਆਪਣੀ ਕੋਈ ਵੀ ਗੱਲ ਹੋਵੇ, ਕੋਈ ਮਜ਼੍ਹਬ ਹੋਵੇ, ਪਰ ਉਹ ਮੁਲਕ ਮੇਰੇ ਦੇ ਰਹਿਣ ਵਾਲੇ ਹਨ, ਸੂਬੇ ਦੇ ਰਹਿਣ ਵਾਲੇ ਨੇ, ਬਲਕਿ ਨਜ਼ਦੀਕ

ਤੋਂ ਨਜ਼ਦੀਕ ਰਹਿਣ ਵਾਲੇ ਹਨ। ਤੁਹਾਡੀ ਇਹ ਖਿੱਚ ਏਥੇ ਲੈ ਆਉਂਦੀ ਹੈ। ਜਦੋਂ ਤੁਰਨ ਲੱਗੀਦਾ ਹੈ, ਕਦੇ ਵੀਜ਼ੇ ਵਾਲਿਆਂ ਦਾ ਰੌਲਾ ਪੈਂਦੈ, ਕਦੇ ਟਿਕਟਾਂ ਨਹੀਂ ਮਿਲਦੀਆਂ, ਕਦੇ ਰਾਤ, ਕਦੇ ਦਿਨ। ਸਭ ਤੋਂ ਅੱਛਾ ਕੰਮ ਇਹ ਹੀ ਹੈ ਇਹਦੀ ਕਹਿਣ ਦੀ ਲੋੜ ਨਹੀਂ, ਇਹ ਲੈਕਚਰ ਨਾਲ ਨਹੀਂ ਪੂਰਾ ਹੁੰਦਾ, ਜਿਹੜਾ ਤੁਸੀਂ ਤੜਕੇ ਉੱਠ ਕੇ ਇਸ਼ਨਾਨ ਕਰ ਕੇ ਸਤਿਗੁਰਾਂ ਦਾ ਦੱਸਿਆ ਹੋਇਆ, ਉਸ ਮਰਯਾਦਾ ਨਾਲ, ਭਜਨ ਬਾਣੀ ਕਰਦੇ ਹੋ। ਸਭ ਤੋਂ ਵੱਡੀ ਚੀਜ਼ ਇਹ ਹੈ।

## ਸਿੱਖੀ ਭਜਨ ਬਾਣੀ ਦੀ ਹੈ

ਸਤਿਗੁਰਾਂ ਨੇ ਇਹ ਆਖਿਆ ਹੈ ਕਿ—ਮੇਰੇ ਕੋਲ ਉਹ ਹੈ—ਕੱਛ ਮਾਲਾ ਤਾਂ ਇੱਕ ਸੰਨ੍ਹ ਹੈ, ਸਿੱਖੀ ਭਜਨ ਬਾਣੀ ਦੀ ਹੈ—ਮੇਰੇ ਪਾਸ ਤਾਂ ਉਹ ਹੈ, ਭਾਵੇਂ ਉਹ ਹਜ਼ਾਰਾਂ ਕੋਹਾਂ ਤੇ ਬੈਠਾ ਹੋਵੇ, ਜਿਹੜਾ ਜੋ ਕੁਝ ਮੈਂ ਦੱਸਿਐ, ਜਿਹੜਾ ਭਜਨ ਬਾਣੀ ਕਰਦਾ ਹੈ, ਜਿਹੜਾ ਨਾਮ ਜਪਦਾ ਹੈ, ਜਿਹੜਾ ਬਾਣੀ ਪੜ੍ਹਦਾ ਹੈ। ਭਾਵੇਂ, ਮੇਰੇ ਕੋਲ ਵੀ ਰਹੇ, ਜੇ ਓਹ ਭਜਨ ਬਾਣੀ ਨਹੀਂ ਕਰਦਾ, ਤਾਂ ਮੇਰੇ ਤੋਂ ਲੱਖਾਂ ਕੋਹ ਦੂਰ ਹੈ। ਸਾਹਿਬਾਂ ਨੇ ਏਸੇ ਚੀਜ਼ ਨੂੰ ਮੁੱਖ ਰੱਖਕੇ ਕਿਹਾ ਹੈ।

ਅਰਜ਼ ਇਹ ਹੈ ਕਿ ਸਭ ਤੋਂ ਵੱਡਾ ਕੰਮ ਤੁਸਾਂ ਸਤਿਗੁਰਾਂ ਦੀ ਕਿਰਪਾ ਨਾਲ ਜਿਹੜਾ ਤੋਰਿਆ ਹੈ, ਹੁਣ ਉਹ ਜਿੰਨੀਆਂ ਵਰਨੀਆਂ ਰਹਿੰਦੀਆਂ ਹਨ, ਜਿਸ ਤਰ੍ਹਾਂ ਅੱਗੇ ਮਾਈ ਭਾਈ ਕਰਦੇ ਹਨ, ਉਹ ਤੜਕੇ ਆਸਾ ਦੀ ਵਾਰ ਵਿੱਚ ਆ ਜਾਇਆ ਕਰਨ। ਉਹ ਇੱਕ ਪਾਸੇ ਬਹਿ ਜਾਇਆ ਕਰਨ। ਉਹ ਆਪਣਾ ਥਾਓਂ ਓਸ ਤਰ੍ਹਾਂ ਹੀ ਮਰਯਾਦਾ ਦਾ ਬਣਾਕੇ ਬੈਠਣ। ਓਧਰ ਆਸਾ ਦੀ ਵਾਰ ਲੱਗ ਜਾਏ, ਓਧਰੋਂ ਓਹ ਵਰਨੀ ਕਰ ਲੈਣ। ਉਹ ਵੀ ਜਰਾ ਏਨਾਂ ਕੁ ਖਿਆਲ ਰੱਖਣ ਕਿ ਆਸਾ ਦੀ ਵਾਰ ਵੇਲੇ ਨੂੰ, ਛੇਆਂ ਦੀ ਥਾਂ ਪੰਜ ਹੋ ਸਕਦੀਆਂ ਨੇ ਤਾਂ ਓਨੇ ਹੀ ਭੋਗ ਪਾ ਲੈਣ, ਤਾਂ ਕਿ ਨਾਲ ਹੀ ਇਹ ਸਾਰਾ ਕੁਝ ਪੂਰਾ ਹੁੰਦਾ ਜਾਏ। ਤੁਸੀਂ ਇਹ ਲੱਗੇ ਰਹੋ ਤੇ ਏਦੂੰ ਵੱਡੀ ਚੀਜ਼ ਸਤਿਗੁਰਾਂ ਦੀ ਖੁਸ਼ੀ ਦੀ ਹੋਰ ਕੋਈ ਨਹੀਂ। ਜਿਹੜਾ ਭਜਨ ਬਾਣੀ ਕਰੇ,

ਉਹਨਾਂ ਨੇ ਹੁਕਮ ਦਿੱਤਾ ਸੀ, ਜਿਸ ਵੇਲੇ ਪਰਦੇਸ ਨੂੰ ਗਏ, ਜਿਹੜੇ ਓਦੋਂ ਕਹਿੰਦੇ ਸੀ ਅਸੀਂ ਸਰਬੰਸ ਸਤਿਗੁਰਾਂ ਦੇ ਨਮਿੱਤ ਲਾਉਣਾ ਹੈ, ਉਹਨਾਂ ਦਾ ਹੁਣ ਵੇਲਾ ਹੈ, ਸਾਡੇ ਨਮਿੱਤ ਭਜਨ ਪਾਠ, ਵਰਨੀਆਂ ਕਰਨ। ਸਤਿਗੁਰਾਂ ਨੇ ਤੁਹਾਡੇ ਉੱਤੇ ਬਖ਼ਸ਼ਿਸ਼ ਕੀਤੀ ਹੈ। ਇਹ ਤੁਹਾਨੂੰ ਉਹਨਾਂ ਨੇ ਆਪ ਕਿਰਪਾ ਕਰਕੇ ਦਾਨ ਦਿੱਤੈ, ਕਿਉਂਕਿ ਆਦਮੀ ਦੀ ਕੋਈ ਤਾਕਤ ਨਹੀਂ, ਜੇ ਕਰਦਾ ਕਰਦਾ ਭੁੱਲ ਜਾਂਦਾ ਹੈ, ਇਹ ਕੋਲ ਬਹਿਕੇ ਭੁੱਲ ਜਾਂਦੈ। ਏਨੀ ਗੱਲ ਭਾਈ ਗੁਰਦਾਸ ਦੇ ਚਿਤ ਵਿੱਚ ਆ ਗਈ ਜਿਸ ਵੇਲੇ–

*ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ।*

*– ਵਾਰ ੩੫, ਪਉੜੀ–੨੦*

ਜਿਸਦੀ ਬਾਣੀ ਪੜ੍ਹਿਆਂ ਹੀ ਸਿਦਕ ਪ੍ਰਾਪਤ ਹੁੰਦੈ, ਉਹਨਾਂ ਨੂੰ ਵੀ ਧੱਕੇ ਵੱਜ ਗਏ। ਹੁਣ ਮੈਂ ਛੋਟੀ ਜਿਹੀ ਗੱਲ ਦੱਸਕੇ ਫੇਰ ਸਤਿਗੁਰਾਂ ਦੇ ਹੁਕਮਨਾਮੇ, ਜਿਹੜਾ ਗੁਰੂ ਹਰੀ ਸਿੰਘ ਜੀ ਦੇ ਜ਼ਮਾਨੇ ਦਾ ਹਾਲ ਭੈਣੀ ਸਾਹਿਬ ਵਿੱਚ ਸਤਿਗੁਰਾਂ ਦੇ ਜਾਣ ਤੋਂ ਬਾਅਦ ਹੋਇਆ, ਕਿਸ ਤਰ੍ਹਾਂ ਅਖੰਡ ਪਾਠਾਂ ਨੂੰ ਤਕਲੀਫ ਹੁੰਦੀ ਰਹੀ, ਤੁਹਾਨੂੰ ਤਾਂ ਹੁਣ ਕੋਈ ਪੁੱਛਦਾ ਹੀ ਨਹੀਂ, ਗਿਣਦਾ ਹੀ ਨਹੀਂ, ਲੋਗ ਵਾਹ ਵਾਹ ਕਹਿੰਦੇ ਨੇ। ਕਿਸ ਤਰ੍ਹਾਂ ਲੋਕਾਂ ਮੁਖਬਰੀਆਂ ਕੀਤੀਆਂ, ਉਹ ਅਗਲਾ ਪ੍ਰਸੰਗ ਜਿਹੜੇ ਚਾਰ ਪੰਜ ਦਿਨ ਹਾਂ —ਮੇਰੀ ਛਾਤੀ ਜ਼ਰਾ ਨਹੀਂ ਠੀਕ—ਮੈਂ ਉਹ ਅਰਜ਼ ਕੀਤੀ ਹੈ, ਉਹ ਇਹ ਪੜ੍ਹਨਗੇ। ਹੁਣ ਮੈਂ ਤੁਹਾਡੇ ਅੱਗੇ ਇਹ ਗੱਲ ਦੱਸਣ ਲੱਗਾ ਹਾਂ।

## ਸਿਦਕ ਹੀ ਸਭ ਕੁਛ ਹੈ

ਸੱਚੇ ਪਾਤਸ਼ਾਹ ਜਿਸ ਵੇਲੇ ਪਰਾਗ ਰਾਜ ਗਏ, ਉੱਥੇ ਜਾ ਕੇ ਬੈਠੇ। ਇੱਕ ਦਿਨ ਬੈਠੇ-ਬੈਠੇ, ਮੌਜ ਵਿੱਚ ਆ ਕੇ, ਕਹਿਣ ਲੱਗੇ—ਬਾਣੀ ਬੜੀ ਚੀਜ਼ ਹੈ। ਜ਼ਰਾ ਧਿਆਨ ਦੇ ਕੇ ਸੁਣਨਾ, ਕੋਈ ਸਰੀਰ ਜਿਹੜੇ ਸੱਜਣ ਹੋਰ ਆਏ ਹੋਏ ਹਨ, ਉਹਨਾਂ ਨੇ ਧਿਆਨ ਮਗਰਲੀ ਗੱਲ ਵੱਲ ਜਾ ਕੇ ਦੇਣਾ, ਇਹ ਨਾ ਸਮਝ ਲੈਣਾ ਕਿ ਬਾਣੀ ਤੇ ਭਜਨ ਦੀ ਨਿੰਦਿਆ ਲੱਗਾ ਹੈ ਕਰਨ। ਜ਼ਰਾ ਧਿਆਨ ਦੇ ਕੇ, ਜਦੋਂ ਜਿਹੜੀ ਚੀਜ਼ ਨੂੰ ਚੰਗੀ ਤਰ੍ਹਾਂ ਸਮਝੀਏ, ਉਹਦਾ

ਪਤਾ ਤਾਂ ਲੱਗਦਾ ਹੈ। ਹਰੜ ਨੂੰ ਮੂੰਹ 'ਚ ਪਾਓ ਤਾਂ ਪਹਿਲਾਂ ਮੂੰਹ ਬੇਸੁਆਦ ਹੁੰਦੈ। ਮਗਰੋਂ ਦੇਖੋ ਔਲੇ ਦਾ ਕਿੰਨਾ ਸੁਆਦ ਹੈ ਖਾਣ ਦਾ, ਮੂੰਹ ਨੂੰ ਪਹਿਲਾਂ ਕਰਦਾ ਹੈ ਖਰਾਬ, ਫੇਰ ਕਿੰਨਾਂ ਚੰਗਾ ਲੱਗਦੈ। ਜੇ ਗੁਰਮਤਿ ਨੂੰ, ਗੁਰਬਾਣੀ ਨੂੰ, ਸਤਿਗੁਰਾਂ ਦੇ ਬਚਨਾਂ ਨੂੰ, ਧਿਆਨ ਨਾਲ ਸੁਣੀਏ, ਉਨ੍ਹਾਂ ਵੱਲ ਧਿਆਨ ਦੇਈਏ, ਫੇਰ ਉਹਨਾਂ ਦੀ ਅਸਲੀਅਤ ਦਾ ਪਤਾ ਲੱਗਦੈ। ਜ਼ਰਾ ਕੁ ਚਿਰ ਬੈਠ ਕੇ, ਸੂਬਿਆਂ ਦੇ ਸਮੇਤ ਬੈਠੇ ਸਨ, ਕਹਿਣ ਲੱਗੇ—ਬਾਣੀ ਤਾਂ ਨਾੜ ਹੀ ਹੈ, ਸਿੱਟਾ ਨਾਮ ਹੈ। ਫੇਰ ਥੋੜ੍ਹਾ ਚਿਰ ਬਾਅਦ, ਕਹਿਣ ਲੱਗੇ—ਨਾਮ ਵੀ ਤੋਹ ਹੀ ਹੈ। ਹੁਣ ਮਹਾਰਾਜ ਨੇ ਬਾਣੀ 'ਚ ਲਿਖ ਦਿੱਤੈ—

**ਤੁਹ ਕੁਟੇ ਕਿਆ ਫਲੁ ਪਾਵੈ।।**

*– ਰਾਮਕਲੀ ਦੀ ਵਾਰ, ਮ:੫, ਪੰਨਾ-੯੬੦*

ਤਾਂ, ਬਾਬੇ ਜਵਾਹਰ ਸਿੰਘ ਹੁਰੀ ਏਥੇ ਕੁ ਤਕ ਹੀ ਸਨ। ਉਹਨਾਂ ਦੇ ਚਿਤ ਵਿੱਚ ਇਹ ਚੀਜ਼ ਆ ਗਈ—ਕਿ ਜੇ ਨਾਮ ਤੋਹ ਹੈ, ਤਾਂ ਪਿੱਟਣ ਲੱਗ ਪਏ ਬੈਠੇ ਹੀ, ਕਹਿਣ ਲੱਗੇ—ਫੇਰ ਸਾਨੂੰ ਦੱਸ ਹੋਰ ਕੀ ਚੀਜ਼ ਹੈ।

ਸਤਿਗੁਰਾਂ ਨਾਲ ਬਚਨ ਸਿੱਧੇ ਕਰ ਲੈਂਦੇ ਸੀ। ਸਤਿਗੁਰਾਂ ਦੀਆਂ ਮਰਯਾਦਾ ਦੀਆਂ ਗੱਲਾਂ—ਸਾਡੇ ਪੁਰਾਣੇ ਰਿਵਾਜ ਅਨੁਸਾਰ, ਜਿਹਨਾਂ ਕੋਲੋਂ ਲੋਕ ਭਜਨ ਪੁੱਛਦੇ ਸੀ, ਜਾਂ ਅੰਮ੍ਰਿਤ ਛਕਦੇ ਸੀ, ਜਾਂ ਸਾਧ ਸੰਗਤ ਵਿੱਚ ਆਉਂਦੇ ਸੀ—ਉਹਨਾਂ ਦੇ ਸਥਾਨ ਨੂੰ ਏਡਾ ਉੱਚਾ ਮੰਨਦੇ ਸੀ—ਜਾਂ ਕੋਈ ਕਿਸੇ ਤੋ ਚਾਰ ਅੱਖਰ ਪੜ੍ਹਦਾ ਸੀ। ਪਿਤਾ ਦੇ ਹੁੰਦਿਆਂ ਪੁੱਤਰ ਬਰਾਬਰ ਨਹੀਂ ਸਨ ਬਹਿੰਦੇ। ਵੱਡੀ ਮਾਈ ਬੈਠੀ ਹੋਵੇ ਤਾਂ ਨੂੰਹਾਂ ਧੀਆਂ ਨਹੀਂ ਸਨ ਬਰਾਬਰ ਬੈਠਦੀਆਂ। ਕੋਈ ਆਦਮੀ ਘਰ 'ਚ ਵੱਡਾ ਆ ਜਾਏ, ਮੰਜੇ ਪੀੜ੍ਹੀਆਂ ਛੱਡ ਕੇ ਭੁੰਜੇ ਹੋ ਜਾਂਦੀਆਂ। ਹੁਣ ਰਿਵਾਜ ਐਸਾ ਹੋ ਗਿਐ ਕੁੜੀਆਂ ਤੇ ਨੂੰਹਾਂ ਕੁਰਸੀਆਂ ਉੱਤੇ ਤੇ ਸਹੁਰੇ ਤੇ ਬਾਪ ਚਾਹ ਪਿਲਾਉਣ ਉਹਨਾਂ ਨੂੰ।

ਤਾਂ ਬਾਬਾ ਜੀ ਪਿੱਟੇ। ਸਤਿਗੁਰ ਬੜਾ ਅਦਬ ਬਾਬਾ ਜੀ ਦਾ ਕਰਦੇ ਸੀ, ਕਿਉਂਕਿ ਅੰਮ੍ਰਿਤ ਸਤਿਗੁਰਾਂ ਨੇ ਜਦੋਂ ਮਰਯਾਦਾ ਰੱਖੀ ਹੈ ਓਦੋਂ ਬਾਬਾ ਜੀ ਕੋਲੋਂ ਛਕਿਐ। ਕਿਸੇ ਸਿੱਖ ਉੱਤੇ ਸਤਿਗੁਰ ਨਰਾਜ਼ ਜ਼ਿਆਦਾ ਤੋਂ ਜ਼ਿਆਦਾ

ਵੀ ਹੋ ਜਾਣ, ਬਾਬਾ ਜੀ ਨੇ ਆ ਕੇ ਜਦੋਂ ਦਾੜ੍ਹਾ ਫੜ ਲੈਣਾ ਹੱਥਾਂ 'ਚ, ਲੰਮਾ ਦਾੜ੍ਹਾ ਸੀ, ਸਤਿਗੁਰਾਂ ਨੇ ਆਖਣਾ—ਬਾਬਾ ਤੇਰੀ ਦਇਆ ਨੇ ਅਸੀਂ ਪੱਟੇ, ਪਰ ਉਹਨੂੰ ਬਖਸ਼ ਦੇਣਾ। ਜਦੋਂ ਬਾਬਾ ਜੀ ਦੀਵਾਨ 'ਚ ਆਉਂਦੇ, ਸਤਿਗੁਰ ਖੜ੍ਹੇ ਹੋ ਜਾਂਦੇ, ਮਰਯਾਦਾ ਰੱਖਣ ਵਾਸਤੇ, ਭਾਵੇਂ ਬਾਬਾ ਜੀ ਸਿੱਖ ਸਨ ਸਤਿਗੁਰਾਂ ਦੇ, ਭਜਨ ਸਤਿਗੁਰਾਂ ਤੋਂ ਬਾਬੇ ਹੁਰਾਂ ਪੁੱਛਿਆ।

ਤਾਂ (ਬਾਬੇ ਹੁਰੀਂ) ਆਖਣ ਲੱਗੇ,''ਹੋਰ ਦੱਸ ਫੇਰ ਹੁਣ ਕੀ ਗੱਲ ਹੈ ?'' ਸਤਿਗੁਰ ਕਹਿਣ ਲੱਗੇ,''ਬਾਬਾ ਜੀ ਦਾਣਾ ਹੈ ਸਿਦਕ, ਜੇ ਬਾਣੀ ਪੜ੍ਹ ਕੇ, ਜੇ ਭਜਨ ਕਰਕੇ ਸਿਦਕ ਆ ਗਿਆ—ਬਈ ਇਹ ਅਕਾਲ ਪੁਰਖ ਹੈ, ਜੋ ਇਹ ਕਹਿੰਦਾ ਹੈ ਉਹ ਠੀਕ ਹੈ—ਤਾਂ ਠੀਕ, ਜੇ ਬਾਣੀ ਪੜ੍ਹਕੇ, ਭਜਨ ਕਰਕੇ, ਸਿਦਕ ਨਹੀਂ ਆਇਆ ਤਾਂ ਕਰੂਲੀਆਂ ਕਰਦਾ ਹੈ।''

ਜਿਸ ਤਰ੍ਹਾਂ ਗੁਰੂ ਗੋਬਿੰਦ ਸਾਹਿਬ ਦੇ ਸਾਹਮਣੇ ਸਿੱਖ ਬਾਣੀ ਕੋਈ ਪੜ੍ਹਦਾ ਸੀ ਤਾਂ ਉਹਨੂੰ ਬਚਨ ਕਰਨ ਲੱਗੇ,''ਓਹ ਭਾਈ ਕਰੂਲੀਆਂ ਨਾ ਕਰ ਕੁਛ ਅੰਦਰ ਵੀ ਲੰਘਾ, ਕੁਛ ਇਹਦੇ ਉੱਤੇ ਅਸਰ ਵੀ ਕਰ।'' ਓਹਦੇ ਸਾਹਮਣੇ ਲਿਆ ਕੇ ਇੱਕ ਘੜਾ ਭਰ ਕੇ ਸੁੱਖੇ ਦਾ ਰੱਖ ਦਿੱਤਾ, ਦੇਗ ਦਾ। ਕਹਿਣ ਲੱਗੇ,''ਲੈ ਕਰੀ ਜਾ ਕਰੂਲੀਆਂ।''

ਉਹ ਕਰਦਾ ਗਿਆ। ਕਹਿਣ ਲੱਗੇ,''ਕੋਈ ਅਮਲ ਆਇਆ।''

ਕਹਿਣ ਲੱਗਾ,''ਜੀ ਨਹੀਂ।''

ਕਹਿੰਦੇ,''ਇੱਕ ਚੁਲੀ ਅੰਦਰ ਲੰਘਾ ਲੈ।''

ਜਦੋਂ ਲੰਘਾਈ ਤੇ ਅਮਲ ਫਿਰ ਆਉਣਾ ਹੀ ਸੀ। ਤਾਂ ਬਾਬਾ ਜੀ ਦਾ ਮਨ ਨਾ ਖੜੋਤਾ। ਇਹ ਤੁਹਾਡੀ ਛੋਟੀ ਛੋਟੀ ਗੱਲ ਨਹੀਂ ਹੈ, ਜੇ ਗੁਰੂ ਵੀ ਨਾ ਕਿਰਪਾ ਕਰੇ ? ਜੇ ਗੁਰੂ ਸਾਂਗ ਸਿੱਖ ਉੱਤੇ ਬਖਸ਼ੇ-

*ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।।*

*- ਵਾਰ ੩੫, ਪਉੜੀ ੨੨*

ਥੋੜੇ ਦਿਨਾਂ ਵਿੱਚ, ਪਿੱਛੋਂ ਹੁਕਮ ਚਲਾ ਗਿਆ, ਬਾਈ ਦਿਨਾਂ ਬਾਅਦ ਸਤਿਗੁਰਾਂ ਦੇ, ਸੱਚੇ ਪਾਤਸ਼ਾਹ ਦੇ ਪ੍ਰਦੇਸ ਜਾਣ ਤੋਂ। ਏਥੇ ਆਵੇਗਾ ਪ੍ਰਸੰਗ, ਵੀਹ ਜਾਂ ਬਾਈ ਦਿਨਾਂ 'ਚ, ਚੇਤਾ ਭੁੱਲ ਜਾਂਦੈ—ਕਿ ਕੁੰਜੀਆਂ ਕਿਹਨੂੰ ਦਿੱਤੀਆਂ

ਜਾਣ। ਸਤਿਗੁਰਾਂ ਨੇ ਸਾਰਿਆਂ ਸੂਬਿਆਂ ਨੂੰ ਸੱਦਿਆ, ਬਹਾਇਆ। ਜਿਹੜੇ ਨਿਰਮਲੇ, ਨਿਹੰਗਾਂ ਵਿੱਚੋਂ, ਜਾਂ ਆਏ ਸਨ ਉਦਾਸੀਆਂ 'ਚੋਂ, ਕਹਿਣ— ਮਹਾਰਾਜ ! ਪੰਚਾਇਤ ਬਣਾ ਦਿਓ, ਐਉਂ ਕਰ ਦਿਓ। ਬਾਬਾ ਨਿਹੰਗ ਸਿੰਘ ਹੁਰੀਂ, ਕਾਨ੍ਹ ਸਿੰਘ ਹੁਰੀਂ ਜਿਹੜੇ ਸਨ ਉਹ ਆਖਣ ਲੱਗੇ,''ਸੱਚੇ ਪਾਤਸ਼ਾਹ ! ਇਹ ਕੰਮ ਤੁਹਾਡੇ ਭਰਾ ਬਿਨਾਂ ਨਹੀਂ ਕੋਈ ਹੋਰ ਕਰ ਸਕਦਾ।''

ਸਤਿਗੁਰਾਂ ਆਖਿਆ,''ਮੇਰੀ ਵੀ ਇਹੋ ਮਰਜ਼ੀ ਹੈ।''

ਤਾਂ ਬਾਬਾ ਜੀ ਦਾ ਸਿਦਕ ਡੋਲ ਗਿਆ, ਬਾਬੇ ਜਵਾਹਰ ਸਿੰਘ ਹੁਰਾਂ ਦਾ। ਤੁਸੀਂ ਅਸੀਂ ਕਿਨ੍ਹਾਂ ਵਿੱਚੋਂ ਹਾਂ। ਅਸੀਂ ਕੀ ਕਰ ਸਕਦੇ ਹਾਂ, ਜੇ ਸਤਿਗੁਰੂ ਹੱਥ ਨਾ ਸਾਨੂੰ ਦੇਣ। ਆਖਣ ਲੱਗੇ—ਲੈ ਬਈ, ਘਰ ਨੂੰ ਹੀ ਜਾ ਪਿਆ। ਉਹ ਮਹਾਂਪੁਰਖ ਜਿਹਨਾਂ ਤੋਂ ਸਤਿਗੁਰ ਖੜ੍ਹੇ ਹੁੰਦੇ ਸੀ ਆਇਆਂ ਨੂੰ। ਸਤਿਗੁਰਾਂ ਦੱਸਿਆ ਸੀ ਨ, ਪਹਿਲਾਂ ਸਿਦਕ ਹੋਵੇ ਤਾਂ ਸਭ ਕੁਛ ਹੈ। ਅਰਜ਼ ਕਰਿਆ ਕਰੋ ਕਿ ਸਾਡੇ ਉੱਤੇ ਇਹ ਕਿਰਪਾ ਕਰਨ। ਜਿਸ ਤਰ੍ਹਾਂ ਭਾਈ ਮਤੀ ਦਾਸ ਦਾ ਜਿਸ ਵੇਲੇ ਆਰੇ ਨਾਲ ਸਿਰ ਚੀਰਦੇ ਸੀ, ਤਾਂ ਉਹਨਾਂ ਆਖਿਆ–

*ਆਰਾ ਪਿਆਰਾ ਲਗਤ ਹੈ ਕਰ ਕਾਰਾ ਅਬ ਜਾਏ।*
*ਸੀਸ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ।*

ਤਾਂ, ਜੇ ਸਿਦਕ ਨਹੀਂ ਤਾਂ ਕੁਛ ਨਹੀਂ। ਭੈਣੀ ਸਾਹਿਬ 'ਚ ਬੈਠੇ ਇੱਕ ਦਿਨ ਸਿੱਖ ਮੌਜ ਨਾਲ ਪੜ੍ਹਨ—ਸਤਿਗੁਰ ਤਾਰਨਗੇ ਅਤੀਤ। ਸਤਿਗੁਰ ਸੱਚੇ ਪਾਤਸ਼ਾਹ ਉੱਥੇ ਪੜ੍ਹਦਿਆਂ ਕੋਲ ਆ ਕੇ ਕਹਿੰਦੇ—ਨਾ ਭਾਈ, ਤਾਰੂਗੀ ਪ੍ਰਤੀਤ। ਸਤਿਗੁਰੁ ਕੋਲ ਅਰਦਾਸ ਕਰਿਆ ਕਰੋ, ਉਹਨਾਂ ਤੋਂ ਇਹ ਰੋਜ਼ ਵਰ ਮੰਗਿਆ ਕਰੋ, ਹੱਥ ਜੋੜਿਆ ਕਰੋ, ਇਹ ਕਿਹਾ ਕਰੋ, ਕਿ ਸੱਚੇ ਪਾਤਸ਼ਾਹ ! ਸਮੇਂ ਦਾ ਜ਼ੋਰ ਹੈ।

ਐਵੇਂ ਨਹੀਂ ਕਹਿ ਦਿੱਤਾ ਗੁਰੂ ਨਾਨਕ ਨੇ—ਬੱਚਾ ਅਜਿਤਿਆ ਅਜੇਹਾ ਸਮਾਂ ਆਵੇਗਾ ਕਿ ਤੂੰ ਵੀ ਭੁੱਲ ਜਾਵੇਂਗਾ, ਅਸੀਂ ਤੁਸੀਂ ਕੀਹਦੇ ਪਾਣੀਹਾਰ ਹਾਂ। ਸਤਿਗੁਰਾਂ ਕੋਲ ਅਰਜ਼ ਕਰਿਆ ਕਰੋ, ਜੋ ਉਹਨਾਂ ਨੇ ਹੁਕਮ ਦਿੱਤੇ ਨੇ, ਕਿ ਸੱਚੇ ਪਾਤਸ਼ਾਹ ਜੋ ਤੇਰਾ ਹੁਕਮ ਹੈ, ਤੂੰ ਆਪਣੀ ਕਿਰਪਾ ਕਰ ਕੇ

ਆਪ ਮੰਨਵਾ। ਬੜੀ ਚੰਗੀ ਗੱਲ ਹੈ, ਤੁਸੀਂ ਐਸੇ ਕੰਮ ਲੱਗੇ ਹੋ ਜਿਹੜੇ ਪਾਠ ਰਹਿੰਦੇ ਨੇ ਉਹ ਕਰੋ। ਜਿਨ੍ਹਾਂ ਜਿਨ੍ਹਾਂ ਸੱਜਣਾਂ ਨੇ ਉਹ ਸ਼ਬਦਾਂ ਦੇ ਪਾਠ ਤੁਕਾਂ ਦੇ ਕਰ ਲਏ ਹਨ ਪੂਰੇ, ਜੇ ਉਹਨਾਂ ਕੋਲ ਹੋਰ ਵੀ ਤਾਕਤ ਹੋਵੇ, ਕਿਉਂਕਿ ਉਹ ਪੰਜਾਬੀ ਦੀ ਕਹਾਵਤ ਹੈ—ਰੱਬ ਨੇ ਦਿੱਤੀਆਂ ਗਾਜਰਾਂ ਤੇ ਵਿੱਚੇ ਰੰਬਾ ਰੱਖ। ਜੱਟ ਨੇ ਬੀਜੀਆਂ ਸੀ ਗਾਜਰਾਂ, ਉਹਨੇ ਆਖਿਆ ਹੁਣ ਤਾਂ ਹੋ ਗਈਆਂ ਹਨ, ਰੰਬਾ ਵਿੱਚ ਹੀ ਰੱਖ ਛੱਡ, ਮੁੜਕੇ ਨਾ ਚੁੱਕ ਕੇ ਲਿਆ ਕੇ ਪੁਟੱਣ ਦੀ ਲੋੜ ਪਵੇ। ਪੁੱਟੀਆਂ ਨਹੀਂ ਜਾਂਦੀਆਂ ਗਾਜਰਾਂ ਰੰਬੇ ਤੋਂ ਬਿਨਾਂ। ਤਾਂ ਸਤਿਗੁਰਾਂ ਤੁਹਾਡੇ ਤੇ ਕਿਰਪਾ ਕੀਤੀ ਹੈ। ਜਿਨ੍ਹਾਂ ਦੇ ਸ਼ਬਦ ਪੂਰੇ ਹੋ ਗਏ ਨੇ, ਹੋਰ ਲੈ ਲਓ, ਜਿਹੜਾ ਰਹਿੰਦੈ ਪਾਠ, ਉਹ ਵੀ ਸਿਰੇ ਚੜ੍ਹ ਜਾਏ। ਸਤਿਗੁਰਾਂ ਅੱਗੇ ਮੈਂ ਵੀ ਅਰਦਾਸ ਕਰਦਾਂ—ਤੁਹਾਨੂੰ ਵੀ ਜੇ ਏਥੇ ਬਹਾਇਆ ਹੈ ਕਿਰਪਾ ਕਰਨ ਤੇ ਆਪਣੇ ਸਿਦਕ ਦਾ ਦਾਨ ਬਖਸ਼ਣ ਤੇ ਏਦੂੰ ਵੀ ਹੋਰ ਉਤਾਂਹ ਕਰਨ।

# ਬੰਕੋਕ ੧੯-੧੦-੧੯੫੫

## ਬਾਬਾ ਜੱਸਾ ਸਿੰਘ ਜੀ

ਪ੍ਰਸੰਗ ਬਾਬਾ (ਜੱਸਾ ਸਿੰਘ) ਜੀ ਦਾ, ਜਿਹੜੀ ਬਿਰਤੀ ਸੀ ਪਹਿਲੇ, ਉਹ ਰਾਮ ਰਾਮ ਭਜਨ ਕਰਦੇ ਸਨ। ਸਤਿਗੁਰੂ ਜੀ ਦੇ ਪ੍ਰਦੇਸ ਜਾਣ ਵੇਲੇ, ਉਹਨਾਂ (ਬਾਬਾ ਜੱਸਾ ਸਿੰਘ ਜੀ) ਨੇ ਬਚਨ ਕੀਤਾ। ਸਤਿਗੁਰਾਂ ਆਖਿਆ,''ਮੰਗ ਕੁਛ।'' ਬਾਬਾ ਜੀ ਨੇ ਤਿੰਨ ਬਚਨ ਕੀਤੇ-

- ਕਿ ਇੱਕ ਤੇ ਮੇਰਾ ਸਰੀਰ ਜਿਸ ਵੇਲੇ ਚੱਲੇ ਤੁਸੀਂ ਪਾਸ ਹੋਵੋਂ।
- ਦੂਸਰਾ ਇਹ ਬਚਨ—ਕਿ ਪੰਚਕਾਂ ਨਾ ਹੋਣ। ਪੁਰਾਣੇ ਖਿਆਲ ਸਨ, ਉਸ ਵੇਲੇ ਦੇ ਲੋਕ ਇਹ ਜਾਣਦੇ ਸੀ ਨ ਕਿ ਪੰਚਕਾਂ ਜਿਹੜੀਆਂ ਹੁੰਦੀਆਂ ਹਨ, ਉਹਨਾਂ ਵਿੱਚ ਅਗਰ ਸਰੀਰ ਚੱਲੇ ਤਾਂ ਠੀਕ ਨਹੀਂ ਰਹਿੰਦਾ।
- ਤੀਸਰਾ ਇਹ ਬਚਨ—ਕਿ ਮੇਰਾ ਸਸਕਾਰ ਜੋ ਹੋਵੇ, ਉਹ ਬਾਬੇ ਮਨਸਾ ਰਾਮ ਦੀ ਸਮਾਧ ਕੋਲ ਹੋਵੇ।

ਬਾਬੇ ਮਨਸਾ ਰਾਮ ਜੀ ਮਹਾਂਪੁਰਖ ਸਨ, ਜਿਹਨਾਂ ਨੂੰ ਪਹਿਲੇ ਕੁਸ਼ਟ ਹੋ ਗਿਆ ਸੀ—ਵੱਡਾ ਦੁੱਖ। ਹੁਣ ਪਤਾ ਨਹੀਂ ਇਹਨਾਂ ਨੂੰ ਹੁਣ ਕੀ ਹੋਣੈ, ਜਿਹੜੇ ਏਨੀਆਂ ਗਾਈਆਂ ਮਾਰਦੇ ਨੇ ਤੇ ਮਰਵਾਂਉਂਦੇ ਹਨ। ਬਾਬਾ ਜੀ ਨੇ ਗਊਆਂ ਚਾਰਨ ਦੀ ਸੇਵਾ ਸਾਂਭੀ ਔਰ ਪੱਲੇ ਨਾਲ ਗਊ ਮੋੜਨੀ, ਹੱਥ ਨਾਲ ਚਪੇੜ ਨਹੀਂ ਮਾਰਨੀ। ਇਹ ਕੁਛ ਕਰਦਿਆਂ ਕਰਦਿਆਂ ਬਾਬਾ ਜੀ ਦੇ ਹੱਥ

ਸਾਬਤ ਹੋ ਗਏ। ਰਾਈਆਂ ਵਿੱਚ ਉਹਨਾਂ ਦਾ ਡੇਰਾ ਹੈ ਔਰ ਉਸ ਡੇਰੇ ਦੇ ਅੰਦਰ ਉਹ ਜਗ੍ਹਾ ਆਈ ਹੈ ਜਿੱਥੇ ਸਤਿਗੁਰਾਂ ਦਾ ਪ੍ਰਕਾਸ਼ ਹੋਇਆ ਹੈ। ਬਾਬਾ ਜੀ ਨਾਲ, ਬਾਬੇ ਜੱਸਾ ਸਿੰਘ ਹੁਰਾਂ ਦਾ ਬਹੁਤ ਪਿਆਰ ਸੀ ਔਰ ਬਾਬਾ ਜੀ ਬੜੇ ਮਹਾਂਪੁਰਖ ਸੇ, ਗਊਆਂ ਚਾਰਦੇ। ਕਾਲ ਪੈ ਗਿਆ ਬੇਟ ਦੇ ਇਲਾਕੇ 'ਚ ਦਰਿਆ ਦੇ ਕੰਢੇ। ਮੁਸਲਮਾਨ ਰਾਤ ਨੂੰ ਆਏ, ਆ ਕੇ ਪੰਡਾਂ ਬੰਨ੍ਹ ਲਈਆਂ ਤੂੜੀ, ਮੂਸਲ ਭੰਨ ਲਿਆ ਬਾਬਾ ਜੀ ਦਾ। ਜਿਸ ਵੇਲੇ ਪੰਡਾਂ ਚੁੱਕ ਕੇ ਤੁਰਨ—ਅੰਨ੍ਹੇ ਹੋ ਜਾਣ। ਦਿਨ ਚੜ੍ਹੇ ਤਾਂਈ ਉੱਥੇ ਬੈਠੇ ਰਹੇ। ਬਾਬਾ ਜੀ ਨੇ ਦਿਨੇ ਆਖਿਆ,''ਭਾਈ, ਤੁਸੀਂ ਰਾਤ ਨੂੰ ਕਿਉਂ ਔਖੇ ਹੋਣਾ ਸੀ, ਅਸੀਂ ਤਾਂ ਇਹ ਗਊਆਂ ਵਾਸਤੇ ਰੱਖਿਆ ਹੈ, ਤੁਸੀਂ ਮੰਗ ਕੇ ਲੈ ਜਾਂਦੇ।'' ਓਹਨਾਂ ਬਾਬੇ ਹੁਰਾਂ ਨਾਲ, ਬਾਬੇ ਜੱਸਾ ਸਿੰਘ ਹੁਰਾਂ ਦਾ ਪਿਆਰ ਸੀ। ਉਹਨਾਂ ਤੋਂ ਹੀ ਰਾਮ ਰਾਮ ਦਾ ਸਿਮਰਨ ਕਰਨ ਲੱਗੇ ਸੀ। ਉਹ ਬਾਬਾ ਜੀ ਕਦੇ ਕਦੇ ਊਨੇ ਸਾਹਿਬ ਬਾਬੇ ਸਾਹਿਬ ਸਿੰਘ ਜੀ ਕੋਲ ਜਾਂਦੇ—ਬੇਦੀਆਂ ਕੋਲ। ਬਾਬੇ (ਬਾਬੇ ਸਾਹਿਬ ਸਿੰਘ) ਹੁਰਾਂ ਨੇ ਆਖਿਆ,''ਤੁਹਾਨੂੰ ਹੁਣ ਏਥੇ ਆਉਣ ਦੀ ਲੋੜ ਨਹੀਂ, ਉੱਥੇ ਹੀ ਮਹਾਂਪੁਰਖ ਪ੍ਰਗਟ ਹੋਣਗੇ।''

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਤੋਂ ਬਾਅਦ, ਬਾਬਾ ਜੀ ਦਾ ਸਰੀਰ ਚੱਲ ਗਿਆ, ਇਹ ਤਿੰਨ ਬਚਨ ਕਰ ਕੇ—ਦੋ ਸਾਲ ਸਤਿਗੁਰਾਂ ਗਿਆਂ ਨੂੰ ਜਦੋਂ ਹੋਏ। ਬਾਬਾ ਜੀ ਦਾ ਪ੍ਰਸੰਗ ਆਇਐ, ਇਹਦੇ ਨਾਲ ਹੀ ਇੱਕ ਮਹਾਂਪੁਰਖ ਦਾ ਪ੍ਰਸੰਗ ਹੈ।

ਦੇਹ ਕਰਕੇ ਦੇਖਣ 'ਚ ਲੋਕਾਂ ਦੇ ਆਮ ਤੇ ਸਤਿਗੁਰੂ ਜੀ ਨਹੀਂ ਨ ਆਏ। ਇਹ ਬਾਬਾ ਜਿਊਣ ਸਿੰਘ ਜੀ ਇੱਕ ਮਹਾਂਪੁਰਖ ਸਨ। ਪਹਿਲਾਂ ਉਦਾਸੀ ਸਾਧੂ ਸਨ। ਜਿਊਣ ਦਾਸ ਨਾਮ ਸੀ, ਫੁੰਮਣਾਂ ਵਾਲੀ ਟੋਪੀ ਸਿਰ ਤੇ ਪਾਉਣੀ, ਸਾਰੰਗੀ ਵਜਾਉਣੀ, ਤੇ ਦੇਵੀ ਦਾ ਸੰਗ ਜਦੋਂ ਚੱਲੇ ਤਾਂ ਉਹਦੇ ਅੱਗੇ ਗਾਉਣਾ। ਗਾਉਂਦਿਆਂ ਗਾਉਂਦਿਆਂ ਇੱਕ ਦਿਨ ਐਸਾ ਆਇਆ, ਕਿ ਐਸਾ ਵੈਰਾਗ ਹੋਇਆ, ਉਹ ਸਾਰੰਗੀ ਜਿਹੜੀ ਸੀ ਭੱਠੀ ਵਿੱਚ ਜਾ ਕੇ ਦੇ ਦਿੱਤੀ। ਪਤਾ ਲੱਗਾ, ਕਿ ਇੱਕ ਮਹਾਂਪੁਰਖ ਸਨ, ਇੱਕ ਪਿੰਡ ਦਾ ਨਾਂ ਹੈ ਕਾਲੇਕੀ ਦੁਬਾਲ, ਉੱਥੇ ਉਹ ਰਹਿੰਦੇ ਸਨ। ਉਹਨਾਂ ਮਹਾਂਪੁਰਖਾਂ ਦਾ ਇਹ

ਕੰਮ ਸੀ ਕਿ ਉਹਨਾਂ ਦੇ ਦੁਆਲੇ ਵਾੜ ਗੱਡੀ ਹੋਈ ਸੀ। ਅੱਠੀਂ ਪਹਿਰੀਂ ਇੱਕ ਸਰੀਰ ਜਾਂਦਾ, ਇੱਕ ਘੜਾ ਜਲ ਦਾ ਧਰ ਆਉਂਦਾ, ਦੋ ਪਰਸਾਦੇ ਧਰ ਆਉਂਦਾ ਛਾਪਾ ਪੁੱਟਕੇ, ਬੂਹਾ ਨਹੀਂ ਸੀ ਰੱਖਿਆ ਹੋਇਆ। ਅੰਦਰ ਨਹੀਂ ਸਨ ਕਿਸੇ ਨੂੰ ਵੜਨ ਦਿੰਦੇ। ਇਹਨਾਂ ਨੂੰ ਵੈਰਾਗ ਹੋਇਆ ਇਹਨਾਂ ਦੇ ਚਿਤ 'ਚ ਖਿਆਲ ਹੋਇਆ ਤਾਂ ਇਹਨਾਂ ਨੇ ਉਹ ਵਾੜ ਪੁੱਟੀ, ਗਏ ਉਹਨਾਂ ਦੇ ਕੋਲ। ਉਹਨਾਂ ਆਖਿਆ,''ਭਾਈ, ਤੂੰ ਕਿਉਂ ਇਸ ਸੰਸਾਰ ਨੂੰ ਛੱਡ ਕੇ ਸਾਡੇ ਕੋਲ ਆਇਆਂ ? ਇਹ ਤਾਂ ਜਿਊਂਦੇ ਮਰਨ ਵਾਲਾ ਕੰਮ ਹੈ।''

ਸੰਤਾਂ ਨੇ ਆਖਿਆ,''ਮਹਾਰਾਜ, ਮੈਂ ਜਿਊਂਦਾ ਮਰਨ ਵਾਸਤੇ ਆਇਆ ਹਾਂ।''

ਭਜਨ ਇਹੋ ਹੀ ਦੱਸਿਆ, ਸੁਆਸ ਨਾਲ ਜਪਣ ਦੀ ਰੀਤ ਦੱਸੀ ਔਰ ਕਿਹਾ—ਕਿ ਪੋਲਾ ਥਾਂ ਕਰ ਕੇ ਚੌਂਕੜਾ ਮਾਰ ਕੇ ਬਹਿ ਜਾਵੀਂ, ਜਿੰਨਾਂ ਪਹਿਲੇ ਦਿਨ ਬੈਠੇਂਗਾ ਤੇਰਾ ਓਨਾ ਹੀ ਚੌਂਕੜਾ—ਕੰਮ, ਪੱਕ ਜਾਵੇਗਾ।

ਮਹਾਂਪੁਰਖਾਂ ਦੀ ਕਿਰਪਾ ਸੀ ਉਹਨਾਂ ਦੇ ਵਰਾਂ ਨਾਲ, ਜਿਨ੍ਹਾਂ ਦੇ ਵਰਾਂ ਨਾਲ ਜੁਗ ਉਲਟ ਗਏ ਨੇ, ਇਹ ਤਾਂ ਗੱਲਾਂ ਹੀ ਕੁਛ ਨਹੀਂ। ਚੌਵੀ ਸਾਲ ਸੁਆਸ ਨਾਲ ਭਜਨ ਕੀਤਾ। ਚੌਵੀ ਸਾਲ ਬਾਅਦ ਚੁੰਨੀ ਪਿੰਡ ਵਿੱਚ ਰਹਿੰਦਿਆਂ ਹੋਇਆਂ, ਬਾਬੇ ਨਿਹੰਗ ਸਿੰਘ ਹੁਰਾਂ ਦਾ ਦਰਸ਼ਨ ਹੋਇਆ। ਖੰਡਾ ਸੀਸ ਉੱਤੇ ਹੈ, ਪੰਜ ਸਿੰਘ ਨਾਲ ਹਨ। ਕਹਿੰਦੇ ਨੇ—ਨਾ ਰਾਜਾ, ਨਾ ਪਰਜਾ, ਹੋਰ ਹੀ ਪ੍ਰਗਟ ਹੋਇਐ। ਇਸੇ ਤਰ੍ਹਾਂ ਪਹਿਲੇ ਦਰਸ਼ਨ ਹੋਇਆ। ਉਸੇ ਤਰ੍ਹਾਂ ਬਾਬਾ ਜੀ ਆਏ ਘੋੜੇ ਉੱਤੇ ਚੜ੍ਹੇ ਹੋਏ ਹਨ ਖੰਡਾ ਚਮਕਦਾ ਹੈ। ਦਰਸ਼ਨ ਕੀਤਾ, ਭਜਨ ਪੁੱਛਿਆ। ਭਜਨ ਪੁੱਛ ਕੇ, ਉਹਨਾਂ ਆਖਿਆ,''ਬਈ, ਅਸੀਂ ਭਜਨ ਦੱਸ ਦਿੱਤੈ, ਮੋਹਰ ਲਵਾ ਕੇ ਆਉਂਣੀ।'' ਗੁਰਦਵਾਰੇ ਆਏ, ਸਤਿਗੁਰੂ ਜੀ, ਸੱਚੇ ਪਾਤਸ਼ਾਹ ਜੀ ਏਥੇ ਸਨ। ਉਹਨਾਂ ਆਖਿਆ,''ਬਈ, ਹੁਣ ਸੁਆਸ ਦਾ ਵਕਤ ਨਹੀਂ।'' ਕਿਉਂਕਿ, ਮਹਾਰਾਜ ਨੇ ਬਾਣੀ ਵਿੱਚ ਲਿਖਿਆ ਹੈ ਕਿ ਜੁਗ-ਜੁਗ ਆਪੋ ਆਪਣਾ ਧਰਮ ਹੈ।

**ਸਤਿਜੁਗਿ ਸਤੁ[੧] ਤੇਤਾ ਜਗੀ[੨],**

ਸਤਿਜੁਗ ਵਿੱਚ ਸੱਚ ਬੋਲਣਾ ਹੀ ਧਰਮ ਸੀ, ਤ੍ਰੇਤੇ ਵਿੱਚ ਜੱਗ

ਕਰਨੇ–

**ਦੁਆਪਰਿ ਪੂਜਾ ਚਾਰ[੩]।।**
**ਤੀਨੌ ਜੁਗ ਤੀਨੌ ਦਿੜੇ[੪] ਕਲਿ ਕੇਵਲ[੫] ਨਾਮ ਅਧਾਰ[੬]।।**

*– ਗਉੜੀ ਬਾਗਣਿ ਰਵਿਦਾਸ ਜੀ, ਪੰਨਾ–੩੪੬*

– **ਅਬ ਕਲੂ[੭] ਆਇਓ ਰੇ।।**
**ਇਕੁ ਨਾਮੁ ਬੋਵਹੁ ਬੋਵਹੁ[੮]।।**
**ਅਨ[੯] ਰੂਤਿ[੧੦] ਨਾਹੀ ਨਾਹੀ।।**
**ਮਤੁ ਭਰਮਿ ਭੂਲਹੁ ਭੂਲਹੁ।।**
– – – – – – – – – – – –
– – – – – – – – – – – –
**ਮਨ ਰੁਤਿ[੧੧] ਨਾਮ ਰੇ[੧੨]।।**

*– ਬਸੰਤ ਮ:੫, ਪੰਨਾ–੧੧੮੫*

ਕਿਹਾ,''ਭਾਵੇਂ ਕੋਈ ਆਖੇ ਤੈਨੂੰ ਉਡਾ ਕੇ ਲੈ ਜਾਂਦਾ ਹਾਂ, ਇਸ ਨਾਮ ਤੋਂ ਬਿਨਾਂ ਹੋਰ ਕਿਸੇ ਪਾਸੇ ਨਹੀਂ ਝਾਕਣਾ।'' ਬਾਬਾ ਜੀ ਜਾ ਕੇ ਲੱਗੇ ਜਪਣ। ਇਸ ਤਰ੍ਹਾਂ ਦਾ ਸੁਭਾ ਸੀ, ਇੱਕ ਸਿੰਘ ਘਰ ਲੈ ਗਿਆ; ਕਈ ਨਾਲ ਸਰੀਰ ਹੋਰ ਸਤਸੰਗੀ ਹੋ ਗਏ। ਪਹਿਲਾਂ ਸੁਆਸਾਂ ਨਾਲ ਹੀ ਜਪਦੇ ਸੀ ਰਸਨਾ ਦਾ ਹੁਕਮ ਬਾਬੇ ਨਿਹੰਗ ਸਿੰਘ ਹੁਰਾਂ ਦੇ ਹੀ ਦਿੱਤਾ ਸੀ। ਬਾਬੇ ਹੁਰਾਂ ਆਖਿਆ ਭਜਨ ਅਸੀਂ ਦੱਸ ਦਿੱਤਾ ਹੈ ਮੋਹਰ ਲਵਾ ਲਿਆਓ।

ਫੇਰ ਸਤਿਗੁਰਾਂ ਕੋਲ ਜਾ ਕੇ ਪੁੱਛਿਆ ਰਸਨਾ ਦਾ—ਹੁਕਮ ਹੀ ਰਸਨਾ ਦਾ ਹੈ। ਦੇਖੋ ਹਰ ਇੱਕ ਵਕਤ ਦੀ ਆਪੋ ਆਪਣੀ ਗੱਲ ਹੈ।

**ਬਿਨੁ ਜਿਹਵਾ ਜੋ ਜਪੈ ਹਿਆਇ[੧੩]।।**
**ਕੋਈ ਜਾਣੈ ਕੈਸਾ ਨਾਉ।।**

*– ਮਲਾਰ ਮ:੧, ਪੰਨਾ–੧੨੫੬*

ਏਸ ਜੁਗ ਦਾ ਧਰਮ ਇਸੇ ਤਰ੍ਹਾਂ ਹੀ ਹੈ। ਹਰ ਜੁਗ ਦਾ ਆਪੋ ਆਪਣਾ ਧਰਮ ਹੈ। ਇਹ ਸੰਸਕ੍ਰਿਤ ਦੇ ਗ੍ਰੰਥਾਂ ਵਿੱਚ ਵੀ ਲਿਖਿਆ ਹੈ—ਅਨਥਾ ਨਾਸਤੀ। ਉੱਥੇ ਲਿਖਿਆ ਹੈ ਇੱਕ ਨਾਮ ਹੀ ਨਾਮ ਜਪਣਾ ਇਸ ਜੁਗ ਦਾ

ਧਰਮ ਹੈ। ਗਏ, ਲੱਗੇ ਜਪਣ। ਏਸ ਤਰ੍ਹਾਂ ਦੀ ਬਿਰਤੀ ਹੋਈ, ਇੱਕ ਸਿੱਖ ਦੇ ਘਰ ਪ੍ਰਸਾਦ ਬਣਾਇਆ, ਤਸਮਈ ਤਿਆਰ ਕੀਤੀ, ਭੁਲੇਖੇ ਨਾਲ ਖੰਡ ਦੀ ਥਾਂ ਲੂਣ ਪਾ ਦਿੱਤਾ। ਜਿੰਨੇ ਸਰੀਰ ਗਏ, ਸਾਰੇ ਓਸੇ ਤਰ੍ਹਾ ਹੀ ਛਕ ਕੇ, ਕਿਸੇ ਨੇ ਨਹੀਂ ਆਖਿਆ ਸਾਨੂੰ ਕੌੜੀ ਲੱਗੀ ਹੈ, ਆਪਣੇ ਡੇਰੇ ਆ ਗਏ। ਉਹ ਜਦੋਂ ਮਗਰੋਂ ਛਕਣ ਲੱਗਾ ਤਾਂ ਉਹ ਬੜਾ ਦੁਖੀ ਹੋਇਆ। ਆ ਕੇ ਅਰਜ਼ ਕਰੀ। ਆਖਣ ਲੱਗੇ—ਨਾ ਭਾਈ, ਕੋਈ ਗੱਲ ਨਹੀਂ, ਕੋਈ ਇਖਤਿਆਰ ਦੀ ਗੱਲ ਨਹੀਂ, ਕਿਉਂਕਿ–

**ਰਸ ਕਸ[੧੪] ਸਾਦਾ ਬਾਹਰਾ ਸਚੀ ਵਡਿਆਈਐ।।**

*– ਰਾਮਕਲੀ ਵਾਰ ੩, ਪੰਨਾ–੯੫੧*

ਰਸ ਨਹੀਂ ਰਹਿ ਜਾਂਦੇ, ਓਦੋਂ ਦੁਨੀਆ ਦੇ ਰਸ ਸਭ ਫਿੱਕੇ ਲੱਗਦੇ ਹਨ। ਜਿੰਨਾਂ ਚਿਰ—**ਆਨ ਰਸਾ ਸਭ ਹੋਛੇ ਰੇ**—ਕਬੀਰ ਜੀ ਕਹਿੰਦੇ ਹਨ–

**ਰਾਮ ਰਸੁ ਪੀਆ ਰੇ।।**
**ਜਿਹ ਰਸ ਬਿਸਰਿ ਗਏ ਰਸ ਅਉਰ।।**

*– ਗਉੜੀ ਕਬੀਰ ਜੀ, ਪੰਨਾ–੩੩੭*

ਫੇਰ, ਐਸੀ ਬਿਰਤੀ ਹੋ ਗਈ, ਅੱਗੇ ਕੀਰਤਨ ਕਰਾਉਣਾ ਰਾਗੀਆਂ ਦਾ—ਆਸਣ ਸਤਿਗੁਰਾਂ ਦਾ ਵਿਛਾ ਲੈਣਾ, ਚੌਰ ਕਰਨਾ। ਦਰਸ਼ਨ ਹੁੰਦਾ ਹੀ ਸੀ, ਤਾਂ ਕਰਦੇ ਸੀ ਨ। ਇਸ ਸ਼ੰਕਾ ਨੂੰ ਨਵਿਰਤ ਕਰਨ ਵਾਸਤੇ, ਉਹਨਾਂ ਨੇ ਸਤਿਗੁਰੂ ਸੱਚੇ ਪਾਤਸ਼ਾਹ ਨਾਲ ਕਈ ਸਾਡੇ ਵਰਗੇ ਜਿਹੜੇ ਅਸੀਂ, ਭਾਵੇਂ ਸਤਿਗੁਰਾਂ ਦੇ ਲੜ ਲੱਗੀਏ, ਪਰ ਜਿੰਨਾਂ ਚਿਰ ਕਿਰਪਾ ਨਾ ਕਰਨ ਪੂਰਾ ਸਿਦਕ ਕਿਸੇ ਕਿਸੇ ਨੂੰ ਦਿੰਦੇ ਹਨ। ਜਿਹੜਾ ਸਤਿਗੁਰਾਂ ਬਚਨ ਕੀਤਾ ਸੀ,"ਅਸੀਂ ਓਸ ਵਕਤ ਪਾਸ ਹੋਵਾਂਗੇ ਤੁਹਾਡੇ"—ਸਵਾ ਪਹਿਰ ਦਾ ਤੜ੍ਹਕਾ ਹੈ, ਗੜਵੇ ਵਾਲੇ ਹੀਰਾ ਸਿੰਘ ਹੁਰੀਂ, ਇੱਕ ਰਾਗੀ, ਮਜ਼੍ਹਬੀ ਹੁੰਦੇ ਸਨ, ਗੁਬਿੰਦਗੜ੍ਹ ਵਾਲੇ ਅਗਮ ਸਿੰਘ ਹੁਰਾਂ ਦੇ ਤਾਏ ਲੱਗਦੇ ਸਨ, ਉਹ ਜੋੜੀ ਵਜਾਉਂਦੇ ਹਨ, ਅਗਮ ਸਿੰਘ ਹੁਰਾਂ ਦਾ ਪਿਤਾ ਸਰੰਦਾ ਵਜਾਉਂਦਾ ਹੈ, ਸਤਿਗੁਰੂ ਆ ਕੇ ਆਸਣ ਤੇ ਬੈਠੇ, ਉਹਨਾਂ ਨੂੰ ਦਿਸੇ। ਉਹਨਾਂ ਨੂੰ ਤਾਂ ਹਰ ਵਕਤ ਦਿਸਦੇ ਸੀ, ਉਹ ਐਵੇਂ ਤਾਂ ਕਰ ਹੀ ਨਹੀਂ ਸੀ ਸਕਦੇ ਚੌਰ। ਹੀਰਾ

ਸਿੰਘ ਹੁਰਾਂ ਦੀ ਜੋੜੀ ਕਿਧਰੇ ਉਲਟ ਕੇ ਜਾ ਪਈ। ਵੀਹ ਕੋਹ ਪੈਂਡਾ ਭੈਣੀ ਸਾਹਿਬ ਤੋਂ ਚੁੰਨੀ ਹੈ। ਸੰਤ ਮਸਤ ਹੋ ਕੇ ਹੱਸਣ ਲੱਗ ਪਏ—ਓ ਹੀਰਾ ਸਿੰਘ ਕੀ ਹੋਇਐ—ਓ ਕੀ ਹੋਇਐ ਹੀਰਾ ਸਿੰਘ ?

ਕਹਿੰਦੇ,''ਕੀ ਹੋਣੈ, ਆਹ ਸਤਿਗੁਰੂ ਆਏ ਸੀ—ਆਸਣ ਤੇ ਬੈਠੇ ਸੀ। ਕਹਿੰਦੇ—ਅਸੀਂ ਭੈਣੀ ਸਾਹਿਬ ਚੱਲੇ ਹਾਂ, ਬਾਬੇ ਦੀ ਚੜ੍ਹਾਈ ਹੈ।''

ਵਕਤ ਲਿਖ ਲਿਆ, ਓਸੇ ਵੇਲੇ ਆਦਮੀ ਭੇਜਿਆ। ਅੱਜ ਕੱਲ੍ਹ ਵਰਗਾ ਆਦਮੀ ਹੁੰਦਾ ਤਾਂ ਖਵਰੀਂ ਤਿੰਨੀ ਚੌਹ ਦਿਨੀ ਵੀ ਨਾ ਪੈਦਲ ਪਹੁੰਚਦਾ। ਉਸ ਵੇਲੇ ਦੇ ਆਦਮੀ ਵੀ ਇਹੋ ਜਿਹੇ ਸੀ, ਜਿਹੜੇ ਸੱਤ ਕੋਹ ਪੈਂਡਾ ਵੀ ਕਰ ਸਕਦੇ ਸੀ।

ਬਾਬਾ ਜੀ ਨੇ ਉਸ ਦਿਨ ਸਰੀਰ ਛੱਡਿਆ। ਉਹ ਬਚਨ ਜਿਹੜਾ ਸੀ—ਕਿ ਤੇਰੇ ਕੋਲ ਹੋਵਾਂਗੇ—ਪੂਰਾ ਕੀਤਾ।

ਉਸ ਤੋਂ ਬਾਅਦ ਦਿਨ ਚੜ੍ਹਿਆ ਤਾਂ ਗੁਰੂ ਹਰੀ ਸਿੰਘ ਜੀ ਕਹਿਣ —ਰਾਮਸਰ ਸਸਕਾਰ ਕਰਨੈ। ਪਿੰਡ ਵਾਲੇ ਜ਼ਿਮੀਦਾਰ ਕਹਿਣ—ਅਸੀਂ ਮੜ੍ਹੀਆਂ ਵਿੱਚ ਜਾ ਕੇ ਸਸਕਾਰ ਕਰਨੈ। ਉਹ ਬਚਨ ਭੁੱਲਿਆ ਹੋਇਆ ਸੀ ਸਾਰਿਆਂ ਨੂੰ। ਓਦੋਂ ਨੂੰ ਉਹ ਬਾਬੇ ਮਨਸਾ ਰਾਮ ਦਾ ਸੇਵਕ ਜਿਹੜਾ ਡੇਰੇ ਵਾਲਾ ਮਹੰਤ ਸੀ ਉਹ ਆ ਗਿਆ, ਉਹਨੇ ਆਖਿਆ,''ਮਹਾਰਾਜ ਸਸਕਾਰ ਉੱਥੇ ਚੱਲ ਕੇ ਕਰੋ।'' ਉੱਥੇ ਹੀ ਬਾਬਾ ਮਨਸਾ ਰਾਮ ਦੇ ਡੇਰੇ ਦੇ ਕੋਲ ਉਹ ਤਲਾਅ ਹੈ, ਉਹਦੇ ਤਲਾਅ ਦੇ ਪਹਾੜ ਵਾਲੇ ਪਾਸੇ ਪਿੱਪਲ ਖੜਾ ਹੈ—ਖ਼ਬਰੇ ਹੁਣ ਹੈ ਕਿ ਵੱਢ ਦਿੱਤੈ—ਉੱਥੇ ਬਾਬਾ ਜੀ ਦਾ ਸਸਕਾਰ ਹੋਇਆ। ਇਹ ਸਾਰਾ ਬਚਨ ਓਸ ਵੇਲੇ ਪੂਰਾ ਕੀਤਾ।

## ਸਾਧ ਬਚਨ ਅਟਲਾਧਾ

ਸਤਿਗੁਰਾਂ ਦੇ ਬਚਨ, ਮਹਾਂਪੁਰਖਾਂ ਦੇ ਬਚਨ—ਤੁਸੀਂ ਜੇ ਦੇਖਣ ਲੱਗੋ, ਭਾਈ ਗਿਆਨ ਸਿੰਘ ਜੀ ਨੇ ਜਿੱਥੇ ਸ਼ੁਰੂ ਕੀਤਾ ਹੈ ਨ ਗੁਰੂ ਨਾਨਕ ਦਾ ਪ੍ਰਕਾਸ਼, ਉੱਥੇ ਬਿਆਸ ਜੀ ਦਾ ਇੱਕ ਸਲੋਕ ਲਿਖਿਆ ਹੈ। ਬਿਆਸ ਜੀ ਪੰਡਤ ਕਦੋਂ ਹੋਏ, ਕਿੰਨਾ ਚਿਰ ਹੋਇਆ ਉਹਨਾਂ ਨੇ ਲਿਖਿਆ ਹੈ–

*ਏਵੰ ਵੈ ਧਰਮਯ ਪ੍ਰਾਚੁਰਯੰ।*

ਮੈਨੂੰ ਸਲੋਕ ਤਾਂ ਸਾਰਾ ਯਾਦ ਨਹੀਂ ਉੱਥੇ ਲਿਖਿਐ-*

*ਪਸ਼ਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ੇ ਚ ਨਾਨਕੌਂ।*

ਪੱਛਮ ਦੇ ਦੇਸ਼ ਵਿੱਚ, ਹਿੰਦੁਸਤਾਨ ਦੇ ਪੱਛਮ ਦੇ ਪਾਸੇ ਬੇਦੀਆਂ ਦੀ ਬੰਸ ਵਿੱਚ ਨਾਨਕ ਨਾਮ ਹੋਵੇਗਾ।

*ਨਾਮਨਾ ਭੁਇ ਰਾਜ ਰਿਖੀ ਬ੍ਰਹਮ,*

ਰਾਜ ਰਿਖੀ ਹੋਵੇਗਾ। ਫੇਰ ਲਿਖਿਐ, ਇਸੇ ਉਹਦੇ ਅਵਤਾਰਾਂ ਦੇ ਹੁੰਦਿਆਂ, ਮੁਸਲਮਾਨਾਂ ਦੇ ਰਾਜ ਤੋਂ ਬਾਅਦ—*ਅਲਪ ਕਾਲੇਨ ਸਿੱਖ ਰਾਜ*— ਮੈਨੂੰ ਸਾਰਾ ਸਲੋਕ*[੧] ਨਹੀਂ ਯਾਦ ਰਿਹਾ ਹੋਇਆ, ਪੰਥ ਪ੍ਰਕਾਸ਼ ਕਿਸੇ ਕੋਲ ਹੋਵੇ ਤਾਂ ਓਹਦੇ ਵਿੱਚ ਹੋਵੇਗਾ। ਲਿਖਿਐ ਕਿ—

*ਅਲਪ ਕਾਲੇਨ ਸਿੱਖ ਰਾਜ,*

—ਥੋੜਾ ਚਿਰ ਸਿੱਖ ਰਾਜ ਹੋਵੇਗਾ।

*ਤੇਸਾਂ ਰਾਜਯਾਂਤ ਪਰੇ ਕਾਲੇ ਮਲੇਛਾਂ ਗੌਰਮੁਖਾ ਨ੍ਰਿਪਾ।*

ਓਦੂੰ ਪਿੱਛੋਂ ਗੋਰੇ ਮੂੰਹ ਵਾਲੇ ਰਾਜੇ ਹੋਣਗੇ। *ਆਸ਼ੀਤ ਸ਼ਤ*—ਇਹ ਸ਼ਬਦ ਹੈ ਸ਼ਤ ਉਹ ਲਿਖਣ ਵਿੱਚ ਫਰਕ ਆ ਗਿਐ—ਠਹਿਰਨਗੇ ਸੌ ਸਾਲ। ਇਸੇ ਚੀਜ਼ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੌ ਸਾਖੀ ਵਿੱਚ ਲਿਖਿਆ ਹੈ ਕਿ, ਪੁਰਖ ਆਰਬਲਾ ਭੋਗੇਂਗੇ। ਫੇਰ ਇੱਕ ਜਗ੍ਹਾ ਲਿਖਿਆ ਹੈ–

*ਤੇਜ ਮੋਨੀਆ ਸਾਤ ਲੌਂ, ਦੋ ਪਰ ਰੌਰ ਸਰੂਰ।*

ਸੌ ਸਾਲ ਅੰਗਰੇਜ਼ਾਂ ਦਾ ਰਾਜ ਰਹੇਗਾ, ਉਸ ਤੋਂ ਪਿੱਛੋਂ ਦੋ ਸਾਲ ਰੌਲਾ ਪਵੇਗਾ। ਉਨੀ ਸੌ ਦੋ ਵਿੱਚ ਆਏ, ਚਾਰ ਵਿੱਚ ਗਏ। ਹੁਣ ਅਗਲੀਆਂ ਚੀਜ਼ਾਂ ਜਿਹੜੀਆਂ ਹਨ, ਉਹ ਸਲੋਕ ਸਾਰੇ ਨਹੀਂ ਮਿਲਦੇ ਭਵਿਸ਼ ਪੁਰਾਣ ਦੇ, ਅੱਜ ਜੋ ਵਰਤ ਰਿਹਾ ਹੈ, ਕੋਈ ਫਰਕ ਨਹੀਂ। ਮਹਾਂਪੁਰਖਾਂ ਦੀ ਨਿਗਾਹ ਜਿਸ ਤਰ੍ਹਾਂ ਇੱਕ ਦੂਰਬੀਨ ਵਾਲਾ ਆਦਮੀ, ਸਾਡੇ ਜੋਤਸ਼ੀ, ਸਾਡੇ ਗ੍ਰੰਥ —ਪੰਡਤ ਜੀ ਸਾਡੇ ਗੋਪਾਲ ਸਿੰਘ ਜੀ ਹੁਰੀਂ ਕਦੇ ਕਹਿੰਦੇ ਹਨ—ਸਾਡੇ ਲੋਕ ਜਿਹੜੇ ਗਊ ਦਾ ਦੁੱਧ ਪੀਣ ਵਾਲੇ ਸੇ, ਉਹਨਾਂ ਲੱਖਾਂ ਬਰਸ ਵੇਦ ਜ਼ੁਬਾਨੀ ਯਾਦ ਰੱਖੇ। ਅੱਜ ਤੱਕ ਓਸ ਵਿੱਦਿਆ ਦਾ ਇਹ ਚਮਤਕਾਰ ਹੈ ਕਿ, ਕਿਸੇ

ਵੇਲੇ ਦੱਸ ਦੇਣ ਕਿ ਏਨੇ ਵੱਜ ਕੇ ਏਨੇ ਮਿੰਟਾਂ ਉੱਤੇ ਐਸ ਵਕਤ ਗ੍ਰਹਿਣ ਲੱਗੇਗਾ, ਤਾਂ ਉਹਦੇ 'ਚ ਕੋਈ ਫਰਕ ਨਹੀਂ ਆਉਂਦਾ। ਤੇ, ਮੁਸਲਮਾਨਾਂ ਨੇ ਗਊ ਦਾ ਮਾਸ ਖਾ ਕੇ, ਕੀ ਸਿੱਖਿਆ—ਕਿ ਅੱਜ ਈਦ ਹੈ, ਐਸ ਪਿੰਡ ਮਨਾਉਂਦੇ ਹਨ, ਕਲ੍ਹ ਨੂੰ ਓਸ ਪਿੰਡ ਮਨਾਉਂਦੇ ਨੇ। ਉਹਨਾਂ ਨੂੰ ਇਹ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਚੰਦ ਨਿਕਲਣੈ, ਤੇ ਕਿੱਥੇ ਈਦ ਮਨਾਉਣੀ ਹੈ।

ਸਾਡੇ ਮਹਾਂਪੁਰਖ, ਰਿਖੀ ਲੋਕ ਜਿਨ੍ਹਾਂ ਤੱਪਸਿਆ ਕੀਤੀ, ਉਹਨਾਂ ਓਸ ਵੇਲੇ ਏਹੋ ਜਿਹਾ ਕੁਝ ਦੱਸ ਦਿੱਤਾ। ਬਾਲਮੀਕ ਜੈਸੇ ਪੁਰਸ਼, ਮਹਾਂਪੁਰਖਾਂ ਨੂੰ ਮਿਲਣ ਕਰਕੇ, ਦਸ ਹਜ਼ਾਰ ਬਰਸ ਪਹਿਲੇ ਰਾਮਚੰਦ੍ਰ ਜੀ ਮਹਾਰਾਜ ਦੇ ਅਵਤਾਰ ਤੋਂ, ਰਾਮਾਇਣਿ ਕਰਵਾਹਿਓਨ। ਭਾਈ ਗੁਰਦਾਸ ਕਹਿੰਦੈ ਕਿ ਰਾਮਾਇਣ ਦਸ ਹਜਾਰ ਬਰਸ ਪਹਿਲਾਂ ਉਚਾਰਨ ਕੀਤੀ।

ਕਿਸ ਚੀਜ਼ ਦੇ ਪਰਤਾਪ—ਨਾਮ ਦਾ ਪਰਤਾਪ। ਕਿਉਂ, ਬਾਲਮੀਕ ਜੀ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ–

*ਵਾਟੈ*[੧੫] *ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ।*

ਰਸਤੇ ਵਿੱਚ ਲੋਕਾਂ ਨੂੰ ਮਾਰਦਾ, ਬਾਲਮੀਕ ਰਹਿੰਦਾ। ਬਾਟਪਾੜ— ਰਸਤੇ ਨੂੰ ਪਾੜਨਾ, ਰਸਤੇ 'ਚ ਮਾਰਨਾ।

*ਪੂਰਾ ਸਤਿਗੁਰੁ ਭੇਟਿਆ,*

ਸਾਨੂੰ ਬੜਾ ਦੁੱਖ ਲਗਦਾ ਹੈ, ਅਸੀਂ ਲੋਕ ਆਪਣੀ ਮੱਤ ਅਨੁਸਾਰ ਚਲਦੇ ਹਾਂ।

ਉਹ ਕਹਿੰਦੇ ਹਨ ਕਿ ਇੱਕ ਆਦਮੀ ਸੀ ਉਸ ਨੇ ਰਾਮਾਇਣ ਦੀ ਕਥਾ ਸੁਣੀ। ਕਹਿਣ ਲੱਗਾ—ਐਵੇਂ ਗਪੌੜੇ ਲਿਖੇ ਹੋਏ ਹਨ, ਰਾਮਾਇਣ 'ਚ, ਕਿੱਥੇ ਪਹਾੜ ਚੁੱਕ ਲਿਆ ਹਨੂਮਾਨ ਨੇ। ਉਹ ਜਿਹੜਾ ਵਿਚਾਰਾ ਭਗਤ ਸੀ, ਜਿਸਨੂੰ ਨਿਸ਼ਚਾ ਸੀ ਉਹਨੇ ਆਖਿਆ—ਬਈ, ਮੈਂ ਹੁਣ ਕੀ ਆਖਾਂ। ਥੋੜ੍ਹੀ ਦੇਰ ਬਾਅਦ ਓਸ ਆਦਮੀ ਨੇ ਦੋ ਗੰਨੇ ਖਰੀਦੇ ਬਜ਼ਾਰ ਵਿੱਚੋਂ ਤੇ ਉਹ ਬੰਨ੍ਹ ਕੇ ਪੋਨੇ ਗੰਨੇ ਦੋ, ਜਦੋਂ ਤੁਰਨ ਲੱਗਾ, ਕਹਿਣ ਲੱਗਾ—ਕੋਈ ਕੁਲੀ ਹੈ ? ਗੰਨੇ ਨਾ ਚੁੱਕਣ ਦੀ ਸਮਰੱਥਾ ਦੋ। ਤਾਂ ਉਹ ਜਿਹੜਾ ਸੀ ਭਗਤ,

ਕਹਿੰਦਾ,''ਮਹਾਰਾਜ ਖਿਮਾਂ ਕਰਨਾ, ਮੈਂ ਭੁੱਲ ਗਿਆ, ਜਿਹੜਾ ਤੁਹਾਡੇ ਨਾਲ ਬਹਿਸ ਕੀਤੀ ਹੈ, ਤੁਸੀਂ ਜਿਹੜੇ ਗੰਨੇ ਨਹੀਂ ਚੁੱਕ ਸਕਦੇ, ਤੁਸੀਂ ਪਹਾੜ ਚੁੱਕਿਆ ਕਿਵੇਂ ਮੰਨ ਸਕਦੇ ਹੋ।'' ਸਾਡੇ ਲੋਕ, ਸਾਡੇ ਭਰਾ ਜਿਹੜੇ ਏਸ ਗੱਲ ਦੀ ਵਿਚਾਰ 'ਚ ਨਹੀਂ ਪੈਂਦੇ—ਉਹ ਭਾਈ ਗੁਰਦਾਸ ਕਹਿੰਦਾ ਹੈ–

*ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ।*

*–ਕਬਿਤ–੫੫੬*

ਕਿਹੜੇ ਅਰਾਧਬੇ ਤੇ—ਜਿਹਨੇਂ ਸਾਰੀ ਸ੍ਰਿਸ਼ਟੀ ਚੁੱਕੀ ਹੈ, ਜੇ ਉਹਨੂੰ ਗਿਰਧਾਰੀ ਕਹਿ ਦਈਏ ਤਾਂ ਉਸਦੀ ਕਿਆ ਵਡਿਆਈ ਹੈ। ਤਾਂ, ਅਸੀਂ ਲੋਕ ਇਹ ਮੰਨਦੇ ਹਾਂ, ਬਈ ਨਾ ਪਿੱਛੇ ਗੁਰੂ ਹੋਇਐ ਪੰਦਰਾਂ ਸੌ ਛੱਬੀ ਤੋਂ ਪਹਿਲਾਂ, ਨਾ ਸਤਾਰਾਂ ਸੌ ਪੈਂਹਠ ਤੋਂ ਬਾਅਦ ਰਿਹਾ। ਦੋ ਸੌ ਉਣੰਜਾ ਸਾਲ ਬਣਦੇ ਨੇ ਸ਼ਾਇਦ, ਇੰਨਾਂ ਚਿਰ ਹੀ ਗੁਰੂ ਰਿਹਾ। ਪਰ ਅਸਾਂ ਲੋਕਾਂ ਨੇ ਕਦੇ ਗੁਰਬਾਣੀ ਵੱਲ—ਕੋਈ ਜ਼ਿਦ ਦੀ ਗੱਲ ਨਹੀਂ, ਕੋਈ ਗੁੱਸੇ ਦੀ ਗੱਲ ਨਹੀਂ, ਧਿਆਨ ਦੇਣ ਦੀ ਲੋੜ ਹੈ। ਨਾਨਕ ਇਹੋ ਜਿਹਾ ਨਹੀਂ, ਜਿਹੜਾ ਢਾਈ ਸੌ ਸਾਲ ਤੱਕ—ਨਾਨਕ ਜਿਦਣ ਸ੍ਰਿਸ਼ਟੀ ਨਹੀਂ ਸੀ, ਓਦਣ ਵੀ ਸੀ, ਜਿਦਣ ਨਹੀਂ ਹੋਵੇਗੀ ਓਦਣ ਵੀ ਹੋਵੇਗਾ।

ਤਾਂ ਹੁਣ ਭਾਈ ਗੁਰਦਾਸ ਕੀ ਕਹਿੰਦੈ—ਤ੍ਰੇਤੇ ਯੁੱਗ ਤੋਂ ਪਹਿਲਾਂ ਦੀ ਗੱਲ ਹੈ, ਰਾਮਚੰਦ੍ਰ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਦੀ ਗੱਲ ਹੈ। ਕਹਿੰਦਾ ਹੈ ਕਿ–

*ਵਾਟੈ ਮਾਣਸ ਮਾਰਦਾ, ਬੈਠਾ ਬਾਲਮੀਕ ਵਟਵਾੜਾ।*
*ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ[੧੬]।*

ਉਹਨਾਂ ਦਿਨਾਂ 'ਚ ਵੀ ਸਤਿਗੁਰੂ ਸੀ। ਜਿਹੜੇ ਪੂਰੇ ਸਤਿਗੁਰੂ ਨੂੰ ਮਿਲੇ ............। (ਬਾਲਮੀਕ) ਲੱਗੇ ਲੀੜੇ ਲਹਾਉਣ–

ਉਹਨਾਂ ਆਖਿਆ—ਕਿ ਅਸੀਂ ਏਥੇ ਬਹਿ ਜਾਨੇ ਹਾਂ, ਕਾਹਦੇ ਵਾਸਤੇ ਲੀੜੇ ਲਾਹੁੰਦਾ ਹੈਂ।

ਕਹਿੰਦਾ—ਘਰ ਵਾਲਿਆਂ ਦੀ ਪਾਲਣਾ ਕਰਦਾਂ, ਬਾਲ ਬੱਚਿਆਂ ਨੂੰ ਪਾਲਣੈ।

ਉਹਨਾਂ ਆਖਿਆ—ਅਸੀਂ ਜਾਂਦੇ ਨਹੀਂ।

ਅੱਜ ਕੱਲ੍ਹ ਵਰਗਾ ਜ਼ਮਾਨਾ ਨਹੀਂ ਸੀ, ਕਿ ਮੇਰੇ ਵਾਂਗੂ ਪੱਗ ਬੰਨ੍ਹ ਕੇ, ਮਾਲਾ ਫੇਰਦਾ ਫੇਰਦਾ ਵੀ ਝੂਠ ਬੋਲੀ ਜਾਵੇ। ਤਾਂ ਕੋਈ ਬੜੀ ਗੱਲ ਨਹੀਂ। ਅੱਜ ਕੱਲ੍ਹ ਇਹ ਕੰਮ ਕੋਈ ਔਖਾ ਨਹੀਂ ਹੈ। ਅੱਜ ਕੱਲ੍ਹ ਏਸ ਚੀਜ਼ ਨੂੰ ਹੁਸ਼ਿਆਰੀ ਮੰਨਿਆ ਜਾਂਦਾ ਹੈ। ਜ਼ਬਾਨੋਂ ਫਿਰ ਜਾਣ ਨੂੰ, ਬੜੀ ਗੱਲ ਮੰਨਿਆ ਜਾਂਦਾ ਹੈ। ਪਰ ਉਹ ਸਮਾਂ ਸੀ, ਡਾਕੂਆਂ ਨੂੰ ਵੀ ਯਕੀਨ ਸੀ, ਬਈ ਇਹ ਸੰਤ ਝੂਠ ਨਹੀਂ ਬੋਲਦੇ। ਘਰ ਨੂੰ ਭੇਜਿਆ–

*ਘਰ ਵਿਚਿ ਪੁਛਣ ਘਲਿਆ,*
*ਅੰਤਿਕਾਲ ਹੈ ਕੋਇ ਅਸਾੜਾ।*

ਗਏ, ਜਾ ਕੇ ਪਿਤਾ ਨੂੰ ਪੁੱਛਿਆ,''ਮੈਂ ਤੁਹਾਨੂੰ ਲਿਆ ਕੇ ਲੁੱਟ ਕੇ ਖੁਆਉਂਦਾ ਹਾਂ, ਮੈਂ ਲੋਕਾਂ ਨੂੰ ਮਾਰ ਕੇ ਪਾਪ ਕਰਦਾ ਹਾਂ, ਤੁਸੀਂ ਮੇਰੇ ਅੰਤ ਵੇਲੇ ਵੀ ਕੋਈ ਸਹਾਈ ਹੋਵੋਗੇ ?''

ਪਿਤਾ ਨੇ ਕਿਹਾ,''ਤੈਨੂੰ ਪਾਲਿਐ, ਤੈਨੂੰ ਵੱਡਾ ਕੀਤੈ, ਤੈਨੂੰ ਵਿਆਹ ਦਿੱਤੈ, ਆਪਣਾ ਫਰਜ਼ ਪੂਰਾ ਕਰ ਦਿੱਤੈ। ਪਾਪ ਕਰਨ ਦੇ ਆਪਾਂ ਤੇਰੇ ਕੋਈ ਭਾਗੀ ਨਹੀਂ।''

ਮਾਤਾ ਨੂੰ ਪੁੱਛਿਆ, ਮਾਤਾ ਨੇ ਕਿਹਾ,''ਜੇ ਤੂੰ ਮੂਤ ਦਿੰਦਾ ਸੈਂ, ਗਿੱਲੇ ਪਾਸੇ ਆਪ ਸੌਂਦੀ ਸਾਂ, ਤੈਨੂੰ ਸੁੱਕੇ ਪਾਸੇ ਪਾਉਂਦੀ ਸਾਂ। ਪਾਲਿਆ, ਪਲੋਸਿਆ, ਵੱਡਾ ਕੀਤੈ, ਪਾਪ ਦੀ ਜ਼ੁੰਮੇਂਵਾਰੀ ਨਹੀਂ।''

ਔਰਤ ਨੂੰ ਪੁੱਛਿਆ, ਔਰਤ ਨੇ ਕਿਹਾ,''ਮਾਪਿਆਂ ਨੇ ਤੇਰੇ ਲੜ ਲਾਈ ਹਾਂ। ਮੈਂ ਏਸ ਗੱਲ ਦੀ ਜ਼ੁੰਮੇਂਵਾਰ ਨਹੀਂ, ਪਾਪ ਕਰ ਤੂੰ, ਪੁੰਨ ਕਰ ਤੂੰ।''

ਗਿਆਨ ਹੋ ਗਿਆ, ਮਹਾਂਪੁਰਖਾਂ ਨੇ ਕਿਰਪਾ ਕਰਨੀ ਸੀ।

*ਕੋੜ ਮੜਾ ਚਉਖੰਨੀਐ,*

ਜਿਸ ਕੋੜ ਮੜੇ ਤੋਂ ਵਾਰੀ, ਖੰਨੀਐ ਜਾਂਦਾ ਸੀ, ਜਿਹਨਾਂ ਨੂੰ ਖਵਾਉਂਦਾ ਸੀ, ਉਹ ਕਹਿੰਦੇ–

*ਕੋਇ ਨਾ ਬੇਲੀ ਕਰਦੇ ਝਾੜਾ।*

ਕੋਈ ਨਾ ਬੇਲੀ ਬਣੇ, ਜਿਹੜੇ ਭਾਰ ਝਾੜ ਦੇਣ—ਉਹਦਾ।

*ਸਚ ਦ੍ਰਿੜਾਇ ਉਧਾਰਿਅਨੁ*

ਮਹਾਂਪੁਰਖਾਂ ਨੇ—ਕਹਿਣ ਵਾਲੇ ਕਹਿੰਦੇ ਨੇ—ਸਿੱਧਾ ਨਾਂਉ ਨਾ ਦੱਸਿਆ। ਉਹਨੂੰ ਮਰਾ, ਮਰਾ, ਦੱਸਿਆ। ਮਰਾ—ਉਹ ਪਰ ਮਰਾ ਭੀ ਰਾਮ ਬਣ ਗਿਆ। ਜੇ ਮਰਾ ਵੀ ਕਹਿ ਦਿੱਤਾ ਜਾਏ ਤਾਂ ਵੀ ਰਾਮ ਦੇ ਤਾਂ ਸਾਰੇ ਹੀ ਨਾਮ ਹਨ। ਉਹਦੇ ਨਾਂਵਾਂ ਨੂੰ ਕੋਈ ਗਿਣ ਤਾਂ ਸਕਦਾ ਹੀ ਨਹੀਂ। ਕੀ ਬਣਿਆ ਫੇਰ–

*ਟਪਿ ਨਿਕਥਾ ਉਪਰ ਵਾੜਾ।*

ਉਹ ਵਾੜਾਂ ਪਾਪ ਦੀਆਂ ਟੱਪ ਗਿਆ। ਵਾੜਾਂ ਹੀ ਨਹੀਂ ਟੱਪ ਗਿਆ, ਕਹਿੰਦੇ ਨੇ–

*ਗੁਰਮੁਖਿ ਲੰਘੇ ਪਾਪ ਪਹਾੜਾਂ।*

*– ਵਾਰ ੧੦, ਪਉੜੀ ੧੯*

—ਪਹਾੜਾਂ ਪਾਪ ਦਿਆਂ ਉੱਤੋਂ।

ਅਜਾਮਲ ਲੰਘਿਆ, ਭਾਈ ਬਾਲਮੀਕ ਲੰਘਿਆ, ਕਿਸ ਕਰਕੇ—ਮਹਾਂਪੁਰਖਾਂ ਦੇ ਸੰਗ ਕਰ ਕੇ। ਉਹ ਬਾਲਮੀਕ ਪਹਿਲਾਂ ਦਸ ਹਜ਼ਾਰ ਬਰਸ ਕਹਿੰਦਾ ਹੈ—ਕਿ ਏਸ ਤਰ੍ਹਾਂ ਰਾਮਚੰਦ੍ਰ ਮਹਾਰਾਜ ਪ੍ਰਗਟ ਹੋਣਗੇ, ਉਹ ਆਹ ਕੌਤਕ ਕਰਨਗੇ, ਐਸ ਤਰ੍ਹਾਂ ਕੁਛ ਕਰਨਗੇ। ਇਹ ਨਾਮ ਦੀ ਮਹਿਮਾ ਹੈ ਕਿ ਉਹ ਮਹਾਂਪੁਰਖ, ਰਿਖੀ ਸਾਡੇ, ਜਿਨ੍ਹਾਂ ਨੇ ਪੁਸਤਕ ਲਿਖ ਕੇ, ਜਿਨ੍ਹਾਂ ਨੇ ਇਹੋ ਜਿਹਾ ਕੁਛ ਬਣਾ ਦਿੱਤੈ। ਉਹ ਜੰਤਰੀਆਂ ਤੋਂ ਲੋਕ ਜਦੋਂ ਚਾਹੁਣ ਤਿੱਥਾਂ ਕੱਢ ਲੈਂਦੇ ਨੇ। ਕਹਿ ਦੇਂਦੇ ਨੇ—ਏਨੇ ਵਜੇ ਸੂਰਜ ਚੜ੍ਹੂਗਾ; ਐਨੇ ਵਜੇ ਚੰਦ੍ਰਮਾ ਚੜ੍ਹੂਗਾ। ਪਰ ਪਰਤਾਪ ਕਾਸਦਾ ਹੈ—ਸਭ ਨਾਮ ਦਾ ਪਰਤਾਪ ਹੈ। ਬਗੈਰ ਨਾਮ ਜਪਣ ਤੋਂ ਪੁਰਸ਼, ਔਰ ਫਿਰ ਏਸ ਸਮੇਂ ਵਿੱਚ—ਕਲਜੁਗ ਹੈ।

## ਭਗਤਾਂ ਦਾ ਵਾਸਤਾ

ਪਰ ਇੱਕ ਗੱਲ ਹੈ। ਸੰਤ ਆਲਾ ਸਿੰਘ ਜੀ ਨੇ ਮੈਨੂੰ ਇੱਕ ਬਚਨ ਸੁਣਾਇਆ ਕਿ ਏਥੇ ਨਿਰਾਸ਼ ਨਹੀਂ ਹੋਣਾ ਚਾਹੀਦਾ ਕਲਜੁਗ ਵਿੱਚ। ਉਹਨਾਂ ਸੁਣਾਇਆ, ਕਿ ਸੰਤ ਸੁਜਾਨ ਸਿੰਘ ਜੀ ਵਰਨਾ ਵਿੱਚ ਇੱਕ ਮਹਾਂਪੁਰਖ ਹੋਏ ਹਨ। ਭਜਨ ਪੁੱਛਿਆ, ਬਿਰਤੀ 'ਚ ਉਖਾੜਾ ਆਇਆ। ਸਭ ਕੁਛ ਛੱਡ ਕੇ, ਫੇਰ ਲੱਗ ਗਏ, ਸਭੋ ਕੁਛ ਕਰਨ। ਕਹਿਣ ਲੱਗੇ—ਕੁਛ ਨਹੀਂ ਬਣਿਆ।

ਰੱਖਦੇ ਲੰਗੋਟਾ ਹੀ ਸਨ। ਇੱਕ ਦਿਨ ਰਾਸ ਪੈਂਦੀ ਦੇਖਣ ਚਲੇ ਗਏ। ਕਹਿੰਦੇ ਨੇ—ਏਸ ਤਰ੍ਹਾਂ ਅਸੀਂ ਬਨੇਰੇ ਦੇ ਉੱਤੇ ਲੰਮੇ ਪਏ ਹਾਂ, ਤੇ ਰਾਸ ਦੇਖ ਰਹੇ ਹਾਂ—ਸੰਤ ਆਲਾ ਸਿੰਘ ਹੁਰਾਂ ਨੂੰ ਉਹਨਾਂ ਬਚਨ ਸੁਣਾਇਆ। ਰਾਸ ਦੇਖਦਿਆਂ—ਉਹ ਕ੍ਰਿਸ਼ਨ ਮਹਾਰਾਜ ਦੀ ਬਾਬਤ ਦਸਮ ਗ੍ਰੰਥ ਵਿੱਚ ਵੀ ਮਹਾਰਾਜ ਨੇ ਲਿਖਿਐ ਕਿ–

**ਜਬੈ ਕ੍ਰਿਸ਼ਨ ਸੰਗ ਗੋਪੀਅਨ ਕਰੀ ਮਾਨੁਖੀ[੧੭] ਬਾਨ।।**
**ਸਭ ਗੋਪੀ ਤਬ ਯੌ ਲਖਯੋ ਭਯੋ ਬਸਯ[੧੮] ਭਗਵਾਨ।।**

*– ਦਸਮ ਗ੍ਰੰਥ, ਪੰਨਾ–੩੧੫*

ਗੋਪੀਆਂ ਦੇ ਨਾਲ ਉਸੇ ਤਰ੍ਹਾਂ ਖੇਡੇ, ਜੱਫੀਆਂ ਪਾਈਆਂ, ਹੱਸ ਖੇਡ ਕੀਤੇ, ਕਲੋਲ ਕੀਤੇ, ਉਹਨਾਂ ਸਮਝਿਆ—ਬਈ, ਇਹ ਤਾਂ ਸਾਡੇ ਵੱਸ ਹੋ ਗਿਐ। ਉਹਨਾਂ ਦੇ ਚਿਤ 'ਚ ਆਉਣ ਦੀ ਸੀ ਕਿ ਮਹਾਰਾਜ ਗੁਪਤ ਹੋ ਗਏ। ਦਸਮ ਗ੍ਰੰਥ 'ਚ ਇਹੀ ਕਥਾ ਹੈ; ਇਹਦੇ ਵਿੱਚ ਏਹੀ ਲਿਖਿਐ–

**ਕਾਨ੍ਹ ਬਿਯੋਗ ਕੋ ਮਾਨ ਬਧੂ,**
**ਬ੍ਰਿਜ[੧੯] ਡੋਲਤ[੨੦] ਹੈ ਬਨ ਬੀਚ ਦਿਵਾਨੀ।।**
**ਕੂੰਜਨ ਜਯੋਂ ਕੁਰਲਾਤ ਫਿਰੈ,**
**ਤਿਹ ਜਾ ਜਿਹ ਜਾ ਕਛੁ ਖਾਨ[੨੧] ਨਾ ਪਾਨੀ।।**
**ਏਕ ਗਿਰੈ ਮੁਰਝਾਇ ਧਰਾ ਪਰ,**
**ਏਕ ਉਠੇ ਕਹਿ ਕੈ ਇਹ ਬਾਨੀ।।**
**ਨੇਹ ਬਢਾਇ ਮਹਾ ਹਮ ਸੋ,**
**ਕਤ[੨੨] ਜਾਤ ਭਯੋ ਭਗਵਾਨ ਗੁਮਾਨੀ[੨੩]।।**

*– ਦਸਮ ਗ੍ਰੰਥ, ਪੰਨਾ–੩੧੯*

ਤੁਲਸੀ ਦਾਸ ਜੀ ਨੇ ਲਿਖਿਐ—ਪਿੱਪਲਾਂ ਨੂੰ ਜੱਫੀਆਂ ਪਾਉਂਦੀਆਂ ਨੇ, ਦਰੱਖਤਾਂ ਨੂੰ ਪਾ ਕੇ ਕਹਿੰਦੀਆਂ ਹਨ। ਤਾਂ, ਇਹ ਚੀਜ਼ ਜਿਸ ਵੇਲੇ ਹੋਈ ਤਾਂ ਰਾਸ ਵਾਲਿਆਂ ਨੇ ਦਿਖਾਇਆ, ਬਹੁਤ ਤੰਗ ਆ ਕੇ ਗੋਪੀਆਂ ਅਰਜ਼ ਕਰਦੀਆਂ ਹਨ,''ਹੇ ਮਹਾਰਾਜ ! ਤੈਨੂੰ ਸਤਿਜੁਗ ਦੇ ਭਗਤਾਂ ਦਾ ਵਾਸਤਾ ਹੈ, ਦਰਸ਼ਨ ਦੇਹ।''

ਕਿਉਂਕਿ ਇਹ ਗੱਲ ਹੈ ਕਿ ਹੋਰ ਸਾਰੇ ਉਹਦੇ ਵਸ ਹਨ। ਮਹਾਰਾਜ ਨੇ ਬਾਣੀ ਵਿੱਚ ਲਿਖਿਆ ਹੈ, ਗੁਰਬਾਣੀ ਵਿੱਚ ਲਿਖਿਆ ਹੈ–

**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ।।**

ਪਰ–

**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ।।**

*– ਮ:੫, ਪੰਨਾ–੯੬੨*

ਰਵਿਦਾਸ ਚਮਾਰ, ਡੰਗਰ ਢੋਂਦਾ–ਢੋਂਦਾ ਕਹਿੰਦੈ–

**ਜਉ[੨੪] ਹਮ ਬਾਂਧੇ ਮੋਹ ਫਾਸ[੨੫],**
**ਹਮ ਪ੍ਰੇਮ ਬਧਨਿ ਤੁਮ ਬਾਧੇ।।**
**ਅਪਨੇ ਛੂਟਨ ਕੋ ਜਤਨੁ ਕਰਹੁ,**
**ਹਮ ਛੂਟੇ ਤੁਮ ਆਰਾਧੇ।।**

*– ਸੋਰਠ ਰਵਿਦਾਸ ਜੀ, ਪੰਨਾ–੬੫੮*

ਪਰ ਮਾਣ ਉਸੇ ਦੇ ਉੱਤੇ ਹੀ ਕਹਿੰਦੈ, ਆਪਣੀ ਕੋਈ ਗੱਲ ਨਹੀਂ। ਉਹਨਾਂ ਨੂੰ ਪਤਾ ਸੀ, ਬਈ ਭਗਤਾਂ ਦੇ ਵਾਸਤੇ ਤੂੰ ਆ ਜਾਏਂਗਾ—ਨਾ ਆਏ। ਤ੍ਰੇਤੇ ਦੇ ਭਗਤਾਂ ਦਾ ਵਾਸਤਾ ਪਾਇਆ, ਦੁਆਪਰ ਦੇ ਭਗਤਾਂ ਦਾ ਵਾਸਤਾ ਪਾਇਆ—ਨਾ ਆਏ। ਕਲਜੁਗ ਦੇ ਭਗਤਾਂ ਦਾ ਜਦੋਂ ਵਾਸਤਾ ਪਾਇਆ ਤਾਂ ਮਹਾਰਾਜ ਖੜ੍ਹੇ ਹੋ ਗਏ ਆ ਕੇ। ਉਹ ਕਹਿੰਦੀਆਂ ਹਨ, ''ਅਸੀ ਆਪਣੀ ਗੱਲ ਤਾਂ ਕਰਾਂਗੀਆਂ ਫੇਰ, ਸਾਨੂੰ ਇਹ ਗੱਲ ਦੱਸ ਬਈ, ਸਤਿਜੁਗ ਦੇ ਭਗਤਾਂ ਦੇ ਵਾਸਤੇ ਨਾ, ਤ੍ਰੇਤੇ ਦੇ ਨਾ, ਦੁਆਪਰ ਦੇ ਨਾ, ਕਲਜੁਗ ਦੇ..........।

ਉਹਨਾਂ ਆਖਿਆ,''ਉਸ ਵੇਲੇ ਤਾਂ ਭਗਤੀ ਕਰਨੀ ਕੋਈ ਔਖੀ ਨਹੀਂ।'' ਇਹਦੇ ਉੱਤੇ ਇੱਕ ਹੋਰ ਪਰਮਾਣ ਹੈ। ਕਲਜੁਗ ਵਿੱਚ ਜਿਹੜੇ ਭਗਤੀ ਕਰਦੇ ਹਨ, ਉਹ ਬੜਾ ਮੁਸ਼ਕਿਲ ਵੇਲਾ ਹੈ। ਸਤਿਗੁਰ ਬਖਸ਼ਿਸ਼ ਕਰਨ। ਜਿਹੜੇ ਪੁਰਸ਼ ਅੱਜ ਕੱਲ੍ਹ ਨਾਮ ਜਪਦੇ ਹਨ—ਠੰਢੇ ਥਾਂ ਬੈਠ ਕੇ ਤਾਂ ਕਦੇ ਤਕਲੀਫ ਹੁੰਦੀ ਨਹੀਂ, ਪਰ ਜਿਹੜਾ ਲੋਅ ਵਗਦੀ ਵਿੱਚ ਵੀ ਠੰਢਾ ਰਹਿੰਦਾ ਹੈ, ਉਹਦੇ ਨਾਲ ਤਾਂ ਨਹੀਂ ਨਾ ਰਲਦਾ ਦੂਸਰਾ।

ਕ੍ਰਿਸ਼ਨ ਮਹਾਰਾਜ ਮਹਾਂਭਾਰਤ ਦੀ ਰਣਭੂਮੀ ਵਿੱਚ ਗਏ ਹੋਏ ਹਨ। ਕਰਣ ਦੇ ਨਾਲ ਅਰਜਨ ਦਾ ਯੁੱਧ ਹੋ ਰਿਹਾ ਹੈ। ਅਰਜਨ ਰੱਥ 'ਚ ਤੀਰ ਮਾਰਦੈ—ਕਰਣ ਦੇ ਵਿੱਚ, ਤਾਂ ਸੱਤਰ ਕਰਮਾਂ ਰੱਥ ਕਰਣ ਦਾ ਪਿੱਛੇ ਹੱਟ ਜਾਂਦਾ ਹੈ। ਜੇ ਕਰਣ ਤੀਰ ਮਾਰਦਾ ਹੈ, ਤਾਂ ਅਰਜਨ ਦਾ ਰੱਥ ਪੰਦਰਾਂ ਕਰੂ ਪਿੱਛੇ ਹੱਟਦਾ ਹੈ। ਮਹਾਰਾਜ ਕਹਿੰਦੇ ਹਨ,''ਸ਼ਾਬਾਸ਼ ਕਰਣ ! ਤੇਰੇ ਮਾਤਾ ਪਿਤਾ ਨੂੰ !'' ਜਦੋਂ ਦੋ ਚਾਰ ਵਾਰ ਆਖਿਆ—ਏਸੇ ਕਰਕੇ ਦਿਵਾਨ ਨੰਦ ਲਾਲ ਕਹਿੰਦਾ ਹੈ—ਉਹ *ਹਮੇਸ਼ਾ ਸਾਹਿਬ ਅਸਤੋ, ਮਾ ਹਮੇਸ਼ਾ ਬੰਦਾ ਏਮ*—ਭਾਵੇਂ ਭਗਤ ਹੀ ਸੀ ਅਰਜਨ। ਭਾਵੇਂ ਬਾਬਾ ਬੁੱਢਾ ਕਿੱਡਾ ਉੱਚਾ ਸੀ, ਪਰ ਪੁਸਤਕ ਗੁਰੂ ਅਰਜਨ ਹੀ ਲਿਆਇਆ ਮੋਹਨ ਕੋਲੋਂ ਜਾ ਕੇ।

ਅਰਜਨ ਨੂੰ ਦੁੱਖ ਲੱਗਿਆ, ਕਹਿੰਦਾ ਹੈ,''ਦੇਖੋ ਮਾਹਰਾਜ ਮੈਂ ਸੱਤਰ ਕਰਮਾਂ ਰੱਥ ਉਹਦਾ ਪਿੱਛੇ ਧੱਕ ਦਿਨਾਂ, ਪਰ ਮੇਰੀ ਵਾਰੀ ਤੇ ਸ਼ਾਬਾਸ਼ ਨਹੀਂ ਦਿੰਦੇ ਤੇ ਉਹ ਪੰਦਰਾਂ ਕਰਮ ਮੇਰਾ ਰੱਥ ਪਿੱਛੇ ਹਟਾਉਂਦੈ ਤੁਸੀਂ ਉਹਨੂੰ ਹੀ ਸ਼ਾਬਾਸ਼ੇ ਦਿੰਦੇ ਹੋ।'' ਉਸ ਅਕਾਲ ਪੁਰਖ ਕੋਲੋਂ–

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ[੨੬]।।**

ਮਹਾਰਾਜ ਬਾਣੀ 'ਚ ਗੁਰੂ ਅਰਜਨ ਦੇਵ ਜੀ ਕਹਿੰਦੇ ਨੇ–

**ਹਉ ਸੰਮਲਿ[੨੭] ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।**

*– ਸੂਹੀ ਮ:੫, ਪੰਨਾ–੭੮੪*

ਇੱਕ ਜਗ੍ਹਾ ਲਿਖਿਐ–

**ਸਜਣੁ ਮੈਡਾ ਚਾਈਆ[੨੮],**

*– ਮਾਰੂ ਵਾਰ ਮ:੫, ਪੰਨਾ–੧੦੯੬*

ਚਾਹੀਏ ਪਾਠ ਨਹੀਂ ਹੈ। ਪਾਠ ਕਰਨ ਲੱਗਿਆਂ ਧਿਆਨ ਦੇਣ ਦੀ ਲੋੜ ਹੈ। ਮੇਰਾ ਸੱਜਣ ਚਾਓ ਵਾਲਾ ਹੈ, ਉਹ ਹੱਸਣ ਖੇਡਣ ਵਾਲਾ ਹੀ ਹੈ।

**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।।**

*– ਸੂਹੀ ਮ:੫, ਪੰਨਾ–੭੮੪*

ਮਹਾਰਾਜ ਕਹਿੰਦੇ ਹਨ,''ਅਰਜਨਾਂ ਕਿਹੜੀ ਗੱਲ ਤੇ ਆਕੜਦੈਂ। ਕਰਣ ਦਾ ਮੁਕਾਬਲਾ ਨਹੀਂ ਤੂੰ ਕਰ ਸਕਦਾ। ਤੇਰੇ ਰੱਥ ਉੱਤੇ ਤ੍ਰਿਲੋਕੀ

ਦਾ ਭਾਰ ਪਾਇਆ ਹੋਇਐ, ਕਰਣ ਫੇਰ ਵੀ ਪੰਦਰਾਂ ਕਰੂ ਪਿੱਛੇ ਧੱਕ ਦਿੰਦਾ ਹੈ।''

ਅੱਜ ਤ੍ਰਿਲੋਕੀ ਤੇ ਭਾਰ ਪਿਆ ਹੋਇਆ ਹੈ ਪਾਪਾਂ ਦਾ। ਜਿਨ੍ਹਾਂ ਤੇ ਸਤਿਗੁਰੂ ਬਖਸ਼ਿਸ਼ ਕਰਦੇ ਹਨ ਜਿਹੜੇ ਭਜਨ ਕਰਦੇ ਹਨ, ਤਾਂ ਬਾਬੇ ਸੁਜਾਨ ਸਿੰਘ ਹੁਰੀਂ ਆਖਣ ਲੱਗੇ—ਅਸੀਂ ਇਹ ਗੱਲ ਦੇਖ ਕੇ ਫੇਰ ਭਜਨ ਕਰਨ ਲੱਗੇ ਤੇ ਬੜੇ ਮਹਾਂਪੁਰਖ ਹੋਏ ਹਨ, ਜਿਹੜੇ ਲੋਕ ਜਾਣਦੇ ਹਨ ਜਿਸ ਤਰ੍ਹਾਂ ਦੀ ਉਹਨਾਂ ਦੀ ਬਿਰਤੀ ਹੋਈ। ਸੋ ਭਾਈ ਸੱਜਣੋ ਤੁਸੀਂ ਧੰਨ ਭਾਗ ਆਪਣੇ ਸਮਝੋ ਜਿਨ੍ਹਾਂ ਪੁਰਸ਼ਾਂ ਨੂੰ, ਜਿਨ੍ਹਾਂ ਨੂੰ ਕਿਸੇ ਨੂੰ ਸਾਧ ਸੰਗਤ ਭਜਨ ਕਰਨ ਦਾ, ਕਿਸੇ ਗੁਰੂ ਪੀਰ ਨੂੰ ਮੰਨਦਾ, ਕਿਸੇ ਨੂੰ ਨਾਮ ਜਪਣ ਦਾ, ਕਿਸੇ ਨੂੰ ਇਸ਼ਨਾਨ ਦਾ, ਵਕਤ ਮਿਲਦਾ ਹੈ, ਉਹ ਅੱਜ ਧੰਨ ਭਾਗਾਂ ਵਾਲਾ ਹੈ।

ਹੁਣ ਏਥੇ ਸਮਾਪਤ ਕਰ ਕੇ, ਹੁਣ ਫੇਰ ਅਰਦਾਸ ਕਰ ਕੇ ਨਿਤਨੇਮ ਦਾ ਵਕਤ ਹੋ ਗਿਐ। ਮੈਂ ਚਾਹੁੰਦਾ ਤਾਂ ਨਹੀਂ ਸਾਂ, ਮਸਤਾਨਾ ਜੀ*[੨] ਮੇਰੇ ਤੇ ਬਹੁਤ ਹੀ ਕਿਰਪਾ ਕਰਦੇ ਨੇ, ਇਹ ਮੈਨੂੰ ਮੱਲੋ ਮੱਲੀ ਖੜ੍ਹਾ ਕਰ ਲੈਂਦੇ ਨੇ, ਇਸ ਗੱਲ ਨੂੰ। ਮੇਰਾ ਬੋਲਣ ਨੂੰ, ਜੀਅ ਨਹੀਂ ਸੀ ਕਰਦਾ। ਗੱਲ ਇਹ ਹੈ ਸਮਾਂ ਬੜਾ ਜ਼ਬਰਦਸਤ ਹੈ। ਅਜੇ ਬੜਾ ਵੇਲਾ ਹੈ। ਅਜੇ ਬੜਾ ਕੁਛ ਸੋਚਣ ਦੀ ਲੋੜ ਹੈ। ਹੁਣ ਸਾਡੇ ਮੁਲਕ 'ਚ ਅੰਗਰੇਜ਼ ਜਾਂਦਾ ਜਾਂਦਾ ਏਡੀ ਵਿੱਥ ਹਿੰਦੂ ਸਿੱਖਾਂ ਦੀ ਪਾ ਗਿਐ, ਜਿਸ ਤਰ੍ਹਾਂ ਜਾਂਦੇ ਨੇ ਬਿੱਠ ਕੀਤੀ ਹੈ, ਦੇਖੋ ਤੁਸੀ ਬਚੋ, ਤੁਸੀ ਪਰਦੇਸ ਵਿੱਚ ਬੈਠੇ ਹੋ। ਹਿੰਦੂ ਸਿੱਖ ਦੋ ਨਹੀਂ। ਤੁਹਾਨੂੰ ਏਥੇ ਪਤਾ ਹੈ, ਆਹ ਕਈ ਜਿਹੜੇ ਸਾਡੇ ਕੋਲ ਟੋਪੀਆਂ ਵਾਲੇ ਬੈਠੇ ਹਨ—ਕਿਸੇ ਦਾ ਸਾਲਾ—ਕਿਸੇ ਦਾ ਭਣੋਈਆ—ਕਿਸੇ ਦਾ ਪੁੱਤਰ—ਕਿਸੇ ਦਾ ਜਵਾਈ, ਉਹ ਸਿੱਖ ਹਨ। ਇਹ ਵੀ ਸਿੱਖ ਹਨ। ਸਿੱਖ ਦਾ ਅਰਥ ਹੈ ਕਿ ਜਿਹੜਾ ਕਿਸੇ ਦੀ ਸਿੱਖਿਆ ਲਵੇ, ਭਾਵੇਂ ਉਹ ਕਿਸੇ ਤੋਂ ਲਵੇ।

ਮੈਨੂੰ ਮੰਗਲਦਾਸ ਜੀ ਦੀ ਗੱਲ ਯਾਦ ਹੈ, ਜਦੋਂ ਮੈਂ ਪਹਿਲੀ ਵੇਰ ਆਇਆ ਇਹਨਾਂ ਨੇ ਸਾਹਿਬਾਂ (ਆਗਰੇ ਵਾਲੇ) ਦੀ ਮੈਨੂੰ ਤਸਵੀਰ ਦਿੱਤੀ ਹੈ, ਤੇ ਮੈਨੂੰ ਓਹ ਚੇਤਾ ਨਹੀਂ ਭੁੱਲਦਾ। ਇਹ ਉਹਨਾਂ ਰਾਧਾ ਸੁਆਮੀ ਬਾਬਾ ਜੀ, ਸਾਹਿਬ ਜੀ ਮਹਾਰਾਜ ਦੇ ਸੇਵਕ ਬਣੇ। ਸਿੱਖਿਆ ਲਈ, ਭਜਨ ਕੀਤਾ।

ਕਿਸੇ ਤੋਂ ਕਿਸੇ ਨੇ ਕੁਛ ਪੁੱਛਿਆ, ਜਿਹੜੇ ਕਿਸੇ ਨੂੰ ਮਿਲੇ ਹਨ, ਸਿਰ ਆਪਣਾ ਕਿਸੇ ਦੇ ਅੱਗੇ ਨਿਵਾਉਂਦੇ ਹਨ—ਉਹ ਧੰਨ ਭਾਗਾਂ ਵਾਲੇ ਹਨ। ਕਲਜੁਗ ਦਾ ਸਮਾਂ ਹੈ। ਸਮੇਂ ਦੀ ਅੱਗ ਤੋਂ, ਈਰਖਾ ਤੋਂ, ਔਰ ਸਭ ਤੋਂ ਵੱਡੀ ਚੀਜ਼ ਹੈ—ਖਿਮਾਂ ਕਰਨਾ, ਧੱਕਾ ਬੜਾ ਵੱਜਦੈ—ਅੱਜ ਕੱਲ੍ਹ ਵਿਹਾਰ ਗੰਦਾ ਹੁੰਦਾ ਜਾਂਦਾ ਹੈ। ਜੇ ਵਿਹਾਰ ਗੰਦਾ ਨਾ ਹੋਵੇ ਤਾਂ ਪਰਮਾਰਥ ਵਿੱਚ ਕਦੇ ਕੋਈ ਨਹੀਂ ਪੁੱਛਦਾ। ਜੇ ਅਸੀਂ ਐਥੇ, ਕਿਸੇ ਦਾ ਲੈ ਕੇ ਖਾ ਜਾਈਏ, ਕਿਸੇ ਨਾਲ ਝੂਠ ਬੋਲੀਏ, ਕਿਸੇ ਦੀ ਲੜਕੀ ਵੱਲ ਦੇਖੀਏ, ਕਿਸੇ ਨੂੰ ਮਖੌਲ ਕਰੀਏ, ਕਿਸੇ ਨੂੰ ਮਾਰੀਏ, ਕਿਸੇ ਨਾਲ ਧੋਖਾ ਕਰੀਏ—ਏਥੇ ਮੈਂ ਮੰਗਲ ਦਾਸ ਨੂੰ ਤਾਂ ਚਾਰ ਲਵਾਂਗੇ, ਅਕਾਲ ਪੁਰਖ ਨੂੰ ਵੀ ਚਾਰ ਲਵਾਂਗੇ ? ਗੁਰੂ ਨੂੰ ਵੀ ਚਾਰ ਸਕਦਾਂ ? ਇਹ ਮੈਨੂੰ ਤਾਂ ਚਾਰ ਲਊ, ਇਹ ਅਗਲੇ ਨੂੰ ਕਿਵੇਂ ਚਾਰ ਲਊ। ਮਤਲਬ ਇਹ ਹੈ ਕਿ ਅਸੀਂ ਲੋਕਾਂ ਨੂੰ, ਅੰਗਰੇਜ਼ ਨੇ ਆ ਕੇ ਆਪਣੀ ਵਿੱਦਿਆ ਦੇ ਕੇ, ਬੇਈਮਾਨੀ ਸਿਖਾਈ। ਇੱਕ ਦੂਏ ਨਾਲ ਧੋਖਾ ਕਰਨਾ ਸਿਖਾਇਆ। ਉਹ ਨਿਕਲ ਗਿਆ ਹੈ, ਤੁਸੀਂ ਬੈਠੇ ਹੋ। ਤੁਸੀਂ ਜਿਸ ਜਿਸ ਤਰ੍ਹਾਂ ਦੀ ਕਿਸੇ ਦੀ ਸ਼ਰਧਾ ਹੈ, ਇੱਕੋ ਹੀ ਇਹੀ ਗੱਲ ਹੈ ਕਿ ਜਿਹੜੇ ਏਥੇ ਲੋਕ ਚੋਰੀ ਯਾਰੀ ਕਰਨ ਉਹਨਾਂ ਨੂੰ ਏਥੇ ਥਾਣੇ ਵਾਲੇ ਫੜਦੇ ਹਨ। ਦਰਗਾਹ ਵਿੱਚ ਵੀ ਉਹਨਾਂ ਨੂੰ ਹੀ ਪੁੱਛ ਹੋਣੀ ਹੈ, ਜਿਨ੍ਹਾਂ ਨੇ ਬੁਰਾ ਕੰਮ ਕਰਨੈ। ਜਿਨ੍ਹਾਂ ਨੇ ਕਿਸੇ ਨਾਲ ਧੋਖਾ ਕਰਨੈ, ਜਿਨ੍ਹਾਂ ਨੇ ਕਿਸੇ ਦਾ ਲੈ ਕੇ, ਸਤਿਗੁਰਾਂ ਨੇ ਤਾਂ ਇੱਥੋਂ ਤੱਕ ਲਿਖਿਐ—ਕਿ ਕਰਜਾ ਲੈਣਾ, ਲੈ ਕੇ ਨਾ ਦੇਣਾ, ਚੋਰੀ ਧਾੜੇ ਥੀਂ ਵੀ ਵੱਡਾ ਪਾਪ ਹੈ। ਕਿਉਂ—ਜਿਹੜਾ ਚੋਰੀ ਕਰਨ ਜਾਂਦਾ ਹੈ, ਉਹ ਜਾਨ ਹੀਲ ਕੇ ਰਾਤ ਨੂੰ ਜਾਂਦੈ, ਭਾਵੇਂ ਅਗਲੇ ਮਾਰ ਦੇਣ, ਜੇ ਸੰਨ੍ਹ 'ਚ ਅੜਿੱਕੇ ਆ ਜਾਏ। ਧਾੜਾ ਮਾਰਨ ਵਾਲੇ ਨੂੰ ਵੀ ਇਹ ਗੱਲ ਹੁੰਦੀ ਹੈ। ਇਹ ਵਿਸ਼ਵਾਸ਼ ਘਾਤ ਹੈ। ਕਿਸੇ ਨੇ ਵਿਸਾਹ ਕਰਨਾ ਹੈ, ਉਹਦੇ ਪੈਸੇ ਦੇਣੇ ਨੇ। ਸੋ ਇਹ ਗੱਲ ਕਰੋ ਸਮਾਂ ਹੈ, ਗ਼ਰੀਬੀ ਆ ਜਾਂਦੀ ਹੈ। ਮੈਂ ਇੱਕ ਮਿਸਾਲ ਦੇ ਕੇ ਸਮਾਪਤ ਕਰਦਾ ਹਾਂ।

## ਨੇਕ ਕਮਾਈ ਕਰੋ

ਤੇਜਾ ਸਿੰਘ ਹੁਰੀਂ ਆਪਣੇ ਗੁਜਰਾਂਵਾਲੇ ਵਾਲੇ, ਉਹਨਾਂ ਦੇ ਸਿਰ ਚੜ੍ਹ ਗਿਆ ਰੁਪੱਈਆ। ਲਾਹੌਰੋਂ ਆਉਂਦਿਆਂ ਹੋਇਆਂ ਉਹਨਾਂ ਨੇ ਆਪਣੀ ਜੇਬ ਕੱਟ ਕੇ, ਇਹ ਗੱਲ ਕਹਿ ਦਿੱਤੀ ਕਿ ਮੇਰਾ ਰੁਪੱਈਆ ਨਿਕਲ ਗਿਐ। ਮੈਂ ਉਹਨਾਂ ਨੂੰ ਜਦੋਂ ਮਿਲਿਆ, ਮੈਨੂੰ ਉਹਨਾਂ ਨੇ ਆਖਿਆ,''ਮੈਂ ਆਪਣੀ ਜੇਬ ਆਪ ਕੱਟੀ ਹੈ, ਮੈਨੂੰ ਲੋਕ ਤੰਗ ਕਰਦੇ ਹਨ ਕਰਜ਼ੇ ਵਾਲੇ।''

ਮੈਂ ਉਹਨਾਂ ਨੂੰ ਅਰਜ਼ ਕੀਤੀ,''ਬਈ, ਤੁਹਾਡੇ ਦਿਲ ਵਿੱਚ ਕੀ ਖਿਆਲ ਹੈ, ਕਿਸੇ ਨੂੰ ਦੇਣ ਦਾ ਖਿਆਲ ਹੈ ਕਿ ਨਹੀਂ।''

ਉਹਨਾਂ ਆਖਿਆ,''ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਹਾਂ, ਮੇਰਾ ਚਿਤ ਇਹ ਕਰਦਾ ਹੈ ਕਿ ਮੈਂ ਕਿਸੇ ਦਾ ਪੈਸਾ ਨਾ ਰੱਖਾਂ।''

ਉੱਥੋਂ ਚੱਲੇ, ਦਿੱਲੀ ਆਏ, ਦਿੱਲੀ ਵੀ ਲੋਕ ਮਗਰ ਆਏ। ਹੈਦਰਾਬਾਦ ਆਏ। ਹੈਦਰਾਬਾਦ ਆ ਕੇ ਸਤਿਗੁਰਾਂ ਨੇ ਉਹਨਾਂ ਤੇ ਕਿਰਪਾ ਕਰੀ। ਉਹਨਾਂ ਨੂੰ ਪੈਸੇ ਬਚੇ। ਪਹਿਲਾਂ ਉਹਨਾਂ ਨੇ ਜਾ ਕੇ ਦੁਆਨੀ-ਦੁਆਨੀ ਦੇ ਕੇ, ਲੋਕਾਂ ਤੋਂ ਸਾਰਿਆਂ ਤੋਂ ਫਾਰਖਤੀ ਲੈ ਲਈ, ਪਰ ਫੇਰ ਓਦੂੰ ਬਾਅਦ ਜਾ ਕੇ ਹੋਰ ਪੈਸੇ ਵੀ ਉਹਨਾਂ ਲੋਕਾਂ ਨੂੰ ਦਿੱਤੇ, ਜਿਹਨਾਂ ਤੋਂ ਲਿਖਵਾ ਵੀ ਲਿਆ ਸੀ।

ਕੋਈ ਆਦਮੀ ਜਿਹੜਾ ਸਤਿਗੁਰੂ ਵੱਲ ਧਿਆਨ ਕਰਕੇ—ਅਗਰ ਕਮਜ਼ੋਰ ਹੋ ਗਿਆ ਹੈ—ਨੇਕ ਨੀਅਤ ਹੋ ਜਾਏ, ਤਾਂ ਸਤਿਗੁਰ ਉਹਦੀ ਜ਼ਰੂਰ ਮਦਦ ਕਰਨਗੇ, ਤੇ ਉਹਦੀ ਸਿਰੇ ਚੜ੍ਹਾਉਣਗੇ। ਨੀਅਤ ਨਾ ਬਦ ਹੋਵੇ, ਕਿਉਂਕਿ ਨੀਅਤ ਬਦ ਨਹੀਂ ਸਤਿਗੁਰੂ ਨੇੜੇ ਆਉਣ ਦਿੰਦੇ। ਮਾੜਾ, ਗ਼ਰੀਬ, ਹੋਵੇ ਤੇ ਕੁਛ ਹੋਵੇ। ਵੀਹ ਹਜ਼ਾਰ ਰੁਪੱਈਆ ਨਗਦ ਉਹਨਾਂ ਨੇ ਗੁਰੂ ਕੇ ਲੰਗਰ 'ਚ ਫਿਰ ਪਾਇਆ ਜਾ ਕੇ। ਹੁਣ ਰਾਜੀ ਖੁਸ਼ੀ ਵੱਸਦੇ ਰਸਦੇ ਹਨ। ਕਿਰਪਾ ਗੁਰੂ ਦੀ ਹੋ ਗਈ, ਕਰਜ਼ਾ ਲਹਿ ਗਿਆ। ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ ਅਗਰ ਕਿਸੇ ਕੋਲ ਕਮਜ਼ੋਰੀ ਆਈ ਹੈ।

ਦੂਜੀ ਚੀਜ਼ ਇਹ ਹੈ, ਬਈ, ਥੋੜ੍ਹਾ ਜਿਹਾ ਧਿਆਨ ਹੋਰ ਵੀ ਉਹ ਨਾਲ ਦੇ ਲੈਣ ਜੇ ਆਪਣੇ ਵਿਹਾਰ ਵੱਲ, ਤੇ ਉਹ ਆਪਣੇ ਖਰਚਿਆਂ ਨੂੰ ਜ਼ਰਾ

ਖਿਆਲ ਕਰ ਲੈਣ। ਇਉਂ ਨਾ ਦੇਖਣ, ਬਈ, ਆਹ ਜਿਸਨੂੰ ਦੋ ਹਜ਼ਾਰ ਰੁਪਈਆ ਇੱਕ ਦਿਨ ਦੀ ਆਮਦਨ ਹੈ ਕਰਾਏ ਦੀ, ਮੈਂ ਵੀ ਉਹਦੇ ਵਾਂਗੂ ਖਰਚ ਕਰਾਂ। ਥੋੜੀ ਥੋੜੀ ਚੀਜ਼ ਦੇ ਬਚਾਅ ਕਰਨ ਨਾਲ, ਸੂਟ ਘੱਟ ਲੈਣ ਨਾਲ, ਸਿਨੇਮਾ ਨਾ ਦੇਖਣ ਨਾਲ, ਦੁਕਾਨਾਂ ਤੋਂ ਬਹੁਤੀਆਂ ਚੀਜ਼ਾਂ ਨਾ ਖਾਣ ਨਾਲ ਕਾਫੀ ਬਚਾਅ ਕਰ ਸਕਦੇ ਹਨ। ਹੁਣ ਮੈਂ ਇਹ ਗੱਲ ਕਰਦਾਂ, ਬਈ ਆਹ ਵੱਡੇ ਸਾਡੇ ਵੀ—ਵਿੱਚ ਸਾਰੇ ਹੀ ਤੁਸੀਂ, ਸਾਡੇ ਸਾਰੇ ਹੀ ਹੋ—ਵਿਆਹਵਾਂ ਉੱਤੇ ਜਿਹੜਾ ਤੁਹਾਡਾ ਖਰਚ ਹੁੰਦਾ ਹੈ, ਭਾਵੇਂ ਉੱਤੋਂ ਨੰਗਾ ਘੱਟ ਹੋਵੇ ਪਰ ਕਈ ਕਈ ਐਸੇ ਕੰਮ ਬਣ ਜਾਂਦੇ ਹਨ, ਜਿਹਨਾਂ ਤੇ ਤੁਸੀਂ ਐਨੇ ਐਨੇ ਪੈਸੇ ਲਾ ਦਿੰਦੇ ਹੋ। ਕਈ ਸੂਟ, ਇਹੋ ਜਿਹੇ ਕਈਆਂ ਦੇ ਘਰੀਂ ਸੀਤੇ ਪਏ ਹੋਣਗੇ, ਜਿਹੜੇ ਉਹਨਾਂ ਬੀਬੀਆਂ ਨੇ—ਨਾ ਨੂੰਹਾਂ ਨੇ, ਨਾ ਧੀਆਂ ਨੇ—ਕਦੇ ਪਾਏ ਹੀ ਨਹੀਂ। ਉਹ ਐਂਵੇ ਪਏ ਹੀ ਗਲ ਜਾਂਦੇ ਨੇ। ਓਸ ਵੇਲੇ ਵਡਿਆਈ 'ਚ ਆ ਕੇ ਉਹਨਾਂ ਤੇ ਹਜ਼ਾਰਾਂ ਲੱਖਾਂ ਰੁਪਈਏ ਖਰਚ ਆ ਜਾਂਦੇ ਹਨ। ਏਸ ਚੀਜ਼ ਦਾ ਬਚਾਅ ਕਰੋ। ਜਿੰਨੀ ਵਰਤਣ ਦੀ ਲੋੜ ਹੈ ਓਨੀ ਵਰਤੋ। ਇਹ ਨਹੀਂ ਕਿ ਵਰਤੋ ਨਾ, ਇਹ ਨਹੀਂ ਕਿ ਲੜਕੀ ਨੂੰ ਕੁਛ ਦਿਓ ਨਾ, ਡੱਫਾਂ ਨਾ ਬਜਾਓ। ਲੋਕਾਂ ਦੇ ਸਾਹਮਣੇ ਨਾ ਕਰੋ—ਮੈਂ ਆਹ ਕੀਤੈ—ਮੈਂ ਆਹ ਕੀਤੈ। ਤੁਹਾਡੇ ਸਾਹਮਣੇ ਮੈਂ ਨਾਂ ਨਹੀਂ ਕਿਸੇ ਦਾ ਲੈਂਦਾ, ਜਿਹੜੇ ਦੂਣੀਆਂ ਦੂਣੀਆਂ ਚੀਜ਼ਾਂ ਵਰਤਣ ਵਾਲੇ ਅੱਜ ਉਹ ਕਰਜਾਈ ਹੋਏ ਬੈਠੇ ਹਨ। ਉਹਨਾਂ ਨੂੰ ਅੱਜ ਤੰਗੀ ਆਈ ਹੋਈ ਹੈ। ਉਹ ਨਹੀਂ ਸੋਚਿਆ ਉਹਨਾਂ ਨੇ, ਉਹਨਾਂ ਨੂੰ ਇਹੋ ਹੀ ਵਡਿਆਈਆਂ ਆਈਆਂ, ਸੈਰ ਕਰੀਏ, ਐਉਂ ਕਰੀਏ, ਆਹ ਚੀਜ਼ ਬਣਾਈਏ। ਭਾਈ, ਵਿਹਾਰ ਤੋਰਨਾ ਹੈ ਜਰੂਰ, ਵਿਹਾਰ ਨੂੰ ਨਹੀਂ ਛੱਡਣਾ, ਪਰ ਨਾਲ ਫਜ਼ੂਲ ਖਰਚੀ ਤੋਂ ਬਚਣਾ ਹੈ, ਨਾਲ ਜਪੋ ਨਾਮ, ਨਾਲ ਕਰੋ ਦਾਨ।

ਹੁਣ ਐਸ ਵਕਤ ਪੰਜਾਬ ਉੱਤੇ ਜਿਹੜੀ ਅਪਦਾ ਆਈ ਹੈ, ਜਿਹਨਾਂ ਦੇ ਜਿਹੜੇ ਭਰਾ ਹਨ ਉਹ ਜਿੰਨੀ ਕਿਸੇ ਦੀ ਮਦਦ ਕਰਨਗੇ—ਕਿਸੇ ਨੂੰ ਇੱਕ ਰਜ਼ਾਈ ਬਣਾ ਦੇਣਗੇ—ਕਿਸੇ ਨੂੰ ਇੱਕ ਇੱਕ ਕਪੜਾ ਦੇ ਦੇਣਗੇ—ਕਿਸੇ ਨੂੰ ਮਣ ਦਾਣੇ ਦੇ ਦੇਣਗੇ—ਉਹ ਗਰੀਬ ਬਚ ਰਹਿਣਗੇ। ਏਥੇ ਇਹ ਸਮਝ ਛੱਡੋ, ਕਿ ਅਸੀਂ ਇੱਕ ਮਹੀਨਾ ਜਾ ਕੇ ਦੁਕਾਨ ਕਿਸੇ ਉੱਤੇ ਨਹੀਂ ਕੁਝ ਖਾਣਾਂ।

ਘਰੋਂ ਰੋਟੀ ਖਾ ਲਓ, ਜਲ ਪਾਣੀ ਛਕ ਲਓ। ਇਉਂ ਸਮਝ ਲਓ, ਬਈ ਐਤਕੀਂ ਛੇ ਪੁਸ਼ਾਕਾਂ ਬਣਾਉਣੀਆਂ ਸੀ ਤਿੰਨ ਬਣਾ ਲਈਏ, ਤਿੰਨ ਓਨ੍ਹਾਂ ਨੂੰ ਦੇ ਦੇਈਏ। ਇਹ ਤੁਸੀਂ ਸਭ ਕੁਛ ਕਰ ਸਕਦੇ ਹੋ। ਤੁਹਾਨੂੰ ਗੁਰੂ ਨੇ ਐਸ ਵੇਲੇ ਕਿਰਪਾ ਕੀਤੀ ਹੈ। ਦੇਖ ਲਓ ਹੇਠਾਂ ਡਿੱਗਿਆਂ ਨੂੰ ਫੇਰ ਮੁੜ ਉਠਾਇਐ। ਬਚੇ ਹੋਏ ਹਨ ਉਹ, ਐਸ ਵੇਲੇ ਤੁਹਾਡੇ ਦਿਨ ਲੰਘਦੇ ਹਨ ਪਰ, ਦਿਨ ਲੰਘਾਉਣ ਵੇਲੇ ਇਉਂ ਨਾ ਕਰੋ। ਜਿਹੜੇ ਲਾਇਲਪੁਰ ਦੇ ਜਿਲ੍ਹੇ 'ਚ ਲੋਕੀਂ ਗਏ, ਜਿੰਨ੍ਹਾ ਕੋਲ ਬਹੁਤੀ ਆਮਦਨੀ ਜਿੰਨੀ ਜਿੰਨੀ ਹੋਈ, ਨਾਲ ਦੀ ਨਾਲ ਉਡਾਈ ਗਏ। ਜਿਹਨਾਂ ਲੋਕਾਂ ਨੇ ਉੱਥੇ ਨਾ ਖਰਾਬ ਕੀਤਾ, ਉਹਨਾਂ ਨੇ ਏਥੇ ਜ਼ਮੀਨਾਂ ਲੈ ਲਈਆਂ।

ਤਹਾਡਾ ਕੰਮ ਹੈ ਨਾਮ ਜਪਣਾ, ਦਾਨ ਕਰਨਾ, ਇਸ਼ਨਾਨ ਕਰਨਾ —**ਗੁਰਮੁਖ ਨਾਮ ਦਾਨ ਇਸ਼ਨਾਨ**। ਬੱਸ ਏਦੂੰ ਅੱਗੇ ਹੁਣ ਕਰਨ ਦੀ ਕੁਛ ਲੋੜ ਨਹੀਂ।

ਕਿਰਪਾ ਕਰਕੇ ਜਿਨ੍ਹਾਂ ਸੱਜਣਾਂ ਨੇ ਅੰਮ੍ਰਿਤ ਬਣਾਉਣਾ ਹੈ, ਹਵਨ ਕਰਨਾ ਹੈ, ਉਹ ਜਥੇਦਾਰ ਹੁਰੀਂ, ਮਸਤਾਨੇ ਹੁਰੀਂ, ਗੱਲ ਕਰ ਲੈਣਗੇ, ਉਹ ਉਹਨਾਂ ਨਾਲ ਬਚਨ ਬਿਲਾਸ ਕਰ ਲੈਣ। ਉਹ ਆਪਣਾ ਵੇਲੇ ਨਾਲ ਇਸ਼ਨਾਨ ਕਰਕੇ ਆ ਜਾਣ। ਆਸਾ ਦੀ ਵਾਰ ਦਾ ਕੀਰਤਨ—ਪ੍ਰੇਮ ਅੱਗੇ ਤਾਂ ਨੇਮ ਨਹੀਂ—ਪਰ ਸਤਿਗੁਰਾਂ ਦੇ ਹੁਕਮ ਅਨੁਸਾਰ ਇਹ ਗੱਲ ਹੈ ਕਿ ਜਦੋਂ ਕੀੜੀ ਫਿਰਦੀ ਦਿਸੇ ਫਿਰ ਬੰਦ ਹੋ ਜਾਏ। ਕੋਈ ਤੁਰਦਾ ਹੈ, ਕੋਈ ਉਠਦਾ ਹੈ, ਬਿਰਤੀ ਉਖੜਦੀ ਹੈ। ਜਿੰਨਾਂ ਚਿਰ ਨਾ ਦਿਸੇ ਕੋਈ, ਹਨੇਰਾ ਰਹੇ, ਉਨਾ ਚਿਰ ਕਰੋ। ਹੁਣ ਅਰਦਾਸ ਸੁਣੋ। ਅਰਦਾਸ ਸੁਣ ਕੇ ਜਿਸਦਾ ਚਿਤ ਕਰਦਾ ਹੈ ਬੈਠੋ, ਜਿਸਦਾ ਚਿਤ ਕਰਦਾ ਹੈ ਜਾਓ। ਭਾਈ, ਮਹਾਰਾਜ ਨੇ ਲਿਖਿਆ ਹੈ–

**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।।**

*– ਤਿਲੰਗ ਮ:੧, ਪੰਨਾ–੭੨੫*

*ਉਜੱੜੇਗੀ ਖੇਡ ਮਿਟਣਗੀਆਂ ਨਰਦਾਂ*
*ਝਾੜ ਦੁਕਾਨ ਉਠਾਵੇਂਗਾ।*

ਇਹ ਮਨੁੱਖਾ ਦੇਹ ਮਿਲੀ ਹੈ। ਇਹ ਮਨੁੱਖਾ ਦੇਹ ਨਾਮ ਜਪਣ ਵਾਸਤੇ ਮਿਲੀ ਹੈ। ਭਾਈ, ਸਾਧ ਸੰਗਤ ਜੀ, ਸਾਧ ਸੰਗਤ ਵਿੱਚ ਕਿਸੇ ਦੀ ਜਿਹੜੀ ਕੋਈ ਆਪਣੀ ਗੱਲ ਬਾਤ ਹੋਵੇ, ਗਲਤੀ ਹੋ ਜਾਂਦੀ ਹੈ, ਮਨੁੱਖ ਦੇਹ ਹੀ ਇਹੋ ਜਿਹੀ ਹੈ। ਜੀਵ ਤੇ ਖਿਣ ਖਿਣ ਭੁੱਲਣਹਾਰ ਹੈ। ਸਤਿਗੁਰੂ ਸੱਚੇ ਪਾਤਸ਼ਾਹ ਕਹਿੰਦੇ ਨੇ—ਅਸੀਂ ਤਾਂ ਚੀਜ਼ ਹੀ ਕੁਛ ਨਹੀਂ—ਸਾਧ ਸੰਗਤ ਤੋਂ ਬਖਸ਼ਾ ਲਿਆ ਕਰੋ। ਖਲੋ ਜਾਣ ਦੀ ਕੋਈ ਬੜੀ ਗੱਲ ਨਹੀਂ। ਇੱਜ਼ਤ ਨੂੰ ਸਾਂਭ ਕੇ ਨਾ ਰੱਖਿਆ ਕਰੋ। ਇੱਜ਼ਤ ਦੇ ਓਹਲੇ ਥਾਂ—ਨਿਧਾਨ ਸਿੰਘ ਹੁਰੀਂ ਕਹਿੰਦੇ ਸੀ —ਰੱਬ ਰਹਿੰਦਾ ਹੈ।

*(ਇੱਕ ਸਿੱਖ ਦੀ ਅਰਜ਼ ਤੇ ਸਤਿਗੁਰੂ ਜੀ ਫਰਮਾਉਂਦੇ ਹਨ)* ਹਾਂ ਜੀ ਮਹਾਰਾਜ, ਦੱਸੋ ਕੀ ਗੱਲ ਹੈ ? ਜੇ ਗੁਪਤ ਰੱਖਣੀ ਹੈ ਤਾਂ ਕੋਈ ਗੱਲ ਨਹੀਂ, ਫਿਰ ਵੀ ਬਖਸ਼ੀ ਜਾਊ, ਅੱਗੇ ਨੂੰ ਛੱਡ ਦਿਓ। ਮੈਂ ਕਿਹਾ—ਜੇ ਗੁਪਤ ਰੱਖਣੀ ਚਾਹੁੰਦੇ ਹੋ ਤਾਂ ਰਖੋ, ਅੱਗੇ ਨੂੰ ਛੱਡ ਦਿਓ।

**ਹੇ ਅਚੁਤ[੨੯] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੩੦]॥**
**ਹੇ ਪੂਰਨ ਹੇ ਸਰਬ[੩੧] ਮੈ ਦੁਖ ਭੰਜਨ[੩੨] ਗੁਣ ਤਾਸ[੩੩]॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੩੪] ਸਭ ਟੇਕ[੩੫]॥**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੩੬]॥**
**ਹੇ ਅਪਰੰਪਰ[੩੭] ਹਰਿ ਹਰੇ ਹਹਿ[੩੮] ਭੀ ਹੋਵਨਹਾਰ[੩੯]॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੪੦] ਆਧਾਰ॥**
**ਹੇ ਠਾਕੁਰ ਹਉ ਦਾਸਰੋ[੪੧] ਮੈ ਨਿਰਗੁਨ ਗੁਨੁ ਨਹੀ ਕੋਇ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥ ੬੬॥**

*– ਪੰਨਾ–੨੬੧*

– **ਜਾਂਹੀ ਕੁਲ ਤੇ ਪ੍ਰਗਟ ਹੋਇ ਤਾਹੀਂ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

## ਟਿੱਪਣੀਆਂ

★੧ ਸਾਰੇ ਸਲੋਕ ਬਾਰੇ ਵੇਖੋ ਪੰਨਾ ੧੨੬।

★੨ ਮਸਤਾਨਾ ਜੀ ਦਾ ਨਾਮ ਪਰਤਾਪ ਸਿੰਘ ਸੀ। ਇਹ ਬੈਕਿਆਂ ਦੇ ਰਹਿਣ ਵਾਲੇ ਸਨ।

## ਸ਼ਬਦਾਰਥ

੧ ਸੱਚ ਪ੍ਰਧਾਨ ਸੀ।
੨ ਜੱਗ ਕਰਨੇ ਪ੍ਰਧਾਨ ਸਨ।
੩ ਸਰੇਸ਼ਟ ਪੂਜਾ ਕਰਨੀ ਪ੍ਰਧਾਨ ਸੀ।
੪ ਪ੍ਰਚਲਤ ਸਨ।
੫ ਸਿਰਫ।
੬ ਆਸਰਾ।
੭ ਕਲਿਜੁਗ।
੮ ਬੀਜੋ।
੯ ਹੋਰ ਕਰਮਾਂ ਦੇ ਕਰਨ ਦਾ।
੧੦ ਵੇਲਾ।
੧੧ ਹੇ ਪਿਆਰੇ।
੧੨ ਨਾਮ ਜਪਣ ਦਾ ਸਮਾਂ ਹੈ।
੧੩ ਹਿਰਦੇ ਵਿੱਚ।
੧੪ ਕਈ ਤਰ੍ਹਾਂ ਦੇ ਖੱਟੇ ਮਿੱਠੇ ਖਾਣੇ।
੧੫ ਰਸਤੇ ਵਿੱਚ।
੧੬ ਡਾਵਾਂ ਡੋਲ, ਦੁਦਿਤਾ।
੧੭ ਮਨੁੱਖਾਂ ਵਰਗੀ।
੧੮ ਕ੍ਰਿਸ਼ਨ ਭਗਵਾਨ ਕਾਬੂ ਆ ਗਏ ਹਨ।
੧੯ ਬ੍ਰਿਜ ਨਗਰ ਦੀਆਂ ਬਹੂਆਂ।
੨੦ ਫਿਰਦੀਆਂ ਹਨ।
੨੧ ਖਾਣ ਪੀਣ ਵਾਲੀ ਕੋਈ ਚੀਜ਼ ਨਹੀਂ।
੨੨ ਕਿੱਥੇ ਚਲਾ ਗਿਆ।
੨੩ ਅਭਿਮਾਨੀ।
੨੪ ਜੇ ਕਰ।
੨੫ ਮੋਹ ਦੀ ਫਾਹੀ ਵਿੱਚ।
੨੬ ਮੇਰਾ।
੨੭ ਬਹੁਤ ਪਰਖ ਚੁੱਕੀ ਹਾਂ।
੨੮ ਚਾਅ ਵਾਲਾ।
੨੯ ਅਟੱਲ, ਨਾ ਡੋਲਣ ਵਾਲਾ।
੩੦ ਪਾਪਾਂ ਨੂੰ ਨਾਸ ਕਰਨ ਵਾਲੇ।
੩੧ ਸਰਬ ਰੂਪ।
੩੨ ਦੁੱਖਾਂ ਦਾ ਨਾਸ ਕਰਨ ਵਾਲਾ।
੩੩ ਗੁਣਾਂ ਦਾ ਭੰਡਾਰ।
੩੪ ਤਿੰਨਾਂ ਗੁਣਾਂ ਤੋਂ ਨਿਰਲੇਪ।
੩੫ ਆਸਰੇ।
੩੬ ਗਿਆਨ ਪ੍ਰਕਾਸ਼।
੩੭ ਪਾਰਾਵਾਰ ਤੋਂ ਪਰੇ।
੩੮ ਹੈ ਹੁਣ।
੩੯ ਅੱਗੇ ਨੂੰ ਵੀ ਹੋਣ ਵਾਲਾ ਹੈ।
੪੦ ਨਿਰ ਆਸਰੇ।
੪੧ ਦਾਸ।

ਬੈਂਕੋਕ ੧੯-੧੦-੧੯੫੫

# ਬੰਕੋਕ ੨੧-੧੦-੧੯੫੫

## ਟੈਲੀਵੀਜ਼ਨ

ਸਾਧ ਸੰਗਤ ਜ਼ਰਾ ਕੁ ਥੋੜਾ ਜਿਹਾ ਧਿਆਨ ਦੇ ਲੈਣਾ। ਮੈਂ ਇੱਕ ਬਚਨ ਕਰਕੇ ਆਇਆ ਸਾਂ ਉੱਥੋਂ, ਕਿ ਮੈਂ ਦੀਵਾਨ ਵਿੱਚ ਬੈਠਾਂਗਾ। ਸਰੀਰ ਤੇ ਮੇਰਾ ਨਹੀਂ ਆਖੇ ਲੱਗਦਾ ਸੀ, ਪਰ ਐਸੀ ਬਿਰਤੀ ਬਣੀ ਹੋਈ ਹੈ, ਕਿ ਮੈਂ ਚਾਹੁੰਦਾ ਹਾਂ ਕਿ ਸਾਧ ਸੰਗਤ ਨਿਭਾਵੇ, ਬਚਨ ਨਿਭ ਜਾਵੇ ਤਾਂ ਚੰਗਾ ਹੈ।

ਅਰਜ਼ ਇਹ ਹੈ ਕਿ ਇੱਥੇ ਕੋਈ ਚਰਚਾ ਚੱਲੀ ਹੋਈ ਹੈ ਕਿ ਜਿਹੜੀ ਅੰਦਰੋਂ ਅੰਦਰੀ ਥੋੜੀ ਥੋੜੀ ਤੁਰਦੀ ਹੈ। ਟੈਲੀਵੀਜ਼ਨ ਲੋਕਾਂ ਨੇ ਲੈ ਆਂਦੇ ਨੇ, ਸਿਨੇਮਾ ਵੇਖਣ ਵਾਸਤੇ। ਰਾਤ ਤੇ ਮਖੌਲ ਵਿੱਚ ਹੀ ਗੱਲ ਸੀ। ਉਹਨਾਂ ਆਖਿਆ—ਕੌਣ ਨੇ ਜਿਹੜੇ ਸਿਨੇਮਾ ਦੇਖਦੇ ਨੇ। ਮੈਂ ਉਸ ਵੇਲੇ ਨਹੀਂ ਸਾਂ, ਜ਼ਰਾ ਮਗਰੋਂ ਆਇਆ ਸਾਂ।

ਅਰਜ਼ ਹੈ ਕਿ ਜ਼ਰਾ ਧਿਆਨ ਦੇਣਾ, ਹਾਸੇ ਦੀ ਗੱਲ ਨਹੀਂ, ਮਖੌਲ ਦੀ ਗੱਲ ਨਹੀਂ, ਥੋੜਾ ਜ਼ਰਾ ਧਿਆਨ ਦੇਣ ਦੀ ਲੋੜ ਹੈ। ਮੈਂ ਜੋ ਕੁਛ ਵਿਚਾਰਿਆ ਹੈ, ਅਜੇ ਮੈਂ ਕਿਸੇ ਤੋਂ ਪੁੱਛਿਆ ਕੁਛ ਨਹੀਂ, ਪਤਾ ਮੈਨੂੰ ਲੱਗਾ ਹੈ, ਕਿ ਜੇ ਸਿਨੇਮਾ ਵੀ ਲੱਗਾ ਹੋਵੇ ਤੇ ਜੇ ਟੈਲੀਵੀਜ਼ਨ ਘਰ ਲਾਇਆ ਜਾਏ ਤਾਂ ਉਹਦੇ ਵਿੱਚ ਹੀ ਸਾਰਾ ਕੁਛ ਆ ਜਾਂਦਾ ਹੈ। ਸੋ ਮੈਂ, ਜਿਨ੍ਹਾਂ ਨੇ

ਟੈਲੀਵੀਜ਼ਨ ਲਿਆਂਦੇ ਹਨ ਉਹਨਾਂ ਨੂੰ ਇਹ ਅਰਜ਼ ਕਰਾਂਗਾ ਕਿ ਉਹ ਕਿਰਪਾ ਕਰਕੇ ਸਿਨੇਮੇ ਦੇ ਵਕਤ ਅਗਰ ਹੋਵੇ ਵੀ ਤਾਂ ਨਾ ਲਾਓ। ਇਹ ਨਹੀਂ ਪਤਾ ਉਹਨਾਂ ਨੇ ਸਾਢੇ ਸੱਤ-ਸੱਤ ਜਾਂ ਅੱਠ-ਅੱਠ ਹਜ਼ਾਰ ਰੁਪੱਈਆ ਲਾਇਆ ਹੈ, ਕਈ ਹੋਰ ਗੱਲਾਂ ਵੇਖਣ ਵਾਸਤੇ, ਕੋਈ ਅਕਲ ਦੀਆਂ ਗੱਲਾਂ ਸੁਣਨ ਵਾਸਤੇ, ਉਸਦੇ ਵਾਸਤੇ ਕੋਈ ਰੁਕਾਵਟ ਨਹੀਂ।

ਜਿਸ ਤਰ੍ਹਾਂ ਰੇਡੀਓ ਸਭਨਾਂ ਨੇ ਘਰ ਰੱਖੇ ਹੋਏ ਹਨ। ਰੇਡੀਓ ਵਿੱਚ ਵੀ ਕਦੇ ਕਦੇ ਐਸੇ ਚਿੱਤਰਾਂ ਦੇ ਗਾਣੇ ਆ ਜਾਂਦੇ ਹਨ, ਜਿਹੜੇ ਸਾਰਿਆਂ ਦੇ ਘਰਾਂ 'ਚ ਵੀ ਹਨ। ਜਿਵੇਂ ਇਹ ਚੀਜ਼ ਵੱਡੀ ਸਾਰੀ ਹੋ ਕੇ ਆ ਗਈ ਹੈ, ਉਹ ਛੋਟੀ ਜਿਹੀ ਅੱਗੇ ਸਾਰਿਆਂ ਦੇ ਘਰੀਂ ਹੈ। ਉਹਦਾ ਵੀ ਉਸੇ ਤਰ੍ਹਾਂ ਹੀ ਜਿਵੇਂ ਧਿਆਨ ਰੱਖ ਕੇ ਉਸ ਤੋਂ ਬਚਣ ਦੀ ਲੋੜ ਹੈ। ਇਹ ਸਮਾਂ ਹੈ ਇਸ ਵੇਲੇ ਅੱਗ ਬਲਦੀ ਹੈ। ਕਲਜੁਗ ਆਪਣਾ ਕੰਮ ਕਰਦਾ ਹੈ, ਤੇ ਮੈਂ ਇਹ ਗੱਲ ਉਹਨਾ ਸੱਜਣਾਂ ਨੂੰ ਆਖਾਂਗਾ ਜਿਨ੍ਹਾਂ ਨੇ ਟੈਲੀਵੀਜ਼ਨ ਲਿਆਂਦੇ ਹਨ। ਕੋਈ ਕੰਮ ਹੋਵੇ, ਐਸੀ ਗੱਲ ਬਾਤ ਹੋਵੇ ਜਿਹੜੀ ਇਹੋ ਜਿਹੀ, ਉਹ ਬੇਸ਼ਕ ਸੁਣਨ ਭਾਂਵੇ ਉਹਦੇ ਵਿੱਚ ਤਸਵੀਰ ਆਵੇ। ਸਿਨੇਮਾ ਵੇਖਣ ਦੇ ਵਕਤ, ਸਿਨੇਮੇ ਦਾ ਜਿਹੜਾ ਟਾਈਮ ਹੋਵੇ, ਸਿਨੇਮੇ ਦੇ ਵਕਤ ਜਿਨ੍ਹਾਂ ਨੇ ਆਪਣੇ ਘਰ ਟੈਲੀਵੀਜ਼ਨ ਲਾ ਕੇ, ਉਹ ਸਿਨੇਮਾ ਨਹੀਂ ਦੇਖਣਾ ਚਾਹੀਦਾ। ਜੇ ਕੋਈ ਦੇਖੇਗਾ ਤਾਂ ਸਾਡੀ ਉਹਦੇ ਨਾਲ ਨਰਾਜ਼ਗੀ ਹੋਵੇਗੀ, ਸਿੱਧੀ ਗੱਲ ਹੈ ਅਗਰ ਜੇ ਕੋਈ ਕਰੇ। ਉਹ ਟੈਲੀਵੀਜ਼ਨ ਨੂੰ ਅਸੀਂ ਨਹੀਂ ਰੋਕਦੇ ਕਿਉਂਕਿ ਕਈ ਐਸੇ ਪ੍ਰੋਗ੍ਰਾਮ ਆਉਂਦੇ ਹਨ ਜਿਹੜੇ ਘਰ ਵਿੱਚ ਬੈਠਕੇ ਦੇਖ ਸਕੀਦੇ ਹਨ, ਸੁਣ ਸਕੀਦੇ ਹਨ। ਲੋੜ ਤਾਂ ਇਸ ਗੱਲ ਦੀ ਹੈ, ਬਈ ਉੱਥੇ ਰਾਤ ਨੂੰ ਗੰਦ 'ਚ ਨਾ ਜਾਇਆ ਜਾਏ। ਅਗਰ ਹੋਰ ਕੰਮਾਂ 'ਚ ਜਾਇਆ ਜਾਏ, ਗੁਰਬਾਣੀ 'ਚ ਜਾਇਆ ਜਾਏ ਤਾਂ ਉਹ ਚੰਗਾ ਫਲ ਦਿੰਦਾ ਹੈ। ਤਾਂ ਮੈਂ ਇਹ ਅਰਜ਼ ਕਰਾਂਗਾ ਟੈਲੀਵੀਜ਼ਨ ਵਾਲਿਆਂ ਅੱਗੇ ਕਿ ਉਹ ਬਹੁਤਾ ਸਿਨੇਮਾ ਨਾ ਦੇਖਣ। ਉਹ ਖੁਲ੍ਹੇ ਸਿਨੇਮੇ ਵਾਲਿਆਂ ਵਾਸਤੇ ਰਹਿਣ ਦੇਣ। ਉਹ ਖੁਲ੍ਹੇ ਵਾਲੇ ਭਾਂਵੇ ਜੋ ਮਰਜ਼ੀ ਹੈ ਕਰ ਲੈਣ, ਪਰ ਇਹ ਇੱਕ ਚੀਜ਼ ਹੈ ਜਿਹੜੀ ਆਈ ਹੈ। ਜੇ ਥੋੜੇ ਜਿਹੇ ਵਕਤ 'ਚ ਪਹਿਲਾਂ ਹੀ ਪਤਾ ਕਰ ਲਈਏ, ਇੰਤਜ਼ਾਮ ਹੋ

ਜਾਏ, ਕਿਸੇ ਵੇਲੇ ਆਦਮੀ ਗਲਤੀ ਕਰ ਬੈਠਦਾ ਹੈ ਤਾਂ ਉਸ ਗਲਤੀ ਤੋਂ ਬਚ ਰਹਿਣਗੇ। ਤਾਂ, ਮੇਰਾ ਖਿਆਲ ਹੈ, ਏਦੂੰ ਜ਼ਿਆਦਾ ਮੈਨੂੰ ਕਹਿਣ ਦੀ ਲੋੜ ਨਹੀਂ ਹੁਣ। ਸਾਧ ਸੰਗਤ ਤੇ ਸਤਿਗੁਰਾਂ ਬਹੁਤ ਕਿਰਪਾ ਕੀਤੀ ਹੈ। ਸਾਧ ਸੰਗਤ ਐਸ ਵੇਲੇ ਭਜਨ ਬਾਣੀ ਵੱਲ ਲੱਗੀ ਹੋਈ ਹੈ। ਭਜਨ ਬਾਣੀ ਕਰਦੀ ਹੈ ਇਸੇ ਤਰ੍ਹਾਂ ਕਰਦੀ ਰਹੇ। ਅਗਲਾ ਮੇਲਾ ਜੇ ਸਤਿਗੁਰਾਂ ਦੀ ਦਿਖਾਉਂਣ ਦੀ ਰਜ਼ਾ ਹੋਈ, ਤੇ ਆਏ ਦੇਖਾਂਗੇ। ਓਦੋਂ ਵੀ ਇਸੇ ਤਰ੍ਹਾਂ ਹੀ ਮਾਈਆਂ ਵੀ ਤੇ ਸਿੱਖ ਵੀ ਨਿਤਨੇਮ ਪਹਿਲਾਂ ਸ਼ੁਰੂ ਕਰ ਦੇਣ। ਇਹ ਹੁੰਦਾ ਰਹੇ, ਇਹਦੇ ਨਾਲ ਉਹਨਾਂ ਨੂੰ ਫਾਇਦਾ ਹੈ।

# ਬੰਕੋਕ ੨੨-੧੦-੧੯੫੫

## ਸਤਿਗੁਰਾਂ ਦੀਆਂ ਤਸਵੀਰਾਂ

ਸਾਧ ਸੰਗਤ, ਮੈਂ ਦੋ ਕੁ ਅਰਜ਼ਾਂ ਹੁਣ ਕਰਨੀਆਂ ਹਨ, ਵਕਤ ਤਾਂ ਹੋਇਆ ਹੋਇਆ ਹੈ। ਇੱਕ ਤੇ ਇਹ ਚੀਜ਼ ਹੈ, ਮੈਂ ਅੱਗੇ ਬਹੁਤੇ ਘਰੀਂ ਵੀ ਅਰਜ਼ ਕੀਤੀ ਹੈ, ਹੁਣ ਵੀ ਤੁਹਾਡੇ ਅੱਗੇ ਕਰਦਾ ਹਾਂ—ਤਸਵੀਰਾਂ ਦੇ ਮੁਤਅੱਲਕ ਹੈ। ਜਿਨ੍ਹਾਂ ਘਰਾਂ ਵਿੱਚ ਤਸਵੀਰਾਂ ਲੱਗੀਆਂ ਹੋਈਆਂ ਹਨ, ਸਤਿਗੁਰਾਂ ਦੀਆਂ ਤਸਵੀਰਾਂ ਦੇ ਨਾਲ, ਜੇ ਤੁਸੀਂ ਮੇਰਾ ਕਹਿਣਾ ਮੰਨਦੇ ਹੋ, ਤਾਂ ਮੇਰੀ ਤਸਵੀਰ ਵੀ ਉੱਥੇ ਬਰਾਬਰ ਨਾ ਲਾਇਆ ਕਰੋ, ਓਦੂੰ ਥੱਲੇ ਰੱਖਿਆ ਕਰੋ। ਘਰ ਦਿਆਂ ਦੀਆਂ ਤਸਵੀਰਾਂ, ਜਾਂ ਹੋਰ ਕਈਆਂ ਦੀਆਂ ਤਸਵੀਰਾਂ, ਜਾਂ ਉਹਨਾਂ ਦੀਆਂ ਤਸਵੀਰਾਂ ਜਿਹੜੇ ਗੁਰੂ ਹਰੀ ਸਿੰਘ ਜੀ ਨੂੰ ਗੁਰੂ ਨਹੀਂ ਮੰਨਦੇ, ਜਿਹੜੇ ਏਸ ਗੱਲੋਂ ਮੁਨਕਰ ਹਨ, ਉਹਨਾਂ ਦੀਆਂ ਤਸਵੀਰਾਂ ਵੀ ਤੁਸੀਂ ਬਰਾਬਰ ਘਰ ਵਿੱਚ ਲਾਈਆਂ ਹੋਈਆਂ ਹਨ। ਜ਼ਰਾ ਆਪੋ ਆਪਣੀ ਘਰੀਂ ਧਿਆਨ ਦੇਣਾ। ਮੈਨੂੰ ਜਾਣ ਲੱਗਿਆਂ ਪਤਾ ਲੱਗਿਐ, ਮੈਂ ਦੇਖੀਆਂ ਨੇ ਜਾ ਕੇ ਬਹੁਤੇ ਘਰੀਂ। ਗੁਰੂ ਸਾਹਿਬ ਨੇ ਜਨਮ ਸਾਖੀ ਵਿੱਚ ਇੱਕ ਚੀਜ਼ ਮਹਾਰਾਜ ਨੇ ਲਿਖੀ ਹੈ। ਛੇ ਹੱਤਿਆ ਮੰਨੀਆਂ ਹਨ ਦੁਨੀਆਂ ਵਿੱਚ—ਲੜਕੀ ਦਾ ਮਾਰਨਾ—ਗਊ ਦਾ ਮਾਰਨਾ—ਬ੍ਰਾਹਮਣ ਦਾ ਮਾਰਨਾ—ਵੰਸ ਦਾ ਘਾਤ ਕਰਨਾ—ਪੈਸੇ ਲੈ ਕੇ ਕਿਸੇ ਦੇ ਨਾ ਦੇਣਾ—ਵਿਸ਼ਵਾਸ਼ ਘਾਤ ਕਰਨਾਂ—ਇਹ ਛੇ ਹੱਤਿਆ ਹਨ। ਜਨਮ ਸਾਖੀ 'ਚ ਲਿਖਿਐ-

*ਖਟ ਹਤਿਆ ਕੇ ਤੁਲ ਹੈ ਜੇ ਗੁਰ ਤੇ ਸਿਖ ਫਿਰ ਜਾਏ।*★੧

ਇੱਕ ਇੱਕ ਹੱਤਿਆ ਨੂੰ ਵੱਡੀ ਵੱਡੀ ਭਾਰੀ ਮੰਨਿਆ ਹੈ, ਪਰ ਜੇ ਸਿੱਖ ਗੁਰੂ ਤੋਂ ਫਿਰ ਜਾਏ ? ਇੱਕ ਉਹ ਪੁਰਸ਼ ਹਨ ਜਿਨ੍ਹਾਂ ਨੇ ਗੁਰੂ ਨੂੰ ਮੰਨਿਆ ਹੀ ਨਹੀਂ, ਇੱਕ ਜਿਹੜੇ ਮੰਨ ਕੇ ਫੇਰ ਫਿਰਦੇ ਹਨ। ਮਹਾਰਾਜ ਨੇ ਬਾਣੀ ਵਿੱਚ ਲਿਖਿਆ ਹੈ–

**ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ।।**

*– ਮਾਝ ਮਹਲਾ ੫, ਪੰਨਾ-੧੩੧*

ਇੱਕ ਹਨ ਗੁਰਮੁਖ, ਜਿਨ੍ਹਾਂ ਨੇ ਗੁਰੂ ਨੂੰ ਮੁੱਖ ਮੰਨਿਐ, ਜੋ ਗੁਰੂ ਨੇ ਹੁਕਮ ਦਿੱਤਾ, ਉਸੇ ਉੱਤੇ ਉਹਨਾਂ ਨੇ ਪੂਰਨਾ ਪਾਇਆ। ਜਿਸ ਤਰ੍ਹਾਂ ਲਹਿਣਾ ਜੀ ਤੋਂ ਗੁਰੂ ਅੰਗਦ ਜੀ ਬਣੇ, ਗੁਰੂ ਨੂੰ ਹੀ ਮੁੱਖ ਮੰਨਿਆ ਹੋਰ ਕਿਸੇ ਚੀਜ਼ ਦੀ ਪਰਵਾਹ ਹੀ ਨਹੀਂ ਕੀਤੀ। ਜੇ ਆਖਿਆ—ਜਾਹ ਪੁਰਸ਼ਾ ਮਾਈ ਨਾਲ ਭੋਗ ਕਰ ਆ—ਤਾਂ, ਤੁਰ ਗਏ। ਹੁਣ ਲੋਕਾਂ ਦੇ ਦਿਲ ਵਿੱਚ ਤਾਂ ਇਹ ਚੀਜ਼ ਆਈ ਨ, ਬਈ ਇਹ ਕੀ ਕਰਨ ਲੱਗੇ ਹਨ। ਪਰ ਸਤਿਗੁਰਾਂ ਨੇ ਨਾਲ ਜੋ ਕੁਛ ਬਖਸ਼ਿਆ ਸੀ, ਉਹ ਦੱਸਿਆ—ਜਾ ਕੇ ਮਾਤਾ ਦਾ ਦੁੱਧ ਚੁੰਘ ਆਏ। ਆ ਕੇ ਪੁੱਛਿਆ—ਕਿ ਮਾਈ ਨਾਲ ਭੋਗ ਕਰ ਆਇਐਂ ?

''ਕਰ ਆਇਆਂ।''

''ਕੀ ਕਰ ਆਏ ?''

''ਜੋ ਮਾਈ ਦਾ ਭੋਗ ਸੀ, ਮਾਈ ਦਾ ਦੁੱਧ ਚੁੰਘ ਆਇਆਂ।''

ਭਾਈ ਬਾਲਾ ਜੀ ਕਹਿੰਦੇ ਹਨ—ਗੁਰੂ ਅੰਗਦ ਜੀ, ਜਿਸ ਵੇਲੇ ਮੁਰਦੇ ਵਾਲਾ ਸਾਂਗ ਵਰਤਿਆ, ਫੇਰ ਮੈਂ ਤੇ ਬਾਬਾ ਬੁੱਢਾ ਜੀ ਵੀ ਖਿਸਕ ਤੁਰੇ। ਗੁਰਮੁਖ—ਜਿਨ੍ਹਾਂ ਨੇ ਗੁਰੂ ਨੂੰ ਮੁੱਖ ਜਾਣਿਆ।

*ਭਰ ਬੇੜੇ ਲੈ ਜਾਏਗਾ, ਸਾਧ ਜਨਾ ਕੇ ਪੂਰ।*

*-ਜਨਮਸਾਖੀ*

ਸਨਮੁਖ ਕਿਹੜੇ—ਜਿਹੜੇ ਸਨਮੁਖ ਰਹੇ। ਜੋ ਬਚਨ ਸਾਹਮਣੇ ਸਤਿਗੁਰਾਂ ਦੇ, ਬਿਨਾਂ ਸਤਿਗੁਰੂ ਤੋਂ ਹੋਰ ਕਿਸੇ ਵੱਲ ਨਹੀਂ ਮੂੰਹ ਕੀਤਾ।

ਮਨਮੁਖ ਕੌਣ ਹਨ ? ਸਾਹਿਬ ਕਹਿੰਦੇ ਹਨ–

**ਮਨਮੁਖਿ ਆਵੈ ਮਨਮੁਖਿ ਜਾਵੈ।।**
**ਮਨਮੁਖਿ ਫਿਰਿ ਫਿਰਿ ਚੋਟਾ ਖਾਵੈ।।**
**ਜਿਤਨੇ ਨਰਕ ਸੇ ਮਨਮੁਖਿ ਭੋਗੈ,**
**ਗੁਰਮੁਖਿ ਲੇਪੁ ਨ ਮਾਸਾ ਹੇ।।**

*– ਮਾਰੂ ਸੋਹਲੇ ਮਹਲਾ ੫, ਪੰਨਾ-੧੦੭੩*

ਜਿਹਨਾਂ ਨੇ ਮਨ ਨੂੰ ਮੁੱਖ ਸਮਝਿਆ ਹੈ, ਜੇ ਕਛਹਿਰਾ ਵੀ ਪਾ ਲਿਆ, ਅੰਮ੍ਰਿਤ ਵੀ ਛਕ ਲਿਆ ਹੈ ਤੇ ਆਖਿਆ—ਚਲੋ ਤੰਬਾਕੂ 'ਚ ਕੀ ਵੜਿਆ ਹੋਇਐ—ਸ਼ਰਾਬ 'ਚ ਕੀ ਵੜਿਆ ਹੋਇਐ—ਮਾਸ 'ਚ ਕੀ ਵੜਿਆ ਹੋਇਐ—ਦਾੜ੍ਹੀ 'ਚ ਕੀ ਵੜਿਆ ਹੋਇਐ—ਬੰਨ੍ਹਣ 'ਚ ਕੀ ਹੈ—ਜਾਂ ਮੁੰਨਣ 'ਚ ਕੀ ਹੈ ? ਉਹ ਹਨ ਮਨਮੁਖ, ਜਿਨ੍ਹਾਂ ਨੇ ਮਨ ਨੂੰ ਮੁੱਖ ਰੱਖਿਆ। ਜੋ ਮਨ ਨੇ ਚਾਹਿਆ—ਜੇ ਮਨ ਨੇ ਕਿਹਾ ਤੇ ਕੰਜਰਾਂ ਦੇ ਚਲਾ ਗਿਆ—ਮਨ ਨੇ ਚਾਹਿਆ, ਸਿਨੇਮੇ ਚਲਾ ਗਿਆ—ਮਨ ਨੇ ਚਾਹਿਆ, ਸ਼ਰਾਬ ਪੀ ਲਈ—ਮਨ ਨੇ ਚਾਹਿਆ, ਮਾਸ ਖਾ ਲਿਆ—ਮਨ ਨੇ ਚਾਹਿਆ, ਬੁਰੇ ਕੰਮ ਕੀਤੇ—ਉਹ ਹਨ ਮਨਮੁਖ।

ਬੇਮੁੱਖ ਕੌਣ ਹੈ ? ਬੇਮੁੱਖ ਉਹ ਹੈ ਜਿਹੜਾ ਗੁਰੂ ਨੂੰ ਮੰਨ ਕੇ, ਗੁਰੂ ਤੋਂ ਮੂੰਹ ਫੇਰ ਜਾਵੇ।

**ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।।**
**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ।।**
**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ।।**

*– ਸਿਰੀ ਰਾਗ ਮਹਲਾ ੩, ਪੰਨਾ-੩੦*

ਮਹਾਰਾਜ ਨੇ ਬੇਮੁੱਖ ਦਾ ਦਰਜਾ, ਭਾਈ ਗੁਰਦਾਸ ਜੀ ਇੱਕ ਜਗ੍ਹਾ ਲਿਖਦੇ ਹਨ—

*ਸੀਂਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਇ।।*

*– ਵਾਰ ੩੭, ਪਉੜੀ-੨੫*

ਜੇ ਇੱਕ ਪਾਸੇ ਤਾਂ ਆਉਂਦਾ ਹੋਵੇ ਸ਼ੇਰ, ਇੱਕ ਪਾਸੇ ਹੋਵੇ ਬੇਮੁੱਖ, ਕਹਿੰਦੇ ਹਨ—ਸ਼ੇਰ ਦੇ ਸਾਹਮਣੇ ਜਾ ਕੇ ਭਾਵੇਂ ਬੇਸ਼ਕ ਮਰ ਜਾਵੇ, ਪਰ ਬੇਮੁੱਖ ਦੇ ਮੱਥੇ

ਨਾ ਲੱਗੇ। ਧਿਆਨ ਦੇਣ ਦੀ ਲੋੜ ਹੈ।

ਆਪਣੀਆਂ ਤਸਵੀਰਾਂ, ਬੱਚਿਆਂ ਦੀਆਂ ਤਸਵੀਰਾਂ, ਆਪਣੀਆਂ ਔਰਤਾਂ ਦੀਆਂ ਤਸਵੀਰਾਂ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਦੀ ਜਿਹੜੀ ਤਸਵੀਰ ਹੈ—ਮੇਰੀ ਵੀ ਅਰਜ਼ ਹੈ ਜੇ ਤੁਸੀਂ ਮੇਰਾ ਕਹਿਣਾ ਮੰਨਦੇ ਹੋ ਤਾਂ—ਤੁਸੀਂ ਮੇਰੀ ਤਸਵੀਰ ਉਹਨਾਂ ਦੇ ਹੇਠ ਲਾਇਆ ਕਰੋ। ਆਪਣੀਆਂ ਤਸਵੀਰਾਂ ਜਿਹੜੀਆਂ ਹਨ ਬਾਲ ਬੱਚਿਆਂ ਦੀਆਂ—ਉਹ ਸਤਿਗੁਰਾਂ ਦੇ ਬਰਾਬਰ ਨਹੀਂ ਲਾਉਣੀਆਂ ਚਾਹੀਦੀਆਂ। ਕਿਸੇ ਸਾਧੂ ਸੰਤ ਦੀ ਵੀ ਸਤਿਗੁਰਾਂ ਦੇ ਬਰਾਬਰ ਤਸਵੀਰ ਨਹੀਂ ਚਾਹੀਦੀ, ਇਹ ਧਿਆਨ ਦੇਣ ਦੀ ਤੁਹਾਡੀ ਲੋੜ ਹੈ। ਤੁਹਾਡਾ ਕੰਮ ਹੈ, ਮੈਂ ਅਰਜ਼ ਕਰਨੀ ਹੈ। ਫੇਰ ਮੈਨੂੰ ਨਾਲੇ ਮੱਥੇ ਟੇਕ ਲੈਂਦੇ ਹੋ, ਨਾਲੇ ਫੇਰ ਕਹਿ ਲੈਂਦੇ ਹੋ, ਫੇਰ ਮੇਰਾ ਵੀ ਚਿਤ ਰਾਜ਼ੀ ਨਹੀਂ ਨ ਰਹਿੰਦਾ ਜੇ ਮੇਰੀ ਏਨੀ ਵੀ ਅਰਜ਼ ਨਾ ਮੰਨੀ ਜਾਏ।

## ਬੱਚਿਆਂ ਦੀ ਦਾਤ

ਦੂਸਰੀ ਅਰਜ਼ ਹੈ ਹੁਣ ਇਹ, ਕਿ ਸਾਧ ਸੰਗਤ ਵਿੱਚ ਏਥੇ ਪੰਜ ਸੱਤ ਸਰੀਰ ਹਨ, ਜਿਨ੍ਹਾਂ ਸਰੀਰਾਂ ਨੂੰ ਏਸ ਗੱਲ ਦੀ ਬਹੁਤ ਖਾਹਿਸ਼ ਹੈ, ਜਿਨ੍ਹਾਂ ਦੇ ਘਰ ਬੱਚੇ ਨਹੀਂ ਹਨ। ਉਹ ਸੱਤ ਹਨ ਜਾਂ ਅੱਠ ਹਨ, ਜਾਂ ਛੇ ਹਨ ਜਾਂ ਨੌਂ ਹਨ। ਸਾਧ ਸੰਗਤ, ਹੁਣ ਭਾਵੇਂ ਆਪਾਂ ਕਿਸੇ ਕੰਮ ਦੇ ਨਾ ਹੋਈਏ, ਪਰ–

**ਨਾਮੁ ਪਰਿਓ ਭਗਤੁ ਗੋਵਿੰਦ ਕਾ,**
**ਇਹ ਰਾਖਹੁ ਪੈਜ ਤੁਮਾਰੀ।।**

*– ਸੋਰਠ ਮਹਲਾ ੫, ਪੰਨਾ-੬੨੪*

ਇਹ ਤਾਂ ਤੁਹਾਡਾ ਬਿਰਦ ਹੈ ਨ। ਤੁਸੀਂ ਕਹਾਉਂਦੇ ਤਾਂ ਸਤਿਗੁਰੂ ਦੇ ਸਿੱਖ ਹੋ। ਸਾਰੇ ਮਾਈ ਭਾਈ ਮਿਲ ਕੇ, ਕਿਰਪਾ ਕਰ ਕੇ, ਆਪਣੇ ਦਿਲੋਂ ਮਨੋਂ ਹੋ ਕੇ, ਜੇ ਇਹੁ ਹੀ ਸਮਝ ਲਓ ਜਿਨ੍ਹਾਂ ਦੇ ਪੰਜ-ਪੰਜ, ਚਾਰ-ਚਾਰ ਬੱਚੇ ਹਨ ਜਾਂ ਹੋਰ ਅੱਗੋਂ ਦੀ ਗੱਲ ਹੈ, ਬਈ ਉਹ ਆਪਣੀ ਓਨੀ ਖ਼ਾਹਿਸ਼ ਨਾ ਕਰਨ, ਉਹ ਏਹੀ ਕਰਨ ਬਈ, ਇਹਨਾਂ ਨੂੰ ਸਾਡੇ ਹੀ ਇੱਕ ਇੱਕ ਹੋਰ

ਜਿਹੜਾ ਬੱਚਾ ਸਾਡੇ ਘਰ ਬਣਨਾ ਹੈ, ਉਹਨਾਂ ਨੂੰ ਮਿਲ ਜਾਏ; ਤਾਂਕਿ ਉਹਨਾਂ ਸਿੱਖਾਂ ਦੇ ਚਿਤ ਵਿਹਾਰਕ ਦੁਨੀਆਂ 'ਚ ਦੁਖੀ ਨਾ ਰਹਿਣ।

ਇੱਕ ਭੱਟ ਨੇ ਆ ਕੇ ਗੁਰੂ ਅਮਰਦਾਸ ਕੋਲ ਕਿਹਾ ਸੀ–

*ਨਾਮ ਦੇਹਿ ਧਨ ਦੇਹਿ ਨਾ ਜਨ ਕੋ,*
*ਧਨ ਵਿਹੂਣ ਜਨ ਜਗ ਨਾ ਸੁਹਾਇ।*
*ਧਨ ਦੇਹੁ ਨਾਮ ਦੇਹੁ ਨ ਜਨ ਕੋ,*
*ਨਾਮ ਬਿਨਾ ਜਨ ਜਮਪੁਰ ਜਾਇ।*

ਸਤਿਗੁਰੂ ਦੇ ਲੜ ਲੱਗ ਕੇ, ਤੇ ਇਹਨਾਂ ਦੀ ਜੇ ਇਹ ਖਾਹਿਸ਼ ਰੁਵੇ, ਤੇ ਬਿਰਦ ਭੰਡੀਦਾ ਹੈ। ਇੱਕ ਆਦਮੀ ਦੀ ਗੱਲ ਨਹੀਂ। ਤੜਕੇ ਆਸਾ ਦੀ ਵਾਰ 'ਚ ਜਦੋਂ ਤੁਸੀਂ ਸਾਰਿਆਂ ਨੇ ਬੈਠਣਾ ਹੈ, ਇੱਕ ਇੱਕ ਵੇਰ ਭਜਨ ਕਰਕੇ, ਬਹੁਤੀ ਵੇਰ ਕਰਨ ਦੀ ਲੋੜ ਨਹੀਂ ਹੈ ਤੇ ਦਿਲੋਂ ਅਰਦਾਸ ਕਰੋ ਕਿ ਸਤਿਗੁਰੂ ਇਹਨਾਂ ਦੇ ਖੈਰ ਪਾਵੇ ਝੋਲੀ, ਇਹਨਾਂ ਦੇ ਘਰੇ ਬੱਚੇ ਹੋਣ। ਸਾਧ ਸੰਗਤ ਵਿੱਚ ਇਹਨਾਂ ਨੂੰ ਵੀ ਖੁਸ਼ੀ ਹੋਵੇ, ਤੇ ਸਾਧ ਸੰਗਤ ਵੱਲ ਇਹਨਾਂ ਦਾ ਮੁਖ, ਜਿਹੜਾ ਇਹਨਾਂ ਦਾ ਚਿਤ ਟੁੱਟਿਆ ਹੋਇਐ—ਕਿਉਂਕਿ ਸਤਿਗੁਰੂ ਦੇ ਘਰ ਵਿੱਚ ਦੁਖੀ ਕੋਈ ਨਹੀਂ ਚਾਹੀਦਾ। ਸਤਿਗੁਰੂ ਦਾ ਘਰ ਸਦਾ ਸੁਖ ਦੇਣ ਵਾਲਾ ਹੈ। ਮੈਂ ਏਹੀ ਅਰਜ਼ ਕਰਨੀ ਸੀ ਤੇ ਹੁਣ ਪਤਾ ਨਹੀਂ ਕੱਲ ਨੂੰ—ਜਾਣਾ ਤੇ ਪਰਸੋਂ ਨੂੰ ਹੈ—ਤੇ ਪਤਾ ਨਹੀਂ ਕੱਲ ਨੂੰ ਕੋਈ ਵਕਤ ਹੁੰਦਾ ਹੈ ਜਾਂ ਨਹੀਂ ਹੁੰਦਾ। ਸਰੀਰ ਵੀ ਮੇਰਾ ਕੁਝ ਐਸਾ ਹੀ ਹੋਇਐ। ਇਹ ਦੋ ਚੀਜ਼ਾਂ ਅੱਜ ਮੇਰੇ ਚਿਤ 'ਚ ਸੀਆਂ ਬਹੁਤ ਜ਼ਿਆਦਾ ਤੇ ਮੈਂ ਏਸ ਕਰਕੇ ਅਰਜ਼ ਕੀਤੀ ਹੈ ਸਾਧ ਸੰਗਤ ਅੱਗੇ।

## ਪਾਠ ਪੂਰੇ ਕਰੋ

ਵਰਨੀ ਦੀ ਮਰਯਾਦਾ, ਵਰਨੀ ਪਾਠ ਦੀ ਗੱਲ ਇਹ ਸੀ—ਕੱਲ। ਕਰਨ ਵਾਲਿਆਂ ਦੇ ਤਾਂ ਅਸੀਂ ਬਲਿਹਾਰੇ ਜਾਈਏ, ਜਿਹੜੇ ਏਨਾਂ ਕੁਛ ਕਰਦੇ ਹਨ। ਵਰਨੀ ਦੀ ਮਰਯਾਦਾ ਦਾ ਕਾਇਦਾ ਜਿਹੜਾ ਹੈ, ਓਹੀ ਵਰਨੀ ਪਾਠ ਦਾ ਹੋਣਾ ਚਾਹੀਦੈ। ਜੇ ਤਾਂ ਛੋਟੀਆਂ ਸੈਂਚੀਆਂ ਹੋਣ ਤੇ ਕੜਾਹ ਪ੍ਰਸ਼ਾਦ ਆਵੇ

ਤਾਂ ਸਾਰੇ ਸਰੀਰਾਂ ਨੂੰ ਖੜੇ ਹੋਣਾ ਚਾਹੀਦਾ ਹੈ—ਉੱਠ ਕੇ, ਤੇ ਜੇ ਪ੍ਰਕਾਸ਼ ਕੀਤਾ ਹੋਵੇ, ਤਾਂ ਉਹ ਬੀੜ ਤੇ ਜਿਹੜਾ ਤਾਬਿਆ ਬੈਠਾ ਹੋਵੇ, ਉਹ ਬੈਠਾ ਰਹੇ ਬੇਸ਼ਕ। ਦੂਸਰੇ ਸਰੀਰਾਂ ਨੂੰ ਕੜਾਹ ਪ੍ਰਸ਼ਾਦ ਆਏ ਤੋਂ ਸਾਰਿਆਂ ਨੂੰ ਉੱਠਣਾ ਚਾਹੀਦੈ। ਅਰਦਾਸ ਹੋਣ ਵੇਲੇ ਸਾਰਿਆਂ ਨੂੰ ਉੱਠਣਾ ਚਾਹੀਦੈ। ਪਾਠ ਬੇਸ਼ਕ ਇਸੇ ਤਰ੍ਹਾਂ ਹੀ ਕਰਨ, ਹੋਰ ਕੋਈ ਚੀਜ਼ ਇਹਦੇ ਵਿੱਚ ਨਹੀਂ। ਇਹ ਤਾਂ ਸਤਿਗੁਰਾਂ ਬਖ਼ਸ਼ਿਸ਼ ਕੀਤੀ ਹੈ, ਤੁਹਾਨੂੰ ਦਾਨ ਦਿੱਤਾ ਹੈ। ਹੀਰ ਰਾਂਝਾ ਲੋਕ ਗਾਉਂਦੇ ਹਨ, ਗੰਦੇ ਗੀਤ ਗਾਉਂਦੇ ਹਨ—ਨਾ ਕੁਛ ਲੈਣ ਨੂੰ, ਨਾ ਦੇਣ ਨੂੰ। ਇਹ ਤੇ ਇਹੋ ਜਿਹੀ ਚੀਜ਼ ਹੈ, ਬਈ, ਅੱਗ ਵਿੱਚ ਕੁਛ ਵੀ ਸੁੱਟੀਏ, ਭਸਮ ਹੀ ਹੁੰਦਾ ਹੈ। ਬਾਣੀ ਨੂੰ ਕਿਸੇ ਤਰ੍ਹਾਂ ਹੀ ਪੜ੍ਹੀਏ, ਇਹ ਸਤਿਗੁਰਾਂ ਦੀ ਬਾਣੀ ਹੈ, ਫੇਰ ਸਤਿਗੁਰ ਦਾ ਹੁਕਮ ਹੈ—ਦੂਹਰਾ ਰੰਗ ਚੜ੍ਹ ਜਾਂਦਾ ਹੈ। ਇੱਕ ਤਾਂ ਬਾਣੀ ਹੈ ਨ ਜਿਹੜੀ ਅਸੀਂ ਪੜ੍ਹਦੇ ਹਾਂ, ਇਹ ਵੀ ਏਉਂ ਹੀ ਪੜ੍ਹਦੇ ਹਾਂ ਨ, ਜਿਹੜੀ ਸਾਡੇ ਸਤਿਗੁਰਾਂ ਨੇ ਉਚਾਰੀ ਹੋਈ ਹੈ।

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥**

ਫੇਰ, ਅੱਗੇ ਮਹਾਰਾਜ ਕਹਿੰਦੇ ਹਨ ਕਿ–

**ਜਿਨ ਕਉ ਨਦਰਿ ਕਰਮੁ ਹੋਵੈ,**

ਏਥੇ ਨਦਰਿ ਪਾਠ ਜਿਹੜਾ, ਇਹ ਸਿਹਾਰੀ ਨਾਲ ਚਾਹੀਦੈ, ਜੇ ਕਿਤੇ ਗਲਤੀ ਦੇ ਨਾਲ ਛਾਪੇ ਵਾਲਿਆਂ ਨੇ ਨਹੀਂ ਲਾਈ ਤਾਂ ਉਹਨਾਂ ਦੀ ਗਲਤੀ ਹੈ। **ਜਿਨ ਕਉ ਨਦਰਿ ਕਰਮੁ ਹੋਵੈ**—ਨਦਰਿ ਦੀ ਜਿਹਦੇ ਉੱਤੇ ਬਖਸ਼ਿਸ਼ ਹੋਵੇ।

**ਹਿਰਦੈ ਤਿਨ ਸਮਾਣੀ॥**

*– ਰਾਮਕਲੀ ਮਹਲਾ ੩, ਪੰਨਾ-੯੨੦*

ਇੱਕ ਬਾਣੀ, ਫੇਰ ਨਾਲ ਸੁੱਚ ਸੋਧ, ਤੀਜੀ ਚੀਜ਼ ਇਹ ਬਈ, ਹੁਕਮ ਸਤਿਗੁਰੂ ਰਾਮ ਸਿੰਘ ਦਾ। ਫੇਰ, ਕਰਨੀ ਕਾਹਦੇ ਵਾਸਤੇ ਹੈ—ਏਸ ਵਾਸਤੇ ਕਿ ਜਿਹੜਾ ਉਹਨਾਂ ਹੁਕਮ ਦਿੱਤੈ। ਕੱਲ ਆਇਆ ਸੀ—ਮੇਰੇ ਨਮਿਤ ਸਰਬੰਸ ਲਾਏ—ਭਜਨ ਪਾਠ ਕਰੇ। ਸਤਿਗੁਰਾਂ ਨਮਿਤ ਜਿਹੜੇ ਬਾਣੀ ਪੜ੍ਹਦੇ ਹਨ

—ਜਿਹੜੇ ਸਤਿਗੁਰਾਂ ਦੇ ਨਮਿਤ ਕਰਦੇ ਹਨ, ਜਿਹੜੇ ਦੂਸਰੇ ਲਈ ਕਰਦੇ ਹਨ ਉਹ ਵੀ ਬਾਣੀ ਹੈ—ਉਸਨੇ, ਅੱਗ ਨੇ ਸਾੜਨਾ ਹੀ ਸਾੜਨਾ ਹੈ। ਕੋਈ ਵੀ ਜਪੇ ਉਸ ਦਾ ਫਾਇਦਾ ਜ਼ਰੂਰ ਪਹੁੰਚਦਾ ਹੈ, ਪਰ ਸਤਿਗੁਰਾਂ ਨਮਿਤ ਜਿਹੜੀ ਹੁੰਦੀ ਹੈ..............।

ਮੈਂ ਏਨੀ ਅਰਜ਼ ਕਰਨੀ ਸੀ, ਹੁਣ ਹੋਰ ਮੈਂ ਕੀ ਆਖਾਂ। ਆਖਦਿਆਂ ਆਖਦਿਆਂ ਤਾਂ ਭਾਵੇਂ ਜਿੰਨਾਂ ਮਰਜ਼ੀ ਆਖੀ ਜਾਈਏ। ਏਥੇ ਤੁਹਾਡੇ ਦਰਸ਼ਨ ਕਰਕੇ ਸਾਧ ਸੰਗਤ ਦੇ, ਏਥੇ ਆ ਕੇ, ਏਥੇ ਸਤਿਗੁਰਾਂ ਤੁਹਾਡੇ ਤੇ ਬਖ਼ਸ਼ਿਸ਼ ਕਰੀ ਹੈ। ਹੁਣ ਇਹ ਚੀਜ਼ ਜਰੂਰ ਹੈ, ਜਿਹਨਾਂ ਦੇ ਸ਼ਬਦ ਪੂਰੇ ਹੋ ਗਏ ਹਨ—ਕਿਉਂਕਿ ਆਪਾਂ ਸਵਾ ਲੱਖ ਪਾਠ ਕਰਨਾ ਹੈ, ਔਰ ਕਰਨਾ ਏਸ ਤਰ੍ਹਾਂ ਹੈ—ਮਜਬੂਰ ਕਰਕੇ ਕਿਸੇ ਤੋਂ ਪਾਠ ਨਹੀਂ ਕਰਾਉਣਾ। ਜਿਸ ਦਾ ਚਿਤ ਕਰੇ, ਸਤਿਗੁਰਾਂ ਨਾਲ ਪਿਆਰ ਕਰਕੇ, ਜਿੰਨਾਂ ਉਹ ਕਰ ਸਕਦਾ ਹੈ ਓਨਾ ਓਨਾ। ਜਿੰਨ੍ਹਾਂ ਨੇ ਪਾਠ ਕਰ ਲਏ ਹਨ, ਉਹ ਆਪਣੇ ਨਾਂ ਲਿਖਾ ਦੇਣ। ਅਜੇ ਪਾਠ ਸਾਰਾ ਪੂਰਾ ਨਹੀਂ ਹੋਇਆ, ਮੇਰਾ ਖਿਆਲ ਹੈ ਕੇ ਤੀਸਰੇ ਹਿੱਸੇ ਜਾਂ ਚੌਥੇ ਹਿੱਸੇ ਦਾ ਪਾਠ ਰਹਿੰਦਾ ਹੈ, ਰਾਮਕਲੀ ਜਾਂ ਮਾਰੂ ਰਾਗ ਤਕ। ਜਿਨ੍ਹਾਂ ਸੱਜਣਾਂ ਨੇ ਪਾਠ ਕਰ ਲਏ ਹੋਣ, ਜਿਹਨਾਂ ਦਾ ਚਿਤ ਕਰਦਾ ਹੋਵੇ, ਮੱਲੋ ਮੱਲੀ ਕਿਸੇ ਉੱਤੇ ਇਹ ਨਹੀਂ ਚੀਜ਼ ਲਾਉਣੀ। ਖਾਸ ਕਰਕੇ ਮੈਂ ਨੌਜਵਾਨਾਂ ਅੱਗੇ ਅਰਜ਼ ਕਰਾਂਗਾ, ਕਿ ਬਾਹਰ ਫਿਰਨ ਨਾਲੋਂ, ਬਾਹਰ ਦੀਆਂ ਸੁਸਾਇਟੀਆਂ ਦੇਖਣ ਨਾਲੋਂ, ਬਾਹਰਲੇ ਕੰਮ ਕਰਨ ਨਾਲੋਂ, ਜਦੋਂ ਅਖੀਰ ਦਾ ਵੇਲਾ ਆਇਆ —ਭਾਈ ਗੁਰਦਾਸ ਜੀ ਨੇ ਇਹ ਗੱਲ ਦੱਸੀ ਹੈ–

*ਪੀਉ ਦੇ ਨਾਂਹ ਪਿਆਰ ਤੁਲਿ,*
*ਨਾ ਫੁਫੀ ਨਾ ਪਿਤੀਏ ਤਾਏ।*

ਭੂਆ, ਭਤੀਜੇ, ਤਾਏ, ਚਾਚੇ–ਪਿਓ ਜੈਸੇ ਪਿਆਰ ਕਰਨ ਵਾਲੇ ਨਹੀਂ ਹੁੰਦੇ।

*ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।*

ਮਾਂ ਦੇ ਨਾਲ ਮਾਸੀਆਂ, ਮਾਮੇ, ਮਾਮੀਆਂ, ਮਾਸੀ, ਮਾਸੜ ਦੇ ਪੁੱਤਰ ਨਹੀਂ ਰਲਦੇ। ਫੇਰ–

*ਅੰਬਾਂ ਸਧਰ ਨ ਉਤਰੈ ਆਣਿ ਅੰਬਾਕੜੀਆਂ ਜੇ ਖਾਏ।*

ਅੰਬਾਂ ਜੈਸਾ ਸੁਆਦ ਅੰਬਾਖੜੀਆਂ ਖੱਟੀਆਂ ਚੋਂ ਨਹੀਂ ਆਉਂਦਾ। ਅੱਗੇ ਜਾ ਕੇ ਕਹਿੰਦੇ ਹਨ–

*ਮੂਲੀ ਪਾਨ ਪਟੰਤਰਾ*[੧],

ਮੂਲੀ ਵਿੱਚ ਤੇ ਪਾਨ ਵਿੱਚ ਪੱਟ ਹੈ, ਅੰਤਰਾ ਹੈ। ਕੀ ਅੰਤਰਾ ਹੈ–

*ਵਾਸੁ ਡਿਕਾਰੁ ਪ੍ਰਗਟੀ ਆਏ।*

ਜੇ ਕੋਈ ਪੁਰਸ਼ ਖਾਂਦਾ ਹੈ ਪਾਨ, ਤਾਂ ਉਹਦੇ ਵਿੱਚੋਂ ਇਲਾਚੀਆਂ ਆਦਿਕ ਚੀਜ਼ਾਂ ਦੀ ਖੁਸ਼ਬੋ ਆਉਂਦੀ ਹੈ, ਜੇ ਮੂਲੀ ਖਾਂਦਾ ਹੈ ਤਾਂ ਉਹਦੇ ਡਕਾਰ ਨਾਲ ਬਾਸ਼ਨਾ ਆਉਂਦੀ ਹੈ, ਜਾਂ ਬੋ ਆਉਂਦੀ ਹੈ। ਫੇਰ ਅੱਗੇ ਜਾ ਕੇ ਕਹਿੰਦੇ ਹਨ।

*ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸੁ ਵਟਾਏ।*

ਕਸੁੰਭੇ ਦਾ ਰੰਗ ਵੀ ਬੜਾ ਚਮਕਦਾ ਹੈ, ਪਰ ਉਹ ਬਹੁਤ ਛੇਤੀ ਧੁੱਪ ਨਾਲ ਵੀ ਉੱਡ ਜਾਂਦਾ ਹੈ, ਪਾਣੀ ਵਿੱਚ ਤਾਂ ਰਹਿ ਹੀ ਨਹੀਂ ਸਕਦਾ। ਤੇ ਮਜੀਠ ਦਾ ਰੰਗ ਇਹੋ ਜਿਹਾ ਹੈ, ਭਾਵੇਂ ਰੂੰਈ ਦੀਆਂ ਲੀਰਾਂ ਹੋ ਜਾਣ, ਪਰ ਰੰਗ ਨਹੀਂ ਜਾਂਦਾ। ਏਸੇ ਤਰ੍ਹਾਂ ਹੀ ਕਹਿੰਦੇ ਹਨ–

*ਸਤਿਗੁਰੁ ਤੁਲਿ ਨ ਮਿਹਰਵਾਨ,*

ਭਾਂਵੇ ਮਾਤਾ ਪਿਤਾ ਵੀ ਬੜੇ ਹਨ, ਪਰ ਸਤਿਗੁਰੂ ਜਿਡੇ ਮਿਹਰਵਾਨ ਨਹੀਂ ਹਨ।

*ਮਾਤ ਪਿਤਾ ਨ ਦੇਵ ਸਬਾਏ।*

ਨਾ ਕੋਈ ਹੋਰ ਦੇਵੀ ਦੇਵਤੇ, ਨਾ ਕੋਈ ਹੋਰ ਸੁਸਾਇਟੀ, ਨਾ ਕੋਈ ਹੋਰ ਚੀਜ਼, ਕਿਉਂ ਭਾਈ ਗੁਰਦਾਸ ਐਵੇਂ ਨਹੀਂ ਕਹਿੰਦਾ, ਉਹ ਕਹਿੰਦੈ—

(ਮੈਂ) *ਡਿਠੇ ਸਭੇ ਠੋਕਿ*[੨] *ਵਜਾਏ।*

*– ਵਾਰ ੩੯, ਪਉੜੀ ੨੦*

—ਚੰਗੀ ਤਰ੍ਹਾਂ ਬਜਾ ਕੇ। ਕਬੀਰ ਜੀ ਕਹਿੰਦੇ ਹਨ–

**ਕੋਈ ਕਾਹੂ ਕੋ ਨਹੀਂ ਸਭ ਦੇਖੀ ਠੋਕਿ ਬਜਾਏ।।**

*– ਕਬੀਰ ਜੀ, ਪੰਨਾ-੧੩੭੦*

ਤਾਂ ਤੁਹਾਨੂੰ ਨੌਜਵਾਨਾਂ ਨੂੰ ਜਿੰਨਾਂ ਜ਼ੋਰ ਤੁਸੀਂ ਬਾਹਰਲੇ ਪਾਸੇ ਜਾ ਕੇ ਆਪਣੀ ਹੋਰਨਾਂ 'ਚ ਸਭਿਅਤਾ ਦੱਸਣੀ ਚਾਹੁੰਦੇ ਹੋ, ਤੁਸੀਂ ਆਪਣੀ ਸਭਿਅਤਾ ਸਤਿਗੁਰੂ ਰਾਮ ਸਿੰਘ ਜੀ ਦੇ ਅੱਗੇ ਪੇਸ਼ ਕਰੋ। ਨੌਜਵਾਨ ਸਭ ਕੁਛ ਕਰ ਸਕਦੇ ਹਨ। ਉਮਰ ਦਾ ਸੁਭਾਅ ਹੈ।

**ਜਬ ਲਗੁ ਜਰਾ[੩] ਰੋਗੁ ਨਹੀ ਆਇਆ।।**
**ਜਬ ਲਗੁ ਕਾਲਿ ਗ੍ਰਸੀ[੪] ਨਹੀ ਕਾਇਆ।।**
**ਜਬ ਲਗੁ ਬਿਕਲ[੫] ਭਈ ਨਹੀ ਬਾਨੀ।।**
**ਭਜਿ ਲੇਹਿ ਰੇ ਮਨ ਸਾਰਿਗ ਪਾਨੀ।।**
**ਅਬ ਨ ਭਜਸਿ ਭਜਸਿ ਕਬ ਭਾਈ।।**
**ਆਵੈ ਅੰਤੁ[੬] ਨ ਭਜਿਆ ਜਾਈ।।**

*– ਭੈਰਉ ਕਬੀਰ ਜੀ, ਪੰਨਾ-੧੧੫੯*

ਇਹ ਗੱਲਾਂ ਨੂੰ ਮੁੱਖ ਰੱਖ ਕੇ, ਇਉਂ ਨਹੀਂ, ਗੁਰੂ ਦਾ ਹੁਕਮ ਐਸਾ ਹੈ, ਸਿੱਖ ਦਾ ਕੰਮ ਵੀ ਐਸਾ ਹੈ, ਸ਼ਰਧਾ ਆਪਣੇ ਗੁਰੂ ਉੱਤੇ, ਪਿਆਰ ਸਾਰਿਆਂ ਨਾਲ। ਜਿਸ ਤਰ੍ਹਾਂ ਇਸਤਰੀ ਜਿਹੜੀ ਪਤੀਬ੍ਰਤਾ ਹੈ, ਪਤੀ ਆਪਣੇ ਪਤੀ ਨੂੰ ਹੀ ਜਾਣਦੀ ਹੈ—ਕਿਸੇ ਨੂੰ ਭਰਾ—ਕਿਸੇ ਨੂੰ ਦਿਓਰ—ਕਿਸੇ ਨੂੰ ਭਤੀਜਾ —ਕਿਸੇ ਨੂੰ ਜਿਠਈਆ। ਪਿਆਰ ਸਭ ਨਾਲ ਕਰਨਾ, ਲੇਕਿਨ ਜਿਹੜਾ ਅਸਲੀ ਥਾਂ ਹੈ–

*ਅਸਨ[੭] ਬਸਨ[੮] ਧਨ[੯] ਧਾਮ[੧੦] ਕਾਹੂ ਮੈ ਨ ਦੇਖਿਓ,*
*ਜੈਸਾ ਗੁਰਸਿਖ ਸਾਧ ਸੰਗਤ ਕੋ ਨਾਤਾ ਹੈ।*

*– ਕਬਿਤ-੧੦੦*

—ਸਾਧ ਸੰਗਤ ਦੀ ਪ੍ਰੀਤ, ਸੰਗਤ ਵਿੱਚ ਆਉਣਾ, ਸਾਧ ਸੰਗਤ ਵਿੱਚ ਬੈਠਣਾ, ਉਹਨੂੰ ਕਰਕੇ ਹੋਰ ਜੋ ਮਰਜ਼ੀ ਹੈ ਕਰੋ। ਜੇ ਤੁਸੀਂ ਇਹ ਸਮਝ ਛੱਡੋ, ਉੱਥੇ ਦੀਵਾਨ 'ਚ ਨਾ ਗਏ ਤਾਂ ਕੋਈ ਡਰ ਨਹੀਂ—ਤੜਕੇ ਨਾ ਨ੍ਹਾਤੇ ਤਾਂ ਕੋਈ ਡਰ ਨਹੀਂ—ਵਾਰ 'ਚ ਨਾ ਗਏ ਤਾਂ ਕੋਈ ਡਰ ਨਹੀਂ—ਵਰਨੀ 'ਚ ਨਾ ਗਏ ਤਾਂ ਕੋਈ ਡਰ ਨਹੀਂ—ਪਰ ਦੋਸਤਾਂ ਮਿੱਤਰਾਂ ਨਾਲੋਂ ਨਾ ਟੁੱਟੇ। ਸਾਹਿਬਾਂ ਨੇ ਇਹ ਗੱਲ ਦੱਸ ਦਿੱਤੀ ਹੈ–

**ਨਾਨਕ ਕਚੜਿਆ ਸਿਉਂ ਤੋੜਿ**
**ਢੂਢਿ ਸਜਣ ਸੰਤ ਪਕਿਆ।।**
**ਓਇ ਜੀਵੰਦੇ ਵਿਛੁੜਹਿ**
**ਓਇ ਮੁਇਆ ਨ ਜਾਹੀ ਛੋੜਿ।।**

*– ਸਲੋਕ ਡਖਣੇ ਮ:੫, ਪੰਨਾ–੧੧੦੨*

ਦੁਨੀਆਂ ਦੇ ਲੋਕ, ਦੁਨੀਆਂ ਦੀ ਖੇਡ ਏਥੇ ਜਿਊਂਦਿਆਂ ਵਿੱਛੜ ਜਾਂਦੀ ਹੈ। ਮਹਾਂਪੁਰਖ, ਸੰਤ, ਮਹਾਤਮਾ ਲਿਖਿਆ ਹੈ ਕਿ–

**ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ।।**

*– ਪ੍ਰਭਾਤੀ ਮ:੧, ਪੰਨਾ–੧੩੨੮*

ਛੱਜੂ ਜੀ ਮਹਾਤਮਾ ਲਾਹੌਰ ਵਿੱਚ ਰਹਿੰਦੇ ਸੀ। ਟੋਕਰੀ ਢੋਂਦੇ ਸਨ। ਇੱਕ ਦਰੋਗਾ ਸੀ ਜਾਂ ਠੇਕੇਦਾਰ ਦਾ ਮੁਨਸ਼ੀ ਸੀ। ਜਦੋਂ ਵੰਡਦਾ ਹੁੰਦਾ ਸੀ ਨ ਲੋਕਾਂ ਨੂੰ ਕੌਡੀਆਂ, ਪੈਸੇ—ਉਸ ਵੇਲੇ ਦੀ ਮਜੂਰੀ, ਉਹ ਖਾ ਜਾਂਦਾ ਸੀ ਗਰੀਬਾਂ ਦੇ ਵਿੱਚੋਂ। ਗਰੀਬਾਂ ਦਾ ਖਾਣਾ ਬਹੁਤਾ ਹੀ ਪਾਪ ਹੈ। ਪਾਪ ਤਾਂ —ਕਿਸੇ ਦਾ ਵੀ ਖਾਣਾ ਮਾੜਾ ਹੈ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।**

*– ਮ:੧, ਪੰਨਾ–੧੪੧*

ਪਰ ਇਹ ਗੱਲ ਸੀ, ਛੱਜੂ ਜੀ ਚੁੱਪ ਕਰਕੇ ਖੜ੍ਹੇ ਰਹਿੰਦੇ। ਲੋਕ ਜਦੋਂ ਲੈ ਹਟਦੇ, ਤਾਂ ਉਹ ਮਗਰੋਂ ਕਹਿੰਦਾ,''ਆਓ ਜੀ, ਤੁਸੀਂ ਵੀ ਲਓ।'' ਏਸ ਗੱਲ ਦੇ ਨਾਲ, ਜਦੋਂ ਦਰਗਾਹ 'ਚ ਉਹਦਾ ਲੇਖਾ ਲੱਗਾ ਹੋਣ ਤਾਂ ਸਾਰਾ ਹੀ ਲੇਖਾ ਕਾਲਾ ਸੀ। ਏਨੀ ਗੱਲ ਕਹਿਣ ਨਾਲ, ਛੱਜੂ ਜੀ ਉੱਥੇ ਜਾ ਖਲੋਤੇ। ਉਹਨਾਂ ਆਖਿਆ,''ਕੀ ਗੱਲ ਹੈ ਮਹਾਰਾਜ ?''

ਉਹਨਾਂ ਆਖਿਆ,''ਇਹ ਸਾਨੂੰ ਜੀ ਕਹਿ ਕੇ ਬੁਲਾਉਂਦਾ ਹੁੰਦਾ ਸੀ।''

ਸਾਰਾ ਲੇਖਾ ਪਾਟ ਗਿਆ। ਤੁਸੀਂ ਬਾਹਰ ਜਾ ਕੇ ਕੁਛ ਕਰੋ।

**ਜੇ ਕੋ ਜੀਉ[੧੧] ਕਹੈ ਓਨਾ ਕਉ ਜਮ ਕੀ ਤਲਬ[੧੨] ਨ ਹੋਈ।।**

*– ਪ੍ਰਭਾਤੀ ਮ:੧, ਪੰਨਾ–੧੩੨੮*

ਸਾਧ ਸੰਗਤ ਵਿੱਚ ਆ ਕੇ, ਸਾਧ ਸੰਗਤ ਦਾ ਦਰਸ਼ਨ ਕਰਿਆ ਕਰੋ।

ਸਾਧ ਸੰਗਤ ਵਾਂਗੂੰ ਕਰਿਆ ਕਰੋ। ਤੁਹਾਨੂੰ ਕਿਸੇ ਦੁਨੀਆਂ ਦੇ ਆਦਮੀ ਨੇ—ਕਿਸੇ ਦੁਨੀਆਂ ਦੇ ਮਨਿਸਟਰ ਨੇ—ਕਿਸੇ ਦੁਨੀਆਂ ਦੇ ਬਾਦਸ਼ਾਹ ਨੇ—ਕੱਖ ਨਹੀਂ ਦੇਣਾ। ਆਪਣੇ ਕੋਲੋਂ ਖਰਚ ਜੋ ਮਰਜ਼ੀ ਹੈ ਕਰ ਆਓ। ਪਰ ਇਹ ਥਾਂ ਉਹ ਹੈ—

**ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ**
**ਗੁਣ ਰਵਾ ਬਲਿ ਰਾਮ ਜੀਉ।।**

*- ਸੂਹੀ ਮ:੪, ਪੰਨਾ-੭੭੩*

—ਜਿਹੜੇ ਅਉਗਣਾਂ ਦੇ ਵਟੇ ਗੁਣ ਦਿੰਦੇ ਹਨ। ਸਾਧ ਸੰਗਤ ਤੋਂ ਨਾ ਭੁੱਲਿਆ ਕਰੋ। ਮੈਂ ਹੁਣ ਏਨੀ ਅਰਜ਼ ਕਰਕੇ ਸਮਾਪਤ ਕਰਦਾਂ। ਕਿਰਪਾ ਰੱਖਣੀ।

ਕਈ ਸੱਜਣ ਸਾਡੇ 'ਚ ਵੀ ਐਸੇ ਤਮਾਸ਼ਬੀਨ ਹਨ, ਜੇ ਗੁਰੂ ਗ੍ਰੰਥ ਸਾਹਿਬ ਦਾ ਕੋਈ ਨਾਂ ਲਵੇ ਤਾਂ ਉਹ ਨਹੀਂ ਸੁਣਦੇ। ਕਈ ਉਹ ਦੂਜੇ ਸੱਜਣ ਜਿਹੜੇ ਗੁਰੂ ਰਾਮ ਸਿੰਘ ਦਾ ਨਾਉਂ ਨਹੀਂ ਸੁਣਨਾਂ ਚਾਹੁੰਦੇ। ਉਹਨਾਂ ਨੂੰ ਥੋੜਾ ਜਿਹਾ ਧਿਆਨ ਦੇ ਲੈਣਾ ਚਾਹੀਦੈ। ਜੇ ਉਹ ਮੁਲਾਨਾ ਅਬੱਲ ਕਲਾਮ ਅਜਾਦ ਦਾ ਨਾਂ ਸੁਣ ਲੈਂਦੇ ਹਨ, ਗਾਂਧੀ ਦਾ ਨਾਂ ਸੁਣ ਲੈਂਦੇ ਹਨ, ਜਵਾਹਰ ਲਾਲ ਦਾ ਨਾਂ ਪ੍ਰੇਮ ਨਾਲ ਸੁਣ ਲੈਂਦੇ ਹਨ—ਓਦੂੰ ਵੀ ਸਤਿਗੁਰੂ ਰਾਮ ਸਿੰਘ ਨੂੰ ਮਾੜਾ ਨਾ ਸਮਝਣ। ਸਾਨੂੰ ਚਾਹੀਦਾ ਹੈ, ਜੇ ਅਸੀਂ ਇਹ ਚਾਹੁੰਨੇ ਹਾਂ ਬਈ, ਉਹ ਸਤਿਗੁਰਾਂ ਦਾ ਨਾਂ ਲੋਕ ਸੁਣਨ, ਤਾਂ ਸਾਨੂੰ ਵੀ ਚਾਹੀਦੈ ਜਦੋਂ ਉਹ ਆਪਣਾ ਪ੍ਰੇਮ ਨਾਲ ਗੁਰੂ ਗ੍ਰੰਥ ਸਾਹਿਬ ਦਾ ਨਾਂ ਗੁਰੂ ਕਰਕੇ ਲੈਣ, ਸਾਨੂੰ ਵੀ ਉੱਥੇ ਖਟਿਆਈ ਨਹੀਂ ਪੈਦਾ ਕਰਨੀ ਚਾਹੀਦੀ, ਭੱਜਣਾ ਨਹੀਂ ਚਾਹੀਦਾ। ਮੰਨਣ ਵਾਲਿਆਂ ਨੂੰ ਜੇ ਅਸੀਂ ਚਾਹੁੰਦੇ ਹਾਂ ਬਈ, ਸਾਡੇ ਗੁਰੂ ਨੂੰ ਵੀ ਕੋਈ ਮੰਨੇ, ਤਾਂ ਕਿਸੇ ਦੀ ਸ਼ਰਧਾ 'ਚ ਸਾਡਾ ਫਰਜ਼ ਨਹੀਂ ਕਿ ਅਸੀਂ ਉਹਦੇ 'ਚ ਕੋਈ ਰੌਲਾ ਪਾਈਏ। ਤਾਂ ਸਾਨੂੰ ਥੋੜੀਆਂ ਥੋੜੀਆਂ ਗੱਲਾ ਤੋਂ ...............। ਅੱਗੇ ਸਿੱਖ ਆਟੇ 'ਚ ਲੂਣ ਵੀ ਨਹੀਂ ਹਨ। ਹੁਣ ਅੰਗਰੇਜ਼ ਜਾਂਦਾ ਜਾਂਦਾ ਸਿੱਖਾਂ ਤੇ ਹਿੰਦੂਆਂ ਨੂੰ ਆਪਸ 'ਚ ਪਾੜ ਕੇ ਤੁਰ ਗਿਆ ਹੈ, ਹਿੰਦੁਸਤਾਨ ਪੰਜਾਬ 'ਚੋਂ। ਉੱਥੇ ਹੁਣ ਬੋਲੀਆਂ ਦੇ ਰੌਲੇ ਉੱਤੇ ਹੀ—ਉਰਦੂ ਲਿਖੀ ਜਾਂਦੇ

ਹਨ, ਤਾਂ ਗੁਰਮੁਖੀ ਚੁਭਦੀ ਹੈ। ਸਿੱਖ ਵੀ ਉਰਦੂ ਲਿਖੀ ਜਾਂਦੇ ਹਨ, ਉਹਨਾਂ ਨੂੰ ਦੇਵਨਾਗਰੀ ਚੁਭਦੀ ਹੈ। ਐਨੀ ਗੱਲ ਨਹੀਂ ਝੱਲ ਸਕਦੇ। ਮੈਂ ਸਾਰਿਆਂ ਅੱਗੇ ਅਰਜ਼ ਕਰਾਂਗਾ ਕਿ ਜੋ ਤੁਸੀਂ ਪਰਦੇਸ 'ਚ ਬੈਠੇ ਹੋ, ਹਿੰਦੂ, ਸਿੱਖ, ਅਕਾਲੀ, ਕੂਕੇ—ਜਦੋਂ ਬੈਠਿਆ ਕਰੋ ਰਲ ਕੇ ਬਹਿ ਜਾਇਆ ਕਰੋ। ਐਨੀਆਂ ਗੱਲਾਂ ਤੋਂ ਨਾ ਭੱਜਿਆ ਕਰੋ, ਜੇ ਨਾਂ ਸੁਣ ਲਿਆ, ਜੇ ਵਿੱਦਿਆ ਪੜ੍ਹ ਲਈ, ਤਾਂ ਸਾਡਾ ਕੁਛ ਨਹੀਂ ਰਹਿਣਾਂ। ਤਾਂ ਤੁਹਾਨੂੰ ਏਥੇ ਮਜਬੂਰਨ ਸਿਆਮੀ ਪੜ੍ਹਨੀ ਪੈਂਦੀ ਹੈ। ਅੰਗਰੇਜ਼ੀ ਤੁਸੀਂ ਪੜ੍ਹਦੇ ਹੋ, ਜਿਸ ਨੂੰ ਤੁਸੀਂ ਮਲੇਛ ਭਾਸ਼ਾ ਕਹਿੰਦੇ ਹੋ, ਉਸ ਅੰਗਰੇਜ਼ੀ ਨੂੰ, ਜਿਨ੍ਹੇ ਸਾਰਿਆਂ ਦਾ ਨਾਸ ਕੀਤੈ। ਸਾਡੇ ਮੁਲਕ ਦਾ ਕੁਛ ਨਹੀਂ ਛੱਡਿਆ। ਏਥੇ ਦੇਵਨਾਗਰੀ ਤੇ, ਗੁਰਮੁਖੀ ਤੇ, ਮਿਹਰਬਾਨੀ ਕਰਕੇ ਰੌਲਾ ਨਾ ਪਾਉਣਾ। ਇਹ ਮੇਰੀ ਅਰਜ਼ ਸੁਣ ਲਓ।

ਤਕਲੀਫ ਮਲੂਮ ਹੁੰਦੀ ਹੈ ਐਸ ਵੇਲੇ, ਖਵਰੇ ਅਸੀਂ ਬੁੱਢੇ ਹੋ ਗਏ ਹਾਂ, ਸਾਡੀ ਮੱਤ ਨਹੀਂ ਟਿਕਾਣੇ ਤਾਂ ਉਹਨਾਂ ਨੂੰ ਚੰਗੀ ਨਹੀਂ ਲਗਦੀ। ਮੈਂ ਅੱਜ ਤੋਂ ਬਾਅਦ, ਮੇਰਾ ਆਪਣਾ ਖਿਆਲ ਹੈ, ਬਈ, ਸ਼ਾਇਦ ਮੈਂ ਇਹਨਾਂ ਨੂੰ ਨਾ ਆਖਾਂ। ਇਹ ਵੀ ਮੈਨੂੰ ਕੋਈ ਪਤਾ ਨਹੀਂ ਕਿ ਖਵਰੇ ਮੈਂ ਮੁੜਕੇ ਵੀ ਆਉਂਣੈ ਕਿ ਨਹੀਂ ਏਥੇ। ਮੈਨੂੰ ਏਸ ਗੱਲ ਦਾ ਵੀ ਹੁਣ ਪਤਾ ਨਹੀਂ ਕਿਉਂ ਕਿ ਕੁਦਰਤੀ ਤੌਰ ਤੇ ਬੇਸ਼ਰਮਗੀ ਹੈ, ਜਿਹੜਾ ਮੈਂ ਵੀ ਮੁੜ ਮੁੜ ਕੇ ਕਹਿਨਾਂ। ਰੋਜ਼ ਦੇਖਦੇ ਹਾਂ, ਸਭ ਕੁਛ ਹੁੰਦੈ। ਖਿੱਚ ਸੀ ਜਿਹੜੀ ਉਹ ਹੁਣ ਤੁਹਾਨੂੰ ਵੀ ਪਤੈ, ਮੈਨੂੰ ਵੀ ਪਤੈ—ਨਾ ਤੁਹਾਨੂੰ ਮੇਰੇ ਸੱਦਣ ਦੀ ਖਿੱਚ ਹੈ ਨਾ ਮੈਨੂੰ ਆਉਣ ਦੀ ਰਹੀ ਹੋਈ ਹੈ, ਐਂਵੇ ਭਾਵੇਂ ਤੁਸੀਂ ਕੁਝ ਆਖੋ ਚਾਹੇ ਨਾ ਆਖੋ। ਮੈਂ ਤੁਹਾਡੇ ਮੂੰਹ ਤੇ ਹੀ ਕਹਿੰਦਾ ਹਾਂ। ਬੀਜ ਨਾਸ ਤੇ ਨਹੀਂ ਨ ਹੋ ਜਾਂਦਾ ਕਿਸੇ ਗੱਲ ਦਾ, ਲੇਕਿਨ ਤਬੀਅਤਾਂ 'ਚ ਇਹ ਚੀਜ਼ ਆ ਗਈ ਹੈ। ਹੁਣ ਅਰਜ਼ ਕਰ ਚੱਲੇ ਹਾਂ, ਅੱਗੋਂ ਇਹਨਾਂ ਦੀ ਮਰਜ਼ੀ ਹੈ ਮੰਨਣਗੇ ਜਾਂ ਨਾ ਮੰਨਣਗੇ। ਦੇਖੋ ਜਿਹੜੇ ਜੀਉਂਦੇ ਰਹਿਣਗੇ ਤਾਂ ਮਿਲਣਗੇ ਮੁੜਕੇ ਫੇਰ ਪਤਾ ਲੱਗੂ ਕੀ ਹੁੰਦੈ।

**ਹੇ ਅਚੁਤ[੧੩] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੧੪]।।**
**ਹੇ ਪੂਰਨ ਹੇ ਸਰਬ[੧੫] ਮੈ ਦੁਖ ਭੰਜਨ[੧੬] ਗੁਣ ਤਾਸ[੧੭]।।**

ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੧੮] ਸਭ ਟੇਕ[੧੯]॥
ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੨੦]॥
ਹੇ ਅਪਰੰਪਰ[੨੧] ਹਰਿ ਹਰੇ ਹਹਿ[੨੨] ਭੀ ਹੋਵਨਹਾਰ[੨੩]॥
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੨੪] ਆਧਾਰ॥
ਹੇ ਠਾਕੁਰ ਹਉ ਦਾਸਰੋ[੨੫] ਮੈ ਨਿਰਗੁਣ ਗੁਨੁ ਨਹੀ ਕੋਇ॥
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੬੬॥

*– ਪੰਨਾ–੨੬੧*

– ਜਾਂਹੀ ਕੁਲ ਤੇ ਪ੍ਰਗਟ ਹੋਇ ਤਾਹੀਂ ਕੁਲ ਕੋ ਨਾਮ॥
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥

## ਟਿੱਪਣੀਆਂ

★੧ ਖਟ ਹਤਿਆ-

ਹਤਿਆ ਖਟ ਪ੍ਰਕਾਰ ਹੈ ਮਨ ਮਹਿ ਲੇਹੁ ਪਛਾਣ।
ਗਊ ਬ੍ਰਾਹਮਣ ਮਾਰੀਐ ਗੋਤ੍ਰੀ ਹਤਿ ਕਰਾਇ।
ਰਿਣ ਹਤਿਆ ਕੰਨਿਆ ਹਤਿਆ ਵਸ੍ਵਾਸ ਘਾਤ ਅਧਿਕਾਇ।
ਖਟ ਹਤਿਆ ਕੇ ਤੁਲ ਹੈ ਗੁਰ ਤੇ ਸਿਖ ਫਿਰ ਜਾਹਿ।

*-ਭਾਈ ਬਾਲੇ ਵਾਲੀ ਜਨਮ ਸਾਖੀ*

## ਸ਼ਬਦਾਰਥ

੧ ਬਰਾਬਰੀ।
੨ ਪਰਖ ਕੇ।
੩ ਬੁਢੇਪਾ।
੪ ਨਿਗਲਣਾ।
੫ ਕਮਜ਼ੋਰ।
੬ ਮੌਤ ਦਾ ਸਮਾਂ।
੭ ਭੋਜਨ, ਖਾਣਯੋਗ ਪਦਾਰਥ।
੮ ਬਸਤਰ।
੯ ਦੌਲਤ।
੧੦ ਸਥਾਨ, ਜਗ੍ਹਾ।
੧੧ ਜੀ ਆਖਕੇ ਬੁਲਾਵੇ, ਇੱਜ਼ਤ ਕਰੇ।
੧੨ ਬੁਲਾਵਾ, ਪੁੱਛ।
੧੩. ਅਟੱਲ, ਨਾ ਡੋਲਣ ਵਾਲਾ।
੧੪. ਪਾਪਾ ਨੂੰ ਨਾਸ ਕਰਨ ਵਾਲੇ।
੧੫. ਸਰਬ ਰੂਪ।
੧੬. ਦੁਖਾਂ ਦਾ ਨਾਸ ਕਰਨ ਵਾਲਾ।
੧੭. ਗੁਣਾਂ ਦਾ ਭੰਡਾਰ।
੧੮. ਤਿੰਨਾਂ ਗੁਣਾਂ ਤੋਂ ਨਿਰਲੇਪ।
੧੯. ਆਸਰੇ।
੨੦. ਗਿਆਨ ਪ੍ਰਕਾਸ਼।
੨੧. ਪਾਰਾਵਾਰ ਤੋਂ ਪਰੇ।
੨੨. ਹੈ ਹੁਣ।
੨੩. ਅੱਗੇ ਨੂੰ ਵੀ ਹੋਣ ਵਾਲਾ ਹੈ।
੨੪. ਨਿਰ ਆਸਰੇ।
੨੫. ਦਾਸ।

# ਬੰਕੋਕ ੨੩-੧੦-੧੯੫੫

- **ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ**
  **ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।**
- **ਜਾਂਹੀ ਕੁਲ ਤੇ ਪ੍ਰਗਟ ਹੋਇ ਤਾਂਹੀ ਕੁਲ ਕੋ ਨਾਮ।।**
  **ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਰਜਾ ਵਾਲੇ ਦੀ ਰਜ਼ਾ

ਰਜਾ ਵਾਲੇ ਦੀ ਰਜਾ—ਮਹਾਰਾਜ ਨੇ ਬਾਣੀ ਵਿੱਚ ਲਿਖਿਆ ਹੈ-

**ਸੀਹਾ[1] ਬਾਜਾ ਚਰਗਾ[2] ਕੁਹੀਆ[3] ਏਨਾ ਖਵਾਲੇ ਘਾਹ।।**
**ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ।।**
**ਨਦੀਆ ਵਿਚਿ ਟਿਬੇ ਦੇਖਾਲੇ ਥਲੀ[4] ਕਰੇ ਅਸਗਾਹ[5]।।**
**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।।**

*- ਮ:੧, ਪੰਨਾ-੧੪੪*

ਫੇਰ ਕਹਿੰਦੇ ਨੇ—**ਜੇਤੇ ਜੀਅ ਜੀਵਹਿ ਲੈ ਸਾਹਾ**—ਅਸੀਂ ਤੁਕ ਪੜ੍ਹਨ ਲੱਗੇ ਧਿਆਨ ਅੱਖਰਾਂ ਵੱਲ ਨਹੀਂ ਦਿੰਦੇ।

ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਦੇ ਪਾਸ ਅਨੰਦਪੁਰ ਸਾਹਿਬ, ਇੱਕ ਸਿੱਖ ਬਾਣੀ ਪੜ੍ਹਦਾ ਸੀ—ਓਅੰਕਾਰੁ। ਉੱਥੇ ਪਾਠ ਆਇਆ-

**ਕਰਤੇ ਕੀ ਮਿਤਿ[6] ਕਰਤਾ ਜਾਣੈ,**

ਪਾਠ ਸੀ-

**ਕੈ[੭] ਜਾਣੈ ਗੁਰੁ ਸੂਰਾ।**

ਉਹਨੇ ਪੜ੍ਹਿਆ–

**ਕੇ ਜਾਣੈ ਗੁਰ ਸੂਰਾ।।**

ਇਸ ਗੱਲ ਤੋਂ—ਪੜ੍ਹਕੇ ਦੇਖੋ ਸੌ ਸਾਖੀ, ਸੂਰਜ ਪ੍ਰਕਾਸ਼ 'ਚ ਵੀ ਇਹ ਪ੍ਰਸੰਗ ਹੋਵੇਗਾ, ਮੈਨੂੰ ਯਾਦ ਨਹੀਂ—ਮਹਾਰਾਜ ਨੇ ਚਪੇੜਾਂ ਮਰਵਾਈਆਂ। ਕਿਉਂ—ਕਿਹਾ ਕਿ ਅਰਥ ਦਾ ਅਨਰਥ ਹੋ ਗਿਐ।

**ਕਰਤੇ ਕੀ ਮਿਤਿ ਕਰਤਾ ਜਾਣੈ।।**

*– ਰਾਮਕਲੀ ਮ:੧, ਪੰਨਾ-੯੩੦*

ਜੇ ਤਾਂ ਹੋ ਜਾਏ ਪਾਠ ਕੈ ਤਾਂ ਇਹਦਾ ਅਰਥ ਹੋ ਗਿਆ ਜਾਂ ਜਾਣਦਾ ਹੈ ਸਤਿਗੁਰੂ ਸੂਰਮਾ, ਤੇ ਜੇ ਹੋ ਜਾਏ ਕੇ ਜਾਣੈ ਗੁਰ ਸੂਰਾ—ਤਾਂ ਕੀ ਜਾਣਦੈ ਗੁਰ ਸੂਰਾ। ਤਾਂ ਕਿੰਨਾ ਅਨਰਥ ਹੋ ਗਿਆ। ਸਾਹਿਬਾਂ ਨੇ ਬਾਣੀ ਨੂੰ ਸ਼ੁੱਧ ਪੜ੍ਹਨ ਵਾਸਤੇ, ਸਤਿਗੁਰੂ ਰਾਮ ਸਿੰਘ ਜੀ ਨੇ ਵੀ, ਤੁਸੀਂ ਕੱਲ੍ਹ ਏਥੇ ਸੁਣਦੇ ਸਓ ਕਿ—ਅੱਖਰ ਵਿਚਾਰ ਕੇ ਸ਼ੁੱਧ ਅੱਖਰ ਪੜ੍ਹਨੇ। ਹੁਣ ਏਥੇ ਅਸੀਂ ਜਿਸ ਵੇਲੇ ਪੜ੍ਹਦੇ ਹਾਂ, ਜੇਤੇ ਜੀਅ, ਬਹੁਤ ਸੱਜਣ ਇਉਂ ਪਾਠ ਕਰਦੇ ਹਨ—ਜੇਤੇ ਜੀਅ ਜੀਵਾਲੇ ਸਾਹਾ—ਪਾਠ ਜੀਵਾਲੇ ਨਹੀਂ ਹੈ, ਅੱਖਰ ਹੈ, ਜੀਵਹਿ ਲੈ ਸਾਹਾ। ਜਜੇ ਦੇ ਅੱਗੇ ਵਾਵਾ ਮੁਕਤਾ ਹੈ, ਵਾਵੇ ਦੇ ਅੱਗੇ ਹਾਹੇ ਨੂੰ ਸਿਹਾਰੀ ਹੈ। **ਜੇਤੇ ਜੀਅ ਜੀਵਹਿ ਲੈ ਸਾਹਾ**—ਜੀਵਾਲੇ ਤਾ ਕਿ ਅਸਾਹਾ— ਸਾਹ ਲਏ ਬਿਨਾਂ ਜੀਵ ਨਹੀਂ ਨ ਜਿਊਂਦਾ, ਕਹਿੰਦੇ ਨੇ, ਜੇ ਉਹਦੀ ਮਰਜ਼ੀ ਹੋਏ ਤਾਂ ਅਸਾਹ ਵੀ ਜਿਵਾ ਸਕਦਾ ਹੈ, ਬਿਨਾਂ ਸਾਹਾਂ ਤੋਂ। ਕਿਉਂਕਿ ਇਹ ਤੁਕਾਂ ਦੱਸਦੀਆਂ ਹਨ–

**ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ।**

*– ਮ:੫, ਪੰਨਾ-੨੭੭*

ਭਾਵੇਂ ਇਸ ਦਾ ਅਰਥ ਇਹ ਕਰੇ ਕਿ ਸ੍ਵਾਸ ਪੂਰੇ ਹੋਇਆਂ ਤੋਂ ਬਿਨਾਂ ਪਰ ਇਹ ਵੀ ਹੋ ਸਕਦਾ ਹੈ—ਕਿ ਬਿਨਾਂ ਸਾਹਾਂ ਤੋਂ ਵੀ ਰੱਖ ਸਕਦਾ ਹੈ।

**ਨਾਨਕ ਜਿਉ ਜਿਉ ਸਚੇ ਭਾਵੈ, ਤਿਉ ਤਿਉ ਦੇਇ ਗਿਰਾਹ[੮]।।**

*– ਮ:੧, ਪੰਨਾ-੧੪੪*

ਜਿਸ ਤਰ੍ਹਾਂ ਉਸ ਦੀ ਰਜ਼ਾ ਹੈ। ਇੱਕੋ ਚੀਜ਼ ਦੀ ਲੋੜ ਹੈ ਉਹ ਕਰੇ ਬਖਸ਼ਿਸ਼, ਉਹ ਕਰੇ ਕਿਰਪਾ, ਉਹ ਜੋ ਕਰਦਾ ਹੈ ਸਾਨੂੰ ਚੰਗਾ ਲੱਗੇ। ਜੇ ਸਾਨੂੰ ਚੰਗਾ ਨਹੀਂ ਲੱਗਦਾ, ਹੁੰਦਾ ਓਹੀ ਹੈ ਜੋ ਉਹਨੇ ਕਰਨਾ ਹੈ, ਭਾਵੇਂ ਅਸੀਂ ਰੋ ਕੇ ਮੰਨੀਏ, ਭਾਵੇਂ ਅਸੀਂ ਹੱਸ ਕੇ ਮੰਨੀਏ, ਭਾਵੇਂ ਰਾਜ਼ੀ ਹੋ ਕੇ ਮੰਨੀਏ ਨਾ ਮੰਨੀਏ। ਜੇ ਸਾਡਾ ਪੁੱਤਰ ਮਰਨਾ ਹੈ ਤਾਂ ਮਰ ਜਾਣਾ ਹੈ—ਜੇ ਸਾਡਾ ਹੱਥ ਟੁੱਟਣਾ ਹੈ, ਟੁੱਟ ਜਾਣਾ ਹੈ—ਜੇ ਸਾਡੀ ਲੱਤ ਟੁੱਟਣੀ ਹੈ ਤਾਂ ਟੁੱਟ ਜਾਣੀ ਹੈ।

## ਭਾਣਾ ਮੰਨਣ ਵਾਲੇ ਗੁਰਸਿੱਖ

ਜੇ ਉਹ ਕਰੇ ਕਿਰਪਾ ਤੇ ਫੇਰ ਜੇ ਉਹਦੇ ਹੋਏ, ਉਹਦੇ ਹੁਕਮ ਵਿੱਚ। ਬਾਬਾ ਬੁੱਢਾ ਸਿੰਘ ਜੀ, ਬਾਬੇ ਵਾਲੀ ਵਾਂ ਜੀਹਦਾ ਨਾਂ ਸੀ, ਉਹਨਾਂ ਮਹਾਂਪੁਰਖਾਂ ਦੇ ਪ੍ਰਗਟ ਹੋਣ ਨਾਲ, ਤਰਨ ਤਾਰਨ ਦੇ ਪਾਸ ਵਾਂ ਬਾਬੇ ਬੁੱਢਾ ਸਿੰਘ ਵਾਲੀ ਵਿੱਚ ਮਸ਼ਹੂਰ ਹੈ—ਇਹ ਗੱਲ। ਇਹ ਬਾਬਾ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਇੱਕ ਦਿਨ ਬੈਠਿਆਂ ਜੁੱਤੀ ਲਾਹੀ ਹੈ, ਜੁੱਤੀ ਲਾਹ ਕੇ ਲੱਤ ਰੱਖੀ ਹੈ ਵਿੱਚ ਦਾਣਿਆਂ ਦੇ। ਵਿਸਾਖ, ਜੇਠ ਦੇ ਦਿਨ ਹਨ। ਦਾਣਿਆਂ ਦਾ ਬੋਹਲ ਤੋਲਣ ਲੱਗੇ ਹਨ, ਫੜ ਕੇ ਤੱਕੜੀ। ਤੱਕੜੀ ਫੜੀ ਹੋਈ ਹੈ, ਬੋਹਲ ਤੋਲਦਿਆਂ ਅਗਲੇ ਪਾਸੇ ਇੱਕ ਵਾ ਵਰ੍ਹੋਲਾ ਖਲੋਤਾ ਆ ਕੇ। ਏਥੇ ਤਾਂ ਵਾ ਵਰ੍ਹੋਲੇ ਨੂੰ ਥਾਂ ਨਹੀਂ, ਨਾ ਘੱਟਾ ਉੱਡੇ, ਨਾ ਪਤਾ ਲੱਗੇ। ਸਾਡੇ ਸਾਰੇ ਸੱਜਣ ਪੰਜਾਬੀ ਹਨ, ਇਹ ਜਾਣਦੇ ਹਨ। ਵਰ੍ਹੋਲਾ ਆ ਖਲੋਤਾ, ਵਰ੍ਹੋਲਾ ਅੱਗ ਦਾ ਹੈ, ਉਹ ਮਿੱਟੀ ਵਾਲਾ ਨਹੀਂ। ਉਹਦੇ ਚੋਂ ਆਵਾਜ਼ ਆਉਂਦੀ ਹੈ,''ਜੇ ਮੈਨੂੰ ਮਿਲਣਾ ਹੈ ਤਾਂ ਮੇਰਾ ਨਾਮ ਰਾਮ ਸਿੰਘ ਹੈ, ਲੁਧਿਆਣੇ ਦੇ ਚੜ੍ਹਦੇ ਵਾਲੇ ਪਾਸੇ ਨੌਂ ਕੋਹ ਆ ਕੇ ਮੇਰਾ ਦਰਸ਼ਨ ਕਰ।''

ਆਪਣੀ ਗੱਲ ਯਾਦ ਰੱਖਣੀ। ਇਹ ਤਾਂ ਭਾਣਾਂ ਮੰਨਣ ਵਾਲਿਆਂ ਦੀ ਗੱਲ ਹੈ। ਬਾਬਾ ਜੀ ਤੁਰ ਪਏ ਹਨ। ਤੁਰੇ ਜਾਂਦੇ-ਜਾਂਦੇ ਨਾ ਦਰਿਆ ਆਇਆ ਹੈ—ਨਾ ਬਿਆਸਾ ਆਇਆ—ਨਾ ਸਤਲੁਜ। ਉਸੇ ਤਰ੍ਹਾਂ ਹੀ ਲੰਘ ਗਏ ਨੇ, ਅੱਗੇ ਅੱਗੇ ਵਰ੍ਹੋਲਾ ਪਿੱਛੇ ਪਿੱਛੇ ਬਾਬਾ ਜੀ। ਇਹ ਕੋਈ ਉਹ ਗੱਲਾਂ ਨਹੀਂ ਜਿਹੜੀਆਂ ਦੋ ਚਾਰ ਸੌ ਸਾਲ ਦੀਆਂ ਹਨ। ਇਹ ਉਹ ਗੱਲਾਂ ਹਨ

ਜਿਹੜੀਆਂ ਸਾਹਮਣੇ ਅੱਖਾਂ ਦੇ ਵਰਤੀਆਂ ਹਨ। ਹੁਣ ਉਹ ਬਾਬੇ ਦੇ ਘਰੋਂ ਮਾਤਾ ਜੀਊਂਦੀ ਹੈ। ਜਦੋਂ ਹੀਰਾ ਪਿੰਡ ਦੇ ਕੋਲ ਗਏ, ਜਿੱਥੋਂ ਡੇਢ ਦੋ ਮੀਲ ਭੈਣੀ ਸਾਹਿਬ ਚੜ੍ਹਦੇ ਪਾਸੇ ਪਹਾੜ ਦੀ ਗੁੱਠ 'ਚ ਹੈ, ਵਰ੍ਹੋਲਾ ਖਤਮ ਹੋ ਗਿਆ। ਤਾਂ ਬਾਬੇ ਹੁਰਾਂ ਨੂੰ ਇਉਂ ਹੋ ਗਿਆ, ਜਿਵੇਂ ਸੁਪਨੇ ਚੋਂ ਜਾਗੇ ਹਨ। ਪੁੱਛਿਆ—ਬਈ, ਕੋਈ ਏਥੇ ਪਿੰਡ ਭੈਣੀ ਵੀ ਹੈ ? ਉਹਨਾਂ ਆਖਿਆ—ਇਧਰ ਹੈ। ਤੁਰ ਪਏ। ਚਲੇ ਗਏ। ਅੱਗੇ ਸਤਿਗੁਰੂ ਪਊਏ ਪਾਏ ਹੋਏ, ਗੜਵਾ ਹੱਥ 'ਚ ਫੜਿਆ ਹੋਇਆ ਤੇ ਰਸਤੇ 'ਚ ਮਿਲੇ। ਫਤਹਿ ਬੁਲਾਈ। ਪੁੱਛਿਆ —ਬਈ, ਇਸ ਪਿੰਡ 'ਚ ਕੋਈ ਰਾਮ ਸਿੰਘ ਵੀ ਹੈ ?

ਸਤਿਗੁਰਾਂ ਆਖਿਆ—ਹੈ।

ਪਿੰਡ 'ਚ ਚਲੇ ਗਏ ਇੱਕ ਜ਼ਿਮੀਂਦਾਰ ਦਾ ਨਾਂ ਵੀ ਸਤਿਗੁਰਾਂ ਦਾ ਨਾਂ ਸੀ। ਉਹਦੇ ਘਰ ਜਾ ਕੇ ਇਧਰ ਉਧਰ ਦੇਖਿਆ ਤਾਂ ਚਿਤ 'ਚ ਆਇਆ ਇਹ ਤਾਂ ਨਹੀਂ। ਉਸ ਨੂੰ ਪੁੱਛਿਆ—ਕੋਈ ਹੋਰ ਵੀ ਹੈ ?

ਉਹਨਾਂ ਆਖਿਆ—ਇੱਕ ਹੈ ਕਮਲਾ ਜਿਹਾ ਤਰਖਾਣ ਪਊਏ ਪਾਈ ਫਿਰਦਾ ਤੂੰ ਦੇਖਿਆ ਹੋਵੇਗਾ।

ਯਾਦ ਆਇਆ ਬਈ ਮੈਨੂੰ ਤਾਂ ਰਸਤੇ 'ਚ ਮਿਲੇ ਸਨ। ਮੁੜਿਆ ਗੁਰਦਵਾਰੇ ਤੋਂ ਦੱਖਣ ਵਾਲੇ ਪਾਸੇ ਇੱਕ ਮੀਲ ਦੇ ਕਰੀਬ ਇੱਕ ਛੱਪੜ ਸੀ, ਜਿਹਦੇ ਦੁਆਲੇ ਕਰੌਂਦਿਆਂ ਦੇ ਦਰੱਖ਼ਤ ਸਨ ਔਰ ਜਿਹਦੇ ਨੇੜੇ ਕੋਈ ਪਿੰਡ ਨਹੀਂ ਸੀ, ਜਲ ਬੜਾ ਸਵੱਛ ਸੀ। ਸਤਿਗੁਰ ਉੱਥੇ ਜਾ ਕੇ ਬੈਠ ਕੇ ਭਜਨ ਕਰਦੇ ਸੀ। ਚਲਾ ਗਿਆ, ਦਰਸ਼ਨ ਕੀਤਾ। ਜਿਸ ਵੇਲੇ ਦਰਸ਼ਨ ਕੀਤਾ, ਕਹਿਣ ਲੱਗੇ,''ਕਰਾਈਏ ਦਰਸ਼ਨ।'' ਗੁਰੂ ਨਾਨਕ ਦੇਵ ਤੋਂ ਲੈ ਕੇ ਗਿਆਰਾਂ ਹੀ ਪਿਛਲੇ, ਬਾਰ੍ਹਵੇਂ ਸਤਿਗੁਰ, ਆਸਣ ਵਿਛ ਗਏ, ਸਾਹਮਣੇ ਦਰਸ਼ਨ ਕੀਤਾ, ਕੋਈ ਇਹ ਸੁਫਨੇ ਦੀਆਂ ਗੱਲਾਂ ਨਹੀਂ। ਭਜਨ ਪੁੱਛਿਆ, ਸਿੱਖ ਬਣਿਆ, ਘਰ ਆ ਗਿਆ, ਰਹਿੰਦਾ ਰਿਹਾ। ਬੱਚਾ ਪੈਦਾ ਹੋਇਆ। ਮਸਤ ਹੋਇਆਂ, ਕੜਾਹ ਪ੍ਰਸ਼ਾਦ ਹੁੰਦਾ ਸੀ, ਭੁਜਦੇ ਆਟੇ 'ਚ ਬੱਚਾ ਚੁਰ 'ਚ ਸੁੱਟ ਦਿੱਤਾ। ਫੜ ਕੇ ਅਗਲਿਆਂ ਕੱਢਿਆ। ਕੱਢ ਕੇ ਰੱਖਿਆ ਬਾਹਰ, ਅਤੇ ਇਸ ਤਰ੍ਹਾਂ ਬਾਂਹ ਫੇਰਦਾ ਰਿਹਾ ਵਿੱਚ, ਕਹਿੰਦਾ,''ਕਹੋ ਇਹਨੂੰ ਗਦਾ ਜੱਦੀ ਨੂੰ ਸੇਕ ਲਾਵੇ।''

ਕੁਛ ਚਿਰ ਬਾਅਦ ਇੱਕ ਦਿਨ ਐਸਾ ਵਕਤ ਆਇਆ, ਕਣਕ ਵੱਢ ਕੇ ਰੱਖੀ ਹੈ—ਭਰੀਆਂ। ਕਿਸੇ ਸੱਜਣ ਨੇ ਉਹ ਭਰੀਆਂ ਚੁੱਕ ਲਈਆਂ। ਭਰੀਆਂ ਚੁੱਕੀਆਂ, ਉਹਨਾਂ ਨੂੰ ਜਾ ਕੇ ਪੁੱਛਿਆ—ਬਈ, ਤੁਸੀਂ ਕਣਕ ਕਿਉਂ ਚੁੱਕੀ ਹੈ ? ਉਹਨਾਂ ਬੁੱਢਾ ਸਿੰਘ ਜੀ ਨੂੰ ਖੂਬ ਮਾਰਿਆ। ਮਾਰ ਖਾ ਕੇ, ਚੁੱਪ ਕਰ ਕੇ ਅੰਦਰ ਆ ਬੈਠਾ। ਘਰ ਆਏ ਤੋਂ ਬਾਅਦ ਪਿੰਡ 'ਚ ਤਹਿਸੀਲਦਾਰ ਆਇਆ। ਕਈ ਸੱਜਣਾਂ ਨੇ ਆਖਿਆ—ਬਈ, ਦੇਖੋ ਮਹਾਰਾਜ ! ਫਲਾਣਿਆਂ ਨੇ ਨਾਲੇ ਤਾਂ ਬਾਬਾ ਬੁੱਢਾ ਸਿੰਘ ਦੀਆਂ ਭਰੀਆਂ ਚੁੱਕ ਲਈਆਂ ਤੇ ਨਾਲੇ ਉਹਨੂੰ ਮਾਰਿਆ। ਬਾਬੇ ਹੁਰਾਂ ਦੇ ਸੱਟਾਂ ਵੱਜੀਆਂ ਹਨ, ਸਿਰ ਮੂੰਹ ਬੱਧਾ ਹੋਇਐ, ਘਰੋਂ ਸੱਦਿਆ, ਗਿਆ। ਤਹਿਸੀਲਦਾਰ ਕਹਿੰਦਾ—ਭਾਈ, ਕੀ ਗੱਲ ਹੈ ?

ਕਹਿੰਦਾ,''ਗੱਲ ਕਾਹਦੀ ਹੋਣੀ ਹੈ, ਪਹਿਲਾਂ ਉਹਨਾਂ ਨੂੰ ਕਹਿ ਕੇ ਭਰੀਆਂ ਚੁਕਵਾ ਦਿੱਤੀਆਂ, ਫੇਰ ਮੈਨੂੰ ਜਾ ਕੇ ਕਹਿੰਦੈ—ਪੁੱਛ, ਫੇਰ ਉਹਨਾਂ ਤੋਂ ਮਾਰ ਕਰਵਾ ਦਿੱਤੀ ਹੈ।''

ਭਾਣਾ ਮੰਨਣ ਵਾਲੇ ਗੁਰਸਿੱਖ-

**ਭਾਣੇ ਵਿਚਿ ਕੋ ਵਿਰਲਾ ਆਇਆ।**

*- ਮਾਰੂ ਮ:੩, ਪੰਨਾ-੧੦੬੩*

ਜਿਹਨਾਂ ਉੱਤੇ ਉਹ ਕਿਰਪਾ ਕਰੇ। ਅਸੀਂ ਪੜ੍ਹਦੇ ਹਾਂ, ਅਸੀਂ ਦੇਖਦੇ ਹਾਂ। ਗੁਰੂ ਅਰਜਨ ਦੇਵ ਦੇ ਵਕਤ ਭਾਈ ਭਿਖਾਰੀ ਗੁਜਰਾਤ ਦੇ ਰਹਿਣ ਵਾਲਾ, ਜਿਹਦੇ ਕੋਲ ਗੁਰਮੁਖ ਸਿੱਖ ਨੂੰ ਗੁਰੂ ਅਰਜਨ ਦੇਵ ਜੀ ਨੇ ਭੇਜਿਆ, ਜਿਹਦੇ ਘਰ ਪੁੱਤਰ ਦਾ ਵਿਆਹ ਹੋਣ ਵਾਲਾ ਹੈ, ਤੇ ਇੱਕ ਪਾਸੇ—ਭਾਈ ਭਿਖਾਰੀ—*ਕਿਰਤ ਕਮਾਵਤ ਟੂਟੀ ਦਰੀ ਕੋ ਗੰਢ ਲਾਵਤ।* ਇੱਕ ਪਾਸੇ ਦਰੀ ਬਣਾ ਕੇ ਰੱਖ ਰਿਹੈ, ਇੱਕ ਪਾਸੇ ਬਰੀਆਂ ਸੀਤੀਆਂ ਜਾਂਦੀਆਂ ਨੇ, ਗਹਿਣੇ ਬਣ ਰਹੇ ਹਨ, ਦੂਸਰੇ ਪਾਸੇ ਚਿਖਾ ਅੰਦਰ ਰੱਖੀ ਹੋਈ ਹੈ, ਚਿਖਾ ਤੇ ਚੰਦਨ ਤੇ ਖੱਫਣ ਸਿਉਂ ਕੇ ਰੱਖਿਆ ਹੋਇਐ ਅੰਦਰ। ਉਹ ਸਿੱਖ ਜਿਹੜਾ ਹੈ ਗਿਆ, ਕਹਿੰਦਾ ਹੈ—ਕੀ ਹੈ ਭਾਈ, ਇਹ ਕੀ ਰੱਖਿਆ ਹੈ ?

ਕਹਿੰਦਾ—ਭਾਈ ਤੇਰੇ ਸਾਹਮਣੇ ਹੀ ਸਭ ਕੁਛ ਹੋਣਾ ਹੈ।

ਅੱਛਾ ! ਲੜਕੇ ਦੀ ਜੰਞ ਚੜ੍ਹੀ, ਵਿਆਹ ਹੋਇਆ ਜਦੋਂ ਲੜਕੇ ਦਾ ਡੋਲਾ ਲੈ ਕੇ ਆਏ—ਸਾਡੇ ਮੁਲਕ ਦਾ ਰਿਵਾਜ਼ ਹੈ ਕਿ ਡੋਲਾ ਬਾਹਰ ਰੱਖਣਾ, ਪਿੰਡ ਦੀਆਂ ਮਾਈਆਂ ਲੈਣ ਜਾਂਦੀਆਂ ਨੇ—ਜਿਸ ਵੇਲੇ ਲੈਣ ਗਈਆਂ, ਉਸ ਵੇਲੇ ਲੜਕੇ ਨੂੰ ਸੂਲ ਹੋਇਆ, ਘਰ ਆ ਕੇ ਲੜਕਾ ਮਰ ਗਿਆ। ਭਾਈ ਭਿਖਾਰੀ ਨੇ ਉਹ ਦਰੀ ਜਿਸ ਨੂੰ ਗੰਢ ਲਾਉਂਦਾ ਸੀ, ਲਿਆ ਕੇ ਬਿਛਾ ਦਿੱਤੀ ਬੈਠਣ ਨੂੰ। ਉਹ ਜਿਹੜੀ ਚਿਖਾ ਦਾ ਸਾਮਾਨ ਅੰਦਰ ਰੱਖਿਆ ਸੀ, ਕੱਢ ਕੇ ਖੱਫਣ ਲਿਆਂਦਾ ਤੇ ਲੜਕੇ ਦਾ ਸਸਕਾਰ ਕਰਨ ਚਲੇ ਗਏ। ਗੁਰਮੁਖ ਸਿੱਖ ਦੇਖਦਾ ਰਿਹਾ। ਦੇਖਦਿਆਂ-ਦੇਖਦਿਆਂ ਆਂਹਦਾ,''ਭਾਈ ਭਿਖਾਰੀ, ਜੇ ਤੈਨੂੰ ਇਹ ਪਹਿਲਾਂ ਹੀ ਪਤਾ ਸੀ ਇਸ ਗੱਲ ਦਾ, ਤੂੰ ਸਤਿਗੁਰਾਂ ਕੋਲੋਂ ਇਸਦੀ ਉਮਰ ਮੰਗਦਾ।''

ਉਹ ਕਹਿੰਦਾ,''ਉਹ ਭੋਲਿਆ ਸਿੱਖਾ ਸਤਿਗੁਰਾਂ ਕੋਲੋਂ ਇਹ ਝੂਠੀਆਂ ਚੀਜ਼ਾਂ ਨਹੀਂ ਮੰਗੀਦੀਆਂ, ਸਤਿਗੁਰੂ ਕੋਲੋਂ ਨਾਮ ਦਾਨ ਤੇ ਸਿਦਕ ਦਾਨ ਮੰਗੋ।''

ਉੱਥੋਂ ਦੀ ਗੱਲ ਨਹੀਂ, ਇਸ ਵੇਲੇ ਵੀ ਸਤਿਗੁਰੂ ਦੀ ਬਖਸ਼ਿਸ਼ ਹੈ। ਭਾਈ ਜੈ ਸਿੰਘ ਹੁਰੀਂ ਵਲਟੋਹੇ 'ਚ ਸਾਡੇ ਪਿੰਡ ਚੋਂ ਉਹ ਚੰਗੇ ਜਿਮੀਦਾਰ, ਮੋਟੇ ਘਰ ਦੇ। ਲੜਕੇ ਦਾ ਵਿਆਹ ਆਇਆ ਹੋਇਆ। ਵਿਆਹ ਆਏ ਤੋਂ ਲੜਕੇ ਦਾ—ਲੜਕਾ ਰੱਸਾ ਖਿੱਚਦਾ ਆਉਂਦਾ ਸੀ, ਅੰਦਰ ਟੁੱਟ ਕੇ ਲੜਕਾ ਗੁਜ਼ਰ ਗਿਆ। ਦੋ ਦਿਨ ਰਹਿੰਦੇ ਸੀ। ਘਰ ਲਿਜਾ ਕੇ ਲੜਕੇ ਦਾ ਇਸ਼ਨਾਨ ਕਰਵਾ ਕੇ, ਵਿਆਹ ਵਾਲੀ ਪੁਸ਼ਾਕ ਪੁਵਾ ਕੇ, ਕੁਰਸੀ ਤੇ ਬਹਾਇਆ, ਮਗਰੋਂ ਚੁੱਕ ਕੇ ਤੁਰੇ, ਆਖਣ ਲੱਗਾ—ਰੋਣ ਵਾਲਾ ਮੇਰੇ ਘਰ ਕੋਈ ਨਾ ਆਵੇ।

**ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।।**

ਕਿਰਪਾ ਕਰੇ, ਭਾਣੇ ਵਿੱਚ ਕੋ ਸਿੱਖ ਆਵੇ। ਅਰਦਾਸ ਕਰਿਆ ਕਰੋ। ਉਹ ਐਵੇਂ ਨਹੀਂ ਗੁਰੂ ਅਰਜਨ ਦੇਵ ਨੇ—ਉਹਨਾਂ ਦੀ ਤਾਂ ਖੇਡ ਹੀ ਕੀ ਹੈ —ਉਹ ਤਾਂ ਸਾਨੂੰ ਦਿਖਾਉਣ ਵਾਸਤੇ ਕੌਤਕ ਕਰਦੇ ਹਨ—ਉਹਨਾਂ ਨੂੰ ਤਾਂ ਨਾ ਅੱਗ ਜਾਲੇ—ਨਾ ਉਹਨਾਂ ਨੂੰ ਧੁੱਪ ਸੇਕ ਦੇਵੇ—ਨਾ ਉਹਨਾਂ ਨੂੰ ਪਾਣੀ ਕੁਛ ਕ੍ਹਵੇ—ਉਹਨਾਂ ਦੇ ਤਾਂ ਹੁਕਮ 'ਚ ਪਉਣ ਪਾਣੀ ਹਨ—ਪਰ ਉਹ ਸਾਨੂੰ ਵਰਤ

ਕੇ ਦੱਸਦੇ ਹਨ–

**ਤੇਰਾ ਕੀਆ ਮੀਠਾ ਲਾਗੈ॥**

*– ਪੰਨਾ–੩੯੪*

ਸਤਿਗੁਰੂ ਤੋਂ ਮੰਗ ਮੰਗੀਏ—ਕਿ ਸਾਡੇ ਉੱਤੇ ਇਹ ਕਿਰਪਾ ਕਰਨ, ਕਿ ਜੋ ਉਹਨਾਂ ਨੂੰ ਭਾਵੇ ਉਹੋ ਹੀ ਚੰਗੀ ਲੱਗੇ।

**ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥**

*– ਤਿਲੰਗ ਮ:੪, ਪੰਨਾ–੭੨੬*

ਜਪੁ ਸਾਹਿਬ ਪੜ੍ਹਦੇ ਹੋ–

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਤੇ ਫੇਰ ਮੰਨ ਲੈਨੇ ਹਾਂ ਬੁਰੀ, ਜਿਦਣ ਚਾਰ ਪੈਸੇ ਖੁੱਸ ਜਾਂਦੇ ਹਨ, ਕੋਈ ਲੜ ਪੈਂਦੈ ਕਿਸੇ ਨਾਲ, ਨਾਰਾਜ ਹੋ ਜਾਂਦੇ ਹਾਂ। ਸਤਿਗੁਰੂ ਤੋਂ ਇਹ ਮੰਗ ਮੰਗੀਏ ਕਿ ਸਾਡੇ ਉੱਤੇ ਇਹ ਕਿਰਪਾ ਕਰ—

**ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ[੬] ਪਰਵਾਣੁ॥**

*– ਧਨਾਸਰੀ ਮ:੫, ਪੰਨਾ–੬੭੭*

—ਉਹੀ ਸਾਨੂੰ ਪਰਵਾਨ ਹੋਵੇ, ਉਹੀ ਸਾਨੂੰ ਚੰਗੀ ਲੱਗੇ, ਕਿਉਂਕਿ ਜੇ ਅਸੀਂ ਨਾ ਚੰਗੀ ਕਰਕੇ ਮੰਨੀਏ, ਹੋਣਾ ਉਹੋ ਹੀ ਹੈ। ਜੋ ਕੁਛ ਉਸਨੇ ਖੱਟਿਆ ਹੈ, ਕੋਈ ਨਹੀਂ ਰੋਕ ਸਕਦਾ। ਉਹ ਆਪ ਵੀ ਆਪਣੀ ਖੇਡ ਬਣਾ ਕੇ, ਰਚਨਾ ਰਚਕੇ—ਦੱਸੋ ਗੁਰੂ ਅਰਜਨ ਦੇਵ ਨੂੰ, ਜਿਸਦੇ ਹੁਕਮ ਵਿੱਚ ਪਉਣ, ਪਾਣੀ, ਧਰਤੀ, ਆਕਾਸ਼ ਹੈ, ਉਸਨੂੰ ਕੌਣ ਅੱਗ 'ਚ ਬਾਲ ਸਕਦਾ ਸੀ ? ਭਾਵੇਂ ਨਾ ਮੰਨੋ, ਪਰ ਉਹਨਾਂ ਨੇ ਕਰਕੇ ਵਿਖਾਇਆ। ਦੇਹ ਦੇ ਨਾਲ ਸਾਂਗ ਕਰਕੇ ਵਿਖਾਇਆ, ਉਹ ਗੁਰੂ ਗੋਬਿੰਦ ਸਿੰਘ ਸਾਹਿਬ–

*ਨੰਗਾ ਚਰਨ ਨਾ ਧਰਤ ਤੇ ਕਦੇ ਧਰਿਆ,*
*ਸੇਜਾਂ ਮਖਮਲੀ ਸੌਣ ਨੂੰ ਭਾਰੀਆਂ ਸਨ।*
*ਦਰਬਦਾਰ ਜਹੇ ਸੈਂਕੜੇ ਖੜ੍ਹੇ ਘੋੜੇ,*
*ਹਾਥੀ ਝੂਲਦੇ ਸਣੇ ਅੰਬਾਰੀਆਂ ਸਨ।*
*ਅੱਜ ਉਹ ਸਤਿਗੁਰੂ ਜੀ ਭਏ ਭੁੰਜੇ,*

*ਰਬਾ ਤੇਰੀਆਂ ਕੁਦਰਤਾਂ ਨਿਆਰੀਆਂ ਹਨ।*

ਪਰ ਕਿਆ—ਭਰਥਰੀ ਜੀ ਕਹਿੰਦੇ ਹਨ-

*ਕਹੂੰ ਭੂਮ ਆਸਨ ਸਿੰਘਾਸਨ ਪੈ ਬਾਸ ਕਹੂੰ,*
*ਕਹੂੰ ਭਿਛਾਹਾਰ ਕਹੂੰ ਬਿਅੰਜਨ ਅਹਾਰ ਹੈ।*

ਕਦੇ ਕਦੇ ਤਾਂ ਧਰਤੀ ਉੱਤੇ ਆਸਣ ਹੈ, ਕਦੇ ਕਦੇ ਸਿੰਘਾਸਨ ਉੱਤੇ ਹਨ, ਕਦੇ ਮੰਗ ਦਾ ਟੁਕੜਾ ਖਾਧਾ ਹੈ, ਕਦੇ ਛੱਤੀ ਪ੍ਰਕਾਰ ਦੇ ਭੋਜਨ ਖਾਧੇ ਹਨ।

*ਕਹੂੰ ਸਤ ਖੰਡ ਵਤੀ,*

ਕਦੇ ਤਾਂ ਸੱਤਾਂ ਦੀਪਾਂ ਦੇ ਮਾਲਕ ਹੋ।

*ਗੋਦੜੀ ਸੀ ਓਢੇ ਜਤੀ,*

ਤੇ ਕਦੇ ਗੋਦੜੀ ਪਹਿਨੀ ਹੋਈ ਹੈ।

*ਕੰਬਰ ਕੌ ਕਹੂੰ, ਦਿਗੰਬਰ ਕੌ ਧਾਰ ਹੈ।*

ਕਦੇ ਪਸ਼ਮ ਦੇ ਬਸਤ੍ਰ ਪਾਏ ਹੋਏ ਹਨ, ਕਦੇ ਨਿਰਾ ਹੀ ਨੰਗਾ—ਦਿਗੰਬਰ ਹੀ ਹੈ।

*ਤਦਪ ਨ ਸੰਤ ਜਨ, ਸੁਖੀ ਦੁਖੀ ਹੋਤ ਮਨ,*
*ਆਤਮਾ ਅਸੰਗ ਲਖੇ ਦੇਹ ਕੋ ਵਿਹਾਰ ਹੈ।*

ਉੱਥੇ ਦੁੱਖ ਸੁਖ ਨਹੀਂ ਹੁੰਦਾ, ਉਹ ਕਹਿੰਦੇ ਹਨ—ਦੇਹ ਦੇ ਨਾਲ ਇਹ ਚੀਜ਼ ਹੈ। ਸਾਨੂੰ ਨਾਲ ਨਹੀਂ ਲੱਗਿਆ ਕੁਛ। ਉਹ ਗੁਰੂ ਗੋਬਿੰਦ ਸਿੰਘ ਸਾਹਿਬ ਫੇਰ ਏਹੋ ਹੀ ਕਹਿੰਦੇ ਹਨ-

**ਯਾਰੜੇ ਦਾ ਸਾਨੂੰ ਸੱਥਰੁ ਚੰਗਾ,**

## ਸਤਿਗੁਰੂ ਦੇ ਆਸ਼ਕ

ਕਉਣ ਮਾਰਨ ਵਾਲਾ, ਕਉਣ ਕਰਨ ਵਾਲਾ ? ਸਾਹਿਬ ਚਮਕੌਰ ਦੇ ਕਿਲ੍ਹੇ ਵਿੱਚ ਬੈਠੇ ਹਨ। ਆਪਣੀ ਮੌਜ ਵਿੱਚ ਆਏ ਹਨ, ਦਿਖਾ ਰਹੇ ਹਨ ਸਿੱਖਾਂ ਨੂੰ—ਇੱਕ ਤੀਰ ਮਾਰਿਆ ਦਸ ਹਜ਼ਾਰ ਤੁਰਕ ਮਰ ਗਿਆ। ਦੂਸਰਾ ਤੀਰ ਚਲਾਇਆ ਦਸ ਹਜ਼ਾਰ ਮਰ ਗਿਆ। ਦਸ ਲੱਖ ਫੌਜ਼ ਸੀ, ਅਗਰ

ਸੌ ਤੀਰ ਚਲਦਾ ਤਾਂ ਇੱਕ ਵੀ ਨਹੀਂ ਸੀ ਰਹਿੰਦਾ, ਖਵਰੇ ਚਾਲੀ ਪੰਜਾਹ ਤੋਂ ਹੀ ਭਾਜੜ ਪੈ ਜਾਂਦੀ, ਪਰ ਕਹਿੰਦੇ—ਨਹੀਂ, ਨਰ ਲੀਲ੍ਹਾ ਹੈ। ਆਪਣੀ ਖੇਡ ਹੈ, ਨਹੀਂ ਏਦੂੰ ਅੱਗੇ ਪੈਰ ਧਰਨਾ। ਉਸੇ ਤਰ੍ਹਾਂ ਉੱਥੋਂ ਨਿਕਲੇ ਨੰਗੇ ਚਰਨ।

*ਮਨ ਚਲਾਣ ਸੇ ਆਲਸ ਆਇਓ,*
*ਆਕ ਫੂਲ ਕੋ ਭੋਗ ਲਗਾਇਓ।*

ਉਹਨੂੰ ਕਾਹਦੇ ਅਮਲ—ਕਾਹਦੀਆਂ ਗੱਲਾਂ—ਪਰ ਉਹ ਰਸਤੇ ਤੁਰੇ ਜਾਂਦਿਆਂ ਨੂੰ ਦੇਖਣ ਮਾਤਰ ਆਲਸ ਹੋਇਆ, ਤੇ ਅੱਕ ਦੀਆਂ ਕੀਰਕੀਆਂ ਕੱਢ ਕੇ, ਅੱਕ ਦੇ ਫੁੱਲ ਖਾਧੇ, ਉਹ ਅਫੀਮ ਦੀ ਜਗ੍ਹਾ। ਖਾਣਾ ਪੀਣਾ ਕੀ ਸੀ, ਉਹ ਸਾਰੀ ਸ੍ਰਿਸ਼ਟੀ ਨੂੰ ਅਮਲ ਦੇ ਸਕਦਾ ਹੈ, ਪਰ ਇਹ ਇੱਕ ਦੇਹ ਕਰਕੇ ਖੇਡਾਂ ਬਣਾਈਆਂ। ਜੇ ਉਹ ਚਾਹੁੰਦਾ ਤਾਂ ਸੈਦ ਖਾਂ ਜਿਸ ਵੇਲੇ ਅੱਗੇ ਆਇਆ, ਇੱਕੋ ਹੀ ਨਿਗਾਹ..............। ਦਿਵਾਨ ਨੰਦ ਲਾਲ ਜੀ, ਜਿਹੜੇ ਗੁਰੂ ਗੋਬਿੰਦ ਸਿੰਘ ਦੇ ਆਸ਼ਿਕ..........। ਅਨੰਦਪੁਰ ਸੰਤ ਸੰਪੂਰਨ ਸਿੰਘ ਜੀ ਸਨ, ਬੜੇ ਮਹਾਂਪੁਰਖ, ਵੈਦਕ ਵੀ ਕਰਦੇ ਸਨ, ਲੰਗਰ ਵੀ ਲੋਕਾਂ ਨੂੰ ਦਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ, ਸਤਿਗੁਰਾਂ ਨੂੰ ਮਿਲੇ। ਲੋਕਾਂ ਨੂੰ ਨਹੀਂ ਪਤਾ, ਅਸੀਂ ਵੀ ਉਹਨਾਂ ਦਾ ਦਰਸ਼ਨ ਕੀਤਾ, ਬਿਰਦ ਹੋਇਆਂ ਦਾ, ਜਾ ਕੇ ਸੰਮਤ ਅਠਾਹਠ ਬਿਕਰਮੀ ਵਿੱਚ। ਪੰਡਤ ਬਸੰਤ ਸਿੰਘ ਹੁਰੀਂ ਉਹਨਾਂ ਕੋਲ ਪੜ੍ਹਦੇ ਰਹੇ। ਕਹਿੰਦੇ—ਭਾਈ ਬਸੰਤ ਸਿੰਹਾਂ ਇਹ ਪੁਜਾਰੇ ਤਾਂ ਸੜਦੇ ਰਹਿੰਦੇ, ਮੈਂ ਤਾਂ ਜਦੋਂ ਸਤਿਗੁਰੂ ਆਉਂਦੇ ਕੋਲ ਹੀ ਰਹਿੰਦਾ ਜਾ ਕੇ। ਉਹ ਸੰਤ ਕਹਿੰਦੇ ਸੀ—ਦਿਵਾਨ ਜੀ ਕੈਸੇ ਸਨ ਆਸ਼ਿਕ, ਸਤਿਗੁਰੂ ਗੋਬਿੰਦ ਸਿੰਘ ਜੀ ਦੇ। ਕਿਉਂਕਿ ਮਹਾਰਾਜ ਨੇ ਬਾਣੀ 'ਚ ਇਹ ਲਿਖਿਆ ਹੈ—

**ਦਰ ਦਰਸਨ ਕਾ ਪ੍ਰੀਤਮੁ ਹੋਵੈ,**
**ਮੁਕਤਿ ਬੈਕੁੰਠੈ ਕਰੈ ਕਿਆ।।**

*– ਆਸਾ ਮ:੧, ਪੰਨਾ–੩੬੦*

—ਜਿਹੜਾ ਦਰਸ਼ਨ ਦਾ ਆਸ਼ਿਕ ਹੈ। ਦੁਨੀਆਂ ਦਾ ਸੁਖ ਹੈ ਵੱਡਾ,

ਰਾਜ—ਰਾਜ ਤੋਂ ਅੱਗੇ ਲੋਕਾਂ ਮੰਨਿਆ ਸਵਰਗ—ਸਵਰਗ ਤੋਂ ਅੱਗੇ ਮੰਨਿਆ ਬੈਕੁੰਠ—ਬੈਕੁੰਠ ਤੋਂ ਅੱਗੇ ਮੰਨੀ ਹੈ ਮੁਕਤਿ—ਪਰ ਜਿਹੜੇ ਮਹਾਂਪੁਰਖ, ਸਤਿਗੁਰੂ ਦੇ ਸੇਵਕ ਹਨ, ਉਹ ਏਦੂੰ ਵੀ ਜ਼ਰਾ ਅੱਗੇ ਰਹਿੰਦੇ ਹਨ। ਉਹ ਥਾਂ ਹੈ ਜੀਵਨ ਮੁਕਤ ਦਾ।

**ਬੇਣੀ ਕਹੈ ਸੁਨਹੁ ਰੇ ਭਗਤਹੁ, ਮਰ ਨ ਮੁਕਤਿ ਕਿਨਿ ਪਾਈ।।**

*– ਪੰਨਾ-੯੩*

ਨਾਮਾ ਕਹਿੰਦੈ–

**ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨਾ ਜਾਨੈ ਕੋਇਲਾ।।**

*– ਪੰਨਾ-੧੨੯੨*

ਜੀਊਂਦੇ ਹੀ ਮੁਕਤ ਹੋ ਗਏ। ਉਹ ਇਨ੍ਹਾਂ ਗੱਲਾਂ ਤੋਂ ਛੁੱਟ ਗਏ। ਜਿਸ ਤਰ੍ਹਾਂ ਅਕਾਲ ਪੁਰਖ ਨਿਰਗੁਣ ਵੀ ਬਣ ਜਾਂਦਾ ਹੈ, ਸਰਗੁਣ ਵੀ, ਉਹ ਵੀ ਉਹਦੇ ਨਾਲ ਹੀ ਬਣ ਜਾਂਦੇ ਹਨ, ਉਹਦਾ ਰੂਪ ਹੋ ਜਾਂਦੇ ਹਨ। ਦਿਵਾਨ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ਿਕ ਸਨ। ਸਾਹਿਬਾਂ ਦਾ ਰਾਜਸੀ ਠਾਠ ਹੈ। ਜਿਸ ਵੇਲੇ ਰਾਤ ਨੂੰ ਕਿਲ੍ਹੇ ਵਿੱਚ ਜਾਂਦੇ ਹਨ, ਦਰਵਾਜ਼ਾ ਬੰਦ ਹੁੰਦਾ ਹੈ। ਤਾਂ ਦਿਵਾਨ ਨੰਦ ਲਾਲ ਜੀ ਸਾਰੀ ਰਾਤ ਸਿਰ ਲਾ ਕੇ ਤਖਤਿਆਂ ਦੇ ਨਾਲ ਰੋਂਦਾ ਰਹਿੰਦਾ ਹੈ—ਹਾਏ ਸੂਰਜ ਛਿਪ ਗਿਆ ! ਹਾਏ ਸੂਰਜ ਛਿਪ ਗਿਆ। ਜਦੋਂ ਸਵਾ ਪਹਿਰ ਦੇ ਤੜਕੇ ਸੱਚੇ ਪਾਤਸ਼ਾਹ ਦਰਵਾਜ਼ਾ ਖੋਲ੍ਹਦੇ, ਆਹਾ ਸੂਰਜ ਚੜ੍ਹ ਆਇਆ। ਤਾਂ, ਉਸ ਹਾਲਤ 'ਚ ਹੀ ਦਿਵਾਨ ਜੀ—ਗੁਰੂ ਗੋਬਿੰਦ ਸਿੰਘ ਦੇ ਪਹਿਲਾਂ ਜਿੱਥੇ ਲਿਖਣ ਲਗਦੇ ਹਨ ਗਜ਼ਲਾਂ–

*ਹਵਾਏ[੧੦] ਬੰਦਗੀ ਆਵੁਰਦ[੧੧] ਦਰ[੧੨] ਵਜੂਦ[੧੩] ਮਰਾ[੧੪]।*

*– ਗਜ਼ਲ ੧*

ਕਹਿੰਦੇ ਨੇ—ਤੇਰੇ ਦਰਸ਼ਨ ਦੀ ਖਾਹਿਸ਼, ਤੇਰੀ ਬੰਦ ਦੀ ਖਾਹਿਸ਼ ਮੈਨੂੰ ਲਿਆਈ ਏਥੇ, ਵਜੂਦ ਮੇਰਾ ਬਣਿਆ।

*ਵਗਰਨਹ[੧੫] ਜ਼ੌਕਿ[੧੬] ਚੁਨੀਂ[੧੭] ਆਮਦਨ[੧੮] ਨਬੂਦ[੧੯] ਮਰਾ।*

ਨਹੀਂ ਤੇ ਮੈਨੂੰ ਕੋਈ ਸ਼ੌਕ ਨਹੀਂ ਏਥੇ ਆਉਣ ਦਾ, ਮੈਨੂੰ ਕਿਸੇ ਗੱਲ ਦੀ ਹੋਰ ਲੋੜ ਨਹੀਂ ਸੀ ਬਿਨਾਂ ਤੇਰੇ ਦਰਸ਼ਨ ਤੋਂ। ਕਹਿੰਦੇ ਹਨ—

*ਖੁਸ਼ ਅਸ੍ਤੁ[20] ਉਮਰ ਕਿ[21] ਦਰ ਯਾਦਿ ਬਿਗੁਜ਼ਰਦ[22]।*

ਚੰਗੀ ਹੈ ਉਮਰ ਜਿਹੜੀ ਤੇਰੀ ਯਾਦ ਵਿੱਚ ਗੁਜ਼ਰੇ।

*ਵਰਨਾ[23], ਚਿ[24] ਹਾਸਲ[25] ਅਸ੍ਤੁ ਅਜ਼ੀ[26]*
*ਗੁੰਬਦਿ ਕਬੂਦ[27] ਮਰਾ।*

ਨਹੀਂ ਤਾਂ ਇਸ ਗੁੰਬਦ ਨੀਲੇ ਵਿੱਚੋਂ ਕੀ ਹਾਸਲ ਹੈ, ਜੇ ਤੇਰੀ ਯਾਦ ਨਹੀਂ। ਮਹਾਰਾਜ ਬਾਣੀ 'ਚ ਕਹਿੰਦੇ ਹਨ-

**ਖਾਣਾ ਪੀਣਾ ਹਸਣਾ ਬਾਦਿ[28]।।**
**ਜਬ ਲਗੁ ਰਿਦੈ ਨ ਆਵਹਿ ਯਾਦਿ।।**

*- ਆਸਾ ਮ:੧, ਪੰਨਾ-੩੫੧*

ਤਾਂ, ਉਹ ਪੁਰਸ਼, ਦਿਵਾਨ ਜੀ ਕਹਿੰਦੇ ਹਨ-

*ਦੀਨੋ ਦੁਨੀਆ ਦਰ ਕਮੰਦਿ, ਆਂ ਪਰੀ ਰੁਖ਼ਸਾਰਿ ਮਾ।*

ਸਾਹਿਬਾਂ ਦਾ ਇਸ਼ਨਾਨ ਕੀਤਾ ਹੋਇਐ, ਗੁਰੂ ਗੋਬਿੰਦ ਸਿੰਘ ਜੰਗ ਦੇ ਵਕਤ, ਸਾਰਿਆਂ ਵਕਤਾਂ 'ਚ ਸਵਾ ਪਹਿਰ ਤੜਕੇ ਇਸ਼ਨਾਨ ਕਰਦੇ ਸੀ ਸਣੇ ਕੇਸੀ। ਕਹਿੰਦੇ ਨੇ-

*ਦੀਨੋ[29] ਦੁਨੀਆ ਦਰ ਕਮੰਦਿ[30] ਆਂ ਪਰੀ ਰੁਖ਼ਸਾਰਿ[31] ਮਾ।*

*- ਗਜ਼ਲ-੨*

ਇਹ ਦੀਨ ਵੀ, ਦੁਨੀਆਂ ਵੀ, ਲੋਕ ਵੀ, ਪਰਲੋਕ ਵੀ, ਦੋਵੇਂ ਉਸ ਕਮੰਦ—ਫਾਹੀ 'ਚ, ਫਸੇ ਹੋਏ ਨੇ ਜਿਹੜੀ ਇੱਕੋ ਜ਼ੁਲਫ ਤੇਰੇ ਕੇਸ ਦੇ ਉੱਤੋਂ ਦੀ ਆਈ ਹੋਈ ਹੈ। ਫਿਰ ਕਹਿੰਦੇ ਹਨ-

*ਹਰ ਦੋ ਆਲਮ[32] ਕੀਮਤਿ,*
*ਯਕ[33] ਤਾਰਿ[34] ਮੂਏ ਯਾਰਿ[35] ਮਾ।*

ਮੇਰੇ ਯਾਰ ਦੇ ਇੱਕ ਕੇਸ ਦੀ ਕੀਮਤ ਦੋ ਲੋਕ ਹੈ। ਤਾਂ ਕਹਿੰਦਾ ਹੈ-

*ਮਾ ਨਮੇ ਆਰੇਮ[36] ਤਾਬਿ,[37]*

ਮੈਂ ਨਹੀਂ ਝੱਲ ਸਕਦਾ ਤਾਬ-

*ਗ਼ਮਜ਼ਾ[38] ਇ ਮਿਯਗਾਨਿ[39] ਊਂ[40]।*

ਤੇਰੇ ਇੱਕ ਨੇਤਰ ਦੇ ਕੋਣੇ ਦੀ। ਕਿਉਂ ? ਕਹਿੰਦਾ ਹੈ-

*ਯਕ ਨਿਗਾਹਿ ਜਾਂ ਫ਼ਜ਼ਾਇਸ਼,*[੪੧]

ਇੱਕੋ ਨਿਗਾਹ ਨਾਲ ਸਾਰੀ ਉਮਰ ਦਾ ਫੈਜ਼ ਮੈਨੂੰ ਪਹੁੰਚ ਗਿਆ।

*ਬਸ*[੪੨] *ਬਵਦ*[੪੩] *ਦਰਕਾਰਿ*[੪੪] *ਮਾ,*

*– ਗਜ਼ਲ-੨*

ਮੇਰੇ ਵਾਸਤੇ ਇਹੋ ਹੀ ਕਾਫੀ ਹੈ–

**ਕ੍ਰਿਪਾ ਕਟਾਖ੍ ਅਵਲੋਕਨੁ ਕੀਨੋ,**

ਗੁਰੂ ਸਾਹਿਬ ਲਿਖਦੇ ਹਨ ਬਾਣੀ 'ਚ–

**ਦਾਸ ਕਾ ਦੂਖੁ ਬਿਦਾਰਿਓ**[੪੫]**।।**

*– ਧਨਾਸਰੀ ਮ:੫, ਪੰਨਾ-੬੮੧*

ਤਾਂ ਉਹ ਲੋਕ, ਉਹ ਆਸ਼ਿਕ ਗੁਰੂ ਦੇ, ਉਹ ਕਿਸ ਤਰ੍ਹਾਂ ਦੇ ਹਨ ? ਹਨੂਮਾਨ—ਲੰਕਾ ਜਿੱਤੀ ਗਈ, ਫੈਸਲਾ ਹੋ ਗਿਆ—ਰਾਮਚੰਦਰ ਜੀ ਮਹਾਰਾਜ ਕਹਿੰਦੇ ਹਨ,''ਮੰਗ ?''

ਕਹਿੰਦਾ ਹੈ,''ਬਸ ਹੋਰ ਕੁਛ ਨਹੀਂ ਚਾਹੀਦਾ, ਜਿੱਥੇ ਤੂੰ ਹੋਵੇਂ ਤੇਰੇ ਨਾਲ ਜਾਈਏ, ਜਦੋਂ ਤੂੰ ਆਵੇਂ ਤੇਰੇ ਨਾਲ ਆਈਏ, ਹੋਰ ਕਿਸੇ ਗੱਲ ਦੀ ਖਾਹਿਸ਼ ਨਹੀਂ, ਕੁਛ ਲੋੜ ਨਹੀਂ ਰਹੀ।''

ਦਿਵਾਨ ਜੀ ਕਹਿੰਦੇ ਹਨ–

*ਹਜ਼ਾਰ ਖ਼ੁਲਦਿ*[੪੬] *ਬਰੀਂ ਰਾ ਬ-ਨੀਮ*[੪੭] *ਜੌ ਨ ਖਰੰਦ*[੪੮]*।*

*– ਗਜ਼ਲ ੩੦*

ਮੈਂ ਹਜ਼ਾਰ ਬਹਿਸ਼ਤ ਨੂੰ ਅੱਧੇ ਜੌਂ ਤੋਂ ਨਹੀਂ ਖਰੀਦਦਾ ਜਿੱਥੇ ਤੂੰ ਨਹੀਂ। ਤਾਂ ਉਹਨਾਂ ਲੋਕਾਂ ਨੂੰ ਦਰਸ਼ਨ ਦਾ ਪਤੈ। ਉਹ ਲੋਕ ਦਰਸ਼ਨ ਦੀ ਕੀਮਤ ਨੂੰ ਜਾਣਦੇ ਹਨ। ਉਹ ਕਹਿੰਦੈ ਨ–

*ਕੀਮਤਿ ਯਾਕੂਤ*[੪੯] *ਦਾਨਦ*[੫੦]*,*

ਦਿਵਾਨ ਨੰਦ ਲਾਲ ਕਹਿੰਦੈ—ਉਸ ਯਾਕੂਤ ਦੀ ਕੀਮਤ, ਉਸ ਮੋਤੀ ਦੀ ਕੀਮਤ, ਉਸ ਹੀਰੇ ਦੀ ਕੀਮਤ–

*ਚਸ਼ਮਿ*[੫੧] *ਗੌਹਰ*[੫੨] *ਬਾਰਿ ਮਾ।*

*– ਗਜ਼ਲ ੨*

–ਮੇਰੀ ਅੱਖ ਵੈਰਾਗ ਵਿੱਚ ਆ ਕੇ, ਅੱਖ ਚੋਂ ਪਾਣੀ ਦੇ ਮੋਤੀ ਵਰਸਾ ਕੇ, ਉਸਦੀ ਕੀਮਤ ਪਾਉਂਦੀ ਹੈ। ਜਿਹੜਾ ਸੰਤਾਂ ਦਾ ਸਤਿਗੁਰੂ ਬਿਲਾਸ, ਇੱਥੇ ਕਦੇ ਕਦੇ ਮੈਂ ਪੜ੍ਹਦਾ ਰਿਹਾਂ, ਧਿਆਨ ਸਿੰਘ ਹੁਰਾਂ ਦਾ—ਤੁਸਾਂ ਦੇਖਿਆ ਹੈ। ਇਹਨਾਂ ਮਹਾਤਮਾ ਕੋਲ ਮੈਂ ਪੜ੍ਹਦਾ ਰਿਹਾ। ਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਜਿੰਨਾਂ ਚਿਰ ਇਹ ਬੈਠੇ ਰਹਿੰਦੇ ਸੀ, ਇਹਨਾਂ ਦੇ ਨੇਤਰਾਂ ਦਾ ਜਲ ਨਹੀਂ ਸੀ ਬੰਦ ਹੁੰਦਾ, ਕਥਾ ਕਰੀ ਜਾਂਦੇ ਸੀ, ਨੇਤਰ ਵਗਦੇ ਜਾਂਦੇ ਸੀ। ਤਾਂ ਚੀਜ਼ ਹੈ ਇਹ, ਦੁਨੀਆਂ ਵਿੱਚ ਕਿਸੇ ਚੀਜ਼ ਦੀ ਹੋਰ ਗੱਲ ਨਹੀਂ। ਉਹਨਾਂ ਨੇ ਇੱਕੋ ਹੀ ਚੀਜ਼ ਦੇਖੀ, ਇੱਕੋ ਨੂੰ ਮੰਨਿਆ ਔਰ ਆਸ਼ਿਕ ਉਹ ਬਣੇ ਸਤਿਗੁਰੂ ਦੇ। ਸੋ ਸੱਜਣੋਂ, ਸਤਿਗੁਰੂ ਦੇ ਆਸ਼ਿਕ ਬਣੋ। ਇਹ ਦੁਨੀਆਂ ਦਾ ਪਤਾ ਨਹੀਂ, ਇਹ ਕਿੱਧਰ ਨੂੰ ਜਾਂਦੀ ਹੈ, ਕੀ ਹੋਵੇਗਾ। ਕਿਉਂਕਿ ਐਸ ਵੇਲੇ ਅੱਗ ਬਲ ਰਹੀ ਹੈ, ਔਰ ਅੱਗ ਕਾਹਦੀ ਬਲ ਰਹੀ ਹੈ—ਹਵਸ ਦੀ, ਈਰਖਾ ਦੀ। ਮੇਰੇ ਕੋਲ ਆਹ ਕੁਛ ਵੀ ਹੋਵੇ—ਆਹ ਵੀ ਹੋਵੇ—ਤੇ ਆਹ ਵੀ ਹੋਵੇ। ਤੁਸੀਂ ਤਾਂ ਬੜੇ ਛੋਟੇ-ਛੋਟੇ ਆਦਮੀ ਹੋ। ਕਿਸੇ ਨੂੰ ਬੜੀ ਖਾਹਿਸ਼ ਹੋਊ—ਮੇਰੇ ਕੋਲ ਲੱਖ ਦੋ ਲੱਖ ਟਿਕਲ ਹੋ ਜਾਏ, ਜਾਂ ਕਰੋੜ ਟਿਕਲ ਹੋ ਜਾਏ। ਉਹ ਏਡੇ ਏਡੇ ਵੱਡੇ-ਵੱਡੇ ਜਿਹੜੇ ਅਜ਼ਦਹਾ, ਵੱਡੇ ਸੱਪ ਬੈਠੇ ਹਨ, ਜਿਹੜੇ ਸਾਰੀ ਸ੍ਰਿਸ਼ਟੀ ਨੂੰ ਕਹਿੰਦੇ ਨੇ—ਕਿ ਮੈਂ ਮੂੰਹ 'ਚ ਪਾ ਲਵਾਂ। ਗੁਰੂ ਨਾਨਕ ਦੇਵ ਦਾ ਹੁਕਮ ਹੈ, ਉਹ ਇੱਕ ਦਿਨ ਆਉਂਣਾ ਹੈ, ਜਿਦਣ ਉਹਨਾਂ ਨੇ ਮਦੀਨੇ 'ਚ ਰੁਕਨਦੀਨ ਨੂੰ ਆਖਿਆ ਸੀ ਕਿ–

*ਮਾਇਆ ਇੱਕਠੀ ਕਰਕੇ ਲੰਗਰ ਦੇਉ ਲਾਏ।*
*ਨੰਗਾ ਭੁੱਖਾ ਆਰਥੀਆ, ਖਾਲੀ ਕੋਈ ਨਾ ਜਾਏ।*
*ਗਊਆਂ ਦੁੱਧ ਬਹੁ ਦੇਂਗੀ, ਪਰਬਤ ਦੇਂਗੇ ਲਾਲ।*
*ਮੇਵੇ ਸਭ ਤਰ ਦੇਂਗੇ, ਵੇਖਹਿ ਆਪ ਅਕਾਲ।*

*–ਕਰਨੀਨਾਮਾ*

ਕਿਸੇ ਦੀ ਅਪਣੱਤ ਹੀ ਨਾ ਕੋਈ ਚੀਜ਼ ਦੀ ਰਹਿ ਜਾਊ। ਵਕਤ ਆਉਣਾ ਹੈ, ਪਰ ਅਜੇ ਮਾਦਾ ਪ੍ਰਸਤ ਦੁਨੀਆ, ਅਜੇ ਸਾਂਇੰਸਦਾਨ ਦੁਨੀਆਂ, ਜਿਹੜੀ ਇਹ ਚਾਹੁੰਦੀ ਹੈ—ਕਿ ਮੈਂ ਦੂਜਿਆਂ ਨੂੰ ਖਾ ਜਾਵਾਂ, ਇਹ ਇੱਕ

ਵੇਰ ਖਤਮ ਹੋਣੀ ਹੈ। ਹੁਕਮ ਉਹਨਾਂ ਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਆਟੇ 'ਚ ਲੂਣ, ਪ੍ਰਿਥਵੀ 'ਚ ਬਾਗ੍ਹੀਂ ਕੋਹੀਂ ਦੀਵਾ ਬਲਣਾ ਹੈ। ਮਹਾਰਾਜ ਨੇ ਲਿਖਿਆ ਹੈ ਗੁਰੂ ਗੋਬਿੰਦ ਸਿੰਘ ਨੇ, ਉਸ ਚੀਜ਼ ਨੂੰ ਸਤਿਗੁਰੂ ਰਾਮ ਸਿੰਘ ਨੇ ਆਪਣੇ ਹੁਕਮਨਾਮੇ 'ਚ ਇਹ ਇੱਕ 'ਚ ਲਿਖਿਆ ਹੈ, ਭਾਈ ਖਾਲਸਾ ਜੀ ਹੋਰ ਵੀ ਸੁਣ ਲਓ ਸੰਸਾਰ ਦੇ ਦੁੱਖਾਂ ਦੀ ਗੱਲ–

*ਖਲਕ ਖਾਲਕ ਖੀਸ ਈਸ ਮੂਸ ਹਿੰਦੂ,*
*ਖਲਕ ਪੀਸ ਦਿਖਾਊ ਦੀਪ।*
*ਤੁਰਕ ਮੁਏ ਮੁੰਡੀਆ ਗਏ,*
*ਫੇਰ ਜਗਿਓ ਖਾਲਸਾ ਮੀਤ।*

ਖਾਲਸਾ ਕੌਣ ਹੈ ? ਗੁਰੂ ਗੋਬਿੰਦ ਸਿੰਘ ਕਹਿੰਦੈ–

**ਪੂਰਨ ਜੋਤ ਜਗੈ ਘਟ ਮੈ,**
**ਤਬ ਖਾਲਸ ਤਾਹਿ ਨ ਖ਼ਾਲਸ ਜਾਨੈ।।**

ਜਿਹਦੇ ਅੰਦਰ ਜੋਤ ਜਗੇ, ਜਿਹਦੇ ਅੰਦਰ ਸਤਿਗੁਰੂ ਦਾ ਨਿਵਾਸ ਹੋਵੇ —ਨਾ ਸਿੱਧੀ ਪੱਗ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ, ਨਾ ਦਾੜ੍ਹੀ ਨਾਲ, ਨਾ ਬਿਨਾਂ ਦਾੜ੍ਹੀ ਨਾਲ, ਜਿੰਨਾਂ ਚਿਰ ਜੋਤ ਨਹੀਂ ਜਗਦੀ, ਜਿੰਨਾਂ ਚਿਰ ਅੰਦਰ ਪ੍ਰਕਾਸ਼ ਨਹੀਂ ਹੁੰਦਾ, ਉਨਾਂ ਚਿਰ ਖਾਲਸਾ ਨਹੀਂ ਬਣ ਸਕਦਾ। ਉਹ ਕਹਿੰਦੈ–

**ਖ਼ਾਲਸਾ ਮੇਰੋ ਰੂਪ ਹੈ ਖ਼ਾਸ।।**
**ਖ਼ਾਲਸੇ ਮਹਿ ਹੌ ਕਰੌ ਨਿਵਾਸ।।**

ਤੇ ਜੇ ਖਾਲਸਾ ਕਿਸੇ ਦਾ ਬੁਰਾ ਹੀ ਚਿਤਵਦਾ ਰਹਿੰਦਾ ਹੈ, ਤੇ ਫੇਰ ਉਹ ਖਾਲਸਾ ਤਾਂ ਨਹੀਂ ਨਾ ਰਹਿ ਜਾਂਦਾ, ਅਖਾਲਸਾ ਹੋ ਜਾਂਦਾ ਹੈ। ਸਮਾਂ ਬਹੁਤ ਨੇੜੇ ਹੈ। ਸਤਿਗੁਰਾਂ ਦੇ ਹੁਕਮਾਂ ਅਨੁਸਾਰ ਆਪਣੀ ਗੱਲ ਨਹੀਂ, ਉਹਨਾਂ ਦੀ ਮਰਜ਼ੀ ਹੈ ਹੋਵੇ, ਹੋਰ ਭਾਵੇਂ ਕੁਛ ਕਰ ਦੇਣ। ਦੇਖੋ ਭਾਈ ਸੱਜਣੋਂ, ਇੱਥੇ ਤੁਸੀਂ ਆਏ ਹੋ, ਬੈਠੇ ਹੋ। ਜੇ ਤੁਸੀਂ ਇੱਕ ਦੂਜੇ ਦੇ ਨਾਲ ਮਿਲਕੇ ਬੈਠੇ ਹੋ, ਸਤਿਗੁਰੂ ਦੇ ਬਚਨ ਸੁਣ ਰਹੇ ਹੋ, ਤਾ ਸੁਖ ਵਿੱਚ ਬੈਠੇ ਹੋ। ਤੇ, ਜੇ ਚਿਤ 'ਚ ਹੋਵੇ ਕਿ ਤਰਲੋਕ ਸਿੰਘ ਮੇਰੇ ਨਾਲ ਕਿਉਂ ਲੱਗਿਐ, ਈਸ਼ਰ ਸਿੰਘ

ਮੇਰੇ ਕੋਲ ਕਿਉਂ ਬੈਠੈ, ਸਿੰਧੀ ਸੱਜਣ ਕਿਉਂ ਆਇਐ, ਉਹ ਚੀਨੀ ਪੱਗ ਵਾਲਾ ਕਿਉਂ ਬੈਠਾ ਹੈ, ਇਹ ਹੋਰ ਹੈ, ਤਾਂ ਕੀ ਬਣੇ ? ਜੇ ਤੁਸੀਂ ਇਸ ਤਰ੍ਹਾਂ ਬੈਠ ਕੇ ਕਥਾ ਸੁਣ ਸਕਦੇ ਹੋ, ਸਤਿਗੁਰਾਂ ਦੇ ਬਚਨ ਸੁਣ ਸਕਦੇ ਹੋ—ਤਾਂ ਇੱਕ ਚੀਜ਼ ਮੈਂ ਤੁਹਾਡੇ ਅੱਗੇ ਅਰਜ਼ ਕਰਕੇ ਸਮਾਪਤ ਕਰਦਾ ਹਾਂ। ਸਤਿਗੁਰੂ ਨੂੰ ਬਹੁਤ ਛੋਟਾ ਅਸੀਂ ਸਮਝਦੇ ਹਾਂ।

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।।**

*– ਬਿਲਾਵਲ ਮ:੧, ਪੰਨਾ-੭੯੫*

ਅਸੀਂ ਸਤਿਗੁਰੂ ਨੂੰ ਇਨਾਂ ਹੀ ਸਮਝਦੇ ਹਾਂ—ਕਿ ਸਾਡਾ ਦਾੜ੍ਹੀਆਂ ਕੇਸਾਂ ਵਾਲਿਆਂ ਦਾ ਹੀ ਹੈ—ਸਾਡਾ ਕਾਲੀਆਂ ਪੱਗਾਂ ਵਾਲਿਆਂ ਦਾ ਹੀ ਹੈ—ਸਾਡਾ ਚਿੱਟੀਆਂ ਪੱਗਾਂ ਵਾਲਿਆਂ ਦਾ ਹੈ। ਜੇ ਸਤਿਗੁਰੂ ਸਭ ਦਾ ਨਹੀਂ ਤਾਂ ਉਹ ਸਤਿਗੁਰੂ ਨਹੀਂ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਫੇਰ ਸਿੱਖਾਂ ਦਾ ਭਲਾ—ਕਾਲੀਆਂ ਵਾਲਿਆਂ ਦਾ—ਜਾਂ ਚਿੱਟੀਆਂ ਵਾਲਿਆਂ ਦਾ—ਮਾਲਾ ਵਾਲਿਆਂ ਦਾ—ਕਿ ਕਿਰਪਾਨਾਂ ਵਾਲਿਆਂ ਦਾ। ਸਰਬੱਤ ਦੇ ਭਲੇ ਵਿੱਚ ਤਾਂ ਸੱਪ ਵੀ ਆ ਜਾਣਗੇ, ਮੁਰਗੀਆਂ ਵੀ ਆ ਜਾਣਗੀਆਂ, ਫੇਰ ਆਂਡੇ ਕੀਹਦੇ ਖਾਵਾਂਗੇ। ਨਾਨਕ, ਇਸਦੇ ਅਰਥ ਅਗਰ ਕਰੀਏ—ਨਹੀਂ ਹੈ ਜਿਹਦੇ 'ਚ ਅਨ ਦਵੈਸ਼। ਨਾ-ਅਨ-ਅਕ—ਨਹੀਂ ਹੈ ਜਿਹਦੇ ਵਿੱਚ ਅਨ ਅਕਤਾ, ਅਨੇਕਤੂ ਨਹੀਂ—ਉਹ ਹੈ ਨਾਨਕ। ਤੇ ਫਿਰ ਜਿਸਦੇ ਵਿੱਚ ਅਨੇਕਤਾ ਨਹੀਂ, ਇੱਕੋ ਹੀ ਹੈ ਤੇ ਸਾਰੇ ਹੀ ਉਸਦੇ ਨੇ, ਫੇਰ ਕਿਸਨੂੰ ਮਾਰੀਏ ?

**ਜੇ ਤਉ[੫੩] ਪਿਰੀਆ[੫੪] ਦੀ ਸਿਕ[੫੫],**
**ਹਿਆਉ[੫੬] ਨ ਠਾਹੇ ਕਹੀ[੫੭] ਦਾ।।**

*– ਫਰੀਦ ਜੀ, ਪੰਨਾ-੧੩੮੪*

ਜਿਹਦਾ ਗਲ ਮਰੋੜੀਏ—ਜਿਹਨੂੰ ਦੁੱਖ ਦੇਈਏ—ਜਿਹਦੇ ਪੈਸੇ ਚੁਰਾਈਏ —ਜਿਹਦੇ ਲੈ ਕੇ ਖਾ ਕੇ ਵਿਸਾਹਘਾਤ ਕਰੀਏ ? ਮੇਰੀ ਅਰਜ਼ ਹੈ, ਸਾਧ ਸੰਗਤ ਅੱਗੇ, ਹੁਣ ਕੱਲ ਨੂੰ ਚਾਲੇ ਪੈਣੇ ਹਨ। ਇਹ ਪਤਾ ਨਹੀਂ, ਪਿਛਲੇ ਪਾਸੇ ਦੇਖੋ ਕੀ ਭਾਣਾ ਵਰਤਦਾ ਹੈ। ਉਹ ਗੌਰਮਿੰਟ ਪੰਜ ਸਾਲ ਦੇ ਪਲੈਨ ਬਣਾਉਂਦੀ ਹੈ। ਉਹ ਪੰਜਾਂ ਘੰਟਿਆਂ ਵਿੱਚ, ਪੰਜਾਂ ਮਿੰਟਾਂ ਵਿੱਚ ਪਲੈਨ ਉਡਾ

ਦਿੰਦਾ ਹੈ। ਜੋ ਚਾਹੁੰਦਾ ਹੈ ਸੋ ਕਰਦਾ ਹੈ। ਉਹਦੀ ਰਜ਼ਾ ਹੈ। ਉਹ ਚਾਹੇ ਤੇ-

**ਹਰਨ[੫੮] ਭਰਨ[੫੯] ਜਾ ਕਾ ਨੇਤ੍ਰ ਫੋਰੁ[੬੦]।।**

*- ਗਉੜੀ ਮ:੫, ਪੰਨਾ-੨੮੪*

ਜੇ ਚਾਹੇ ਨੇਤ੍ਰ ਮੀਟੇ ਤਾਂ ਸਾਰੀ ਸ੍ਰਿਸ਼ਟੀ ਲੈਅ ਕਰ ਦੇਵੇ, ਚਾਹੇ ਖੋਲ੍ਹੇ ਕਈ ਸ੍ਰਿਸ਼ਟੀਆਂ ਰਚ ਦੇਵੇ। ਭਾਈ ਗੁਰਦਾਸ ਜੀ ਕਹਿੰਦੇ ਹਨ, ਸਤਿਗੁਰੂ ਮੇਰਾ ਕੈਸਾ ਹੈ ?

*ਰੋਮ ਰੋਮ ਕੋਟਿ ਬ੍ਰਹਿਮਾਂਡ ਕੋ ਨਿਵਾਸ ਜਾਸੁ,*

ਜਿਸ ਦੇ ਇੱਕ ਇੱਕ ਰੋਮ ਵਿੱਚ, ਕਰੋੜ ਕਰੋੜ ਬ੍ਰਹਿਮੰਡ ਹੈ, ਕਰੋੜ ਕਰੋੜ ਸ੍ਰਿਸ਼ਟੀ ਹੈ। ਉਹ-

*ਮਾਨਸ ਅਉਤਾਰ ਧਾਰਿ ਦਰਸ ਦਿਖਾਏ ਹੈ।*

ਉਹ ਮਨੁੱਖ ਦੇਹ ਬਣਾ ਕੇ—ਕਦੇ ਗੁਰੂ ਨਾਨਕ—ਕਦੇ ਸਤਿਗੁਰੂ ਰਾਮ ਸਿੰਘ—ਗੁਰੂ ਹਰੀ ਸਿੰਘ—ਗੁਰੂ ਗੋਬਿੰਦ ਸਿੰਘ ਬਣ ਕੇ—*ਉਹ ਮਾਣਸ ਅਵਤਾਰ ਧਾਰ ਦਰਸ ਦਿਖਾਏ ਹੈ।*

*ਜਾ ਕੇ ਓਅੰਕਾਰ ਕੈ ਆਕਾਰ ਹੈ ਨਾਨਾ ਪ੍ਰਕਾਰ,*

ਕਹਿੰਦੇ ਨੇ—ਕਿ ਸ੍ਰਿਸ਼ਟੀ ਰਚੀ ਓਅੰਕਾਰ ਕਹਿ ਕੇ, ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਰਚੀ। ਕਹਿੰਦੇ ਨੇ-

*ਸ੍ਰੀ ਮੁਖ ਸਬਦ ਗੁਰ ਸਿਖਨੁ ਸੁਨਾਏ ਹੈ।*

*- ਕਬਿਤ-੩੫*

ਉਹ ਆਪਣੇ ਮੁਖਾਰਬਿੰਦ ਤੋਂ ਦੱਸਿਆ—ਲਓ ਭਾਈ, ਕਲਜੁਗ—

*ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤਿ ਪਾਈ।।*

*- ਵਾਰ ੧, ਪਉੜੀ ੨੮*

—ਕਲਜੁਗ ਵਿੱਚ ਨਾਮ ਜਪੇ ਤੋਂ ਬਗੈਰ ਗਤੀ ਨਹੀਂ ਕਦੇ ਹੋ ਸਕਦੀ। ਨਾਮ ਜਪਿਆ ਕਰੋ—ਅਰਦਾਸ ਕਰਿਆ ਕਰੋ—ਇੱਕ ਦੂਜੇ ਨਾਲ ਪਿਆਰ ਕਰਿਆ ਕਰੋ। ਫੇਰ ਆਖਿਆ—ਕਿ ਮਹਾਰਾਜ ਹੋਊ ਆਟਾ ਸਣੇ ਰਾਜਾ ਪਰਜਾ, ਨਹੀਂ ਦਲੀਆ ਤਾਂ ਜਰੂਰ ਹੋਊ। ਕਹਿੰਦੇ ਨੇ—ਬਚਣ ਦਾ ਉਪਾਅ

ਹੈ ? ਗੁਰੂ ਸਾਹਿਬ ਕਹਿੰਦੇ ਨੇ—ਬਚਣ ਦਾ ਉਪਾਅ ਹੈ—ਨਾਮ।

**ਭੈ ਨਾਸਨ ਦੁਰਮਤਿ[੬੧] ਹਰਨ ਕਲਿ[੬੨] ਮੈ ਹਰਿ ਕੋ ਨਾਮੁ।।**
**ਨਿਸਿ ਦਿਨੁ[੬੩] ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ।।**

*– ਪੰਨਾ-੧੪੨੭*

ਹੁਣ ਇਧਰ ਅੱਗੇ ਨਹੀਂ ਤੁਰਦੇ। ਭਜਨਾ, ਸਿਮਰਨਾ—ਕੁਛ ਇਹ ਵੀ ਆਪੋ ਆਪਣੇ ਥਾਂ ਰੱਖਦੇ ਹਨ। ਮੈਂ ਹੁਣ ਇਸ ਵੇਲੇ ਨਹੀਂ ਹੋਰ ਕੁਛ ਕਹਿ ਸਕਦਾ। ਅਰਜ਼ ਕਰਦਾ ਹਾਂ ਸਾਧ ਸੰਗਤ ਅੱਗੇ, ਸਾਧ ਸੰਗਤ ਨੂੰ ਸਿੱਖਿਆ ਦੇਣ ਦੀ ਗੱਲ ਨਹੀਂ।

**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ।।**

*– ਮ:੨, ਪੰਨਾ-੧੫੦*

ਮੈਂ ਅਰਜ਼ ਕਰਨੀ ਸੀ, ਸਮਾਂ ਭਿਆਨਕ ਹੈ—ਕਲਜੁਗ ਦਾ। ਕੀਰਤਨ ਕਰਿਆ ਕਰੋ, ਨਾਮ ਜਪਿਆ ਕਰੋ। ਜੇ ਏਸ ਤਰ੍ਹਾਂ ਲੱਗੇ ਰਹੋਗੇ, ਜਿਸ ਤਰ੍ਹਾਂ ਤੁਹਾਡੇ ਤੇ ਅੱਗੇ ਸਤਿਗੁਰਾਂ ਕਿਰਪਾ ਕੀਤੀ ਹੈ, ਫੇਰ–

**ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ।।**

*– ਪੰਨਾ-੧੩੯੯*

ਉੱਥੇ ਲੱਖ ਬਾਂਹ ਵੀ ਨਹੀਂ ਕੁਛ ਬਿਗਾੜ ਸਕਦੀ ਉਸਦਾ, ਜੇ ਗੁਰੂ ਵੱਲ ਹੋਵੇ। ਪੜ੍ਹ ਕੇ ਇੱਕ ਇਹ ਗੱਲ ਨਹੀਂ, ਉਹਨਾਂ ਨੇ ਇੱਕ ਚੀਜ਼ ਨਹੀਂ ਦੱਸੀ.............। ਪ੍ਰਹਿਲਾਦ ਇਕੱਲਾ ਸੀ, ਸਾਰੀ ਸ੍ਰਿਸ਼ਟੀ ਖਿਲਾਫ ਸੀ। ਨਾਮ ਜਪਣ ਦੇ ਆਸਰੇ, ਉਸਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਿਆ। ਉਹ ਬਾਹਰ ਕਿਸੇ ਨੇ ਦੋਹਰਾ ਲਿਖਿਐ–

*ਜਾਂ ਕੋ ਰਾਖੈ ਸਾਂਵਰਾ, ਮਾਰ ਸਾਕੈ ਨ ਕੋਇ,*
*ਵਾਲ ਨਾ ਬਾਂਕਾ ਕਰ ਸਕੈ, ਭਾਂਵੇ ਸਭ ਜੱਗ ਬੈਰੀ ਹੋਇ।*

ਉਹਦੇ ਵਾਲ ਨੂੰ ਵੀ ਨਹੀਂ ਕੋਈ ਵਿੰਗਾ ਕਰ ਸਕਦਾ। ਵਾਲ ਤਾਂ ਉਈ ਮੁੜਿਆ ਹੁੰਦੈ, ਪਰ ਜੇ ਉਸਦੇ ਆਸਰੇ ਹੋਵੇ ? ਜਿਹਨਾਂ ਨੇ ਉਹਦਾ ਆਸਰਾ ਲਿਆ, ਸਰਦਾਰ ਸਾਡੇ ਆਤਮਾ ਸਿੰਘ ਹੁਰੀਂ ਕਹਿੰਦੇ ਸੀ—ਜੇ ਸੂਰਜ ਵੱਲ ਕਰ ਲਈਏ ਮੂੰਹ ਤੇ ਪਰਛਾਵਾਂ ਭੱਜਦਾ ਹੈ ਪਿੱਛੇ, ਮਾਇਆ ਪਿੱਛੇ

ਚਲਦੀ ਹੈ। ਸ੍ਰਿਸ਼ਟੀ ਪਿੱਛੇ ਚਲਦੀ ਹੈ ਜੇ ਅਕਾਲ ਪੁਰਖ, ਸਤਿਗੁਰੂ ਵੱਲ ਮੂੰਹ ਹੋਵੇ। ਜੇ ਪਰਛਾਵੇਂ ਵੱਲ ਭਜੀਏ, ਸੂਰਜ ਵੱਲ ਪਿੱਠ ਕਰੀਏ—ਨਾ ਓਹ ਡਾਹ ਦਿੰਦੈ, ਨਾ ਕੁਝ ਪੱਲੇ ਪੈਂਦਾ ਹੈ।

ਸੋ ਮੈਂ ਇਹਨਾਂ ਸ਼ਬਦਾਂ ਨਾਲ ਖਿਮਾਂ ਮੰਗਦਾ ਹਾਂ। ਹੁਣ ਕੱਲ ਨੂੰ ਤਿਆਰੇ ਹੋਣੇ ਹਨ। ਸਾਧ ਸੰਗਤ ਅੱਗੇ ਅਰਜ਼ ਹੈ ਸਾਰੀ ਅੱਗੇ ਹੀ ਆਪਸ ਵਿੱਚ ਰਲ ਕੇ ਬੈਠਿਆ ਕਰੋ, ਭਜਨ ਕਰਿਆ ਕਰੋ, ਇਸ਼ਨਾਨ ਕਰਿਆ ਕਰੋ ਨਾਮ ਜਪਿਆ ਕਰੋ, ਔਰ ਦਾਨ–

**ਗੁਰਮੁਖਿ ਨਾਮੁ ਦਾਨੁ ਇਸਨਾਨੁ॥**

*– ਮ:੧, ਪੰਨਾ-੯੪੨*

ਤਿੰਨ ਚੀਜ਼ਾਂ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

*ਨਾਮੁ ਦਾਨੁ ਇਸ਼ਨਾਨ ਬਿਨ ਕਰੇ ਨਾ ਅੰਨ ਸਿਉਂ ਨੇਹੁ॥*

ਹੋਰ ਕਿਸੇ ਚੀਜ਼ ਦੇ ਨਾਲ ਪਿਆਰ ਨਾ ਕਰੇ ਇਹਨਾਂ ਤਿੰਨਾਂ ਤੋਂ ਬਿਨਾਂ। ਭਾਵੇਂ ਦੋ ਪੈਸੇ, ਚਾਰ ਪੈਸੇ, ਕਿਸੇ ਗਰੀਬ ਦੀ ਖ਼ਬਰ ਲਿਆ ਕਰੋ, ਜਿੰਨੀਂ ਤੁਸੀਂ ਕਰ ਸਕਦੇ ਹੋ। ਇਸ ਵੇਲੇ ਸਾਨੂੰ ਇਹ ਦੁੱਖ ਤਾਂ ਹੁੰਦੈ ਕਿ ਸੇਠ ਦਿਆਲ ਸਿੰਘ ਕੋਲ ਕਰੋੜ ਰੁਪੱਈਆ ਹੈ, ਤਾਂ ਮੇਰੇ ਕੋਲ ਲੱਖ ਕਿਉਂ ਹੈ। ਇਹ ਕਦੇ ਵੀ ਦੁੱਖ ਨਹੀਂ ਹੋਇਆ ਕਿ ਵਰਿਆਮ ਸਿੰਘ ਦਰਜ਼ੀ ਖਵਰੇ ਰੋਟੀ ਵੀ ਪਕਾ ਕੇ ਖਾਂਦਾ ਹੈ ਕਿ ਨਹੀਂ, ਇਹਦਾ ਕੀ ਹਾਲ ਹੈ। ਹੇਠਲੇ ਪਾਸੇ ਵਾਲਿਆਂ ਵੱਲ ਝਾਕੋ, ਗਰੀਬਾਂ ਵੱਲ ਧਿਆਨ ਕਰੋ। ਗਰੀਬਾਂ ਅੱਗੇ ਵੀ ਇਹ ਅਰਜ਼ ਹੈ ਕਿ ਉਹ ਵੱਡਿਆਂ ਨੂੰ ਦੇਖ ਕੇ ਆਪਣੀਆਂ ਉਤਾਂਹ ਨੂੰ ਲੱਤਾਂ ਕਰ ਕੇ ਇਹੋ ਜਿਹੇ ਖਰਚ ਕਰ ਕਰ ਕੇ ਆਪਣੀ ਨਾ ਜੜ੍ਹ ਕੱਢ ਲਿਆ ਕਰੋ। ਜੇ ਤੁਸੀਂ ਦਸ ਰੁਪਈਏ ਕਮਾਉਂਦੇ ਹੋ ਤਾਂ ਗਿਆਰਾਂ ਰੋਜ਼ ਦੇ ਖਰਚ ਦੇਣ। ਉਹਨਾਂ ਨੂੰ ਇਹ ਚਾਹੀਦੈ ਕਿ ਉਹ ਆਪਣੇ ਪੈਰ ਸਿਰ ਰਹਿਣ, ਸਤਿਗੁਰੂ ਅੱਗੇ ਅਰਜ਼ ਕਰਨ ਕਿ ਪਾਤਸ਼ਾਹ ਸਾਡੇ ਉੱਤੇ ਬਖਸ਼ਿਸ਼ ਕਰਨ। ਅੰਨ ਪਾਣੀ ਛਕਣ, ਫਜ਼ੂਲ ਖਰਚੀ ਤੋਂ ਬਚਣ—ਸਾਰਿਆਂ ਅੱਗੇ ਇਹ ਅਰਜ਼ ਕਰਕੇ, ਸਤਿ ਸ੍ਰੀ ਅਕਾਲ।

**ਹੇ ਅਚੁਤ[੬੪] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੬੫]॥**

ਹੇ ਪੂਰਨ ਹੇ ਸਰਬ[੬੬] ਮੈ ਦੁਖ ਭੰਜਨ[੬੭] ਗੁਣਤਾਸ[੬੮]।।
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੬੯] ਸਭ ਟੇਕ[੭੦]।।
ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੭੧]।।
ਹੇ ਅਪਰੰਪਰ[੭੨] ਹਰਿ ਹਰੇ ਹਹਿ[੭੩] ਭੀ ਹੋਵਨਹਾਰ[੭੪]।।
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੭੫] ਆਧਾਰ।।
ਹੇ ਠਾਕੁਰ ਹਉ ਦਾਸਰੋ[੭੬] ਮੈ ਨਿਰਗੁਨ ਗੁਨੁ ਨਹੀ ਕੋਇ।।
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।

*– ਪੰਨਾ–੨੬੧*

– ਜਾਂਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ।।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।

## ਸ਼ਬਦਾਰਥ

੧ ਸ਼ੇਰ ਨੂੰ।
੨ ਇੱਕ ਸ਼ਿਕਾਰੀ ਜਾਨਵਰ।
੩ ਬਾਜ ਦੀ ਕਿਸਮ ਦਾ ਇੱਕ ਸ਼ਿਕਾਰੀ ਪੰਛੀ, ਲਗੜ।
੪ ਸੁੱਕੀਆਂ ਥਾਵਾਂ ਤੇ।
੫ ਅਥਾਹ ਪਾਣੀ, ਸਮੁੰਦਰ।
੬ ਮਾਪ, ਮਿਣਤੀ, ਹੱਦ।
੭ ਜਾਂ।
੮ ਗ੍ਰਾਹ, ਭੋਜਨ।
੯ ਸਲਾਹ।
੧੦ ਤਾਂਘ, ਇੱਛਾ ਦੀ।
੧੧ ਲਿਆਈ।
੧੨ ਵਿੱਚ।
੧੩ ਸਰੀਰ।
੧੪ ਮੈਨੂੰ।
੧੫ ਨਹੀਂ ਤਾਂ।
੧੬ ਸ਼ੌਕ, ਚਾਅ।
੧੭ ਅਜਿਹਾ।
੧੮ ਆਉਣਾ।
੧੯ ਨਹੀਂ ਸੀ।
੨੦ ਚੰਗੀ ਹੈ।
੨੧ ਜੋ, ਜਿਹੜੀ।
੨੨ ਬੀਤੇ, ਲੰਘੇ।
੨੩ ਨਹੀਂ ਤਾਂ।
੨੪ ਕੀ।
੨੫ ਲਾਭ ਹੈ।
੨੬ ਇਸ ਤੋਂ।
੨੭ ਨੀਲਾ ਅਕਾਸ਼।
੨੮ ਬੇ ਅਰਥ।
੨੯ ਧਰਮ।
੩੦ ਫਾਹੀ।
੩੧ ਗੱਲ੍ਹਾਂ, ਭਾਵ ਚਿਹਰਾ।
੩੨ ਦੋਨੋਂ ਜਹਾਨ।
੩੩ ਇੱਕ।
੩੪ ਵਾਲ ਦੀ ਤਾਰ।
੩੫ ਮਿੱਤਰ।
੩੬ ਨਹੀਂ ਝੱਲ ਸਕਦਾ।
੩੭ ਚਮਕ।
੩੮ ਅੱਖਾਂ ਦਾ ਇੱਕ ਇਸ਼ਾਰਾ।
੩੯ ਝਿੰਮਣੀਆਂ।
੪੦ ਉਸਦੀਆਂ।
੪੧ ਜ਼ਿੰਦਗੀ ਵਿੱਚ ਵਾਧਾ ਕਰਨ ਵਾਲੀ।
੪੨ ਬਹੁਤ।
੪੩ ਹੁੰਦੀ ਹੈ।
੪੪ ਲੋੜੀਂਦੀ।
੪੫ ਨਾਸ ਕਰ ਦਿੱਤਾ।
੪੬ ਉੱਚਾ ਸੂਰਗ।
੪੭ ਜੌਂ ਦਾ ਅੱਧਾ ਦਾਣਾ।

੪੮ ਨਹੀਂ ਖਰੀਦਦੇ।
੪੯ ਹੀਰਾ।
੫੦ ਜਾਣਦੀ ਹੈ।
੫੧ ਅੱਖ।
੫੨ ਬਿਰਹਾ ਦੇ ਅੱਥਰੂ ਵਰਸਾਉਣ ਵਾਲੀ ਅੱਖ ਜਾਣਦੀ ਹੈ।
੫੩ ਤੈਨੂੰ।
੫੪ ਪਿਆਰਾ।
੫੫ ਚਾਹ, ਉਤਸੁਕਤਾ, ਤੀਵ੍ਰ ਇੱਛਾ।
੫੬ ਦਿਲ।
੫੭ ਕਿਸੇ ਦਾ।
੫੮ ਨਾਸ ਕਰਨਾ।
੫੯ ਪਾਲਣਾ, ਉਤਪਤੀ ਕਰਨਾ।
੬੦ ਅੱਖ ਦਾ ਫੁਰਨਾ।
੬੧ ਖੋਟੀ ਮਤ।
੬੨ ਕਲਜੁਗ।
੬੩ ਰਾਤ ਦਿਨ।
੬੪ ਅਟੱਲ, ਨਾ ਡੋਲਨ ਵਾਲੇ।
੬੫ ਪਾਪ ਨੂੰ ਨਾਸ ਕਰਨ ਵਾਲੇ।
੬੬ ਸਰਬ ਰੂਪ।
੬੭ ਦੁੱਖਾਂ ਦਾ ਨਾਸ ਕਰਨ ਵਾਲਾ।
੬੮ ਗੁਣਾਂ ਦਾ ਭੰਡਾਰ।
੬੯ ਤਿੰਨਾਂ ਗੁਣਾ ਤੋਂ ਨਿਰਲੇਪ।
੭੦ ਆਸਰੇ।
੭੧ ਗਿਆਨ ਪ੍ਰਕਾਸ਼।
੭੨ ਪਾਰਾਵਾਰ ਤੋਂ ਪਰੇ।
੭੩ ਹੈ ਹੁਣ।
੭੪ ਅੱਗੇ ਨੂੰ ਵੀ ਹੋਣ ਵਾਲਾ ਹੈ।
੭੫ ਨਿਰ ਆਸਰੇ।
੭੬ ਦਾਸ।

ਬੰਕੋਕ ੨੩-੧੦-੧੯੫੫

# ਬੰਕੋਕ ੬-੨-੧੯੫੬

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥**
– **ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ॥**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

ਸਾਧ ਸੰਗਤ, ਹੁਣ ਇਸ ਤੋਂ ਬਾਅਦ ਕੁਝ ਕਹਿਣ ਵਾਲਾ ਵਕਤ ਨਹੀਂ। ਮੈਂ ਦੋ ਚਾਰ ਮਿੰਟ, ਦੱਸ ਨਹੀਂ ਸਕਦਾ ਕਿ ਕਿੰਨੇ ਕੁ ਲੱਗ ਜਾਣ; ਪਰ ਬੋਲਿਆ ਨਹੀਂ ਜਾਂਦਾ। ਸਰੀਰ ਦੀ ਏਸੇ ਤਰ੍ਹਾਂ ਹੀ ਖੇਡ ਬਣੀ ਹੋਈ ਹੈ। ਇਹ ਹੁਕਮ ਦੀ ਖੇਡ ਹੈ। ਇਹਦੇ ਨਾਲ ਕੋਈ ਆਦਮੀ ਕੁਝ ਨਹੀਂ ਕਰ ਸਕਦਾ। ਸਾਧ ਸੰਗਤ ਤੇ ਬੜਾ ਕੁਝ ਕਰ ਦਿੰਦੀ ਹੈ, ਇਹ ਤਾਂ ਹੇ ਠਲੀ ਉੱਤੇ ਵੀ ਕਰ ਦਿੰਦੀ ਹੈ। ਅਰਜ਼ ਇਹ ਹੈ—ਬਈ, ਮਹਾਰਾਜ ਨੇ ਬਾਣੀ ਵਿੱਚ ਇਹੋ ਕੁਝ ਦੱਸਿਆ ਹੈ ਜੇ ਅਸੀਂ ਧਿਆਨ ਕਰੀਏ–

**ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ[੧] ਜਾਹਿ॥**

*– ਪੰਨਾ–੪੭੦*

## ਹੁਕਮਾਂ ਦੀ ਪਾਲਣਾ ਕਰੋ

ਸਿਰ ਨਿਵਾ ਕੇ, ਬਾਣੀ ਪੜ੍ਹ ਕੇ, ਜੇ ਉਸ ਪਾਸੇ ਵੱਲ ਧਿਆਨ ਨਹੀਂ ਕੀਤਾ ਜਾਂਦਾ, ਜੇ ਕਿਸੇ ਅੱਖਰ ਵੱਲ ਨਹੀਂ ਧਿਆਨ—ਉਹਨਾਂ ਤੁਕਾਂ ਵਿੱਚ ਜੋ ਲਿਖਿਆ ਹੈ ਜੇ ਉਹਦੇ ਵੱਲ ਥੋੜ੍ਹਾ ਬਹੁਤਾ ਨਾ ਕਰੀਏ, ........। ਹੁਣ

ਹੁਕਮਨਾਮੇ ਸਤਿਗੁਰਾਂ ਦੇ ਅਸੀਂ ਬੜੇ ਪਿਆਰ ਨਾਲ ਪੜ੍ਹਦੇ ਹਾਂ, ਮੱਥਾ ਬੜਾ ਟੇਕਦੇ ਹਾਂ, ਪਰ ਜੋ ਉਹਨਾਂ ਨੇ ਲਿਖਿਆ ਹੈ, ਜੇ ਉਹਦੇ ਉੱਤੇ ਅਸੀਂ ਨਾ ਧਿਆਨ ਕਰੀਏ, ਜੇ ਅਸੀਂ ਥੋੜ੍ਹਾ ਬਹੁਤਾ ਉਹਨੂੰ ਨਾ ਮੰਨੀਏ—ਸਾਰਾ ਤੇ ਉਹ ਮੰਨਿਆ ਹੀ ਨਹੀਂ ਜਾਂਦਾ। ਇਹ ਤਾਂ ਉਹੋ ਹੀ ਥਾਂ ਹੈ, ਜਿਹਨਾਂ ਲਿਖਿਆ ਹੈ ਉਹੀ ਇਹਨਾਂ ਨੂੰ ਪੂਰਾ ਕਰ ਸਕਦੇ ਹਨ। ਪਰ, ਜੇ ਕਿਰਪਾ ਕਰ ਦੇਣ ਕਿਸੇ ਤੇ ਤਾਂ ਹੋ ਸਕਦਾ ਹੈ। ਮੈਂ ਇਹੋ ਅਰਜ਼ ਕਰਨੀ ਹੈ, ਜੋ ਲਿਖਿਆ ਹੈ ਇਹਦੇ ਵੱਲ ਧਿਆਨ ਦਿਆ ਕਰੋ। ਗੱਲ ਇਹ ਹੈ, ਤੁਸਾਂ ਗੱਲਾਂ ਬੜੀਆਂ ਸੁਣੀਆਂ ਹਨ ਔਰ ਬਹੁਤ ਕੁਝ ਦੇਖਿਆ ਵੀ ਹੈ। ਇੱਕੋ ਚੀਜ਼ ਹੈ ਜਿੱਥੇ ਦੇਖੀਦਾ ਹੈ, ਜਿਸ ਵੇਲੇ ਕੋਈ ਆਸਰਾ ਨਾ ਰਹੇ, ਮਹਾਰਾਜ ਨੇ ਲਿਖਿਆ ਹੈ—

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ[2]॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥**

*– ਸਿਰੀ ਰਾਗ ਮ:੫, ਪੰਨਾ–੭੦*

ਇਹਦੇ ਤੇ ਚਾਰ ਪਉੜੀਆਂ ਮਹਾਰਾਜ ਨੇ ਇਹਦੀਆਂ ਲਿਖੀਆਂ ਹਨ। ਏਸੇ ਤਰ੍ਹਾਂ—

– **ਜੇ ਕੋ ਹੋਵੈ ਦੁਬਲਾ[3] ਨੰਗ ਭੁਖ ਕੀ ਪੀਰ॥**
**ਦਮੜਾ[4] ਪਲੈ ਨਾ ਪਵੈ ਨਾ ਕੋ ਦੇਵੈ ਧੀਰ[5]॥**
**ਸੁਆਰਥੁ[6] ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥**

ਏਥੇ ਉਸ ਰਾਜ ਨੂੰ ਨਹੀਂ ਕਿਹਾ, ਉਸ ਰਾਜ ਨੂੰ ਤਾਂ ਮਹਾਰਾਜ ਨੇ ਲਿਖਿਆ ਹੈ ਕਿ—

– **ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥**

*– ਗਉੜੀ ਮ:੫, ਪੰਨਾ–੨੬੪*

– **ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥**

*– ਪੰਨਾ–੧੧੫੫*

ਜਿਤਨਾ ਚਿਰ ਪੁਰਸ਼ ਦੇ ਅੰਦਰ, ਰਾਜ ਦੇ ਵਿੱਚ ਬਹਿ ਕੇ ਪੁਰਸ਼ ਸੁਖ ਲੈਣ ਵਾਸਤੇ, ਸਭ ਕੁਝ ਕਰਦੈ—ਮੇਰੇ ਕੋਲ ਏਨੀ ਤਾਕਤ ਹੋਵੇ—ਮੇਰੇ ਸਾਹਮਣੇ ਨਾ ਕੋਈ ਦੂਸਰਾ ਹੋਵੇ—ਮੈਂ ਕੱਲਾ ਹੀ ਹੋਵਾਂ—ਮੈਂ ਜੋ ਚਾਹਵਾਂ ਸੋ ਕਰਾਂ। ਪਰ ਇਹ ਇੱਕ ਕੁਦਰਤ ਦੀ ਖੇਡ ਹੈ ਕਿ ਇਹ ਇੱਕ ਅਕਾਲ ਪੁਰਖ ਹੀ ਹੈ, ਉਹ ਹੀ ਜੋ ਚਾਹੇ ਸੋ ਕਰ ਸਕਦਾ ਹੈ, ਹੋਰ ਕੋਈ ਨਹੀਂ ਕਰ ਸਕਦਾ ਭਾਵੇਂ ਕਿਤਨੀ ਵੀ ਇਹਦੇ ਵਿੱਚ ਤਾਕਤ ਆ ਜਾਵੇ, ਕਿਤਨਾ ਵੀ ਇਹਦੇ ਕੋਲ ਐਸ਼ਵਰਜ ਹੋਵੇ, ਕਿਤਨੀ ਵੀ ਚੀਜ਼ ਹੋਵੇ। ਜਦੋਂ ਤੋਂ ਸ੍ਰਿਸ਼ਟੀ ਸਾਜੀ ਹੈ—ਜਿੰਨਾਂ ਕੁ ਸਾਡੇ ਪੜ੍ਹਨ ਲਿਖਣ ਵਿੱਚ ਆਉਂਦੈ—ਸਾਨੂੰ ਤਾਂ ਪਤਾ ਹੀ ਨਹੀਂ ਕਦੋਂ ਦੀ ਸਜੀ ਹੋਈ ਹੈ ਤੇ ਕਿਹੜਾ ਪੁਸਤਕ ਸਾਨੂੰ ਮਿਲ ਸਕਦਾ ਹੈ। ਉਹ ਬੜੀ ਗੱਲ ਕਰੀਏ ਚਹੁੰ ਯੁਗਾਂ ਦੇ ਪੁਸਤਕ ਮਿਲ ਜਾਣਗੇ, ਖਵਰੈ ਕਿੰਨੀ ਵੇਰ ਯੁੱਗ ਬਣੇ, ਕੀ ਕੁਝ ਹੋਇਆ। ਜੇ ਪੜ੍ਹਨ ਲੱਗੀਏ ਤਾਂ ਪਤਾ ਲਗਦੈ ਕਿ ੭੨ ਚਉਕੜੀਆਂ ਯੁਗਾਂ ਦੀਆਂ ਲੰਘਣ ਤਾਂ ਬ੍ਰਹਮੇ ਦਾ ਇੱਕੋ ਦਿਨ ਲੰਘਦੈ। ਫਿਰ ਉਹ ਕਹਿੰਦੇ ਹਨ—ਐਨੇ ਬ੍ਰਹਮੇ ਲੰਘ ਜਾਣ ਤਾਂ ਇੰਦਰ ਦਾ ਇੱਕ ਦਿਨ ਲੰਘਦੈ, ਫਿਰ ਵਿਸ਼ਨੂੰ ਦਾ ਲੰਘਦੈ, ਸ਼ਿਵਾ ਦਾ ਲੰਘਦਾ ਹੈ। ਕੋਈ ਪਤਾ ਨਹੀਂ ਲਗਦਾ ਉਹਦੀ ਐਸੀ ਰਚਨਾ ਹੈ। ਪਰ ਸੁਖ ਦੀ ਪ੍ਰਾਪਤੀ ......।

ਐਸ ਵਕਤ ਦੁਨੀਆ ਬੜੀ ਮਾਦਾ ਪ੍ਰਸਤ ਹੋ ਗਈ ਹੈ, ਐਸ ਵਕਤ ਦੀ ਦੁਨੀਆਂ ਬੜੀ ਸਾਇੰਸ ਨੂੰ ਮੰਨਦੀ ਹੈ। ਇਉਂ ਤਾਂ ਮੰਨ ਲੈਣਗੇ ਕਿ ਮਿਸਮਰੇਜ਼ਮ ਦੇ ਤਰੀਕੇ ਨਾਲ ਸਾਡੀਆਂ ਅੱਖਾਂ ਵਿੱਚ ਤਾਕਤ ਆ ਸਕਦੀ ਹੈ, ਪਰ ਭਜਨ ਕਰ ਕੇ ਨਹੀਂ ਇਹ ਗੱਲ ਨਹੀਂ ਮੰਨਦੇ। ਜਦ ਅਸੀਂ ਕੋਈ ਪੁਸਤਕ ਦੇਖਦੇ ਹਾਂ, ਕਈ ਚੀਜ਼ਾਂ ਦੇਖਦੇ ਹਾਂ, ਗੱਲ ਉਹੀ ਹੈ, ਪਰ ਇੱਕ ਕਹਿੰਦਾ ਹੈ—ਕਿ ਮੈਂ ਬ੍ਰਹਮ ਹਾਂ। ਮੈਂ ਕਹਿਣ ਨਾਲ ਹੰਕਾਰ ਆਉਂਦਾ ਹੈ। ਹੈ ਬੇਸ਼ਕ ਬ੍ਰਹਮ ਹੀ, ਕਿਉਂਕਿ ਬ੍ਰਹਮ ਦੇ ਵਿੱਚੋਂ ਹੀ ਹੈ ਕੋਈ ਦੂਸਰੀ ਚੀਜ਼ ਨਹੀਂ। ਪਰ ਕਬੀਰ ਜੀ ਕੀ ਕਹਿੰਦੇ ਹਨ–

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ।।**

*– ਪੰਨਾ–੧੩੭੫*

ਏਸੇ ਤਰ੍ਹਾਂ ਹੀ ਜਿਹਨਾਂ ਪੁਰਸ਼ਾਂ ਨੇ, ਮਹਾਰਾਜ ਕਹਿੰਦੇ ਨੇ–

**ਕੋਟਿ[੭] ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ[੮]।।**
**ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ ਸੇ ਮਰਿ ਜਨਮਹਿ ਗਾਵਾਰਾ।।**

*- ਪੰਨਾ-੧੦੦੩*

## ਵਾਹੁ ਮੇਰੇ ਸਾਹਿਬਾ ਵਾਹੁ

ਨਾਮ ਇੱਕ ਚੀਜ਼ ਹੈ ਜਿਹੜੀ ਉਹਨਾਂ ਦਿੱਤੀ ਹੈ, ਔਰ ਨਾਮ ਉਹਦਾ ਨਾਮ ਹੈ ਜਿਹਦਾ ਨਾਮ ਲਈਏ ਉੱਥੇ ਹੀ ਚਲੇ ਜਾਈਦਾ ਹੈ। ਜੇ ਹੁਣ ਅਸੀਂ ਏਥੇ ਕਹਿੰਦੇ ਹਾਂ, ਅਸੀਂ ਬੈਂਕੌਕ ਨੂੰ ਜਾਣਾ ਹੈ—ਘਰੋਂ ਤੁਰਦੇ ਹਾਂ, ਰੇਲਾਂ ਤੇ ਚੜ੍ਹਦੇ ਹਾਂ, ਮੋਟਰਾਂ ਤੇ ਚੜ੍ਹਦੇ ਹਾਂ, ਹਵਾਈ ਜਹਾਜ਼ਾਂ ਤੇ ਅੱਗੋਂ ਆ ਕੇ ਫੇਰ ਮੋਟਰਾਂ ਤੇ ਬੈਂਕੌਕ ਆ ਜਾਂਦੇ ਹਾਂ। ਏਸੇ ਤਰ੍ਹਾਂ ਜਿਹੜੇ ਉਸਦੇ ਵੱਲ ਤੁਰ ਪੈਂਦੇ ਹਨ, ਜਿਹੜੇ ਉਸ ਦਾ ਨਾਮ ਲੈਂਦੇ ਹਨ, ਉਹਦੇ ਨਾਲ ਜਾ ਮਿਲਦੇ ਹਨ। ਇਹ ਜੋ ਦੁਨੀਆਂ ਦਾ ਸਾਮਾਨ ਹੈ, ਮਹਾਰਾਜ ਨੇ ਸੂਹੀ ਦੀਆਂ ਅਸ਼ਟਪਦੀਆਂ 'ਚ ਕਿਹਾ ਹੈ-

**ਦੁਨੀਆ ਨਾ ਸਾਲਾਹਿ,**

ਕਿਉਂ ਬਈ ? ਕਹਿੰਦੇ-

**ਦੁਨੀਆ ਨਾ ਸਾਲਾਹਿ ਜੋ ਮਰਿ ਵੰਞਸੀ।।**
**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ।।**

ਕੀ ਸਲ੍ਹਾਵਾਂ-

**ਵਾਹੁ ਮੇਰੈ ਸਾਹਿਬਾ ਵਾਹੁ।।**
**ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ।।**

*- ਸੂਹੀ ਮ:੩, ਪੰਨਾ-੭੫੫*

-ਜਿਹੜਾ ਲਾਇਕ ਹੈ ਸਲਾਹੁਣ ਦੇ ਉਹਨੂੰ ਸਲਾਹੁ।

ਅੱਜ ਤੂੰ ਸਲਾਹੁਨਾ ਹੈਂ ਇੱਕ ਆਦਮੀ ਨੂੰ। ਹੁਣ ਦੇਖੋ, ਜਿਹੜੀ ਅੱਜ ਦੁਨੀਆਂ, 'ਚ ਚਾਲ ਹੈ, ਜਮਹੂਰੀਅਤ ਬਣ ਗਈ ਹੈ। ਵੋਟਾਂ ਨਾਲ ਰਾਜ ਮਿਲ ਗਿਐ। ਅੱਜ ਪੰਡਿਤ ਜਵਾਹਰ ਲਾਲ ਸਾਡੇ ਪ੍ਰਧਾਨ ਮੰਤਰੀ ਬਣੇ ਹੋਏ ਹਨ, ਕੱਲ ਨੂੰ ਕੋਈ ਆਦਮੀ ਹੋਰ ਜ਼ਿਆਦਾ ਵੋਟਾਂ ਲੈ ਲਵੇ ਤਾਂ ਇਹ ਉਤਰ

ਜਾਣਗੇ ਤਾਂ ਹੋਰ ਬਣ ਜਾਊ, ਪਰਸੋਂ ਨੂੰ ਕੋਈ ਹੋਰ ਬਣ ਜਾਊ। ਅੱਜ ਐਥੇ ਕੋਈ ਪ੍ਰਧਾਨ ਮੰਤਰੀ ਹੈ, ਤੇ ਕੱਲ ਨੂੰ ਪਤਾ ਨਹੀਂ ਕਿਸਦੀ ਵਾਰੀ ਆ ਜਾਵੇ। ਪਰ ਜਿਹੜੇ ਹਨ ਭਗਤ—ਕਬੀਰ ਜੁਲਾਹਿਆਂ ਦੇ ਘਰ ਜੰਮਿਆ, ਪਰ ਸਤਿਗੁਰੂ ਨੂੰ ਮਿਲਿਆ ਉਸ ਨੇ ਸ਼ਬਦ ਲਿਖਿਐ–

**ਕਿਉ ਲੀਜੈ[੯] ਗਢੁ[੧੦] ਬੰਕਾ[੧੧] ਭਾਈ।।**
**ਦੋਵਰ[੧੨] ਕੋਟ ਅਰੁ ਤੇਵਰ[੧੩] ਖਾਈ।।ਰਹਾਉ।।**
**ਪਾਂਚ[੧੪] ਪਚੀਸ[੧੫] ਮੋਹ ਮਦ[੧੬] ਮਤਸਰ[੧੭] ਆਡੀ[੧੮] ਪਰਬਲ[੧੯] ਮਾਇਆ।।**
**ਜਨ[੨੦] ਗਰੀਬ ਕੋ[੨੧] ਜੋਰ ਨ ਪਹੁਚੈ[੨੨] ਕਹਾ[੨੩] ਕਰਉ ਰਘੁਰਾਇਆ।।**
**ਕਾਮੁ ਕਿਵਾਰੀ[੨੪] ਦੁਖੁ ਸੁਖੁ ਦਰਵਾਨੀ[੨੫] ਪਾਪੁ ਪੁੰਨੁ ਦਰਵਾਜਾ।।**
**ਕ੍ਰੋਧੁ ਪ੍ਰਧਾਨੁ[੨੬] ਮਹਾ ਬਡ ਦੁੰਦਰ[੨੭] ਤਹ ਮਨੁ ਮਾਵਾਸੀ[੨੮] ਰਾਜਾ।।**
**ਸ੍ਵਾਦ ਸਨਾਹ[੨੯] ਟੋਪੁ[੩੦] ਮਮਤਾ ਕੋ ਕੁਬੁਧਿ[੩੧] ਕਮਾਨ ਚਢਾਈ।।**
**ਤਿਸਨਾ[੩੨] ਤੀਰ ਰਹੇ ਘਟ[੩੩] ਭੀਤਰਿ ਇਉ ਗਢੁ ਲੀਓ ਨ ਜਾਈ।।**

*– ਪੰਨਾ–੧੧੬੧*

ਫੇਰ ਮਹਾਰਾਜ, ਇਹਦੇ ਲੈਣ ਦੀ ਕੋਈ ਚੀਜ਼ ? ਅੱਗੋਂ ਕਹਿੰਦੇ ਨੇ–

**ਪ੍ਰੇਮ ਪਲੀਤਾ ਸੁਰਤਿ[੩੪] ਹਵਾਈ ਗੋਲਾ ਗਿਆਨੁ ਚਲਾਇਆ।।**
**ਬ੍ਰਹਮ ਅਗਨਿ[੩੫] ਸਹਿਜੇ ਪਰਜਾਲੀ[੩੬] ਏਕਹਿ ਚੋਟ ਸਿਝਾਇਆ।।**

*– ਪੰਨਾ–੧੧੬੧*

–'ਝੱਝੇ' ਨਾਲ ਹੈ, ਸਿਧਾਇਆ ਨਹੀਂ—**ਏਕਹਿ ਚੋਟ ਸਿਝਾਇਆ**—ਸਿਝ ਗਿਆ, ਖਤਮ ਕਰ ਦਿੱਤਾ।

**ਭਗਵਤ[੩੭] ਭੀਰਿ[੩੮] ਸਕਤਿ[੩੯] ਸਿਮਰਨ ਕੀ**

–ਉਹ ਨਾਮ ਦੀ ਗੱਲ ਆ ਗਈ–

– **ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ।।**
**ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ[੪੦]।।**

*– ਪੰਨਾ–੧੧੬੨*

ਇੱਕ ਜੁਲਾਹਾ ਬਾਦਸ਼ਾਹ ਬਣ ਗਿਆ ਪਰ ਕਿਹੋ ਜਿਹਾ—ਅਬਿਨਾਸੀ,

ਜਿਹੜਾ ਕਦੇ ਨਾਸ ਨਹੀਂ ਹੋਣ ਵਾਲਾ। ਕੋਈ ਸੌ ਸਾਲ ਰਾਜ ਕਰਦੈ, ਕੋਈ ਦੋ ਸੌ ਸਾਲ। ਅੱਜ ਕੋਈ ਕੌਮ ਕਰਦੀ—ਅੱਜ ਬਾਹਮਣਾਂ ਦੀ ਕੌਮ ਹੈ—ਕੱਲ ਨੂੰ ਖੱਤਰੀਆਂ ਦੀ ਹੈ—ਪਰਸੋਂ ਨੂੰ ਵੈਸ਼ਾਂ ਦੀ ਹੈ—ਚੌਥ ਨੂੰ ਸ਼ੂਦਰਾਂ ਦੀ ਹੈ—ਪੰਜਵੇਂ ਨੂੰ ਕਦੇ ਕੋਈ ਆ ਗਿਆ—ਕਦੇ ਕੋਈ ਆ ਗਿਆ, ਲੇਕਿਨ ਉਹਨਾਂ ਨੂੰ ਉਹ ਰਾਜ ਮਿਲ ਗਿਆ ਜਿਹੜਾ ਕਦੇ ਨਹੀਂ ਛੁਟਦਾ।

ਗੁਰੂ ਗੋਬਿੰਦ ਸਿੰਘ ਸਾਹਿਬ ਆਨੰਦਪੁਰ ਸਾਹਿਬ ਬੈਠੇ, ਇੱਕ ਦਿਨ ਸਾਧ ਸੰਗਤ ਵਿੱਚ ਕਹਿਣ ਲੱਗੇ—ਬਈ, ਕੋਈ ਇਹ ਗੱਲ ਦੱਸ ਸਕਦਾ ਹੈ ਕਿ ਕਬੀਰ ਦੇ ਵਕਤ ਕਉਣ ਰਾਜਾ ਸੀ ? ਮੁਸ਼ਕਿਲ ਹੋ ਗਈ ਦੱਸਣੀ। ਇੱਕ ਆਦਮੀ ਨੇ ਕਿਹਾ ਕਿ ਸਿਕੰਦਰ ਸੀ। ਕਹਿਣ ਲੱਗੇ—ਦੇਖੋ ਉਸ ਵੇਲੇ ਦੇ ਬਾਦਸ਼ਾਹ ਨੂੰ ਕੋਈ ਨਹੀਂ ਜਾਣਦਾ, ਇੱਕ ਜੁਲਾਹਿਆਂ ਦੇ ਘਰ ਜੰਮੇ ਨੂੰ, ਨਾਮ ਜਪਣ ਕਰ ਕੇ, ਕਬੀਰ ਅੱਜ ਕਿਸੇ ਬੱਚੇ, ਮੁੰਡੇ, ਕੁੜੀ ਤੋਂ ਪੁੱਛੋ —ਕਬੀਰ ਸਾਰੀ ਦੁਨੀਆਂ ਜਾਣਦੀ ਹੈ। ਹੁਣ ਅਗਲਾ ਜਿਹੜਾ ਮਤ ਹੈ, ਐਸ ਵਕਤ ਲੋਕਾਂ ਦੇ ਦਿਲ ਵਿੱਚ ਗੁਰੂ, ਪਰਮੇਸ਼ਵਰ ਭੁੱਲ ਚੁੱਕਾ ਹੈ।ਜਿਹੜੇ ਬਹੁਤ ਸਿਆਣੇ ਹੁੰਦੇ ਜਾਂਦੇ ਹਨ ਉਹ ਸਾਇੰਸ ਨਾਲ, ਸਾਇੰਸ ਨੂੰ ਹੀ ਮੰਨਕੇ, ਉਹਨੇ ਇੱਕ ਨੇ ਲਿਖਿਆ ਸੀ—ਥੋੜੇ ਦਿਨ ਹੋਏ ਪੜ੍ਹਿਆ ਸੀ—ਕਿ ੧੭੦੦੦ ਮੀਲ ਕਿ ਕੁਛ ਉੱਤੇ ਇੱਕ ਘੰਟੇ 'ਚ ਜਹਾਜ਼ ਜਾਏਗਾ। ਹੁਣ ਤੁਸੀਂ ਗਿਣਤੀ ਕਰੋ ਕਿ ਇੱਕ ਮਿੰਟ ਵਿੱਚ ਕਿੰਨੇ ਸੌ ਮੀਲ ਚਲਾ ਗਿਆ। ਇਸ ਤਰ੍ਹਾਂ ਦੀ ਦੁਨੀਆਂ ਇਸ ਪਾਸੇ ਨੂੰ ਪਈ ਹੋਈ ਹੈ—ਭੱਜਣ ਵਾਸਤੇ, ਅਗਲਿਆਂ ਨੂੰ ਖਾਣ ਵਾਸਤੇ, ਪਰ ਅਗਲਿਆਂ ਨੂੰ ਖਾ ਕੇ ਕਦੀ ਕੋਈ ਨਹੀਂ ਬਚਿਆ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀਂ 'ਚ ਲਿਖਿਆ ਹੈ–

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।*

*– ਵਾਰ-੨੭, ਪਉੜੀ-੯*

ਨਾ ਅੱਖਾਂ ਰੱਜੀਆਂ ਰੰਗ ਦੇਖ ਕੇ, ਨਾ ਤਮਾਸ਼ੇ ਦੇਖ ਕੇ, ਕਿਸੇ ਦੇ ਰੂਪ ਦੇਖ ਕੇ, ਕੁਛ ਮੰਦਰ ਦੇਖ ਕੇ, ਦੁਨੀਆਂ ਫਿਰ ਕੇ ਨਹੀਂ ਰੱਜਦੀਆਂ। ਸਾਰੀ ਦੁਨੀਆਂ ਜਿਹੜਾ ਫਿਰ ਆਉਂਦਾ ਹੈ, ਫਿਰ ਉਹ ਕਹਿੰਦਾ ਹੈ—ਮੈਂ ਹੁਣ

ਆਕਾਸ਼ ਦਾ ਪਤਾ ਕਰਾਂ, ਉੱਤੇ ਕੀ ਹੈ—ਪਤਾਲ ਦਾ ਪਤਾ ਕਰਾਂ। ਰੱਜ ਨਹੀਂ ਆਉਂਦਾ। ਇਸੇ ਤਰ੍ਹਾਂ ਹੀ ਕੰਨ ਰੋਣਾ ਸੁਣਦੇ, ਹੱਸਣਾ ਸੁਣਦੇ, ਗਾਉਣਾ ਸੁਣਦੇ, ਬਹੁਤੀਆਂ ਗੱਲਾਂ ਸੁਣਦੇ।

*ਨਕ ਨ ਰਜਾ ਵਾਸੁ ਲੈ*

ਨੱਕ ਵਾਸ਼ਨਾ ਲੈ ਲੈ ਕੇ ਨਹੀਂ ਰੱਜਦਾ, ਹੋਰ ਭਾਲਦਾ ਹੈ, ਸੈਂਟ ਲਿਆ, ਅਤਰ ਲਿਆ, ਅਰਗਜਾ[੪੧] ਲਿਆ, ਜਾਂਦਾ ਹੈ ਅੱਗੇ ਤੋਂ ਅੱਗੇ।

*ਦੁਰਗੰਧ ਸੁਵਾਸੇ।*

ਖੋਟੀਆਂ ਵਾਸ਼ਨਾ ਵੀ ਲਈਆਂ, ਗੰਦੇ ਥਾਵਾਂ ਤੋਂ ਭੀ ਲੰਘਿਆ।

*ਸਾਦੀਂ ਜੀਭ ਨ ਰਜੀਆ*

ਸੁਆਦਾਂ ਨਾਲ ਜੀਭ ਨਹੀਂ ਰੱਜਦੀ।

*ਕਰਿ ਭੋਗ ਬਿਲਾਸੇ*

ਇੱਕ ਰਾਜਾ ਸੰਤਾਂ ਦਾ ਸੰਗ ਕਰਦਾ ਸੀ। ਸੰਤਾਂ ਨੂੰ ਆਖਣ ਲੱਗਾ —ਮਹਾਰਾਜ, ਮੇਰੇ 'ਚ ਹੋਰ ਵੀ ਕੋਈ ਕਸਰ ਹੈ ? ਉਹ ਕਹਿਣ ਲੱਗੇ— ਅਜੇ ਤੂੰ ਦੋ ਦਾਲਾਂ ਨਾਲ ਰੋਟੀ ਖਾਂਦਾ ਹੈਂ। ਜਿਹੜਾ ਤਿੰਨ ਵੇਰਾਂ ਦਿਨ 'ਚ ਬਦਲਦਾ ਹੈ, ਚਾਰ-ਚਾਰ ਉਹਦਾ ਕੀ ਹਾਲ। ਉਹਨਾਂ ਆਖਿਆ—ਅਜੇ ਤੇਰੇ ਤੋਂ ਸੁਆਦ ਨਹੀਂ ਛੁੱਟਿਆ ਤੂੰ ਦੋ ਦਾਲਾਂ ਨਾਲ ਰੋਟੀ ਖਾਂਦਾ ਹੈਂ, ਇੱਕ ਨਾਲ ਨਹੀਂ ਖਾਂਦਾ, ਤੈਨੂੰ ਸਬਰ ਨਹੀਂ ਆਇਆ।

*ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*

ਫੇਰ ਕਹਿੰਦੇ ਨੇ-

*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*

ਰੱਜ ਕੇ ਕੋਈ ਨਹੀਂ ਜੀਵਿਆ। ਬਣਦਾ ਕੀ ਹੈ-

*ਪੀਰ ਮੁਰੀਦਾਂ ਪਿਰਹੜੀ ਸਚੀ ਰਹਿਰਾਸੇ।*

*- ਵਾਰ ੨੭, ਪਉੜੀ-੯*

ਮੁਰੀਦਾਂ ਦੀ ਪਿਰਹੜੀ, ਮੁਰੀਦਾਂ ਦਾ ਪਿਆਰ ਹੋਵੇ ਪੀਰ ਨਾਲ, ਸਤਿਗੁਰੂ ਨਾਲ ਸਿੱਖ ਦਾ ਹੋਵੇ ਪਿਆਰ—ਕੁਛ ਨਹੀਂ ਦਿਸਦਾ ਫਿਰ। ਉਹਨਾਂ ਨੇ ਇਹ ਕਹਿ ਦਿੱਤਾ-

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ[੪੨]।।**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ।।**

*– ਪੰਨਾ–੧੩੭੦*

ਜਿਨ੍ਹਾਂ ਨੂੰ ਉਹ ਚੀਜ਼ ਦਾ ਪਿਆਰ ਆਇਆ, ਉਹ ਮੂਸਨ ਜੀ ਕਹਿੰਦੇ ਹਨ–

**ਜਪ ਤਪ ਸੰਜਮ ਹਰਖ[੪੩] ਸੁਖ ਮਾਨ ਮਹਤ[੪੪] ਅਰੁ ਗਰਬ[੪੫]।।**
**ਮੂਸਨ ਨਿਮਖਕ[੪੬] ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ।।**

*– ਪੰਨਾ–੧੩੬੪*

ਤਾਂ ਹੁਣ ਐਸ ਵੇਲੇ ਸ੍ਰਿਸ਼ਟੀ 'ਚ ਇਹ ਚੀਜ਼ ਆਈ ਹੈ, ਵੱਡੇ ਵੱਡੇ ਆਦਮੀ ਏਸ ਗੱਲ ਤੇ ਲੱਗੇ ਹਨ ਕਿ ਖਾਤਮਾ ਕਿਵੇਂ ਕਰੀਏ, ਇਹਦਾ ਛੇਤੀ ਕਿਸ ਤਰ੍ਹਾਂ ਖਤਮ ਹੋਵੇ, ਪਰ ਆਪ ਨਾ ਹੋਈਏ।

ਦੂਜਿਆਂ ਨੂੰ ਖਤਮ ਕਰਨ ਵਾਸਤੇ ਲੱਖਾਂ ਦੀਆਂ ਗੱਠਾਂ ਆ ਜਾਂਦੀਆ ਨੇ ਰੋਜ਼। ਪੰਡਤ ਜੀ ਕੋਲ ਕਿਉਂ ਏਨੇ ਲੋਕ ਇਹਨਾਂ ਨੂੰ ਆ ਕੇ ਬੁਲਾਉਂਦੇ ਹਨ। ਉਹ ਇਹਨਾਂ ਨੂੰ ਕਿਉਂ ਵਿਦਵਾਨ ਸਮਝਦੇ ਹਨ, ਸਾਨੂੰ ਕਿਉਂ ਨਹੀਂ ਕੋਈ ਕਹਿੰਦਾ। ਇਹ ਕਦੇ ਨਹੀਂ ਕਿਸੇ ਨੂੰ ਆਇਆ—ਕਿ ਮੇਰੇ ਕੋਲ ਤਾਂ ਸੌ ਗੰਢ ਰੋਜ਼ ਦੀ ਆਉਂਦੀ ਹੈ, ਇਸ ਵਚਾਰੇ ਨੂੰ ਸੌ ਗਜ਼ ਵੀ ਰੋਜ਼ ਦਾ ਨਹੀਂ ਮਿਲਦਾ, ਕੋਈ ਇਹਦਾ ਵੀ ਮੈਂ ਇੰਤਜ਼ਾਮ ਕਰਾਂ। ਤਾਂ ਇਸ ਕਰ ਕੇ ਸ੍ਰਿਸ਼ਟੀ 'ਚ ਸੁਖ ਨਹੀਂ ਹੋ ਸਕਦਾ, ਜਿਤਨਾਂ ਚਿਰ ਤ੍ਰਿਸ਼ਨਾ ਹੈ। ਮਹਾਰਾਜ ਨੇ ਲਿਖਿਆ ਹੈ–

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ।।ਰਹਾਉ।।**
**ਕੋਟਿ ਜੋਰੇ ਲਾਖ ਕ੍ਰੋਰੇ[੪੭] ਮਨੁ ਨ ਹੋਰੇ[੪੮]।।**
**ਪਰੈ ਪਰੈ ਹੀ ਕਉ ਲੁਝੀ[੪੯] ਹੇ।।੧।।**
**ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ[੫੦] ਬਿਕਾਰੀ[੫੧]।।**
**ਬੁਰਾ ਭਲਾ ਨਹੀ ਸੁਝੀ ਹੇ।।੨।।**
**ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ—**

ਪਿੱਛੇ ਜਾ ਕੇ ਕਹਿੰਦੇ ਹਨ–

**—ਗੁਣ ਨਿਧਿ ਨਹੀ ਗਾਇਆ।।**
**ਮਨ ਬਿਖੈ ਹੀ ਮਹਿ ਲੁਝੀ**[੫੨] **ਹੇ।।੩।।**
**ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ**
**ਸਾਧ ਸੰਗਿ ਮਾਇਆ ਤਰੈ।।**
**ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ।।੪।।**

*– ਗਉੜੀ ਮ:੫, ਪੰਨਾ–੨੧੩*

ਤੁਹਾਡਾ ਨਾਉਂ ਹੈ ਨਾਮਧਾਰੀ, ਔਰ ਆਪਣੇ ਆਪ ਨੂੰ ਏਸ ਭਾਗ ਵਾਲਾ ਸਮਝੋ ਕਿ ਜਦੋਂ ਵਕਤ ਦਾ ਮਾਲਕ ਆਵੇ, ਜਿਹਨੂੰ ਉਹਦਾ ਗਿਆਨ ਨਹੀਂ ਹੁੰਦਾ, ਉਹਨੂੰ ਕੋਈ ਫਾਇਦਾ ਨਹੀਂ ਪਹੁੰਚਦਾ।

## ਉਹ ਜੋ ਚਾਹੇ ਸੋ ਕਰੇ

ਵੱਡੇ-ਵੱਡੇ ਰਿਸ਼ੀ ਮੁਨੀ, ਵੱਡੇ-ਵੱਡੇ ਤਪੱਸਵੀ, ਜਦੋਂ ਰਾਮ ਚੰਦਰ ਜੀ ਮਹਾਰਾਜ ਗਏ ਤੇ ਭੀਲਣੀ ਦੇ ਘਰ ਜਾ ਵੜੇ, ਤਾਂ ਉਹ ਭੁੱਲ ਗਏ। ਅੱਜ ਦੀ ਗੱਲ ਛਡ ਦਿਉ। ਅੱਜ ਤਾਂ ਲੋਕ ਭਜਨ ਨਹੀਂ ਕਰਦੇ, ਬਾਣੀ ਨਹੀਂ ਪੜ੍ਹਦੇ, ਕੁਛ ਨਹੀਂ ਕਰਦੇ। ਇਹਨਾਂ ਨੇ ਤਾਂ ਕੀ ਦੇਖਣਾ ਹੈ ਕਿਸੇ ਨੂੰ, ਇਹਨਾਂ ਨੂੰ ਤਾਂ ਕਿੱਥੇ ਉਹ ਅੱਖਾਂ ਮਿਲਣੀਆਂ ਹਨ ਜੋ ਉਸ ਵਕਤ ਦੇ ਤਪ ਕਰਨ ਵਾਲੇ ਲੋਕ, ਜਦੋਂ ਮਹਾਰਾਜ ਭੀਲਣੀ ਦੇ ਘਰ ਚਲੇ ਗਏ ਕਹਿੰਦੇ—ਇਹ ਉਹ ਰਾਮ ਨਹੀਂ, ਜਿਹੜਾ ਇਹ ਚੂਹੜੀ ਦੇ ਘਰ ਜਾ ਵੜਿਆ ਹੈ।

ਉਹਦਾ ਨਾਂ ਕਦੇ ਨਹੀਂ ਆਇਆ ਕਿ ਬਖਤਾਵਰ ਨਿਵਾਜ਼, ਜਾਂ ਜੋਰਾਵਰ ਨਿਵਾਜ। ਉਹਦਾ ਨਾਂ—ਦੀਨ ਦਿਆਲ, ਗਰੀਬ ਨਿਵਾਜ ਹੀ ਆਉਂਦਾ ਹੈ, ਕਦੇ ਰਾਜ ਦਿਆਲ ਨਹੀਂ ਆਉਂਦਾ। ਫੇਰ ਦਿਖਾ ਦਿੱਤਾ, ਕਿ ਤੁਸੀਂ ਨਾਮ ਜਪ ਕੇ, ਇਹ ਆਕੜ ਨਾ ਕਰੋ।

*ਪੰਪਾਸਰ ਮੈ ਕਿਰਮ ਪੜੇ ਹੈਂ ਰਿਖੀਆਂ ਆਖ ਸੁਣਾਇਆ।*

ਉਹ ਤਲਾਅ 'ਚ ਕੀੜੇ ਪਾ ਦਿੱਤੇ। ਲਛਮਣ ਨੂੰ ਵੀ ਬੜਾ ਮਾਣ ਸੀ ਕਿ ਮੈਂ ਬੜਾ ਜਤੀ ਹਾਂ। ਉਹਦੇ ਵੀ ਚਰਨ ਧੋ ਕੇ ਪਾਏ, ਆਖਣ ਲੱਗੇ —ਆਹ ਲਓ ਸਾਡੇ ਵੀ ਧੋ ਕੇ ਪਾ ਲਓ। ਉਹ ਪਾਇਆਂ ਵੀ ਨਾ ਉਹ

ਹਟਿਆ। ਕਹਿੰਦੇ—ਭੀਲਣੀ ਦੇ ਵੀ ਧੋ ਕੇ ਪਾਓ। ਅਉਖੇ ਤੇ ਬੜੇ ਹੋਏ, ਪਰ ਜਦੋਂ ਆਪਣੀ ਲੋੜ ਹੋਵੇ ਫਿਰ ਸਭ ਕੁਝ ਕਰੀਦੈ। ਖੇਡ ਸੀ, ਕਿਉਂ ਉਹ, ਜੋ ਚਾਹੇ ਸੋ ਕਰੇ। ਇਹ ਉਹਦਾ ਇਖਤਿਆਰ ਹੈ। ਇਹ ਕਿਸੇ ਦੁਨੀਆਂ ਦੇ ਆਦਮੀ ਦਾ ਇਖਤਿਆਰ ਨਹੀਂ। ਉਹ ਜਦੋਂ ਚਾਹੁੰਦਾ ਹੈ, ਹੇਠਲਿਆਂ ਨੂੰ ਉੱਤੇ ਤੇ ਉਤਲਿਆਂ ਨੂੰ ਹੇਠਾਂ ਕਰ ਦਿੰਦਾ ਹੈ। ਕੌਣ ਮੰਨਦਾ ਸੀ, ਅੰਗਰੇਜ਼ ਨਿਕਲ ਜਾਵੇਗਾ ਅੱਜ ਤੋਂ ਅੱਠ ਸਾਲ ਪਹਿਲੇ ? ਪਰ ਹੁਕਮ ਦਿੱਤਾ ਹੋਇਆ ਸੀ—ਕਿ ਮੈਨੂੰ ਇਹਨਾਂ ਸਿਆਲ 'ਚ ਤੁਸੀਂ ਕੱਢਿਐ, ਤੁਹਾਨੂੰ ਗਰਮੀਆਂ 'ਚ ਕੱਢਣੈ। ਜੂਨ ਦੇ ਮਹੀਨੇ ਔਰ ਮੈਨੂੰ ਪਤਾ ਲੱਗਾ ਬੰਬਈ ਜਾ ਕੇ, ਅਸੀਂ ਇੱਕ ਦਿਨ ਬੰਬਈ ਗਏ ੧੫, ੧੬ ਸਾਲ ਦੀ ਗੱਲ ਹੈ ਔਰ ਇੰਡੀਆ ਗੇਟ ਬਣਿਆ ਹੋਇਐ—ਕਿਉਂ ਕਿ ਦਿਲੋਂ ਤਾਂ ਅਸੀਂ ਅੰਗਰੇਜ਼ ਨੂੰ ਚੰਗਾ ਨਹੀਂ ਸਾਂ ਜਾਣਦੇ ਨ। ਮੈਂ ਕਿਹਾ—ਸਾਡਾ ਵੀ ਕਿਤੇ ਇਹੋ ਜਿਹਾ ਲੰਦਨ ਜਾ ਕੇ ਬਣੇ। ਤਾਂ ਕਹਿੰਦੇ ਨੇ—ਕਿ ਉਹਨਾਂ ਨੂੰ ਕਿਹਾ ਗਿਆ—ਬੰਬਈ ਜਾ ਕੇ ਸੁਣਿਆ—ਬਈ, ਯੂਨੀਅਨ ਜੈਕ ਦਾ ਝੰਡਾ ਆਪਣੇ ਹੱਥੀਂ ਲਾਹੋ ਤੇ ਆਪਣੇ ਹਥੀਂ ਕਾਂਗਰਸ ਦਾ ਝੰਡਾ ਚੜ੍ਹਾਓ, ਜਿਹੜਾ ਤਿਰੰਗਾ ਹੈ ਹਿੰਦੁਸਤਾਨ ਦਾ। ਉਹ ਝੰਡਾ ਚੜ੍ਹਾਇਆ। ਫਿਰ ਹੁਕਮ ਇਹ ਮਿਲਿਆ—ਸੌ ਕਦਮ, ਦੋ ਸੌ ਕਦਮ, ਤਿੰਨ ਸੌ ਕਦਮ, ਜਾਂ ਪੰਜਾਹ ਕਦਮ, ਅੱਗੇ ਮੂੰਹ ਰੱਖੋ ਇਸ ਝੰਡੇ ਵੱਲ ਹਿੰਦੁਸਤਾਨ ਵੱਲ, ਪਿਛਾਂਹ ਨੂੰ ਤੁਰੋ ਪਿਛਲ ਖੋੜੀ ਤੋਰ ਕੇ ਉਸ ਇੰਡੀਆ ਗੇਟ ਵਿੱਚੋਂ ਜਿੱਥੋਂ ਦੀ ਲੰਘ ਕੇ, ਆ ਕੇ, ਇੰਡੀਆ ਗੇਟ ਬਣਾਇਆ ਸੀ। ਉਹ ਸਤਿਗੁਰੂ ਦਾ ਹੁਕਮ, ਉਹਨਾਂ ਨੂੰ ਪਿਛਲ ਖੋੜੀ ਤੋਰ ਕੇ ਨ, ਉਹਨਾਂ ਨੂੰ ਜਹਾਜ਼ ਵਿੱਚ ਪਿਛਲੇ ਪੈਰੀਂ ਚੜ੍ਹਾਇਆ ਸੀ ਬਈ, ਪਿੱਠ ਨਹੀਂ ਹਿੰਦੁਸਤਾਨ ਵੱਲ ਕਰ ਸਕਦੇ। ਰੋਂਦੇ ਗਏ ਧਾਹਾਂ ਮਾਰਦੇ। ਇਹ ਉਹਦੀ ਮੌਜ ਹੈ, ਔਰ ਉੱਥੇ-

**ਏਕ ਘੜੀ ਮਹਿ ਥਾਪਿ ਉਥਾਪੇ ਜਰੁ[੫੩] ਵੰਡਿ ਦੇਵੈ ਭਾਂਈ॥**

*– ਆਸਾ ਮ:੧, ਪੰਨਾ-੪੧੭*

ਕੋਈ ਪਤਾ ਨਹੀਂ ਘੜੀ ਦਾ, ਜੋ ਚਾਹੇ ਸੋ ਕਰੇ। ਕਿਸੇ ਦਿਨ ਅਮਾਨਉਲਾ ਬਾਦਸ਼ਾਹ ਤੇ ਕਿਸੇ ਦਿਨ ਯਾਰਸ਼ਾਹ ਆਇਆ, ਕਿਸੇ ਦਿਨ

ਦੂਆ ਆ ਗਿਆ, ਤੀਆ ਆ ਗਿਆ। ਕਿਸੇ ਥਾਓਂ ਕੋਈ ਲਹਿ ਗਿਆ, ਕਿਤੋਂ ਕੋਈ ਲਹਿ ਗਿਆ। ਕੱਲ ਏਥੇ ਰਾਜੇ ਰਾਜ ਕਰਿਆ ਕਰਦੇ ਸਨ ਅੱਜ ਕੋਈ ਨਹੀਂ ਰਿਹਾ। ਪਰ ਹਮੇਸ਼ਾ ਕਿਆ ਰਹਿੰਦਾ ਹੈ—ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਲੋਕ ਪੜ੍ਹਦੇ ਹੋ, ਉਹਨਾਂ 'ਚ ਲਿਖਿਐ–

## ਨਾਮ ਤੇ ਨਾਮੀ

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ।।**

*– ਪੰਨਾ–੧੪੨੯*

ਚੀਜ਼ਾਂ ਚਾਰ ਹਨ ਪਰ ਹੈਨ ਇੱਕੋ ਹੀ। ਜਿਹਦਾ ਨਾਮ ਹੈ, ਉਹ ਰਹਿਣ ਵਾਲਾ ਹੈ ਤਾਂ ਉਹਦਾ ਨਾਮ ਵੀ ਰਹਿਣ ਵਾਲਾ ਹੋਇਆ। ਇਹਦੇ 'ਚ ਭੀ ਰੌਲਾ ਨਾ ਹੋਇਆ। ਨਾਮ ਤੇ ਨਾਮੀ 'ਚ ਕੋਈ ਭੇਦ ਨਹੀਂ। ਅੱਛਾ ਸਾਧੂ ਜਿਹੜਾ ਹੈ–

**ਰਾਮ ਸੰਤ ਮਹਿ ਭੇਦੁ ਕਿਛੁ ਨਾਹੀ,**

*– ਪੰਨਾ–੨੦੮*

–ਉਹ ਉਹਦਾ ਰੂਪ ਹੈ, ਤੇ–

**ਗੁਰੁ ਪਰਮੇਸਰੁ ਏਕੋ ਜਾਣੁ।।**

*– ਗੋਂਡ ਮ:੫, ਪੰਨਾ–੮੬੪*

ਰਹਿੰਦਾ ਇੱਕੋ ਹੀ ਹੈ, ਉਹੋ ਹੀ ਅਕਾਲ ਪੁਰਖ, ਹੋਰ ਕੋਈ ਚੀਜ਼ ਨਹੀਂ ਰਹਿੰਦੀ। ਤਾਂ, ਉਹ ਜਿਹਨੇ ਤੁਹਾਨੂੰ ਇਹ ਚੀਜ਼ ਦੱਸੀ ਹੈ, ਹੁਣ ਵੀ —ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ਼ਬਦ ਲਿਖੇ ਹਨ, ਮੈਂ ਅੱਗੇ ਵੀ ਕਈ ਵਾਰ ਦੱਸੇ ਹਨ। ਸਤਿਗੁਰੂ ਜੀ ਨੇ ਆਪਣੇ ਹੁਕਮਨਾਮੇ 'ਚ, ਰੰਗੂਨ ਤੋਂ ਇਹ ਚੀਜ਼ ਲਿਖੀ–

**ਪੀਸ ਦਿਖਾਊਂ ਦੀਪ**

ਫੇਰ ਮਹਾਰਾਜ—ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖ ਪੁੱਛਦੇ ਨੇ—ਬਈ, ਬਚੂਗਾ ਕੌਣ ? ਸਾਹਿਬ ਕਹਿੰਦੇ ਨੇ—ਜੋ ਨਾਮ ਜਪੇਗਾ। ਜਿਸ ਤਰ੍ਹਾਂ ਚੱਕੀ ਵਿੱਚ ਦਾਣੇ ਪੈਂਦੇ ਜਾਂਦੇ ਹਨ, ਪਿਸੀਦੇ ਜਾਂਦੇ ਹਨ, ਜਿਹੜੇ ਕਿੱਲੀ ਦੇ ਨਾਲ

ਲੱਗੇ ਰਹਿਣ ਉਹਨਾਂ ਨੂੰ ਨਹੀ ਸੇਕ ਲਗਦਾ। ਜਿਹੜੇ ਨਾਮ ਜਪਣਗੇ, ਉਹੀ ਕਿੱਲੀ ਨਾਲ ਦਾਣੇ ਹੋਣਗੇ। ਤੁਹਾਡੇ ਸਾਹਮਣੇ ਮਿਸਾਲ ਆ ਜਾਂਦੀ ਹੈ ਕਿ ਇੱਕ ਪ੍ਰਹਿਲਾਦ, ਰਾਮ ਕਹਿਣ ਵਾਲਾ ਤੇ ਰਾਜਾ ਸਾਰੀ ਸ੍ਰਿਸ਼ਟੀ ਦਾ ਉਹਦੇ ਬਰਖਿਲਾਫ, ਸਾਰੀ ਦੁਨੀਆਂ ਉਹਦੇ ਬਰਖਿਲਾਫ—ਕੱਖ ਨਾ ਬਿਗਾੜ ਸਕੇ। ਉਹ ਦੁਰਯੋਧਨ ਚੱਕਰਵਰਤੀ ਰਾਜਾ ਸਾਡੇ ਭਾਰਤ ਦਾ, ਇੱਕ ਦਰੋਪਦੀ, ਜਿਸ ਦੇ ਕਪੜੇ ਨਾ ਲਾਹ ਸਕੇ। ਮਹਾਰਾਜ ਨੇ, ਸਾਡੇ ਸਿੱਖਾਂ ਕੋਲ ਸਭ ਤੋਂ ਵੱਡੀ ਚੀਜ਼ ਹੈ ਆਦਿ ਗ੍ਰੰਥ ਸਾਹਿਬ ਜੀ ਦੀ ਬਾਣੀ–

**ਦੂਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।।**

*– ਮਾਲੀ ਗਉੜੀ ਨਾਮਦੇਵ ਜੀ, ਪੰਨਾ-੯੮੮*

ਪਰ ਕਿਉਂ—ਨਾਮ ਜਪਣ ਕਰਕੇ। ਇੱਕ ਬੂਟੀ ਹੈ ਉਸ ਨੂੰ ਕਹਿੰਦੇ ਹਨ ਗਰੜ ਉਦਗਾਰ, ਕਿ ਗਰੜ ਦੇ ਮੂੰਹ ਵਿੱਚੋਂ ਉਹ ਨਿਕਲੀ ਹੋਈ ਹੈ। ਗਰੜ ਨੇ ਕਿਸੇ ਵੇਲੇ ਉਲਟੀ ਕੀਤੀ ਹੋਈ ਹੈ। ਉਸ ਬੂਟੀ ਨੂੰ ਮੂੰਹ ਵਿੱਚ ਪਾ ਕੇ ਜਿੱਥੇ ਮਰਜ਼ੀ ਹੈ, ਸੱਪ ਲੜਾ ਲਓ, ਵਿਹੁ ਨਹੀਂ ਚੜ੍ਹਦੀ। ਭਾਈ ਗੁਰਦਾਸ ਨੇ ਵੀ ਲਿਖਿਐ—ਬਈ, ਗਰੜ ਉਦਗਾਰ ਮੂੰਹ ਵਿੱਚ ਪਾ ਕੇ ਸੱਪ ਲੜਾਓ ਤਾਂ ਵਿਹੁ ਨਹੀਂ ਚੜ੍ਹਦੀ। ਤਾਂ ਇਸ ਤਰ੍ਹਾਂ ਤੁਹਾਨੂੰ ਸਤਿਗੁਰੂ ਨੇ ਗਰੜ ਉਦਗਾਰ ਦਿੱਤੀ ਹੈ। ਵਾਰਾਂ* ਵਿੱਚ ਪਾਠ ਹੈ ਕਿਤੇ, ਮੈਨੂੰ ਇਉਂ ਯਾਦ ਨਹੀਂ ਬਈ ਹੈ ਕਿੱਥੇ। ਨਾਮ—ਪਰ ਦੇਖਣਾ ਏਸ ਆਕੜ 'ਚ ਵੀ ਕਦੇ ਨਹੀਂ ਆ ਜਾਣਾ ਬਈ, ਅਸੀਂ ਨਾਮ ਜਪਦੇ ਹਾਂ, ਹੋਰ ਕੋਈ ਨਹੀਂ ਜਪਦਾ—ਇਹ ਸਾਡੇ ਨਾਲੋਂ ਮਾੜੇ ਨੇ। ਸਤਿਗੁਰੂ ਦਾ ਹੁਕਮ ਨਹੀਂ ਏਸ ਪਾਸੇ ਤੁਰਨ ਦਾ। ਨਾਮ ਜਪ ਕੇ ਹੰਕਾਰ ਕਰਨ ਦਾ ਹੁਕਮ ਨਹੀਂ। ਨਾਮ ਜਪਣ ਦਾ ਤਾਂ ਫਾਇਦਾ ਇਹੋ ਹੈ ਬਈ, ਉਹ ਮਤ ਪਾਪਾਂ ਨਾਲ ਭਰੀ ਹੋਈ–

**ਓਹੁ ਧੋਪੈ ਨਾਵੈ ਕੈ ਰੰਗਿ।।**

*– ਪੰਨਾ-੪*

ਤਾਂ ਭਾਈ ਸੱਜਣੋਂ ਤੁਸੀਂ ਬੜੇ ਭਾਗਾਂ ਵਾਲੇ ਹੋ। ਸਤਿਗੁਰਾਂ ਨੇ ਤੁਹਾਨੂੰ ਇਹ ਕਿਰਪਾ ਕੀਤੀ ਹੈ। ਉਹ ਇੱਕ ਭੱਟ ਆਇਆ ਸੀ ਗੁਰੂ ਅਮਰਦਾਸ ਜੀ ਕੋਲ। ਉਹ ਕਹਿੰਦਾ ਹੈ–

*ਨਾਮ ਦੇਹ, ਧਨ ਦੇਹ, ਨਾ ਜਨ ਕੋ,*
*ਧਨ ਬਿਹੂਨ ਜਨ ਜਗ ਨਾ ਸੁਹਾਏ।*
*ਤੇ ਧਨ ਦੇਹ ਨਾਮ ਦੇਹ ਨਾ ਜਨ ਕੋ*
*ਨਾਮ ਬਿਨਾ ਜਨ ਜਮ ਪੁਰ ਜਾਹੇ।*

ਸਤਿਗੁਰਾਂ ਨੇ ਤੁਹਾਨੂੰ ਦੋਨੋ ਦਾਨ ਦਿੱਤੇ ਨੇ। ਤੁਹਾਨੂੰ ਧਨ ਵੀ ਦਿੱਤਾ ਹੈ, ਨਾਮ ਵੀ ਦਿੱਤਾ ਹੈ। ਪਰ ਨਾਮ ਦੇ ਆਸਰੇ ਧਨ ਹੈ, ਧਨ ਦੇ ਆਸਰੇ ਨਾਮ ਨਹੀਂ। ਜੇ ਨਾਮ ਜਪਦੇ ਰਹੋਗੇ, ਸੁਖ ਪ੍ਰਾਪਤ ਹੋਊਗਾ। ਜੇ ਧਨ ਵਿੱਚ ਭੁੱਲ ਜਾਓਗੇ ਨਾਮ ਨੂੰ, ਫੇਰ ਇਹ ਰਹਿਣ ਵਾਲੀ ਚੀਜ਼ ਨਹੀਂ। ਨਾ ਧਨ ਕਦੇ ਕਿਸੇ ਕੋਲ ਰਿਹਾ ਹੈ। ਉਹ ਫਿਰ ਮਨ ਵੀ ਉਸ ਤਰ੍ਹਾਂ ਦਾ ਹੋ ਜਾਂਦਾ ਹੈ, ਔਰ ਦੁਖੀ ਹੁੰਦਾ ਹੈ। ਸੋ ਮੈਂ ਇਨੀ ਅਰਜ਼ ਕਰਨੀ ਸੀ ਬਈ, ਨਾਮ ਜਪਿਆ ਕਰੋ।

ਹੁਣ ਅੱਜ ਸਵੇਰੇ ਜਿਸ ਤਰ੍ਹਾਂ ਤੁਸੀਂ ਬੈਠੇ ਸਓ, ਤੁਹਾਨੂੰ ਵੀ ਆਪਣੇ ਆਪ ਦਾ ਪਤਾ ਹੈ, ਮੈਨੂੰ ਵੀ ਓਸ ਵੇਲੇ ਦਾ ਪਤਾ ਹੈ ਬਈ, ਇਹੋ ਜਿਹਾ ਵਕਤ ਐਡੀ ਕਿਰਪਾ ਹੋਵੇ ਛੋਟੇ—ਛੋਟੇ ਬੱਚੇ, ਬੁੱਢੇ ............। ਮੇਰਾ ਤੇ ਅੱਜ ਸਰੀਰ ਢਿੱਲਾ ਸੀ, ਮੈਂ ਮਗਰੋਂ ਆਇਆਂ, ਪਰ ਮੇਰੀ ਏਨੀ ਕੁ ਕਿਸਮਤ ਸੀ ਬਈ, ਮੈਂ ਪੰਦਰਾਂ ਮਿੰਟ ਆ ਕੇ ਉਹ ਦ੍ਰਿਸ਼ ਦੇਖ ਲਿਆ, ਜਿਹੜਾ ਉਹ ਕੁਛ, ਉਹ ਜਿਹੜੀ ਚੀਜ਼ ਹੈ। ਇਹ ਸਤਿਗੁਰਾਂ ਨੇ ਤੁਹਾਡੇ ਉੱਤੇ ਅਪਾਰ ਕਿਰਪਾ ਕੀਤੀ ਹੈ ਬਈ, ਤੁਹਾਨੂੰ ਮਾਇਆ ਦੇ ਨਾਲ ਨਾਮ ਦਿੱਤਾ ਹੈ। ਮਾਇਆ ਦੇ ਵਿੱਚ ਹੁੰਦੇ ਹੋਇਆਂ ਨੂੰ ਕਿਰਪਾ ਕਰਦੈ—ਬਈ, ਨਾਮ ਜਪੋ। ਦੇਖੋ ਏਸ ਪਾਸੇ ਲੱਗੇ ਰਹੋਗੇ ਤਾਂ, ਹੋਰ ਸੁਖ ਵੀ ਪ੍ਰਾਪਤ ਹੋਊ। ਨਹੀਂ ਦੁਨੀਆਂ ਸੜ ਰਹੀ ਹੈ, ਮਰ ਰਹੀ ਹੈ। ਕੋਈ ਦਿਨ ਆਉਣ ਵਾਲਾ ਹੈ, ਕਿ ਜਿਸ ਦਿਨ ਦੁਨੀਆਂ ਦਾ ਹੁਣ ਖਾਤਮਾ ਹੋਣ ਉੱਤੇ ਆਇਐ। ਕਹਿੰਦੇ ਨੇ—ਅੱਗੇ ਏਸੇ ਤਰ੍ਹਾਂ ਈ ਸਾਇੰਸਦਾਨ ਏਡੇ ਵੱਧ ਗਏ ਸਨ ਜਿਨ੍ਹਾਂ ਲੋਕਾਂ ਨੇ ਯੂਨਾਨ ਵਿੱਚ—ਮੈਨੂੰ ਇੱਕ ਮੁਸਲਮਾਨ ਨੇ ਗੱਲ ਦੱਸੀ—ਕਿ ਉਹਨਾਂ ਨੇ ਪਾ ਕੇ ਕੋਈ ਚੀਜ਼ਾਂ, ਮਿੱਟੀ ਦੇ ਇੱਕ ਭਾਂਡੇ ਵਿੱਚ, ਇੱਕ ਬੱਚਾ ਪੈਦਾ ਕਰ ਲਿਆ ਸੀ। ਹੁਣ ਵੀ ਇਹ ਬਣਾ ਰਹੇ ਹਨ, ਇਹੋ ਜਿਹੀਆਂ ਗੱਲਾਂ—ਮੌਤ ਕਿਸ ਤਰ੍ਹਾਂ ਨਹੀਂ ਆ ਸਕਦੀ—ਬੰਦਾ

ਕਿਸ ਤਰ੍ਹਾਂ ਬਣ ਸਕਦੈ। ਮੁਰਗੀਆਂ ਦੇ ਆਂਡਿਆਂ ਵਿੱਚੋਂ ਤਾਂ ਬੱਚੇ ਕੱਢਣੇ ਨੇ ਨ ਛੇਤੀ ਛੇਤੀ ੨੧ ਦਿਨਾਂ 'ਚ। ਕਈ ਐਸੀਆਂ ਚੀਜ਼ਾਂ ਇਹ ਕਰ ਰਹੇ ਨੇ, ਲੇਕਿਨ ਕਹਿੰਦੇ ਨੇ—ਕਿ ਜਦ ਯੂਨਾਨ ਨੇ ਉਹ ਬਣਾ ਲਿਆ ਸੀ ਤਾਂ ਸਾਰਾ ਮੁਲਕ ਈ ਗਰਕ ਹੋ ਗਿਆ ਸੀ।

ਹੁਣ ਦਸੋ ਸਾਡੀ ਗੌਰਮਿੰਟ ਬੜੀ ਕੋਸ਼ਿਸ਼ ਇਹ ਕਰ ਰਹੀ ਹੈ ਕਿ ਪੰਜ ਸਾਲਾ ਪਲੈਨ 'ਚ ਲੋਕਾਂ ਨੂੰ ਉੱਚਾ ਚੁੱਕਿਆ ਜਾਵੇ। ਐਤਕੀਂ ਉਹਨੇ ਤਿੰਨ ਚਾਰ ਦਿਨ ਆਪਣਾ ਪਲੈਨ ਲਿਆਂਦਾ, ਬਾਰਸ਼ ਕਰ ਦਿੱਤੀ। ਅਗਲੇ ਪੰਜਾਂ ਸਾਲਾਂ ਦੀ ਕਰੀ ਤਾਂ ਖੂਹ ਵਿੱਚ ਪੈ ਗਈ। ਅੱਗੋਂ ਪਤਾ ਨਹੀਂ ਹੁਣ ਕੀ ਕਰੇ। ਜੇ ਜਿਸ ਤਰ੍ਹਾਂ ਦੀ ਇਹ ਗੱਲ ਸੀ, ਅਗਲਾ ਅੱਠ ਕੁ ਪਹਿਰ ਹੋਰ ਪੈ ਜਾਂਦਾ ਤਾਂ, ਮੇਰਾ ਖਿਆਲ ਹੈ ਕਿ ਹਿੰਦੁਸਤਾਨ ਦਾ ਤਾਂ ਤੀਸਰਾ ਹਿੱਸਾ ਬਾਕੀ ਸ਼ਾਇਦ ਰਹਿ ਜਾਂਦਾ। ਹੁਣ ਕਦੇ ਕਿਸੇ ਨੇ ਇਹ ਗੱਲ ਸੁਣੀ ਹੈ ਚੰਬੇ ਦੇ ਰਾਜ ਵਿੱਚ ਇੱਕ ਜਗ੍ਹਾ ਹੈ ਪਾਂਗੀ, ਅੱਠ ਫੁੱਟ ਉੱਥੇ ਬਾਰਸ਼ ਹੋਈ ਹੈ। ਕਦੇ ਦਸ ਇੰਚ, ਕਦੇ ਬਾਰਾਂ ਇੰਚ ਸੁਣਦੇ ਸਾਂ—ਉਹ ਵੀ ਇਉਂ ਹੁੰਦੀ ਸੀ ੩੦ ਇੰਚ ਛੇਆਂ ਮਹੀਨਿਆਂ 'ਚ ਜਾਂ ਤਿੰਨਾਂ ਮਹੀਨਿਆਂ 'ਚ ਹੋ ਗਈ। ਉੱਥੇ ਇੱਕ ਦਮ ਅੱਠ ਫੁੱਟ ਬਾਰਸ਼ ਹੋਈ ਹੈ। ਯਾਨੀ ਇੱਕ ਦਮ ਐਡਾ—ਐਡਾ ਪਾਣੀ ਚੜ੍ਹ ਗਿਆ, ਜਿਡਾ ਆਹ ਕੋਠਾ ਸਾਡਾ ਬਣਿਐ, ਏਦੂੰ ਥੋੜਾ ਘੱਟ। ਕੋਈ ਪਤਾ ਨਹੀਂ ਕਿਸ ਵੇਲੇ ਕੀ ਹੋਵੇ। ਆਹ ਦੇਖੋ ਅੱਜ ਤੁਸਾਂ ਸੁਣਿਐ, ਸਤਿਗੁਰਾਂ ਆਖਿਆ ਸੀ—ਏਸ ਜੀਵ ਦੇ ਨਾਲ ਨਾਮ ਜਾਂਦਾ ਹੈ ਜਾਂ ਪੁੰਨ ਕੀਤਾ ਹੋਇਆ ਜਾਂਦਾ ਹੈ। ਪੁੰਨ ਇਹ ਨਹੀਂ—ਮੇਰਾ ਮਾਮੇ ਦਾ ਪੁੱਤ ਆ ਗਿਐ, ਮੈਂ ਕਿਸੇ ਕੁੜੀ ਦਾ ਵਿਆਹ ਕੀਤੈ ਤੇ ਮੈਂ ਕਹਿ ਦਿੱਤਾ ਮੈਂ ਇਹਨੂੰ ਦੋ ਲੱਖ ਦੇ ਦਿੱਤਾ। ਪੁੰਨ ਉਹਦਾ ਨਾਮ ਹੈ, ਜਿਹਨੂੰ ਕੋਈ ਨਾ ਦਿੰਦਾ ਹੋਵੇ, ਜਿਹਨੂੰ ਕਿਤੋਂ ਨਾ ਮਿਲਦਾ ਹੋਵੇ, ਜੇ ਉਹਨੂੰ ਦਿੱਤਾ ਜਾਏ—ਉਹ ਪੁੰਨ ਹੈ। ਅਪਾਹਜ ਨੂੰ ਦੇਣਾ ਪੁੰਨ ਹੈ, ਸਭ ਤੋਂ ਵੱਡਾ। ਸਤਿਗੁਰਾਂ ਤਾਂ ਏਥੋਂ ਤਕ ਲਿਖ ਦਿੱਤਾ—ਬਈ, ਨਿੰਦਿਆ ਕਰਨ ਵਾਲਾ ਜੇ ਆਵੇ ਤਾਂ ਰੋਟੀ ਉਹਨੂੰ ਵੀ ਤੁਸੀਂ ਦਿਉ। ਨਿੰਦਿਆ ਕਰਨ ਵਾਲੇ ਨੂੰ ਨਿੰਦਿਆ ਦਾ ਫਲ, ਦਾਨ ਕਰਨ ਵਾਲੇ ਨੂੰ ਦਾਨ ਦਾ ਫਲ। ਸੋਈ ਗੁਰਮੁਖ ਦਾ ਅਰਥ ਲਿਖਿਐ ਉਹਨਾਂ ਨੇ–

**ਗੁਰਮੁਖਿ ਨਾਮੁ ਦਾਨੁ ਇਸਨਾਨੁ।।**

*- ਰਾਮਕਲੀ ਮ:੧, ਪੰਨਾ-੯੪੨*

ਨਾਮ ਜਪਣਾ, ਦਾਨ ਦੇਣਾ, ਬਗੈਰ ਕਿਸੇ ਰੂ-ਰਿਆਇਤ ਤੋਂ, ਬਗੈਰ ਕਿਸੇ ਗਿਣਤੀ ਤੋਂ—ਕਿ ਇਹ ਮੇਰਾ ਹੈ—ਇਹ ਬਿਗਾਨਾ ਹੈ ਔਰ ਇਸ਼ਨਾਨ ਕਰਨਾ। ਸੋ ਮੈਂ ਇਹਨਾਂ ਸ਼ਬਦਾਂ ਨਾਲ ਤੁਹਾਥੋਂ ਖਿਮਾਂ ਮੰਗਦਾਂ। ਹੁਣ ਨਿਤਨੇਮ ਹੋਵੇਗਾ। ਤੜਕੇ ਫੇਰ ਰਾਗੀ ਸਿੰਘ ਆਸਾ ਦੀ ਵਾਰ ਲਾਉਣਗੇ। ਕੁਝ ਵਿਚਾਰ ਐਸਾ ਹੈ ਬਈ, ਕੱਲ ਨੂੰ ਅਗਾਂਹ ਚਲੇ ਜਾਈਏ ਚੰਗਮਈ ਵੱਲ। ਫੇਰ ੫-੭ ਦਿਨ ਇਕੱਠੇ ਆ ਕੇ ਰਹਿ ਲਈਏ ਬਸੰਤ ਦੇ ਉੱਤੇ। ਕੱਲ ਨੂੰ ਸ਼ਾਮ ਦੀ ਗੱਡੀ........, ਦੀਵਾਨ ਸ਼ਾਮ ਦਾ ਸ਼ਾਇਦ ਨਾ ਹੀ ਲੱਗੇ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ, ਫੇਰ ਜਲ ਪਾਣੀ ਪਰਸ਼ਾਦ ਛਕ ਕੇ ਜੋ ਭਾਵੇ।

ਆ ਬਈ, ਦੱਸ ਹੁਣ ਤੂੰ ਕੀ ਆਖਦੈਂ ?

*(ਏਥੇ ਕੋਈ ਸਿੱਖ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਚਰਨਾਂ ਵਿੱਚ ਅਰਜ਼ ਕਰਨੀ ਚਾਹੁੰਦਾ ਹੈ। ਸਤਿਗੁਰੂ ਜੀ ਉਸਨੂੰ ਹੁਕਮ ਕਰ ਰਹੇ ਹਨ)*

ਹਾਂ, ਜਿਹੜਾ ਕਸ਼ਟ ਬਣਿਆ ਕੋਈ, ਜਾਣਕੇ ਜੇ ਤੈਂ ਬਣਾਇਆ ਤਾਂ ਤੂੰ ਜੁੰਮੇਵਾਰ ਹੈ, ਜੇ ਤੂੰ ਜਾਣਕੇ ਨਹੀਂ ਬਣਾਇਆ, ਤਾਂ ਅਰਦਾਸ ਕਰ ਸਤਿਗੁਰਾਂ ਦੇ ਅੱਗੇ। ਉਹਨਾਂ ਨੂੰ ਕੁਛ ਦਿਉ ਲਉ ਗਰੀਬਾਂ ਨੂੰ, ਜਿਨ੍ਹਾਂ ਦਾ ਉਹ ਆਦਮੀ ਮਰ ਗਿਐ। ਜੇ ਗੁਰੂ ਕਿਰਪਾ ਕਰੇ ਤੁਹਾਡਾ ਕਸ਼ਟ ਨਿਵਿਰਤ ਹੋਵੇ। ਹੁਣ ਸਾਧ ਸੰਗਤ ਨਮਿਤ ਜੋ ਤੁਹਾਡਾ ਚਿਤ ਕਰਦੈ ਵਰਤਾਓ, ਲਾਓ। ਏਥੇ ਕੋਈ ਗਿਣਤੀ ਨਹੀਂ ਬਈ, ਐਨੇ ਰੁਪੱਈਆਂ ਨਾਲ ਹੀ ਇਹ ਕੰਮ ਹੋ ਸਕਦੈ। ਜੇ ਐਨੀ ਚੀਜ਼ ਨਾ ਹੋਵੇ, ਇੱਕ ਮਾਲਾ ਭਗੌਤੀਆਂ ਦੀ ਰੋਜ਼ ਸਾਰੇ ਜੀਆਂ ਨੂੰ ਕਹੋ, ਆਪਣਿਆਂ ਨੂੰ ਇੱਕ ਇੱਕ ਰੋਜ਼ ਵਾਧੂ ਫੇਰਿਆ ਕਰਨ, ਅਗਲੇ ਆਪਣੇ ਨਿਤਨੇਮ ਤੋਂ। ਸਾਡੀ ਨਹੀਂ ਕੋਈ ਗੱਲ, ਕਰਨ ਵਾਲਾ ਸਤਿਗੁਰ ਹੈ। ਆਉ ਜੀ, ਸੇਠ ਜੀ ਅਰਦਾਸ ਕਰੋ।

## ਟਿੱਪਣੀਆਂ

★ *ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ।*
*ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ।*
*ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।*
*ਮੁਹ ਵਿਚਿ ਗਰੜ ਦੁਗਾਰ ਪਾਇ ਜਿਉ ਸਪੁ ਲੜਾਏ।*
*ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।*
*ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ।*

*– ਵਾਰ ੩੫, ਪਉੜੀ–੨੩*

## ਸ਼ਬਦਾਰਥ

੧ ਖੋਟੇ ਪਾਸੇ।
੨ ਆਸਰਾ ਦੇਣ ਵਾਲੇ।
੩ ਮਾੜਾ, ਲਿੱਸਾ।
੪ ਪੈਸਾ ਟਕਾ।
੫ ਧੀਰਜ।
੬ ਆਪਣਾ ਪ੍ਰਯੋਜਨ, ਆਪਣੀ ਗਰਜ਼।
੭ ਕ੍ਰੋੜਾਂ।
੮ ਪ੍ਰਮਾਤਮਾ ਦਾ।
੯ ਜਿੱਤੀਏ, ਪ੍ਰਾਪਤ ਕਰੀਏ।
੧੦ ਸਰੀਰ ਰੂਪੀ ਕਿਲ੍ਹਾ।
੧੧ ਸੁੰਦਰ।
੧੨ ਰਾਗ ਦਵੈਖ ਰੂਪੀ ਦੂਹਰੀ ਦੀਵਾਰ ਦਾ ਕਿਲ੍ਹਾ।
੧੩ ਤਿੰਨ ਗੁਣਾਂ ਰੂਪੀ ਤੀਹਰੀ ਖਾਈ ਹੈ।
੧੪ ਪੰਜ–ਕਾਮ ਆਦਿਕ।
੧੫ ਪੰਞੀ ਪ੍ਰਕ੍ਰਿਤੀਆਂ।
੧੬ ਨਸ਼ਾ।
੧੭ ਈਰਖਾ।
੧੮ ਛੌਣੀ, ਆੜ ਆਸਰਾ।
੧੯ ਜ਼ੋਰ ਵਾਲੀ।
੨੦ ਦਾਸ।
੨੧ ਦਾ।
੨੨ ਚਲਦਾ।
੨੩ ਕੀ।
੨੪ ਕਿਵਾੜ, ਤਖ਼ਤੇ।
੨੫ ਦਰਬਾਨ, ਪਹਿਰੇਦਾਰ।

੨੬ ਵਜ਼ੀਰ।
੨੭ ਯੁੱਧ ਕਰਨ ਵਾਲਾ।
੨੮ ਆਕੀ।
੨੯ ਚੰਗੀ ਤਰ੍ਹਾਂ ਬੰਨ੍ਹਿਆ ਹੋਇਆ ਕਵਚ।
੩੦ ਲੋਹੇ ਦਾ ਟੋਪ।
੩੧ ਖੋਟੀ ਬੁੱਧੀ।
੩੨ ਤ੍ਰਿਸ਼ਨਾ ਰੂਪੀ ਤੀਰ।
੩੩ ਦਿਲ ਰੂਪੀ ਭੱਥੇ ਵਿੱਚ।
੩੪ ਬਿਰਤੀ।
੩੫ ਬ੍ਰਹਮ ਦ੍ਰਿਸ਼ਟੀ ਦੀ ਅਗਨੀ।
੩੬ ਚੰਗੀ ਤਰ੍ਹਾਂ ਜਗਾਈ, ਪ੍ਰਕਾਸ਼ ਕੀਤੀ।
੩੭ ਪ੍ਰਮਾਤਮਾ ਦੇ ਭਗਤਾਂ ਦੀ।
੩੮ ਭੀੜ, ਸੰਗ।
੩੯ ਸਿਮਰਨ ਦੀ ਸ਼ਕਤੀ।
੪੦ ਅਟੱਲ।
੪੧ ਸੁਗੰਧ ਵਾਲੇ ਪਦਾਰਥਾਂ ਦੇ ਮੇਲ ਤੋਂ ਬਣਾਇਆ ਹੋਇਆ ਇੱਕ ਪਦਾਰਥ ਜੋ ਵਸਤ੍ਰ ਤੇ ਸਰੀਰ ਨੂੰ ਸੁਗੰਧਿਤ ਕਰਨ ਲਈ ਵਰਤੀਦਾ ਹੈ।
੪੨ ਅੰਦਾਜ਼ਾ ਲਾ ਕੇ।
੪੩ ਖੁਸ਼ੀ।
੪੪ ਵਡਿਆਈ।
੪੫ ਹੰਕਾਰ।
੪੬ ਛਿਨ ਭਰ ਦੇ।
੪੭ ਕਰੋੜਾਂ।
੪੮ ਹੋੜਦਾ, ਵਰਜਦਾ।
੪੯ ਝਗੜਦਾ ਹੈ, ਲਲਚਾਉਂਦਾ ਹੈ।
੫੦ ਪਰਾਏ ਘਰ।
੫੧ ਖੋਟੇ ਕਰਮ ਕਰਦਾ ਹੈ।
੫੨ ਫਸਦਾ ਹੈ।
੫੩ ਦੌਲਤ।

# ਬੰਕੋਕ ੧੧-੨-੧੯੫੯

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।**
**– ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

ਖਜਾਨ ਸਿੰਘ ਚਲਾ ਗਿਐ ਕਿਧਰੇ ਰਾਗੀ ਸਿੰਘ ਸਾਡਾ, ਅੱਛਾ ਨਿਤਨੇਮ ਦੇ ਭੋਗ ਵੇਲੇ ਜਰੂਰ ਆ ਜਾਏ ਏਥੇ, ਢੋਲਕ ਏਥੇ ਰੱਖੀ ਹੋਈ ਹੈ ਕਿ ਨਹੀਂ। ਮੈਂ ਕਿਹਾ ਜੀ—ਆਹ ਹੈਗੀ ਐ ਏਥੇ ਕੋਲ ਮਸ਼ੀਨ, ਹੱਲੇ ਦਾ ਪੁਰਾਣੇ ਕਾਇਦੇ ਦਾ ਵੀ ਇੱਕ ਸ਼ਬਦ ਰੋਜ਼ ਪੜ੍ਹ ਲਿਆ ਕਰੀਏ ਤਾਂ ਫਿਰ ਰਿਕਾਰਡ ਬਣ ਜਾਏ, ਹੁਣ ਸਰੀਰ ਤੇ ਝੱਲਦਾ ਨਹੀਂ, ਪਰ ਚਲੋ ਥੋੜਾ ਬਹੁਤਾ। ਉਹ ਜ਼ਰਾ ਢੋਲਕ ਵਜਾ ਲਏਗਾ, ਦਿਆਲ ਸਿੰਘ ਵੀ ਨਹੀਂ ਆਇਆ ਅੱਜ। ਕਿਤੇ ਆਇਐ—ਬਸ ਠੀਕ ਹੈ, ਢੋਲਕ ਆਪਣੀ ਲਿਆ ਛੱਡੀਂ।

ਪਿਆਰੇ ਸੱਜਣੋ, ਹੁਣ ਸਾਡੇ ਮੁਲਕ ਵਿੱਚ ਇੱਕ ਗੱਲਾਂ ਉਹ ਹੋ ਗਈਆਂ ਨੇ—ਇੱਕ ਕਰਨ ਵਾਲੀਆਂ ਹੁੰਦੀਆਂ ਨੇ—ਇੱਕ ਰਿਵਾਜ਼ ਹੋ ਗਿਐ। ਆਹ ਜਿਸ ਤਰ੍ਹਾਂ ਮਾਨ ਪੱਤਰ ਦੀ ਗੱਲ ਆ ਜਾਂਦੀ ਹੈ, ਬੜੀ ਚੰਗੀ ਗੱਲ ਹੈ, ਜਿਹੜਾ ਕਿਹਾ ਜਾਂਦਾ ਹੈ—ਜੀਓ ਆਇਆਂ ਨੂੰ, ਜਾਂ ਸਭ ਕੁਛ, ਪਰ ਅਸਲ ਵਿੱਚ ਸਾਡੇ ਵਾਸਤੇ ਬਹੁਤਾ ਸਾਰਾ ਹੁਕਮ ਸਤਿਗੁਰਾਂ ਨੇ ਏਸੇ ਤਰ੍ਹਾਂ ਹੀ ਸਾਰੀ ਬਾਣੀ ਵਿੱਚ ਦਿੱਤੈ—ਕਿ ਕਰੋ ਤੇ ਲੁਕਾਉ। ਹੋਰ ਕਿਸੇ ਗੱਲ ਤੋਂ

ਇਨਕਾਰ ਨਹੀਂ ਕੀਤਾ। ਸੱਚ ਬੋਲਣ ਦਾ ਹੁਕਮ ਦਿੱਤਾ ਹੈ, ਪਰ ਭਜਨ ਬਾਣੀ ਕਰਕੇ, ਨਹੀਂ ਇਹ ਹੁਕਮ ਦਿੱਤਾ ਕਿ ਰੋਜ਼ ਦੱਸੋ—ਮੈਂ ਐਨਾਂ ਕਰਦਾ ਹਾਂ—ਮੈਂ ਆਹ ਕੁਛ ਕਰਦਾ ਹਾਂ। ਚੰਗਾ ਕੰਮ ਕਰਕੇ ਵੀ ਇਹੋ, ਭਾਈ ਗੁਰਦਾਸ ਜੀ ਨੇ ਵੀ ਲਿਖਿਐ, ਗੁਰੂ ਨਾਨਕ ਦੇਵ ਮਹਾਰਾਜ ਆਸਾ ਦੀ ਵਾਰ ਵਿੱਚ ਕਿਹੈ–

**ਭਾਉ ਭਗਤਿ ਕਰਿ ਨੀਚੁ ਸਦਾਏ।।**
**ਤਉ ਨਾਨਕ ਮੋਖੰਤਰੁ ਪਾਏ।।**

*– ਆਸਾ ਮ:੫, ਪੰਨਾ-੪੭੦*

ਭਾਈ ਗੁਰਦਾਸ ਨੇ ਵੀ ਲਿਖਿਐ–

*ਕਰਿ ਕੇ ਨੀਚ ਸਦਾਵਣਾ, ਤਾਂ ਪ੍ਰਭੁ ਲੇਖੈ ਅੰਦਰਿ ਪਾਈ।*

*– ਵਾਰ ੧, ਪਉੜੀ ੧੬*

ਹੁਣ ਸਮੇਂ ਦਾ ਚੱਕਰ ਹੈ, ਹੁਣ ਬਿਨਾਂ ਕਰਨ ਤੋਂ ਊਚ ਬਣਨਾ ਚਾਹੁੰਦੇ ਹਨ। ਇਹੋ ਚੀਜ਼ ਸਾਨੂੰ ਕਿਸੇ ਪਾਸੇ ਨਹੀਂ ਲੱਗਣ ਦਿੰਦੀ ਔਰ ਏਸੇ ਚੀਜ਼ ਨਾਲ ਅਸੀਂ ਪਿੱਛੇ ਹਟ ਰਹੇ ਹਾਂ। ਜੇ ਕਿਸੇ ਦੀ ਨਿੰਦਿਆ ਹੁੰਦੀ ਹੋਵੇ ਤਾਂ ਬੜਾ ਸੁਣਕੇ ਜੀਅ ਰਾਜ਼ੀ ਹੁੰਦੈ, ਉੱਥੇ ਕੰਨ ਡਾਹੀਦਾ ਹੈ। ਜੇ ਕਿਸੇ ਦੀ ਕੋਈ ਸਿਫਤ ਕਰੇ ਤੇ ਕੋਈ ਨਹੀਂ ਸੁਣਦਾ। ਸਾਡੀ ਜਿਹੜੀ ਗਿਣਤੀ ਹੈ, ਵਿਹਾਰਕ ਮੈਂ ਹੁਣ ਗੱਲ ਕਰਨ ਲੱਗਾ ਹਾਂ—ਊਂ ਤਾਂ ਗਿਣਤੀ ਉਹੋ ਹੀ ਹੈ, ਜਿਹਨੂੰ ਸਤਿਗੁਰੂ, ਜਿਹਨੂੰ ਅਕਾਲ ਪੁਰਖ, ਆਪਣੇ ਚਰਨਾਂ ਦੀ ਗਿਣਤੀ–

**ਜਿਨ ਕੀ ਲੇਖੈ ਪਤਿ ਪਵੈ,**

–ਆਸਾ ਦੀ ਵਾਰ ਵਿੱਚ ਮਹਾਰਾਜ ਨੇ ਲਿਖਿਐ–

**ਚੰਗੇ ਸੇਈ ਕੇਇ।।**

*– ਪੰਨਾ-੪੬੯*

ਜਿਹੜੇ ਉੱਥੇ ਪ੍ਰਵਾਨ ਹੋ ਜਾਣ।

**ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ।।**

*– ਸੋਰਠਿ ਵਾਰ ੪, ਪੰਨਾ-੬੫੨*

ਪਰ ਵਿਹਾਰਕ ਦ੍ਰਿਸ਼ਟੀ ਨਾਲ ਦੁਨੀਆਂ ਦੀ ਗਿਣਤੀ ਦਾ ਤਾਂ ਪਤਾ

ਹੀ ਨਹੀਂ। ਭਾਰਤ ਵਰਸ਼ ਦੀ ਗਿਣਤੀ ਤੇਤੀ ਕਰੋੜ, ਚਾਲੀ ਕਰੋੜ ਗਿਣਕੇ ਅਸੀਂ ਓਹਦੇ 'ਚ ਸਿੱਖ ਜਿਹੜੇ ਹਾਂ—ਇਹ ਸਿੱਖ ਸ਼ਬਦ ਦੇ ਵਿੱਚ ਹੀ ਸਭ ਕੁਛ ਆ ਜਾਂਦੈ, ਸਿੰਘ ਵੀ, ਸਾਧ ਵੀ—ਸਾਡੀ ਜਿਹੜੀ ਗਿਣਤੀ ਹੈ ਉਹ ਚਾਲੀ ਲੱਖ, ਸੌਵਾਂ ਹਿੱਸਾ ਹੈ। ਸੌਵਾਂ ਹਿੱਸਾ ਵੀ ਏਸੇ ਤਰ੍ਹਾਂ ਜੋੜ ਕੇ ਹੈ ਕਈ ਸਹਿਜਧਾਰੀ—ਕਈ ਜਿਨ੍ਹਾਂ ਨੇ ਆਪਣੇ ਆਪ ਨੂੰ ਲਿਖਾ ਦਿੱਤਾ—ਉਹ ਗੁੱਗੇ ਨੂੰ ਵੀ ਮੰਨਿਆ—ਉਹਨਾਂ ਨੇ ਭੈਰੋਂ ਨੂੰ ਵੀ ਮੰਨਿਆ, ਉਹ ਕੜਾਹ ਪ੍ਰਸ਼ਾਦ ਵੀ ਕਰਾ ਛੱਡਦੇ ਹਨ—ਕਾਲੀਆਂ ਵਾਲੇ—ਮਾਲਾ ਵਾਲੇ—ਨੀਲੀਆਂ ਵਾਲੇ—ਚਿੱਟੀਆਂ ਵਾਲੇ—ਭਗਵੀਆਂ ਵਾਲੇ, ਸਾਰੇ ਰਲਾ ਮਿਲਾ ਕੇ ਉਹ ਵੀ ਅਸੀਂ ਸੌਵਾਂ ਹਿੱਸਾ ਬਣਦੇ ਹਾਂ। ਸੌਵੇਂ ਹਿੱਸੇ ਦੇ ਵਿੱਚ, ਫੇਰ ਜਿਹੜਾ ਸਾਡਾ ਹਾਲ ਹੈ, ਉਹ ਇਹੋ ਜਿਹਾ ਹੈ—ਚਾਹੁੰਦੇ ਤੇ ਅਸੀਂ ਹਾਂ ਕਿ ਰਾਜ ਕਰੇਗਾ ਖਾਲਸਾ—ਖਾਲਸਾ ਜ਼ਰੂਰ ਰਾਜ ਕਰ ਸਕਦਾ ਹੈ—ਖਾਲਸੇ ਦੇ ਅੱਗੇ ਰਾਜ ਕੋਈ ਦੂਰ ਚੀਜ਼ ਨਹੀਂ–

## ਜਿਸ ਨਾਮ ਰਿਦੈ

**ਪੂਰਨ ਜੋਤਿ ਜਗੈ ਘਟ ਮੈ**
**ਤਬ ਖਾਲਸ ਤਾਹਿ ਨਖ਼ਾਲਸ ਜਾਨੈ।।**

ਸਾਹਿਬਾਂ ਨੇ ਆਦਿ ਬਾਣੀ 'ਚ ਵੀ ਦੱਸਿਐ–

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।।**

*– ਭੈਰਉ ਮ:੫, ਪੰਨਾ–੧੧੫੫*

ਦੁਨੀਆਂ ਦੇ ਰਾਜ, ਦੁਨੀਆਂ ਦੀਆਂ ਚੀਜ਼ਾਂ, ਥੋੜਾ ਜਿਹਾ ਸੁਖ, ਬਿਲਕੁਲ ਕੁਝ ਮਲੂਮ ਨਹੀਂ ਹੁੰਦਾ। ਤੁਸੀਂ ਦੇਖ ਲਓ ਕਿ ਕੱਲ ਜਿਹੜੇ ਰਾਜੇ ਸਨ, ਅੱਜ ਉਹਨਾਂ ਕੋਲ ਰਾਜ ਨਹੀਂ, ਉਹ ਰੋਂਦੇ ਹਨ। ਪਰ, ਮਹਾਰਾਜ ਨੇ ਕਿਹਾ ਹੈ–

**ਕੋਟਿ[੧] ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ[੨]।।**
**ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ ਸੇ ਮਰਿ ਜਨਮਹਿ ਗਾਵਾਰਾ।।**

*– ਮਾਰੂ ਮ:੫, ਪੰਨਾ–੧੦੦੩*

ਅਸੀਂ ਗੁਰੂ ਨਾਨਕ ਦੇ ਨਾਮ ਲੇਵਾ, ਗੁਰੂ ਨਾਨਕ ਦੇ ਕਹਾਉਣ ਵਾਲੇ

ਜਿਤਨੇ ਹਾਂ, ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰੂ ਨਾਨਕ ਦੇ ਹੁਕਮ ਦੇ ਵਿੱਚ ਚਲੀਏ। ਜਿਹੜੇ-ਜਿਹੜੇ ਸਰੂਪ ਵਿੱਚ, ਜੋ-ਜੋ ਉਸ ਨੇ ਕਿਹਾ ਹੈ, ਉਹ ਇੱਕੋ ਹੀ ਹੈ, ਉਹ ਦੋ, ਚਾਰ, ਦਸ, ਵੀਹ ਨਹੀਂ। ਉਹ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ-

**ਆਦਿ ਅੰਤਿ ਏਕੈ ਅਵਤਾਰਾ।।**
**ਸੋਈ ਗੁਰੂ ਸਮਝਿਯਹੁ ਹਮਾਰਾ।।**

*- ਦਸਮ ਗ੍ਰੰਥ, ਪੰਨਾ-੧੩੮੭*

ਅਸੀਂ ਉਹਨਾਂ ਦੇ ਹੁਕਮਾਂ ਨੂੰ ਮੰਨੀਏ। ਹੁਣ ਪਤਾ ਨਹੀਂ ਅੱਜ ਕੱਲ੍ਹ ਦੇ ਨਵੇਂ ਸਾਡੇ ਬੱਚੇ ਜਾਂ ਭਰਾ ਖਵਰੇ ਸਵੇਰੇ ਕਦੀ ਉੱਠ ਕੇ ਜਪੁ ਸਾਹਿਬ ਉਹਨਾਂ ਨੇ ਦੇਖਿਆ ਵੀ ਹੋਵੇਗਾ ਕਿ ਨਹੀਂ। ਪੁਰਾਣੇ ਪੜ੍ਹਨ ਵਾਲੇ ਵੀ ਬਹੁਤ ਸਾਰੇ ਛੱਡ ਰਹੇ ਹਨ। ਸਾਡੀ ਬਦਕਿਸਮਤੀ ਹੈ, ਸਾਡੀਆਂ ਇਹ ਸ਼ਕਲਾਂ ਸਿੱਖਾਂ ਦੀਆਂ ਦੇਖਣ ਨੂੰ ਰਹਿ ਗਈਆਂ ਹਨ। ਕੋਈ ਕਮਿਊਨਿਜ਼ਮ ਵੱਲ ਝੁਕਦਾ ਜਾਂਦਾ ਹੈ, ਤੇ ਕੋਈ ਸੋਸ਼ਲਿਜ਼ਮ ਵੱਲ। ਕਈ ਦਾੜ੍ਹੀਆਂ ਕੇਸ—ਏਥੇ ਵੀ ਕੂਕਿਆਂ ਦੇ ਮੁੰਡੇ ਵੀ ਕਈ ਸਿਰ ਮੂੰਹ ਮੁੰਨਾਉਣ ਲੱਗ ਪਏ ਹਨ, ਮੈਂ ਹੁਣ ਕਿਸੇ ਨੂੰ ਕਾਹਨੂੰ ਕੁਝ ਆਖਾਂ ਹੋਰ, ਪਰ ਗੱਲ ਇਹ ਹੈ ਸਾਡੀ ਕਰਨੀ ਵਿੱਚ ਫਰਕ ਪੈਂਦਾ ਹੈ। ਅਸੀਂ ਕਰਨ ਵਾਲੇ ਨਹੀਂ ਰਹਿ ਗਏ। ਜੇ ਅਸੀਂ ਕਰਨ ਵਾਲੇ ਹੋਈਏ ਤਾਂ ਕਦੇ ਨਾ ਇਹ ਰੌਲਾ ਪਵੇ। ਜਪੁ ਸਾਹਿਬ ਦਾ ਪਾਠ ਸਿੱਖ ਰੋਜ਼ ਕਰਦੇ ਹਨ। ਉੱਥੇ ਲਿਖਿਐ ੨੦ ਵੀਂ ਪਉੜੀ ਵਿੱਚ-

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

*- ਪੰਨਾ-੪*

ਜੇ ਨਾਮ ਨਹੀਂ ਜਪਦਾ ਤੇ ਮਤ ਸਾਫ ਨਹੀਂ ਹੁੰਦੀ। ਜਿੰਨਾਂ ਚਿਰ ਮਤ ਸਾਫ ਨਹੀਂ ਹੁੰਦੀ, ਹਰ ਇੱਕ ਵਿੱਚ ਨਹੀਂ ਸਤਿਗੁਰੂ ਨੂੰ ਵੇਖਦਾ, ਸਾਰੇ ਥਾਂਈ ਨਹੀਂ ਗੁਰੂ ਨਾਨਕ ਨੂੰ ਵੇਖਦਾ, ਗੁਰੂ ਗੋਬਿੰਦ ਸਿੰਘ, ਗੁਰੂ ਰਾਮ ਸਿੰਘ ਨੂੰ, ਫਿਰ ਸਾਰੇ ਨਹੀਂ ਵੇਖਦਾ। ਜੇ ਨਾਮ ਜਪੇ, ਮਤ ਸਾਫ ਹੋਵੇ ਤਾਂ ਹੀ ਕੁਝ ਦੇਖੇ। ਪੜ੍ਹੋ ਪ੍ਰਸੰਗ—ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜ਼ਮਾਨਾ ਹੈ, ਜੰਗ ਹੋ

ਰਿਹੈ। ਸਿੱਖ ਆ ਕੇ ਅਰਜ਼ ਕਰਦੇ ਨੇ—ਕਿ ਭਾਈ ਘਨ੍ਹੱਈਏ ਨੂੰ ਡੰਨ ਲੱਗਣਾ ਚਾਹੀਦਾ ਹੈ, ਜਦੋਂ ਅਸੀਂ ਕਿਸੇ ਨੂੰ, ਤੁਰਕਾਂ ਨੂੰ ਮਾਰ ਕੇ, ਥਕਾ ਕੇ, ਤਿਹਾਏ ਮਾਰਦੇ ਹਾਂ, ਉਹ ਡਿੱਗ ਪੈਂਦੇ ਹਨ, ਇਹ ਪਾਣੀ ਪਿਆ ਕੇ ਫੇਰ ਸਾਡੇ ਨਾਲ ਲੜਨ ਲਾ ਦਿੰਦਾ ਹੈ। ਤਾਂ ਸਾਹਿਬਾਂ ਨੇ ਬੁਲਾਇਆ ਭਾਈ ਘਨ੍ਹੱਈਏ ਨੂੰ —ਇੱਕ ਉਦਾਸੀ ਸਾਧ ਘਨ੍ਹਈਆ। ਆ ਗਿਆ। ਅੱਗੇ ਹੁਕਮ ਮਿਲਿਆ —ਕਿ ਤੈਨੂੰ ਇਹ ਫਤਵਾ ਲੱਗਾ ਏ।

ਉਹ ਕਹਿੰਦਾ ਹੈ—ਕੀ ?

ਕਹਿੰਦੇ—ਪਾਣੀ ਪਿਆਉਨੈ ?

ਕਹਿੰਦਾ—ਮੈਂ ਤਾਂ ਬਿਨਾਂ ਗੁਰੂ ਗੋਬਿੰਦ ਸਿੰਘ ਦੇ ਕਿਸੇ ਨੂੰ ਪਿਆਇਆ ਈ ਨਹੀਂ ਕਦੇ।

ਦੀਵਾਨ ਜੀ ਨੇ ਲਿਖਿਐ ਨ ਕਿ–

*ਬ-ਹਰ ਸੂਏ[੩] ਕਿ ਮੇ ਬੀਨਮ[੪] ਬ-ਚਸ਼ਮਮ[੫] ਮਾਸ਼ਿਵਾ[੬] ਨਾਯਦ[੭]।*
*ਹਮੇਸ਼ਾ ਨਕਸ਼ਿ[੮] ਊ, ਦਰ ਦੀਦਾ[੯]-ਇ ਮਾ ਬੂਦਹ ਮੇ ਬਾਸ਼ਦ।*

*– ਗਜ਼ਲ ੨੯*

ਜਿਧਰ ਮੈਂ ਦੇਖਦਾ ਹਾਂ, ਕਹਿੰਦੈ–

*ਤੈਨੂੰ ਪੀਆ ਪਿਲਾਵਾਂ ਪਾਣੀ ਤੂੰ ਦਿਸਨੈ ਸਭ ਥਾਂਈ।*

ਫੇਰ ਗੁਰੂ ਜੀ ਨਾਰਾਜ਼ ਹੋਏ ? ਲੜਾਈ ਕਰਨ ਵਾਲੇ ਵੀ ਗੁਰੂ ਦੇ ਸਿੱਖ ਸੀ, ਉਹ ਵੀ ਗੁਰੂ ਦੇ ਹੁਕਮ ਵਿੱਚ ਜਾ ਕੇ ਮਾਰਦੇ ਸਨ। ਆਪਣੇ ਥਾਂ ਉਹ ਵੀ ਸੱਚੇ ਸਨ। ਪਰ ਗੱਲ ਇਹ ਹੈ—ਇੱਕ ਹਜ਼ਾਰ ਵਾਲਾ—ਇੱਕ ਲੱਖ ਵਾਲਾ —ਇੱਕ ਕਰੋੜ ਵਾਲਾ—ਇੱਕ ਬੇਅੰਤ ਧਨ ਵਾਲਾ ਹੈ। ਇਹ ਨਹੀਂ ਕਿ ਉਹ ਸਿੱਖ ਨਹੀਂ, ਉਹ ਹੁਕਮ 'ਚ ਗਏ। ਉਹਨਾਂ ਲੜਾਈ ਕੀਤੀ ਸਤਿਗੁਰੂ ਦੇ ਨਮਿਤ, ਸਤਿਗੁਰੂ ਦੇ ਨਮਿਤ ਆਪਣੇ ਸਰੀਰ ਛੱਡੇ। ਪਰ ਇਹ ਉਹ ਆਦਮੀ ਹੈ ਜਿਹਦੇ ਕੋਲ ਬੇਅੰਤ ਧਨ ਹੈ, ਜਿਹਦੀ ਗਿਣਤੀ ਨਹੀਂ। ਤਾਂ, ਸਤਿਗੁਰੂ ਨੂੰ ਮਿਲਕੇ, ਦੂਸਰਾ ਦੇਖਦੇ ਹੋਏ ਅਸੀਂ, ਤਾਂ ਉਹ ਕਹਿੰਦੇ ਹਨ ਕਿ–

**ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ**[੧੦]।।

*– ਮ:੪, ਪੰਨਾ–੧੩੧੮*

## ਪੁਰਬ ਸਾਰੇ ਰਲਕੇ ਮਨਾਓ

ਫੇਰ ਮੈਂ ਇੱਕ ਮੁਸਲਮਾਨ ਤੇ ਸਵਾਲ ਕੀਤਾ ਕਿ ਭਾਈ ਤੁਸੀਂ ਤਾਂ ਸੂਰ ਖਾਂਦੇ ਨਹੀਂ, ਅੰਗਰੇਜ਼ ਸੂਰ ਖਾਂਦੇ ਹਨ, ਤੁਸੀਂ ਉਹਨਾਂ ਦੇ ਨਾਲ ਬਹਿ ਕੇ ਰੋਟੀ ਖਾ ਲੈਂਦੇ ਓ। ਉਹ ਮੈਨੂੰ ਕਹਿੰਦਾ-ਉਹ ਸਾਡੀ ਅਹਿਲੇ ਕਿਤਾਬ ਹਨ, ਸਾਡੇ ਭਰਾ ਹਨ। ਸਾਨੂੰ ਇੱਥੇ ਥੋੜੀ ਥੋੜੀ ਗੱਲ ਤੋਂ ਹੀ ਰੌਲਾ ਪੈ ਜਾਂਦਾ ਹੈ। ਸਾਡੇ ਕੋਲੋਂ ਇਹ ਨਹੀਂ ਅੱਜ ਤਕ ਹੋ ਸਕਿਆ, ਕੋਸ਼ਿਸ਼ ਬੜੀ ਕੀਤੀ। ੧੯੩੪ ਵਿੱਚ ਐਥੋਂ ਜਾ ਕੇ ਸਰਬ ਸੰਪਰਦਾਇ ਕਾਨਫਰੰਸ ਕੀਤੀ। ਫੈਸਲਾ ਵੀ ਹੋਇਆ ਕਿ ਆਪਣੇ ਗੁਰੂ ਦਾ ਨਾਮ ਲਓ—ਲੱਠੇ ਵਾਲਾ ਲੱਠੇ ਦੀ ਸਿਫਤ ਕਰੇ, ਮਲਮਲ ਦੀ ਨਿੰਦਿਆ ਨਾ ਕਰੇ—ਮਲਮਲ ਵਾਲਾ ਰੇਸ਼ਮ ਵਾਲੇ ਦੀ ਨਿੰਦਿਆ ਨਾ ਕਰੇ, ਮਲਮਲ ਵੇਚੇ ਕ੍ਵੇ ਮੇਰੀ ਮਲਮਲ ਚੰਗੀ ਹੈ। ਏਸੇ ਤਰ੍ਹਾਂ ਹੀ ਦੇਹਧਾਰੀ ਵਾਲੇ ਦੇਹਧਾਰੀ ਦਾ ਪ੍ਰਚਾਰ ਕਰਨ, ਪਰ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਨਾ ਕਰਨ। ਗੁਰੂ ਗ੍ਰੰਥ ਸਾਹਿਬ ਮੰਨਣ ਵਾਲੇ ਜਿਹੜੇ ਗੁਰੂ ਕਹਿੰਦੇ ਹਨ—ਉਹ ਗੁਰੂ ਗ੍ਰੰਥ ਸਾਹਿਬ ਕਹਿਣ ਪਰ ਇਹ ਨਾ ਕਹਿਣ—ਦੇਹਧਾਰੀ ਬੁਰਾ ਹੈ। ਏਸ ਗੱਲ ਤੇ ਫੈਸਲਾ ਹੋ ਕੇ ਸਾਰਿਆਂ ਦੀ ਗੱਲ ਬਣ ਗਈ ਹੈ। ਪਾਸ ਹੋ ਗਿਆ ਕਿ ਗੁਰੂ ਨਾਨਕ ਤੇ ਉਸਦੇ ਜਾਨਸ਼ੀਨ, ਕੋਈ ਕਿੰਨੇ ਮੰਨ ਲਵੇ—ਉਹ ਉਦਾਸੀ ਵੀ ਮੰਨਦੇ ਨੇ, ਨਿਰਮਲੇ ਵੀ ਮੰਨਦੇ ਨੇ। ਕੋਈ ਗੁਰੂ ਗੋਬਿੰਦ ਸਿੰਘ ਜੀ ਤੋਂ ਅੱਗੇ ਗੁਰੂ ਗ੍ਰੰਥ ਸਾਹਿਬ ਕਹਿ ਲਵੇ—ਕੋਈ ਗੁਰੂ ਬਾਲਕ ਸਿੰਘ ਗੁਰੂ ਰਾਮ ਸਿੰਘ ਕਹਿ ਲਵੇ—ਤੇ ਆਦਿ ਤੇ ਦਸਮ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਜਿਹੜਾ ਇਹਨੂੰ ਮੰਨੇ—ਉਹ ਸਾਡਾ ਭਰਾ ਹੈ।

ਪਰ ਉਹ ਥੋੜੇ ਦਿਨ ਗੱਲ ਚੱਲੀ। ਕੁਝ ਐਸੇ ਪੁਰਸ਼ਾਂ ਨੂੰ ਦਿਲ ਵਿੱਚ ਆਇਆ ਕਿ ਇਹ ਗੱਲ ਕੂਕਿਆਂ ਨੇ ਅੱਗੇ ਹੋ ਕੇ ਕੀਤੀ ਹੈ। ਕੂਕਿਆਂ ਦੇ ਪਿਓ ਦੀ ਇਹ ਗੱਲ ਹੈ—ਗੁਰੂ ਨਾਨਕ ਦੀ ਗੱਲ ਹੈ, ਗੁਰੂ ਨਾਨਕ ਦੇ ਸਿੱਖਾਂ ਦੀ ਗੱਲ ਹੈ। ਜੇ ਬਚ ਰ੍ਹਵਾਂਗੇ ਤੇ ਸਾਰੇ ਹੀ ਹਾਂ ਜੇ ਨਾ ਬਚੇ ਤੇ ਕੋਈ ਵੀ ਨਹੀਂ। ਮੈਂ ਹੁਣ ਵੀ ਇਹੋ ਹੀ ਅਰਜ਼ ਕਰਾਂਗਾ। ਅਸਾਂ ਐਤਕਾਂ

ਮਲੇਰ ਕੋਟਲੇ ਦੇ ਮੇਲੇ 'ਚ ਇਹ ਫੈਸਲਾ ਕੀਤਾ ਹੈ—ਕਿ ਕਿਸੇ ਵੀ ਮਹਾਂਪੁਰਖ ਦਾ ਗੁਰਪੁਰਬ ਹੋਵੇ ਜਿਹੜਾ, ਭਾਵੇਂ ਉਸ ਦੇ ਪ੍ਰਕਾਸ਼ ਦਾ ਦਿਨ ਹੋਵੇ; ਭਾਵੇਂ ਉਸ ਦੇ ਸਮਾਉਣ ਦਾ ਦਿਨ ਹੋਵੇ; ਜਾਂ ਗੁਪਤ ਹੋਣ ਦਾ ਦਿਨ ਹੋਵੇ; ਸਾਨੂੰ ਭਾਰਤਵਾਸੀਆਂ ਨੂੰ ਸਾਰਿਆਂ ਨੂੰ ਰਲਕੇ ਉਹ ਮਨਾਉਣਾ ਚਾਹੀਦਾ ਹੈ—ਪਿਆਰ ਨਾਲ। ਮੈਂ ਹੁਣ ਨਾਮਧਾਰੀਆਂ ਅੱਗੇ ਅਰਜ਼ ਕਰਾਂਗਾ, ਤੁਹਾਨੂੰ ਕੋਈ ਸੱਦੇ, ਕੋਈ ਨਾ ਸੱਦੇ ਜੇ ਤੁਸੀਂ ਓਸ ਸਾਡੀ ਸਾਧ ਸੰਗਤ ਨਾਮਧਾਰੀ ਦੇ, ਕੀਤੇ ਹੋਏ ਤੇ ਫੁੱਲ ਚੜ੍ਹਾਉਣੇ ਹਨ, ਤਾਂ ਤੁਹਾਨੂੰ ਉਹਨਾਂ ਪੁਰਬਾਂ ਵਿੱਚ ਜਾ ਕੇ ਹਿੱਸਾ ਲੈਣਾ ਚਾਹੀਦਾ ਹੈ। ਆਪਣੇ ਅਕੀਦੇ ਅਨੁਸਾਰ ਜੋ ਤੁਸੀਂ ਮੰਨਦੇ ਹੋ ਉਹੋ ਮੰਨੋ। ਜਿੱਥੇ ਜਾਓ ਉੱਥੇ ਜਾ ਕੇ ਬਾਣੀ ਸੁਣੋ ਜਿਹਦੇ ਨਾਲ ਤੁਹਾਡਾ ਅੰਨ ਪਾਣੀ ਦਾ ਰਲਦੈ—ਛਕੋ, ਜਿਹਦੇ ਨਹੀਂ ਰਲਦਾ—ਨਾ ਛਕੋ ਬੇਸ਼ਕ। ਇਹ ਗੱਲ ਨਹੀਂ, ਲੇਕਿਨ ਸਭਨਾਂ ਭਰਾਵਾਂ ਨੂੰ ਸੱਦਾ ਦਿਓ। ਮੈਂ ਹੁਣ ਅੱਜ ਅਰਜ਼ ਕਰਦਾ ਹਾਂ ਕਿ ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਉਤਸਵ ਵੀਰਵਾਰ ਵਾਲੇ ਦਿਨ ਮਨਾਉਣਾ ਹੈ। ਸਮੂਹ ਸੱਜਣ ਬੰਕੋਕ ਨਿਵਾਸੀ, ਜਿੰਨੇਂ ਐਥੇ ਰਹਿਣ ਵਾਲੇ ਹਨ, ਉਹ ਕਿਰਪਾ ਕਰਨ ਦਰਸ਼ਨ ਦੇਣ। ਜ਼ਰਾ ਸੋਚਣ ਦੀ ਲੋੜ ਹੈ, ਜੋ ਵੀ ਕੋਈ ਮਹਾਂਪੁਰਖ ਪੈਦਾ ਹੋਇਆ, ਜਾਂ ਪ੍ਰਕਾਸ਼, ਪ੍ਰਗਟ ਹੋਇਆ। ਜੇ ਮਹਾਤਮਾ ਬੁੱਧ ਹੋਇਆ ਤਾਂ ਉਸਨੇ ਸਾਡੇ ਮੁਲਕ ਦਾ ਨਾਮ ਉੱਚਾ ਕੀਤਾ ਭਾਰਤ ਵਰਸ਼ ਦਾ। ਤੁਹਾਨੂੰ ਪਤਾ ਹੋਣਾ ਚਾਹੀਦੈ ਥੋੜੇ ਦਿਨ ਹੋਏ ਐਥੋਂ ਦੇ ਇੱਕ ਮਹਾਂਪੁਰਖ ਸਾਡੇ ਮੁਲਕ 'ਚ ਗਏ ਸਨ। ਉਹ ਮੁੜ ਕੇ ਆਏ ਤੇ ਉਹਨਾਂ ਨੇ ਆਖਿਆ,''ਅਸੀਂ ਬਹੁਤ ਕੁਝ ਅਜੇ ਭਾਰਤ ਤੋਂ ਲੈਣਾ ਹੈ। ਅਸੀਂ ਬਹੁਤ ਉਸਦੇ ਰਿਣੀ ਹਾਂ।'' ਕਿਉਂ ਰਿਣੀ ਹਨ ? ਮਹਾਤਮਾ ਬੁੱਧ ਜੀ ਨੇ ਵੀ ਪ੍ਰਕਾਸ਼ ਸਾਡੇ ਭਾਰਤ ਵਰਸ਼ ਵਿੱਚ ਕੀਤਾ। ਕ੍ਰਿਸ਼ਨ ਮਹਾਰਾਜ, ਰਾਮਚੰਦਰ ਜੀ ਜੋ ਅਵਤਾਰ ਹੋਏ, ਗੁਰੂ ਨਾਨਕ ਦੇਵ ਮਹਾਰਾਜ ਸਾਰਿਆਂ ਨੇ ਉਹਨਾਂ ਨੇ ਮਾਣ ਬਖਸ਼ਿਆ ਸਾਰਿਆਂ ਨੇ ਸਾਡੇ ਏਸ ਭਾਰਤ ਵਰਸ਼ ਨੂੰ। ਉਹਨਾਂ ਨੂੰ ਸਾਰਿਆਂ ਤੋਂ ਚੰਗਾ ਲੱਗਿਆ। ਅਸੀਂ ਉਸ ਦੇ ਹੁੰਦੇ ਹੋਏ, ਉਸ ਭਾਰਤ ਦੇ ਹੁੰਦੇ ਹੋਏ, ਓਏ ! ਅਸੀਂ ਇੱਕ ਦਿਨ ਤਾਂ ਇਕੱਠੇ ਹੋ ਕੇ ਬਹਿ ਜਾਇਆ ਕਰੀਏ। ਜੇ ਉਸ ਵੇਲੇ ਸਾਡੇ ਕੰਨਾਂ 'ਚ ਇਹ ਪੈ ਜਾਊ ਬਈ, ਮਹਾਤਮਾ

ਬੁੱਧ ਸਾਡੇ ਮਹਾਂਪੁਰਖ ਅਵਤਾਰ ਹੋਏ ਹਨ ਤਾਂ ਸਾਡੇ ਕੰਨ ਖਰਾਬ ਨਹੀਂ ਹੋਣ ਲੱਗੇ—ਰਾਮ ਚੰਦਰ ਜੀ ਮਹਾਰਾਜ ਜਿਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਸਤਿ ਨੂੰ ਗ੍ਰਹਿਣ ਕੀਤਾ—ਕ੍ਰਿਸ਼ਨ ਜੀ ਮਹਾਰਾਜ ਜਿਹਨਾਂ ਨੇ ਬੁਰੇ ਕੰਮ ਕਰਨ ਵਾਲਿਆਂ ਨੂੰ ਡੰਨ ਦੇਣ ਵਿੱਚ ਆਪਣੀ ਜ਼ਿੰਦਗੀ ਨਿਭਾਈ—ਬੁੱਧ ਮਹਾਤਮਾ ਜਿਸ ਨੇ ਅਹਿੰਸਾ ਪਰਮੋ ਧਰਮਾਂ ਦਾ ਸਬਕ ਲੋਕਾਂ ਨੂੰ ਦੱਸਿਆ, ਭਾਵੇਂ ਲੋਕ ਭੁੱਲ ਕੇ ਖਾਣ ਲੱਗ ਪਏ। ਜੋ ਕੁਝ ਉਹ ਮਹਾਤਮਾ ਉੱਥੇ ਰਿਸਰਚ ਕਰਕੇ ਆਏ ਹਨ, ਉਹਨਾਂ ਦਾ ਇਹ ਖਿਆਲ ਹੈ, ਉਹ ਕਹਿੰਦੇ ਨੇ—ਇਹ ਗਲਤ ਗੱਲ ਹੈ ਕਿ ਸੂਰ ਦਾ ਮਾਸ ਖਾ ਕੇ ਮਹਾਤਮਾ ਜੀ ਦਾ ਸਰੀਰ ਚਲਿਆ। ਤਾਂ ਸਾਡੇ ਮਹਾਂਪੁਰਖ, ਸਾਡੇ ਸਤਿਗੁਰਾਂ ਨੇ, ਸਾਨੂੰ ਇੱਕੋ ਗੱਲ ਦੱਸੀ—ਬਈ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ, ਫਿਰ ਕੱਛਾਂ ਵਾਲਿਆਂ ਦਾ ਭਲਾ —ਮਾਲਾ ਵਾਲਿਆਂ ਦਾ—ਕਿਰਪਾਨ ਵਾਲਿਆਂ ਦਾ—ਕਿ ਬੋਦੀ ਵਾਲਿਆਂ ਦਾ ? ਸਰਬੱਤ ਦਾ ਭਲਾ ਕਿਵੇਂ ਹੋਵੇ ? ਸਰਬੱਤ ਦਾ ਭਲਾ—ਸਾਡੀ ਬਹੁਤ ਛੋਟੀ ਮਤ ਹੈ, ਅਸੀਂ ਬੜੀ ਹੀ ਛੋਟੀ ਬੁੱਧੀ ਵਾਲੇ ਹਾਂ। ਜਦੋਂ ਵੀ ਕੋਈ ਅਕਾਲ ਪੁਰਖ ਦਾ ਸਰੂਪ ਜਾਂ ਉਸ ਦਾ ਭੇਜਿਆ—ਦੋਏ ਤਰ੍ਹਾਂ ਹੀ ਆਉਂਦੇ ਹਨ—ਆਉਂਦਾ ਹੈ, ਤੇ ਜਿਹੜਾ ਸਾਡੀ ਆਪਣੀ ਮਤ ਅਨੁਸਾਰ ਅਸੀਂ ਗੁਰੂ —ਭਾਈ ਗੁਰਦਾਸ ਜੀ ਨੇ ਲਿਖਿਐ-

*ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ।*

*- ਕਬਿਤ-੫੫੬*

ਬਈ, ਉਹਨੂੰ ਏਡਾ ਕੁ ਛੋਟਾ ਬਣਾ ਲੈਣਾ, ਏਦੂੰ ਚੁੱਪ ਕਰ ਰਹਿਣਾ ਹੀ ਚੰਗਾ ਹੈ। ਤੁਸੀਂ ਇਹ ਦੱਸੋ, ਬਈ ਅਸੀਂ ਮੰਨੀਏ ਤਾਂ ਉਸਨੂੰ ਅਕਾਲ ਪੁਰਖ ਦਾ ਅਵਤਾਰ, ਪਰ ਫਿਰ ਅਸੀਂ ਮੰਨ ਲਈਏ ਬਈ ਉਹ ੧੫੨੬ ਤੋਂ ੧੭੬੫ ਦੇ ਵਿੱਚ ਈ ਰਿਹੈ, ਏਦੂੰ ਅੱਗੇ ਪਿੱਛੇ ਨਹੀਂ ਉਹ। ਫੇਰ ਉਹ ਹੈ ਸਾਡਾ ਦਾੜ੍ਹੀਆਂ ਕੇਸਾਂ ਵਾਲਿਆਂ ਦਾ ਹੀ—ਏਹਨਾਂ 'ਚ ਵੀ ਪੰਜਾਂ ਕੱਕਿਆਂ ਵਾਲਿਆਂ ਦਾ, ਜਾਂ ਮਾਲਾ ਵਾਲਿਆਂ ਦਾ—ਫੇਰ ਉਹ ਸਾਡਾ ਗੁਰੂ ਸਰਬੱਗ ਹੋ ਸਕਦੈ ? ਤੁਸੀਂ ਇਹ ਮੰਨੋਗੇ ਕਿ ਉਹ ਸਾਰਿਆਂ ਦਾ ਅਕਾਲ ਪੁਰਖ ਹੈ। ਸਾਡੀ ਗਲਤੀ ਹੈ। ਅਸੀਂ ਉਹ ਪੁਰਸ਼ ਹਾਂ ਜਿਹੜੇ ਉਸ ਦੇ ਕੀਤੇ ਨੂੰ ਨਹੀਂ

ਜਾਣ ਸਕੇ। ਉਸ ਸਤਿਗੁਰੂ ਨੂੰ, ਉਸ ਗੁਰੂ ਨਾਨਕ ਦੇਵ ਦੇ ਮਿਸ਼ਨ ਨੂੰ, ਉਸ ਅਕਾਲ ਪੁਰਖ ਅਵਤਾਰ ਦੇ ਮਿਸ਼ਨ ਨੂੰ ਅਸੀਂ ਲੋਕਾਂ ਅੱਗੇ ਪੇਸ਼ ਨਹੀਂ ਕਰ ਸਕੇ। ਅਸੀਂ ਛੋਟੇ-ਛੋਟੇ ਬਣ ਕੇ ਆਪਣੇ ਆਪ ਵਿੱਚ ਉਸਨੂੰ ਥੋੜੇ ਜਿਹੇ ਥਾਂ ਰੱਖ ਕੇ ਬਈ, ਸਿੱਖਾਂ ਦਾ ਇਲਾਕਾ ਮੰਨ ਲਿਆ, ਓਧਰਲੇ ਪਾਸਿਉਂ ਅਟਕ ਦਰਿਆ ਜਾਂ ਕਾਬਲ ਤਕ ਮੰਨ ਲਿਆ, ਏਧਰਲੇ ਪਾਸੇ ਜਮਨਾ ਤਕ ਮੰਨ ਲਿਆ ਜਾਂ ਭਾਰਤ ਵਰਸ਼ ਮੰਨ ਲਿਆ। ਫੇਰ, ਨਾਨਕ ਤੇ ਉਹ ਹੈ ਜਿਹਨੇ ਕੋਈ ਥਾਂ ਹੀ ਨਹੀਂ ਛੱਡਿਆ। ਉਹਨਾਂ ਦਾ ਨਾ ਹੀ ਨਾਂ ਹੋਇਆ ਫੇਰ ਉਹ। ਸਾਨੂੰ ਧਿਆਨ ਕਰਨਾ ਚਾਹੀਦੈ, ਵਿਚਾਰ ਕਰਨੀ ਚਾਹੀਦੀ ਹੈ। ਉਹਨਾਂ ਸਤਿਗੁਰਾਂ ਦੇ ਉਪਕਾਰਾਂ ਨੂੰ ਹਰ ਇੱਕ ਜ਼ਬਾਨ ਵਿੱਚ ਲਿਖ ਕੇ, ਹਰ ਇੱਕ ਜ਼ਬਾਨ ਵਿੱਚ ਛਾਪ ਕੇ, ਲੋਕਾਂ ਨੂੰ ਉਹਨਾਂ ਦੀ ਇਹ ਗੱਲ ਦੱਸਣੀ ਚਾਹੀਦੀ ਹੈ ਔਰ ਸਾਡੇ ਦਿਲ ਐਡੇ ਵਿਸ਼ਾਲ ਹੋਣੇ ਚਾਹੀਦੇ ਹਨ ਕਿ ਅਸੀਂ ਲੋਕਾਂ ਨੂੰ ਪਿਆਰ ਕਰਕੇ ਆਪਣੇ ਨੇੜੇ ਲਾਈਏ। ਤਰਕ ਕਰਕੇ ਨਹੀਂ ਲਾ ਸਕਦੇ। ਮੈਂ ਸਾਰਿਆਂ ਅੱਗੇ ਅਰਜ਼ ਕਰਕੇ-ਸਰੀਰ ਮੇਰਾ ਕੰਮ ਨਹੀਂ ਕਰਦਾ, ਬਹੁਤਾ ਬੋਲ ਮੈਂ ਨਹੀਂ ਸਕਦਾ। ਮੈਂ ਹੁਣ ਏਥੇ ਹੀ ਸਮਾਪਤ ਕਰਕੇ, ਅਰਜ਼ ਕਰਾਂਗਾ —ਵੀਰਵਾਰ ਵਾਲੇ ਦਿਨ ਸਵੇਰੇ ਉਹ ਬਸੰਤ ਦਾ ਦਿਨ ਮਨਾਉਣੈ। ਹੋਰ ਇਹ ਦਿਨ ਤਾਂ ਸਾਰੇ ਹੀ ਉਹਦੇ ਹਨ, ਕਿਉਂਕਿ ਉਹ ਇਹੋ ਜਿਹਾ ਨਹੀਂ ਹੈ ਕਿ ਉਹ ਇੱਕ ਦਿਨ ਜੰਮਦੈ, ਇੱਕ ਦਿਨ ਉਹ ਮਰਦੈ, ਇੱਕ ਦਿਨ ਉਹ ਕੁਛ ਕਰਦੈ—ਉਹ ਸ੍ਰਿਸ਼ਟੀ ਨੂੰ ਰਚਣ ਵਾਲੈ, ਔਰ ਸ੍ਰਿਸ਼ਟੀ ਨੂੰ ਖੈਅ ਕਰਨ ਵਾਲੈ।

**ਨਾ ਓਹੁ ਮਰੈ ਨ ਹੋਵੈ ਸੋਗੁ॥**

*– ਆਸਾ ਮ:੧, ਪੰਨਾ–੩੪੯*

ਨਾ ਉਹ ਜੰਮਦੈ, ਨਾ ਉਹ ਮਰਦੈ। ਇਹੋ ਜਿਹੇ ਆਦਮੀ, ਉਹਦੀ ਕਿਰਪਾ ਜਿਹਨਾਂ ਉੱਤੇ ਹੋ ਜਾਂਦੀ ਹੈ, ਉਹਨਾਂ ਦਾ–

**ਜੰਮਣੁ ਮਰਣੁ ਤਿਨ੍ਹਾ ਕਾ ਚੂਕਾ ਜੋ ਹਰਿ ਲਾਗੇ ਪਾਵੈ॥**

*– ਆਸਾ ਮ:੧, ਪੰਨਾ–੪੩੮*

ਉਹ ਪੁਰਸ਼, ਮੈਂ ਇੱਕ ਸਿੱਖ ਦੀ ਗੱਲ ਦੱਸ ਕੇ ਤੁਹਾਨੂੰ, ਸਮਾਪਤ

ਕਰਦਾਂ। ਅੰਬਾਲੇ ਦੇ ਜ਼ਿਲ੍ਹੇ 'ਚ ਇੱਕ ਪਿੰਡ ਹੈ ਸੰਧੂਆਂ, ਚਮਕੌਰ ਸਾਹਿਬ ਤੋਂ ਕੋਈ ਦੋ ਤਿੰਨ ਮੀਲ ਉੱਤੇ। ਸਤਿਗੁਰੂ ਰਾਮ ਸਿੰਘ ਦੇ ਵਕਤ ਇੱਕ, ਜਿਹਨਾਂ ਦਾ ਜਨਮ ਰਹਿਤੀਏ ਸਿੱਖ, ਜਾਂ ਚਮਿਆਰ, ਜਾਂ ਅੱਜ ਕੱਲ੍ਹ ਆਦਿ ਧਰਮੀ, ਜਾਂ ਹਰੀਜਨ ਕਹਿ ਲਓ, ਉਹਨਾਂ ਦੇ ਘਰ ਹੋਇਆ। ਭਾਈ ਖੜਗ ਸਿੰਘ ਉਹਨਾਂ ਦਾ ਨਾਮ, ਉਹਨਾਂ ਦਾ ਅੱਗੇ ਇੱਕ ਪੁੱਤਰ ਪੈਦਾ ਹੋਇਆ ਠਾਕੁਰ ਸਿੰਘ। ਉਸ ਦੇ ਦੋ ਲੜਕੇ ਹੁਣ ਹੈਨ, ਗੁਰਦਿੱਤ ਸਿੰਘ ਤੇ ਗੁਰਬਖਸ਼ ਸਿੰਘ। ਉਹ ਠਾਕੁਰ ਸਿੰਘ ਨੂੰ ਖੜਗ ਸਿੰਘ ਕਹਿੰਦੈ ਇੱਕ ਦਿਨ—ਬਈ ਠਾਕੁਰ ਸਿਹਾਂ, ਅਠਵੇਂ ਦਿਨ ਨੂੰ ਅੱਜ ਤੋਂ ਤੈਂ ਸਰੀਰ ਛੱਡ ਦੇਣੈ ਭਾਈ। ਇੱਕੋ ਹੀ ਉਹਦਾ ਪੁੱਤਰ ਸੀ ਜਵਾਨ, ਉਸ ਨੇ ਆਖਿਆ ਸੱਤ ਬਚਨ ਪਿਤਾ ਜੀ। ਅਠਵਾਂ ਦਿਨ ਆਇਆ, ਬਸਤਰ ਵਿਛਾ ਦਿੱਤਾ—ਕਕਰਾਲੇ ਪਿੰਡ ਫੇਰ ਰਹਿੰਦੇ ਸਨ ਸੰਧੂਆਂ ਤੋਂ ਆ ਕੇ, ਇਹ ਲੁਧਿਆਣੇ ਦੇ ਜ਼ਿਲ੍ਹੇ 'ਚ ਹੈ—ਲੰਮਾ ਪਾ ਦਿੱਤਾ। ਉਸ ਨੇ ਸਵਾਸ ਛੱਡ ਦਿੱਤੇ—ਠਾਕੁਰ ਸਿੰਘ ਨੇ।

ਪਿੰਡ ਦੇ ਲੋਕ ਰਲ ਕੇ ਆਏ—ਉਹ ਖੜਗ ਸਿਹਾਂ ਜੇ ਤੈਨੂੰ ਇਹ ਪਤਾ ਸੀ, ਤੂੰ ਇਹਦੇ ਵਾਸਤੇ ਕੁਛ ਨਾ ਕੀਤਾ, ਸਤਿਗੁਰਾਂ ਕੋਲ ਅਰਜ਼ ਕਰਦਾ।

ਉਹਨਾਂ ਆਖਿਆ ਓਏ ਇਹ ਝੂਠੀਆਂ ਮੰਗਾਂ ਨਹੀਂ ਸਤਿਗੁਰਾਂ ਤੋਂ ਮੰਗੀਦੀਆਂ। ਮੇਰੇ 'ਚ ਇਹ ਤਾਕਤ ਹੈ ਮੈਂ ਇਹਨੂੰ ਜੀਊਂਦਾ ਵੀ ਕਰ ਸਕਦਾ ਹਾਂ। ਉਸ ਨੇ ਆਖਿਆ—ਉਠ ਓਏ ਠਾਕੁਰ ਸਿਹਾਂ, ਲੋਕ ਆਏ ਨੇ ਇਹਨਾਂ ਨਾਲ ਕੁਝ ਗੱਲਾਂ ਬਾਤਾਂ ਕਰ।

ਲੋਕਾਂ ਨੇ ਦੇਖਿਆ, ਸਵਾਸ ਨਹੀਂ ਸਨ, ਉਠ ਕੇ ਬਹਿ ਗਿਆ। ਬਚਨ ਬਿਲਾਸ ਪੰਜ, ਸੱਤ, ਦਸ ਮਿੰਟ ਕਰਕੇ, ਕਹਿੰਦੈ—ਚਲ ਬਈ ਹੁਣ।

ਇਹ ਕੀਹਦਾ ਪ੍ਰਤਾਪ ਹੈ—ਇਹ ਸਤਿਗੁਰੂ ਦਾ ਪ੍ਰਤਾਪ ਹੈ, ਅਕਾਲ ਪੁਰਖ ਦਾ ਪ੍ਰਤਾਪ ਹੈ। ਅਕਾਲ ਪੁਰਖ ਸਰਗੁਣ ਬਣਕੇ ਆਉਂਦੈ, ਜਿਹੜੇ ਉਹਦੇ ਵੱਲ ਸਿੱਧੇ ਹੋ ਕੇ ਲੱਗ ਜਾਂਦੇ ਹਨ—

**ਜਿਨਿ ਜਾਤਾ ਸੋ ਤਿਸ ਹੀ ਜੇਹਾ॥**

*– ਰਾਮਕਲੀ ਮ:੧, ਪੰਨਾ-੯੩੧*

—ਉਹਦਾ ਰੂਪ ਹੋ ਜਾਂਦੇ ਹਨ, ਉਹਨਾਂ 'ਚ ਉਹ ਤਾਕਤ ਆ ਜਾਂਦੀ

ਹੈ। ਸਿੱਖ ਤਾਂ ਉਹ ਚੀਜ਼ ਸਨ। ਮੁਸਲਮਾਨਾਂ ਦੇ ਰਾਜ ਵਿੱਚ ਸਿੱਖ ਰਹੇ। ਮੁਸਲਮਾਨਾਂ ਲਿਖਣ ਲੱਗਿਆਂ ਸਿੱਖਾਂ ਨੂੰ ਕੁੱਤੇ ਲਿਖਿਆ—ਸੱਗ ਲਿਖਿਆ, ਪਰ ਲਿਖਿਆ—ਕਿ ਇਹ ਇਸ ਤਰ੍ਹਾਂ ਦੇ ਹਨ—ਬਿਗਾਨੀ ਧੀ ਭੈਣ ਵੱਲ ਨਹੀਂ ਝਾਕਦੇ; ਇਹ ਜ਼ੁਲਮ ਨਹੀਂ ਕਿਸੇ ਉੱਤੇ ਕਰਦੇ। ਅੰਗਰੇਜ਼ ਨੇ ਨਾਮਧਾਰੀਆਂ ਵੇਲੇ ਲਿਖਿਆ—ਕਿ ਕੂਕਾ ਅੰਗਰੇਜ਼ ਦਾ ਵਫਾਦਾਰ ਨਹੀਂ ਹੁੰਦਾ ਪਰ 'ਕੂਕਾ' ਝੂਠ ਨਹੀਂ ਬੋਲਦਾ। ਕਿਉਂ ਬਈ, ਹੁਣ ਅਸੀਂ ਵੀ ਫੇਰ ਕੂਕੇ ਈ ਹਾਂ ਨ ਸਾਰੇ। ਜੇ ਲੈ ਕੇ ਵੀ ਮੁੱਕਰ ਜਾਈਏ, ਫੇਰ ਵੀ ਕੂਕੇ ਹੀ। ਜੇ ਚਿਤ 'ਚ ਇੱਛਾ ਵੀ ਨਾ ਰੱਖੀਏ ਮੋੜ ਕੇ ਦੇਣ ਦੀ, ਫੇਰ ਵੀ ਕੂਕੇ ਹੀ। ਉਹਨਾਂ ਨੇ ਲਿਖਿਐ, ਸਤਿਗੁਰਾਂ ਨੇ ਆਪਣੇ ਹੁਕਮਨਾਮਿਆਂ 'ਚ—ਕਰਜ਼ਾ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਥੀਂ ਵੀ ਵੱਡਾ ਪਾਪ ਹੈ। ਚੋਰੀ ਧਾੜਾ ਕਰਨ ਵਾਲਾ ਤਾਂ ਆਪਣੀ ਜਾਨ ਤਲੀ ਤੇ ਧਰ ਕੇ ਜਾਂਦੈ, ਇਹ ਵਿਸ਼ਵਾਸ ਘਾਤ ਹੈ, ਕਿਸੇ ਤੋਂ ਲੈ ਕੇ ਖਾਣਾ। ਸੋ ਮੈਂ ਅਰਜ਼ ਕਰਾਂਗਾ ਨਾਮਧਾਰੀਆਂ ਅੱਗੇ, ਕਿਰਪਾ ਕਰਕੇ ਜਿਹਨਾਂ ਨੇ ਕਿਸੇ ਤੋਂ ਕੁਛ ਲੈ ਕੇ ਖਾ ਪੀ ਲਿਐ ਉਹ ਆਪਣੇ ਦਿਲ 'ਚੋਂ ਗੱਲ ਗੁਆ ਦਿਓ ਕਿ ਜੇ ਅਸੀਂ ਨਾ ਦਿੱਤਾ ਤਾਂ ਅਸੀਂ ਸੌਖੇ ਰਹਾਂਗੇ। ਅਗਲੀ ਦਰਗਾਹ ਵਿੱਚ ਵੀ ਨਹੀਂ ਛੁੱਟਣਾਂ। ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ। ਥੋੜਾ ਥੋੜਾ ਕਰਕੇ ਦੇਣਾ ਸ਼ੁਰੂ ਕਰੋ। ਸਤਿਗੁਰੂ ਤੁਹਾਡੀ ਮਦਦ ਕਰਨਗੇ। ਤੁਸੀਂ ਪਾਸ ਹੋ ਜਾਓ ਤਾਂ ਹੀ ਤੁਸੀਂ ਨਾਮਧਾਰੀ ਕਹਾ ਸਕਦੇ ਓ। ਮੈਂ ਹੁਣ ਏਨਾ ਕਹਿ ਕੇ ਸਮਾਪਤ ਕਰਦਾਂ। ਹੁਣ ਨਿਤਨੇਮ ਹੋਵੇਗਾ। ਰਾਤ ਨੂੰ ਪੰਡਤ ਜੀ[੧੧] ਦਾ ਦੀਵਾਨ ਅੱਜ ਲੱਗੇਗਾ। ਤੜ੍ਹਕੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਫੇਰ ਜੋ ਕੁਝ ਗੁਰੂ ਨੂੰ ਭਾਵੇਂ ਉਹ ਸਵੇਰੇ ਸੁਣਾਇਆ ਜਾਵੇਗਾ। ਸਤਿ ਸ੍ਰੀ ਅਕਾਲ।

## ਸ਼ਬਦਾਰਥ

੧ ਕ੍ਰੋੜਾਂ।
੨ ਪ੍ਰਮਾਤਮਾ ਦਾ।
੩ ਜਿਸ ਪਾਸੇ ਵੀ।
੪ ਮੈਂ ਵੇਖਦਾ ਹਾਂ।
੫ ਮੇਰੀਆਂ ਅੱਖਾਂ ਵਿੱਚ।
੬ ਹੋਰ, ਸਿਵਾ।
੭ ਨਹੀਂ ਆਉਂਦਾ।
੮ ਤਸਵੀਰ, ਚਿੱਤਰ।
੯ ਅੱਖ।
੧੦ ਦੇਈਏ।
੧੧ ਪੰਡਤ ਗੋਪਾਲ ਸਿੰਘ ਜੀ।

# ਬੰਕੌਕ ੧੪-੨-੧੯੫੬

**ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸ।।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪ੍ਰਗਾਸ।।**

*- ਪੰਨਾ-੨੯੩*

**- ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਸਤਿਗੁਰੂ ਦਾ ਹੁਕਮ ਮੰਨੋ

ਸਾਧ ਸੰਗਤ, ਹੁਣ ਉਪਦੇਸ਼ ਤਾਂ ਏਸ ਤੋਂ ਉੱਚਾ ਹੋਰ ਕੋਈ ਸਾਨੂੰ ਮਿਲ ਨਹੀਂ ਸਕਦਾ। ਸਤਿਗੁਰੂ ਸੱਚੇ ਪਾਤਸ਼ਾਹ ਦੇ ਹੁਕਮ, ਜਿਹੜਾ ਉਹਨਾਂ ਨੇ ਕਿਹਾ ਹੈ ਕਿ ਗੁਰ ਸਬਦ ਮੰਨੇ ਬਿਨਾਂ—ਗੁਰੂ ਕਾ ਸ਼ਬਦ ਹੈ, ਜਿਹੜਾ ਗੁਰੂ ਸ਼ਬਦ ਦਿੰਦਾ ਹੈ, ਜਿਹੜਾ ਗੁਰੂ ਹੁਕਮ ਦਿੰਦਾ ਹੈ—ਜਿਨ੍ਹਾਂ ਨੇ ਉਸ ਨੂੰ ਮੰਨਿਆ ਉਹ ਲੋਕ ਔਰ ਪਰਲੋਕ ਦੋਵੇਂ ਸਵਾਰ ਬੈਠੇ, ਔਰ ਜਿਨ੍ਹਾਂ ਨੇ ਨਾ ਮੰਨਿਆ—ਕੱਲ ਤੁਸਾਂ ਸੁਣਿਆ ਸੀ ਪੁੱਤਰ ਲਾਂਭੇ ਗੁਰੂ ਨਾਨਕ ਦੇ ਵੀ ਰਹਿ ਗਏ—ਗੁਰੂ ਅੰਗਦ ਦੇ ਵੀ ਰਹਿ ਗਏ—ਗੁਰੂ ਅਮਰਦਾਸ ਦੇ ਵੀ ਰਹਿ ਗਏ। ਸਤਿਗੁਰਾਂ ਲਿਖਿਆ ਸੀ ਕਿ ਗੁਰਿਆਈ ਕਿਸੇ ਥਾਂ ਦੇ ਖੱਤਰੀ ਨੂੰ ਮਿਲ ਗਈ। ਸਤੇ ਬਲਵੰਡ ਨੇ ਵੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਜਿਹੜੀ ਬਾਣੀ ਹੈ, ਉਹਦੇ ਵਿੱਚ ਰਾਏ ਬਲਵੰਡਿ ਤਥਾ ਸਤੈ ਡੂਮਿ ਆਖੀ —ਉਹ ਜਿਹੜੀ ਉਹਨਾਂ ਦੀ ਵਾਰ ਹੈ ਤੀਸਰੀ ਰਾਮਕਲੀ ਦੀ, ਉਹਨਾਂ ਨੇ

ਵੀ ਉਹਦੇ 'ਚ ਦੱਸਿਐ ਕਿ-

**ਪੁਤ੍ਰੀ[੧] ਕਉਲੁ[੨] ਨ ਪਾਲਿਓ[੩],**

ਕਈ ਲੋਕ ਭੰਨ ਤੋੜ ਕੇ ਅਰਥ ਕਰਨ ਦੀ ਕੋਸ਼ਿਸ਼ ਕਰਦੇ ਹਨ। ਬਾਬੇ ਬੇਦੀ ਸਨ ਇੱਕ। ਚਵਿੰਡੇ ਅਸੀਂ ਗਏ ਹੋਏ, ਇੱਕ ਲੜਕਾ ਸਾਡਾ ਨਾਮਧਾਰੀ ਸੀ ਸਾਧੂ ਸਿੰਘ, ਉਹ ਦਾਦੂ ਬਾਜਵੇ ਵਾਲਾ ਪਿਆਰਾ ਸਿਹੁੰ ਦਾ ਵੱਡਾ ਭਰਾ। ਉਹ ਵੀ ਆਖੇ—**ਪੁਤ੍ਰੀ ਕਉਲੁ ਨ ਪਾਲਿਓ**—ਜਿਹੜੀ ਲੜਕੀ ਵਾਲੀ ਗੱਲ ਨਾ ਮੰਨੀ ਉਹਨਾਂ ਨੇ ਮਰਾਸੀਆਂ ਨੇ। ਮੈਂ ਆਖਿਆ—ਅਗੱਲੀ ਤੁਕ ਵਿੱਚ ਕੀ ਕਰੋਗੇ-

**ਕਰਿ ਪੀਰਹੁ[੪] ਕੰਨ੍ਹ[੫] ਮੁਰਟੀਐ[੬]॥**
**ਦਿਲਿ ਖੋਟੈ ਆਕੀ[੭] ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ[੮] ਛਟੀਐ[੯]॥**

*- ਰਾਮਕਲੀ ਵਾਰ, ਪੰਨਾ-੯੬੭*

ਮੈਂ ਆਖਿਆ—ਇਹ ਅਰਥ ਨਹੀਂ ਹੈ, ਅਰਥ ਇਹੋ ਹੀ ਹੈ ਕਿ ਗੁਰੂ ਨਾਨਕ ਦੇਵ ਦਾ ਕਉਲ—ਹੁਕਮ, ਪੁੱਤਰਾਂ ਨੇ ਨਾ ਪਾਲਿਆ। ਜਿਹੜਾ ਉਹਨਾਂ ਹੁਕਮ ਦਿੱਤਾ, ਉਹਨਾਂ ਨਾ ਮੰਨਿਆ। ਏਸੇ ਤਰ੍ਹਾਂ ਹੀ ਦਾਸੂ ਤੇ ਦਾਤੂ ਨੇ ਗੁਰੂ ਅੰਗਦ ਦੇਵ ਦਾ ਨਾ ਮੰਨਿਆ, ਪਰ ਗੁਰੂ ਅਮਰਦਾਸ ਦੇ ਮੋਹਰੀ ਪੁੱਤ ਨੇ ਸਤਿਗੁਰਾਂ ਦੇ ਹੁਕਮ ਨੂੰ ਜਿੰਨਾ ਕੁ ਮੰਨਿਆ, ਲਿਖਿਐ-

**ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥**

*- ਪੰਨਾ-੯੨੪*

ਚਾਰ ਦਰਜੇ ਲਿਖੇ ਹਨ—ਗੁਰਮੁਖ, ਮਨਮੁਖ, ਸਨਮੁਖ, ਬੇ-ਮੁਖੀਆ। ਇੱਕ ਤੇ ਹਨ ਗੁਰਮੁਖ, ਇੱਕ ਹਨ ਮਨਮੁਖ। ਮਨਮੁਖ ਤੇ ਉਹ ਪੁਰਸ਼ ਹਨ ਜਿਹੜੇ ਸਾਧ ਸੰਗਤ 'ਚ ਆਏ ਹੀ ਨਹੀਂ। ਸਾਧ ਸੰਗਤ ਵਾਲੇ ਪਾਸੇ ਮੂੰਹ ਨਹੀਂ ਕੀਤਾ, ਆਪਣੇ ਮਨ ਨੂੰ ਹੀ ਮੁਖ ਰੱਖਿਆ ਏ, ਜੋ ਮਨ ਨੇ ਕਿਹਾ, ਉਹੀ ਕੰਮ ਕੀਤਾ। ਗੁਰਮੁਖ ਹੋ ਗਏ ਉਹ—ਜਿੰਨ੍ਹਾਂ ਨੇ ਗੁਰੂ ਨੂੰ ਮੁੱਖ ਰੱਖ ਕੇ, ਗੁਰੂ ਦੇ ਹੁਕਮਾਂ ਨੂੰ ਮੰਨਿਆ। ਸਨਮੁਖ ਜਿਨ੍ਹਾਂ ਨੇ ਹਰ ਵੇਲੇ-ਢਾਡੀ ਪੜ੍ਹਦੇ ਸਨ-

*ਸਿੱਖ ਕਹਾਵਨ ਕਠਿਨ ਹੈ, ਸਿਖੀ ਪੈਂਡਾ ਦੂਰ।*
*ਸਿਖੀ ਤਾ ਕੋ ਬਖਸ਼ੀਐ ਜੋ ਰਹੈ ਸਤਿਗੁਰੂ ਕੈ ਹਜ਼ੂਰ।*

-ਸਤਿਗੁਰ ਦੇ ਹਜ਼ੂਰ, ਸਤਿਗੁਰੂ ਨੂੰ ਹਾਜਰ ਨਾਜਰ ਕਰ ਕੇ ਜਾਣਦੇ ਹਨ ਜਿਹੜੇ, ਉਹ ਸਨਮੁਖ ਸਿੱਖ ਹਨ। ਔਰ ਚੌਥੇ ਹਨ ਬੇਮੁਖ, ਜਿਹੜੇ ਗੁਰੂ ਨੂੰ ਮਿਲਕੇ, ਗੁਰੂ ਦੇ ਹੁਕਮ ਤੋਂ ਉਲਟ ਚਲਣ ਲੱਗ ਪਏ, ਸੁਣ ਕੇ ਗੁਰੂ ਦਾ ਹੁਕਮ ਬੇਮੁਖ ਹੋਏ। ਬੇਮੁਖ ਦਾ ਦਰਜਾ ਬਹੁਤ ਬੁਰਾ ਲਿਖਿਆ ਹੈ। ਜਨਮ ਸਾਖੀ ਵਿੱਚ ਲਿਖਿਆ ਹੈ ਕਿ ਛੇ ਹੱਤਿਆ ਹਨ—ਲੜਕੀ ਦਾ ਮਾਰਨਾ—ਵੰਸ ਦਾ ਘਾਤ ਕਰਨਾ—ਬ੍ਰਾਹਮਣ ਦਾ ਮਾਰਨਾ—ਗਊ ਦਾ ਮਾਰਨਾ—ਕਰਜ਼ਾ ਲੈ ਕੇ ਨਾ ਦੇਣਾ—ਵਿਸ਼ਵਾਸ ਘਾਤ ਕਰਨਾਂ। ਤੇ ਕਹਿੰਦੇ ਹਨ-

*ਖਟ ਹਤਿਆ ਕੇ ਤੁਲ ਹੈ ਜੇ ਗੁਰ ਤੇ ਸਿੱਖ ਫਿਰ ਜਾਹਿ।*

ਬੇਮੁਖ ਦਾ ਦਰਜਾ, ਭਾਈ ਗੁਰਦਾਸ ਜੀ ਨੇ ਇੱਕ ਜਗ੍ਹਾ ਲਿਖਿਐ ਕਿ-

*ਸੀਂਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ।*

*- ਵਾਰ ੩੭, ਪਉੜੀ ੨੫*

ਸ਼ੇਰ ਦੇ ਸਾਹਮਣੇ ਜਾਣਾ ਚੰਗਾ ਹੈ, ਇੱਕ ਪਾਸੇ ਸ਼ੇਰ ਹੋਵੇ, ਇੱਕ ਪਾਸੇ ਬੇਮੁਖ ਆਉਂਦਾ ਹੋਵੇ ਤਾਂ ਉਹਦੇ ਮੱਥੇ ਨਾ ਲੱਗੇ। ਤਾਂ, ਇੱਥੇ ਗੁਰਮੁਖ—ਜਿਨ੍ਹਾਂ ਨੇ ਗੁਰੂ ਨੂੰ ਮੁੱਖ ਮੰਨਿਆ। ਗੁਰੂ ਨਾਨਕ ਦੇਵ ਮਹਾਰਾਜ—

**ਪੁਤ੍ਰੀ ਕਉਲੁ ਨ ਪਾਲਿਓ,**

*- ਪੰਨਾ-੯੬੭*

—ਨਾ ਪਾਲਿਆ ਕਉਲ, ਨਾ ਹੁਕਮ ਮੰਨਿਆ, ਗੁਰਿਆਈ ਗੁਰੂ ਅੰਗਦ ਨੂੰ ਮਿਲੀ। ਸਤਿਗੁਰੂ ਦੇ ਹੁਕਮ ਜਿਨ੍ਹਾਂ ਪੁਰਸ਼ਾਂ ਨੇ ਮੰਨੇ, ਉਹ ਦੁਨੀਆਂ ਵਿੱਚ ਵੀ, ਭਾਈ ਗੁਰਦਾਸ ਕਹਿੰਦੈ-

*ਦੀਨ ਦੁਨੀ ਦਰਗਹ ਪਰਵਾਣਾ।*

*- ਵਾਰ ੧੨, ਪਉੜੀ ੩*

ਦੀਨ ਵੀ ਬਣ ਗਿਆ, ਉਹਨਾਂ ਦਾ ਧਰਮ ਵੀ ਰਹਿ ਗਿਆ, ਦੁਨੀਆਂ ਵੀ ਉਹਨਾਂ ਦੀ ਰਹਿ ਗਈ ਔਰ ਦਰਗਾਹ ਵਿੱਚ ਵੀ ਉਹ ਮੰਨੇ ਗਏ। ਮੈਂ ਕੱਲ ਨਾਮਧਾਰੀ ਨੌਜਵਾਨਾਂ ਅੱਗੇ ਇਹ ਗੱਲ ਕਹੀ ਸੀ ਕਿ ਕੱਲ ਸ਼ਾਮ ਨੂੰ ਸੱਤ ਅੱਠ ਵਜੇ—ਫੇਰ ਮੇਰੇ ਕੁਝ ਸਰੀਰ ਦੀ ਐਸੀ ਖੇਡ ਹੈ, ਇਹ ਖਰਾਬ

ਹੁੰਦੀ ਰਹਿੰਦੀ ਹੈ—ਤੇ ਮੈਂ ਫੇਰ ਸੋਚਿਆ ਬਈ, ਦੀਵਾਨ 'ਚ ਤਾਂ ਜਾਣਾ ਹੀ ਹੈ, ਸ਼ਾਇਦ ਓਦੂੰ ਬਾਅਦ ਮੇਰਾ ਸਰੀਰ ਨਾ ਆਖੇ ਲੱਗੇ ਤੇ ਮੈਂ ਇਹਨਾਂ ਅੱਗੇ ਜਿਹੜੀ ਅਰਜ਼ ਕਰਨੀ ਹੈ ਏਥੇ ਹੀ ਕਰ ਦਿਆਂ। ਅੱਜ ਦੇਖ ਲਓ ਕੁਦਰਤੀ ਤੌਰ ਤੇ—ਇਹ ਮੈਂ ਨਹੀਂ ਕਹਿ ਕੇ ਕਰਵਾਇਆ, ਨਾ ਆਖਿਆ ਹੈ—ਉਹ ਹੁਕਮਨਾਮਾ ਅੱਗੇ ਆ ਗਿਆ ਸਤਿਗੁਰੂ ਰਾਮ ਸਿੰਘ, ਅਕਾਲ ਪੁਰਖ ਜਿਹਨੂੰ ਅਸੀਂ ਕਹਿੰਦੇ ਹਾਂ—ਉਸ ਦਾ। ਅਸੀਂ ਨਹੀਂ ਕਹਿੰਦੇ ਅਕਾਲ ਪੁਰਖ, ਗੁਰੂ ਗੋਬਿੰਦ ਸਿੰਘ ਕਹਿੰਦਾ ਹੈ। ਇਹ ਗੱਲ ਅਲਿਹਦੀ ਹੈ ਕੋਈ ਕਿਸੇ ਤਰ੍ਹਾਂ ਮੰਨੇ ਜਾਂ ਨਾ ਮੰਨੇ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਗੁਰਿੰਡ ਨਾਮੇ ਵਿੱਚ–

*ਜਾਮੇ ਧਾਰੇ ਦਸ ਗੁਰੂ ਨਵ ਸਤਿ ਕਲਾ ਸੁਧਾਰ।*
*ਗੁਪਤ ਗਿਆਰਵਾਂ ਖੇਲਸੀ ਕੋ ਇਕੁ ਪਾਵੈ ਪਾਰ।*

*– ਗੁਰਿੰਡਨਾਮਾ ਪਾ:੧੦*

ਇਹ ਗਲਤ ਅੱਖਰ ਹੋਏ ਹੋਏ ਹਨ—ਨ *ਪਾਵੈ ਪਾਰ*—ਜਿਹਦਾ ਪਤਾ ਈ ਕਿਸੇ ਨੂੰ ਨਾ ਲੱਗੇ, ਉਹਦੇ 'ਚ ਜਾਮਾ ਕੀ, ਉਸਦੇ ਕੌਣ ਮੱਥੇ ਲੱਗਿਆ —*ਕੋ ਇਕੁ ਪਾਵੈ ਪਾਰ*—ਕਿਸੇ ਕਿਸੇ ਨੂੰ। ਜਿਸ ਤਰ੍ਹਾਂ ਸੂਰਜ ਪ੍ਰਕਾਸ਼ ਵਿੱਚ ਵੀ ਗੁਰੂ ਜੀ ਕਹਿੰਦੇ ਨੇ–

*ਬੇਰ ਗਿਆਰ੍ਹਵੀਂ ਹਮ ਚਲ ਆਵਹਿਂ।*
*ਤਿਸ ਤੇ ਕੋ ਇਕੁ ਹਮ ਲਖ ਪਾਵਹਿਂ।*

–ਓਥੇ ਵੀ ਨਨਾ ਲੱਗਾ ਹੋਇਆ ਹੈ।

## ਇਤਹਾਸ ਵਿਗਾੜਨਾ

ਪਾਠ ਗਲਤ ਹੋ ਜਾਂਦੇ ਹਨ, ਕਰਨ ਵਾਲੇ ਵੀ ਕਰਦੇ ਹਨ। ਮੈਂ ਇੱਕ ਅਰਜ਼ ਕਰ ਲਵਾਂ ਵਿੱਚ, ਫਿਰ ਅੱਗੇ ਚਲਾਂਗਾ। ਮਹਾਰਾਜਾ ਪਟਿਆਲਾ ਨੇ ਇੱਕ ਦਿਨ ਸਿੱਖਾਂ ਨੂੰ ਸੱਦਿਆ ਪੰਜਾਬ ਦਿਆਂ ਨੂੰ, ਖਾਲਸਾ ਦਰਬਾਰ ਬਣਾਉਣ ਲੱਗੇ। ਇਹ ੧੯੪੭ ਤੋਂ ਥੋੜਾ ਚਿਰ ਬਾਅਦ ਦੀ ਗੱਲ ਹੈ। ਮੈਨੂੰ ਵੀ ਸੱਦਿਆ। ਮੈਂ ਗਿਆ। ਮੈਂ ਉਹਨਾਂ ਨੂੰ ਕਿਹਾ—ਕਿ ਤੁਹਾਨੂੰ ਚਾਹੀਦੈ ਕਿ

ਤੁਸੀਂ ਸਾਰੀਆਂ ਸੰਪਰਦਾਵਾਂ ਜਿੰਨੇਂ ਗੁਰੂ ਨਾਨਕ ਨੂੰ ਮੰਨਣ ਵਾਲੇ ਹਨ ਸਾਰਿਆਂ ਦੇ ਪ੍ਰਤਿਨਿਧ ਇਕੱਠੇ ਕਰੋ ਤਾਂ ਇਹ ਦਰਬਾਰ ਬਣ ਸਕਦੈ। ਜੇ ਤੁਸੀਂ ਇੱਕ ਦੋ ਨੂੰ ਰੱਖ ਲਓ ਤੇ ਇੱਕ ਪਾਰਟੀ ਜਦੋਂ ਜ਼ਬਰਦਸਤ ਹੋ ਜਾਵੇ ਤਾਂ ਦੂਈ ਦੀ ਪਰਵਾਹ ਨਹੀਂ ਕਰਦੀ, ਇਹ ਕੰਮ ਨਹੀਂ ਚੱਲਣਾ। ਕੁਦਰਤ ਨੂੰ ਉਹ ਮਨਜ਼ੂਰ ਐਸਾ ਸੀ, ਉਸ ਦਿਨ ਜਦੋਂ ਅਸੀਂ ਉੱਥੇ ਇਕੱਠੇ ਹੋਏ ਤਾਂ ਇਹ ਪਤਾ ਲੱਗਾ ਕਿ ਪੁਸਤਕ ਕਿਸ ਤਰ੍ਹਾਂ ਵਿਗਾੜੇ ਜਾਂਦੇ ਹਨ। ਤੁਹਾਨੂੰ ਪਤੈ, ਲੋਕਾਂ ਨੇ ਵੇਦਾਂ ਨੂੰ ਕਿਸ ਤਰ੍ਹਾਂ ਵਿਗਾੜਿਆ। ਗਾਂ ਖਾਣੀ ਲਿਖ ਦਿੱਤੀ ਵੇਦਾਂ ਵਿੱਚ, ਵਿਗਾੜਨ ਵਾਲਿਆਂ ਨੇ, ਕਿਉਂਕਿ ਗੱਲ ਇਹ ਹੈ ਕਿ ਪੁਸਤਕ ਤੇ ਬੋਲਣਾ ਨਹੀਂ, ਜਿਹਦੇ ਹੱਥ 'ਚ ਆਇਆ ਉਸ ਨੇ ਉਹਦੇ ਅੱਖਰ ਭੰਨੇ ਤੋੜੇ, ਜੋ ਮਰਜ਼ੀ ਹੈ ਕੀਤਾ ਕਰਾਇਆ। ਬੜੀਆਂ ਲੋਕਾਂ ਨੂੰ ਜਾਚਾਂ ਆਉਂਦੀਆਂ ਨੇ। ਲੈ ਕੇ ਪੁਸਤਕਾਂ ਨੂੰ ਪੁਰਾਣੇ ਬਣਾਉਣ ਵਾਸਤੇ ਕਿਤੇ ਧੁਆਂਖੀ, ਧੂੰਏ ਵਾਲੀ ਜਗ੍ਹਾ ਤੇ ਰੱਖ ਛੱਡਣਾ, ਤੇ ਥੋੜੇ ਚਿਰ ਮਗਰੋਂ ਕਹਿਣਾ ਕਿ ਦੇਖੋ ਜੀ ਇਹਦੇ ਬੜੇ ਬਿਰਧ ਪੱਤਰੇ ਹਨ। ਤਾਂ ਉੱਥੇ ਗੱਲ ਚੱਲੀ, ਭਾਈ ਕਾਨ੍ਹ ਸਿੰਘ ਹੁਰਾਂ ਨਾਭੇ ਵਾਲਿਆਂ ਦੇ ਲੜਕੇ ਉੱਥੇ ਆਏ ਹੋਏ ਸਨ ਹਰੀ ਜੀ, ਜਿਹਨਾਂ ਦਾ ਨਾਮ ਭਗਵੰਤ ਸਿੰਘ ਹੈ। ਉਹ ਇੱਥੇ ਵੀ ਹੋ ਗਏ ਨੇ ਤੁਹਾਡੇ ਕੋਲ ਇੱਕ ਵੇਰਾਂ। ਉੱਥੇ ਗੱਲ ਇਹ ਚੱਲ ਪਈ, ਸੌ ਸਾਖੀ—ਮਾਸਟਰ ਜੀ ਵੀ ਉਸ ਤੋਂ ਇੱਕ ਦਿਨ ਪਹਿਲੋਂ ਮੈਨੂੰ ਮਿਲੇ, ਕਹਿਣ ਲੱਗੇ ਮਾਸਟਰ ਤਾਰਾ ਸਿੰਘ ਜੀ ਭੀ—ਅਸੀਂ ਤਾਂ ਸਮਝਦੇ ਸੀ ਬਈ, ਸੌ ਸਾਖੀ ਬਾਹਮਣਾਂ ਦੇ ਗਪੋੜੇ ਨੇ, ਇਹ ਤਾਂ ਸਭੋ ਕੁਝ ਸੱਚ ਹੋਇਆ। ਕੂਕਿਆਂ ਉੱਤੇ ਬੜੀਆਂ ਇਹ ਗੱਲਾਂ ਆਉਂਦੀਆਂ ਸੀ ਕਿ ਕੂਕੇ ਸੌ ਸਾਖੀ ਪੜ੍ਹਦੇ ਨੇ, ਇਹ ਤਾਂ ਐਵੇਂ ਬਨਾਵਟੀ ਚੀਜ਼ ਹੈ। ਪਰ ਗੱਲ ਇਹ ਸੀ, ਹੁਣ ਸਾਨੂੰ ਉਹ ਚੀਜ਼ਾਂ ਮਿਲ ਰਹੀਆਂ ਹਨ, ਉਹ ਕਾਗਜ਼ ਮਿਲ ਰਹੇ ਹਨ, ਜਿਨ੍ਹਾਂ ਸਿੱਖਾਂ ਨੂੰ ਅੰਗਰੇਜ਼ ਨੇ ਪੈਸੇ ਦੇ ਕੇ, ਨੌਕਰ ਰੱਖ ਕੇ, ਨਾਮਧਾਰੀਆਂ ਦੇ ਖਿਲਾਫ ਕੰਮ ਕਰਵਾਇਆ। ਉਹ ਸਭ ਤੁਹਾਡੇ ਸਾਹਮਣੇ ਆ ਜਾਣਗੇ ਥੋੜੇ ਚਿਰ 'ਚ ਕਾਗਜ਼, ਜਿਨ੍ਹਾਂ 'ਚ ਇਹ ਚੀਜ਼ਾਂ ਲਿਖੀਆਂ ਹੋਈਆਂ ਮਿਲਦੀਆਂ ਹਨ ਕਿ ਉਹਨਾਂ ਨੂੰ ਨੌਕਰੀ ਦਿੱਤੀ ਜਾਂਦੀ ਸੀ। ਤਾਂ, ਹਰੀ ਜੀ ਨੇ ਦੱਸਿਆ—ਕਿ ਇੱਕ ਗਿਆਨੀ ਪ੍ਰਤਾਪ ਸਿੰਘ

ਚੀਫ਼ ਕਾਲਜ ਵਿੱਚ ਸਰਦਾਰਾਂ ਦੇ ਲੜਕਿਆਂ ਨੂੰ ਪੜ੍ਹਾਉਂਦਾ ਸੀ। ਸਤਿਗੁਰੂ ਰਾਮ ਸਿੰਘ ਦਾ ਜਦੋਂ ਪ੍ਰਕਾਸ਼ ਹੋਇਆ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਐ-

*ਤਿਸ ਮਹਿ ਰਾਮ ਸਿੰਘ ਮਮਸਾਰਾ।*
*ਦੇਸ਼ ਮਾਲਵੇ ਮਹਿ ਅਵਤਾਰਾ।*

ਉਹ ਗੱਲ ਮੇਰੀ ਉੱਥੇ ਹੀ ਰਹਿ ਗਈ, ਮੈਂ ਹੁਣ ਭੁੱਲ ਜਾਨਾ ਬਹੁਤ।

*ਜਾਮੇ ਧਾਰੇ ਦਸ ਗੁਰੂ ਨਵ ਸਤ ਕਲਾ ਸੁ ਧਾਰ।*
*ਗੁਪਤ ਗਿਆਰਵਾਂ ਖੇਲਸੀ ਕੋ ਇਕੁ ਪਾਵੈ ਪਾਰ।*
*- ਜਾਮਾ ਪਹਿਰੋਂ ਬਾਰਵਾਂ ਪ੍ਰਗਟੈ ਆਦਿ ਰਘੁਬੰਸ।*
*ਸੰਗਤ ਮਿਲੈ ਅਨੰਤਿ ਤਬ ਮਾਨੋ ਕੋਟ ਸਹੰਸ।*

*- ਗੁਰਿੰਡਨਾਮਾ ਪਾ:੧੦*

*ਦੁਆਦਸ ਪੁਰਖ ਹੈ ਆਦਿ ਸੇ-*

ਦੁਆਦਸੇ ਸ਼ਬਦ ਨਹੀਂ, ਏਥੇ—*ਦੁਆਦਸ ਪੁਰਖ ਹੈ ਆਦਿ ਸੇ*— ਪਹਿਲਾਂ ਤੋਂ ਹੀ ਨਹੀਂ, ਸਭ ਤੋਂ ਇੱਕ-

*ਸਭਹਨ ਕੇ ਸਿਰ ਮੌਰ।*
*ਸ਼ਕਤ ਅਨੰਤੀ ਆਇ ਹੈ,*

ਅਨੰਤ ਸ਼ਕਤੀਆਂ ਲੈ ਕੇ ਆਵੇਗਾ। ਕਹਿੰਦੇ ਨੇ-

*ਆਦਿ ਇਹੈ,*

ਅਕਾਲ ਪੁਰਖ ਹੈ ਇਹ-

*ਨਹੀਂ ਔਰ।*

*- ਗੁਰਿੰਡਨਾਮਾ ਪਾ:੧੦*

ਗੁਰੂ ਗੋਬਿੰਦ ਸਿੰਘ ਕਹਿੰਦੈ, ਇਹ ਮੇਰੀ ਕਹਾਵਤ ਨਹੀਂ, ਮੇਰੀ ਇਹ ਗੱਲ ਨਹੀਂ, ਚਾਹੇ ਕੋਈ ਮੰਨੋ, ਨਾ ਮੰਨੋ। ਕਿਸੇ ਨਾਲ ਸਾਨੂੰ ਏਸ ਗੱਲ ਤੇ ਸਾਡਾ ਇਹ ਮਤਲਬ ਨਹੀਂ, ਕੋਈ ਮਜ਼੍ਹਬ, ਕੋਈ ਚੀਜ਼ ਕਿਸੇ ਦੇ ਉੱਤੇ ਠੋਸ ਕੇ ਨਹੀਂ ਧਰੀ ਜਾ ਸਕਦੀ।

*ਸ਼ਕਤ ਅਨੰਤੀ ਆਇ ਹੈ,*

ਆਦਿ ਬਾਣੀ ਵਿੱਚ ਵੀ ਲਿਖ ਦਿੱਤੈ-

**ਸੋਲਹ ਕਲਾ[੧੦] ਸੰਪੂਰਨ ਫਲਿਆ।।**

ਸੋਲ੍ਹਾਂ ਕਲਾ ਅਵਤਾਰ ਸੰਪੂਰਨ ਹੁੰਦੈ, ਪਰ ਠਾਕੁਰ ਸ਼ਬਦ—ਜਦੋਂ ਸੱਚੇ ਪਾਤਸ਼ਾਹ ਹਜਰੋਂ ਜਾਂਦੇ ਹਨ, ਤਾਂ ਗੁਰੂ ਬਾਲਕ ਸਿੰਘ ਜੀ ਅੱਗੋਂ ਕਹਿੰਦੇ ਹਨ —ਕਿ ਆਓ ਠਾਕੁਰ ਜੀ, ਬੜੇ ਚਿਰ ਦੇ ਤੁਹਾਨੂੰ ਉਡੀਕਦੇ ਹਾਂ।

**ਅਨਤ[੧੧] ਕਲਾ ਹੋਇ ਠਾਕੁਰੁ ਚੜਿਆ[੧੨]।।**

*- ਮਾਰੂ ਮ:੫, ਪੰਨਾ-੧੦੮੧*

ਹੁਣ ਅਨੰਤ ਕਲਾ ਦੀ ਗੱਲ ਜਿਹੜੀ ਹੈ, ਮੈਨੂੰ ਐਤਕਾਂ ਪਤਾ ਲੱਗਾ ਸੀ ਕਿ ਬਈ, ਕਿਸ ਤਰ੍ਹਾਂ ਬਣੀ। ਜੇ ਵਕਤ ਮਿਲਿਆ ਤਾਂ ਫੇਰ ਮੈਂ ਅਰਜ਼ ਕਰਾਂਗਾ ਅਨੰਤ ਕਲਾ ਤੇ, ਹੁਣ ਫੇਰ ਮੇਰਾ ਮਜ਼ਮੂਨ ਵਿਗੜਦੈ, ਜਿਧਰ ਨੂੰ ਮੈਂ ਜਾਣੈ। ਤਾਂ ਓਸ ਗਿਆਨੀ ਪ੍ਰਤਾਪ ਸਿੰਘ ਜੀ ਨੇ ਮੈਨੂੰ ਦੱਸਿਆ—ਕਿ ਮੇਰੀ ਡਿਊਟੀ ਅੰਗਰੇਜ਼ ਨੇ ਉਸ ਵਕਤ ਏਸ ਕੰਮ ਉੱਤੇ ਲਾਈ ਸੀ ਕਿ ਜੋ ਸੌ ਸਾਖੀ ਮਿਲੇ ਉਸ ਨੂੰ ਸਭ ਨੂੰ ਵਿਗਾੜ। ਉੱਥੇ ਸਤਿਗੁਰਾਂ ਦਾ ਜ਼ਿਕਰ ਨਾ ਕਿਤੇ ਆਵੇ, ਕੋਈ ਇਹ ਗੱਲ ਨਾ ਕ੍ਰਵੇ। ਕਹਿਣ ਲੱਗਾ—ਮੈਂ ਇਨੀਆਂ ਵਿਗਾੜ ਬੈਠਾਂ ਕਿ ਭਾਈ ਕਾਨ੍ਹ ਸਿੰਘ ਹੁਰਾਂ ਦੇ ਪਿਤਾ ਬਾਬੇ ਨਰਾਇਣ ਸਿੰਘ ਹੁਰਾਂ ਨੂੰ ਉਹਨੇ ਦੱਸਿਆ, ਹਰੀ ਜੀ ਕੋਲ ਬੈਠੇ ਸੁਣ ਰਹੇ ਸਨ, ਕਿ ਹੁਣ ਮੈਨੂੰ ਵੀ ਨਹੀਂ ਪਤਾ ਕਿ ਮੈਂ ਉਹਨਾਂ ਦੇ ਅੱਖਰਾਂ ਦਾ ਕੀ ਭੰਨ ਤੋੜ ਕੀਤੈ। ਇਹ ਚੀਜ਼ਾਂ ਤੋੜ ਕੇ—ਪਰ ਭਾਈ ਗੁਰਦਾਸ ਕਹਿੰਦੈ-

*ਚੜਿਆ ਚੰਦੁ ਨ ਲੁਕਈ ਢਕਿ ਜੋਤਿ ਕੁਨਾਲੀ।*

*- ਵਾਰ ੧੩, ਪਉੜੀ ੬*

ਗੁਰੂ ਨਾਨਕ ਨੂੰ ਲੋਕਾਂ ਨੇ ਕੁਰਾਹੀਆ ਆਖਿਆ; ਗੁਰੂ ਅੰਗਦ ਨੂੰ ਕੁਸ਼ਟੀ ਆਖਿਆ; ਗੁਰੂ ਅਮਰਦਾਸ ਨੂੰ ਨਿਥਾਵਾਂ ਆਖਿਆ; ਗੁਰੂ ਰਾਮ ਦਾਸ ਨੂੰ ਆਖਿਆ—ਜੁਆਈ ਸਹੁਰੇ ਦੇ ਘਰ ਕਿਉਂ ਆਇਆ। ਪਰ ਗੱਲ ਇਹ ਹੈ ਇਨ੍ਹਾਂ ਗੱਲਾਂ ਨਾਲ ਇਹ ਚੀਜ਼ ਨਹੀਂ ਮਿਟਦੀ।

*ਸ਼ਕਤ ਅਨੰਤੀ ਆਇ ਹੈ*

—ਉਹ ਕਹਿਣ ਲੱਗਾ—ਮੈਂ ਸੌ ਸਾਖੀਆਂ ਵਿਗਾੜੀਆਂ ਹਨ। ਏਸੇ ਤਰ੍ਹਾਂ

ਹੀ ਲੋਕਾਂ ਨੇ ਪੁਸਤਕ ਸੂਰਜ ਪ੍ਰਕਾਸ਼ ਦੀ, ਹੋਰ ਵੀ ਜਿਹੜਾ ਵੀ ਕਿਸੇ ਦੇ ਹੱਥ ਆਇਆ..............। ਗੁਰੂ ਨਾਨਕ ਦੇਵ ਮਹਾਰਾਜ ਤਾਂ ਪਹਿਲੇ ਹੀ ਇਹ ਚੀਜ਼ ਦੱਸ ਗਏ ਸੀ, ਜਦੋਂ ਰੁਕਨਦੀਨ ਨਾਲ ਮਦੀਨੇ ਵਿੱਚ ਗੋਸ਼ਟ ਹੋਈ, ਕਰਨੀਨਾਮਾ ਉਚਰਿਆ ਤਾਂ ਉੱਥੇ ਆਖਿਆ ਕਿ-

## ਸਭਹਨ ਕੇ ਸਿਰਮੌਰ

*ਦਸਮਾਂ ਜਾਮਾ ਪਹਿਰ ਕੇ ਬੈਠੂੰ ਪੁਰ ਕਰਤਾਰ।*
*ਔਰੰਗਜ਼ੇਬ ਬਾਦਸ਼ਾਹ ਸੋ ਜੁਧ ਕਰੂੰ ਬਹੁ ਸਾਜ।*
*ਤੁਕ ਬਲ ਅਪੁਨਾ ਦੇਇ ਕੇ ਭੇਜ ਦੇਊਂਗਾ ਸਿੰਘ।*

ਆਪਣੀ ਤੁਕ ਦਾ ਬਲ ਲਿਖ ਕੇ ਜ਼ਫਰਨਾਮਾ ਭੇਜਿਆ। ਉਹਦੇ 'ਚ ਦੱਸਿਆ ਉਸਨੂੰ ਕਿ-

**ਮਰਾ[੧੩] ਇਅਤਬਾਰੇ[੧੪] ਬਰੀ ਕਸਮ[੧੫] ਨੇਸਤ[੧੬]।।**
**ਕਿ ਏਜ਼ਦ[੧੭] ਗਵਾਹ ਸਤੁ ਯਜ਼ਦਾਂ[੧੮] ਯਕੇਸਤ[੧੯]।।**

*- ਦਸਮ ਗ੍ਰੰਥ, ਪੰਨਾ-੧੩੮੯*

ਜਿਹੜਾ ਤੇਰੀ ਕੁਰਾਨ ਦੀ ਕਸਮ ਤੇ ਮੈਨੂੰ ਇਤਬਾਰ ਨਹੀਂ ਸੀ, ਪਰ ਮੈਂ ਦੱਸਣਾ ਸੀ ਨਾਲ ਦਿਆਂ ਨੂੰ ਭੀ ਇਹ ਕਿੰਨੇ ਕੁ ਸੱਚ ਬੋਲਣ ਵਾਲੇ ਨੇ। ਗੁਰੂ ਸਾਹਿਬ ਨੇ ਐਥੋਂ ਤਕ ਲਿਖ ਦਿੱਤਾ-

**ਕਸੇ[੨੦] ਕਉਲ[੨੧] ਕੁਰਆਂ[੨੨] ਕੁਨਦ[੨੩] ਇਅਤਬਾਰ।।**

ਕੋਈ ਪੁਰਸ਼ ਕੁਰਾਨ ਦੀ ਕਸਮ ਉੱਤੇ, ਜੋ ਕੋਈ ਪੁਰਸ਼ ਇਤਬਾਰ ਕਰੇਗਾ-

**ਹਮਾ[੨੪] ਰੋਜ਼ ਆਖਰ[੨੫] ਸ਼ਵਦ[੨੬] ਮਰਦ ਖ਼੍ਵਾਰ[੨੭]।।**

*- ਦਸਮ ਗ੍ਰੰਥ, ਪੰਨਾ-੧੩੮੯*

ਅਖੀਰ ਤੇ ਉਹ ਜ਼ਰੂਰ ਖੁਆਰ ਹੋਏਗਾ, ਕਿਉਂਕਿ ਇਹ ਲੋਕ ਜਿਸ ਤਰ੍ਹਾਂ ਵੀ ਹੋਵੇ ਝੂਠ ਬੋਲ ਕੇ ਆਪਣੀ ਗੱਲ ਸਿਰੇ ਕਰ ਸਕਦੇ ਹਨ। ਸ਼ੇਖ ਅਬਦੁੱਲਾ, ਪੰਡਿਤ ਜੀ ਦਾ ਬਹੁਤ ਨਜ਼ਦੀਕੀ ਬਣਿਆ ਰਿਹਾ। ਸਾਡੇ ਸੋਖੀ ਸਾਹਿਬ ਹਨ ਓਥੇ ਕਰਤਾਰ ਸਿੰਘ ਜੀ, ਮੈਂ ਉਹਨਾਂ ਨੂੰ ਜਦੋਂ ਗੱਲ

ਕਰਨੀ—ਕਿ ਇਹਦਾ ਇਤਬਾਰ ਕੋਈ ਨਹੀਂ। ਉਹਨਾਂ ਆਖਣਾ—ਨਹੀਂ ਜੀ, ਇਹ ਬੜਾ ਚੰਗਾ ਆਦਮੀ ਹੈ। ਜਿਦਣ ਫੇਰ ਅਖੀਰੀ ਗੱਲ ਨਿਕਲੀ, ਕਿ ਸਭ ਕੁਝ ਲੱਗਾ ਖਰਾਬ ਕਰਨ, ਮੈਂ ਕਿਹਾ—ਸੋਖੀ ਜੀ, ਸਤਿ ਸ੍ਰੀ ਅਕਾਲ। ਤਾਂ ਗੁਰੂ ਗੋਬਿੰਦ ਸਿੰਘ ਦਾ ਕਹਿਣਾ—ਅਕਾਲ ਪੁਰਖ ਸਤਿਗੁਰੂ 'ਚ ਭੇਦ ਨਹੀਂ ਹੁੰਦਾ, ਹੋਰ ਕੋਈ ਨਹੀਂ ਜਾਣ ਸਕਦਾ। ਉਹ ਕਹਿੰਦੇ ਨੇ ਕਿ–

*ਤੁਕ ਬਲ ਅਪੁਨਾ ਦੇਇ ਕੇ ਭੇਜ ਦੇਊਂਗਾ ਸਿੰਘ।*

ਗੁਰੂ ਨਾਨਕ ਕਹਿੰਦੈ—ਮੈਂ ਉਹ ਲਿਖ ਕੇ ਭੇਜਾਂਗਾ, ਉਹਨੂੰ ਪੜ੍ਹਕੇ–

*ਦੇਖ ਉਨ ਬਲ ਘਟਸੀ ਭੂਲ ਜਾਣ ਸਭ ਫੰਧ।*

ਮੈਨੂੰ ਤੁਕਾਂ ਸਾਰੀਆਂ ਯਾਦ ਨਹੀਂ। ਜਦੋਂ ਪੜ੍ਹੇਗਾ ਔਰੰਗਜ਼ੇਬ, ਔਰੰਗਜ਼ੇਬ ਅੱਗੋਂ ਕੀ ਕਹੇਗਾ–

*ਆਗੇ ਪੈਦਾ ਕਿਉਂ ਕੀਆ*

ਜਿਸ ਵੇਲੇ ਭਾਈ ਦਇਆ ਸਿੰਘ ਜੀ ਹੁਰਾਂ ਨੇ ਫਤਹਿ ਬੁਲਾਈ—ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਉਹ ਕਹਿੰਦੈ, ''ਖਾਲਸਾ ਹੂਆ।''

ਉਹਨਾਂ ਆਖਿਆ,''ਹੂਆ।''

ਉਹਨੇ ਆਖਿਆ,''ਅੱਗੇ ਪੈਦਾ ਹੋ ਗਿਆ ਦੁੱਖ ਪਾਵੇਗਾ।'' ਔਰੰਗਜ਼ੇਬ ਨੇ ਕਿਹਾ ਉਹਨਾਂ ਨੂੰ।

*ਆਗੇ ਪੈਦਾ ਹੋ ਗਿਆ ਭਲਾ ਨਾ ਕੀਆ ਗੋਬਿੰਦ।*

ਸਿੱਖਾਂ ਨੂੰ ਤਕਲੀਫ ਝੱਲਣੀ ਪਈ। ਗੁਰੂ ਨਾਨਕ ਦੇਵ ਮਹਾਰਜ ਲਿਖਦੇ ਨੇ–

*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗਮ।*

ਸਿੱਖ ਸਿੱਖੀ ਤੋਂ ਭੁੱਲ ਜਾਣਗੇ। ਕੀ ਹੋਇਆ ਸਿੱਖਾਂ ਨਾਲ—ਗਿਆਨ ਸਿੰਘ ਜੀ ਗਿਆਨੀ ਨੇ ਲਿਖਿਐ–

*ਨਿਜ ਤ੍ਰਿਯਾ ਤਜ ਕੁਲਟਾ, ਬਿਭਚਾਰਨ ਮੁੰਡਿਉਂ ਸੰਗ ਰਮੈ ਹੈਂ ਜੇ।*
*ਤਿਨ ਕੇ ਸੰਗੀ ਬਾਦ ਫਿਰੰਗੀ ਬਹੁਤ ਨਮਰਦ ਥਵੈ ਹੈਂ ਜੇ।*

*ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ।*
*ਸਰਮ ਹਿਆਉ ਸੁਕਰਮ ਧਰਮ ਤਜ ਪੈ ਕੁਕਰਮ ਮੈਂ ਸੋਊ ਮਰੈ।*
– *ਜਾਗ ਜਿਨ ਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈਂ।*
*ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਯਾਤੀ,*
*ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।*

*– ਪੰਥ ਪ੍ਰਕਾਸ਼*

ਜਿਹਨਾਂ ਦੇ ਵੱਡੇ ਵਡੇਰੇ ਤੜਕੇ ਉੱਠਦੇ, ਇਸ਼ਨਾਨ ਕਰਦੇ ਸਣੇ ਕੇ ਸੀਂ, ਨਾਮ ਜਪਦੇ, ਬਾਣੀ ਪੜ੍ਹਦੇ—ਉਹਨਾਂ ਦੇ ਪੋਤਰਿਆਂ ਨੇ ਅੱਗੇ ਧੂਪ ਦੀਪ ਤਾਂ ਕੀ ਦੇਣਾ ਸੀ, ਉਹਨਾਂ ਨੇ ਝਾਤੀਆਂ ਨਾ ਪਾਈਆਂ, ਗ੍ਰੰਥ ਸਾਹਿਬ ਜੀ ਦੀਆਂ ਜਿਲਦਾਂ ਚੂਹੇ ਖਾ ਗਏ। ਉਸ ਵੇਲੇ ਅਲਮਾਰੀਆਂ ਨਹੀਂ ਸਨ। ਉਸ ਵੇਲੇ ਆਲੇ ਹੁੰਦੇ ਸਨ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜਿਸ ਵੇਲੇ ਪ੍ਰਕਾਸ਼ ਕੀਤਾ, ਲਾਇਆ ਪੰਜਾਬ ਦਾ ਚੱਕਰ, ਦੇਖਿਆ—ਕਿ ਬਈ, ਤੁਹਾਡੀ ਧਰਮਸ਼ਾਲਾ ਦਾ ਕੀ ਹਾਲ ਹੈ ? ਧਰਮਸ਼ਾਲਾ 'ਚ ਜਾ ਕੇ ਕੀ ਦੇਖਿਆ—ਜਾਂ ਹੁੱਕਿਆਂ ਦੇ ਗੁੱਲ ਤੇ ਜਾਂ ਬੱਕਰੀਆਂ ਦੀਆਂ ਮੇਂਗਣਾਂ, ਜਿਹੜੇ ਸਾਂਨ੍ਹ, ਬੱਕਰੇ ਜਾ ਕੇ ਬਹਿੰਦੇ। ਕਿਉਂਕਿ ਧਰਮਸ਼ਾਲਾ 'ਚ ਕੋਈ ਭਜਨ ਬਾਣੀ ਕਰੇ ਤੇ ਜਾਵੇ। ਪਤਾ ਕੀਤਾ—ਬਈ, ਮਹਾਰਾਜ ਦੀ ਬੀੜ ? ਕਿਸੇ ਘਰੋਂ, ਤਾਂ ਮੰਜੀ ਸਾਹਿਬ ਧੁਆਂਖਿਆ ਲੱਭਿਆ, ਕਿਤੇ ਰੁਮਾਲ ਚੂਹਿਆਂ ਦੇ ਖਾਧੇ ਹੋਏ, ਜਿਲਦਾਂ ਖਾਧੀਆਂ ਹੋਈਆਂ। ਧੋਤੇ ਰੁਮਾਲ, ਮੰਜੀ ਸਾਹਿਬ ਸਾਫ ਕਰੇ, ਪੋਚਾ ਦਵਾਇਆ ਧਰਮਸ਼ਾਲਾ 'ਚ, ਪ੍ਰਕਾਸ਼ ਕਰ ਕੇ ਆਖਿਆ—ਪਾਠ ਕਰਿਆ ਕਰੋ ਗੁਰਬਾਣੀ ਦਾ। ਕਿਉਂ—ਗੁਰੂ ਨਾਨਕ ਨੇ ਕਿਹਾ ਸੀ–

*ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗਮ।*
(ਮੈਂ), *ਫੇਰ ਕਰੂੰਗਾ ਖਾਲਸਾ ਵਸੇ ਵਿੱਚ ਪੰਜਾਬ।*

*– ਕਰਨੀਨਾਮਾ ਪਾ: ੧੦*

ਦੂਜੀ ਵੇਰ, ਮੈਂ ਮੁੜਕੇ ਫੇਰ ਉਹਨੂੰ ਪ੍ਰਗਟ ਕਰਾਂਗਾ—ਖਾਲਸੇ ਨੂੰ। ਸਤਿਗੁਰੂ ਕਹਿੰਦੇ ਸੀ,''ਪੰਜਾਬ ਵਿੱਚੋਂ ਗੁਰੂ ਗੋਬਿੰਦ ਸਿੰਘ ਦੇ ਬਣੇ ਬਣਾਏ

ਸਾਨੂੰ ਢਾਈ★ ਸਿੱਖ ਲੱਭੇ ਹਨ।'' ਇਹ ਸਿੱਖੀ ਦੀ ਹਾਲਤ ਸੀ। ਉਹ ਕਹਿੰਦੇ ਕਿ–

*ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈਂ।*

ਉਹਨਾਂ ਦੇ ਪੋਤਰੇ, ਕੀ ਕਰਦੇ ਨੇ, ਮੂਸ—ਚੂਹੇ ਖਾ ਗਏ। ਅਖੇ—

*ਜਪੁਜੀ ਨ ਰਹਿਰਾਸਿ ਪਢੈ ਸੁਨੈ ਕਬੀ ਖਾਸ,*

—ਜਪੁ ਸਾਹਿਬ ਨਹੀਂ ਪੜ੍ਹਨਾ, ਰਹਿਰਾਸ ਨਹੀਂ ਪੜ੍ਹਨੀ, ਜੇ ਕੋਈ ਪੜ੍ਹਦਾ ਹੋਵੇ—

*ਔਰ ਜੋ ਪੜ੍ਹਤ ਪਾਸ, ਹਾਸ ਤਿਨ ਯੌ ਰਰੈਂ।*

ਉਏ ! ਰੱਬ ਬੋਲਾ ਹੈ ?

*ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੌ ਤੂੰ,*
*ਸ਼ਹਿਰਾਂ ਮੈਂ ਜਾਇ ਲੁਕਮੇ ਰਿਝਾਇ ਲੈ ਤਰੈਂ।*

*– ਪੰਥ ਪ੍ਰਕਾਸ਼*

ਤੂੰ ਜਾ ਕੇ ਲੁਕਮੇ ਖਾਣ ਦਾ ਮਾਰਾ ਬਾਣੀ ਉੱਚੀ ਉੱਚੀ ਪੜ੍ਹਦੈਂ— ਬਈ, ਮੈਨੂੰ ਮਿਲੇ। ਉਹ ਰੱਬ ਬੋਲਾ ਹੈ। ਇਹ ਹਾਲਤ ਹੋਈ। ਉਸ ਹਾਲਤ ਵਿੱਚ ਜਿਹੜਾ ਗੁਰੂ ਨਾਨਕ ਨੇ ਕਿਹਾ ਸੀ–

*ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿੱਚ ਪੰਜਾਬ।*

ਜਿਹੜਾ ਗੁਰੂ ਗੋਬਿੰਦ ਸਿੰਘ ਨੇ ਆਖਿਆ ਸੀ–

*ਬੇਰ ਗਿਆਰ੍ਹਵੀ ਹਮ ਚਲ ਆਵਹਿ।*
*ਤਿਸ ਤੇ ਕੋ ਇਕੁ ਹਮ ਲਖ ਪਾਵਹਿ।*
*ਪੰਥ ਖਾਲਸਾ ਖੇਤੀ ਮੇਰੀ।*
*ਕਰਹੁ ਸੰਭਾਲਨ ਮੈਂ ਤਿਸ ਬੇਰੀ।*

*– ਸੂਰਜ ਪ੍ਰਕਾਸ਼ ਪੰਨਾ–੫੬੪੨*

– *ਠੇਡੇ ਖਾਵੈ ਖਾਲਸਾ ਮੋਹਿ ਸੰਮਾਲੇ ਸਾਸਿ।*

*– ਸੌ ਸਾਖੀ*

ਉਹ ਸਤਿਗੁਰੂ ਰਾਮ ਸਿੰਘ ਸੱਚਾ ਪਾਤਸ਼ਾਹ ਅਕਾਲ ਪੁਰਖ ਪ੍ਰਗਟ ਹੋਏ। ਉਹਨਾਂ ਕਿਰਪਾ ਕੀਤੀ—ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ

ਲਿਖਿਐ ਕਿ–

*ਕਲਿਜੁਗ ਤੇ ਸਤਿਜੁਗ ਕਰ ਠਾਨੌ।*
*ਤਬ ਹੀ ਬਾਰ੍ਹਵਾਂ ਬੱਪ ਪਹਿਚਾਨੌ।*

*– ਗੁਰਿੰਡ ਨਾਮਾ*

ਕਲਿਜੁਗ ਤੋਂ ਜੇ ਸਤਿਜੁਗ ਹੋ ਜਾਵੇਗਾ............। ਕੀ ਕਲਿਜੁਗ ਸੀ ? ਦੋ ਇਲਾਕੇ ਖਾਸ ਸਨ ਪੰਜਾਬ ਦੇ—ਇੱਕ ਲੁਧਿਆਣੇ ਦੇ ਨਜ਼ਦੀਕ ਗਰੇਵਾਲ ਸਰਦਾਰ ਆਪਣੇ ਆਪ ਨੂੰ ਕਹਾਉਣ ਵਾਲੇ, ਬਾਰ੍ਹਾਂ, ਚੌਦਾਂ, ਪੰਦਰਾਂ, ਵੀਹ ਪਿੰਡ ਉਹਨਾਂ ਦੇ ਸਨ, ਜਿਨ੍ਹਾਂ 'ਚ ਇੱਕ ਕੁੜੀ ਨਹੀਂ ਸੀ ਉਹ ਰਹਿਣ ਦਿੰਦੇ। ਏਸੇ ਤਰ੍ਹਾਂ ਇੱਕ ਇਲਾਕਾ ਤਰਨ ਤਾਰਨ ਦੇ ਨਜ਼ਦੀਕ ਸੰਧੂਆ ਦਾ। ਸੰਧੂ ਇੱਕ ਲੜਕੀ ਸਰਿਹਾਲੀ ਵਾਲੇ ਨਹੀਂ ਸਨ ਰਹਿਣ ਦਿੰਦੇ। ਸਤਿਗੁਰੂ ਰਾਮ ਸਿੰਘ ਆਇਆ। ਸਤਿਗੁਰੂ ਨੇ ਆ ਕੇ ਮਾਈਆਂ ਬੀਬੀਆਂ ਤੇ ਤਾਂ ਜੋ ਸਤਿਗੁਰੂ ਰਾਮ ਸਿੰਘ ਨੇ ਉਪਕਾਰ ਕੀਤੈ—ਅਗਰ ਇਹ ਦੇਖਣ ਤਾਂ ਇਹਨਾਂ ਨੂੰ ਕਿਸੇ ਯੁੱਗ 'ਚ ਇਹ ਚੀਜ਼ ਨਹੀਂ ਪ੍ਰਾਪਤ ਹੋਈ ਜੋ ਸਤਿਗੁਰੂ ਨੇ ਇਹਨਾਂ ਨੂੰ ਦਿੱਤੀ। ਪਹਿਲੇ ਤਾਂ ਲੜਕੀਆਂ ਮਾਰਨ ਵਾਲਿਆਂ ਨੂੰ ਹਟਾਇਆ। ਦੇਖੋ ਹੁਕਮਨਾਮੇ 'ਚ ਲਿਖਿਐ—**ਲੜਕੀ ਮਾਰੇ, ਬੇਚੇ, ਵੱਟਾ ਕਰੇ ਉਹਦੇ ਘਰ ਦਾ, ਹੱਥ ਦਾ ਅੰਨ ਜਲ ਨਹੀਂ ਵਰਤਣਾ**। ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ—ਕਿ, ਗੁਰੂ ਬਾਲਕ ਸਿੰਘ ਜੀ ਨੂੰ–

*ਐਪੈ ਗੁਰੁ ਦਸਮ ਦਰਸ ਦੈ ਜੋ ਕਹਿਓ ਤਾਂਹਿ,*
*ਮੇਰੋ ਅਵਤਾਰਾ ਅੰਸ ਰਾਮ ਸਿੰਘ ਹਵੈ ਭਰੇ।*
*ਯਾਂਹਿ ਹਿਤ ਤਾਂਹਿ ਨਾਹਿ ਔਰ ਕਾਂਹਿ ਮਾਂਹਿ ਨਿਜ,*
*ਸ਼ਕਤਿ ਰਖਾਈ ਗੁਰੁ ਵਾਕ ਦਿਢ ਥੇ ਧਰੇ।*

*– ਪੰਥ ਪ੍ਰਕਾਸ਼*

ਏਸ ਵਾਸਤੇ ਗੁਰੂ ਬਾਲਕ ਸਿੰਘ ਜੀ ਨੇ ਹੋਰ ਕਿਸੇ ਕੋਲ ਨਹੀਂ ਸਕਤਿ ਰਖਾਈ।

*ਗੁਰੂ ਵਾਕ ਦਿਢ ਥੇ ਧਰੇ।*

## ਭਾਦਰੇ ਦੇ ਰਈਸ

ਗੁਰੂ ਗੋਬਿੰਦ ਸਿੰਘ ਦੇ ਬਚਨਾਂ ਨੂੰ ਯਾਦ ਕੀਤਾ ਸੀ, ਦ੍ਰਿੜ ਕੀਤਾ ਸੀ। ਆਲਮ ਜੀ ਇਹਦੇ ਉੱਤੇ ਬੜਾ ਕੁਛ ਲਿਖ ਚੁੱਕੇ ਹਨ—ਅਤਿ ਲੋੜੀਂਦਾ ਨਿਰਣਾ—ਸਾਡੇ ਸਤਿਜੁਗ ਅਖਬਾਰ ਵਿੱਚ ਛਪਿਐ। ਸਾਨੂੰ ਹੁਣ ਹੋਰ ਕੁਛ ਵੀ ਪਤਾ ਲੱਗਿਆ ਜਾ ਕੇ ਸੁਹੇਵੇ ਸਾਹਿਬ, ਜਿਹੜਾ ਪੁਸਤਕ ਭਾਈ ਕਾਨ੍ਹ ਸਿੰਘ ਹੁਰਾਂ ਦੇ ਘਰ ਲਿਖਿਆ ਪਿਐ ਕਿ—ਬਾਬੇ ਅਜਾਪਾਲ ਸਿੰਘ ਦੇ ਰੂਪ 'ਚ ਗੁਰੂ ਗੋਬਿੰਦ ਸਿੰਘ ਜੀ ਰਹੇ। ਉਹਦੇ ਵਿੱਚ ਇੱਕ ਚੀਜ਼ ਹੋਰ ਲਿਖੀ ਹੋਈ ਹੈ, ਕਿ ਭਾਦਰੇ ਦੇ ਰਈਸ ਦੀ ਸਹਾਇਤਾ ਕੀਤੀ। ਹੁਣ ਉਹ ਭਾਦਰੇ ਦਾ ਰਈਸ ਕੌਣ ਸੀ ? ਇਹ ਹੁਣ ਅਸੀਂ ਪੰਜਾਹ ਸੰਮਤ ਸੀ, ਜਾਂ ਉਣੰਜਾ ਸੀ ਜਦੋਂ ਗਏ ਹਾਂ ਉੱਥੇ। ਪੰਜਾਹ ਸੰਮਤ ਵਿੱਚ ਜਦੋਂ ਪੰਜ ਸੌ ਪਾਠ ਸੁਹਾਵੇ ਜਾ ਕੇ ਕੀਤਾ ਹੈ ਨ, ਉੱਥੇ ਇੱਕ ਪੰਡਤ ਸੀ—ਮੋਹਣਾ ਮੱਲ, ਬਿਰਧ ਆਦਮੀ। ਉਸਨੇ ਸਾਨੂੰ ਗੱਲ ਸੁਣਾਈ, ਸਾਨੂੰ ਫਿਰ ਸਮਝ ਆਈ। ਸੁਹਾਵੇ ਸਾਹਿਬ ਦਾ ਜਿਹੜਾ ਰਈਸ ਸੀ, ਇਸਦਾ ਨਾਮ ਸੀ ਦੌਲਤ ਸਿੰਘ। ਇਸ ਨੂੰ ਬੀਕਾਨੇਰ ਵਾਲੇ ਰਾਜੇ ਨੇ ਕੱਢਿਆ। ਉਹ ਦਮਦਮੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਗਿਆ। ਸਾਹਿਬਾਂ ਨੇ ਹੁਕਮ ਦਿੱਤਾ—ਜਾ ਹੁਣ ਨਹੀਂ ਤੈਨੂੰ ਕੁਝ ਆਖੇਗਾ। ਉਹ ਰਿਹਾ। ਸਾਹਿਬ ਨੁਹਰੋਂ ਚੱਲ ਕੇ ਉਹਦੇ ਪਾਸ ਆਏ। ਉਹਦੇ ਚਾਰ ਲੜਕੇ ਸੀ। ਸਾਰਿਆਂ ਤੋਂ ਛੋਟੇ ਦਾ ਨਾਂ ਲਾਲੂ ਸੀ। ਲਿਖਿਐ, ਕਿ ਸਤਿਗੁਰਾਂ ਨੇ—ਉਹ ਕਹਿੰਦਾ ਸੀ ਮੋਹਣਾ ਮੱਲ—ਕੇ ਭੰਗ ਬਣਾਈ।

**ਬਿਦਿਹ[੨੮] ਸਾਕੀਯਾ[੨੯] ਸਾਗਰੇ[੩੦] ਸਬਜ਼[੩੧] ਰੰਗ।।**

*– ਦਸਮ ਗ੍ਰੰਥ, ਪੰਨਾ-੧੩੯੬*

ਸੁਖ ਨਿਧਾਨ ਦੀ ਦੇਗ ਬਣਾਕੇ ਉਹਨਾਂ ਨੂੰ ਆਖਿਆ—ਸਾਰਿਆਂ ਲੜਕਿਆਂ ਨੂੰ, ਇਹਨੂੰ ਪੀ ਲਓ। ਉਹ ਕਿਸੇ ਨੇ ਨਾ ਪੀਤੀ। ਉਹ ਜਿਹੜਾ ਛੋਟਾ ਲਾਲੂ ਸੀ ਉਹਨੇ ਆਖਿਆ,''ਲਿਆਓ ਮਹਾਰਾਜ ਮੈਨੂੰ ਦਿਓ।'' ਉਹਨੇ ਉਹ ਸਾਰਾ ਹੀ ਛੰਨਾ ਭਰ ਕੇ ਪੀ ਲਿਆ। ਉਹਨੂੰ ਅੰਮ੍ਰਿਤ ਛਕਾਇਆ, ਉਹਦੇ ਕਛਿਹਰੇ ਪੁਆਏ। ਇਹ ਉੱਥੇ ਅਜੇ ਤਕ ਰਿਵਾਇਤ ਮਸ਼ਹੂਰ ਹੈ,

ਕਿ ਜਿਹਦੇ ਬੱਚੇ ਅਟਕ ਜਾਂਦੇ ਸੀ ਪੈਦਾ ਹੋਣੋਂ, ਉਹਦਾ ਕਛਿਹਰਾ ਅਜੇ ਤੱਕ ਉਹਨਾਂ ਦੇ ਘਰ ਪਿਐ, ਉਹਦਾ ਨਾਲਾ ਧੋ ਕੇ ਪਿਆਉਂਦੇ ਸੀ ਤਾਂ ਬੱਚੇ ਪੈਦਾ ਹੋ ਜਾਂਦੇ ਸੀ। ਉਹ ਜਿਹੜਾ ਲਾਲੂ ਸੀ, ਉੱਥੇ ਇੱਕ ਨਜ਼ਦੀਕ ਪਿੰਡ ਹੈ ਮੈਨੂੰ ਨਾ ਭੁੱਲ ਗਿਐ—ਉਸ ਪਿੰਡ 'ਚ ਇੱਕ ਰਈਸ ਸੀ ਹੋਰ। ਉਸ ਦੇ ਕੋਲ ਬੜੇ ਘੋੜੀਆਂ ਘੋੜੇ ਸੀ। ਇਹ ਉਹਦੇ ਪਾਸ ਗਿਆ। ਇਹਨੇ ਜਾ ਕੇ ਉਹਨੂੰ ਕਿਹਾ ਬਈ—ਚਾਚੇ ਨੂੰ ਕਾਕਾ ਕਹਿੰਦੇ ਨੇ ਉਹ—ਕਾਕਾ ਇੱਕ ਘੋੜਾ ਮੈਨੂੰ ਵੀ ਦੇ ਦੇ। ਉਹਨੇ ਆਖਿਆ—ਬਈ, ਜਿਹੜਾ ਤੇਰੀ ਮਰਜ਼ੀ ਹੈ ਲੈ ਜਾ। ਇਹ ਲਾਲੂ ਉਹਨਾਂ 'ਚੋਂ ਇੱਕ ਘੋੜਾ ਛਾਂਟ ਕੇ ਲੈ ਆਇਆ। ਘਰ ਆ ਗਿਆ। ਨਜ਼ਦੀਕ ਇੱਕ ਪਿੰਡ ਹੈ—ਢੀਂਗੜ, ਮੁਸਲਮਾਨਾਂ ਦਾ। ਢੀਂਗੜ ਵਾਲੇ ਮੁਸਲਮਾਨਾਂ ਨੇ ਉਸ ਰਈਸ ਨੂੰ, ਘੋੜਿਆਂ ਵਾਲੇ ਨੂੰ—ਮੈਨੂੰ ਉਹਦਾ ਨਾਂ ਭੁੱਲ ਗਿਐ, ਲਿਖਿਐ ਮੇਰੇ ਕੋਲ ਸਾਰਾ ਕੁਛ—ਉਹਨੂੰ ਸੁਨੇਹਾ ਭੇਜਿਆ ਕਿ ਅਸਾਂ ਤੈਨੂੰ ਲੁੱਟਣੈ। ਉਸ ਨੇ ਆਪਣੇ ਪੁੱਤਰ ਨੂੰ ਇਹ ਲਾਲ ਸਿੰਘ ਕੋਲ ਭੇਜਿਆ—ਕਿ ਮੇਰੀ ਮਦਦ ਕਰ। ਇਹਦੇ ਕੋਲ ਸੱਤ ਵੀਹਾਂ ਆਦਮੀ ਥੋਰੀ[੩੨] ਸੀ, ਜਿਹੜੇ ਡਾਕੇ ਮਾਰਨ ਵਾਲੇ ਸਨ, ਜਿਹੜੇ ਬੰਦੂਕਾਂ ਚਲਾਉਂਦੇ ਸੀ। ਇਹਨੇ ਆਪਣੇ ਪਾਸ ਰੱਖੇ ਹੋਏ ਸੀ ਕਿ ਆਓ ਰਲ ਮਿਲ ਕੇ.....................। ਉੱਥੇ ਰਾਜਪੂਤਾਂ ਦਾ ਕਾਇਦਾ ਰਾਜਸਥਾਨ ਵਿੱਚ ਇਹੋ ਹੀ ਹੈ—ਜਾਂ ਤੇ ਫਸਲ ਹੋ ਜਾਏ, ਖਾ ਲੈਣੀ—ਨਹੀਂ, ਹਲ ਨਹੀਂ ਵਾਹੁਣਾ—ਵਪਾਰ ਨਹੀਂ ਕਰਨਾ—ਨਹੀਂ, ਫਿਰ ਡਾਕਾ ਮਾਰਨਾ। ਉਹ ਆਦਮੀ ਨਾਲ ਸੀ, ਉਹ ਜਿਹੜਾ ਲੜਕਾ ਗਿਆ ਉਹਦਾ ਕਹਿਣ ਨੂੰ, ਉਹਨੇ ਆਖਿਆ—ਮੈਂ ਤਾਂ ਤੁਹਾਡੀ ਕੋਈ ਮਦਦ ਨਹੀਂ ਕਰਨ ਆਉਂਦਾ। ਲੜਕਾ ਮੁੜ ਕੇ ਆ ਗਿਆ। ਉਹਨੇ ਆ ਕੇ ਆਖਿਆ—ਸੁਣਾ ਬਈ, ਕੀ ਆਖਿਐ ਲਾਲੂ ਨੇ। ਉਹਨੇ ਆਖਿਆ—ਉਹਨੇ ਘੋੜਾ ਲੈਣਾ ਸੀ, ਲੈ ਗਿਐ ਉਹਨੇ ਤੇਰੀ ਮਦਦ ਨਹੀਂ ਕਰਨੀ। ਉਹਨੂੰ ਇਹ ਗੱਲ ਕਹਿ ਦਿੱਤੀ। ਆਪਣੇ ਸਾਥੀਆਂ ਨੂੰ ਲੈ ਕੇ ਲਾਲ ਸਿੰਘ, ਰਾਤ ਦੇ ਵਕਤ ਉੱਥੋਂ ਚਲ ਕੇ, ਉਹਦੇ ਪਿੰਡ ਜਿੱਧਰੋਂ ਉਹ ਫੌਜ ਨੇ, ਉਹਨਾਂ ਨੇ ਮੁਸਲਮਾਨਾਂ ਨੇ ਆਉਂਣਾ ਸੀ ਢੋਲ ਵਜਾਉਂਦਿਆਂ, ਉਹ ਸੱਤ ਵੀਹਾਂ ਆਦਮੀਆਂ ਨੂੰ ਨਾਲ ਲੈ ਕੇ ਉੱਥੇ ਇੱਕ ਛੱਪੜ 'ਚ ਜਾ ਕੇ ਲੁਕ ਕੇ ਅੱਗੇ ਬੈਠ ਗਏ ਔਰ ਬੰਦੂਕਾਂ

ਭਰ ਕੇ ਤੋੜੇ ਤਿਆਰ ਕਰ ਕੇ। ਉਹਨੇ ਕਿਹਾ—ਕਿ ਜਿਸ ਵੇਲੇ ਮੈਂ ਤਾੜੀ ਮਾਰਾਂ ਇੱਕ ਦਮ ਤੁਸੀਂ ਤੋੜੇ ਦਾਗ ਦਿਓ। ਮੁਸਲਮਾਨ ਚੜ੍ਹਾਈ ਕਰਕੇ ਢੋਲ ਵਜਾਉਂਦੇ ਆਏ। ਉਹ ਵਿਚਾਰੇ ਆਪਣੇ ਅੰਦਰ ਵੜੇ ਬੈਠੇ ਸਨ। ਜਿਸ ਵੇਲੇ ਮਾਰ ਦੇ ਹੇਠ ਆ ਗਏ—ਬੰਦੂਕ ਦੀ ਹੇਠ, ਉਸਨੇ ਮਾਰੀ ਤਾੜੀ, ਤਾਂ ਉਹਨਾਂ ਨੇ ਇੱਕ ਦਮ ਬੰਦੂਕ ਚਲਾਈ ਤਾਂ ਸੱਤ ਵੀਹਾਂ ਬੰਦੂਕ ਦਾ ਇੱਕ ਹੀ ਧਮਾਕਾ ਇੱਕਠਾ ਪਿਆ ਤਾਂ ਹੈਰਾਨ ਹੋਏ, ਸੁਣਨ ਵਾਲੇ। ਉਹ ਅੰਦਰ ਨੇ, ਉਹ ਸੱਤ ਵੀਹਾਂ ਆਦਮੀ ਮਰ ਗਿਆ। ਉਹਨਾਂ ਆਖਿਆ ਇੱਕ ਵਾਰੀ ਫੇਰ ਭਰ ਕੇ ਚਲਾ ਦੇਣੀ। ਦੋ ਵਾਰ ਚਲਾਈਆਂ, ਮੁਸਲਮਾਨ ਕੁਝ ਮਾਰੇ ਗਏ ਕੁਝ ਭੱਜ ਗਏ। ਉਹ ਮਗਰੋਂ ਅੰਦਰੋਂ ਜਦੋਂ ਨਿਕਲਿਆ, ਉਹਨਾਂ ਆਖਿਆ—ਕੌਣ ? ਬਾਹਰ ਘੋੜੇ ਤੇ ਚੜ੍ਹਿਆ, ਫੇਰ ਲਾਲ ਸਿੰਘ। ਉਹਨਾਂ ਆਖਿਆ ਕੌਣ ? ਉਹਨੇ ਆਖਿਆ,''ਕਾਕਾ ਮੈਂ ਲਾਲੂ।'' ਉਹ ਘਰ ਲੈ ਗਿਆ। ਜਾ ਕੇ ਸੇਵਾ ਕਰੀ, ਆਖਣ ਲੱਗਾ,''ਤੂੰ ਮੇਰੀ ਮਦਦ ਕੀਤੀ ਹੈ, ਮੈਂ ਵੀ ਤੇਰੀ ਕੁਝ ਮਦਦ ਕਰਾਂਗਾ।'' ਇਹ ਭਾਦਰਾ ਜਿਹੜਾ ਸ਼ਹਿਰ ਸੀ ਇਹ ਉਸ ਰਈਸ ਦੇ ਸਹੁਰੇ ਸਨ। ਉਸਨੇ ਆਖਿਆ,''ਮੈਂ ਤੈਨੂੰ ਭਾਦਰਾ ਦੁਆਵਾਂਗਾ, ਫਲਾਣੇ ਦਿਨ ਤੂੰ ਆ ਜਾਵੀਂ।'' ਅੱਧੀ ਰਾਤ ਦੇ ਵੇਲੇ ਉਹ ਉੱਥੋਂ ਆਪਣੀ ਫੌਜ ਲੈ ਕੇ ਗਿਆ ਉਹਨੇ ਜਾ ਕੇ ਉੱਥੇ—ਅੰਦਰ ਆਪਣੇ ਸਹੁਰਿਆਂ ਦੇ ਘਰ ਬੈਠਾ ਸੀ—ਉਹਨੇ ਬੂਹੇ ਖੋਲ੍ਹ ਦਿੱਤੇ ਇੱਕ ਵਜੇ ਰਾਤ ਦੇ। ਉਹਨਾਂ ਆਖਿਆ—ਦਰਵਾਜਾ ਕਿਉਂ ਖੋਲ੍ਹਿਐ ? ਅਖੇ—ਮਹੀਆਂ ਚਾਰਨ ਲਿਜਾਣੀਆਂ ਹਨ ਬਾਹਰ। ਉਹ ਲੰਘ ਗਏ, ਉਹਨਾਂ ਉਹ ਭਾਦਰਾ ਸ਼ਹਿਰ ਮੱਲ ਲਿਆ। ਉਹਨਾਂ ਦੀ ਮਦਦ, ਉਸ ਗੁਰੂ ਗੋਬਿੰਦ ਸਿੰਘ ਨੇ—ਕਿਉਂਕਿ ਉਹਦਾ ਤਾਂ ਉਹ ਸਿੱਖ ਸੀ ਨ। ਸਾਨੂੰ ਉਵੇਂ ਹੀ ਇਸ ਚੀਜ਼ ਦਾ ਪਤਾ ਲੱਗੈ ਕਿ ਭਾਦਰੇ ਦੇ ਰਈਸ ਨਾਲ ਕੀ ਸੰਬੰਧ ਸੀ ਬਾਬੇ ਅਜਾਪਾਲ ਸਿੰਘ ਦਾ। ਇਹ ਇੱਕ ਨਵੀਂ ਚੀਜ਼ ਹੈ ਜਿਹੜੀ ਤੁਹਾਡੇ ਅੱਗੇ ਆਈ ਹੈ। ਸਾਨੂੰ ਓਦਣ ਤੋਂ ਪਤਾ ਲੱਗਾ ਸੀ ਉੱਥੇ। ਤੁਸਾਂ ਤਾਂ ਸੁਣ ਲਈ ਹੋਣੀ ਉਦੋਂ ਵੀ ਸ਼ਾਇਦ—ਇਹ ਚੀਜ਼ ਗੁਰੂ ਗੋਬਿੰਦ ਸਿੰਘ ਦੀ।

## ਸੱਚ ਦੀ ਪ੍ਰਧਾਨਤਾ

ਗੁਰੂ ਗੋਬਿੰਦ ਸਿੰਘ ਨੇ ਗੁਰੂ ਬਾਲਕ ਸਿੰਘ ਨੂੰ ਦਰਸ਼ਨ ਦਿੱਤੈ ਔਰ ਕਿਹੈ ਔਰ ਉਹੋ ਹੀ ਰੂਪ ਸਤਿਗੁਰੂ ਰਾਮ ਸਿੰਘ ਨੇ ਧਾਰ ਕੇ ਅਨੰਤ ਸ਼ਕਤੀ ਲੈ ਕੇ ਆ ਕੇ, ਕਿਰਪਾ ਕੀਤੀ। ਭਾਈ ਗਿਆਨ ਸਿੰਘ ਜੀ ਕਹਿੰਦੇ ਨੇ-

*ਹੁਕੇ ਛੁਡਵਾਏ ਰਖਵਾਏ ਕੇਸ ਮੋਨਿਯੋਂ ਕੇ,*
*ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ।*
*ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,*
*ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।*
*ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,*
*ਠਗੀ ਤਜ ਥੀਏ ਸੰਤ ਸਤਿਜੁਗ ਆ ਗਇਓ।*

*– ਪੰਥ ਪ੍ਰਕਾਸ਼*

ਸਤਿਜੁਗ ਦਾ ਕੀ ਕੰਮ ਸੀ—ਲੋਕ ਸੱਚ ਬੋਲਦੇ ਸੀ। ਚਿੱਟੇ ਬਸਤਰ-

**ਸਾਮ ਕਹੈ ਸੇਤੰਬਰੁ ਸੁਆਮੀ,**

*– ਆਸਾ ਮ:੧, ਪੰਨਾ-੪੭੦*

—ਰੋਜ਼ ਆਸਾ ਦੀ ਵਾਰ ਪੜ੍ਹਦੇ ਹੋ। ਚਿੱਟੇ ਬਸਤਰ ਸਤਿਜੁਗ ਦੇ, ਸਤਿਗੁਰੂ ਰਾਮ ਸਿੰਘ ਨੇ ਚਿੱਟਾ ਬਾਣਾ ਪੁਆ ਦਿੱਤਾ, ਲੇਕਿਨ ਗੁਰੂ ਗੋਬਿੰਦ ਸਿੰਘ ਦੇ ਵਕਤ ਵੀ ਬਾਣਾ ਕਾਲਾ ਨਹੀਂ ਸੀ। ਜਿਸ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਨੂੰ ਅਸੀਂ ਅਸਲੀ ਲਿਖਤ—ਅਸੀਂ ਤੇ ਸਾਰੀ ਨੂੰ ਹੀ ਅਸਲੀ ਮੰਨਦੇ ਹਾਂ, ਜਿੰਨੀਂ ਉਹਨਾਂ ਦੀ ਹੈ, ਲੇਕਿਨ ਜ਼ਫਰਨਾਮੇ ਵਿੱਚ ਗੁਰੂ ਸਾਹਿਬ ਕਹਿੰਦੇ ਹਨ-

**ਬਰੰਗੇ ਮਗਸ[੩੩] ਸਯਾਹ ਪੋਸ਼[੩੪] ਆਮਦੰਦ।।**

*– ਦਸਮ ਗ੍ਰੰਥ, ਪੰਨਾ-੧੩੯੦*

ਸਾਡੇ ਉੱਤੇ ਚੜ੍ਹ ਕੇ ਆਏ ਜਿਹਨਾ ਦੇ ਰੰਗ ਮੱਖੀ ਵਰਗੇ ਕਾਲੇ ਸਨ। ਜੇ ਗੁਰੂ ਗੋਬਿੰਦ ਸਿੰਘ ਦੀ ਵਰਦੀ ਕਾਲੀ ਹੁੰਦੀ ਤਾਂ ਇਉਂ ਨਾ ਲਿਖਿਆ ਜਾਂਦਾ। ਭਾਈ, ਨਾਮਧਾਰੀਓ, ਸਤਿਗੁਰੂ ਰਾਮ ਸਿੰਘ ਆਏ-

*ਏਕ ਹਜ਼ਾਰ ਮਧ ਨੌ ਸੈ ਆਵੈ।*
*ਏਕੇ ਆਗੈ ਸਾਤਾ ਲਾਵੈ।*
*ਪ੍ਰਗਟ ਬਾਰ੍ਹਵਾਂ ਬਪ ਦਰਸਾਵੈ।*

*– ਗੁਰਿੰਡਨਾਮਾ ਪਾ:੧੦*

ਉਨੀਂ ਸੌ ਸਤਾਰਾਂ ਵਿੱਚ ਸਤਿਗੁਰਾਂ ਨੇ ਜਿਆਦਾ ਪ੍ਰਕਾਸ਼ ਕੀਤੈ, ਭਾਵੇਂ ਚਉਦਹਿ ਵਿੱਚ ਅੰਮ੍ਰਿਤ ਛਕਾਇਆ ਪਰ (ਬਿਕਰਮੀ ਸੰਮਤ) ੧੯੧੭ ਵਿੱਚ—ਫੇਰ ਅੱਗੇ ਜਾ ਕੇ ਇੱਕ ਜਗ੍ਹਾ ਲਿਖਿਐ–

*ਸ਼ਾਸਤਰ ਵੇਦ ਪੁਰਾਣ ਨਿਰਖਾਵੈ।*

ਛੇ ਸ਼ਾਸਤਰ, ਚਾਰ ਵੇਦ, ਅਠਾਰਹ ਪੁਰਾਨ, ਇਹ ਅਠਾਈ ਹੋ ਗਏ–

*ਨਾਗ ਵਸੁ ਤਬ ਕਰਣ ਮਿਲਾਵੈ।*

ਨੌ ਕਲਾਂ ਨਾਗਾਂ ਦੀਆਂ, ਵਸੂ ਅੱਠ, ਨੌ ਤੇ ਅੱਠ ਸਤਾਰਾਂ ਤੇ ਕਰਨ ਦੋ—ਇਹ ਬਣ ਗਏ ਉਨੀ, ਉਨੀ ਸੌ ਅਠਾਈ ਜਦੋਂ ਹੋਵੇਗਾ–

*ਅਨਕ ਦੇਸ ਬਿਪਰੈਂਚ ਸਧਾਵੈ।*

*– ਗੁਰਿੰਡਨਾਮਾ ਪਾ:੧੦*

ਇਹ ਗੁਰਿੰਡ ਨਾਮੇ 'ਚ ਤੁਕਾਂ ਨੇ। ਸਤਿਗੁਰੂ ਫੇਰ ਪਰਦੇਸਾਂ ਅਨੇਕਾਂ ਨੂੰ ਜਾਣਗੇ। ਸਤਿਗੁਰੂ ਰਾਮ ਸਿੰਘ ਨੇ ਆ ਕੇ ਉਹ ਕਲਿਜੁਗ ਤੋਂ ਸਤਿਜੁਗ ਬਣਾਇਆ। ਇੱਕ ਸਿੱਖ ਦਾ ਪ੍ਰਸੰਗ ਲਿਖਿਐ। ਸਾਹਿਬ ਸੱਚੇ ਪਾਤਸ਼ਾਹ ਆਨੰਦਪੁਰ ਸਾਹਿਬ ਦੇ ਹੋਲੇ ਨੂੰ ਜਾ ਰਹੇ ਹਨ। ਕੀਰਤਪੁਰ ਸਾਹਿਬ ਡੇਰਾ ਲੱਗਾ ਹੋਇਐ। ਸਿੱਖ ਦੋ ਗਏ ਨੇ ਭਜਨ ਪੁੱਛਣ। ਸਤਿਗੁਰ ਕਹਿੰਦੇ,''ਬਈ ਚੋਰੀ, ਯਾਰੀ ਠੱਗੀ ਨਿੰਦਿਆ ਨਹੀਂ ਕਰਨੀ।''

ਉਹ ਇੱਕ ਸਿੱਖ ਨੇ ਤੇ ਭਜਨ ਪੁੱਛਿਐ, ਦੂਸਰਾ ਕਹਿੰਦਾ,''ਸੱਚੇ ਪਾਤਸ਼ਾਹ ਮੇਰੇ ਘਰ ਤਾਂ ੬੦੦ ਰੁਪਏ ਦੀ ਘੋੜੀ ਬੰਨ੍ਹੀ ਖੜੀ ਹੈ ਚੋਰੀ ਦੀ।''

ਕਹਿੰਦੇ,''ਜਾ ਭਜਨ ਤਾਂ ਦਿਆਂਗੇ ਪਹਿਲਾਂ ਉਹ ਘੋੜੀ ਜਿਹਦੀ ਹੈ ਮੋੜ ਕੇ ਆ।''

ਘੋੜੀ ਮੋੜ ਕੇ, ਜਾ ਕੇ ਸਿੱਖ ਨੇ ਭਜਨ ਪੁੱਛਿਆ। ਸਤਿਜੁਗ ਏਸੇ ਦਾ ਨਾਂ ਹੈ, ਜਦੋਂ ਸਤਿ ਦਾ ਜੁਗ ਹੋਵੇ। ਸਤਿਗੁਰੂ ਨੇ ਸਤਿ ਦਾ ਜੁਗ ਲਾਇਆ।

ਨਾਮਧਾਰੀਓ, ਤੁਹਾਨੂੰ ਸਤਿਜੁਗੀ ਬਣਾਇਐ, ਲੇਕਿਨ ਸਮੇਂ ਦਾ ਗੇੜ ਹੈ। ਤੁਹਾਨੂੰ ਹੁਣ ਚਾਹੀਦਾ ਹੈ, ਹੁਣ ਮੈਂ ਨੌਜਵਾਨਾਂ ਅੱਗੇ ਅਰਜ਼ ਕਰਨੀ ਹੈ, ਤੁਸੀਂ ਅੱਜ ਪ੍ਰਸੰਗ ਸੁਣਿਆ ਹੈ, ਸਤਿਗੁਰਾਂ ਨੇ ਹੁਕਮ ਦਿੱਤੈ—ਬਈ, ਪਹਿਰ ਦੇ ਤੜ੍ਹਕੇ ਉੱਠਕੇ, ਇਸ਼ਨਾਨ ਕਰਿਆ ਕਰੋ—ਬਾਣੀ ਪੜ੍ਹਿਆ ਕਰੋ—ਭਜਨ ਕਰਿਆ ਕਰੋ।

## ਸਫਲ ਜਨਮ ਪਰਵਾਨਾ

ਉਮਰ ਦੇ ਨਾਲ ਸਭ ਕੁਛ ਹੈ। ਸਾਨੂੰ ਹੁਣ ਪਤੈ, ਉੱਠਣ ਦੀ ਤਕਲੀਫ ਹੁੰਦੀ ਹੈ। ਉਸ ਵੇਲੇ ਨਾ ਉੱਠਦਿਆਂ ਡਰ ਲਗਦਾ ਸੀ, ਨਾ ਥੱਕੀਦਾ ਸੀ, ਨਾ ਕੁਛ ਸੀ। ਇੱਕ ਤੁਕ ਬਾਣੀ ਵਿੱਚ ਲਿਖੀ ਹੋਈ ਹੈ—ਮੈਂ ਤੇ ਐਵੇਂ ਹੀ ਅਰਥ ਕਰਦਾਂ–

**ਗੁਰਮਤਿ ਮਿਲੀਐ ਬੀਸ ਇਕੀਸ॥**

*– ਰਾਮਕਲੀ ਮ:੧, ਪੰਨਾ-੯੩੩*

ਵੀਹ ਇੱਕੀ ਵਰ੍ਹੇ ਦੀ ਉਮਰ ਦਾ ਜਦੋਂ ਆਦਮੀ ਹੋਵੇ ਨ, ਉਹ ਗੁਰਮਤਿ 'ਚ ਜੇ ਚਲੇ ਤਾਂ ਉਹ ਬਹੁਤਾ ਤਕੜਾ ਹੁੰਦੈ—ਤੁਹਾਡਾ ਕੰਮ ਹੈ। ਮੈਂ ਤੁਹਾਡੇ ਅੱਗੇ ਅਰਜ਼ ਕਰਦਾਂ, ਗੁਰੂ ਬਾਲਕ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਦਿੱਤੈ—ਮੈਨੂੰ ਦੁੱਖ ਹੈ ਕਿ ਉਹਨਾਂ ਦੀ ਅੰਸ ਵਿੱਚ ਅੱਜ ਇਹ ਚੀਜ਼ ਆ ਗਈ ਹੈ, ਖਵਰੇ ਉਹ ਸਿਰ 'ਚ ਪਾਣੀ ਪਾਉਂਦੇ ਨੇ ਕਿ ਨਹੀਂ—ਉਹਨਾਂ ਹੁਕਮ ਦਿੱਤੈ ਕਿ ਆਸਾ ਦੀ ਵਾਰ ਦਾ ਕੀਰਤਨ ਕਰਨਾ ਜਾਂ ਸੁਣਨਾ, ਜਿਹੜਾ ਆਦਮੀ ਸਣੇ ਕੇਸੀ ਇਸ਼ਨਾਨ ਕਰੇ ਬਿਨਾ ਪੜ੍ਹਦੈ ਜਾਂ ਸੁਣਦੈ ਉਸ ਨੂੰ ਪੁੰਨ ਦੇ ਥਾਂ ਪਾਪ ਲੱਗਦੈ। ਸੋ ਭਾਈ ਨੌਜਵਾਨੋਂ, ਤੁਹਾਡੇ ਜਿੰਮੇਂ ਇਹ ਗੱਲ ਹੈ। ਖਵਰੇ ਮੈਨੂੰ ਸ਼ੱਕ ਪੈਂਦਾ ਹੈ, ਖਵਰੇ ਤੁਸੀਂ ਸਾਰੇ ਨਹੀਂ ਪਾਣੀ ਪਾਉਂਦੇ। ਸਵੇਰੇ ਸਣੇ ਕੇਸੀ ਇਸ਼ਨਾਨ ਕਰਿਆ ਕਰੋ। ਇਸ਼ਨਾਨ ਕਰਕੇ ਨਾਮ ਜਪਿਆ ਕਰੋ, ਬਾਣੀ ਪੜ੍ਹਿਆ ਕਰੋ। ਹੁਣ ਤੁਹਾਡੇ ਸਿਰ ਤੇ ਅਜੇ ਬੜਾ ਸਾਰਾ ਕੰਮ ਹੈ। ਅਜੇ ਇੱਕ ਸਮਾਂ ਐਸਾ ਆਉਣ ਵਾਲਾ ਹੈ, ਜੇ ਤੁਸੀਂ ਤਕੜੇ ਹੋ ਕੇ ਰਹੋਗੇ, ਤੁਸੀਂ ਕਿਸੇ ਹੋਰ ਦੀ ਵੀ ਮਦਦ ਕਰੋਗੇ। ਤੁਹਾਡਾ ਫਰਜ਼ ਹੈ, ਜਿਵੇਂ ਉਹ ਕਹਿੰਦੇ ਨੇ

—ਤੁਹਾਨੂੰ ਚਾਨਣ ਮੁਨਾਰਾ ਬਣਾਇਆ ਹੈ ਸਤਿਗੁਰਾਂ ਨੇ। ਜੇ ਲੋਕਾਂ ਨੂੰ ਤੁਸੀਂ ਚਾਨਣ ਦੇਣਾ ਹੈ, ਜੇ ਤੁਸੀਂ ਅੱਜ ਨੌਜਵਾਨ ਸਵੇਰੇ ਸੁੱਤੇ ਨਹੀਂ ਉੱਠਦੇ, ਥੁੱਕ ਨਾਲ ਗਿੱਡ ਪੂੰਝ ਦਿੰਦੇ ਹੋ, ਕੇਸਾਂ 'ਚ ਪਾਣੀ ਉਹ ਖਵਰੇ ਅੱਠੀਂ ਦਿਨੀਂ ਪਾਉਂਦੇ ਹੋ ਕਿ ਨਹੀਂ ਪਾਉਂਦੇ—ਤੁਹਾਡੇ ਸਿਰ ਉੱਤੇ ਸਾਰਾ ਬੋਝ ਹੈ ਐਸ ਵੇਲੇ। ਤੁਸੀਂ ਅੱਜ ਸੁਣ ਲਿਐ ਕਿ ਸਤਿਗੁਰਾਂ ਦੇ ਦੋਹਤਰੇ ਸਨ, ਉਹਨਾਂ ਆਖਿਆ—ਜੇ ਇਸ਼ਨਾਨ ਨਹੀਂ ਕਰਦੇ, ਬਾਣੀ ਨਹੀਂ ਪੜ੍ਹਦੇ, ਤਾਂ ਭੈਣੀ ਸਾਹਿਬ 'ਚੋਂ ਨਿਕਲ ਜਾਣ। ਪੈਸੇ ਨੇ ਨਾਲ ਨਹੀਂ ਜਾਣਾ—ਦੁਨੀਆਂ ਦੇ ਸ਼ੌਕਾਂ ਨੇ ਨਾਲ ਨਹੀਂ ਜਾਣਾ—ਜਿਹੜੇ ਦੁਨੀਆਂ ਨੇ ਤੁਹਾਨੂੰ ਸ਼ੌਕ ਸਿਖਾਉਣੇ ਨੇ। ਦੁਨੀਆਂ 'ਚ ਅੱਜ ਦੋ ਦਿਨ ਤੁਹਾਨੂੰ ਕੋਈ ਚੰਗਾ ਕਹੇਗਾ, ਮਗਰੋਂ ਕਿਸੇ ਨੇ ਨਹੀਂ ਕਹਿਣਾ। ਸਤਿਗੁਰੂ ਦਾ ਹੁਕਮ, ਸਤਿਗੁਰੂ ਦੇ ਬਚਨ, ਜਿਹੜਾ ਪੁਰਸ਼ ਮੰਨੇਗਾ ਉਹ–

**ਇਹ ਲੋਕ ਸੁਖੀਏ ਪਰਲੋਕ ਸੁਹੇਲੇ॥**

*– ਗਉੜੀ ਮ:੫, ਪੰਨਾ–੨੯੨*

ਅੱਜ ਇਹਨਾਂ ਨੇ ਪੜ੍ਹਿਆ ਸੀ, ਭਾਈ ਹੁਰਾਂ ਨੇ–

**ਪ੍ਰਭ ਜੀ ਭਾਣੀ ਭਈ ਨਿਕਾਣੀ**[੩੫],

ਨੰਨਾ ਵੱਖਰਾ ਹੋ ਜਾਂਦੈ ਏਥੇ। ਜਿਹੜੀ ਪ੍ਰਭੂ ਨੂੰ ਭਾਈ ਨ, ਉਹਨੂੰ ਕਾਣ ਨਹੀਂ ਕਿਸੇ ਦੀ ਰਹਿੰਦੀ। ਫੇਰ–

**ਸਫਲ ਜਨਮੁ ਪਰਵਾਨਾ॥**

ਉਹ ਹੋਰ ਕਿਸੇ ਦੇ ਹੇਠ ਨਹੀਂ ਰਹਿੰਦੀ।

**ਭਈ ਅਮੋਲੀ**[੩੬] **ਭਾਰਾ ਤੋਲੀ**[੩੭]**,**

*– ਸੂਹੀ ਮ:੫, ਪੰਨਾ–੭੮੦*

ਉਹਦਾ ਤੋਲ ਭਾਰਾ ਹੋ ਜਾਂਦੈ। ਤੋਲ ਨਹੀਂ ਉਹਨੂੰ ਕੋਈ ਸਕਦਾ। ਕਿਉਂਕਿ ਜੇ ਅਕਾਲ ਪੁਰਖ ਨੂੰ ਨਹੀਂ ਕੋਈ ਤੋਲਦਾ ਜਿਹੜੇ ਉਹਦੇ ਨਾਲ ਮਿਲ ਜਾਣ ਉਹਨਾਂ ਨੂੰ ਵੀ ਨਹੀਂ ਕੋਈ ਤੋਲਦਾ। ਤਾਂ, ਮੈਂ ਨੌਜਵਾਨਾਂ ਅੱਗੇ ਇਹੋ ਅਰਜ਼ ਕਰਨੀ ਹੈ—ਕਿ ਤੁਹਾਡੇ ਸਿਰ ਉੱਤੇ ਐਸ ਵੇਲੇ ਬੋਝ ਸਾਰਿਆਂ ਨਾਲੋਂ ਜ਼ਿਆਦੈ। ਤੁਸੀਂ ਇਹ ਨਾ ਦੇਖੋ ਬਈ, ਇਹ ਬੁੱਢੇ ਜਿਊਂਦੇ ਨੇ, ਇਹ

ਜੋ ਕਰਨ ਵਾਲੇ ਨੇ ਉਹ ਅਸੀਂ ਨਾ ਕਰੀਏ—ਨਹੀਂ। ਕਿਸੇ ਨੇ ਕਿਸੇ ਦੇ ਥਾਂ, ਇਹ ਗੱਲ ਕਹਿ ਕੇ ਖਤਮ ਕਰਦਾਂ।

## ਪੂਰਾ ਸਤਿਗੁਰੂ ਭੇਟਿਆ

ਬਾਲਮੀਕ ਜੀ—ਭਾਈ ਗੁਰਦਾਸ ਜੀ ਕਹਿੰਦੇ ਨੇ ਕਿ–

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ।*

ਬਾਲਮੀਕ ਜਿਹੜਾ ਸੀ, ਇਹਦਾ ਕੰਮ ਕੀ ਸੀ—ਇਹ ਰਸਤਿਆਂ 'ਚ ਧਾੜੇ ਮਾਰਦਾ, ਡਾਕੇ ਮਾਰਦਾ, ਲੋਕਾਂ ਨੂੰ ਖੋਂਹਦਾ ਸੀ। ਸੰਤ ਮਹਾਂਪੁਰਖ, ਕਿਸੇ ਦਿਨ ਆ ਗਏ। ਭਾਈ ਗੁਰਦਾਸ ਤਾਂ ਪੂਰਾ ਸਤਿਗੁਰੂ ਕਹਿੰਦੈ, ਸਾਨੂੰ ਤੇ ਬਿਪਤਾ ਇਹ ਪੈ ਜਾਂਦੀ ਹੈ ਜੇ ਗੁਰੂ ਦਾ ਨਾਂ ਲਿਆ ਜਾਏ। ਸਾਨੂੰ ਐਸੀ ਇੱਕ ਅੰਗਰੇਜ਼ ਚੁਟਕੀ ਦੇ ਗਿਐ ਕਿ ਗੁਰੂ ਕਹਿਣਾ ਹੀ ਪਾਪ ਹੈ। ਭਾਈ ਗੁਰਦਾਸ ਕਹਿੰਦੈ—ਕਿੰਨੇ ਹਜ਼ਾਰ ਵਰਸ਼ ਰਾਮ ਚੰਦਰ ਜੀ ਤੋਂ ਪਹਿਲੇ ਬਾਲਮੀਕ ਹੋਇਆ ਹੈ। ਭਾਈ ਗੁਰਦਾਸ ਦੀ ਬਾਣੀ ਸਾਧ ਸੰਗਤ 'ਚ ਪ੍ਰਮਾਣੀਕ ਹੈ, ਬਾਣੀ ਦੀ ਕੁੰਜੀ ਮੰਨੀ ਹੈ ਗੁਰੂ ਸਾਹਿਬ ਨੇ। ਉਹ ਕਹਿੰਦੈ–

*ਪੂਰਾ ਸਤਿਗੁਰੁ ਭੇਟਿਆ,*

ਬਾਲਮੀਕ ਨੂੰ ਪੂਰਾ ਸਤਿਗੁਰੂ ਮਿਲਿਆ, ਉਹਨੇ ਆਖਿਆ, "ਮਹਾਰਾਜ ! ਲੀੜੇ ਲਾਹ ਦਿਓ।"

ਉਹਨਾਂ ਆਖਿਆ,"ਨਾ ਭਾਈ, ਸਿਆਲ ਦਾ ਮਹੀਨਾ ਹੈ।"

ਉਹਨੇ ਆਖਿਆ,"ਬਸ ਨਹੀਂ, ਮੇਰਾ ਤਾਂ ਰੁਜ਼ਗਾਰ ਹੈ।"

*ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।*

ਜਦੋਂ ਦਰਸ਼ਨ ਹੋਏ, ਲੱਗਾ ਮਨ ਗੇੜੇ ਦੇਣ—ਬਈ, ਇਹ ਕੀ ਗੱਲ ਹੈ।

*ਅਉਗੁਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।*

ਅਉਗੁਣ ਆਪਣਾ ਦੱਸ ਦਿੱਤਾ,"ਮੇਰਾ ਤਾਂ ਰੁਜ਼ਗਾਰ ਇਹ ਹੈ—ਬਈ, ਮੈਂ ਕੁਹਾੜਾ ਫੜ ਲੈਣਾ—ਬਾਹਰ ਆ ਜਾਨਾ—ਲੋਕਾਂ ਦੇ ਲੀੜੇ ਲਾਹ ਲੈਣਾ —ਲੋਕਾਂ ਦੇ ਖੋਹ ਖੋਹ ਕੇ ਲੈ ਜਾਨਾ—ਔਰ ਲਿਜਾ ਕੇ ਆਪਣੇ ਟੱਬਰ ਨੂੰ ਪਾਲਦਾਂ।"

ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਗੱਲ ਲਿਖੀ ਹੈ, ਸਾਡੀ ਸਮਝ ਹੋ ਗਈ ਛੋਟੀ। ਅਸੀਂ ਇੱਕ ਖੂਹ ਦੇ ਡੱਡੂ ਬਣ ਕੇ ਕਿਸ ਤਰ੍ਹਾਂ ਸਮੁੰਦਰ ਦੇ ਹੰਸ ਨੂੰ ਮਿਲ ਸਕਦੇ ਹਾਂ। ਗੁਰੂ ਗੋਬਿੰਦ ਸਿੰਘ ਕਹਿੰਦੈ–

**ਆਦਿ ਅੰਤਿ ਏਕੈ ਅਵਤਾਰਾ।।**
**ਸੋਈ ਗੁਰੂ ਸਮਝਿਯਹੁ ਹਮਾਰਾ।।**

*– ਦਸਮ ਗ੍ਰੰਥ, ਪੰਨਾ–੧੩੮੭*

ਜਦੋਂ ਸ੍ਰਿਸ਼ਟੀ ਨਹੀਂ ਸੀ ਉਦੋਂ ਵੀ ਉਹੀ ਆਦਿ ਸੀ, ਜਦੋਂ ਨਹੀਂ ਹੋਵੇਗੀ, ਅੰਤ ਹੋਵੇਗਾ—ਮੇਰਾ ਗੁਰੂ ਉਹ ਹੈ। ਉਹ ਕੋਈ ਏਡਾ ਕੁ ਨਹੀਂ, ਕਿ ਦੋ ਸੌ, ਢਾਈ ਸੌ ਸਾਲ ਵਿੱਚ ਹੀ ਪੂਰਾ ਹੋ ਜਾਏ।

*ਪੂਰਾ ਸਤਿਗੁਰੁ ਭੇਟਿਆ,*

ਤਾਂ ਕੀ ਬਾਲਮੀਕ ਨੂੰ ਆਖਿਆ ਗਿਆ ? ਬਾਲਮੀਕ ਨੂੰ ਆਖਿਆ ਉਹਨਾਂ ਨੇ—

*ਘਰ ਵਿਚਿ ਪੁਛਣ ਘਲਿਆ,*

—ਕਿ ਭਾਈ, ਤੂੰ ਕਿਨ੍ਹਾਂ ਵਾਸਤੇ ਇਹ ਕੰਮ ਕਰਦੈਂ।

ਉਹਨੇ ਆਖਿਆ—ਮੈਂ ਆਪਣਾ ਟੱਬਰ ਪਾਲਦਾਂ।

ਉਹਨਾਂ ਆਖਿਆ—ਇੱਕ ਦਿਨ ਆਵੇਗਾ ਕਿ ਜਿਸ ਦਿਨ ਤੈਨੂੰ ਜਮ ਫੜ ਕੇ ਲੈ ਜਾਣਗੇ, ਤੇਰਾ ਲੇਖਾ ਹੋਵੇਗਾ ਦਰਗਾਹ 'ਚ। ਪੁੱਛ—ਕੋਈ ਤੇਰੀ ਓਦਣ ਸਹਾਇਤਾ ਕਰੇਗਾ, ਉਸ ਵਕਤ ?

*ਘਰ ਵਿਚਿ ਪੁਛਣ ਘਲਿਆ ਅੰਤਿ ਕਾਲ ਹੈ ਕੋਇ ਅਸਾੜਾ।*

—ਕੋਈ ਅੰਤ ਨੂੰ ਵੀ ਸਾਡਾ ਹੈ। ਪੰਜਾਬੀ ਬੋਲੀ ਹੈ ਸਿੱਧੀ ਲਿਖੀ ਹੈ, ਭਾਈ ਗੁਰਦਾਸ ਜੀ ਨੇ। ਜਿਸ ਵੇਲੇ ਗਿਆ, ਪਿਤਾ ਨੂੰ ਪੁੱਛਿਆ—ਉਸ ਨੇ ਆਖਿਐ,''ਪਾਲਿਐ, ਪੋਸਿਐ, ਜਵਾਨ ਬਣਾਇਐ। ਤੂੰ ਕਰ ਚੋਰੀ—ਤੂੰ ਕਰ ਯਾਰੀ—ਤੂੰ ਕਰ ਪੁੰਨ ਅਸੀਂ ਤੇਰੇ ਸਿਰੋਂ ਖਾਣੈ। ਅਸੀਂ ਤੇਰੇ ਅਗਲੇ ਪਾਸੇ ਦੇ ਕੋਈ ਭਾਗੀ ਨਹੀਂ।''

ਮਾਂ ਨੇ ਕਿਹਾ,''ਜਦੋਂ ਤੂੰ ਪਿਸ਼ਾਬ ਕਰ ਦਿੰਦਾ ਸੈਂ, ਮੂਤਰਦਾ ਸੈਂ, ਤੇਰਾ ਪਾਸਾ ਗਿੱਲਾ ਹੋ ਜਾਂਦਾ ਸੀ, ਮੈਂ ਉਧਰ ਹੋ ਜਾਂਦੀ ਸਾਂ ਤੈਨੂੰ ਸੁੱਕੇ ਪਾਸੇ ਪਾਉਂਦੀ

ਸਾਂ। ਮੇਰਾ ਕੋਈ ਤਅੱਲਕ ਨਹੀਂ ਇਸ ਗੱਲ ਨਾਲ। ਮੈਂ ਤੇਰੇ ਔਗੁਣਾਂ ਦੀ ਕੋਈ ਜ਼ਿੰਮੇਵਾਰ ਨਹੀਂ।''

ਘਰ ਵਾਲੀ ਕੋਲ ਗਿਆ, ਉਹਨੇ ਆਖਿਆ,''ਮਾਪਿਆਂ ਤੇਰੇ ਲੜ ਲਾਈ ਆਂ—ਪੁੰਨ ਕਰ—ਪਾਪ ਕਰ—ਜ਼ਿੰਮੇਵਾਰੀ ਤੇਰੀ ਹੈ।''

ਪਤਾ ਲੱਗ ਗਿਆ, ਅੱਖਾਂ ਖੁੱਲ੍ਹ ਗਈਆਂ, ਕਿਉਂਕਿ ਮਹਾਂਪੁਰਖਾਂ ਨੇ ਦਰਸ਼ਨ ਜੋ ਦਿੱਤੇ ਸੀ। ਮੁੜ ਕੇ ਗਿਆ। ਲਿਖਿਐ–

*ਕੋੜਮੜਾ ਚਉ ਖੰਨੀਐ,*

ਜਿਸ ਕੋੜਮੇਂ ਤੋਂ ਵਾਰੀ ਜਾਂਦਾ ਸੀ, ਜਿਨ੍ਹਾਂ ਤੁਸੀਂ ਆਪਣੀਆਂ ਔਰਤਾਂ ਤੋਂ, ਜਿਨ੍ਹਾ ਕਿਸੇ ਮਿੱਤਰਾਂ ਤੋਂ ਦੁਨੀਆਂਦਾਰੀ ਦਿਆਂ ਤੋਂ। ਤੁਸੀਂ ਚਾਹੁੰਦੇ ਹੋ ਕਿ ਸਾਡੀ ਮਿੱਤਰਤਾ ਜ਼ਿਆਦਾ ਲੋਕਾਂ ਨਾਲ ਬਣੀ ਰ੍ਹਵੇ; ਸਾਡੀ ਔਰਤ ਸਾਡੇ ਤੇ ਖੁਸ਼ੀ ਰਹੇ; ਸਾਡੇ ਮਿੱਤਰ ਸਾਡੇ ਤੇ ਰਾਜ਼ੀ ਰਹਿਣ; ਲੋਕ ਸਾਨੂੰ ਚੰਗਾ ਕਹਿਣ।

*ਕੋਇ ਨ ਬੇਲੀ ਕਰਦੇ ਝਾੜਾ।*

ਦਰਗਾਹ 'ਚ ਤੁਹਾਡਾ ਕੋਈ ਸਾਥੀ ਨਹੀਂ ਬਣਨਾ। ਚਲਾ ਗਿਆ। ਕਿਰਪਾ ਕਰ ਦਿੱਤੀ, ਕੰਨ ਦੇ ਵਿੱਚ ਭਜਨ ਦੱਸ ਦਿੱਤਾ। ਲਿਖਿਐ—

*ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।*

—ਬਾੜਾਂ ਟੱਪ ਗਿਆ। ਟੱਪ ਗਿਆ ਉਹ ਕੰਧਾਂ ਜਿਹੜੀਆਂ ਸਨ ਦੁਨੀਆਂ ਦੀਆਂ।

*ਗੁਰਮੁਖਿ ਲੰਘੇ ਪਾਪ ਪਹਾੜਾ।*

*– ਵਾਰ ੧੦, ਪਉੜੀ ੧੯*

ਗੁਰੂ ਨੂੰ ਮੁਖ ਜਿਸ ਵੇਲੇ ਕੀਤਾ, ਜਿਸ ਵੇਲੇ ਗੁਰੂ ਨੂੰ ਮਿਲਿਆ, ਤਾਂ ਪਾਪਾਂ ਦੇ ਪਹਾੜ ਟੱਪ ਗਿਆ।

## ਸਤਿਗੁਰੂ ਦੀ ਬਖ਼ਸ਼ਿਸ

ਸੱਜਣੋਂ, ਜਵਾਨ ਲੜਕਿਓ, ਸਮਾਂ ਬਹੁਤ ਨਜ਼ਦੀਕ ਹੈ। ਮੈਨੂੰ ਏਥੇ ਆ ਕੇ ਵੀ ਕੁਝ ਪਤਾ ਲੱਗਾ ਹੈ ਕਿ ਬੋਧ ਸੰਮਤ ਬਈ, ਜਿਹੜਾ ਪੰਝੀ ਸੌ ਹੈ, ਉਹ ਕਹਿੰਦੇ ਨੇ—ਇਹਦੇ 'ਚ ਉਹ ਕੋਈ ਹੇਠ ਉਤਾਂਹ ਹੋਵੇਗਾ। ਸੰਮਤ ਸਾਰੇ

ਇੱਕੋ ਹਨ। ਸੌ ਸਿਆਣਿਆਂ ਦੀ ਇੱਕੋ ਮਤ ਹੈ। ਤੁਹਾਨੂੰ ਸਤਿਗੁਰੂ ਨੇ ਜੋ ਕੁਝ ਕਿਹਾ ਹੈ, ਉਹਨਾਂ ਨੇ ਦੱਸਿਆ ਹੈ, ਮੈਂ ਨੌਜਵਾਨਾਂ ਨੂੰ ਇਹ ਕ੍ਹਵਾਂਗਾ —ਮੇਰੇ ਆਉਂਦਿਆਂ ਮੁੜਕੇ ਮੈਨੂੰ ਪਤਾ ਲੱਗੇ ਬਈ, ਕਿਨ੍ਹੇ ਕਿਨ੍ਹੇ ਕਿੰਨੀ ਕਿੰਨੀ ਹੋਰ ਬਾਣੀ ਕੰਠ ਕੀਤੀ ਹੈ। ਸਤਿਗੁਰਾਂ ਹੁਕਮਨਾਮੇ 'ਚ ਲਿਖਿਐ—ਭਾਈ ਦਇਆ ਸਿੰਘ, ਸਾਨੂੰ ਲਿਖ ਕੇ ਭੇਜਣਾ ਬਈ ਇਹਨੇ ਐਨੀ ਬਾਣੀ ਕੰਠ ਕੀਤੀ ਹੈ, ਇਹਨੇ ਐਨੀ ਬਾਣੀ ਕੰਠ ਕੀਤੀ ਹੈ। ਤੁਹਾਡਾ ਬਚਾਅ ਕਿਸੇ ਬੰਬਾਂ ਤੋਂ ਕਿਸੇ ਨੇ ਨਹੀਂ ਕਰਨਾ, ਕਿਸੇ ਭੋਰੇ ਨਹੀਂ ਕਰਨਾ, ਕੋਈ ਤੁਹਾਡਾ ਸਾਥੀ ਨਹੀ ਬਣਨਾ, ਕਿਸੇ ਤੁਹਾਡੇ ਪੈਸੇ ਨੇ ਨਹੀ ਕਰਨਾ—ਸਤਿਗੁਰੂ ਦੇ ਨਾਮ ਨੇ ਕਰਨਾ ਹੈ। ਜੇ ਨਾਮ ਜਪਦੇ ਰਹੋਗੇ ਤਾਂ ਕਿੱਲੀ ਨਾਲ ਦਾਣੇ ਲੱਗੇ ਰਹਿਣਗੇ।

ਤੁਹਾਡਾ ਕੰਮ ਹੈ, ਹੁਣ ਸਾਨੂੰ ਐਸੇ ਨੌਜਵਾਨ ਇਉਂ ਮਾਲੂਮ ਹੋਣੇ ਚਾਹੀਦੇ ਹਨ—ਇਸ਼ਨਾਨ ਕੀਤੇ ਹੋਣ, ਮਾਲਾ ਫੇਰਦੇ ਹੋਣ। ਬੜੀ ਕਿਰਪਾ ਸਤਿਗੁਰਾਂ ਕੀਤੀ ਹੈ, ਤੁਹਾਡਾ ਬਚਾਅ ਕਰਨ ਵਾਸਤੇ ਹੀ, ਆਹ ਜਿਹੜੇ ਨਿਤਨੇਮ ਐਥੇ ਹੁੰਦੇ ਹਨ। ਸਤਿਗੁਰਾਂ ਦੀ ਬਖਸ਼ਿਸ਼ ਨਾਲ ਹੈ, ਆਪਣੀ ਕਿਸੇ ਦੀ ਆਕੜ ਨਹੀਂ।

**ਜੈਸੇ ਰਵਿ[੩੮] ਕੇ ਤੇਜ ਤੇ ਰੇਤ ਅਧਿਕ ਤਪਤਾਇ[੩੯]॥**

ਸੂਰਜ ਦੀ ਜਦ ਲੱਗਦੀ ਹੈ ਧੁੱਪ, ਰੇਤਾ ਜਾਂਦਾ ਹੈ ਤਪ, ਤੇ ਜੇ ਕੋਈ ਲੰਘਦੈ ਉਹਦੇ ਪੈਰ ਜਲਦੇ ਨੇ ਤੇ ਰੇਤਾ ਆਪਣੇ ਆਪ 'ਚ ਆਕੜਦੈ—ਮੈਂ ਇਹਦੇ ਪੈਰ ਸਾੜਦਾਂ। ਪਰ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ–

**ਰਵਿ ਬਲ ਛੁਦ੍ਰ[੪੦] ਨ ਜਾਨਈ,**

ਸੂਰਜ ਦੇ ਬਲ ਨੂੰ ਨਹੀਂ ਉਹ ਮੂਰਖ ਜਾਣਦਾ।

**ਆਪਨ ਹੀ ਗਰਬਾਇ[੪੧]॥**

*– ਦਸਮ ਗ੍ਰੰਥ, ਪੰਨਾ–੬੫*

ਸਤਿਗੁਰੂ ਦੀ ਕਿਰਪਾ, ਸਤਿਗੁਰੂ ਦੀ ਬਖਸ਼ਿਸ਼ ਨਾਲ ਤੁਹਾਨੂੰ ਇਹ ਦਾਨ ਮਿਲਿਐ। ਦੇਖੋ ਮੈਨੂੰ ਵੀ ਏਥੇ ਤੁਹਾਡੀ ਖਿੱਚ ਲੈ ਆਉਂਦੀ ਹੈ। ਏਸੇ ਵਾਸਤੇ ਉਥੋਂ ਦੇ ਕਈ ਪ੍ਰੋਗ੍ਰਾਮ ਅੱਗੇ ਪਿੱਛੇ ਵੀ ਹੋ ਜਾਂਦੇ ਨੇ ਕਿ ਤੁਸੀਂ

ਇੱਥੇ ਬੈਠੇ ਹੋ; ਤੁਹਾਡੇ ਦਸਤਾਰੇ ਸਿੱਧੇ ਹਨ। ਮਾਈਆਂ ਬੀਬੀਆਂ ਬਸਤਰ ਚਿੱਟੇ ਏਥੇ ਪਾ ਕੇ ਆਉਂਦੀਆਂ ਹਨ, ਭਾਵੇਂ ਘਰੀਂ ਅੱਗਾ ਪਿੱਛਾ ਕਰ ਹੀ ਲੈਂਦੀਆਂ ਹੋਣ ਪਰ ਇੱਥੇ ਜ਼ਰਾ ਜਿਹੜੀ ਉਹਨਾਂ ਦੀ ਗੱਲ ਹੈ, ਚੂੜੀ ਵਾਲੇ ਪਜਾਮੇ ਪਾਉਂਦੀਆਂ ਹਨ। ਕਰਦੀਆਂ ਤਾਂ ਉਹਦੇ ਵਿੱਚ ਵੀ ਥੋੜਾ ਜਿਹਾ ਕੁਝ ਹਨ, ਜੇ ਚੂੜੀ ਨਾ ਦਿਸੇ, ਸਲਵਾਰ ਵਾਂਗੂ ਐਨੀ ਢਿੱਲੀ ਪਾਉਂਦੀਆਂ ਹਨ ਸੁੱਥਣ ਕਿ ਜਿਹੜੀ ਭੁੰਜੇ ਲੱਗੀ ਰੁਵੇ, ਉਹਦੇ ਨਾਲ ਚੂੜੀ ਦਾ ਨਿਸ਼ਾਨ ਨਹੀਂ ਦਿਸਣ ਦੇਂਦੀਆਂ, ਪਰ ਮੈਂ ਕਹਿਨਾ—ਫੇਰ ਵੀ ਸ਼ੁਕਰ ਹੈ। ਮਾਈਆਂ ਅੱਗੇ ਅਰਜ਼ ਹੈ ਖਾਸ ਤੌਰ ਤੇ, ਜਾਗ ਲੱਗਣੀ ਹੈ ਮਾਈਆਂ ਤੋਂ ਬੱਚਿਆਂ ਨੂੰ। ਇਤਿਹਾਸ ਪੜ੍ਹੋ, ਗੁਰੂ ਅਮਰ ਦਾਸ ਜਦੋਂ ਗੰਗਾ ਤੋਂ ਉਨੀਂ ਵੇਰਾਂ ਹੋ ਕੇ ਮੁੜੇ, ਤੇ ਬੀਬੀ ਅਮਰੋ ਜੀ ਗੁਰੂ ਅੰਗਦ ਦੇਵ ਜੀ ਦੀ ਲੜਕੀ, ਜਿਸ ਵੇਲੇ ਤੜਕੇ ਸਵਾ ਪਹਿਰ ਦਾ ਕਰਕੇ ਇਸ਼ਨਾਨ ਰਿੜਕਣਾ ਪਾਉਂਣ ਲੱਗੇ, ਤੇ ਬਾਣੀ ਸ਼ੁਰੂ ਹੋ ਗਈ ਨਾਲ। ਬਾਣੀ ਪੜ੍ਹੀ–

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।**

*– ਆਸਾ ਮ:੧, ਪੰਨਾ-੪੬੨*

ਉਸ ਅਮਰੂ ਦੇ ਕੰਨ 'ਚ ਪਈ ਨਿਗੁਰੇ ਦੇ ਵਿੱਚ, ਤਾਂ ਉਹਨੂੰ ਹੋਸ਼ ਆਈ। ਉਹ ਨਾਲ ਗਿਆ, ਫੇਰ ਉਹ ਗੁਰੂ ਅਮਰਦਾਸ, ਨਿਥਾਵਿਆਂ ਦਾ ਥਾਂਵ, ਨਿਤਾਣਿਆਂ ਦਾ ਤਾਣ ਨਿਮਾਣਿਆਂ ਦਾ ਮਾਣ ਬਣਿਆ।

ਮਾਈਆਂ ਜੇ ਬੱਚਿਆਂ ਨੂੰ ਲੋਰੀ ਦੇਣ ਲੱਗੀਆਂ—ਭਜਨ ਕਰਦੀਆਂ, ਜੇ ਕੁਛ ਖੁਆਉਂਣ ਲੱਗੀਆਂ—ਭਜਨ ਕਰਦੀਆਂ, ਬਾਣੀ ਪੜ੍ਹਦੀਆਂ। ਆਪ ਇਸ਼ਨਾਨ ਕਰਕੇ ਕਰਨਗੀਆਂ—ਭਾਵੇਂ ਕਰਦੀਆਂ ਨੇ—ਮੈਂ ਕਹਿਨਾ—ਹੋਰ ਕਰੋ। ਜਿਸ ਆਦਮੀ ਕੋਲ ਲੱਖ ਰੁਪੱਈਆ ਹੈ, ਕਦੇ ਉਹਦਾ ਰੱਜ ਨਹੀਂ ਹੁੰਦਾ, ਉਹ ਚਾਹੁੰਦੈ ਹੋਰ ਹੋਵੇ। ਜੇ ਤੁਸੀਂ ਅੱਗੇ ਭਜਨ ਕਰਦੇ ਹੋ, ਜੇ ਨਿਤਨੇਮ ਕਰਦੇ ਹੋ—ਤੇ ਹੋਰ ਕਰੋ। ਜਿੰਨਾ ਕਰੋਗੇ, ਫਾਇਦਾ ਤੁਹਾਨੂੰ ਹੋਣੈ। ਭਜਨ ਬਾਣੀ ਤੋਂ ਬਗੈਰ, ਸਤਿਗੁਰਾਂ ਨੇ ਵੇਖੋ ਲਿਖਿਐ—ਬਈ, ਸਿੱਖੀ ਗੁਰ ਸ਼ਬਦ ਦੀ ਹੈ। ਜੇ ਗੁਰੂ ਸ਼ਬਦ ਨੂੰ ਨਹੀਂ ਮੰਨਦਾ, ਗੁਰੂ ਕੇ ਬਚਨ ਨੂੰ ਨਹੀਂ ਮੰਨਦਾ ਤਾਂ ਸਿੱਖੀ

ਨਹੀਂ—ਭਾਵੇਂ ਮਾਲਾ ਫੇਰੇ—ਭਾਵੇਂ ਸਿੱਧੀ ਪੱਗ ਬੰਨ੍ਹੇ—ਭਾਵੇਂ ਕੱਛ ਪਾਵੇ—ਭਾਵੇਂ ਕਿਰਪਾਨ ਪਾਵੇ—ਜੇ ਹੁਕਮ ਨਹੀਂ ਮੰਨਦਾ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ–

*ਰਹਿਣੀ ਰਹੇ ਸੋਈ ਸਿੱਖ ਮੇਰਾ।*
*ਉਹ ਸਾਹਿਬ ਮੈ ਉਸਕਾ ਚੇਰਾ।*

ਸੋ ਮੇਰਾ ਖਿਆਲ ਹੈ, ਕਿ ਨੌਜਵਾਨ ਮੇਰੀ ਇਸ ਗੱਲ ਵੱਲ ਧਿਆਨ ਦੇਣਗੇ। ਸਵੇਰੇ ਜ਼ਰੂਰ ਸਣੇ ਕੇਸੀ ਇਸ਼ਨਾਨ ਕਰਿਆ ਕਰਨਗੇ, ਔਰ ਬੈਠ ਕੇ ਭਜਨ ਬਾਣੀ ਕਰਿਆ ਕਰਨ। ਘੱਟ ਤੋਂ ਘੱਟ ਕੋਈ ਨੌਜਵਾਨ ਨਹੀ ਹੋਣਾਂ ਚਾਹੀਦਾ, ਜਿਹੜਾ ਜਪੁ, ਜਾਪੁ, ਆਰਤੀ ਸੋਹਿਲਾ, ਰਹਿਰਾਸ ਤੇ ਚੰਡੀ ਦੀ ਵਾਰ ਨਾ ਪੜ੍ਹਦਾ ਹੋਵੇ। ਇਹ ਕੋਈ ਬਹੁਤਾ ਵਕਤ ਨਹੀਂ ਲਗਦਾ। ਮੇਰਾ ਆਪਣਾ ਹਿਸਾਬ ਹੈ ਕਿ ਪੰਦਰਾਂ ਮਿੰਟ ਜਪੁ, ਜਾਪੁ ਨੂੰ, ਸੱਤ, ਅੱਠ ਮਿੰਟ ਰਹਿਰਾਸ ਨੂੰ ਤੇ ਆਰਤੀ ਸੋਹਿਲੇ ਨੂੰ ਪੰਜ ਛੇ ਮਿੰਟ, ਚੰਡੀ ਦੀ ਵਾਰ ਨੂੰ —ਤੁਸੀਂ ਜ਼ਿਆਦਾ ਤੋਂ ਜ਼ਿਆਦਾ ਇੱਕ ਘੰਟਾ ਗਿਣ ਲਓ। ਇਹ ਕੋਈ ਬਹੁਤੀ ਚੀਜ਼ ਨਹੀਂ। ਸਤਿਗੁਰਾਂ ਘੱਟ ਤੋਂ ਘੱਟ ਇਹ ਛੋਟ ਕੀਤੀ ਹੈ। ਸੋ ਮੇਰੀ ਅਰਜ਼ ਹੈ, ਮੇਰਾ ਖਿਆਲ ਹੈ ਬਈ, ਨੌਜਵਾਨ ਧਿਆਨ ਦੇਣਗੇ ਅੱਗੇ ਵਾਸਤੇ। ਜਦੋਂ ਮੈਂ ਆਵਾਂਗਾ, ਮੈਂ ਅਰਜ਼ ਕਰਾਂਗਾ, ਫੇਰ ਉਹ ਸੁਣਾਂਗਾ—ਜਿਵੇਂ ਉਹ ਕਵਿਤਾ ਵਾਲਿਆਂ ਦੀ ਗੱਲ ਹੋਈ—ਕੀਹਦੇ ਕੀਹਦੇ, ਕਿੰਨੀ ਕਿੰਨੀ ਬਾਣੀ ਯਾਦ ਹੈ। ਇਹ ਗੱਲ ਮੇਰੀ ਯਾਦ ਰੱਖਣਗੇ। ਜੇ ਮੁੜਕੇ ਗੁਰੂ ਲਿਆਇਆ, ਅੱਗੇ ਦਾ ਇਹ ਵੀ ਨਹੀਂ ਪਤਾ ਬਈ, ਹੋਣਾ ਕੀ ਹੈ। ਇਸ ਗੱਲ ਦੀ ਅੱਜ ਕੋਈ ਨਹੀਂ ਕਹਿ ਸਕਦਾ ਕਿ ਕੱਲ ਨੂੰ ਕੀ ਹੋਣ ਵਾਲੈ, ਕਿਉਂਕਿ ਸਮਾਂ ਐਸਾ ਹੀ ਭਿਆਨਕ ਆ ਰਿਹੈ, ਜਿਸ ਦੀ ਬਾਬਤ ਕੋਈ ਕੁਛ ਸਮਝ ਹੀ ਨਹੀਂ ਸਕਦਾ। ਸੇਠ ਨਰਾਇਣ ਸਿੰਘ ਉਦੋਂ ਮੁਲਕ ਗਏ ਹੋਏ ਸੀ—ਮਹਿਲ ਸਿੰਘ ਹੁਰਾਂ ਦੇ ਲੜਕੇ। ਮੇਰੇ ਕੋਲੋਂ ਜੇਠ ਦੇ ਮਹੀਨੇ ਤੁਰਨ ਲੱਗੇ, ਮੈਂ ਕਿਹਾ—ਜੀਅ ਨਹੀਂ ਕਰਦਾ ਨਰਾਇਣ ਸਿੰਘ ਭੇਜਣ ਨੂੰ ਤੈਨੂੰ। ਉਹਨਾਂ ਆਖਿਆ—ਜਾਣੈ।

ਮਹਿਲ ਸਿੰਘ ਹੁਰਾਂ ਮੈਨੂੰ ਆਖਿਆ,''ਮੈਂ ਚਿੱਠੀ ਲਿਖੀ ਹੈ ਬਈ, ਨਰਾਇਣ ਸਿੰਘਾ ਆ ਜਾ।''

ਨਰਾਇਣ ਸਿੰਘ ਹੁਰਾਂ ਚਿਠੀ ਲਿਖੀ,''ਪਿਤਾ ਜੀ ਮੈਂ ਹਵਾਈ ਜਹਾਜ਼ ਦਾ ਟਿਕਟ ਲੈ ਕੇ ਰੱਖਿਐ, ਜਦੋਂ ਕੋਈ ਗੜਬੜ ਮੱਚਣ ਲੱਗੀ, ਮੈਂ ਚੜ੍ਹ ਕੇ ਆ ਜਾਵਾਂਗਾ।''

ਉਹ ਕਹਿੰਦੇ ਨੇ—ਹਵਾਈ ਜਹਾਜ਼ ਕਿਧਰੇ, ਕੁਛ ਜਾਣਾ ਹੀ ਨਾ ਮਿਲਿਆ ਕਈ ਸਾਲ। ਇਹ ਨਹੀਂ ਹੋ ਸਕਦਾ, ਕਿਉਂਕਿ ਸਾਨੂੰ ਹੁਣ ਪਤਾ ਹੈ ਕਿ ਜੋ ਕੁਝ ਲਿਖਿਐ, ਉੱਥੇ ਲਿਖਿਐ—ਕਿ ਦੁੱਧ ਦਾ ਉਬਾਲ। ਦੁੱਧ ਦੇ ਉਬਾਲੇ ਨੂੰ ਕਿੰਨੀ ਦੇਰ ਲੱਗਦੀ ਹੈ, ਇਹ ਪਤਾ ਮਾਈਆਂ ਨੂੰ ਹੈ ਜਾਂ ਜਿਨ੍ਹਾਂ ਕੋਲ ਦੁੱਧ ਉਬਲਦੈ। ਅਸੀਂ ਨਹੀਂ ਸਾਂ ਸਮਝਦੇ ਹੁੰਦੇ। ਸਾਥੋਂ ਸੱਤ ਸੌ ਮੀਲ ਰੂਸ ਹੈ। ਕੋਈ ਨਹੀਂ ਸੀ ਜਾਣਦਾ ਕਿ ਅੱਠ ਸਾਲ ਤੋਂ ਜਦੋਂ ਤੋਂ ਪੰਡਤ ਜਵਾਹਰ ਲਾਲ ਜੀ ਨੇ ਕਿਹਾ ਕਿ ਰੂਸ ਤੇ ਹਿੰਦੁਸਤਾਨ ਦਾ ਵੀ ਕਦੇ ਆਪਸ ਵਿੱਚ ਤਅਲੱਕ ਪਵੇਗਾ। ਲੋਕ ਕਹਿੰਦੇ ਸੀ ਕਿ ਜਵਾਹਰ ਲਾਲ ਇਉਂ ਹੋ ਗਿਐ, ਇਹਨੇ ਇਉਂ ਕਰ ਦਿੱਤੈ।

*ਹੋਇ ਹੈ ਸੋਈ ਜੋ ਰਾਮ ਰਚ ਰਾਖਾ*

ਜੋ ਰਾਮ ਨੇ ਰਚਿਐ, ਉਹੀ ਹੋਣੈ, ਦੂਸਰਾ ਕੁਝ ਨਹੀਂ ਹੋ ਸਕਦਾ। ਮਾਈ ਜੀ ਨੇ ਸਾਨੂੰ ਆਖਣਾ—ਆਹ ਲੈ ਹੀ ਹੋ ਜਾਵੇਗੀ। ਅਸਾਂ ਸਮਝਣਾ ਕਿ ਸੱਤ ਸੌ ਮੀਲ ਬੁਖਾਰਾ ਹੈ ਭੈਣੀ ਸਾਹਿਬ ਤੋਂ। ਜੇ ਬੜੇ ਚੰਗੇ ਘੋੜੇ ਹੋਣ—ਅਜੇ ਉਦੋਂ ਮੋਟਰਾਂ ਵੀ ਨਹੀਂ ਸਨ—ਤਾਂ ਭੀ ਸੱਤਾਂ ਦਿਨਾਂ 'ਚ ਆਉਣਗੇ। ਹੁਣ ੧੮੦੦ ਮੀਲ ਚੱਲਣ ਵਾਲੇ ਹਵਾਈ ਜਹਾਜ਼ ਤਾਂ ਇੱਕ ਘੰਟੇ ਦੇ ਬਣ ਗਏ। ਹੁਣ ਸਤਾਰਾਂ ਹਜ਼ਾਰ ਚੱਲਣ ਵਾਲੇ ਤਿਆਰ ਹੋ ਰਹੇ ਹਨ। ਹੁਕਮ ਐਸਾ ਹੈ ਕਿ ਪ੍ਰਿਥਵੀ ਨੇ ਵੀ ਬੜੀ ਸਿੰਙ ਮਿੱਟੀ ਚੁੱਕੀ ਹੈ। ਸਤਿਗੁਰਾਂ ਇੱਕ ਹੁਕਮਨਾਮੇ 'ਚ ਲਿਖਿਐ ਪ੍ਰਿਥਵੀ ਤੇ ਵੀ ਬੜੀ ਅਫਾਤ ਉਠੀ ਹੈ, ਰਾਜਿਆਂ ਪਰਜਿਆਂ ਛੋਟਿਆਂ ਵੱਡਿਆਂ ਉੱਤੇ। ਹੋਊ ਆਟਾ ਸਣੇ ਰਾਜਿਆਂ ਪਰਜਿਆ ਨਹੀਂ ਦਲੀਆ ਹੋਊ। ਕੌਣ ਮੰਨਦਾ ਸੀ, ਜਦੋਂ ਕੂਕੇ ਪੜ੍ਹਦੇ ਸਨ–

*ਪਰਗਟ ਹੋਇ ਰਾਮ ਸਿੰਘ ਦੂਲੋ।*
*ਪੁਟੇ ਹੈ ਸਭ ਰਾਜਨ ਕੋ ਮੂਲੋ।*

*– ਸੌ ਸਾਖੀ*

ਮਖੌਲ ਲੋਕ ਕਰਦੇ ਸੀ। ਅੱਜ ਕਉਣ ਰਾਜਾ ਹੈ ਧਰਤੀ ਉੱਤੇ। ਕੋਈ ਕਹਿ ਸਕਦੈ—ਬਈ, ਫਲਾਣਾ ਰਾਜਾ ਹੈ। ਰਾਜਿਆਂ ਦਾ ਮੂਲ ਪੁੱਟਿਆ ਗਿਆ। ਅੱਗੇ ਹੈ–

*ਮੂਏ ਸਬੀ ਸਰਦਾਰੀ ਦਾਰ।।*
*ਜੋ ਜੋ ਹਮਸੋ ਬਾਂਧੇ ਰਾਰ।।*

*– ਸੌ ਸਾਖੀ*

ਹੁਣ ਸਰਦਾਰੀ ਵੀ ਉੱਡਣ ਲੱਗੀ ਹੋਈ ਹੈ। ਤੀਹ ਘੁਮਾਂ ਤੋਂ ਵੱਧ ਕੋਈ ਜ਼ਮੀਨ ਨਹੀਂ ਰੱਖੇਗਾ। ਕਿਉਂ—ਗੁਰੂ ਗੋਬਿੰਦ ਸਿੰਘ ਨੇ ਇੱਕ ਤੁਕ ਲਿਖੀ ਹੈ, ਉਹ ਵੀ ਸੌ ਸਾਖੀ 'ਚ ਗਲਤ ਕਰੀ ਹੋਈ ਹੈ, ਸਾਰੇ ਪੜ੍ਹਦੇ ਸੀ–

*ਰਾਮ ਸਿੰਘ ਉਠੈ ਨੀਚਨ ਡਰੈ।*

ਇਉਂ ਨਹੀ ਹੈ ਪਾਠ, ਪਾਠ ਹੈ–

*ਰਾਮ ਸਿੰਘ ਉਚ ਨੀਚਨ ਡਰੈ।*

ਰਾਮ ਸਿੰਘ ਤਾਂ ਊਚ ਨੀਚਤਾ ਉਡਾ ਦਏਗਾ।

*ਅਵਨੀ ਏਕ ਰਸੋਈ ਕਰੈ।*

*– ਸੌ ਸਾਖੀ*

—ਇੱਕੋ ਜਿਹੀ ਪੱਧਰ। ਗੁਰੂ ਨਾਨਕ ਨੇ ਲਿਖਿਐ ਉਸ ਕਰਨੀ ਨਾਮੇ 'ਚ–

*ਮਾਇਆ ਇਕੱਠੀ ਕਰਕੇ ਦੇਹੋਂ ਲੰਗਰ ਲਾਇ।*
*ਨੰਗਾ ਭੁਖਾ ਅਰਥੀਆ ਖਾਲੀ ਕੋਈ ਨ ਜਾਇ।*

*– ਕਰਨੀ ਨਾਮਾ*

ਉੱਥੇ ਇਹ ਲਿਖਿਐ ਕਿ–

*ਵਾਹਿਗੁਰੂ ਸਭ ਜਪੈਂਗੇ ਮੁਕਤ ਆਪਣੀ ਜਾਨ।*

ਚਾਰ ਅੱਖਰ ਦਾ ਜਾਪ ਸਾਰੇ ਕਰਨਗੇ, ਮੁਕਤ ਆਪਣੀ ਜਾਣ ਕੇ। ਕੋਈ ਛੋਟੀ ਜਿਹੀ ਗੱਲ ਨਹੀਂ, ਕੋਈ ਇਹੋ ਜਿਹੀ ਗੱਲ ਨਹੀਂ ਚਾਰ ਪੰਜ ਸੌ ਸਾਲ ਦੀ ਲਿਖੀ ਹੋਈ ਹੈ, ਗੁਰੂ ਨਾਨਕ ਦੀ ਲਿਖੀ ਹੋਈ ਹੈ।

ਮੈਂ ਹੁਣ ਇਹਨਾਂ ਸ਼ਬਦਾਂ ਨਾਲ ਸਮਾਪਤ ਕਰਦਾ ਹਾਂ। ਮੇਰਾ ਖਿਆਲ ਹੈ ਕਿ ਮੇਰੀ ਗੱਲ ਦਾ ਧਿਆਨ ਰੱਖਣਗੇ। ਸਤਿਗੁਰਾਂ ਨੇ ਆਖਿਆ ਸੀ —ਖਾਲਸਾ ਜੀ ਇਹ ਚਿੱਟੀ ਚਾਦਰ ਹੈ, ਇਹਨੂੰ ਦਾਗ ਨਾ ਲਾਉਂਣਾ। ਹੁਣ ਨੌਜਵਾਨਾਂ ਦੇ ਸਿਰ ਤੇ ਚਿੱਟੀ ਚਾਦਰ ਹੈ। ਨੌਜਵਾਨਾਂ ਨੂੰ ਚਾਹੀਦੈ ਕਿ ਹੋਰ ਇਹਨੂੰ ਦੂਣੀ ਤੀਣੀ ਧੋ ਕੇ ਖੁੰਭ ਚੜ੍ਹਾਉਣ, ਸਤਿਗੁਰਾਂ ਦੇ ਆਉਂਦਿਆਂ ਨੂੰ। ਜਦੋਂ ਅਸੀਂ ਸਾਹਮਣੇ ਹੋਈਏ ਤੇ ਜੇ ਅੱਗੇ ਇਹ ਖੜ੍ਹੇ ਹੋਣ ਤੇ ਇਹਨਾਂ ਦੇ ਸਿਰਾਂ ਉੱਤੇ ਉਹਨਾਂ ਦੇ ਹੱਥ ਟਿਕਣ—ਬਈ, ਸ਼ਾਬਾਸ਼ ਬੱਚਿਓ ! ਮੈਂ ਇਨੀ ਕਹਿ ਕੇ ਹੁਣ ਸਮਾਪਤ ਕਰਦਾਂ। ਸਤਿ ਸ੍ਰੀ ਅਕਾਲ।

ਕਿਸ ਤਰ੍ਹਾਂ ਕਰਨੀ ਹੈ। ਕੋਈ ਕਹਿੰਦੇ ਨੇ ਪਿਟੂ ਲੇਕ 'ਚ ਲੱਗੇ ਕੋਈ ਕਹਿੰਦੇ ਨੇ ਇੱਥੇ ਲੱਗੇ ਪੰਡਤ ਜੀ ਦਾ।

(ਸੰਗਤ ਕਹਿੰਦੀ ਹੈ) ਆਪ ਜੀ ਦੀ ਰਜ਼ਾ ਹੈ ਜੀ।

(ਸਤਿਗੁਰੂ ਜੀ ਕਹਿੰਦੇ ਹਨ)—ਮੇਰੀ ਕੋਈ ਰਜ਼ਾ ਨਹੀ—ਜਿਸ ਤਰ੍ਹਾਂ ਤੁਹਾਨੂੰ ਚੰਗੀ ਲੱਗਦੀ ਹੈ ਕਰੋ। ਕੁਝ ਸਰੀਰ ਕਹਿੰਦੇ ਨੇ ਕਿ ਉੱਥੇ ਬੋ ਆਉਂਦੀ ਹੈ, ਕੁਝ ਮੰਜੇ ਡਾਹ ਕੇ ਬੈਠੇ ਰਹਿੰਦੇ ਹਨ। ਇਹ ਹੁਣ ਸਾਨੂੰ ਨਹੀਂ ਪਤਾ ਬਈ, ਇਹ ਸੱਚ ਹੈ ਕਿ ਝੂਠ ਹੈ। ਇਹ ਹੁਣ ਤੁਸੀਂ ਜਾਣੋਂ ਉੱਥੇ ਵਾਲੇ, ਜਾਂ ਇੱਥੋਂ ਵਾਲੇ। ਇਸ ਗੱਲ ਦਾ ਤੁਹਾਨੂੰ ਪਤੈ, ਕਿਉਂਕਿ ਦੀਵਾਨ ਦੇ ਕੋਲ ਇਹ ਗੱਲ ਸੋਭਦੀ ਨਹੀਂ ਉਂਝ। ਗੁਰਬਾਣੀ ਹੈ, ਜੇ ਹੈ ਤੇ ਫੇਰ ਨਹੀਂ ਹੋਣਾ ਚਾਹੀਦਾ। ਜੇ ਨਹੀਂ ਤੇ ਲਾ ਲਉ। ਜਿਥੇ ਮਰਜ਼ੀ ਹੈ, ਸਾਨੂੰ ਕੋਈ ਰੁਕਾਵਟ ਨਹੀਂ, ਪੰਡਤ ਨੂੰ ਕੋਈ ਰੁਕਾਵਟ ਨਹੀਂ ਬਈ, ਉੱਥੇ ਨਹੀਂ ਜਾਣਾ ਏਥੇ ਜਾਣੈ। ਜਿਸ ਤਰ੍ਹਾਂ ਤੁਹਾਡੀ ਰਜ਼ਾ ਹੈ ਉਹ ਗੱਲ ਦੱਸ ਦੇਈਏ। ਮੈਂ ਹੁਣ ਇਨੀ ਗੱਲ ਕਹਿ ਦੇਨਾ ਹਾਂ ਕਿ ਪੰਡਤ ਜੀ ਦੀਵਾਨ ਲਾਉਣਗੇ। ਜਿੱਥੇ ਲਾਉਣਗੇ ਉੱਥੇ ਸਾਧ ਸੰਗਤ ਸੁਣੇ। ਤੜਕੇ, ਮੇਰੀ ਅਰਜ਼ ਹੈ ਬਈ, ਸਾਧ ਸੰਗਤ ਕਿਰਪਾ ਕਰੇ। ਬਸੰਤ ਦਾ ਦਿਨ ਮਨਾਉਣੈ, ਪ੍ਰਕਾਸ਼ ਉਤਸਵ ਦਾ, ਤੇ ਵਾਰਾ ਲਾਉਣ ਰਲ ਮਿਲ ਕੇ, ਭਾਈ ਖਜਾਨ ਸਿੰਘ ਹੁਰੀਂ ਵੀ ਵਿੱਚੇ ਆ ਜਾਣਗੇ, ਬੈਠਣਗੇ, ਵਿੱਚ ਦਰਸ਼ਨ ਸਿੰਘ ਹੁਰੀਂ ਵੀ ਦਰਸ਼ਨ ਦੇਣਗੇ ਤੇ ਵਾਰਾ ਲੱਗ ਜਾਏ। ਹਵਨ ਵਾਲੇ ਸਰੀਰ ਸੂਰਜ ਨਿਕਲਣ ਲੱਗੇ ਹਵਨ ਕਰਨਾ ਸ਼ੁਰੂ

ਕਰਨ। ਫੇਰ ਕੁਝ ਸੱਜਣ ਜਿਹੜੇ ਬਾਹਰੋਂ ਆਏ ਨੇ ਆਪਣੇ—ਆਲਮ ਜੀ[੪੨], ਕਿਰਪਾ ਕਰਨਗੇ ਕੁਛ। ਜਿਹੜੇ ਹੋਰ ਸੱਜਣ ਆਉਣ ਉਹ ਪਹਿਲੇ ਬੋਲ ਲੈਣ, ਫਿਰ ਆਲਮ ਜੀ ਮਗਰੋਂ ਕਿਰਪਾ ਕਰਨਗੇ। ਉਸ ਤੋਂ ਬਾਅਦ ਪਾਠਾਂ ਦੇ ਭੋਗ ਪੈ ਕੇ ਪ੍ਰਕਾਸ਼ ਉਤਸਵ ਦਾ ਜਿਹੜਾ ਹੈ ਸਾਡਾ ਪਰਵ ਉਸਨੂੰ ਅਸੀਂ ਸਮਾਪਤ ਕਰਾਂਗੇ। ਉਸ ਤੋਂ ਬਾਅਦ ਫੇਰ ਵੀ ਕੱਲ ਨੂੰ ਸ਼ਾਮ ਨੂੰ ਦੀਵਾਨ ਲੱਗੂ ਪਰਸੋਂ ਵੀ ਲੱਗੂ, ਸ਼ਾਇਦ ਚੌਥੇ ਤੱਕ ਵੀ ਹੈ, ਸਨਿਚਰ ਵਾਰ ਤਾਂਈ। ਐਤਵਾਰ ਸਵੇਰੇ ਜਾਣੈ। ਕੱਲ ਨੂੰ ਆਲਮ ਜੀ ਸਵੇਰੇ ਲੈਕਚਰ ਕਰਨਗੇ। ਪੰਡਤ[੪੩] ਹੁਰੀਂ ਕੱਲ ਸ਼ਾਮ ਨੂੰ ਫੇਰ ਦੀਵਾਨ ਲਾਉਣਗੇ। ਪਰਸੋਂ ਨੂੰ ਫੇਰ ਆਲਮ ਜੀ ਲਾਉਣਗੇ। ਚੌਥੇ ਨੂੰ ਫੇਰ ਪੰਡਤ ਜੀ ਲਾਉਣਗੇ। ਐਸ ਤਰ੍ਹਾਂ ਹੀ ਕਾਰਜ ਬਣਿਆ ਰਹੇਗਾ ਸਾਧ ਸੰਗਤ ਹੈ ਜਿੰਨਾ ਚਿਰ। ਪੰਜਾਬੀ ਕਹਾਵਤ ਹੈ—ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ। ਰੰਬਾ ਕਹਿੰਦੇ ਵਿੱਚੇ ਹੀ ਰੱਖ ਛੱਡ ਗਾਜਰਾਂ ਦੇ, ਮੁੜ ਕੇ ਨਾ ਜਾ ਕੇ ਭਾਲਣਾ ਪਵੇ ਪੁੱਟਣ ਵੇਲੇ। ਸਾਧ ਸੰਗਤ ਤੜਕੇ ਵੀ, ਸ਼ਾਮ ਨੂੰ ਵੀ, ਦਰਸ਼ਨ ਮੇਲੇ ਦੇਵੇ। ਇਹ ਹੁਣ ਦੀਵਾਨ ਜਿੱਥੇ ਇਹਨਾਂ ਦੀ ਰਜ਼ਾ ਹੋਵੇ ਸਾਧ ਸੰਗਤ ਦੀ ਲੱਗ ਜਾਏ। ਹੁਣ ਨਿਤਨੇਮ ਹੋਣੈ ਤੜਕੇ ਉੱਥੇ ਦਰਸ਼ਨ ਦਿਉ।

## ਟਿੱਪਣੀਆਂ

★ ਸਤਿਗੁਰੂ ਰਾਮ ਸਿੰਘ ਜੀ ਨੂੰ ਜਿਹੜੇ ਸੰਪੂਰਨ ਢਾਈ ਸਿੰਘ ਮਿਲੇ, ਉਹ ਸਨ–

- ਬਾਬਾ ਜਮੀਤ ਸਿੰਘ ਜੀ ਗਿੱਲ
- ਬਾਬਾ ਲਹਿਣਾ ਸਿੰਘ ਜੀ ਘਰਜਾਖ
- ਬਾਬਾ ਜਮੀਤ ਸਿੰਘ ਕਾਹਨਾਕਾਛਾ

## ਸ਼ਬਦਾਰਥ

੧ ਪੁੱਤਰਾਂ ਨੇ।
੨ ਬਚਨ।
੩ ਮੰਨਿਆ।
੪ ਪੀਰ ਵਲੋਂ, ਸਤਿਗੁਰੂ ਵਲੋਂ।
੫ ਮੋਢਾ।
੬ ਮੋੜ ਗਏ।
੭ ਆਗਿਆ ਤੋਂ ਬਾਹਰ।
੮ ਚੁੱਕਦੇ ਹਨ।
੯ ਹੰਕਾਰ ਰੂਪ ਛੱਟਾਂ ਦਾ ਭਾਰ।
੧੦ ਸੋਲਾਂ ਕਲਾਂ ਇਹ ਹਨ :
   ੧. ਗਿਆਨ
   ੨. ਧਿਆਨ
   ੩. ਸ਼ੁਭ ਕਰਮ
   ੪. ਹਠ
   ੫. ਸੰਜਮ
   ੬. ਧਰਮ
   ੭. ਦਾਨ
   ੮. ਵਿੱਦਿਆ
   ੯. ਭਜਨ
   ੧੦. ਸ਼ੁਭ ਪ੍ਰੇਮ
   ੧੧. ਜਤ
   ੧੨. ਅਧਿਆਤਮ
   ੧੩. ਦਇਆ
   ੧੪. ਨੇਮ
   ੧੫. ਚਤੁਰਤਾ
   ੧੬. ਨਿਰਮਲ ਬੁੱਧੀ
੧੧ ਅਨੇਕ ਸ਼ਕਤੀਆਂ ਵਾਲਾ।
੧੨ ਪਰਗਟ ਹੋਇਆ।
੧੩ ਮੈਨੂੰ।
੧੪ ਭਰੋਸਾ, ਯਕੀਨ।
੧੫ ਇਸ ਕਸਮ ਪੁਰ।
੧੬ ਨਹੀਂ ਹੈ।
੧੭ ਏਕੰਕਾਰ, ਅਕਾਲ ਪੁਰਖ।
੧੮ ਪਰਮੇਸ਼ਰ।

੧੯ ਇੱਕ ਹੀ ਹੈ।
੨੦ ਜੋ ਸ਼ਖਸ।
੨੧ ਬਚਨ।
੨੨ ਕੁਰਾਨ।
੨੩ ਕਰਦਾ ਹੈ।
੨੪ ਉਹ ਹੀ।
੨੫ ਓੜਕ ਦੇ ਦਿਨ।
੨੬ ਹੁੰਦਾ ਹੈ।
੨੭ ਬੁਰੇ ਹਾਲ।
੨੮ ਦਿਓ।
੨੯ ਸ਼ਰਾਬ ਪਿਆਉਣ ਵਾਲੇ ਨੂੰ ਸਾਕੀ ਕਹਿੰਦੇ ਹਨ, ਏਥੇ ਭਾਵ ਗੁਰੂ ਤੋਂ ਹੈ।
੩੦ ਪਿਆਲਾ।
੩੧ ਹਰਾ ਰੰਗ—ਹਰੀ ਦੇ ਨਾਮ ਦਾ।
੩੨ ਰਾਜਪੂਤਾਂ ਦੀ ਇੱਕ ਜਾਤ।
੩੩ ਮੱਖੀਆਂ ਵਾਂਗੂੰ।
੩੪ ਕਾਲੇ ਰੰਗ ਦੇ ਕਪੜੇ।
੩੫ ਮੁਥਾਜੀ ਤੋਂ ਬਿਨਾਂ।
੩੬ ਅਮੋਲਕ ਹੋ ਗਈ।
੩੭ ਗੁਣਾਂ ਕਰਕੇ ਭਾਰੇ ਤੋਲ ਵਾਲੀ।
੩੮ ਸੂਰਜ।
੩੯ ਤਪਦਾ ਹੈ।
੪੦ ਤੁੱਛ।
੪੧ ਅਹੰਕਾਰ।
੪੨ ਸੰਤ ਨਿਧਾਨ ਸਿੰਘ ਆਲਮ।
੪੩ ਪੰਡਤ ਗੋਪਾਲ ਸਿੰਘ ਜੀ।

ਬੈਂਕੋਕ ੧੪-੨-੧੯੫੬

# ਬੰਕੋਕ ੧੭-੨-੧੯੫੯

**ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।**
**ਹਰਿ ਕਿਰਪਾ ਤੇ ਸੰਤ ਭੇਟਿਆ, ਨਾਨਕ ਮਨਿ ਪ੍ਰਗਾਸੁ।।**
**– ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ।।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

ਮੈਂ ਥੋੜੀ ਜਹੀ ਬੇਨਤੀ ਸਾਧ ਸੰਗਤ ਅੱਗੇ ਕਰਨੀ ਹੈ, ਮੈਂ ਕਰ ਲਵਾਂ। ਹੁਕਮਨਾਮਾ ਤੁਸਾਂ ਸੁਣਿਐ। ਇਹ ਰਹਿਤ ਨਾਮਾ ਸਤਿਗੁਰਾਂ ਪਹਿਲੇ, ਜਿਸ ਵੇਲੇ ਪੰਥ ਸਾਜਿਆ, ਤਾਹੀਂ ਇਹਦੇ ਵਿੱਚ ਭੈਣੀ ਤੇ ਲਿਖਿਐ। ਪਿੱਛੋਂ ਫਿਰ ਹੁਕਮ ਮਿਲਿਐ ਨਾਮਧਾਰੀਆਂ ਨੂੰ ਕਿ ਇਹਦਾ ਨਾਮ ਹੁਣ ਰਾਮਦਾਸ ਪੁਰਾ ਸੱਦਿਆ ਕਰੋ, ਜਿਤਨੇ ਨਾਮਧਾਰੀ ਹਨ। ਉਹਦੇ ਵਿੱਚ ਉਹਨਾਂ ਨੇ ਜੋ ਹੁਕਮ ਦਿੱਤਾ, ਉਹ ਸੰਖੇਪ ਮਾਤਰ ਤੋਂ ਇਹਦੇ ’ਚ ਆਇਐ। ਲਿਖਿਐ—ਪਿਛਲੀ ਰਾਤ ਉੱਠ ਕੇ ਦਾਤਣ ਕਰਨੀ, ਫੇਰ ਇਸ਼ਨਾਨ ਕਰਨਾ। ਹੁਕਮ ਇਸ ਤਰ੍ਹਾਂ ਹੈ ਸਤਿਗੁਰਾਂ ਦਾ, ਕਿ ਤੜਕੇ ਉੱਠ ਕੇ ਜੰਗਲ ਜ਼ਰੂਰ ਜਾਣਾ, ਭਾਵੇਂ ਜੰਗਲ ਆਵੇ ਭਾਵੇਂ ਨਾ ਆਵੇ ਪਉਣ ਸਰ ਜਾਏ, ਜ਼ਰੂਰ ਜਾਣਾ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਲਿਖਿਐ—ਇਹ ਉਹ ਆਪਣੀ ਮੌਜ ਦੇ ਮਾਲਕ ਹਨ, ਜਦੋਂ ਮਰਜ਼ੀ ਹੋਵੇ ਕੋਈ ਚੀਜ਼ ਵਰਤਾਉਣ ਜਾਂ ਨਾ ਕਰਨ—ਉਹ ਸਾਰਾ ਰਹਿਤ ਦਾ ਕੰਮ ਸਤਿਗੁਰੂ ਰਾਮ ਸਿੰਘ ਦੇ ਵਕਤ ਪੂਰਾ ਹੋਇਆ। ਗੁਰੂ ਜੀ ਨੇ ਲਿਖਿਐ–

*ਕੰਘਾ ਨੀਤ ਕਰੇ।*

*ਪਾਗ ਚੁਨੈ ਚੁਨ ਬਾਂਧਈ।*
*ਦਾਤਣ ਨੀਤ ਕਰੇ ਨ ਦੁਖ ਪਾਵੈ ਲਾਲਜੀ।*

ਕਿਤੇ ਕੰਘਾ ਦੋਨੋਂ ਵਕਤ ਕਰ ਵੀ ਲਿਖਿਐ। ਇੱਕ ਤੇ ਕੰਘਾ ਹਰ ਰੋਜ਼ ਕਰਨਾ ਔਰ ਦਾਤਣ ਰੋਜ਼ ਕਰਨੀ। ਦਸਤਾਰਾਂ ਹੁਣ ਸਾਡੇ ਨੌਜਵਾਨਾਂ ਨੇ ਸੂਈਆਂ ਲਾ ਕੇ, ਪੱਗਾਂ ਬੰਨ੍ਹ ਕੇ ਰੱਖ ਛੱਡੀਆਂ ਨੇ ਟੋਪੀਆਂ ਵਾਂਗ। ਉਹ ਹੀ ਅੱਠ-ਅੱਠ, ਦਸ-ਦਸ, ਪੰਦਰਾਂ-ਪੰਦਰਾਂ ਦਿਨ, ਮਹੀਨਾ-ਮਹੀਨਾ, ਉਸੇ ਤਰ੍ਹਾਂ ਪਈਆਂ ਰਹਿੰਦੀਆਂ ਹਨ। ਸਿੱਖਾਂ ਦੇ ਮੁੰਡੇ ਉਸੇ ਤਰ੍ਹਾਂ ਪੱਗਾਂ ਬੰਨ੍ਹ ਲੈਂਦੇ ਹਨ। ਪਰ ਸਿੰਘਾਂ ਵਾਸਤੇ ਇਹ ਹੁਕਮ ਨਹੀਂ। ਲਿਖਿਐ-

*ਪਾਗ ਚੁਨੈ ਚੁਨ ਬਾਂਧਈ।*

ਜਦੋਂ ਪੱਗ ਲਾਹੁਣ ਲੱਗੇ, ਕਦੀ ਇਕੱਠੀ ਟੋਪੀ ਵਾਂਗ ਨਾ ਲਾਹਵੇ, ਜ਼ਰੂਰ ਇੱਕ ਦੋ ਪੇਚ ਪਹਿਲਾਂ ਲਾਹ ਕੇ, ਫਿਰ ਪੱਗ ਸਿਰ ਤੋਂ ਲਾਹਵੇ। ਪਰ ਹੁਣ ਇਹ ਗੱਲਾਂ ਦੱਸਣ ਵਾਲਾ ਹੀ ਕੋਈ ਨਹੀਂ ਰਿਹਾ। ਕਰਦਾ ਹੀ ਕੋਈ ਨਹੀਂ। ਜੇ ਆਉਂਦੀ ਹੈ ਇੱਕ ਦੂਏ ਨੂੰ, ਥੋੜੀ ਜਿਹੀ ਮੈਂ ਛੱਡ ਲਈ, ਦੂਜੀ ਦੂਸਰੇ ਨੇ ਛੱਡ ਲਈ—ਛੱਡਦੇ—ਛੱਡਦੇ—ਛੱਡਦੇ—ਛੱਡਦੇ। ਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤੈ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ-

*ਜਾਮ ਜਾਮਨੀ ਮੱਜੈ ਆਛੇ।*
*ਜਲ ਲੇਹੁ ਮੂਤਰ ਕੇ ਪਾਛੇ।*

ਹੁਣ ਜੇ ਖੜੋ ਕੇ ਸ਼ਰਲਾ ਛੱਡਣ ਲੱਗ ਪਈਏ ਤਾਂ ਜਲ ਲੈਣ ਦੀ ਲੋੜ ਹੀ ਨਹੀਂ ਪੈਂਦੀ, ਗਿੱਟੇ ਆਪੇ ਹੀ ਧੋਤੇ ਜਾਂਦੇ ਨੇ ਖਲੋਤਿਆਂ। ਤਾਂ, ਜਪੁ ਸਾਹਿਬ ਰੋਜ਼ ਸਿੱਖ ਪੜ੍ਹ ਲੈਂਦੇ ਹਨ, ਮੱਥਾ ਬਾਣੀ ਨੂੰ ਟੇਕ ਲੈਂਦੇ ਹਨ—**ਮੂਤ ਪਲੀਤੀ ਕਪੜ ਹੋਇ**—ਪਰ ਅੱਧਾ ਲਿਬੜਿਆ ਹੋਇਆ ਕਛਿਹਰੇ 'ਚ ਆ ਜਾਂਦੈ, ਜੇ ਨਾ ਧੋਤਾ ਜਾਏ ਜਲ ਨਾਲ। ਪਿਸ਼ਾਬ ਦੇ ਜ਼ਰੂਰ ਤੁਬਕੇ ਲੱਗ ਜਾਂਦੇ ਹਨ। ਉਹਨਾਂ ਐਵੇਂ ਨਹੀਂ ਆਖਿਆ ਕਿ—ਲਿਖਿਐ-

*ਸੀਤਲ ਜਲ ਕੌ ਅੰਗੀ ਕਾਰੇ।*

ਠੰਡੇ ਪਾਣੀ ਨਾਲ ਇਸ਼ਨਾਨ ਕਰੇ, ਪਰ-

*ਜੇ ਨ ਹੋਇ ਤਪਤ ਕਰ ਬਾਰੇ।*

—ਜੇ ਸਰੀਰ ਨਾ ਝੱਲੇ, ਇਸ਼ਨਾਨ ਨਾ ਛੱਡੇ, ਭਾਵੇਂ ਤੱਤਾ ਕਰਕੇ ਫਿਰ ਨ੍ਹਾ ਲਵੇ। ਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤੈ—ਜਿਹੜਾ ਸਿੰਘ ਸਣੇ ਕੇਸੀਂ ਇਸ਼ਨਾਨ ਕਰੇ ਤੋਂ ਬਗੈਰ ਆਸਾ ਦੀ ਵਾਰ ਸੁਣਦਾ ਹੈ, ਜਾਂ ਪੜ੍ਹਦਾ ਹੈ, ਉਸ ਨੂੰ ਬਜਾਏ ਪੁੰਨ ਦੇ ਪਾਪ ਲਗਦਾ ਹੈ। ਮੈਨੂੰ ਇਹ ਦੁੱਖ ਲਗਦਾ ਹੈ—ਖਵਰੇ ਮੇਰੀ ਗੱਲ ਸਾਰੀ ਸੱਚੀ ਹੋਵੇ ਕਿ ਨਾ—ਪਰ ਸਾਡੇ ਇੱਥੇ ਵੀ ਕਈ ਨਾਮਧਾਰੀ ਲੜਕੇ ਨੌਜਵਾਨ, ਬਿਨਾਂ ਕੇਸਾਂ 'ਚ ਪਾਣੀ ਪਾਇਆਂ ਦੀਵਾਨ 'ਚ ਆ ਜਾਂਦੇ ਹਨ। ਉਹਨਾਂ ਨੂੰ ਇਹ ਚਾਹੀਦੈ, ਕਿ ਸਤਿਗੁਰਾਂ ਦਾ ਹੁਕਮ ਹੈ, ਜੇ ਮੰਨੋਗੇ ਤਾਂ ਸੁਖ ਤੁਹਾਨੂੰ ਹੋਣੈ, ਨਹੀਂ ਦੁਨੀਆਂ ਉੱਤੇ ਤੇ ਅਫਾਤ ਉੱਠੀ ਹੋਈ ਹੈ। ਇਹ ਤੇ ਚੱਕੀ ਚੱਲ ਰਹੀ ਹੈ, ਇਨ੍ਹੇ ਤੇ ਪੀਸੀ ਜਾਣੈ। ਇਹ ਤੇ ਕਿਸੇ ਸੂਰਤ ਬਚ ਨਹੀਂ ਸਕਦੀ। ਜੇ ਬਚਣਾ ਹੈ, ਤਾਂ ਸਤਿਗੁਰਾਂ ਦਾ ਹੁਕਮ ਜਿਹੜਾ ਮੰਨੇਗਾ, ਉਹ ਬਚ ਜਾਏਗਾ। ਇਸ਼ਨਾਨ ਕਰਿਆ ਕਰੋ ਸਣੇ ਕੇਸੀਂ, ਨਾਮ ਜਪਿਆ ਕਰੋ। ਦੇਖੋ, ਪਰਸੋਂ ਹੁਕਮਨਾਮੇ 'ਚ ਆਇਆ ਸੀ ਕਿ ਕੋਈ ਵੀ ਦੁੱਖ ਉਸਨੂੰ ਨਹੀਂ ਰਹੂ ਜਿਹੜਾ ਨਾਮ ਜਪੂਗਾ। ਤਾਂ ਤੁਹਾਨੂੰ ਕਿਸੇ ਤੋਂ ਬੱਚੇ ਮੰਗਣ ਦੀ ਲੋੜ ਨਹੀਂ, ਕਿਸੇ ਤੋਂ ਸਰੀਰ ਦੀ ਸੁਖ ਮੰਗਣ ਦੀ ਲੋੜ ਨਹੀਂ। ਸਤਿਗੁਰਾਂ ਦਾ ਹੁਕਮ ਮੰਨਕੇ, ਸਣੇ ਕੇਸੀਂ ਇਸ਼ਨਾਨ ਕਰਕੇ, ਤੜਕੇ ਬੈਠ ਕੇ, ਮਾਲਾ ਫੇਰਿਆ ਕਰੋ। ਸਤਿਗੁਰਾਂ ਦੇ ਚਰਨਾਂ ਵੱਲ ਧਿਆਨ ਕਰਿਆ ਕਰੋ।

**ਸਰਬ ਸੁਖਾ ਗੁਰ ਚਰਨਾ।।**

*- ਦੇਵ ਗੰਧਾਰੀ ਮ:੫, ਪੰਨਾ-੫੩੧*

ਸਤਿਗੁਰੂ ਦੇ ਚਰਨਾਂ ਦਾ ਧਿਆਨ, ਕਬੀਰ ਨੇ ਲਿਖਿਐ। ਕਬੀਰ ਨੂੰ ਪੁੱਛਿਆ—ਓਏ, ਤੂੰ ਸਵਰਗ 'ਚ ਜਾਣਾ ਚਾਹੁੰਦੈ, ਨਰਕ 'ਚ। ਉਹ ਕਹਿੰਦੈ–

**ਕਬੀਰ ਸੁਰਗ ਨਰਕ ਤੇ ਮੈ ਰਹਿਓ,**
**ਸਤਿਗੁਰ ਕੇ ਪਰਸਾਦਿ।।**

ਮੈਂ ਦੋਵਾਂ ਥਾਵਾਂ ਤੋਂ ਰਹਿ ਗਿਆਂ, ਕਿਉਂਕਿ—ਸਤਿਗੁਰੂ ਕੇ ਪਰਸਾਦਿ। ਕਿੱਥੇ ਰਹਿੰਦੈ ? ਕਹਿੰਦੈ–

**ਚਰਨ ਕਮਲ ਕੀ ਮਉਜ ਮਹਿ**

**ਰਹਉ ਅੰਤਿ ਅਰੁ ਆਦਿ।।**

*– ਪੰਨਾ-੧੩੭੦*

ਮੈਂ ਸਤਿਗੁਰੂ ਦੇ ਚਰਨਾਂ ਵਿੱਚ ਰਹਿੰਦਾ ਹਾਂ। ਨਿਰੰਕਾਰ ਜਿਸ ਦਾ ਨਾਮ ਹੈ—ਭਾਵੇਂ ਕੋਈ ਤੁਹਾਨੂੰ ਭਜਨ ਦੱਸਣ ਵਾਲਾ ਕੁਝ ਦੱਸੇ, ਚਾਹੇ ਕੋਈ ਮਜ਼੍ਹਬ ਵਾਲਾ ਕੁਝ ਦੱਸੇ—ਨਿਰੰਕਾਰ ਜਾਂ ਨਿਰਗੁਣ ਜਿਸ ਨੂੰ ਕਹਿੰਦੇ ਹੋ, ਦੱਸੋ ਜਿਹਦਾ ਸ਼ਬਦ ਹੀ ਨਿਰਗੁਣ ਹੈ—ਬਗੈਰ ਗੁਣ ਸੇ, ਉਹ ਕਿਸੇ ਦਾ ਬਣਾਵੇਗਾ ਕੀ ? ਜਦੋਂ ਅਕਾਲ ਪੁਰਖ ਨਿਰਗੁਣ ਸਰੂਪ ਵਿੱਚ ਹੈ, ਜਿਸ ਤਰ੍ਹਾਂ ਇੱਕ ਰਾਜਾ ਸੁੱਤਾ ਪਿਐ ਜਦੋਂ, ਉਦੋਂ ਕਿਸੇ ਦੇ ਕੰਮ ਨਹੀਂ ਸਵਾਰਦਾ, ਮਹਿਲਾਂ ਵਿੱਚ ਸੇਜ ਉੱਤੇ ਬਿਰਾਜਿਆ ਹੋਇਐ। ਜਦੋਂ ਬਾਹਰ ਆਵੇਗਾ, ਹੁਕਮ ਦੇਵੇਗਾ ਕਿ ਇਸ ਆਦਮੀ ਨੇ ਨੁਕਸਾਨ ਕੀਤੈ—ਇਹਨੂੰ ਕੈਦ ਕਰ ਦਿਓ—ਇਹਨੂੰ ਬਚਾਓ—ਇਹਨੂੰ ਧਨ ਦਿਓ—ਇਹਨੂੰ ਕੁਛ ਦਿਓ। ਇਸੇ ਤਰ੍ਹਾਂ ਅਕਾਲ ਪੁਰਖ-

**ਨਿਰਗੁਨੁ ਆਪਿ ਸਰਗੁਨੁ ਭੀ ਓਹੀ।।**

*– ਗਉੜੀ ਮ:੫, ਪੰਨਾ-੨੮੭*

ਉਹ ਸਰਗੁਣ ਸਰੂਪ ਧਾਰ ਕੇ—ਗੁਰੂ ਨਾਨਕ—ਰਾਮਚੰਦਰ—ਕ੍ਰਿਸ਼ਨ ਮਹਾਰਾਜ—ਸਤਿਗੁਰੂ ਰਾਮ ਸਿੰਘ—ਜਿਹੜਾ ਰੂਪ ਧਾਰ ਕੇ—ਉਹ ਆਉਂਦੈ। ਤਾਂ, ਸਰਗੁਣ ਸਰੂਪ ਬਿਨਾਂ—ਨਾ ਦੋ ਲਿਖੇ ਹੋਏ ਨੇ, ਉਹ ਹੈ ਇਹਨਾਂ ਤੋਂ ਵੱਖਰਾ ਦੋਹਾਂ ਚੀਜ਼ਾਂ ਤੋਂ। ਬਾਣੀ 'ਚ ਲਿਖਿਐ—

**ਸਰਗੁਣ[੧] ਨਿਰਗੁਣ[੨] ਥਾਪੈ ਨਾਉ।।**
**ਦੁਹ ਮਿਲਿ ਏਕੈ ਕੀਨੋ ਠਾਉ[੩]।।**

*– ਆਸਾ ਮ:੫ ਪੰਨਾ-੩੮੭*

—ਉਹ ਸਰਗੁਣ ਸਰੂਪ ਧਾਰ ਕੇ ਆਉਂਦੈ ਔਰ ਜੇ ਅਸੀਂ ਸਰਗੁਣ ਸਰੂਪ ਦਾ ਹੁਕਮ ਮੰਨੀਏ ਤਾਂ ਕਦੇ ਦੁੱਖ ਨਹੀਂ ਹੁੰਦਾ। ਜਿਨ੍ਹਾਂ ਜਿਨ੍ਹਾਂ ਨੇ ਮੰਨਿਆ, ਉਹਨਾਂ ਨੂੰ ਸੁਖ ਪ੍ਰਾਪਤ ਹੋ ਗਿਆ। ਜੇ ਨਾ ਮੰਨਿਆ ਤਾਂ ਦੁਖੀ ਹੋਏ। ਸੋ ਅਰਜ਼ ਇਹ ਹੈ, ਹੁਕਮ ਦਿੱਤੈ—ਬਈ, ਜ਼ਰੂਰ ਜੰਗਲ ਜਾਓ ਸਵੇਰੇ ਭਾਵੇਂ ਨਾ ਆਵੇ—ਦਾਤਣ ਜ਼ਰੂਰ ਕਰੋ—ਇਸ਼ਨਾਨ ਸਣੇ ਕੇਸੀਂ ਕਰੋ—ਫਿਰ ਬੈਠੋ। ਗੁਰੂ ਰਾਮ ਦਾਸ ਸਾਹਿਬ ਨੇ ਪਹਿਲੇ ਹੀ ਸਿੱਖ ਦਾ ਕਰਮ, ਚੌਥੀ

ਪਾਤਸ਼ਾਹੀ ਨੇ, ਗਉੜੀ ਦੀ ਵਾਰ ਵਿੱਚ ਲਿਖ ਦਿੱਤੈ, ਜਿਸ ਨੂੰ ਸਤਿਗੁਰਾਂ ਨੇ ਨਿਭਾਇਆ, ਦੱਸਿਆ ਸਿੱਖਾਂ ਨੂੰ–

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ[੪] ਉਠਿ ਹਰਿ ਨਾਮੁ ਧਿਆਵੈ।।**
**ਉਦਮੁ ਕਰੇ ਭਲਕੇ ਪਰਭਾਤੀ[੫]**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,**
**ਸਭਿ ਕਿਲਵਿਖ[੬] ਪਾਪ ਦੋਖ ਲਹਿ ਜਾਵੈ।।**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।।**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ।।**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,**

ਚਲੋ ਜਿਹੜੇ ਲੋਕ ਸਤਿਗੁਰੂ ਰਾਮ ਸਿੰਘ ਨੂੰ ਗੁਰੂ ਨਹੀਂ ਕਹਿੰਦੇ, ਸਿੱਖ ਤਾਂ ਗੁਰੂ ਦਾ ਮੰਨਦੇ ਹਨ; ਤੇ ਗੁਰੂ ਰਾਮ ਦਾਸ ਕਹਿੰਦੈ–

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।**

*– ਮ:੪, ਪੰਨਾ–੩੦੫*

ਇਹ ਮੁਸਲਮਾਨ ਇੱਕ ਲਿਖਾਰੀ ਨੇ ਲਿਖਿਐ—ਸਾਨੂੰ ਹੁਣ ਕਾਗਜ਼ ਮਿਲੇ ਨੇ, ਕਿ ਗੁਰੂ ਨਾਨਕ ਦੇਵ ਤੋਂ ਲੈ ਕੇ ਕਿਸੇ ਵਕਤ ਵੀ ਏਨੇ ਸਿੱਖ ਨਹੀਂ ਸਜੇ—ਉਹ ਮੁਸਲਮਾਨ ਕਹਿੰਦੈ—ਜਿਤਨੇ ਸਤਿਗੁਰੂ ਰਾਮ ਸਿੰਘ ਜੀ ਨੇ ਸਜਾਏ। ਉਹਦੀ ਆਪਣੀ ਮੌਜ ਹੈ, ਭਾਵੇਂ ਕਿਸੇ ਵੇਲੇ ਇੱਕ ਵੀ ਨਾ ਸਜਾਵੇ। ਸਜਿਆਂ ਹੋਇਆਂ ਨੂੰ ਵੀ ਭੁਲਾ ਦੇਵੇ। ਜੇ ਗੁਰੂ ਗੋਬਿੰਦ ਸਿੰਘ ਜੀ ਦੀ ਮਰਜ਼ੀ ਹੁੰਦੀ ਤਾਂ ਸਿੱਖ ਬੇਦਾਵਾ ਕਾਹਨੂੰ ਲਿਖਦੇ। ਇਹ ਵੀ ਉਹਦਾ

ਕੌਤਕ ਹੀ ਸੀ। ਉਹਨਾਂ ਦੇ ਮਨ ਭੁਆ ਦਿੱਤੇ, ਉਹਨਾਂ ਆਖਿਆ—ਇੱਕ ਘੜੀ ਨਹੀਂ ਬਹਿ ਸਕਦੇ। ਜਿਹੜਾ ਸਾਰੀ ਸ੍ਰਿਸ਼ਟੀ ਨੂੰ ਰਚ ਸਕਦੈ, ਜੇ ਉਹ ਸੈਦ ਖਾਂ ਪਠਾਨ ਤੇ ਇੱਕ ਨਿਗਾਹ ਭਰ ਕੇ ਦੇਖ ਕੇ, ਉਹਨੂੰ ਮੁਸਲਮਾਨ ਨੂੰ ਚਰਨੀਂ ਲਾ ਕੇ ਫਕੀਰ ਬਣਾ ਸਕਦੈ, ਤੇ ਸਿੱਖਾਂ ਦੇ ਅੰਦਰ ਨਹੀਂ ਰੱਖ ਸਕਦਾ। ਉਹਦੇ ਕੌਤਕ ਹਨ, ਆਪਣੀ ਮੌਜ ਦਾ ਮਾਲਕ ਹੈ।

ਲੋਕ ਕਹਿੰਦੇ ਨੇ—ਕਾਹਲੀ ਕੀਤੀ ਸਿੱਖਾਂ ਨੇ। ਸਤਿਗੁਰਾਂ ਨੇ ਆਖਿਆ —ਬਈ, ਇੱਕ ਸਾਲ ਠਹਿਰੋ। ਕਰਾਉਣਾ ਹੀ ਐਵੇਂ ਸੀ। ਇਵੇਂ ਰਜ਼ਾ ਸੀ ਕਰਾਉਣ ਦੀ। ਜੋ ਕੁਛ ਕਰਨਾ ਸੀ ਉਹ ਕੀਤਾ। ਸਾਨੂੰ ਹੁਕਮ ਦਿੱਤੈ—ਕਿ ਭਾਈ ਬਾਣੀ ਕੰਠ ਕਰੋ, ਭਜਨ ਕਰੋ। ਗੁਰੂ ਰਾਮਦਾਸ ਨੇ ਉਹ ਗੱਲ ਲਿਖੀ ਹੈ। ਭਾਈ ਗੁਰਦਾਸ ਕਹਿੰਦੈ–

*ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੈ ਸਰਿ ਨਾਵੰਦੇ।*

*– ਵਾਰ ੧੨, ਪਉੜੀ-੨*

ਤੁਹਾਨੂੰ ਪਤਾ ਹੋਣੈ—ਹੁਣ ਤੇ ਮੈਨੂੰ ਪਤਾ ਨਹੀਂ, ਬੜੀ ਦੇਰ ਹੋ ਗਈ ਗਿਆਂ —ਅੱਗੇ ਤਲਾਅ ਦੇ ਕੰਢੇ ਨਿਹੰਗ ਸਿੰਘ ਫਿਰਦੇ ਹੁੰਦੇ ਸੀ, ਕੋਈ ਆਦਮੀ ਜਾ ਕੇ ਜੇ ਕੇਸ ਨਾ ਡੋਬ ਕੇ ਨ੍ਹਾਵੇ ਤਾ ਸਿਰ 'ਚ ਸੋਟਾ ਮਾਰਦੇ ਸੀ ਤਲਾਵਾਂ 'ਚ। ਮਤਲਬ ਇਹ ਹੈ ਕਿ ਸਣੇ ਕੇਸੀਂ ਇਸ਼ਨਾਨ ਕਰਨਾ ਚਾਹੀਦੈ। ਉਹਦਾ ਨਾਂ ਇਸ਼ਨਾਨ ਨਹੀਂ ਹੈ, ਜਿੰਨਾਂ ਚਿਰ ਪਾਣੀ ਨਾ ਕੇਸਾਂ 'ਚ ਪਵੇ।

**ਮੁਇਆ ਜੀਵਦਿਆ[੭] ਗਤਿ[੮] ਹੋਵੈ,**

ਮਹਾਰਾਜ ਨੇ ਬਾਣੀ 'ਚ ਲਿਖਿਐ–

**ਜਾਂ ਸਿਰਿ ਪਾਈਐ ਪਾਣੀ।**

ਜਿਹੜੇ ਨਹੀਂ ਪਾਉਂਦੇ ਉਹਨਾਂ ਨੂੰ ਕੀ ਕਿਹੈ–

**ਨਾਨਕ ਸਿਰ ਖੁਥੇ[੯] ਸੈਤਾਨੀ[੧੦]**
**ਏਨਾ ਗਲ ਨ ਭਾਣੀ।।**

*– ਸਲੋਕ ਮ:੧, ਪੰਨਾ-੧੫੦*

## ਨਾਮ ਅਤਿ ਸਰੇਸ਼ਟ ਹੈ

ਬਈ, ਮੇਰੀ ਗੱਲ ਨਹੀਂ, ਗੁਰਬਾਣੀ ਦੀ ਗੱਲ ਹੈ। ਅਰਦਾਸ ਕਰਿਆ ਕਰੋ—ਸਤਿਗੁਰੂ ! ਆਪਣਾ ਕੰਮ ਸਾਡੇ ਕੋਲੋਂ ਆਪਣੀ ਕਿਰਪਾ ਨਾਲ, ਆਪ ਬਖਸ਼ਿਸ਼ ਕਰਨ, ਸਾਡੇ ਉੱਤੇ ਬਖਸ਼ਿਸ਼ ਕਰਨ ਜੇ ਉਹ ਸਾਨੂੰ ਸਿੱਖੀ ਦੱਸਦੇ ਹਨ, ਤੇ ਸਾਥੋਂ ਮਨਾਉਣ ਵੀ ਆਪ ਹੀ। ਇਸ ਤੋਂ ਬਗੈਰ ਕੋਈ ਬਚਣ ਦਾ ਹੀਲਾ ਨਹੀਂ, ਕੋਈ ਉਪਾਅ ਨਹੀਂ। ਮੈਂ ਹੁਣ ਜ਼ਿਆਦਾ ਦੇਰ ਬੋਲ ਨਹੀਂ ਸਕਦਾ, ਮੇਰੀ ਆਵਾਜ਼ ਖਰਾਬ ਹੋਈ ਹੋਈ ਹੈ। ਮੈਂ ਫੇਰ ਤੁਹਾਨੂੰ ਇਹੋ ਅਰਜ਼ ਕਰਾਂਗਾ, ਨਾਮ ਜਪਣ ਤੋਂ ਬਿਨਾਂ—ਇੱਕ ਪ੍ਰਹਿਲਾਦ ਨਾਮ ਜਪਣ ਵਾਲੇ ਨੂੰ ਸਾਰਾ ਰਾਜ ਸਣੇ ਹਰਨਾਖਸ਼ ਕੁਛ ਨਾ ਬਿਗਾੜ ਸਕਿਆ। ਨਾਮਦੇਵ ਦਾ ਕੁਛ ਨਾ ਬਿਗਾੜ ਸਕੇ, ਕਬੀਰ ਨੂੰ ਤਿੰਨ ਵੇਰ ਸਿੱਟਿਆ, ਕਹਿੰਦੈ ਕਬੀਰ–

**ਤੀਨਿ ਬਾਰ ਪਤੀਆ ਭਰਿ ਲੀਨਾ।।**

*– ਗੋਂਡ ਕਬੀਰ ਜੀ, ਪੰਨਾ–੮੭੦*

ਹਾਥੀ ਦੇ ਅੱਗੇ ਸੁਟ ਦਿੱਤਾ।

**ਹਸਤਿ[੧੧] ਭਾਗਿ[੧੨] ਕੈ ਚੀਸਾ[੧੩] ਮਾਰੈ।।**
**ਇਆ[੧੪] ਮੂਰਤਿ ਕੈ ਹਉ ਬਲਿਹਾਰੈ।।**
**ਆਹਿ[੧੫] ਮੇਰੇ ਠਾਕੁਰ ਤੁਮਰਾ ਜੋਰੁ।।**

*– ਗੋਂਡ ਕਬੀਰ ਜੀ, ਪੰਨਾ–੮੭੦*

ਸਤਿਗੁਰੂ ਦੇ ਜ਼ੋਰ ਉੱਤੇ, ਸਤਿਗੁਰੂ ਦੀ ਕਿਰਪਾ ਨਾਲ, ਜੇ ਸਤਿਗੁਰੂ ਕਿਰਪਾ ਕਰੇ–

**ਕੋਟਿ[੧੬] ਲਾਖ ਸਰਬ ਕੋ ਰਾਜਾ**
**ਜਿਸੁ ਹਿਰਦੈ ਨਾਮੁ ਤੁਮਾਰਾ[੧੭]।।**
**ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ,**
**ਸੇ ਮਰਿ ਜਨਮਹਿ ਗਾਵਾਰਾ।।**

*– ਮਾਰੂ ਮ:੫, ਪੰਨਾ–੧੦੦੩*

ਭਾਈ, ਨਾਮ ਜਪਣਾ, ਬਾਣੀ ਪੜ੍ਹਨੀ, ਦਾਨ ਕਰਨਾ ਗਰੀਬ ਨੂੰ—ਕੋਈ ਵੀ ਹੋਵੇ, ਭਾਵੇਂ ਕਿਸੇ ਜਾਤ ਦਾ ਹੋਵੇ। ਸਤਿਗੁਰਾਂ ਹੁਕਮਨਾਮੇ 'ਚ ਲਿਖਿਐ ਭਾਵੇਂ ਨਿੰਦਾ ਕਰਨ ਵਾਲਾ ਵੀ ਹੋਵੇ, ਉਹਨੂੰ ਵੀ ਅੰਨ, ਜਲ ਦੇਣਾ, ਬਸਤਰ ਦੇਣਾ। ਨਿੰਦਾ ਕਰਨ ਵਾਲੇ ਨੂੰ ਨਿੰਦਾ ਦਾ ਫਲ, ਸੇਵਾ ਕਰਨ ਵਾਲੇ ਨੂੰ ਸੇਵਾ ਦਾ। ਤਾਂ, ਤੁਹਾਡਾ ਇਹ ਫਰਜ਼ ਹੈ। ਮੈਂ ਇਹ ਥੋੜੇ ਜਿਹੇ ਸ਼ਬਦ ਕਹਿ ਕੇ, ਨਾਮਧਾਰੀਓ ! ਸਾਧ ਸੰਗਤ ਸਾਰੀ ਅੱਗੇ ਹੀ ਅਰਜ਼ ਹੈ—ਇਹਨਾਂ ਅੱਗੇ ਖਾਸ ਕਰਕੇ ਹੈ—ਤੜਕੇ ਦਾ ਇਸ਼ਨਾਨ ਸਣੇ ਕੇਸੀਂ ਨਾ ਕਰਨਾ ਨਾਮਧਾਰੀ ਵਾਸਤੇ ਸਤਿਗੁਰਾਂ ਦੀ ਦਰਗਾਹ 'ਚ ਜਾਣ ਨੂੰ ਥਾਂ ਨਹੀਂ ਰਹਿੰਦਾ ਫੇਰ। ਅੱਜ ਆਪਾਂ ਇੱਕ ਦੂਏ ਤੋਂ ਓਹਲਾ ਕਰ ਸਕਦੇ ਹਾਂ, ਕੁਛ ਕਰ ਸਕਦੇ ਹਾਂ, ਪਰ ਉਹ–

**ਸਭੁ ਕਿਛੁ ਸੁਣਦਾ ਵੇਖਦਾ ਕਿਉਂ ਮੁਕਰਿ ਪਇਆ ਜਾਇ।।**

*– ਸ੍ਰੀ ਰਾਗ ਮ:੩, ਪੰਨਾ–੩੯*

**ਘਰੀ ਘਰੀ ਕਾ ਲੇਖਾ ਮਾਗੈ ਕਾਇਥੁ[੧੮] ਚੇਤੂ[੧੯] ਨਾਉ।।**

*– ਮਾਰੂ ਕਬੀਰ ਜੀ, ਪੰਨਾ–੧੧੦੪*

ਉਹ ਜਿਹੜੇ ਉਸ ਨੇ ਛੱਡੇ ਹੋਏ ਨੇ, ਉਹ ਸਾਡਾ ਸਾਰਾ ਹਿਸਾਬ ਲਿਖਦੇ ਹਨ। ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ—ਕਲਜੁਗ ਦਾ ਸਮਾਂ ਹੈ—ਅੱਗ ਬਲਦੀ ਹੈ—ਕਿਰਪਾ ਕਰਕੇ ਸਾਨੂੰ ਹੱਥ ਦੇ ਕੇ ਰੱਖੋ—ਸਾਨੂੰ ਆਪਣਾ ਹੁਕਮ ਆਪ ਮੰਨਣ ਦੀ ਜਾਚ ਦੱਸੋ—ਸਾਡੇ ਉੱਤੇ ਬਖਸ਼ਿਸ਼ ਕਰੋ।

**ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ।।**

*– ਆਸਾ ਮ:੫, ਪੰਨਾ–੩੯੭*

ਹੇ ਸੱਚੇ ਪਾਤਸ਼ਾਹ ! ਸਾਡੇ ਉੱਤੇ ਕਿਰਪਾ ਕਰੋ। ਸੋ ਮੈਂ ਐਨੀ ਅਰਜ਼ ਕਰਕੇ, ਮੈਂ ਨੌਜਵਾਨਾਂ ਨੂੰ ਖਾਸ ਤੌਰ ਤੇ ਫਿਰ ਕਹੂੰਗਾ, ਮਾਈਆਂ ਨੂੰ ਵੀ ਕਹਾਂਗਾ—ਕਿ ਇਹ ਵਕਤ ਹੈ, ਮੁੜਕੇ ਜਵਾਨੀ ਨਹੀਂ ਆਉਣੀ।

*ਇਹ ਜਵਾਨੀ ਤੇਰੀ ਮਸਤ ਦੀਵਾਨੀ ਕੁਛ ਕਰ ਅੱਗੇ ਦਾ ਤੋਸਾ।*
*ਸੈ ਜਵਾਨੀਆਂ ਤੂੰ ਛੱਡ ਛਡ ਆਇਓ ਤੇ ਇਸਦਾ ਕੀ ਭਰੋਸਾ।*
*ਮਿਲ ਮੁਰਸ਼ਦ ਨੂੰ ਕੰਮ ਕਰ ਲੈ ਝੱਬਦੇ ਪਕੜ ਬਹੁ ਕੋਈ ਗੋਸਾ।*
*(ਉਹ) ਸੰਤ ਰੇਨ ਤੂੰ ਨਾਮ ਸਿਮਰ ਲੈ ਇਸ ਦਮ ਦਾ ਕੀ ਭਰੋਸਾ।*

ਇਹ ਹੈ ਵਕਤ, ਇਹ ਨਹੀਂ ਮਿਲਨਾ।

**ਚਾਰਿ ਪਾਵ[੨੦] ਦੁਇ ਸਿੰਗ ਗੁੰਗ[੨੧] ਮੁਖ**
**ਤਬ ਕੈਸੇ ਗੁਨ ਗਈ[੨੨] ਹੈ।।**

*– ਗੂਜਰੀ ਕਬੀਰ ਜੀ, ਪੰਨਾ–੫੨੪*

ਕਿਸੇ ਜੂਨ ਵਿੱਚ ਪੈ ਕੇ ਇਹ ਚੀਜ਼ ਨਹੀਂ ਮਿਲਣੀ।

**ਅਵਰ ਜੋਨਿ ਤੇਰੀ ਪਨਿਹਾਰੀ[੨੩]।।**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ[੨੪]।।**

*– ਆਸਾ ਮ:੫, ਪੰਨਾ–੩੭੪*

ਸਤਿਗੁਰੂ ਨੇ ਤੈਨੂੰ ਇਹ ਮਨੁੱਖਾ ਦੇਹ ਬਖਸ਼ੀ ਹੈ–

**ਮਾਣਸ ਜਨਮੁ ਦੁਲੰਭੁ,**

*– ਸੂਹੀ ਮ:੧, ਪੰਨਾ–੭੫੧*

ਕਿਸ ਤਰ੍ਹਾਂ ਦੁਲੰਭੁ ਹੈ ਮਾਨਸ ਜਨਮ—ਜੇ-**ਗੁਰਮੁਖਿ ਪਾਇਆ।**

ਜੇ ਸਤਿਗੁਰੂ ਨੂੰ ਮਿਲੇ ਤਾਂ ਜਨਮ ਹੈ, ਨਹੀਂ ਤਾਂ ਇਹ ਕਿਸੇ ਕੰਮ ਦਾ ਨਹੀਂ। ਨਹੀਂ ਤਾਂ, ਇਹ ਮਨੁੱਖ–

*ਬਿਨ ਬੂਝੇ ਐਸੇ ਰਹੇ ਜੈਸੇ ਪਸੁ ਢੋਰ।*

ਪਸ਼ੂ ਤਾਂ ਜਿਊਂਦੇ ਨੂੰ ਕਹਿੰਦੇ ਹਨ, ਢੋਰ ਮਰੇ ਹੋਏ ਪਸ਼ੂ ਨੂੰ ਕਹਿੰਦੇ ਹਨ ਔਰ ਕਿਤੇ ਕਿਤੇ ਖੋਤਿਆਂ ਨੂੰ ਵੀ ਢੋਰ ਕਹਿੰਦੇ ਹਨ। ਮਹਾਰਾਜ ਕਹਿੰਦੇ ਹਨ–

**ਬਿਨੁ ਸਿਮਰਨ ਗਰਧਭ[੨੫] ਕੀ ਨਿਆਈ।।**
**ਸਾਕਤ ਥਾਨ[੨੬] ਭਰਿਸਟ[੨੭] ਫਿਰਾਹੀ।।**
**ਬਿਨੁ ਸਿਮਰਨ ਕੂਕਰ ਹਰਕਾਇਆ[੨੮]।।**

—ਹਲਕਿਆ ਹੋਇਆ ਕੁੱਤਾ

**ਸਾਕਤ ਲੋਭੀ ਬੰਧੁ[੨੯] ਨ ਪਾਇਆ।।**
**ਬਿਨੁ ਸਿਮਰਨ ਹੈ ਆਤਮ ਘਾਤੀ[੩੦]।।**
**ਸਾਕਤ ਨੀਚ ਤਿਸੁ ਕੁਲੁ ਨਹੀਂ ਜਾਤੀ।।**

*– ਗਉੜੀ ਮ:੪, ਪੰਨਾ–੨੩੯*

ਸਤਿਗੁਰੂ ਦਾ ਹੁਕਮ ਹੈ, ਭਾਈ, ਮੇਰੇ ਤੇ ਵੀ ਕਿਰਪਾ ਕਰੋ, ਮੈਂ ਤੁਹਾਨੂੰ ਕਹਿਣ ਵਾਲਾ ਹੀ ਨਾ ਰ੍ਹਵਾਂ, ਕੁਛ ਮੈਂ ਵੀ ਇਹਨੂੰ ਪੁਗਾਵਾਂ, ਸਤਿਗੁਰੂ ਦੀ ਬਖਸ਼ਿਸ਼ ਹੋਵੇ। ਇਹ ਪਤਾ ਨਹੀਂ, ਹੁਣ ਕੀ ਪਤਾ ਲੱਗਦੈ, ਕੱਲ ਨੂੰ ਕੀ ਹੋਣੈ, ਪਰਸੋਂ ਨੂੰ ਕੀ ਹੋਣੈ। ਦੁਨੀਆਂ 'ਚ ਅੱਗ ਲੱਗੀ ਹੋਈ ਹੈ। ਹੁਣ ਆਹ ਜਿਹੜੇ ਜਹਾਜ਼ਾਂ ਵਾਲੇ ਪਰੇਡਾਂ ਕਰਦੇ ਹਨ; ਛਤਰੀਆਂ ਨਾਲ ਲੋਕਾਂ ਨੂੰ ਉਤਾਰਦੇ ਹਨ; ਬੰਬ ਸੁੱਟ ਸੁੱਟ ਸਮੁੰਦਰਾਂ ਵਿੱਚ ਤਜਰਬੇ ਕਰਦੇ ਨੇ—ਕਾਹਦੇ ਵਾਸਤੇ ਕਰਦੇ ਨੇ ? ਇਹਨਾਂ ਨੇ ਸੁਖਮਨੀ ਪੜ੍ਹਨ ਲੱਗਣੈ—ਫੇਰ ਇਹਨਾਂ ਨੇ ਬਹਿ ਕੇ ਭਜਨ ਬਾਣੀ ਕਰਕੇ ਕੜਾਹ ਪ੍ਰਸ਼ਾਦ ਵਰਤਾਉਣੈ ? ਇਹਨਾਂ ਨੇ ਤਾਂ ਬੰਬ ਹੀ ਵਰਤਾਉਣੇ ਨੇ, ਜਿਹਨਾਂ ਨਾਲ ਦੁਨੀਆਂ ਨੇ ਤਬਾਹ ਹੋਣੈ, ਔਰ ਇਹ ਸਾਰਾ ਤਬਾਹੀ ਦਾ ਕਾਰਨ ਬਣ ਰਿਹੈ। ਕਿਉਂ ਬਣ ਰਿਹੈ ? ਲੋਕ ਆਤਮਕ ਜੀਵਨ ਤੋਂ ਭੁੱਲ ਗਏ; ਲੋਕ ਸਤਿਗੁਰੂ ਤੋਂ ਭੁੱਲ ਗਏ; ਲੋਕ ਨਾਮ ਜਪਣ ਤੋਂ ਭੁੱਲ ਗਏ। ਸਿੱਖ ਵੀ ਭੁੱਲ ਗਏ–

**ਭਰੀਐ ਮਤਿ ਪਾਪਾ ਕੈ ਸੰਗਿ।।**
**ਓਹੁ ਧੋਪੈ ਨਾਵੈ ਕੈ ਰੰਗਿ।।**

*– ਮ:੧, ਪੰਨਾ–੪*

ਕੂਕੇ ਬਹੁਤੇ ਸਾਰੇ ਹੀ ਭੁੱਲ ਗਏ—ਮੈਂ ਕਿਸੇ ਨੂੰ ਕੀ ਕ੍ਹਵਾਂ—ਜਿਨ੍ਹਾਂ ਦਾ ਕੰਮ ਸੀ ਨਾਮ ਜਪਣਾ। ਸਤਿਗੁਰੂ ਸੱਚੇ ਪਾਤਸ਼ਾਹ ਨੇ ਨਾਮਧਾਰੀ ਦੀ ਮਰਯਾਦਾ ਦਾ ਹੁਕਮ ਦਿੱਤੈ—ਘੱਟ ਤੋਂ ਘੱਟ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਚੰਡੀ ਦੀ ਵਾਰ—ਇਹ ਜ਼ਰੂਰ ਪੜ੍ਹੇ। ਢਾਈ ਮਾਲਾ ਪੱਕੀਆਂ ਭਜਨ ਦੀਆਂ ਫੇਰੇ, ਇੱਕ ਮਾਲਾ ਭਗਉਤੀਆਂ ਦੀ ਫੇਰੇ। ਗੱਲ ਕੁਝ ਨਹੀਂ, ਜੇ ਕਰਨ ਲੱਗ ਪਈਏ ਸਭ ਕੁਛ ਕਰ ਲਈਦੈ। ਜੇ ਇੱਕ ਦੁਕਾਨ ਖੋਲ੍ਹ ਲਈਦੀ ਹੈ, ਉਹਦੀ ਦੋ ਤਿੰਨ ਚਾਰ ਸ਼ਾਖਾ ਖੋਲ੍ਹ ਕੇ ਵੀ ਉਨੇ ਹੀ ਆਦਮੀ ਫੇਰ ਕੰਮ ਕਰਦੇ ਰਹਿੰਦੇ ਹਨ। ਜੇ ਇਹਦੀਆਂ ਸ਼ਾਖਾਂ ਵਧਦੀਆਂ ਜਾਣ ਇਹ ਰੋਜ਼ ਵਧਦੀ ਜਾਏ। ਮੈਂ ਇਹ ਕਹਿ ਕੇ ਸਮਾਪਤ ਕਰਦਾ ਹਾਂ, ਭਾਈ ਗੁਰਦਾਸ ਜੀ ਨੇ ਲਿਖਿਐ–

*ਅੰਬਰੀਕ ਮੁਹਿ ਵਰਤੁ ਹੈ, ਰਾਤਿ ਪਈ ਦੁਰਬਾਸਾ ਆਇਆ।*

ਉਸ ਰਾਜੇ ਨੂੰ ਮਹਾਂਪੁਰਖ ਕਹੋ, ਉਸ ਨੂੰ ਸਤਿਗੁਰੂ ਨਾਲ ਮਿਲਿਆ ਹੋਇਆ ਕਹੋ। ਰਾਜੇ ਦੀ ਸਾਖੀ ਮੈਨੂੰ ਮਹਾਂਪੁਰਖਾਂ ਸੰਤਾਂ ਨੇ ਸੁਣਾਈ ਜਿਨ੍ਹਾਂ ਤੋਂ ਮੈਂ ਪੜ੍ਹਦਾ ਸਾਂ, ਕਿ ਦਿਨ ਦੇ ਵਕਤ ਰਾਜਾ ਧਰਮ ਅਦਾਲਤ ਕਰਦਾ। ਰਾਜਾ ਤੇ ਰਾਣੀ ਦੋਇ ਆਪਸ ਵਿੱਚ ਬੜਾ ਪਿਆਰ ਸੀ। ਪਹਿਲੇ ਇੱਕ ਘੜੀ ਨਾਮ ਜਪਣ ਲੱਗੇ, ਦੋ ਲੱਗੇ, ਚਾਰ ਲੱਗੇ, ਅੱਠ ਲੱਗੇ ਇੱਕ ਪਹਿਰ, ਡੇਢ ਪਹਿਰ, ਸਾਢੇ ਤਿੰਨ, ਪੌਣੇ ਚਾਰ ਪਹਿਰ ਰਾਤ ਨੂੰ ਨਾਮ ਲੱਗੇ ਜਪਣ। ਇੱਕ ਘੜੀ ਰਾਤ ਬਾਕੀ ਰਹਿ ਗਈ ਕਹਿਣ ਲੱਗਾ ਰਾਜਾ ਰਾਣੀ ਨੂੰ—ਭਲੀਏ ਲੋਕੇ ਇਹ ਘੜੀ ਵੀ ਆਪਾਂ ਕਿਉਂ ਨਿਭਾਈਏ ਐਵੇਂ, ਇਹ ਵੀ ਰਾਤ ਦੀ ਨਾਮ ਜਪ ਕੇ ਲੰਘਾਈਏ। ਜਿਸ ਤਰ੍ਹਾਂ ਦਸਮ ਪਾਤਸ਼ਾਹ ਨੇ ਭਰਤ ਜੀ ਦੀ ਬਾਬਤ ਲਿਖਿਐ ਕਿ ਜਿਸ ਵੇਲੇ ਰਾਮ ਚੰਦਰ ਜੀ ਚਲੇ ਗਏ–

**ਪ੍ਰਾਤ ਸੰਭਰਿਬੋ ਰਾਜ ਕੋ ਰਾਤਿ ਸੰਭਰਿਬੋ ਰਾਮ।।**

*– ਦਸਮ ਗ੍ਰੰਥ, ਪੰਨਾ-੯੧੬*

ਦਿਨੇ ਤਾਂ ਕੰਮ ਕਰਦੇ ਹਨ ਪਰਜਾ ਦਾ, ਰਾਤ ਨੂੰ ਰਾਮ ਸੰਭਾਲਦੇ ਹਨ ਸਾਰੀ ਰਾਤ, ਟੋਆ ਪੁੱਟ ਕੇ, ਬੈਠ ਕੇ।

ਤਾਂ ਉਹਨੇ (ਰਾਣੀ ਨੇ) ਆਖਿਆ ਮਹਾਰਾਜ ਨੀਂਦ ਤੰਗ ਕਰਦੀ ਹੈ। (ਰਾਜਾ) ਕਹਿੰਦੇ—ਚੱਕੀ ਲੈ ਆਓ। ਸਾਡੀਆਂ ਮਾਈਆਂ ਨੂੰ ਹੁਣ ਚੱਕੀ ਨੂੰ ਹੱਥ ਲਾਉਣਾ........., ਸਾਡੀਆਂ ਮਾਈਆਂ ਤਾਂ ਹੁਣ ਬੱਚੇ ਚੁੱਕਣੋਂ ਵੀ ਰਹਿ ਚਲੀਆਂ ਨੇ। ਯਾਦ ਰੱਖਣ ਮਾਈਆਂ ਇਹਨਾਂ ਦੇ ਬੱਚੇ ਉੱਠਣ ਜੋਗੇ ਨਹੀਂ ਰਹਿ ਜਾਣਗੇ ਕਿਸੇ ਦਿਨ ਨੂੰ, ਅਗਰ ਇਸੇ ਤਰ੍ਹਾਂ ਮਾਈਆਂ ਰਹੀਆਂ। ਐਨੀਆਂ ਸੁਖਿਆਰੀਆਂ ਹੋ ਗਈਆਂ ਕਿ ਰੋਟੀ ਪਕਾਉਣੋਂ, ਖਾਣੋਂ, ਪੀਣੋਂ ਰਹਿ ਗਈਆਂ। ਕੋਈ ਦਿਨ ਉਹ ਆ ਜਾਏਗਾ ਕਿ ਜਿੰਦਣ ਇਹਨਾਂ ਦੇ ਬੱਚੇ ਜੰਮਿਆਂ ਹੀ ਹਸਪਤਾਲ 'ਚ ਕਰਨਗੇ, ਅਤੇ ਉੱਥੇ ਹੀ ਪਲਣਗੇ। ਇਹ ਕਿਸੇ ਦੀ ਗੱਲ ਨਹੀਂ ਹੈ, ਇਹ ਜ਼ਰੂਰੀ ਚੀਜ਼ ਹੈ ਕਿ ਆਪਣੇ ਸਰੀਰ ਨੂੰ ਸਾਂਭਣ ਵਾਸਤੇ ਆਪਣਾ ਸਵਾਸਥ ਠੀਕ—ਕਿਸੇ ਉੱਤੇ ਰਹਿਮ ਨਾ ਕਰੋ, ਆਪਣੇ ਉੱਤੇ ਤੇ ਆਪਣੀ ਔਲਾਦ ਉੱਤੇ ਕਰੋ। ਰਾਜੇ ਨੇ ਚੱਕੀ ਮੰਗਾ ਲਈ। ਰਾਜਾ ਤੇ ਰਾਣੀ ਨੀਂਦ ਤੋਂ ਡਰਦੇ, ਭਜਨ ਕਰਨ ਵਾਸਤੇ, ਚੱਕੀ ਫੜ ਬੈਠੇ। ਸਤਿਗੁਰੂ

ਨੇ ਆ ਕੇ ਬਾਂਹ ਫੜ ਲਈ ਚੱਕੀ ਪੀਹਣ ਲੱਗਿਆਂ ਦੀ। ਦੇਖ ਲਓ ਦੁਰਬਾਸ਼ਾ ਵਰਗੇ ਰਿਸ਼ੀਆਂ ਨੂੰ ਭੱਜਣਾ ਪਿਆ ਉਸ ਅੰਬਰੀਕ ਦੇ ਅੱਗੇ।

*ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।*

*– ਵਾਰ ੧੦, ਪਉੜੀ ੪*

ਜਿੰਨਾਂ ਚਿਰ ਉਹਨੇ ਨਹੀਂ ਛੁਡਾਇਆ, ਨਾ ਵਿਸ਼ਨੂੰ ਨੇ, ਨਾ ਸ਼ਿਵ ਨੇ, ਕਿਸੇ ਨਹੀਂ ਛੁਡਾਇਆ। ਤਾਂ ਅਰਜ਼ ਇਹ ਹੈ, ਇਹ ਨਾਮ ਐਡੀ ਚੀਜ਼ ਹੈ। ਨਾਮ ਏਡੀ ਵੱਡੀ ਚੀਜ਼ ਹੈ–

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।।**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।।**
**ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ।।**
**ਨਾਮ ਬਿਨਾ ਜਨਮੁ ਬਿਰਥਾ ਜਾਏ।।**

*– ਭੈਰਉ ਮ:੪, ਪੰਨਾ–੧੧੫੫*

ਸੋ ਭਾਈ ਸੱਜਣੋਂ, ਮੈਂ ਅਰਜ਼ ਕਰ ਦਿੱਤੀ ਹੈ। ਸਾਧ ਸੰਗਤ ਮੰਨਣ ਵਾਲੀ ਹੈ। ਹੁਣ ਨਿਤਨੇਮ ਹੋਵੇਗਾ। ਨਿਤਨੇਮ ਤੋਂ ਬਾਅਦ ਰਾਤ ਨੂੰ ਦੀਵਾਨ ਲੱਗਣੈ। ਉਹ ਸਾਨੂੰ ਨਹੀਂ ਪਤਾ ਉਹ ਲਾਉਣ ਵਾਲੇ ਜਾਨਣ ਜਾਂ ਲਵਾਉਣ ਵਾਲੇ ਜਾਨਣ ਆਪਾਂ ਉਸ ਗੱਲ 'ਚ ਨਹੀਂ ਹੁਣ ਆ ਸਕਦੇ। ਸਾਨੂੰ ਕੋਈ ਪਤਾ ਨਹੀਂ ਕਿੱਥੇ ਲੱਗਣੈ, ਕਿੱਥੇ ਨਹੀਂ, ਸਾਧ ਸੰਗਤ ਜਾਣੇ ਜਾਂ ਇਹ ਜਾਨਣ। ਆਪਾਂ ਇਹਦੇ 'ਚ ਨਹੀਂ ਆਉਣਾ ਕਿਉਂਕਿ ਮੇਰੇ ਨਾਲ ਉੱਥੇ ਗੱਲ ਹੋਈ ਸੀ, ਮੈਂ ਇਹਨਾਂ ਲਾਲਾ ਜੀ ਨੂੰ ਕਿਹਾ ਸੀ—ਤੁਸੀਂ ਸਾਧ ਸੰਗਤ 'ਚ ਆਇਓ, ਤੇ ਸਾਧ ਸੰਗਤ 'ਚ ਬਚਨ ਕਰਾਂਗੇ, ਜਿਵੇਂ ਆਖਣ। ਇਹਨਾਂ ਨੇ, ਤੇ ਮਸਤਾਨੇ ਹੁਰਾਂ ਨੇ ਰਲ ਕੇ ਇਹਨਾਂ ਨੇ ਆਪਣੀ ਬੁੱਕਲ 'ਚ ਗੁੜ ਭੰਨਿਐ। ਇਹ ਜਾਨਣ, ਇਹਨਾਂ ਦਾ ਕੰਮ ਜਾਣੇ। ਮੈਂ ਨਾ ਜਾਂਦਿਆਂ ਨੂੰ ਰੋਕਦਾਂ, ਤੇ ਨਾ ਕਹਿਨਾ ਬਈ ਜਾਓ। ਸਤਿ ਸ੍ਰੀ ਅਕਾਲ।

## ਸ਼ਬਦਾਰਥ

੧ ਅਸਥੂਲ ਸਰੂਪ।
੨ ਸੂਖਮ ਸਰੂਪ ਮਾਇਆ ਦੇ ਤਿੰਨ ਗੁਣ – ਸਤ, ਰਜ, ਤਮ ਤੋਂ ਰਹਿਤ।
੩ ਇੱਕ ਹੀ ਥਾਂ ਰਹਿਣਾ ਕੀਤਾ ਹੈ ਪ੍ਰਮਾਤਮਾ ਨੇ।
੪ ਹਰ ਰੋਜ਼।
੫ ਸਵੇਰੇ।
੬ ਵੱਡੇ ਪਾਪ।
੭ ਜੰਮਣ ਵੇਲੇ।
੮ ਮੁਕਤੀ।
੯ ਸਿਰ ਦੇ ਵਾਲ ਪੁੱਟਿਆ ਵਾਲੇ।
੧੦ ਸ਼ੈਤਾਨਾਂ ਨੂੰ।
੧੧ ਹਾਥੀ।
੧੨ ਦੌੜ ਕੇ।
੧੩ ਚੀਕਾਂ।
੧੪ ਇਸ।
੧੫ ਹੇ।
੧੬ ਕ੍ਰੋੜਾਂ।
੧੭ ਪ੍ਰਮਾਤਮਾ ਦਾ।
੧੮ ਮੁਨਸ਼ੀ।
੧੯ ਚਿਤਰ ਗੁਪਤ ਨਾਮ ਹੈ।
੨੦ ਪੈਰ।
੨੧ ਮੂੰਹੋਂ ਗੂੰਗਾ।
੨੨ ਗਾਵੇਂਗਾ।
੨੩ ਪਾਣੀ ਭਰਨ ਵਾਲੀ।
੨੪ ਸਰਦਾਰੀ।
੨੫ ਖੋਤੇ ਦੀ।
੨੬ ਥਾਂ।
੨੭ ਪਤਿਤ।
੨੮ ਹਲਕਿਆ ਹੋਇਆ।
੨੯ ਆਪੇ ਤੇ ਕਾਬੂ।
੩੦ ਹਤਿਆਰਾ।

# ਬੰਕੋਕ ੧੨-੧੦-੧੯੫੯

**ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨ ਪਰਗਾਸੁ।।**
**- ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ।।**
**ਪੁੰਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ, ਗੁਰੂ ਹਰੀ ਸਿੰਘ ਜੀ ਨੇ ਜਿਸ ਤਰ੍ਹਾਂ ਗੁਰਦੁਆਰੇ ਰਹਿ ਕੇ ਸੇਵਾ ਕਰ ਕੇ, ਸਿਰ ਤੇ ਸਹਿ ਕੇ ਜੋ ਕੁਛ ਕੀਤਾ, ਅਸੀਂ ਅੱਜ ਉਹਨਾਂ ਦੇ ਪ੍ਰਕਾਸ ਉਤਸਵ ਵਿੱਚ ਬੈਠ ਕੇ ਇਹ ਵਕਤ ਗੁਜ਼ਾਰ ਰਹੇ ਹਾਂ। ਮੈਂ ਇੱਕ ਅਰਜ਼ ਕਰਾਂ, ਸਾਡਾ ਇੱਕ ਕੰਮ ਹੋ ਗਿਐ, ਰਸਮ ਬਣ ਗਈ, ਜਿਸ ਤਰ੍ਹਾਂ ਉਹਦਾ ਅਸਲੀ ਮਤਲਬ ਸੀ ਮਾਈ ਨੂੰ ਪੁੱਛਿਆ ਕਿਸੇ ਨੇ—ਬਈ, ਤੂੰ ਆਟਾ ਗੁੰਨ ਹਟਦੀ ਹੈਂ ਤੇ ਅਗਲੇ ਪਾਸਿਓਂ ਲਾਹ ਕੇ ਪਿਛਲੇ ਪਾਸੇ ਆਟਾ ਕਿਉਂ ਲਾ ਲੈਨੀਂ ਹੈਂ। ਉਹਨੇ ਆਖਿਆ—ਮੇਰੀ ਸੱਸ ਲਾਉਂਦੀ ਸੀ, ਹੋਰ ਪਤਾ ਕੁਛ ਨਹੀਂ। ਇਸ ਤਰ੍ਹਾਂ ਹੀ ਸਾਡੀ ਇੱਕ ਰਸਮ ਹੋ ਗਈ ਬਈ, ਫਲਾਣੇ ਗੁਰਪੁਰਬ ਮਨਾਉਂਦੇ ਨੇ ਅਸੀਂ ਵੀ ਮਨਾਈਏ। ਉਹਦਾ ਵੀ ਮਨਾਈਏ, ਆਹ ਵੀ ਮਨਾਈਏ। ਗੁਰਪੁਰਬ ਮਨਾਉਣ ਦਾ ਅਸਲੀ ਮਤਲਬ ਇਹ ਹੈ ਬਈ, ਜਿਸ ਸਤਿਗੁਰੂ ਦਾ ਜਿਸ ਕਿਸੇ ਮਹਾਂਪੁਰਖ ਦਾ ਕੋਈ ਦਿਨ ਮਨਾਈਏ ਉਸ ਦੀ ਕੋਈ ਸਿੱਖਿਆ ਵੀ ਧਾਰਨ ਕਰੀਏ। ਪੈਸੇ ਜਿੰਨੇ ਮਰਜੀ ਐ ਖਰਚ ਕਰ ਦੇਈਏ ਲੋਕਾਂ ਨੂੰ, ਜਿੰਨਾਂ

ਮਰਜੀ ਹੈ ਖੁਆ ਲਈਏ, ਜਿਨਾਂ ਮਰਜੀ ਹੈ ਰੌਲਾ ਪਾ ਲਈਏ, ਜਲੂਸ ਕੱਢ ਲਈਏ, ਜਲਸੇ ਕਰ ਲਈਏ ਪਰ ਜੇ ਉਸ ਰਸਤੇ ਉੱਤੇ ਨਾ ਤੁਰੀਏ ਤਾਂ ਕੁਛ ਉਸ ਦਾ ਫਾਇਦਾ ਨਹੀਂ ਖਰਚ ਕੀਤੇ ਦਾ। ਏਸੇ ਵਾਸਤੇ ਹੀ ਗੁਰਪੁਰਬ ਮਨਾਏ ਜਾਂਦੇ ਨੇ, ਉਹ ਲੀਕਾਂ ਖਿੱਚੀਆਂ ਜਾਂਦੀਆਂ ਹਨ, ਮੁੜਕੇ ਕੇ ਕੋਈ ਆਦਮੀ ਉਹਨਾਂ ਨੂੰ ਵੇਖੇ ਬਈ, ਉਹਨਾਂ ਸਾਡਿਆਂ ਸਤਿਗੁਰਾਂ ਨੇ, ਸਾਡਿਆਂ ਕਿਸੇ ਸੰਤਾਂ ਮਹਾਤਮਾ ਨੇ, ਕਿਸੇ ਮਹਾਂਪੁਰਖ ਨੇ ਕੀ ਕੁਛ ਕੀਤਾ। ਉਹ ਉੱਚੇ ਹੋਏ ਕਿਸ ਕਰਕੇ, ਅਸੀਂ ਵੀ ਉਹਦਾ ਕੋਈ ਕਿਨਕਾ ਲਈਏ। ਹੁਣ ਇੱਕ ਹੋ ਗਿਐ ਰਿਵਾਜ, ਜੀ ਆਇਆਂ ਨੂੰ ਕਹਿ ਲਓ, ਕਵਿਤਾ ਪੜ੍ਹ ਲਓ, ਸਭ ਕੁਛ ਕਰ ਲਓ ਪਰ ਜੇ ਕਹਿਆ ਜਾਏ ਕੁਛ—ਫੇਰ ਸਤਿ ਸ੍ਰੀ ਅਕਾਲ। ਗੁਰੂਆਂ ਨੇ ਬਾਣੀ 'ਚ ਖੋਲ੍ਹ ਕੇ, ਪ੍ਰਕਾਸ਼ ਕਰ ਕੇ ਮਹਾਰਾਜ ਦੀ ਬੀੜ ਦਾ, ਮੱਥਾ ਟੇਕ ਲਿਆ, ਦੋ ਵੇਲੇ ਆਏ ਵੀ, ਜੀ ਮੈਂ ਦਰਸ਼ਨ ਕੀਤੇ ਬਿਨਾਂ ਰੋਟੀ ਨਹੀਂ ਖਾਂਦਾ। ਦਰਸ਼ਨ ਕੀਤੇ ਬਿਨਾਂ ਤਾਂ ਰੋਟੀ ਜਰੂਰ ਨਹੀਂ ਖਾਂਦਾ ! ਉਹ ਲੋਕ ਦੇਖਦੇ ਨੇ, ਪਰ ਜਿਹੜਾ ਉਹਦੇ ਵਿੱਚ ਪ੍ਰਸ਼ਨ ਲਿਖਿਐ, ਉਹ ਇੱਕ ਵੀ ਨਹੀਂ ਮੰਨਿਆ। ਸਾਨੂੰ ਇਹ ਚੀਜ਼ ਵੱਲ ਧਿਆਨ ਜਰਾ ਦੇਣ ਦੀ ਲੋੜ ਹੈ। ਸਤਿਗੁਰਾਂ ਅੱਗੇ ਅਰਦਾਸ ਕਰਿਆ ਕਰੋ ਕਿ ਕਹਿਣੀ ਨਾ ਰਹੇ। 'ਹਾਹੇ' ਦਾ ਮੂੰਹ ਖੁਲ੍ਹਾ ਹੁੰਦਾ ਹੈ, ਬਾਹਰ ਹਵਾ ਨਿਕਲ ਜਾਂਦੀ ਹੈ। ਜੇ ਕਰਨੀ ਬਣ ਜਾਏ ਤਾਂ 'ਰਾਰੇ' ਦਾ ਮੂੰਹ ਬੰਦ ਹੋਇਆ ਹੁੰਦੈ ਤੇ ਫੇਰ ਉਹ ਅੰਦਰ ਚੀਜ਼ ਚਲੀ ਜਾਂਦੀ ਹੈ। ਜੇ ਅੰਦਰ ਨਾ ਜਾਵੇ ਤਾਂ ਫਾਇਦਾ ਕੁਛ ਨਹੀਂ। ਇੱਕ ਬੂਟਾ ਹੈ ਕਨੇਰ ਦਾ, ਭਾਈ ਗੁਰਦਾਸ ਨੇ ਕਿਹੈ–

*ਜੇਹੀ ਕਲੀ ਕਨੇਰ ਦੀ,*

*–ਵਾਰ ੩੯, ਪਉੜੀ–੫*

ਕਨੇਰ ਔਰ ਕਰਨੇ ਵਿੱਚ ਫਰਕ ਇਹ ਹੈ ਬਈ 'ਨਨਾ' ਪਿੱਛੇ ਆ ਗਿਆ, ਉਹਦੇ ਵਿੱਚ ਨਨਾ ਵਿਚਾਲੇ ਆ ਗਿਆ। ਵਿਚਾਲੇ 'ਨਨਾ' ਦਾ ਮਤਲਬ ਕੀ ਆ ਗਿਆ ਬਈ ਨਹੀਂ ਮੰਨਣੀ, ਤੇ ਜੇ ਪਿੱਛੇ ਆ ਗਿਆ ਤੇ 'ਨਨਾ' ਪਿੱਛੇ ਹਟਾ ਦਿੱਤਾ। ਕਰਨ ਲੱਗ ਪਿਆ 'ਨਨਾ' ਪਿੱਛੇ ਚਲਾ ਗਿਆ। ਨਾਂਹ ਪਿੱਛੇ ਹੋ ਗਈ। ਕਰਨੇ ਦਾ ਬੂਟਾ ਐਸੀ ਚੀਜ਼ ਹੈ ਕਿ ਜੇ ਉਹ ਬਾਗ਼

ਵਿੱਚ ਹੋਵੇ ਤਾਂ ਸਾਰੇ ਬਾਗ ਵਿੱਚ ਉਹਦੀ ਮਹਿਕ ਖਿੱਲਰ ਜਾਂਦੀ ਹੈ। ਕਨੇਰ 'ਚ ਖੁਸ਼ਬੂ ਨਹੀਂ। ਇਹੋ ਹੀ ਸਾਡੀ ਕਹਿਣੀ ਤੇ ਕਰਨੀ ਦਾ ਅਸਰ ਹੈ। ਮੈਂ ਜ਼ਿਆਦਾ ਚਿਰ ਨਹੀਂ ਲਾਉਂਣਾ ਮੇਰਾ ਸਰੀਰ ਅਜੇ—ਤੁਹਾਡੀ ਮਰਜੀ ਹੈ ਜਿਵੇਂ ਲਈ ਫਿਰਦੇ ਹੋ—ਉਹ ਕੁਛ ਕਹਿਣਾ ਨਹੀਂ ਮੰਨਦਾ।

## ਸਤਿਗੁਰੂ ਰਾਮ ਸਿੰਘ ਜੀ

ਹੁਣ ਅਸੀਂ ਉੱਥੇ ਵੀ ਮਨਾਇਐ ਗੁਰੂ ਹਰੀ ਸਿੰਘ ਦਾ ਪ੍ਰਕਾਸ਼ ਉਤਸਵ ਅੱਜ ਵੀ ਮਨਾਉਣ ਲੱਗੇ ਹਾਂ। ਤਾਂ ਮੈਨੂੰ ਚੇਤਾ ਭੁੱਲ ਜਾਂਦੈ, ਮੈਂ ਇੱਕ ਅਰਜ਼ ਕਰਾਂ, ਕਿ ਗੁਰੂ ਹਰੀ ਸਿੰਘ ਜੀ ਨੇ ਕਿਸ ਤਰ੍ਹਾਂ ਐਨੀ ਖਿਮਾ ਧਾਰਨ ਕੀਤੀ। ਉਹ ਕੀ ਗੱਲ ਬਣੀ। ਉਹਨਾਂ ਨੇ ਪ੍ਰਕਾਸ਼ ਹੀ ਸਰਦ ਰੁੱਤ ਵਿੱਚ ਕੀਤਾ ਹੈ। ਇਸ ਰੁੱਤ ਨੂੰ, ਖਟ ਰਿਤੂ* ਵਿੱਚੋਂ ਸਰਦ ਰੁੱਤ ਕਿਹਾ ਜਾਂਦਾ ਹੈ।

**ਰੁਤ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।।**

*–ਰਾਮਕਲੀ ਮ:੪, ਪੰਨਾ–੯੨੮*

ਇਹ ਇੱਕ ਚੀਜ਼ ਹੈ, ਉਹਨਾਂ ਨੇ ਸਰਦ ਰੁੱਤ ਵਿੱਚ ਅਵਤਾਰ ਧਾਰ ਕੇ ਸਰਦੀ ਧਾਰ ਕੇ ਦਿਖਾ ਦਿੱਤੀ ਐ ਕਿ ਗਰਮੀ ਕਦੀ ਆਈ ਹੀ ਨਾ। ਤਾਂ ਉਹਨਾਂ ਦੇ ਪ੍ਰਕਾਸ਼ ਉਤਸਵ ਨੂੰ ਮਨਾਉਣ ਵਾਸਤੇ ਅਸਾਂ ਹੁਣ ਏਥੇ ਥੋੜੀ ਜਿਹੀ ਕਵਿਤਾ ਸੰਤ ਜੀ ਦੀ ਲੱਭ ਲਈ ਹੈ, ਕੰਮ ਸਾਰਨ ਵਾਸਤੇ। ਜਿਨ੍ਹਾਂ ਮਹਾਂਪੁਰਖਾਂ ਸੰਤ ਧਿਆਨ ਸਿੰਘ ਜੀ ਦੀ ਇਹ ਕਵਿਤਾ ਹੈ; ਉਹ ਕੀ ਕਹਿੰਦੇ ਹਨ ਇੱਥੇ–

*ਰਾਮ ਭ੍ਰਾਤ ਜੁਗੋ ਜੁਗ ਆਤ ਭੇ,*

ਰਾਮ ਚੰਦਰ ਜੀ ਤੇ ਉਹਨਾਂ ਦੇ ਭਾਈ ਕਹਿੰਦੇ ਨੇ—*ਜੁਗੋ ਜੁਗ ਆਤ ਭੇ*—ਹਰ ਜੁਗ ਵਿੱਚ ਚਾਹੇ ਤਾਂ ਬਲਦੇਵ ਜੀ ਆਏ, ਰਾਮ ਜੀ ਆਏ ਤਾਂ ਭਰਤ ਜੀ ਆਏ। ਬੱਬੇ ਭੱਬੇ ਦਾ ਧਿਆਨ ਰੱਖਣਾ ਨਾਲੇ ਇੱਕ ਸ਼੍ਰੇਣੀ 'ਚ। ਕ੍ਰਿਸ਼ਨ ਜੀ ਦੇ ਨਾਲ ਬਲਦੇਵ ਜੀ ਆਏ, ਰਾਮ ਜੀ ਦੇ ਨਾਲ ਭਰਤ ਜੀ ਆਏ ਤੇ ਸਤਿਗੁਰਾਂ ਦੇ ਨਾਲ ਇਹ ਪਹਿਲੇ ਬੱਬੇ ਦੇ ਨਾਂ ਨਾਲ ਗੁਰੂ ਹਰੀ ਸਿੰਘ ਜੀ ਆਏ।

*ਮਾਨ ਸੁ ਵਾਕ ਫਰਾਕ ਲਹੱਯਾ।*

ਫੇਰ ਭਰਤ ਜੀ ਦੇ ਵਕਤ ਵੀ ਇਹ ਗੱਲ ਹੋਈ ਸੀ, ਕਿ–

*ਮਾਨ ਸੋ ਵਾਕ,*

ਮੰਨ ਕੇ ਬਚਨ ਨੂੰ–

*ਫਰਾਕ ਲਹੱਯਾ,*

—ਵਿਛੋੜਾ ਝੱਲਿਆ, ਬਚਨ ਨੂੰ ਮੰਨ ਕੇ। ਜਿਸ ਵੇਲੇ ਭਰਤ ਜੀ ਜਾ ਕੇ ਮਿਲੇ ਸੀ, ਤੇ ਅਰਜ਼ ਕੀਤੀ ਸੀ, ਅੱਗੋਂ ਹੁਕਮ ਮਿਲਿਆ ਸੀ ਭਾਈ,''ਇਉਂ ਨਹੀਂ ਹੈ, ਤੈਨੂੰ ਪਿੱਛੇ ਹੀ ਜਾਣਾ ਪਵੇਗਾ।'' ਖੜਾਵਾਂ ਲੈ ਕੇ ਸਿਰ ਉੱਤੇ ਧਰ ਲਈਆਂ, ਆ ਗਏ, ਆ ਕੇ ਬੈਠੇ। ਜੋ ਕੁਛ ਕੀਤਾ, ਭਾਈ ਚੰਦਾ ਸਿੰਘ ਜੀ ਸਾਡੇ ਵੀ ਇੱਥੇ ਕਹਿੰਦੇ ਨੇ—ਉੱਥੇ ਲਛਮਣ ਨੂੰ ਸਾਥ ਲੈ ਗਏ, ਏਥੇ ਨਾਨੂੰ ਸਿੰਘ ਨਾਲ ਲੈ ਗਏ–

*ਪਿੱਛੇ ਵਾਂਗ ਭਰਥ ਭਾਈ ਰਹੇ।*

ਚੰਦਾ ਸਿੰਘ ਜੀ ਨੇ ਆਪਣੇ 'ਬਾਰਾਂ ਮਾਹਾ' 'ਚ ਕਿਹੈ। ਮੰਨਿਆ ਬਚਨ ਪਰ ਇਹ ਜਿਹੜੀ ਚੀਜ਼ ਹੈ, ਏਸ ਚੀਜ਼ ਨੂੰ, ਲੋਕ ਸਮਝ ਨਹੀਂ ਸਕਦੇ। ਕਿਰਪਾ ਹੋਵੇ ਤਾਂ ਪਤਾ ਲਗਦਾ ਹੈ, ਜੇ ਉਹਦਾ ਕੋਈ ਹਿੱਸਾ ਕਿਤੇ ਮਿਲੇ।

**ਜਿਨਾ ਅੰਦਰਿ ਉਮਰਥਲ[੧] ਸੇਈ ਜਾਣਨਿ ਸੂਲੀਆ[੨]।।**

*– ਮ:੪, ਪੰਨਾ–੩੧੧*

ਇੱਕ ਫੋੜਾ ਹੈ ਜਿਹੜਾ ਦਿਲ ਦੇ ਅੰਦਰ ਹੁੰਦੈ, ਬਾਹਰ ਤੋਂ ਨਹੀਂ ਉਹ ਦਿਸਦਾ। ਉਹਦੀ ਸੋਜ ਵੀ ਅੰਦਰ ਹੀ ਰਹਿੰਦੀ ਹੈ। ਉਹਦਾ ਦੁੱਖ ਜਿਹੜਾ ਹੈ, ਜਿਨ੍ਹਾਂ ਨੂੰ ਹੈ ਉਹ ਜਾਣਦੇ ਹਨ।

**ਹਰਿ ਜਾਣਹਿ ਸੇਈ ਬਿਰਹੁ,**

ਜਾਂ ਹਰੀ ਜਾਣਦੈ, ਜਾਂ ਹਰੀ ਨੂੰ ਜਾਨਣ ਵਾਲੇ ਜਿਹੜੇ ਹਰੀ ਦੇ ਬਿਰਹੋਂ ਨੂੰ ਜਾਣਦੇ ਹਨ—ਉਹ ਜਾਣਦੇ ਹਨ। ਮਹਾਰਾਜ ਕਹਿੰਦੇ ਨੇ–

**ਹਉ ਤਿਨ ਵਿਟਹੁ ਸਦ ਘੁਮਿ[੩] ਘੋਲੀਆ।।**

*– ਮ:੪, ਪੰਨਾ–੩੧੧*

–ਤਾਂ ਇਹ ਚੀਜ਼।

## ਬਿਰਹੁ ਦੀ ਕਸਕ

ਇੱਕ ਥਾਂ ਇੱਕ ਮਸਤ ਰਾਮ ਕਵੀ ਦੀ ਮੈਂ ਇੱਕ ਕਵਿਤਾ ਪੜ੍ਹੀ ਇੱਕ ਵੇਰ। ਉਹ ਲਿਖੀ ਹੋਈ ਸੀ ਕ੍ਰਿਸ਼ਨ ਮਹਾਰਾਜ ਦੇ ਵਿਜੋਗ ਵਿੱਚ, ਕੋਈ ਕੋਈ ਤੁਕ ਯਾਦ ਰਹਿ ਗਈ। ਉਦੋਂ ਕਿਤੇ ਗੁਆ ਬੈਠੇ। ਉਦੋਂ ਤੇ ਇਹ ਪਤਾ ਹੀ ਨਹੀਂ ਸੀ ਹੁੰਦਾ ਕਿ ਪੁਸਤਕ ਕਿਵੇਂ ਸਾਂਭੀਦੇ ਨੇ–

*ਉਹ ਚਲੋ ਅਕਰੂਰ ਨੂੰ ਪੁੱਛੀਏ ਨੀ,*
*ਰੱਥ ਭਿਨਕੇ ਏਥੇ ਤੂੰ ਕਿਉਂ ਆਇਆ।*
*ਮੱਛੀਆਂ ਨੂੰ ਜਾਲ ਵਿਛੋੜੇ ਦਾ ਆਨ ਪਾਇਆ।*

ਪਿੱਛੇ ਜਾ ਕੇ ਜਿਸ ਵੇਲੇ ਕ੍ਰਿਸ਼ਨ ਮਹਾਰਾਜ ਚਲੇ ਜਾਂਦੇ ਹਨ ਤਾਂ ਉੱਥੇ ਮੈਨੂੰ ਉਹਦੀਆਂ ਦੋ ਤਿੰਨ ਹੀ ਤੁਕਾਂ ਯਾਦ ਹਨ। ਉੱਥੇ ਲਿਖਿਐ ਬਈ–

*ਜੀਵਣ ਮਰਣ ਜਿਹਾ ਕਿਥੋਂ ਕਢੀਏ ਨੀ,*
*ਮਰਿਆਂ ਦੁੱਖ ਨਾ ਕੋਈ ਦਿਸਦਾ ਈ।*
*ਸਵਾਸ ਸਵਾਸ ਚਿਖਾ ਬਲ ਉਠਦੀ ਏ,*
*ਲੱਗ ਤਾਉ ਕਲੇਜੜਾ ਰਿਸਦਾ ਈ।*

ਇੱਕ ਤੁਕ ਭੁੱਲ ਗਈ ਹੈ–

*ਮਸਤ ਰਾਮ ਜਿਨ੍ਹਾਂ ਬਿਖ ਖਾਦੀ ਆਈ,*
*ਤਿਸ ਲੇਖੜੇ ਜੀਵਣਾ ਤਿਸਦਾ ਈ।*

ਤਾਂ ਉੱਥੇ ਇਹ ਦੱਸਿਆ ਬਈ, ਮਰਨ ਨਾਲੋਂ ਜੀਵਣਾ ਔਖਾ ਹੈ, ਗੋਪੀਆਂ ਨੇ ਊਧੋ ਨੂੰ ਕਿਹਾ ਕਿ–

**ਊਧਵ ਮੋ ਸੁਨ ਲੈ ਬਤੀਯਾ,**
**ਜਦੁਬੀਰ ਕੋ ਧਯਾਨ ਜਬੈ ਕਰਿ ਹੌਂ।।**
**ਬਿਰਹਾ[੪] ਤਬ ਆਇ ਕੈ ਮੋਹਿ ਗ੍ਰਸੈ[੫],**
**ਤਿਹ ਕੇ ਗ੍ਰਸਏ[੬] ਨ ਜੀਯੋ[੭] ਮਰਿ ਹੌਂ।।**

ਜਦੋਂ ਵਿਛੋੜਾ ਮੈਨੂੰ ਗ੍ਰਸਦੈ, ਮੈਂ ਜਿਊਂਦੀ ਆਂ ਨਾ ਮਰਦੀ ਹਾਂ।

**ਨ ਕਛੂ ਸੁਧਿ[੮] ਮੋ ਤਨ ਮੈ ਰਹਿ ਹੈ,**
**ਧਰਨੀ ਪਰ ਹ੍ਵੈ ਬਿਸੁਧੀ[੯] ਝਰਿ[੧੦] ਹੌਂ॥**
**ਤਿਹ ਤੇ ਹਮ ਕੋ ਬਿਰਥਾ ਕਹੀਯੈ,**
ਸਾਨੂੰ ਨਾ ਕਹੁ, ਤੇਰਾ ਕਹਿਣਾ ਅਸਰ ਨਹੀਂ ਕਰ ਸਕਦਾ–
**ਕਿਹ ਭਾਂਤ ਸੋ ਧੀਰਜ[੧੧] ਹਉ ਧਰਿ ਹੌਂ॥**

*– ਦਸਮ ਗ੍ਰੰਥ, ਪੰਨਾ-੩੭੯*

ਧੀਰਜ ਕਿਸ ਤਰ੍ਹਾਂ ਹੋਵੇ। ਧੀਰਜ ਦੇ ਵਾਸਤੇ ਜਿਤਨਾ ਚਿਰ ਉਹ ਦਰਸ਼ਨ ਨਾ ਹੋਵੇ, ਜਿਤਨਾ ਚਿਰ ਉਹ ਚੀਜ਼ ਨਾ ਮਿਲੇ—ਕਿਸ ਤਰ੍ਹਾਂ ਧੀਰਜ ਹੋਵੇ। ਇਹਦੇ ਉੱਤੇ ਈ 'ਹਨੂ ਨਾਟਕ' ਵਿੱਚ 'ਹਿਰਦਾ ਰਾਮ' ਜੀ ਨੇ ਲਿਖਿਐ ਸੀਤਾ ਜੀ ਦਾ ਹਾਲ। ਪਰ ਇੱਥੇ ਆ ਕੇ ਥੋੜਾ ਜਿਹਾ ਭੇਤ ਹੋ ਜਾਂਦੈ। ਸਤਿਗੁਰੂ ਦੀ ਬਾਣੀ ਨਾਲ ਇਹ ਲੋਕ ਏਸੇ ਕਰਕੇ ਨਹੀਂ ਮਿਲ ਸਕਦੇ ਕਿਉਂਕਿ ਸਤਿਗੁਰੂ ਦੀ ਬਾਣੀ 'ਚ ਮਹਾਰਾਜ ਨੇ ਕਿਹੈ–

**ਉਲਾਹਨੋ[੧੨] ਮੈ ਕਾਹੂ ਨ ਦੀਓ॥**

*– ਨਟ ਮ:੫, ਪੰਨਾ-੯੭੮*

ਉਲਾਂਭਾ ਨਹੀਂ ਦਿੱਤਾ ਕਦੀ। ਸਤਿਗੁਰੂ ਨੂੰ ਉਲਾਂਭਾ ਨਹੀਂ ਗੁਰਬਾਣੀ 'ਚ ਕਦੇ ਵੀ ਦਿੱਤਾ। ਆਪਣੇ ਉੱਤੇ ਈ ਘਾਟਾ ਝੱਲਿਐ ਜਿੰਨਾਂ ਝੱਲਿਆ ਤਾਂ ਇਹ ਲੋਕ ਜਦੋਂ ਕਵਿਤਾ ਲਿਖਦੇ ਹਨ—ਕਿਸੇ ਵੇਲੇ ਕੁਛ ਆ ਜਾਂਦੈ ਤਾਂ, ਓਥੇ ਲਿਖਿਐ, ਕਿ ਹਨੂਮਾਨ ਜੀ ਨੂੰ ਸੀਤਾ ਜੀ ਕਹਿੰਦੇ ਹਨ—ਕਿ ਮਹਾਰਾਜ ਤੇ ਦੁੱਖ ਹਰਨ ਵਾਲੇ ਹਨ।

*ਨਾਥ ਪਰ ਪੀਰ ਕਹੋ ਕਬ ਤੇ ਬਿਸਾਰੀ ਕਪਿ,*

ਸਾਡੀ ਬਾਣੀ 'ਚ ਇਹ ਚੀਜ਼ ਨਹੀਂ ਆਉਂਦੀ। ਉਹਨੇ ਨਹੀਂ ਕਦੀ ਵੀ ਬਿਸਾਰੀ ਪੀੜ। ਸਾਡੀ ਬਾਣੀ ਨਹੀਂ ਇਹ ਗੱਲ ਕਦੇ ਵੀ ਕਹਿੰਦੀ। ਮੁਸਲਮਾਨਾਂ ਕਈਆਂ ਨੇ ਲਿਖਿਐ—ਤੇਰਾ ਸੰਗ ਦਿਲ ਹੈ, ਤੂੰ ਇਹੋ ਜਿਹੈਂ, ਤੂੰ ਕਾਤਿਲ ਹੈਂ, ਤੂੰ ਫਲਾਣੈ—ਨਾ ਪਰ ਇੱਥੇ ਨਹੀਂ। ਕਈ ਆਦਮੀਆਂ ਨੂੰ ਸਮਝ ਨਹੀਂ ਆਉਂਦੀ ਜਦੋਂ ਦਸਮ ਗ੍ਰੰਥ ਦੇ ਉਹ ਸਵੱਯੇ ਪੜ੍ਹਦੇ ਹਨ ਬਿਰਹੋਂ ਨਾਟਕ ਦੇ–

**ਟਸਕਯੋ[੧੩] ਨ ਹੀਯੋ ਕਸਕਯੋ[੧੪] ਨ ਕਸਾਈ।।**

*– ਦਸਮ ਗ੍ਰੰਥ, ਪੰਨਾ–੩੭੬*

ਇਹ ਕਿਸੇ ਉੱਤੇ ਨਹੀਂ ਕਿਹਾ। ਕਹਿੰਦੀ—ਮੇਰਾ ਹੀਆ ਨਾ ਟਸਕਿਆ—ਮੇਰੇ ਹਿਰਦੇ ਵਿੱਚ ਪ੍ਰੇਮ ਦੇ ਉਮੰਗ ਨਾ ਆਈ—ਇਹ ਕਸਾਈ ਜਿਹੜਾ ਵਿਛੋੜਾ ਸੀ ਉਹਨੂੰ ਕਸਕ ਨਾ ਪਈ। ਇੱਥੇ ਇਹ ਨਹੀਂ ਕਿ ਕ੍ਰਿਸ਼ਨ ਮਹਾਰਾਜ ਨੂੰ ਕਸਕ ਨਾ ਪਈ, ਉਹ ਕਸਾਈ। ਦੇਖੋ ਬਾਣੀ ਪੜ੍ਹੋ ਨਾਲ ਜੋੜੋ ਦੇਖੋ–

**ਪ੍ਰੇਮ ਬਿਛੋਹਾ ਕਰਤ ਕਸਾਈ।।**

ਵਿਛੋੜਾ ਰੂਪੀ, ਵਿਛੋੜਾ ਜਿਹੜਾ ਮੈਨੂੰ ਪ੍ਰੇਮ ਦਾ, ਉਹ ਕਸਾਈ ਮੈਨੂੰ ਦੂਰ ਕਰਦਾ ਹੈ ਪ੍ਰੇਮ ਤੋਂ। ਵਿਛੋੜਾ ਕਸਾਈ ਮੈਨੂੰ ਦੂਰ ਕਰਦਾ ਹੈ।

**ਨਿਰਦੈ ਜੰਤੁ ਤਿਸੁ ਦਇਆ ਨ ਪਾਈ।।**

*– ਸੂਹੀ ਮ:੫, ਪੰਨਾ–੭੪੫*

ਜਿਸ ਨੂੰ ਉਹ ਕਬੀਰ ਜੀ ਨੇ ਵੀ ਲਿਖਿਐ–

**ਕਬੀਰ ਬਿਰਹੁ[੧੫] ਭੁਯੰਗਮੁ[੧੬]**
**ਮਨਿ ਬਸੈ ਮੰਤੁ[੧੭] ਨ ਮਾਨੈ ਕੋਇ।।**

*– ਪੰਨਾ–੧੩੬੮*

ਉਹ ਸੱਪ ਜਿਹੜਾ ਹੈ, ਮੰਤਰ ਨਹੀਂ ਕੋਈ ਮੰਨਦਾ ਉਹ ਕੀਲ 'ਚ ਨਹੀਂ ਆਉਂਦਾ ਵਿਛੋੜੇ ਦਾ। ਤਾਂ ਇਸ ਚੀਜ਼ ਨੂੰ ਜ਼ਰਾ ਸਮਝਣ ਦੀ ਲੋੜ ਹੈ। ਸਾਹਿਬਾਂ ਨੇ ਕਦੇ ਉਲਾਂਭਾ ਨਹੀਂ ਦਿੱਤਾ, ਕਿਉਂਕਿ ਉੱਥੇ ਜੇ ਉਲਾਂਭਾ ਆਵੇ ਤਾਂ ਫੇਰ ਸਿੱਖੀ, ਜਾਂ ਭਗਤੀ, ਜਾਂ ਪਿਆਰ ਵਾਲਾ ਉਲਾਂਭਾ ਨਹੀਂ ਦੇ ਸਕਦਾ, ਜਿਨ੍ਹਾਂ ਦਾ ਸੱਚਾ ਪਿਆਰ ਹੈ। ਉਹ ਹਿਰਦਾ ਰਾਮ ਜੀ ਲਿਖ ਬੈਠੇ ਨੇ ਇੰਨੀ ਗੱਲ—ਕਦੋਂ ਤੋਂ ਬਿਸਾਰ ਦਿੱਤੀ ਪਰ ਪੀਰ।

*ਨਾਥ ਪਰ ਪੀਰ ਕਹੋ ਕਬ ਤੇ ਬਿਸਾਰੀ ਕਪਿ,*

ਇਹ ਠੀਕ ਨਹੀਂ ਨ ਸਾਡੇ ਹਿਸਾਬ ਨਾਲ, ਸਾਡੀ ਕਸਵੱਟੀ ਨਾਲ ਨਹੀਂ ਇਹ ਚੀਜ਼ ਮਿਲਦੀ–

*ਬੀਰ ਰਘੁਬੀਰ ਪਦ ਕੌ ਲੌ ਲੰਕ ਆਇ ਹੈ।*

ਉਹ ਵੀਰ, ਸੂਰਮਾ, ਰਘੁਵੀਰ ਜੋ ਰਾਮ ਜੀ ਮਹਾਰਾਜ ਹਨ, ਉਹਨਾਂ ਦੇ ਚਰਨ ਕਦੋਂ ਲੰਕਾ ਵਿੱਚ ਆਉਣਗੇ।

*ਕਛੂ ਆਸ ਲਾਗੇ,*

ਕਦੇ ਕਦੇ ਤਾਂ ਮੈਨੂੰ ਆਸ ਲਗਦੀ ਐ ਬਈ, ਆਉਣਗੇ–

*ਕਛੂ ਆਰਜ ਸੁ ਪਥ ਜਾਗੇ,*

ਕਦੇ ਕਦੇ ਇਹ ਆਉਂਦੈ—ਕਿ ਪਿੱਛੇ ਹੀ ਨਾ ਚਲੇ ਜਾਣ।

*ਕਛੂ ਆਰਜ ਸੁ ਪਥ ਜਾਗੇ, ਪਾਛੇ ਤੋ ਪਤਯਾਨੇ ਪ੍ਰਾਨ,*

ਹੁਣ ਤਕ ਤਾਂ ਮੈਂ ਪ੍ਰਾਣਾਂ ਨੂੰ ਸਹਾਰਾ ਦਿੱਤਾ ਬਈ—ਅੱਜ ਆਏ, ਕੱਲ ਆਏ–

*ਆਗੇ ਨਾ ਪਤਿਆਇ ਹੈ।*

–ਹੁਣ ਮੇਰੇ ਪ੍ਰਾਣ ਮੇਰੇ ਆਖੇ ਨਹੀਂ ਲੱਗਦੇ। ਉਹ ਮੇਰੇ ਤੇ ਪ੍ਰਤੀਤ ਨਹੀਂ ਕਰਦੇ। ਉਹ ਕਹਿੰਦੇ ਹਨ—ਬਈ, ਤੂੰ ਝੂਠ ਬੋਲਦੀ ਹੈਂ।

*ਬਾਸੀ ਹੈ ਨਿਕਟ ਕੇ,*

ਹੈਨ ਤਾਂ ਨੇੜੇ ਉਹਦੇ ਕਿਉਂਕਿ ਪਤਾ ਲੱਗ ਗਿਆ ਕਿ ਮਹਾਰਾਜ ਨਜ਼ਦੀਕ ਆ ਗਏ ਹਨ ਸਮੁੰਦਰ ਦੇ ਕੰਢੇ ਉੱਤੇ, ਕਹਿੰਦੀ ਹੈ–

*ਉਦਾਸੀ ਸੋ ਤੋ ਨਾਹਿ ਮੋ ਸੋ,*

ਮੇਰੇ ਤੋਂ ਉਦਾਸ ਤਾਂ ਨਹੀਂ ਹੋ ਗਏ। ਇਹਦਾ ਇਹ ਵੀ ਅਰਥ ਹੋ ਸਕਦੈ ਕਹਿੰਦੀ—ਮੇਰੇ ਵਾਗੂੰ ਉਹ ਵੀ ਉਦਾਸ ਤਾਂ ਨਹੀਂ ਰਹਿੰਦੇ।

*ਦਾਸੀ ਸੀਆ ਕੇ ਸੰਦੇਸੇ।*

ਸੀਤਾ ਜਿਹੜੀ ਦਾਸੀ ਹੈ, ਹੇ ਹਨੂਮਾਨ ! ਹੁਣ ਪ੍ਰਾਣ ਮੇਰੇ ਆਖੇ ਨਹੀਂ ਲਗਦੇ।

*ਬਹੁਰੋ ਨ ਪਾਇ ਹੈ।*

ਮੈਂ ਅੱਜ ਤੈਨੂੰ ਸੰਦੇਸ ਦਿੱਤੈ, ਮੁੜਕੇ ਨਹੀਂ ਮਿਲਣਾ।

*ਬਾਤ ਕਹੋ ਗੌ ਕੀ ਕਿਧੋ,*

ਮੈਂ ਆਪਣੇ ਗਉਂ ਦੀ ਇਹ ਬਾਤ ਕਹਿੰਦੀ ਹਾਂ—

*ਕਰੀ ਹੋ ਇ ਨੌ ਕੀ,*

—ਮੈਨੂੰ ਇਹਨਾਂ ਦੀ ਬਣਾ ਦਿੱਤੈ। ਜਿਸ ਤਰ੍ਹਾਂ ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ ਨੇ-

**ਅਵਰਿ ਪੰਚ[18] ਹਮ ਏਕ ਜਨਾ**
**ਕਿਉਂ ਰਾਖਉ ਘਰ[19] ਬਾਰੁ ਮਨਾ[20]।।**
**ਮਾਰਹਿ ਲੂਟਹਿ ਨੀਤ ਨੀਤ[21]**
**ਕਿਸੁ ਆਗੈ ਕਰੀ ਪੁਕਾਰ ਜਨਾ[22]।।**

*- ਗਉੜੀ ਚੇਤੀ ਮ:੧, ਪੰਨਾ-੧੫੫*

ਇਹਨਾਂ ਦੀ ਬਣਾ ਦਿੱਤੈ—ਕਦੇ ਕਾਮ ਧੂੰਹਦੈ ਸਾਨੂੰ—ਕਦੇ ਕ੍ਰੋਧ ਧੂੰਹਦੈ —ਕਦੇ ਈਰਖਾ ਧੂੰਹਦੀ ਹੈ—ਕਦੇ ਕਿਸੇ ਨੂੰ ਚੰਗਾ ਦੇਖ ਕੇ ਨਹੀਂ ਜਾਣਦੇ —ਕਦੇ ਕੋਈ ਚੀਜ਼ ਸਾਡੇ ਚਿਤ 'ਚ ਆਉਂਦੀ ਹੈ।

*ਪ੍ਰਾਨਨ ਕੀ ਚੌਕੀ,*

ਇਹ ਪ੍ਰਾਣਾਂ ਦੀ ਜਿਹੜੀ ਚਉਕੀ ਹੈ, ਇਹ ਹੁਣ ਦੁੱਖ ਦਿੰਦੀ ਹੈ।

*ਪ੍ਰਾਨਨ ਕੀ ਚੌਕੀ ਨਾਥ ਮੋ ਪੈ ਕਬ ਲੌ ਦਿਵਾਇ ਹੈ।*

ਕਿੰਨਾਂ ਚਿਰ ਮੇਰੇ ਅਜੇ ਪ੍ਰਾਣਾਂ ਦੀ ਚਉਕੀ ਦੁਆਉਣੀ ਹੈ, ਮੈਨੂੰ ਜਿਊਂਦੀ ਰੱਖਣੈ। ਤਾਂ, ਉਸ ਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਨੇ-

*ਮਾਨ ਸੁ ਵਾਕ ਫਰਾਕ ਲਹੱਯਾ।*

ਉਹ ਬਚਨ ਮੰਨਿਆ ਔਰ ਬਚਨ ਮੰਨ ਕੇ ਵਿਛੋੜਾ ਝੱਲਿਆ। ਕਿਉਂ ਬਈ—ਤੂੰ ਏਥੇ ਰਹਿਣੈ, ਤੂੰ ਨਹੀਂ ਜਾਣਾ। ਪਹਿਲੇ ਪਿੱਛੇ ਆਇਆ ਹੈ, ਕਿ ਆਖਿਆ—ਮਹਾਰਾਜ ਤੁਸੀਂ ਸੰਗਤਾਂ ਨੂੰ ਦਰਸ਼ਨ ਦਿਉ। *ਦਾਸ ਦੋਸ ਚਾਇ ਲੇ*—ਇਹ ਦੋਸ਼ ਮੈਂ ਆਪਣੇ ਸਿਰ ਤੇ ਚੁੱਕ ਲੈਨਾਂ, ਕਿ ਮੈਂ ਜੋ ਕੁਛ ਕੀਤੈ ਸੋ ਕੀਤਾ, ਸਤਿਗੁਰਾਂ ਦਾ ਕੋਈ ਤਅੱਲਕ ਨਹੀਂ। ਪਰ ਸਤਿਗੁਰੂ ਕਹਿੰਦੇ—ਨਹੀਂ ਭਾਈ, ਇਹ ਤੇਰਾ ਕੰਮ ਨਹੀਂ, ਇਹ ਅਸੀਂ ਕਰਨੈ। ਤੇਰਾ ਕੰਮ ਇੱਥੇ ਰਹਿਣ ਦਾ ਹੀ ਹੈ, ਤੂੰ ਏਥੇ ਰਹੁ।

*ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ*

ਲਹਿਣੇ ਸਮਾਂ—*ਲਹਿਣੇ ਦੇ ਸਮਾਨ, ਲੀਓ ਕਹਿਣੇ ਕਮਾ*—ਜਿਸ ਤਰ੍ਹਾਂ ਲਹਿਣੇ ਨੇ ਕਹਿਣਾ ਕਮਾਇਆ ਸੀ। ਉਹਨੂੰ ਆਖਿਆ,''ਜਾਹ ਮੁਰਦਾ

ਖਾਣ ਲੱਗ।''

ਬਾਲਾ ਜੀ ਕਹਿੰਦੇ ਹਨ,''ਗੁਰੂ ਅੰਗਦ ਜੀ, ਜਦੋਂ ਮੁਰਦੇ ਦਾ ਸਾਂਗ ਗੁਰੂ ਨਾਨਕ ਦੇਵ ਨੇ ਵਰਤਾਇਆ, ਤਾਂ ਮੈਂ ਤੇ ਬਾਬਾ ਬੁੱਢਾ ਵੀ ਖਿਸਕ ਤੁਰੇ।''

ਤੇ ਉਹਨਾਂ (ਭਾਈ ਲਹਿਣੇ) ਆਖਿਆ,''ਸੱਚਿਆ ਪਾਤਸ਼ਾਹ, ਕਿਹੜੇ ਪਾਸਿਉਂ ਖਾਵਾਂ—ਚਰਨਾਂ ਵੱਲੋਂ ਕਿ ਸਿਰ ਵੱਲੋਂ।'' ਤੇ ਚਰਨਾਂ ਵਲੋਂ ਹੁਕਮ ਹੋਇਆ। ਉਹ ਤਾਂ ਖੇਡ ਸੀ, ਉਹ ਕੜਾਹ ਪ੍ਰਸ਼ਾਦਿ ਛਕਿਆ। (ਗੁਰੂ ਨਾਨਕ ਦੇਵ ਜੀ) ਕਿਹਾ,''ਜਾਹ ਮਾਈ ਨਾਲ ਭੋਗ ਕਰ ਆ।''

ਉਹਨਾਂ ਨੂੰ ਸਮਝ ਨਹੀਂ ਆਉਂਦੀ ਗੁਰੂ ਦੇ ਖੇਡਾਂ ਦੀ। ਗੁਰੂ ਨਾਨਕ ਦੇਵ ਮਹਾਰਾਜ ਨੇ, ਵਡਹੰਸ ਰਾਗ ਵਿੱਚ, ਜਿਥੇ ਮੋਰੀ ਰੁਣ ਝੁਣ ਲਾਇਆ —ਇਸ ਸ਼ਬਦ ਦੇ ਅਖੀਰ 'ਚ ਜਾ ਕੇ ਕਹਿੰਦੇ ਹਨ-

**ਸੀਸ ਵਢੇ[੨੩] ਕਰਿ ਬੈਸਣੁ[੨੪] ਦੀਜੈ**
**ਵਿਣੁ ਸਿਰ ਸੇਵ ਕਰੀਜੈ।।**

ਪਿੱਛੋਂ ਕਹਿੰਦੇ ਨੇ-

**ਕਿਉ ਨ ਮਰੀਜੈ ਜੀਅੜਾ ਨ ਦੀਜੈ**
**ਜਾ ਸਹੁ ਭਇਆ ਵਿਡਾਣਾ[੨੫]।।**

*- ਵਡਹੰਸ ਮ:੧, ਪੰਨਾ-੫੫੭*

ਜੇ ਉਹ ਚੋਜੀ ਦੀ ਇਹ ਖੇਡ ਹੈ, ਤਾਂ ਕਿਉਂ ਨਾ ਮੰਨੀ ਜਾਏ। ਤਾਂ ਲਹਿਣਾ ਗਿਆ। ਹੁਣ ਇਹ ਵੀ ਤਾਂ ਉਹੋ ਹੀ ਸਨ ਨ। ਉਹਨਾਂ ਨੇ ਹੱਥ ਰੱਖ ਕੇ ਲੋਕਾਂ ਨੂੰ ਇਹ ਗੱਲ ਦੱਸਣੀ ਸੀ। ''ਕਿਉਂ ਭਾਈ ਲਹਿਣਿਆ ਮਾਈ ਨਾਲ ਭੋਗ ਕਰ ਆਇਐਂ।''

''ਜੀ ਕਰ ਆਇਆਂ।''

''ਕੀ ਕੀਤਾ ਈ।''

''ਮਾਈ ਦਾ ਭੋਗ ਇਹੁ ਸੀ, ਮੈਂ ਉਹਦਾ ਦੁੱਧ ਚੁੰਘ ਆਇਆਂ।''

ਕਿਰਪਾ ਕਰਨੀ ਸੀ ਨ, ਲੋਕਾਂ ਨੂੰ ਇਹ ਗੱਲ ਦੱਸਣੀ ਸੀ। ਪਰ ਅੰਦਰ ਨਾਨਕ ਸੀ ਤਾਂਹੀ ਏਸ ਗੱਲ ਦੀ ਸਮਝ ਸੀ। ਆਪਣਾ ਆਪ ਰਿਹਾ

ਹੀ ਨਹੀਂ ਸੀ। ਆਪ ਨੂੰ ਪਤਾ ਹੀ ਨਹੀਂ ਸੀ। ਦਿਵਾਨ ਨੰਦ ਲਾਲ ਜੀ ਨੇ ਜਿੱਥੇ ਆਪਣੇ ਤਖੱਲਸ ਲਿਖਿਐ ਜਿਸ ਤਰ੍ਹਾਂ ਕਵੀ ਲਿਖਦੇ ਨੇ ਉਹਨਾਂ ਲਿਖਿਐ—ਗੋਇਆ। ਗੋਇਆ ਦਾ ਅਰਥ ਹੈ ਕਿ ਕੋਈ ਮੈਨੂੰ ਬੁਲਾਉਣ ਵਾਲੈ, ਮੈਂ ਨਹੀਂ ਬੋਲਣ ਵਾਲਾ।

**ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥**

*-ਗਉੜੀ ਮ:੫, ਪੰਨਾ-੨੯੨*

## ਹਰਿ ਰਾਮ ਹਰੀ

ਤਾਂ ਕਹਿੰਦੇ ਨੇ-

*ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ,*

ਜਿਸ ਤਰ੍ਹਾਂ ਲਹਿਣੇ ਨੇ ਹੁਕਮ ਮੰਨਿਆ ਸੀ, ਤੇ ਲਹਿਣੇ ਤੋਂ ਅੰਗਦ ਹੋ ਗਿਆ ਸੀ, ਏਸੇ ਤਰ੍ਹਾਂ ਹੀ ਬੁੱਧ ਸਿੰਘ ਤੋਂ ਹਰੀ ਸਿੰਘ ਹੋ ਗਿਆ, ਹੁਕਮ ਮੰਨ ਕੇ।

*ਸੰਗ ਗੁਰੂ ਲਗ ਅੰਗ ਹੁਵੱਯਾ।*

ਸੰਗ ਗੁਰੂ—ਜਿਸ ਤਰ੍ਹਾਂ ਅੰਗ ਨਾਲ ਲੱਗ ਕੇ ਅੰਗਦ ਬਣਿਆ ਸੀ ਨ ਕਹਿੰਦੇ ਨੇ-

*ਸੰਗ ਗੁਰੂ ਲਗ ਅੰਗ ਹੁਵੱਯਾ*

-ਗੁਰੂ ਦਾ ਹੀ ਅੰਗ ਹੋ ਗਏ, ਉਹੀ ਰੂਪ ਹੋ ਗਏ।

*ਨਾ ਧਕੇ ਜਿਸਕੇ ਕੋ ਸੁ ਰਾਮ ਰਖੈ ਹੈ,*

ਸਤਿਗੁਰਾਂ ਪਹਿਲੇ ਹੁਕਮਨਾਮੇ 'ਚ ਲਿਖਿਐ,''ਕਿ ਇਸ ਨੂੰ ਸਿਰ ਕਰਤਾ ਜਾਨਣਾ। ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੈ। ਇਹ ਸਾਧ ਸੰਗਤ ਨੂੰ ਹਰੀ ਰਖੇਗਾ, ਸਿੱਖੀ ਨੂੰ ਸਾਡੇ ਪਿੱਛੋਂ। ਮੇਰੇ ਧੱਕੇ ਨੂੰ ਇਹ ਬਖ਼ਸ਼ ਦੇਵੇਗਾ। ਇਹਦੇ ਧੱਕੇ ਨੂੰ ਮੈਂ ਨਹੀਂ ਬਖ਼ਸ਼ਾਂਗਾ।'' ਕਹਿੰਦੇ ਨੇ—ਜਿਸ ਦੇ ਧੱਕੇ ਨੂੰ ਨਹੀਂ ਰਾਮ ਰੱਖ ਸਕਦਾ।

*ਜੇ ਰਾਮ ਧਕੇ ਕੋ ਭਿ ਰਾਖ ਸਕੱਯਾ*

ਉਹ ਇਹੋ ਜਿਹੈ, ਜਿਹੜਾ ਰਾਮ ਦੇ ਧੱਕੇ ਨੂੰ ਵੀ ਰੱਖ ਸਕਦੈ। ਰਾਮ

ਦੇ ਧੱਕੇ ਨੂੰ ਵੀ ਬਖ਼ਸ਼ ਸਕਦੈ। ਸੰਤ ਜਿਊਣ ਸਿੰਘ ਹੁਰੀਂ, ਸੰਤ ਮਿਤ ਸਿੰਘ ਹੁਰੀਂ, ਆਪਸ ਵਿੱਚ ਬੈਠੇ। ਸੰਤਾਂ ਜਿਊਣ ਸਿੰਘ ਹੁਰਾਂ ਦਾ ਨਿਸਚਾ, ਗੁਰੂ ਰਾਮ ਸਿੰਘ ਤੋਂ ਅੱਗੇ ਨਹੀਂ ਸੀ, ਤੇ ਸੰਤ ਮਿਤ ਸਿੰਘ ਹੁਰੀਂ ਸਤਿਗੁਰੂ ਹਰੀ ਸਿੰਘ ਦੇ ਹੀ ਸੇਵਕ ਸੀ। ਉਹ ਆਖਣ ਲੱਗੇ ਇੱਕ ਦਿਨ—ਰਾਮ ਸਿੰਘ ਵੱਡਾ ਹੈ—ਸੰਤ ਜਿਊਣ ਸਿੰਘ ਹੁਰੀਂ। ਸੰਤ ਮਿਤ ਸਿੰਘ ਹੁਰੀਂ ਆਂਹਦੇ—ਨਹੀਂ ਸੰਤ ਜੀ, ਗੁਰੂ ਹਰੀ ਸਿੰਘ ਵੱਡੈ।

ਉਹ ਆਂਹਦੇ—ਕਿਸ ਤਰ੍ਹਾਂ।

ਕਹਿੰਦੈ ਜੇ ਮਨਾ ਦਿਆਂ ਫੇਰ ਤੇ ਗੱਲ ਠੀਕ ਹੈ ਨਾ, ਪ੍ਰਮਾਣ ਦੇ ਕੇ। ਪਰ ਉੱਥੇ ਜ਼ਿਦ ਨਹੀਂ ਸੀ। ਉੱਥੇ ਸਾਧੂਆਂ 'ਚ ਕਦੇ ਇਹ ਚੀਜ਼ ਨਹੀਂ ਆਉਂਦੀ ਬਈ, ਬਹਿਸ ਵਿੱਚ ਉਹ ਅੜੀ ਨਹੀਂ ਕਰਦੇ ਕਿ ਮੇਰੀ ਗੱਲ ਉੱਤੇ ਰ੍ਹਵੇ। ਉਹਨਾਂ ਆਖਿਆ—ਸੰਤ ਜੀ, ਅੱਗ ਦੇ ਕੋਲੇ ਚੁੱਕ ਲੈਨੇ ਹਾਂ ਨ ਹੱਥ ਉੱਤੇ। ਉਹਨਾਂ ਆਖਿਆ—ਚੁੱਕ ਲਈਦੇ ਨੇ। ਪਰ, ਜੇ ਅੱਗ 'ਚ ਲੋਹਾ ਤਪਿਆ ਹੋਵੇ ਤਾਂ ਨਹੀਂ ਚੁੱਕਿਆ ਜਾਂਦਾ। ਸੰਤ ਜਿਊਣ ਸਿੰਘ ਹੁਰੀਂ ਕਹਿੰਦੇ —ਬਈ ਮੰਨ ਗਿਆ, ਤੂੰ ਜਿੱਤਿਆ ਔਰ ਮੈਂ ਹਾਰਿਆ। ਉਹ ਰਾਮ ਦੇ ਧੱਕੇ ਨੂੰ ਉਹ ਰੱਖ ਸਕਦੈ।

*ਤਾਹਿ ਅਨੇਕ ਨਮੋਂ ਕਰ ਹੌਂ,*

ਏਸੇ ਪਾਸੇ ਨੂੰ ਤੁਰੋ ਬਈ, ਨਾਨਕ ਨਾਲੋਂ ਅੰਗਦ ਵੱਡਾ ਹੋ ਗਿਆ ਜਿਹਦੇ ਅੱਗੇ ਨਾਨਕ ਨੇ ਮੱਥਾ ਟੇਕ ਦਿੱਤਾ, ਵੱਡੇ ਨੂੰ ਟੇਕਿਆ ਕਿ ਛੋਟੇ ਨੂੰ। ਜਿਉਂ ਜਿਉਂ ਅੱਗੇ ਮੱਥਾ ਟਿਕਦਾ ਗਿਆ, ਜਿਹਨੂੰ ਟਿਕਦਾ ਗਿਆ, ਉਹ ਵੱਡਾ ਹੁੰਦਾ ਗਿਆ। ਸਤਿਗੁਰੂ ਰਾਮ ਸਿੰਘ ਨੇ ਗੁਰੂ ਹਰੀ ਸਿੰਘ ਅੱਗੇ ਧਰ ਦਿੱਤੀ ਗੁਰਿਆਈ। ਉਹਨਾਂ ਨੂੰ ਮੇਰੀ ਨਮਸ਼ਕਾਰ ਹੈ, ਉਸ ਗੁਰੂ ਹਰੀ ਸਿੰਘ ਨੂੰ।

*ਜੌਊ ਦਾਸਨ ਪਾਪ ਕੋ ਆਪ ਸਹੱਯਾ॥੩॥*

ਜੋ ਦਾਸਾਂ ਦੇ ਪਾਪਾਂ ਦੇ ਆਪ ਸਹਾਇਤਾ ਕਰਨ ਵਾਲੇ ਨੇ।

ਮੈਨੂੰ ਇੱਕ ਬਚਨ ਯਾਦ ਆ ਗਿਐ। ਮਹੰਤ ਹਜਾਰਾ ਸਿੰਘ ਹੁਰੀਂ ਅੰਮ੍ਰਿਤਸਰੀਆਂ ਨੂੰ ਬਹੁਤ ਆਦਮੀ ਜਾਣਦੇ ਹਨ। ਕੁਛ ਉਹਨਾਂ ਦੀ ਬਿਰਤੀ

'ਚ ਖਲਲ ਪਿਆ ਕਿਸੇ ਵੇਲੇ। ਇੱਕ ਚੁਗੈਤਿਆਂ ਦਾ ਅਤਰ ਸਿੰਘ ਲੰਬੜਦਾਰ ਸੀ। ਇਨ੍ਹਾਂ ਰਲ ਕੇ ਕਿਸੇ ਸਿੱਖ ਦੀ ਬੁੱਢੀ ਕਿਤੇ ਲਾਂਭੇ ਕਰ ਦਿੱਤੀ। ਤਾਂ ਗੁਰੂ ਹਰੀ ਸਿੰਘ ਜੀ, ਉੱਤੇ ਵਰਾਂਡੇ ਵਿੱਚ, ਚੁਬਾਰੇ ਦੇ ਅੱਗੇ ਵਰਾਂਡਾ ਜਿਹੜਾ ਹੈ, ਉੱਥੇ ਬੈਠੇ ਹਨ, ਉਹ ਦਰਵਾਜਾ ਗ੍ਰੰਥ ਸਾਹਿਬ ਵਾਲੇ ਚੁਬਾਰੇ ਵੱਲ ਦਾ ਖੁਲ੍ਹਾ ਹੁੰਦਾ, ਕਦੇ ਹਵਾ ਵਾਸਤੇ, ਪਰ ਗ੍ਰੰਥ ਸਾਹਿਬ ਦੇ ਚੁਬਾਰੇ ਵਾਲਾ ਦਰਵਾਜਾ ਬੰਦ ਰਹਿੰਦਾ ਕਿ ਬੇਅਦਬੀ ਨਾ ਹੋਵੇ। ਉੱਥੇ ਬੈਠਿਆਂ ਇੱਕ ਦਿਨ ਉਹ ਦੋਵੇਂ ਆਏ ਤੇ ਉਹਨਾਂ ਨੂੰ ਆਖਿਆ—ਤੁਸੀਂ ਇਹ ਕੰਮ ਕੀਤੈ। ਉਹ ਮੰਨੇ ਨਾ। ਉਹਨਾਂ ਨੂੰ ਕਹਿੰਦੇ—ਜਾਉ ਚੁਬਾਰੇ ਗ੍ਰੰਥ ਸਾਹਿਬ ਵਾਲੇ ਦਾ ਦਰਵਾਜਾ ਖੋਹਲੋ—ਕੁੰਡਾ। ਜਦੋਂ ਖੋਹਲਣ ਤੁਰ ਪਏ। ਜਦੋਂ ਉੱਥੇ ਚਲੇ ਗਏ, ਕਹਿੰਦੇ,''ਆਉ, ਮੁੜ ਆਉ ਉਏ ! ਤਹਾਨੂੰ ਤਾਂ ਮੇਰੀ ਲੋੜ ਨਹੀਂ, ਮੈਨੂੰ ਤੁਹਾਡੀ ਲੋੜ ਹੈ, ਮੈਂ ਤੁਹਾਨੂੰ ਨਹੀਂ ਇਸ ਤਰ੍ਹਾਂ ਪਾਪ ਕਰਨ ਦੇਣਾ। ਇਹਦਾ ਨੇਮ ਨਹੀਂ ਮੈਂ ਚੁੱਕਣ ਦੇਣਾ ਝੂਠਾ ਤੁਹਾਨੂੰ''। ਜਿਹੜੇ ਦਾਸਾਂ ਦੇ ਪਾਪਾਂ ਨੂੰ ਲਾਹ ਕੇ ਆਪ ਰੱਖਿਆ ਕਰਦੇ ਹਨ।

*ਜਿਨ ਨਾਮ ਹਰੀ ਹਰਿ ਕਾਮ ਹਰੀ,*

ਜਿਨ੍ਹਾਂ ਦਾ ਨਾਮ ਹਰੀ ਹਰਿ ਹੈ—ਹਰੀ ਸਿੰਘ।

*ਹਰਿ ਰਾਮ ਹਰੀ,*

ਕਾਮ ਨੂੰ ਹਰਨ ਵਾਲਿਆਂ ਨੇ, ਹਰੀ ਰੂਹ ਹੋ ਕੇ, ਸ਼ਿਵ ਰੂਪ ਹੋ ਗਏ।

*ਹਰਿ ਰਾਮ ਹਰੀ ਹਰਿ ਸਾਮ ਜਿਨੋਂ।*

ਹਰਿ ਰਾਮ—ਰਾਮ ਹਰੀ ਹੈ ਹਰੀ ਰਾਮ ਹੈ। ਜਿਨ੍ਹਾਂ ਨੇ ਸਰਨ ਲਈ ਹੈ ਸਤਿਗੁਰੂ ਰਾਮ ਸਿੰਘ ਦੀ।

*ਗੁਰ ਅਮਰ ਪੈਹੀ ਕਸ ਕਮਰ ਸਹੀ,*

ਹੁਣ ਏਥੇ ਅਮਰ ਸ਼ਬਦ ਗੁਰੂ ਅਮਰ ਦਾਸ ਨਾਲ ਤਅੱਲਕ ਨਹੀਂ ਰੱਖਦਾ, ਏਥੇ ਦੇ ਅਮਰ ਸ਼ਬਦ ਦਾ ਅਰਥ ਹੈ, ਹੁਕਮ। ਗੁਰੂ ਅਮਰ ਤਹੀ—ਸਤਿਗੁਰਾਂ ਦੇ ਹੁਕਮ ਉੱਤੇ ਹੀ ਕਮਰ ਕੱਸ ਕੇ ਲੰਗਰ ਦੀ ਸੇਵਾ ਵਾਸਤੇ।

## ਸਬਰ ਅਤੇ ਖਿਮਾ ਦੀ ਮੂਰਤ

*ਗਹਿ ਸਬਰ ਕਹੀ ਕੀਆ ਕਾਮ ਜਿਨੋਂ।*

ਜਿਨ੍ਹਾਂ ਨੇ ਸਬਰ ਦੀ ਕਹੀ ਫੜੀ।

**ਸਬਰ[੨੬] ਮੰਝ ਕਮਾਣ ਏ ਸਬਰੁ ਕਾ ਨੀਹਣੋ [੨੭]।।**

ਹੁਣ ਕਾਨੀਹਣੋ ਸ਼ਬਦ ਨਹੀਂ ਹੈ-

**ਸਬਰ ਮੰਝ ਕਮਾਣ**

ਅੰਦਰ ਸਬਰ ਨੂੰ ਰੱਖਣਾ—ਇਹ ਕਮਾਣ ਹੈ। ਤੇ-

**ਏ ਸਬਰੁ ਕਾ ਨੀਹਣੋ।।**

ਸਬਰ ਦਾ ਹੀ ਉਹਨੂੰ ਧਾਗਾ ਪਾਉਣੈ, ਡੋਰਾ, ਨੀਹਣ। **ਨੀਹਣੋਂ ਸਬਰ ਸੰਦਾ ਬਾਣੁ**—ਜੇ ਕਾਨੀਹਨੋ ਕਹੀਏ ਤਾਂ ਅੱਗੇ ਬਾਣ ਜਿਹੜੈ ਉਹ ਕਿਸ ਅਰਥ ਆਵੇਗਾ।

**ਸਬਰ ਸੰਦਾ ਬਾਣੁ**

ਸਬਰ ਦਾ ਹੀ ਬਾਣ। ਫੇਰ-

**ਖਾਲਕੁ[੨੮] ਖਤਾ[੨੯] ਨ ਕਰੀ।।**

*-ਸਲੋਕ ਫਰੀਦ ਜੀ, ਪੰਨਾ-੧੩੮੪*

ਜਿੱਥੇ ਲੱਗੇਗਾ ਉੱਥੇ ਖਤਾ ਨਹੀਂ ਹੁੰਦਾ, ਉਹ ਬਾਣ ਐਵੇਂ ਨਹੀਂ ਜਾਂਦਾ। ਜਿਨ੍ਹਾਂ ਨੇ ਸਬਰ ਦੀ ਕਹੀ ਫੜ ਕੇ-

*ਕੀਆ ਕੰਮ ਜਿਨੋ,*

ਜਿਨ੍ਹਾਂ ਨੇ ਕੰਮ ਕੀਤਾ।

*ਦੁਰ ਬਾਕ ਕਹੇ ਸਦ ਸਾਂਤ ਰਹੇ,*

ਜਦੋਂ ਕਿਸੇ ਨੇ ਖੋਟਾ ਬਚਨ ਵੀ ਕੀਤਾ, ਸਾਂਤ—ਸਦਾ ਹੀ ਸ਼ਾਂਤੀ ਰੱਖੀ-

*ਉਤਪਾਤ ਸਹੇ ਅਤਿ ਆਮ ਜਿਨੋਂ।*

ਉਤਪਾਤ—ਕਿਸ ਤਰ੍ਹਾਂ ਦੇ ਉਤਪਾਤ ? ਇੱਕ ਤੇ ਇਹ ਗੱਲ ਬਈ, ਬੀਬੀ ਨੰਦਾ ਜੀ ਨੇ ਇਹ ਕੰਮ ਕਰਨਾਂ—ਜਿੱਥੇ ਹੁਣ ਸਾਡੀ ਕੋਠੜੀ ਉਹ ਆਗਤ ਭਾਗਤ ਵਾਲੀ ਹੈ, ਇਹਦਾ ਮੂੰਹ ਲਹਿੰਦੇ ਵਲ ਸੀ। ਇੱਥੇ ਗੁਰੂ

ਹਰੀ ਸਿੰਘ ਰਹਿੰਦੇ ਸਨ, ਗੁਰੂਦੁਆਰੇ ਦੀ ਹੱਦ ਤੋਂ ਬਾਹਰ। ਇਸ ਕੋਠੜੀ ਤੋਂ ਨਿਕਲਣਾ, ਜਦੋਂ ਪ੍ਰਸਾਦ ਛਕਣ ਜਾਣਾ, ਬੀਬੀ ਜੀ ਨੇ ਦਰਵਾਜੇ 'ਚ ਖੜ੍ਹੇ ਹੋਣਾਂ ਗੁਰਦੁਆਰੇ ਦੇ 'ਚ। ਛਿੱਬੀਆਂ ਦੇਣੀਆਂ ਸ਼ੁਰੂ ਕਰ ਦੇਣੀਆਂ ਇਸ ਤਰ੍ਹਾਂ ਕਰਕੇ ਗਾਲ੍ਹਾਂ ਕੱਢਦੇ ਜਾਣਾਂ, ਜਿੰਨਾਂ ਚਿਰ ਜਾ ਕੇ ਪ੍ਰਸਾਦ ਛਕੀ ਜਾਣਾ ਗਾਲ੍ਹਾਂ ਕੱਢੀ ਜਾਣੀਆਂ, ਜਦੋਂ ਮੁੜ ਕੇ ਫਿਰ ਇਹ ਬੂਹਾ ਲੰਘਾ ਜਾਣਾ ਫੇਰ ਬੰਦ ਹੋਣਾ। ਇਸੇ ਤਰ੍ਹਾਂ ਕਿੰਨਾਂ ਚਿਰ ਰਹੀ, ਫਿਰ ਕਦੇ ਕਦੇ ਪ੍ਰਸ਼ਾਦ ਨਾ ਛਕਣ ਜਾਣਾਂ।

(ਸਿੱਖਾਂ) ਕਹਿਣਾ,''ਸੱਚੇ ਪਾਤਸ਼ਾਹ ਪ੍ਰਸ਼ਾਦ ਛਕਣ ਚਲੋ।''

(ਗੁਰੂ ਹਰੀ ਸਿੰਘ ਜੀ) ਕਹਿਣਾ,''ਭਾਈ, ਕੁੜੀ ਅਉਖੀ ਹੁੰਦੀ ਹੈ।''

ਆਪ ਨੂੰ ਕੋਈ ਅਉਖ ਨਹੀਂ, ਉਹਨਾਂ ਗਾਲ੍ਹਾਂ ਦਾ ਕੋਈ ਦੁੱਖ ਨਹੀਂ,

*ਦੁਰ ਬਾਕ ਕਹੇ ਸਦ ਸਾਂਤ ਰਹੇ,*

ਸਦਾ ਸ਼ਾਂਤ ਰਹੇ।

*ਉਤਪਾਤ ਸਹੇ ਅਤਿ ਆਮ ਜਿਨੋਂ।*

ਫਿਰ ਉਤਪਾਤ ਕੈਸੇ ਸੇ, ਜਦੋਂ ਇਤਿਹਾਸ ਪੜ੍ਹ ਕੇ ਦੇਖੀਏ ਇਹ ਪਤਾ ਲੱਗਦੈ। ਗੱਲ ਨੂੰ ਉਸ ਨੂੰ, ਸਤਿਗੁਰੂ ਆਪਣੀ ਨੂੰ, ਆਪ ਹੀ ਜਾਣਦੈ। ਆਪਣਾ ਥਾਂ ਆਪ ਹੀ ਸਾਂਭ ਸਕਦੈ, ਦੂਆ ਕੋਈ ਨਹੀਂ ਸਾਂਭ ਸਕਦਾ। ਉਹਨਾਂ (ਸਤਿਗੁਰੂ ਰਾਮ ਸਿੰਘ ਜੀ) ਨੂੰ ਪਤਾ ਸੀ ਕਿ ਇਹਨਾਂ (ਸਤਿਗੁਰੂ ਹਰੀ ਸਿੰਘ ਜੀ) ਤੋਂ ਬਿਨਾਂ ......................। ਮੈਂ ਅੱਗੇ ਸ਼ਾਇਦ ਅਰਜ਼ ਕੀਤੀ ਹੋਵੇ ਏਥੇ। ਭਾਈ ਉੱਤਮ ਸਿੰਘ ਜੀ, ਸੂਬੇ ਸਨ ਸਤਿਗੁਰਾਂ ਦੇ, ਜਿਨ੍ਹਾਂ ਦੀ ਬਾਬਤ ਲਿਖਿਐ—ਉੱਤਮ ਸਿੰਘ ਦੋਨੋ, ਰਾਇਸਰੀਆ ਉੱਤਮ ਸਿੰਘ। ਹੁਕਮ ਨਾਮਿਆਂ ਵਿੱਚ ਵੀ ਲਿਖਿਐ ਉਹਨਾਂ ਦਾ ਨਾਉਂ। ਇਹ ਬੜੇ ਬੀਰ ਮਹਾਂਪੁਰਖ ਸੇ, ਬੜੀ ਤਾਕਤ ਸੀ। ਭਾਈ ਮਸਤਾਨ ਸਿੰਘ ਜੀ ਸੂਬੇ ਦੇ ਤਾਂ ਬਹੁਤ ਸਰੀਰਾਂ ਨੇ ਦਰਸ਼ਨ ਕੀਤੇ ਨੇ, ਇਹਨਾਂ ਦੇ ਪਿਤਾ ਸਨ ਉਹ। ਕਹਿੰਦੇ ਨੇ ਕਿ ਉਹਨਾਂ ਦਿਨਾਂ 'ਚ ਚਾਰ ਸੇਰ ਪੱਕਾ ਘਿਓ ਦਾ ਭਾਅ ਸੀ ਸਤਿਗੁਰਾਂ ਦੇ ਹੁੰਦਿਆਂ, ਇਹ ਉਹ ਸਵਾ ਰੁਪੱਈਏ ਦਾ ਕੜਾਹ ਪ੍ਰਸ਼ਾਦ ਛਕ ਜਾਂਦੇ ਸੀ, ਜਿਹਦਾ ਵਜ਼ਨ ਕੁਛ ਛੱਤੀ ਸੇਰ ਪੱਕਾ ਬਣ ਜਾਂਦੈ। ਸੇਵਾ ਵੀ ਬੜੀ ਕਰਦੇ

ਸੀ। ਛੇ ਮਹੀਨੇ, ਕਿ ਦੋ ਮਹੀਨੇ, ਕਿ ਚਾਰ ਮਹੀਨੇ, ਜਾਣ ਤੋਂ ਪਹਿਲਾਂ ਗੁਰੂ ਹਰੀ ਸਿੰਘ ਜੀ ਨੂੰ, ਹਲ ਛਡਾਉਣ ਤੋਂ ਪਿੱਛੋਂ—ਇੱਕ ਦਿਨ ਆਖਿਆ,''ਭਾਈ, ਲੈ ਆਹ ਪੁਸ਼ਾਕਾ ਪਾ।'' ਆਪਣੇ ਵਰਗਾ ਪੁਸ਼ਾਕਾ ਪੁਆ ਲਿਆ, ਨਾਲ ਲੈ ਕੇ ਚਲੇ ਗਏ, ਉਹ ਲੰਗਰ 'ਚ ਜਿਹੜਾ ਥੜਾ ਬਣਿਐ, ਉਹਦੇ ਤੇ ਨਾਲ ਬਹਾਲ ਲਿਆ। ਉੱਥੇ ਨਾਲ ਬਹਾ ਕੇ ਪ੍ਰਸ਼ਾਦ ਛਕਾਇਆ, ਤੇ ਸਾਧ ਸੰਗਤ ਨੂੰ ਆਖਿਆ,''ਲਓ ਬਈ, ਦੱਸੋ ਸਾਡੇ 'ਚ ਕੋਈ ਫਰਕ ਮਲੂਮ ਹੁੰਦੈ।'' ਤਾਂ ਭਾਈ ਉੱਤਮ ਸਿੰਘ ਜੀ ਕਹਿੰਦੇ ਨੇ—ਰੂਪ 'ਚ ਫਰਕ ਨਹੀਂ ਰਹਿਣ ਦਿੱਤਾ ਉਸ ਵੇਲੇ। ਜਿਸ ਤਰ੍ਹਾਂ ਹਨੂਮਾਨ ਨੂੰ ਗੁਰੂ ਨਾਨਕ ਨੇ ਉਸ ਵੇਲੇ ਰਾਮ ਦਾ ਰੂਪ ਦਿਖਾਇਆ ਤੇ ਉਹ ਮੰਨਿਆ ਨ। ਆ ਕੇ ਪ੍ਰਸ਼ਾਦ ਛਕਣ ਤੋਂ ਬਾਅਦ ਕਹਿੰਦੇ,''ਲਾਹਦੇ ਬਸਤਰ।'' ਉਹਨਾਂ ਨੂੰ ਪਤਾ ਸੀ ਕਿ ਜੇ ਇਹ ਗੱਲ ਨੰਗੀ ਹੋਵੇ, ਤਾਂ ਸੂਬੇ ਫੜੇ ਗਏ। ਫੇਰ ਕੁਛ ਜਿਹੜਾ ਪਦਾਰਥ ਸੀ, ਉਹਨਾਂ ਨੂੰ ਪਤਾ ਸੀ ਬਈ, ਸਾਡੇ ਮਕਾਨ—ਤਿੰਨ ਵੇਰ ਮੰਦਰ ਸਤਿਗੁਰਾਂ ਵਾਲਾ ਪਾਣੀ ਆਂਢੇ ਤਕ ਪੁੱਟਿਆ ਬਈ, ਇਹ ਪੁੱਟੇ ਜਾਣੇ ਨੇ, ਉਹਨਾਂ ਨੇ ਤਬੇਲੇ 'ਚ ਲਿਜਾ ਕੇ ਉਹ ਰੁਪੱਈਏ ਦਬਾਏ। ਗੁਰੂ ਹਰੀ ਸਿੰਘ ਜੀ ਨੂੰ, ਮਹੰਤ ਗੁਰਦਿੱਤ ਸਿੰਘ ਹੁਰਾਂ ਨੂੰ, ਸਾਹਿਬ ਸਿੰਘ ਹੁਰਾਂ ਨੂੰ, ਨਾਲ ਲੈ ਕੇ ਗਏ।

ਪੁਲਸ ਦੇ ਉਤਪਾਤ—ਅਖੰਡ ਪਾਠਾਂ ਦਾ ਹੁਕਮ—ਅੰਦਰ ਪਾਠ ਹੋਣੇ —ਸਤਿਗੁਰਾਂ ਲਿਖਿਐ ਇੱਕ ਜਗ੍ਹਾ ਕਿ ਜਿਸ ਦਿਨ ਅਖੰਡ ਪਾਠ ਟੁੱਟੇ ਨੇ, ਮੈਂ ਮਰਨ ਵਾਲਾ ਹੋ ਗਿਆ ਸੀ। ਪਾਠ ਉਦੋਂ ਕਿਵੇਂ ਟੁੱਟੇ ? ਪੁਲਸ ਵਾਲੇ ਆ ਗਏ। ਅੰਦਰ ਪਾਠ ਹੁੰਦੇ ਹਨ। ਅੰਦਰੋਂ ਤੁਕ ਛੱਡ ਕੇ, ਜੋਤ ਬੁਝਾ ਕੇ, ਤੁਕ ਚੁਬਾਰੇ ਗ੍ਰੰਥ ਸਾਹਿਬ ਵਾਲੇ 'ਚ ਲਈ ਰੱਖੀ ਜਦੋਂ ਪੁਲਸ ਫਿਰ-ਤੁਰ ਕੇ ਚਲੀ ਗਈ ਫਿਰ ਉੱਥੇ ਆ ਕੇ ਪਾਠ ਪੂਰੇ ਕੀਤੇ। ਉਹ 'ਪਾਠ ਟੁਰੇ' ਨਹੀਂ ਸ਼ਬਦ, ਉੱਥੇ ਹੈ ਜਿਸ ਦਿਨ ਪਾਠ ਟੁੱਟੇ ਹਨ, ਇਹ ਸ਼ਬਦ ਹਨ। ਤਾਂ ਉਤਪਾਤ, ਪੁਲਸ ਦੇ ਉਤਪਾਤ—ਕਦੇ ਕਦੇ ਕਹਿਣਾਂ,''ਹੁਣ ਕੀ ਕਰੀਏ, ਬਾਹਰ ਪੁਲਸ ਨਹੀਂ ਨਿਕਲਣ ਦਿੰਦੀ, ਅੰਦਰ ਇਹ ਕੁੜੀ ਨਹੀਂ ਟਿਕਣ ਦਿੰਦੀ। ਅਸੀਂ ਕਿਹੜੇ ਪਾਸੇ ਜਾਈਏ—ਹੇ ਸਤਿਗੁਰੂ ਰਾਮ ਸਿੰਘ ! ਅਸੀਂ ਕੀ ਕਰੀਏ ?'' ਜਿਨ੍ਹਾਂ ਨੇ ਐਡੇ ਐਡੇ ਉਤਪਾਤ ਝੱਲੇ, ਐਨੀ ਤਕਲੀਫ ਝੱਲੀ।

*ਅਸ ਗਯਾਨ ਸਰੇ ਗੁਰ ਧਯਾਨ ਧਰੇ,*

ਐਸੇ ਸਤਿਗੁਰਾਂ ਦਾ ਧਿਆਨ ਧਰੋ, ਗਿਆਨ ਦੇ ਜਿਹੜੇ ਸਰ ਹਨ —ਸਮੁੰਦਰ।

*ਹਰਿ ਧਯਾਨ ਕਰੇ ਪ੍ਰਣਾਮ ਤਿਨੌਂ।।੪।।*

ਧਿਆਨ ਸਿੰਘ ਜੀ ਕਹਿੰਦੇ ਨੇ—ਮੇਰੀ ਨਮਸਕਾਰ ਹੈ ਉਹਨਾਂ ਨੂੰ। ਉਸ ਸਤਿਗੁਰੂ ਹਰੀ ਸਿੰਘ ਜੀ ਦਾ ਅਸੀਂ ਦਿਨ ਮਨਾਉਂਦੇ ਹਾਂ। ਸਾਨੂੰ ਵੀ ਉਹਨਾਂ ਤੋਂ ਇਹ ਸਿੱਖਿਆ ਲੈਣੀ ਚਾਹੀਦੀ ਹੈ—ਦੋ ਵਜੇ ਦਾ ਇਸ਼ਨਾਨ। ਕੁਛ ਚਿਰ ਸਤਿਗੁਰੂ ਜੀ ਦੇ ਜਾਣ ਤੋਂ ਪਿੱਛੋਂ ਪਹਿਲਾਂ ਕੋਠੜੀ 'ਚ ਰਹੇ, ਫਿਰ ਚੁਬਾਰਾ ਪਾਇਆ ਜਿਹੜਾ ਖਰਾਸ ਦੇ ਨਾਲ ਲੱਗਦੈ। ਇਹ ਕੰਮ ਕਰਨਾ ਬਈ, ਨੌਂ ਦਸ ਵਜੇ ਤੱਕ ਸਾਧ ਸੰਗਤ ਨੇ ਕੀਰਤਨ ਕਰ ਲੈਣਾ। ਸਾਧ ਜਿਹੜੇ ਕੋਲ ਇੱਕ ਦੋ ਸਰੀਰ, ਉਹਨਾਂ ਨੇ ਬਿਰਾਜ ਜਾਣਾ, ਇਕੱਲੇ ਬਾਹਰ ਨਿਕਲ ਜਾਣਾ। ਸਾਰੀ ਰਾਤ ਬਾਹਰ ਖੜ੍ਹੇ ਹੋ ਕੇ ਭਜਨ ਕਰਦੇ ਰਹਿਣਾ। ਦੋ ਵਜੇ ਤੋਂ ਜ਼ਰਾ ਕੁ ਪਹਿਲਾਂ ਆ ਜਾਣਾ। ਉਹਨਾਂ ਨੂੰ ਕੋਈ ਪਤਾ ਨਾ ਲੱਗਣਾ ਫੇਰ ਆਖਣਾ —ਉਠੋ ਬਈ, ਚਲੋ ਇਸ਼ਨਾਨ ਕਰਨ ਚਲੀਏ ਇਸ਼ਨਾਨ ਦਾ ਵੇਲਾ ਹੋ ਗਿਆ ਹੈ। ਕਈ ਸਾਲ ਇਹ ਪਤਾ ਈ ਕਿਸੇ ਨੂੰ ਨਾ ਲੱਗਿਆ ਬਈ, ਕਿਸ ਤਰ੍ਹਾਂ ਜਾਪ ਕਰਦੇ ਰਹੇ ਨੇ ਵੱਖਰੇ ਇਕੱਲੇ ਜਾ ਕੇ। ਉਹਨਾਂ ਸਤਿਗੁਰਾਂ ਦਾ ਦਿਨ ਮਨਾਉਂਦੇ ਹਾਂ, ਸਾਨੂੰ ਵੀ ਕੁਛ ਸਿੱਖਿਆ ਧਾਰਨ ਕਰਨੀ ਚਾਹੀਦੀ ਹੈ। ਕਿਉਂ —ਮਨਾਉਂਦਾ ਤਾਂ ਸਤਿਗੁਰੂ ਹੀ ਹੈ। ਤੁਸੀਂ ਹੁਕਮਨਾਮੇ ਜਦੋਂ ਪੜ੍ਹੋਗੇ ਸਤਿਗੁਰਾਂ ਦੇ, ਤਾਂ ਉੱਥੇ ਲਿਖਿਐ ਕਿ—**ਬੋਲ ਕੁਬੋਲ ਸਭ ਦਾ ਸਹਿ ਜਾਣਾ।** ਜੇ ਕੋਈ ਕੁਛ ਮਾਰੇ ਤਾਂ ਵੀ ਖਿਮਾਂ ਧੀਰਜ ਕਰਨੀ, ਖਿਮਾਂ ਧੀਰਜ ਕਰਨ ਵਾਲਿਆਂ ਦੇ ਗੁਰੂ ਅੰਗ ਸੰਗ ਹੈ।

ਇੱਕ ਵੇਲੇ ਤਾਂ ਅਸੀਂ ਆਪਣੀ ਤਾਕਤ ਆਪਣੇ ਭਰਾ, ਆਪਣੇ ਪੁੱਤਰਾਂ ਦੀ, ਆਪਣੇ ਕਿਸੇ ਅਫਸਰ ਦੀ ਤਾਕਤ ਮੰਨਦੇ ਹਾਂ। ਇੱਕ ਪਾਸੇ ਗੁਰੂ ਦੀ ਤਾਕਤ ਹੈ। ਜੇ ਖਿਮਾਂ ਕਰੀਏ, ਤਾਂ ਫੇਰ ਖਿਮਾਂ ਵਾਲਿਆਂ ਦੇ ਗੁਰੂ ਅੰਗ ਸੰਗ ਹੈ। ਖਿਮਾਂ ਵਾਲਿਆਂ ਦਾ ਗੁਰੂ ਪੱਖ ਕਰਦੈ, ਤਾਂ ਸਾਡੀਆਂ ਬਾਹਵਾਂ ਉੱਥੇ ਕੀ ਖੋਹ ਸਕਦੀਆਂ ਹਨ। ਸੋ ਮੈਂ ਏਨੇ ਸ਼ਬਦ ਕਹਿ ਕੇ, ਹੁਣ ਸਮਾਪਤ ਕਰਦਾ

ਹਾਂ। ਸਾਨੂੰ ਵੀ ਇਹ ਸਿੱਖਿਆ ਲੈਣੀ ਚਾਹੀਦੀ ਹੈ ਕਿ ਕਿਸੇ ਦੇ ਬਚਨ ਤੋਂ, ਕਿਸੇ ਦੀ ਗੱਲ ਤੋਂ, ਅਉਖੇ ਹੋਣਾਂ ਨਹੀਂ ਚਾਹੀਦਾ। ਨਿਯਮ ਇਸ਼ਨਾਨ ਦਾ, ਨਿਤਨੇਮ ਦਾ–

**ਮਨੁ ਹਾਲੀ**[੩੦] **ਕਿਰਸਾਣੀ ਕਰਣੀ ਸਰਮੁ**[੩੧] **ਪਾਣੀ ਤਨੁ ਖੇਤੁ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥**
**ਭਾਉ**[੩੨] **ਕਰਮ ਕਰਿ ਜੰਮਸੀ**[੩੩] **ਸੇ ਘਰ ਭਾਗਠ**[੩੪] **ਦੇਖੁ॥**

*– ਸੋਰਠ ਮ:੧, ਪੰਨਾ–੫੯੫*

ਕਪੜੇ ਭਾਵੇਂ ਕਿਹੋ ਜਿਹੇ ਹੋਣ, ਅੰਦਰ ਗਰੀਬੀ ਚਾਹੀਦੀ ਹੈ। ਉੱਤੋਂ ਭਾਵੇਂ ਪਾਟੇ ਲੀੜੇ ਪਾ ਕੇ ਜੇ ਅੰਦਰੋਂ ਸੜਿਆ ਫਿਰਦਾ ਹੈ, ਹੰਕਾਰ ਕਰਦਾ ਹੈ, ਤੇ ਉਸ ਨੂੰ ਕੁਛ ਨਹੀਂ ਫਾਇਦਾ ਹੁੰਦਾ। ................

**ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ॥**
**ਜੇ ਘਰਿ ਘਰਿ ਹੰਢੈ**[੩੫] **ਮੰਗਦਾ ਧਿਗੁ ਜੀਵਣੁ ਧਿਗੁ ਵੇਸੁ॥**

*– ਮ:੩, ਪੰਨਾ–੫੫੦*

ਇਹਦਾ ਨਾਂ ਗਰੀਬੀ ਨਹੀਂ–

**ਫਰੀਦਾ ਦਰਵੇਸੀ ਗਾਖੜੀ ਚੋਪੜੀ**[੩੬] **ਪਰੀਤਿ॥**
**ਇਕਨਿ ਕਿਨੈ**[੩੭] **ਚਾਲੀਆ,**

'ਨਨਾ' ਵੱਖਰਾ ਨਹੀਂ ਹੈ, 'ਨਨੇ' ਨੂੰ ਸਿਹਾਰੀ ਹੈ—**ਇਕਨਿ ਕਿਨੈ ਚਾਲੀਆ**–ਇੱਕੋ ਹੀ, ਇੱਕ ਅੱਧਾ ਚੱਲਿਆ ਹੈ।

**ਤੇਰਾ ਜਨੁ ਏਕੁ ਆਧੁ ਕੋਈ॥**

*–ਕੇਦਾਰ ਕਬੀਰ ਜੀ, ਪੰਨਾ–੧੧੨੩*

**ਦਰਵੇਸਾਵੀ**[੩੮] **ਰੀਤ॥**

*– ਪੰਨਾ–੧੩੮੪*

ਦਰਵੇਸਾਂ ਦੀ ਰੀਤ ਕੋਈ ਇੱਕ ਅੱਧਾ ਹੀ ਚਲਦਾ ਹੈ। ਤਾਂ ਇਹ ਅਰਜ਼ ਕਰਕੇ ਮੈਂ ਹੁਣ ਸਮਾਪਤ ਕਰਦਾ ਹਾਂ। ਹੁਣ ਨਿਤਨੇਮ ਕਰ ਲਈਏ। ਸਵੇਰੇ ਫਿਰ ਆਸਾ ਦੀ ਵਾਰ ਦਾ ਸਾਧ ਸੰਗਤ ਕਿਰਪਾ ਕਰਕੇ ਕੀਰਤਨ ਕਰ ਲਵੇ, ਨਾਲੇ ਨਿਤਨੇਮ ਹੋ ਜਾਏ, ਨਿਤਨੇਮ ਦਾ ਸਵੇਰੇ ਭੋਗ

ਪਾ ਲਈਏ। ਨਾਲ ਹੀ ਨਿਤਨੇਮ ਦੇ ਜਿਹੜੇ ਕੋਈ ਪਾਠ ਕੀਤੇ ਹੋਣ ਮਗਰੋਂ ਹੁਣ ਏਥੇ ਲਿਖ ਲਇਓ, ਏਥੋਂ ਨਿਤਨੇਮ ਤੋਂ ਉਠਕੇ। ਉਹ ਜਿੰਨੇ ਪਾਠ ਹੋ ਜਾਣ ਭੋਗ ਪਾ ਲਈਏ ਸਵੇਰੇ। ਇਹ ਆਪਾਂ ਪੁਰਬ ਨੂੰ ਸਮਾਪਤ ਕਰ ਕੇ ਰਹਾਂਗੇ, ਜਿੰਨੇ ਦਿਨ ਏਥੇ ਰਹਾਂਗੇ ਦਰਸ਼ਨ ਮੇਲਾ ਕਰਾਂਗੇ ਪਰ ਇਹ ਹੁਣ ਅੱਗੇ ਸਾਧ ਸੰਗਤ ਨੇ ਪ੍ਰਯੋਗ ਬਣਾਇਆ ਹੋਇਆ ਹੈ, ਜਿਸ ਨਮਿਤ ਇਹ ਹੈ ਉਸ ਨੂੰ ਸਵੇਰੇ ਸਮਾਪਤ ਕਰੀਏ।

**ਹੇ ਅਚੁਤ[੩੯] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੪੦]।।**
**ਹੇ ਪੂਰਨ ਹੇ ਸਰਬ[੪੧] ਮੈ ਦੁਖ ਭੰਜਨ[੪੨] ਗੁਣਤਾਸ[੪੩]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੪੪] ਸਭ ਟੇਕ[੪੫]।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ[੪੬] ਸਦਾ ਬਿਬੇਕ[੪੭]।।**
**ਹੇ ਅਪਰੰਪਰ[੪੮] ਹਰਿ ਹਰੇ ਹਹਿ[੪੯] ਭੀ ਹੋਵਨਹਾਰ[੫੦]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੫੧] ਆਧਾਰ।।**
**ਹੇ ਠਾਕੁਰ ਹਉ ਦਾਸਰੋ[੫੨] ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।**

*– ਪੰਨਾ–੨੬੧*

**– ਜਾਂਹੀ ਕੁਲ ਤੇ ਪਰਗਟ ਹੋਇ ਤਾਂਹੀ ਕੁਲ ਕੋ ਨਾਮ**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

## ਟਿੱਪਣੀਆਂ

★ ਖਟ ਰਿਤੂ—ਛੇ ਰੁੱਤਾਂ ਇਹ ਹਨ:

੧ ਬਸੰਤ ਰੁੱਤ—ਚੇਤ, ਵਿਸਾਖ।

੨ ਗ਼ੀਖਮ—ਜੇਠ, ਹਾੜ।

੩ ਵਰਖਾ—ਸੌਣ, ਭਾਦਰੋਂ।

੪ ਸਰਦ—ਅੱਸੂ, ਕੱਤਕ।

੫ ਹਿਮ—ਮੱਘਰ, ਪੋਹ।

੬ ਸਿਸਰੁ—ਮਾਘ, ਫੱਗਣ।

## ਸ਼ਬਦਾਰਥ

੧ ਪਿੱਠ ਦਾ ਫੋੜਾ, ਵਿਛੋੜੇ ਦਾ ਦੁੱਖ।

੨ ਪੀੜਾਂ।

੩ ਵਾਰਨੇ।

੪ ਪ੍ਰੀਤਮ ਦੇ ਵਿਛੋੜੇ ਦਾ ਦੁੱਖ।

੫ ਮੈਨੂੰ ਆ ਕੇ ਚੰਬੜਦਾ ਹੈ।

੬ ਗ੍ਰਸਿਆ ਹੋਇਆ, ਚੰਬੜਨ ਪੁਰ।

੭ ਨਾ ਜੀਊਂਦੀ ਹੈ ਤੇ ਨਾ ਹੀ ਮਰ ਸਕਦੀ ਹੈ।

੮ ਹੋਸ਼।

੯ ਬੇਹੋਸ਼ ਹੋ ਕੇ।

੧੦ ਡਿੱਗ ਪੈਂਦੀ ਹੈ।

੧੧ ਮੈਂ ਕਿਵੇਂ ਧੀਰਜ ਧਰ ਸਕਦੀ ਹਾਂ।

੧੨ ਉਲਾਂਭਾ।

੧੩ ਚੁਭਵੀਂ ਪੀੜਾ ਨਾਲ ਦੁਖੀ ਨਹੀਂ ਹੋਇਆ ਹਿਰਦਾ।

੧੪ ਖਿੱਚਿਆ ਨਹੀਂ ਗਿਆ, ਚੀਸ ਨਹੀਂ ਵੱਟੀ।

੧੫ ਵਿਛੋੜੇ ਦੇ ਦੁੱਖ ਰੂਪੀ।

੧੬ ਸੱਪ।

੧੭ ਮੰਤਰ।

੧੮ ਪੰਜ ਹਨ।

੧੯ ਘਰ ਬਾਹਰ, ਸਰੀਰ ਤੇ ਇੰਦਰੇ।

੨੦ ਹੇ ਪਿਆਰੇ।

੨੧ ਨਿੱਤ ਨਿੱਤ।

੨੨ ਹੇ ਭਾਈ।

੨੩ ਸਿਰ ਵੱਢ ਕੇ।

੨੪ ਬੈਠਣ ਨੂੰ ਆਸਣ ਕਰਦਿਆਂ।

੨੫ ਬੇਗਾਨਾ।

੨੬ ਸੰਤੋਖ ਵਿੱਚ।

੨੭ ਚਿੱਲਾ (ਧਨੁੱਖ ਦੀ ਤੰਦੀ)।

੨੮ ਅਕਾਲ ਪੁਰਖ।
੨੯ ਭੁੱਲ ਚੁਕ।
੩੦ ਹਲ ਵਾਹੁਣ ਵਾਲੇ।
੩੧ ਭੈੜੇ ਕੰਮਾਂ ਤੋਂ ਲੱਜਿਆ।
੩੨ ਪ੍ਰੇਮ ਰੂਪ ਕਰਮ ਕਰਕੇ।
੩੩ ਖੇਤੀ ਉਗੇਗੀ।
੩੪ ਧਨਾਢ, ਭਾਗਾਂ ਵਾਲਾ।
੩੫ ਫਿਰੇ।
੩੬ ਉੱਤੋਂ ਉੱਤੋਂ, ਫੋਕੀ।
੩੭ ਕਿਸੇ ਇੱਕ ਨੇ।
੩੮ ਫਕੀਰਾਂ ਵਾਲੀ।
੩੯ ਅਟੱਲ, ਨਾ ਡੋਲਣ ਵਾਲਾ।
੪੦ ਪਾਪਾਂ ਨੂੰ ਨਾਸ ਕਰਨ ਵਾਲੇ।
੪੧ ਸਰਬ ਰੂਪ।
੪੨ ਦੁੱਖਾਂ ਦੇ ਨਾਸ ਕਰਨ ਵਾਲਾ।
੪੩ ਗੁਣਾਂ ਦਾ ਭੰਡਾਰ।
੪੪ ਤਿੰਨਾਂ ਗੁਣਾਂ ਤੋਂ ਨਿਰਲੇਪ।
੪੫ ਆਸਰੇ।
੪੬ ਜਿਸ ਦੇ।
੪੭ ਗਿਆਨ ਪ੍ਰਕਾਸ਼।
੪੮ ਪਾਰਾਵਾਰ ਤੋਂ ਪਰੇ।
੪੯ ਹੈ ਹੁਣ।
੫੦ ਅੱਗੇ ਨੂੰ ਵੀ ਹੋਣ ਵਾਲਾ ਹੈ।
੫੧ ਨਿਰ ਆਸਰੇ।
੫੨ ਦਾਸ।

ਬੰਕੋਕ ੧੨-੧੦-੧੯੫੬

# ਬੈਂਕੋਕ - ਅਕਤੂਬਰ ੧੯੫੯ ★੧

**ਜਾਂਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ।।**
**ਪੁੰਨ ਦੁਆਦਸ ਗੁਰਿੰਡ ਕੇ ਮੇਰੀ ਹੈ ਪ੍ਰਨਾਮ।।**

ਮੈਂ ਅੱਜ ਥੋੜੇ ਜਿਹੇ ਸ਼ਬਦ ਤੁਹਾਨੂੰ ਗ੍ਰਿਹਸਤ ਮਾਮਲੇ ਉੱਤੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ।

## ਬ੍ਰਹਮਚਾਰੀ ਕੈਸਾ ਹੋਵੇ

ਚਾਰ ਹਿੱਸੇ ਸਾਡਿਆਂ ਮਹਾਂਪੁਰਸ਼ਾਂ ਨੇ ਸਾਡੀ ਜ਼ਿੰਦਗੀ ਦੇ ਬਣਾਏ ਹਨ। ਪਹਿਲਾ ਹਿੱਸਾ ਹੈ ਬ੍ਰਹਮਚਾਰੀ। ਬ੍ਰਹਮਚਾਰੀ ਕੈਸਾ ਹੋਵੇ—ਜਿਹੜਾ ਜ਼ਬਾਨ ਨਾਲ ਕਦੇ ਐਸੇ ਸ਼ਬਦ ਨਾ ਕਹੇ—ਕ੍ਰੋਧ ਨਾ ਆਵੇ—ਕਾਮ ਨਾ ਜਿਨ੍ਹਾਂ ਨਾਲ ਆਵੇ—ਲਾਲਚ ਨਾ ਜਿਨ੍ਹਾਂ ਨਾਲ ਪੈਦਾ ਹੋਵੇ—ਕਿਸੇ ਚੀਜ਼ ਨਾਲ ਮੋਹ ਨਾ ਪੈਦਾ ਹੋਵੇ—ਕਿਸੇ ਚੀਜ਼ ਦਾ ਲੋਭ ਨਾ ਚਿਤ ਵਿੱਚ ਆਵੇ। ਪਰ, ਦੁੱਖ ਦੀ ਬਾਤ ਹੈ, ਕਿ ਦੂਸਰੇ ਲੋਕ ਜਦੋਂ ਤੋਂ ਉਹ ਸਾਡੇ ਭਾਰਤ ਵਰਸ਼ ਤੇ ਆ ਕੇ ਹੱਲੇ ਕਰਦੇ ਰਹੇ, ਉਹਨਾਂ ਹੱਲਿਆਂ ਦਾ ਨਤੀਜਾ ਇਹ ਹੋਇਆ ਕਿ ਸਾਡੀ ਸਭਿਅਤਾ ਦਾ ਬਹੁਤ ਸਾਰਾ ਨੁਕਸਾਨ ਹੋਇਆ। ਬਹੁਤ ਅੱਛੇ ਅੱਛੇ ਆਦਮੀਆਂ ਦੀ ਤਾਂ ਉਹਨਾਂ ਨੇ ਕੋਸ਼ਿਸ਼ ਇਹ ਕੀਤੀ—ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਾਦਰ ਭਾਵ ਤੋਂ ਪਹਿਲੇ ਦਾ ਹਾਲ ਸਾਡੇ ਸੰਤ ਜੀ ਲਿਖਦੇ ਹਨ, ਗਿਆਨੀ ਜੀ ਕਹਿੰਦੇ ਹਨ—

*ਸਯਦ ਸ਼ੇਖ ਮੁਗਲ ਪਾਠਾਨ,*
*ਜ਼ਾਲਮ ਭਏ ਜਬੀ ਬਲਵਾਨ।*
*ਹਿੰਦੁਨ ਕੋ ਦੁਖ ਦਇਓ ਮਹਾਏ,*
*ਦੇਵਨ ਕੇ ਮੰਦਰ ਗਿਰਵਾਏ।*
*ਘੋਰ ਨਾਥ ਸੇ ਔਘੜ ਸਾਧੂ,*
*ਪੰਡਿਤ ਦੱਤ ਸੇ ਸਮਤ ਅਘਾਧੂ।*
*ਮਰਵਾ ਚੀਲਾਂ ਕੋ ਖਲਵਾਏ,*
*ਕੇਚਿਤ ਕਚੇ ਚੰਮ ਮੜ੍ਹਾਏ।*
*ਕੇਚਿਤ ਮੇਖੈਂ ਠੋਕ ਸੁਕਾਏ,*
*ਕੇਚਿਤ ਕੁਤਿਓਂ ਸੇ ਤੁੜਵਾਏ।*

ਜਿਸ ਜਗ੍ਹਾ ਸੋਮੇ ਸੀ ਨ, ਮੁਸਲਮਾਨ ਨੇ ਬਹੁਤ ਚੀਜ਼ਾਂ ਐਸੀਆਂ ਕੀਤੀਆਂ, ਕਿ ਜਿਸਦੇ ਨਾਲ ਧਰਮ ਨੂੰ ਨੁਕਸਾਨ ਪਹੁੰਚਾਇਆ। ਜੇ ਜੜ੍ਹਾਂ ਦਰੱਖ਼ਤ ਦੀਆਂ ਦੇ ਵਿੱਚ, ਕੋਈ ਐਸੀ ਚੀਜ਼ ਪੈ ਜਾਏ, ਉਹ ਜੜ੍ਹਾਂ ਦਰੱਖ਼ਤ ਦੀਆਂ ਬੋਦੀਆਂ ਹੋ ਜਾਣ, ਤਾਂ ਪੱਤੇ, ਫਲ ਸਭ ਕੁਛ ਸੁੱਕਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਮਨੁੱਖ ਦਾ ਧਰਮ ਹੈ—ਜੜ੍ਹ। ਉਹ ਸਾਰ ਕਤਾਵਲੀ ਛੋਟਾ ਜਿਹਾ ਪੁਸਤਕ ਹੈ, ਉਹਨਾਂ ਨੇ ਲਿਖਿਆ ਹੈ–

*ਧਰਮ ਸਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੀ।*
*ਧਰਮ ਧਰੇ ਬੁਧਮਾਨ ਨਿਰੰਤਰ ਚੀਤ ਮਝਾਰੀ।*

ਧਰਮ ਐਸੀ ਚੀਜ਼ ਹੈ, ਜਿਸਦੇ ਵਾਸਤੇ ਸਾਡੇ ਸਤਿਗੁਰਾਂ ਨੇ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕੱਚੇ ਚੰਮ ਵਿੱਚ ਮੜ੍ਹਨਾ ਨਾ ਗਊ ਦੇ ਵਿੱਚ ਮੰਨਿਆ, ਸਰੀਰ ਛੱਡ ਦਿੱਤਾ। ਧਰਮ ਦੀ ਮਹੱਤਤਾ ਨੂੰ, ਧਰਮ ਨੂੰ ਉਹ ਜਾਣਦੇ ਸਨ, ਸਾਡੇ ਪੁਰਾਤਨ ਆਦਮੀ ਜਾਣਦੇ ਸਨ। ਉਹ ਛੋਟਾ ਜਿਹਾ ਬਾਲਕ ਹਕੀਕਤ ਰਾਇ ਧਰਮ ਨੂੰ ਜਾਣਦਾ ਸੀ। ਉਸ ਨੇ ਸਰੀਰ ਦੇ ਦਿੱਤਾ, ਧਰਮ ਨਾ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਕਲਮ ਨਾਲ ਬਚਿਤ੍ਰ ਨਾਟਕ ਵਿੱਚ, ਜਿੱਥੇ ਗੁਰੂ ਤੇਗ਼ ਬਹਾਦਰ ਦਾ ਬਲੀਦਾਨ ਹੈ, ਉੱਥੇ ਲਿਖਦੇ ਹਨ–

**ਠੀਕਰਿ ਫੋਰਿ ਦਿਲੀਸ[੧] ਸਿਰਿ ਪ੍ਰਭ ਪੁਰ[੨] ਕੀਆ ਪਯਾਨ[੩]।।**
**ਤੇਗ ਬਹਾਦਰ ਸੀ ਕ੍ਰਿਆ[੪] ਕਰੀ ਨ ਕਿਨਹੂੰ ਆਨ[੫]।।**

*- ਦਸਮ ਗ੍ਰੰਥ, ਪੰਨਾ-੫੪*

ਪੈਸੇ ਲੈਣ ਵਾਸਤੇ ਨਹੀਂ, ਆਪਣੇ ਬੱਚਿਆਂ ਵਾਸਤੇ ਨਹੀਂ, ਜਾਇਦਾਦ ਵਾਸਤੇ ਨਹੀਂ।

**ਧਰਮ ਹੇਤ ਸਾਕਾ[੬] ਜਿਨਿ ਕੀਆ।।**
**ਸੀਸੁ ਦੀਆ ਪਰੁ ਸਿਰਰੁ[੭] ਨ ਦੀਆ।।**

*-ਦਸਮ ਗ੍ਰੰਥ, ਪੰਨਾ-੫੪*

**- ਤਿਲਕ ਜੰਞੂ[੮] ਰਾਖਾ ਪ੍ਰਭ ਤਾਕਾ।।**
**ਕੀਨੋ ਬਡੋ ਕਲੂ ਮਹਿ ਸਾਕਾ।।**

*-ਦਸਮ ਗ੍ਰੰਥ, ਪੰਨਾ-੫੪*

ਜੰਞੂ ਤਿਲਕ ਦੀ ਰਾਖੀ ਵਾਸਤੇ, ਕਿਉਂਕਿ ਜ਼ੁਲਮ ਨਾਲ—ਮਜ਼੍ਹਬ ਜ਼ੁਲਮ ਨਾਲ ਤਬਦੀਲ ਕਰਦਾ ਸੀ। ਆਪ ਕਦੇ ਕਦੇ ਗੁਰੂ ਸਾਹਿਬ ਜਦੋਂ ਲਿਖਦੇ ਹਨ-

**ਸਕਲ ਜਗਤ ਮੋ ਖਾਲਸਾ ਪੰਥ ਗਾਜੈ।।**
**ਜਗੈ ਧਰਮ ਹਿੰਦੁਕ ਤੁਰਕ ਦੁੰਦ ਭਾਜੈ।।**

*- ਉਗ੍ਰ ਦੰਤੀ, ਛਕਾ-੧*

ਹਿੰਦੂ ਧਰਮ ਤੇ ਖ਼ਾਲਸਾ ਦੋ ਚੀਜ਼ਾਂ ਨਹੀਂ ਹਨ। ਲੇਕਿਨ ਅੰਗਰੇਜ਼ ਜਾਂਦਾ ਜਾਂਦਾ ਇੱਕ ਵਿੱਥ ਕਰ ਗਿਆ, ਜਿਸਦੇ ਨਾਲ ਹਿੰਦੂ ਤੇ ਸਿੱਖ ਏਡੇ ਦੂਰ ਹੋ ਗਏ। ਨਾ ਇਹਨਾਂ ਨੂੰ ਹੁਣ ਕੁਝ ਸਮਝ ਰਹੀ। ਮੈਂ ਜਿਹੜੀ ਪਹਿਲਾਂ ਅਰਜ਼ ਕੀਤੀ ਸੀ ਕਿ ਧਾਰਮਿਕ ਪੁਰਸ਼ ਸਾਡੇ ਜਿਹੜੇ ਸਨ, ਉਨ੍ਹਾਂ ਨੂੰ ਚੁਗ ਚੁਗ ਕੇ, ਉਹਨਾਂ ਦੀ ਹੱਤਿਆ ਕੀਤੀ। ਗੁਰੂ ਤੇਗ ਬਹਾਦਰ ਜੀ ਦਾ ਕੀ ਕਸੂਰ ਸੀ ? ਪਰ ਉਹਨਾਂ ਸਮਝਿਆ, ਕਿ ਅਗਰ ਇਹ ਆਦਮੀ ਇਸ ਤਰ੍ਹਾਂ ਲੋਕਾਂ ਨੂੰ ਉਪਦੇਸ਼ ਦਿੰਦੇ ਰਹਿਣਗੇ ਤਾਂ ਧਰਮ ਜਿਊਂਦਾ ਰਹੇਗਾ। ਜਿਤਨਾ ਚਿਰ ਧਰਮ ਜਿਊਂਦਾ ਹੈ, ਸਭ ਕੁਛ ਉਸਦੇ ਪਿੱਛੇ ਹੈ। ਤਾਂ ਧਾਰਮਿਕ ਪੁਰਸ਼ ਬਹੁਤ ਕਮ ਰਹਿ ਗਏ।

੨੫ ਸਾਲ ਦੀ ਉਮਰ ਤਕ ਮਾਲਸ਼ ਨਹੀਂ ਕਰਨੀ ਕਿਉਂਕਿ ਚਮਕ ਨਾ ਆਵੇ ਸਰੀਰ ਵਿੱਚ। ਖਾਵੇ ਬੇਸ਼ਕ, ਲੜਕਾ ਕਸਰਤ ਬੇਸ਼ਕ ਕਰੇ, ਗਤਕਾ ਖੇਡੇ, ਘੁਲੇ, ਲੇਕਿਨ ਮਾਲਸ਼ ਨਾ ਕਰੇ। ਕਦੇ ਇਹ ਨਾ ਹੋਵੇ ਕਿ ਪਿੰਡਾ ਚਮਕਦਾ ਹੈ; ਕੋਈ ਦੇਖੇ ਇਹਦੇ ਵੱਲ—ਬ੍ਰਹਮਚਾਰੀ ਦੇ ਨਿਯਮ।

ਅੱਜ ਤਾਂ ਹੁਣ ਗੱਲ ਕੀ ਕਰਨੀ ਹੈ। ਲੋਕਾਂ ਨੂੰ ਤਾਂ ਹੁਣ ਇੱਕ ਮਖੌਲ ਬਣ ਗਿਆ ਹੈ ਸਾਡੇ ਕੋਲ, ਪਰ ਜਿਤਨਾ ਚਿਰ ਉਸੇ ਹਿੰਦੁਸਤਾਨ ਦੀ, ਉਸੇ ਹੀ ਭਾਰਤ ਵਰਸ਼ ਦੀ ਸਭਿਅਤਾ ਨੂੰ ਅਸੀਂ ਨਾ ਅਪਣਾਵਾਂਗੇ, ਉਨਾਂ ਚਿਰ ਕਦੇ ਵੀ ਦੁਨੀਆਂ ਵਿੱਚ ਅਮਨ ਔਰ ਸ਼ਾਂਤੀ ਨਹੀਂ ਹੋ ਸਕਦੀ। ਭਾਵੇਂ ਕੋਈ ਕੁਛ ਕਰੇ। ਕਿਉਂਕਿ ਧਰਮ ਨੇ ਇਹ ਗੱਲ ਦੱਸਣੀ ਹੈ। ਧਰਮ ਤੋਂ ਇਹ ਪਤਾ ਲੱਗਣਾ ਹੈ ਕਿ ਕਿਸੇ ਦੀ ਚੀਜ਼ ਨੂੰ ਨਾ ਛੇੜੋ, ਬੇਗਾਨੀ ਅੰਸ ਦਾ ਤਿਆਗ ਕਰੋ। ਫਿਰ ਕਿਉਂ ਰੌਲਾ ਪਊ, ਜਦੋਂ ਮੇਰੇ ਚਿਤ ਵਿੱਚ ਇਹ ਚੀਜ਼ ਹੀ ਨਾ ਹੋਊ ਕਿ ਮੈਂ ਕਿਸੇ ਦੀ ਚੀਜ਼ ਛੇੜਨੀ ਹੈ। ਜੇ ਸਾਰਿਆਂ ਨੂੰ ਇਹੋ ਗਿਆਨ ਹੋ ਜਾਏ, ਕੋਈ ਨਾ ਛੇੜੇ, ਆਪੋ ਆਪਣੇ ਥਾਂ ਖੜੇ ਕਰਨ।

ਕਿਉਂ—ਕਿਸੇ ਦੀ ਕੀ ਜ਼ਰੂਰਤ ਹੈ। ਕੀ ਐਟਮ ਬੰਬਾਂ ਦੀ ਜ਼ਰੂਰਤ ਹੈ ? ਹਾਈਡਰੋਜਨ ਦੀ ਕਿਆ ਲੋੜ ਹੈ ? ਸਾਰੇ ਇੱਕੇ ਵੇਰ ਸਮੁੰਦਰ 'ਚ ਸੁੱਟੇ ਜਾਣ। ਧਰਮ ਉੱਤੇ ਖੜੇ ਹੋ ਜਾਉ। ਧਰਮ ਨੂੰ ਗਿਰਾਇਆ ਗਿਆ ਔਰ ਧਾਰਮਿਕ ਪੁਰਸ਼ਾਂ ਨੂੰ ਗਿਰਾਇਆ ਗਿਆ। ਇਸੇ ਹੀ ਵਾਸਤੇ ਸਤਿਗੁਰੂ ਅਕਾਲ ਪੁਰਖ ਕਿਸੇ ਰੂਪ 'ਚ ਅਵਤਾਰ ਮੰਨ ਕੇ, ਕ੍ਰਿਸ਼ਨ ਮਹਾਰਾਜ, ਰਾਮਚੰਦਰ ਮਹਾਰਾਜ, ਕੁਛ ਮੰਨ ਲਓ, ਸ਼ੰਕਰ ਜੀ ਮਹਾਰਾਜ, ਕੋਈ ਰੂਪ ਉਹ ਧਾਰ ਕੇ ਆਏ। ਸਤਿਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਕਿਸੇ ਰੂਪ 'ਚ ਉਹ ਆਏ। ਉਹਨਾਂ ਨੇ ਆ ਕੇ ਹੋਰ ਕੁਝ ਨਹੀਂ ਕੀਤਾ।

*ਧਰਮ ਧਉਲੁ ਪੁਕਾਰੈ ਤਲੈ ਖੜੋਆ।*

ਭਾਈ ਗੁਰਦਾਸ ਜੀ ਕਹਿੰਦੇ ਨੇ–

*ਥੰਮੈ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।*

*– ਵਾਰ ੧, ਪਉੜੀ–੨੨*

**– ਸਾਧ ਨਾਮ ਨਿਰਮਲ ਤਾ ਕੇ ਕਰਮ।।**

*–ਗਉੜੀ ਮ:੫, ਪੰਨਾ–੨੯੬*

ਜਿਸਦੇ ਕਰਮਾਂ 'ਚ ਮੈਲ ਨਹੀਂ ਹੈ, ਉਹ ਸਾਧ ਹੈ—ਨਾ ਭਗਵਿਆਂ ਵਾਲਾ—ਨਾ ਚਿੱਟਿਆਂ ਵਾਲਾ—ਨਾ ਮਾਲਾ ਵਾਲਾ—ਨਾ ਕਿਰਪਾਨ ਵਾਲਾ। ਇੱਥੇ ਰੌਲਾ ਹੀ ਨਹੀਂ। ਤਾਂ ਪਹਿਲਾ ਹਿੱਸਾ ਸੀ ਇਸਦਾ ਕਿ ਇਹ ਬ੍ਰਹਮਚਾਰੀ ਹੋਵੇ। ਪਰ ਇਹ ਬਣੇ ਬ੍ਰਹਮਚਾਰੀ ਕਿਸ ਤਰ੍ਹਾਂ ? ਇਹਨੂੰ ਬਣਾਵੇ ਕੌਣ ? ਇਹਨੂੰ ਸਿੱਖਿਆ ਕਿੱਥੋਂ ਮਿਲੇ ?

ਕਿੱਥੇ ਸਨ ਉਹ ਸਾਡੀਆਂ ਮਾਤਾ ਮਦਾਲਸਾ ਜੈਸੀਆਂ, ਜਿਹਨਾਂ ਨੇ ਆਪਣਿਆਂ ਪੁੱਤਰਾਂ ਨੂੰ ਜਨਮਦਿਆਂ ਤੋਂ ਹੀ ਐਸਾ ਉਪਦੇਸ਼ ਦਿੱਤਾ—ਕਿ ਤੂੰ ਸ਼ੁੱਧੋ ਹੈਂ—ਤੂੰ ਬੁੱਧੋ ਹੈਂ—ਇਹ ਮਾਇਆ ਹੈ, ਜਗਤ ਜਿਹੜਾ ਹੈ—ਤੂੰ ਛੱਡ ਦੇ ਇਸ ਨੂੰ। ਜਿਸ ਦਿਨ ਬੱਚੇ ਨੇ ਜਵਾਨ ਹੋਣਾ, ਮਾਈ ਦੇ ਇਸ ਉਪਦੇਸ਼ ਤੋਂ ਉਹਨੇ ਬਣ ਨੂੰ ਚਲੇ ਜਾਣਾ। ਅਖੀਰ ਫਿਰ ਰਾਜੇ ਨੇ ਆਖਿਆ—ਕਰਮਾਂ ਵਾਲੀਏ, ਇਹ ਸਾਰਾ ਰਾਜ ਭਾਗ ਜਾਏਗਾ, ਕੁਛ ਇਸ ਨੂੰ ਥੋੜ੍ਹਾ ਜਿਹਾ ਵਿਹਾਰਕ ਰਹਿਣ ਦੇ। ਉਸ ਨੇ ਲਿਖ ਕੇ ਇਹੋ ਹੀ ਚੀਜ਼, ਸ਼ੁੱਧੋ ਸੀ, ਬੁੱਧੋ ਸੀ, ਜਗਤ ਮਾਇਆ ਪਰੀਵਰਜਤੋ ਸੀ। ਇਸ ਤਰ੍ਹਾਂ ਦੇ ਕੁਝ ਸ਼ਬਦ[★੨] ਹਨ, ਮੈਨੂੰ ਸ਼ਬਦ ਭੁੱਲ ਜਾਂਦੇ ਨੇ, ਪੰਡਤ ਜੀ ਨੂੰ ਸ਼ਾਇਦ ਯਾਦ ਹੋਣਗੇ। ਤਾਂ ਉਸ ਨੇ ਆਖਿਆ—ਕਿ ਕਾਕਾ, ਜੇ ਤੈਨੂੰ ਅਤਿ ਦੁੱਖ ਹੋਵੇ—ਉਹਦੇ ਡੌਲੇ ਨਾਲ ਤਵੀਤ ਬਣਾ ਕੇ ਬੰਨ੍ਹ ਦਿੱਤਾ—ਕਿ ਤੈਨੂੰ ਕਿਤੇ ਅਤਿ ਦੁੱਖ ਹੋਵੇ ਤੇ ਉਦੋਂ ਪੜ੍ਹ ਲਈਂ। ਉਹ ਰਾਜ ਕਰਦਾ ਰਿਹਾ, ਸਭ ਕੁਝ। ਜਿਸ ਦਿਨ ਜ਼ਿਆਦਾ ਤਕਲੀਫ ਹੋਈ ਵਜ਼ੀਰ ਚੜ੍ਹ ਕੇ ਆਇਆ, ਖੋਲ੍ਹ ਕੇ ਦੇਖਿਆ, ਛੱਡਕੇ ਕਹਿੰਦਾ—ਲੈ ਭਾਈਆ ਲੈ ਲੈ, ਮੈਨੂੰ ਤਾਂ ਲੋੜ ਹੀ ਕਾਸੇ ਦੀ ਨਹੀਂ। ਗੁਰੂ ਸਾਹਿਬ ਨੇ ਬਾਣੀ 'ਚ ਕਿਹਾ ਹੈ–

**ਪਰ ਕਾ ਬੁਰਾ ਨਾ ਰਾਖਹੁ ਚੀਤ।।**
**ਤੁਮ ਕਉ ਦੁਖੁ ਨਹੀ ਭਾਈ ਮੀਤ।।**

*–ਆਸਾ ਮ:੫, ਪੰਨਾ–੩੮੬*

ਉਹ ਮਹਾਂਪੁਰਸ਼, ਉਹ ਸਾਡੀਆਂ ਮਾਤਾਵਾਂ—ਉਹ ਗਾਰਗੀ ਜੈਸੀ

ਮਾਤਾ, ਅਨੁਸੂਯਾ ਜੈਸੀ ਮਾਤਾ ਆਪਣੇ ਤੱਪ ਦੇ ਬਲ ਵਾਲੀਆਂ ਉਹ ਮਾਤਾਵਾਂ ਜਿਨ੍ਹਾਂ ਵਿੱਚ ਇਹ ਤਾਕਤ ਸੀ।

ਉਹਨਾਂ ਆਖਿਆ—ਤੇਰਾ ਪਤੀ ਸੂਰਜ ਚੜ੍ਹਦਿਆਂ ਮਰ ਜਾਣਾ ਹੈ।

ਉਹਨੇ ਆਖਿਆ—ਮੈਂ ਸੂਰਜ ਹੀ ਨਹੀਂ ਚੜ੍ਹਨ ਦੇਣਾ। ਸ੍ਰਿਸ਼ਟੀ ਤੇ ਹਨੇਰਾ ਹੋ ਗਿਆ। ਸਾਡੀਓ ਬੀਬੀਓ, ਮਾਈਓ, ਭੈਣੋਂ, ਤੁਸੀਂ ਵੀ ਉਹੋ ਜਹੀਆਂ ਹੋ ਸਕਦੀਆਂ ਹੋ ਅਗਰ ਤੁਸੀ ਆਪਣੇ ਆਚਰਨ ਨੂੰ ਉੱਚਾ ਕਰੋ। ਜਿਹੜਾ ਰਾਵਣ ਸੀਤਾ ਨੂੰ ਚੁੱਕ ਕੇ ਲਿਜਾ ਸਕਦਾ ਹੈ, ਸਤਿ ਨਹੀਂ ਭੰਗ ਕਰ ਸਕਦਾ। ਉਸ ਦੇ ਸਤਿ ਦਾ ਬਲ ਸੀ, ਉੱਥੇ ਆ ਕੇ, ਉਸ ਦੇ ਤਪ ਦੇ ਅੱਗੇ ਆ ਕੇ—ਉਹ ਖਲੋ ਕੇ ਗੱਲ ਨਹੀਂ ਸੀ ਕਰ ਸਕਦਾ।

## ਗ੍ਰਿਹਸਤ ਧਰਮ

ਦੂਸਰਾ ਹਿੱਸਾ ੨੫ ਸਾਲ ਦੀ ਉਮਰ ਤੱਕ ਬੱਚਿਆਂ ਨੇ ਆਸ਼ਰਮ ਵਿੱਚ ਪੜ੍ਹਨਾ, ਤੇ ਪੜ੍ਹਨਾ ਕਿਨ੍ਹਾਂ ਕੋਲ—ਉਹ ਹੈ ਚੌਥੇ ਦਰਜੇ ਦੇ ਆਦਮੀ। ਸਾਡਾ ਇੱਕ ਹਿੱਸਾ ਚੌਥਾ—ਪਹਿਲਾ ਬ੍ਰਹਮਚਾਰੀ ਦਾ, ਜਿਸਦੇ ਵਿੱਚ ਇਸਦਾ ਸਰੀਰ ਬਣ ਜਾਏ। ੨੫ ਸਾਲ ਦੀ ਉਮਰ ਤੱਕ ਪਹੁੰਚ ਜਾਏ। ਸੌ ਵਰ੍ਹਾ ਅੱਜ ਅਸੀਂ ਗਿਣਦੇ ਹਾਂ। ੨੨-੨੪ ਦਾ ਹੋ ਜਾਏ, ਹੱਡ ਜਿਦਣ ਨੂੰ ਪੱਕੇ ਹੋ ਜਾਣੇ ਹਨ। ਉਹ ਨਾ ਬਈ ੧੨ ਵਰ੍ਹਿਆਂ ਦੇ ਨੂੰ ਹੀ, ਪਹਿਲਾਂ ਅੱਵਲ ਤੇ ਵੱਡਿਆਂ ਆਦਮੀਆਂ ਦੇ ਤਾਂ ਲੜਕੇ ਜੰਮਦੇ ਨੇ ਨ, ਉਦਣ ਹੀ ਉਹਨਾਂ ਦੇ ਮੂੰਹ ਨੂੰ ਲੋਕ ਛੁਹਾਰੇ ਲਾਉਣ ਚਲੇ ਜਾਂਦੇ ਹਨ। ਉਹਨੂੰ ਵੀ ਖਿਆਲ ਹੁੰਦਾ ਹੈ—ਮੇਰਾ ਵਿਆਹ ਹੋਣਾ ਹੈ, ਫਲਾਣੇ ਦੀ ਧੀ ਨਾਲ। ਉਹ ਕਿਹੋ ਜਿਹੀ ਹੈ। ਉਹ ਕੀ ਗੱਲਾਂ ਕਰਾਂ, ਪਹਿਲਾਂ ਹੀ—ਆਪਣੇ ਵਕਤ ਤੋਂ ਪਹਿਲਾਂ ਹੀ ਉਹਨਾਂ ਦਾ ਨਾਸ ਹੋ ਜਾਂਦਾ ਹੈ। ਲੜਕੀਆਂ ਦਾ ਵੀ ਇਸੇ ਤਰ੍ਹਾਂ ਹੋ ਜਾਂਦਾ ਹੈ। ਹੁਣ ਤੁਸੀਂ ਦੇਖ ਲਓ, ਮੈਨੂੰ ਦੁੱਖ ਲਗਦਾ ਹੈ, ਜਦੋਂ ਮੈਂ ਜੁਆਨ ਲੜਕੀਆਂ ਲੜਕਿਆਂ ਨੂੰ ਦੇਖਦਾ ਹਾਂ—ਦਸ ਸਾਲ ਤੋਂ ਉੱਤੇ ਤੇ ਵੀਹ ਸਾਲ ਦੇ ਅੰਦਰ, ਤਾਂ ਮੈਨੂੰ ਚਿਹਰੇ ਤੇ ਲਾਲੀ ਨਹੀਂ ਦਿਸਦੀ। ਕੋਈ ਰੰਗ ਲਾ ਕੇ ਭਾਵੇਂ ਕਰ ਲਏ, ਨਹੁੰਆਂ ਨੂੰ ਰੰਗ ਲਵੇ ਲੇਕਿਨ ਵਿੱਚ ਲਾਲੀ ਕਿਉਂ ਨਹੀਂ ਰਹਿ ਗਈ।

ਗੁਰੂ ਜੀ ਨੇ ਲਿਖਿਆ ਹੈ–

**ਕਾਮੁ ਕ੍ਰੋਧੁ ਕਾਇਆ ਕਉ ਗਾਲੈ।।**
**ਜਿਉ ਕੰਚਨ ਸੋਹਾਗਾ ਢਾਲੈ।।**

*–ਪੰਨਾ–੯੩੨*

ਕਾਮ ਔਰ ਕ੍ਰੋਧ ਦੋ ਚੀਜ਼ਾਂ ਸਰੀਰ ਨੂੰ ਗਾਲਦੀਆਂ ਹਨ, ਜਿਸ ਤਰ੍ਹਾਂ ਸੁਹਾਗੇ ਨੂੰ ਪਾਈਏ ਨਾ ਜਿੰਨਾ ਚਿਰ, ਭਾਵੇਂ ਕਿੰਨੀ ਅੱਗ ਦੇਈ ਜਾਈਏ ਸੋਨੇ ਨੂੰ, ਜੇ ਉੱਤੇ ਸੁਹਾਗੇ ਪਾ ਦੇਈਏ ਤਾਂ ਢਲ ਜਾਂਦਾ ਹੈ। ਬ੍ਰਹਮਚਾਰੀ ਬਣੇ, ੨੫ ਸਾਲ ਤਕ, ਫਿਰ ਉਹ ਗ੍ਰਹਿਸਤੀ ਬਣੇ। ਗ੍ਰਹਿਸਤ ਧਰਮ ਦੀ ਕੋਈ ਸਿੱਖਿਆ ਨਹੀਂ ਅੱਜ ਦਿੰਦਾ, ਕਿ ਗ੍ਰਹਿਸਤ ਧਰਮ ਕਿਆ ਚੀਜ਼ ਹੈ। ਗ੍ਰਹਿਸਤੀ ਕਿਸਦਾ ਨਾਮ ਹੈ। ਫੇਰ ਜਦੋਂ ੫੦ ਸਾਲ ਦਾ ਗ੍ਰਹਿਸਤੀ ਹੋ ਗਿਆ, ਬੱਚਾ ੨੦–੨੨ ਸਾਲ ਦਾ ਹੋ ਗਿਆ, ਛੱਡਕੇ ਬਾਣ ਪ੍ਰਸਤ ਹੋ ਗਏ ਮਾਂ ਪਿਓ, ਦੋਨੋਂ ਹੀ ਨਿਕਲ ਗਏ ਬਾਹਰ। ਤੀਰਥਾਂ ਦਾ ਭ੍ਰਮਣ ਕੀਤਾ, ਦੇਸ ਦਿਸੰਤਰ ਦੇਖੇ, ਸਾਰੀ ਦੁਨੀਆਂ ਦੇਖੀ, ਕਿਆ ਸ੍ਰਿਸ਼ਟੀ ’ਚ ਹੈ। ਜਿਸ ਦਿਨ ਉਹ ੭੫ ਸਾਲ ਦਾ ਹੋ ਗਿਆ, ਤਿੰਨ ਅਵਸਥਾ ਭੋਗ ਕੇ, ਫਿਰ ਉਹ ਬਣਿਆ ਸਾਧੂ, ਸੰਨਿਆਸੀ ਕਹਿ ਲਓ, ਸਿੱਖ ਕਹਿ ਲਓ, ਕੁਝ ਕਹਿ ਲਓ। ਉਹ ਬੈਠਾ ਆ ਕਿਸੇ ਦੇ ਡੇਰੇ ’ਚ, ਧਰਮਸ਼ਾਲਾ ’ਚ, ਜਾਂ ਗੁਰਦੁਆਰੇ ’ਚ ਜਾਂ ਮਸੀਤ, ਕੁਛ ਕਹੋ। ਜਿਸ ਆਦਮੀ ਦਾ ੭੫ ਸਾਲ ਦੀ ਉਮਰ ਦਾ ਆਪਣਾ ਤਜਰਬਾ ਹੈ; ਉਸ ਦੀ ਉਮਰ ਬਿਰਧ ਹੋ ਗਈ ਹੈ; ਉਹ ਤੁਰਦਾ ਹੌਲੀ ਹੈ; ਉਹ ਗੱਲ ਹੌਲੀ ਕਰਦਾ ਹੈ; ਉਸ ਨੇ ਬੜਾ ਕੁਛ ਦੇਖਿਆ ਹੈ; ਉਹਨੂੰ ਪਤਾ ਹੈ ਕਿ ਆਹ ਕੰਮ ਮਾੜੇ ਹਨ। ਜਿਹੜੇ ਬੱਚੇ ਉਹਦੇ ਕੋਲ ਬੈਠਣ—ਬੱਚੇ ਦਾ ਕੰਮ ਹੈ—ਹਿਤੋਪਦੇਸ਼ ਦੇ ਵਿੱਚ ਲਿਖਿਆ ਹੈ—

*ਯਕ ਨਵੇਂ ਭਾਂਜਨੇ ਲਗਨੇ ਸੰਸਕਾਰੋ ਨਾ ਅਨਥਾ ਭਵੇਤ।*

—ਜਿਸ ਤਰ੍ਹਾਂ ਕੱਚਾ ਮਿੱਟੀ ਦਾ ਭਾਂਡਾ ਘੁਮਿਆਰ ਬਣਾ ਕੇ, ਉਹਦੇ ਤੇ ਲੀਕਾਂ ਖਿੱਚ ਦਿੰਦਾ ਹੈ। ਆਵੀ ’ਚ ਪੈਣ ਤੋਂ ਪਹਿਲਾਂ, ਫਿਰ ਉਹ ਆਵੀ ’ਚ ਜਦੋਂ ਜਾ ਪਵੇ, ਉਸ ਦੀਆਂ ਲੀਕਾਂ ਨਹੀਂ ਮਿਟਦੀਆਂ। ਇਸੇ ਤਰ੍ਹਾਂ ਹੀ ਬੱਚੇ ਨੂੰ ਜੋ ਮਾਂ ਪਿਓ ਦੀ ਹਰਕਤ, ਜੋ ਪੜ੍ਹਾਉਣ ਵਾਲਿਆਂ ਦੀ ਹਰਕਤ,

ਜੋ ਲੋਕਾਂ ਦੀ ਹਰਕਤ ਬੱਚਾ ਦੇਖਦਾ ਹੈ। ਹੁਣ ਇਹ ਮੁਲਕ ਕੈਸਾ ਸੀ, ਜਿਹਦੇ ਵਿੱਚ ਕੈਸੇ ਸਾਧੂ ਸਨ ਕਿ ਜਦੋਂ ਉਹ ਵੱਠਾਂ★[੩] 'ਚ ਚਲੇ ਜਾਂਦੇ ਸਨ। ਅੱਜ ਵਾਲਾ ਇਹ ਹਾਲ ਨਹੀਂ ਸੀ, ਬਈ, ਉਹ ਸਿਗਰਟਾਂ ਵੀ ਪੀਂਦੇ ਫਿਰਨ ਤੇ ਸਿਨੇਮੇ ਵੀ ਵੇਖਦੇ ਫਿਰਨ। ਹਾਲਾਤ ਇੱਥੇ ਭੀ ਨਹੀਂ ਅੱਛਾ ਰਿਹਾ। ਤਾਂ, ਬੱਚੇ ਰਹਿੰਦੇ ਸਨ ਆਸ਼ਰਮ ਵਿੱਚ। ਉੱਥੇ ਰਹਿੰਦੇ ਸਨ ਮਹਾਂਪੁਰਸ਼—ਵਸ਼ਿਸ਼ਟ ਜੀ ਜੈਸੇ—ਦੁਰਬਾਸ਼ਾ ਜੀ ਜੈਸੇ—ਪੁਰਾਣੇ ਸਾਧੂ ੭੫ ਸਾਲ ਦੀ ਉਮਰ ਦੇ। ਉਹਨਾਂ ਨੇ ਉੱਠਣਾਂ, ਆਪਣਾ ਕਰਮ ਧਰਮ ਕਰਨਾ। ਬੱਚਿਆਂ ਉਹਨਾਂ ਨੂੰ ਵੇਖਕੇ ਇਸ਼ਨਾਨ ਕਰਨਾ, ਨਾਮ ਜਪਣਾ, ਬਾਣੀ ਪੜ੍ਹਨੀ। ਉਹਨਾਂ ਤੋਂ ਸਿੱਖਿਆ ਇਹ ਮਿਲਣੀ—ਬਈ, ਇਹ ਸਭ ਝੂਠ ਹੈ, ਇਹ ਬੁਰੀਆਂ ਚੀਜ਼ਾਂ ਹਨ।

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ।।**

*-ਪੰਨਾ-੧੩੭੯*

ਇਹ ਖੰਡ ਨਾਲ ਲਿੱਬੜੀਆਂ ਸ਼ੂਗਰ ਕੋਟਡ ਕੁਨੀਨ ਹਨ। ਉਤੋਂ ਮਿੱਠੀ ਲਗਦੀ ਹੈ, ਵਿੱਚੋਂ ਬੜੀ ਕੌੜੀ ਹੈ। ਉਹਨਾਂ ਨੂੰ ਇਹ ਗਿਆਨ ਹੁੰਦਾ ਸੀ। ਉਸ ਗਿਆਨ ਦਾ ਨਤੀਜਾ ਕੀ ਹੁੰਦਾ ਸੀ—ਜਿਨ੍ਹਾਂ ਚੀਜ਼ਾਂ ਨੂੰ ਅੱਜ ਅਸੀਂ ਚੰਗੀਆਂ ਕਰ ਕੇ ਮੰਨਦੇ ਹਾਂ, ਇਹਨਾਂ ਨੂੰ ਉਹ ਬੁਰੀਆਂ ਜਾਣਦੇ ਸਨ। ਇਸ ਬੁਰੀਆਂ ਜਾਨਣ ਦੇ ਨਤੀਜੇ ਤੋਂ, ਉਹਨਾਂ ਨੂੰ ਇਹ ਪਤਾ ਹੀ ਨਹੀਂ ਸੀ ਹੁੰਦਾ ਕਿ ਵਿਆਹ ਕੀ ਹੈ। ਉਹਨਾਂ ਨੂੰ ਨਹੀਂ ਸੀ ਪਤਾ ਇਸਤ੍ਰੀ ਕਿਆ ਚੀਜ਼ ਹੈ। ਜਿਸ ਦਿਨ ਉਹ ੨੫ ਸਾਲ ਦੇ ਹੋ ਜਾਂਦੇ, ਫਿਰ ਉਹੋ ਹੀ ਮਹਾਤਮਾ ਪਿਛਲੇ ਸਾਲ, ਛੇ ਮਹੀਨਿਆਂ ਵਿੱਚ ਉਹਨਾਂ ਬੱਚਿਆਂ ਨੂੰ ਆਸ਼ਰਮ ਵਿੱਚ ਸਿੱਖਿਆ ਦੇਂਦੇ ਗ੍ਰਿਹਿਸਤ ਧਰਮ ਦੀ—ਕਿ ਗ੍ਰਿਹਿਸਤ ਧਰਮ ਕੈਸੀ ਚੀਜ਼ ਹੈ—ਗ੍ਰਿਹਿਸਤ ਧਰਮ ਵਿੱਚ ਕਿਸ ਤਰ੍ਹਾਂ ਸੰਗ ਆਪਣੀ ਪਤਨੀ ਨਾਲ ਕਰਨਾ ਹੈ—ਗ੍ਰਿਹਿਸਤ ਧਰਮ ਵਿੱਚ ਕੀ ਖਾਣਾ ਹੈ—ਕਿਸ ਵਕਤ ਦਾ ਸੰਗ ਹੋਣਾ ਚਾਹੀਦਾ ਹੈ—ਕਿਸ ਤਰ੍ਹਾਂ ਦੀ ਔਲਾਦ ਪੈਦਾ ਕਰਨੀ ਹੈ।

ਫਿਰ ਉਹ ਮਾਈਆਂ ਨੂੰ ਵੀ ਸਿੱਖਿਆ ਮਿਲਦੀ ਸੀ। ਪੜ੍ਹਕੇ ਦੇਖੋ ਕਿ ਮਾਤਾ ਕੁੰਤੀ ਜੀ ਜਿਸ ਅੰਦਰ ਰਹਿੰਦੇ ਸਨ, ਜਦੋਂ ਬੱਚੇ ਪੈਦਾ ਹੋਣ ਵਾਲੇ ਸਨ —ਜਾਂ ਸੂਰਮਿਆਂ ਦੀਆਂ ਤਸਵੀਰਾਂ ਸਨ, ਜਾਂ ਰਿਸ਼ੀਆਂ ਦੀਆਂ, ਜਾਂ ਉੱਥੇ

ਸ਼ਸਤ੍ਰ ਸਨ। ਹੁਣ ਜਿਹੜੀ ਅੱਜ ਸਿਨਮੇ 'ਚ ਜਾਂਦੀ ਹੈ, ਜਿਸਦੇ ਪੇਟ 'ਚ ਬੱਚਾ ਹੈ, ਜਿਹੜਾ ਉੱਥੇ ਕੁਝ ਦੇਖਦੀ ਹੈ, ਬੱਚੇ ਨੇ ਜੰਮਦਿਆਂ ਉਹੋ ਹੀ ਕੰਮ ਸ਼ੁਰੂ ਕਰਨਾ ਹੈ। ਉਹ ਸੂਰਮੇਂ ਬੱਚੇ ਪੈਦਾ ਹੁੰਦੇ ਸਨ। ਦੇਖੋ ਕਿਤਨੀ ਕਿਤਨੀ ਵੱਡੀ ਸਾਡੇ ਮੁਲਕ ਦੀ ਕੁਰਬਾਨੀ ਹੈ। ਕਿਸ ਤਰ੍ਹਾਂ ਉਹਨਾਂ ਲੋਕਾਂ ਨੇ ਇਹ ਕੁਝ ਕੀਤਾ।

ਅਰਜਨ ਜਿਸ ਵੇਲੇ ਵਿੱਦਿਆ ਬਾਣਾਂ ਦੀ ਸਿੱਖਣ ਲੱਗਿਆ, ਉਸ ਨੂੰ ਉਪਦੇਸ਼ ਮਿਲਿਆ—ਵਿਆਹਿਆ ਹੋਇਆ ਸੀ—ਕਿ ਤੂੰ ਇੱਕ ਸਾਲ ਭਰ ਆਪਣੀ ਇਸਤ੍ਰੀ ਦੇ ਪੱਲੇ ਨਾਲ ਪੱਲਾ ਗੰਢ ਕੇ, ਇੱਕ ਇੱਕ ਕਪੜੇ 'ਚ ਰਹਿਣਾ ਹੈ, ਔਰ ਇੱਕ ਜਗ੍ਹਾ ਸੌਣਾ ਹੈ ਪਰ ਮਨ ਨਹੀਂ ਚਲਣ ਦੇਣਾ ਆਪਣੀ ਇਸਤ੍ਰੀ ਵੱਲ, ਤਾਂ ਤੂੰ ਇਸ ਵਿੱਦਿਆ 'ਚ ਪਰਪੱਕ ਹੋਏਂਗਾ। ਉਹਨਾਂ ਮਹਾਂਪੁਰਖਾਂ ਨੇ ਐਸੇ ਪ੍ਰਣ ਨਿਭਾਏ। ਕਿਆ ਸਾਡੇ ਕੋਲੋਂ ਇੱਕ ਦਿਨ ਵੀ ਲੰਘਦਾ ਹੈ ਅੱਜ—ਅਸੀਂ ਕਰਦੇ ਹਾਂ ਕੁਛ—ਸਾਡਾ ਕੋਈ ਹੈ ਹਾਲ ? ਅੱਜ ਕਿਉਂ ਅਰਜਨ ਦੇ ਬਾਣਾਂ ਦਾ ਨਾਉਂ ਹੈ। ਕਰਣ ਦੇ ਬਾਣ ਬੜੇ ਤਕੜੇ ਸਨ, ਦੁਰਯੋਧਨ ਦੇ ਬੜੇ ਤਕੜੇ ਸਨ ਲੇਕਿਨ ਨਾਉਂ ਆਉਂਦਾ ਹੈ ਅਰਜਨ ਦੇ ਬਾਣਾਂ ਦਾ, ਕਿ ਉਸ ਨੇ ਨਿਯਮ ਨੂੰ ਪਾਲ ਕੇ ਬਾਣ ਵਿੱਦਿਆ ਨੂੰ ਸਿੱਖਿਆ ਸੀ।

ਗ੍ਰਹਿਸਤ ਧਰਮ ਦੀ ਵਿੱਦਿਆ ਦੱਸੀ ਗਈ, ਮਾਈਆਂ ਨੂੰ ਵੀ ਦੱਸਿਆ ਗਿਆ। ਸਾਡੇ ਮੁਲਕ ਦੇ ਪੁਸਤਕ, ਸੰਸਕ੍ਰਿਤ ਦੀ ਸਭਿਅਤਾ, ਚੁੱਕ ਕੇ ਲੈ ਗਿਆ ਜਰਮਨ। ਉਹਨੇ ਆਪਣੇ ਮੁਲਕ 'ਚ ਲਿਜਾ ਕੇ, ਉਸਨੂੰ ਪੜ੍ਹਿਆ, ਉਹਨੂੰ ਦੇਖਿਆ। ਪਤਾ ਹੋਣਾ ਚਾਹੀਦਾ ਹੈ ਤੁਹਾਨੂੰ ਕਿ ਹਿਟਲਰ ਦੇ ਵਕਤ, ਉਹ ਕਹਿੰਦਾ ਸੀ—ਕਿ ਕੋਈ ਜ਼ਰੂਰਤ ਨਹੀਂ ਹੈ ਕਿ ਸਾਡੀਆਂ ਲੜਕੀਆਂ ਕਿਸੇ ਹੋਰ ਕੰਮ ਵਿੱਚ ਜਾਣ, ਜਾਂ ਨੌਕਰੀ ਕਰਨ, ਜਾਂ ਕਿਸੇ ਅਸੈਂਬਲੀ 'ਚ ਜਾਣ। ਉਹਨਾਂ ਦਾ ਕੰਮ ਇਹੋ ਹੈ ਕਿ ਉਹ ਔਲਾਦ ਅੱਛੀ ਪੈਦਾ ਕਰਨ, ਉਹਨਾਂ ਨੂੰ ਤਿਆਰ ਕਰਨ, ਬੱਚਿਆਂ ਨੂੰ। ਇਹ ਥੋੜ੍ਹਾ ਜਿਹਾ ਕੰਮ ਹੈ। ਮਾਈਆਂ ਦਾ ਇਹ ਥੋੜ੍ਹਾ ਜਿਹਾ ਕੰਮ ਹੈ ਕਿ ਬੱਚੇ ਉਹਨਾਂ ਦੇ ਭਗਤ, ਦਾਤੇ ਔਰ ਸੂਰਮੇ ਪੈਦਾ ਹੋਣ—ਮਨੀ ਸਿੰਘ ਜੈਸੇ ਪੈਦਾ ਹੋਣ—ਹਕੀਕਤ ਰਾਏ ਜੈਸੇ ਪੈਦਾ ਹੋਣ—ਹੀਰਾ ਸਿੰਘ ਹੁਰਾਂ ਜੈਸੇ ਪੈਦਾ ਹੋਣ।

ਗ੍ਰਹਿਸਤ ਧਰਮ ਨੂੰ ਨਿਭਾਉਣਾ, ਉਸ ਕਾਇਦੇ ਨਾਲ ਨਿਭਾਉਣਾ— ਹੁਣ ਮੈਂ ਥੋੜ੍ਹੀ ਥੋੜ੍ਹੀ ਅਰਜ਼ ਕਰਦਾ ਹਾਂ। ਮੈਨੂੰ ਦੁੱਖ ਲੱਗਦਾ ਹੈ, ਤੁਸੀਂ ਆਪ ਸਾਰੇ ਜਿਤਨੇ ਐਥੇ ਬੈਠੇ ਹੋ, ਜਿਹੜੇ ੫੦ ਵਰ੍ਹੇ ਤੋਂ ਉੱਤੇ ਦੇ ਹੋ ਉਹਨਾਂ ਨੂੰ ਪਤਾ ਚਲ ਸਕਦਾ ਹੈ—ਕਿ ਉਹਨਾਂ ਦੇ ਚਾਚੇ, ਤਾਏ, ਉਹਨਾਂ ਦੇ ਪਿਤਾ ਜਾਂ ਕੋਈ, ਤਿੰਨ ਚਾਰ ਸਾਲ ਦੀ ਉਮਰ ਤੋਂ ਫਰਕ ਦਾ ਘਟ ਸੀ ਜੰਮਿਆ ਕਦੇ, ਪੰਜ ਦਾ ਫਰਕ ਤਾਂ ਭਾਵੇਂ ਹੋਵੇ। ਮੈਂ ਖਿਮਾਂ ਮੰਗਾਂਗਾ ਇਸ ਗੱਲ ਦੀ ਕਿ ਕੋਈ ਕਹੇਗਾ ਕਿਹੋ ਜਿਹੇ ਸ਼ਬਦ ਕਹਿੰਦਾ ਹੈ, ਪਰ ਮੇਰਾ ਦਿਲ ਦੁਖੀ ਹੈ। ਜਦੋਂ ਮੈਂ ਆਉਂਦਾ ਹਾਂ, ਮੈਂ ਜਦੋਂ ਕਈਆਂ ਸੱਜਣਾਂ ਨੂੰ ਦੇਖਦਾ ਹਾਂ—ਜਾਂ ਉਹਨਾਂ ਦੇ ਪੇਟ 'ਚ ਮਾਈਆਂ ਦੇ ਬੱਚੇ ਨੇ, ਜਾਂ ਉਹਨਾਂ ਦੇ ਬੱਚੇ ਚੁੰਘਦੇ ਹਨ ਹਰ ਸਾਲ ਹੀ। ਹੇਠ ਉੱਤੇ ਸੱਤ-ਸੱਤ ਅੱਠ-ਅੱਠ ਹੋ ਗਏ। ਅਸੀਂ ਏਸ ਰੀਸ ਤੇ ਲੱਗੇ ਹੋਏ ਹਾਂ—ਬਈ, ਕਿਸ਼ਨ ਸਿੰਘ ਦੇ ਪੰਜ ਬੱਚੇ ਹਨ, ਮੈਂ ਛੇ ਜੇ ਨਾ ਕਰਾਂ ਤਾਂ ਕੋਈ ਸਵਾਦ ਨਹੀਂ। ਇਸ ਗੱਲ ਦਾ ਕੋਈ ਖਿਆਲ ਨਹੀਂ, ਕਿ ਛੇ ਬੱਚਿਆਂ ਨੂੰ ਜੇ ਇੱਕੋ ਚਪੇੜ ਵੱਜ ਜਾਏ ਤਾਂ ਇੱਕੇ ਨਾਲ ਸ਼ਾਇਦ ਮਰ ਜਾਣ। ਕੋਈ ਬੱਚਾ ਇਹੋ ਜਿਹਾ ਭੀ ਹੈ, ਜਿਸ ਨੂੰ ਅਸੀਂ ਇਹ ਕਹਿ ਦੇਈਏ—ਕਿ ਲੈ ਬਈ, ਤੂੰ ਮਣ ਪੱਕਾ ਭਾਰ ਲੈ ਕੇ ਤਿੰਨ ਕੋਹ ਪੈਂਡਾ ਤੁਰ ਜਾ। ਪੌੜੀ ਚੜ੍ਹਦੇ ਨੂੰ ਸਾਹ ਚੜ੍ਹ ਜਾਊ। ਅੱਵਲ ਉੱਠਿਆ ਨਹੀਂ ਜਾਂਦਾ, ਤੁਰਿਆ ਨਹੀਂ ਜਾਂਦਾ। ਫੇਰ ਅਮੀਰਤ ਆ ਗਈ ਹੈ, ਪੈਸੇ ਆ ਗਏ ਹਨ। ਬਾਪੂ ਕੋਲ ਆਏ, ਟਿਕਲ ਲਿਆ, ਉਥੋਂ ਜਾ ਕੇ ਬਰਫ ਜੰਮੀ ਹੋਈ ਠੰਡੀ ਮਿੱਠੇ ਵਾਲੀ ਖਾਧੀ। ਦੰਦਾਂ ਦਾ ਪਹਿਲਾਂ ਹੀ ਸਤਿਆਨਾਸ ਕਰ ਦਿੱਤਾ, ਜੰਮਦਿਆਂ ਹੀ। ਧਿਆਨ ਦੀ ਲੋੜ ਹੈ।

ਤੁਸੀਂ ਦੁਨੀਆਂ 'ਚ ਵਸਣਾ ਹੈ। ਤੁਸਾਂ ਬੰਦੇ ਬਣਨਾਂ ਹੈ। ਅਗਰ ਮਾਈਆਂ ਸਾਡੀਆਂ, ਅਗਰ ਸਾਡੇ ਭਰਾ, ਇਸ ਗ੍ਰਹਿਸਤ ਧਰਮ ਦਾ ਧਿਆਨ ਨਾ ਦੇਣਗੇ ਤਾਂ ਤਬਾਹ ਹੋ ਜਾਣਗੇ ਕਿਸੇ ਦਿਨ ਨੂੰ। ਪੈਸਿਆਂ ਨੇ ਕੁਛ ਨਹੀਂ ਬਣਾਉਣਾ। ਇੱਕ ਆਦਮੀ ਦੇ ਘਰ ਪੰਜ ਕਰੋੜ ਰੁਪੱਈਆ ਪਿਆ ਹੈ, ਉਠਕੇ ਪਾਣੀ ਨਹੀਂ ਪੀ ਸਕਦਾ। ਦੱਸੋ, ਕੀ ਫਾਇਦਾ ਹੈ। ਹੱਡੀ ਨਹੀਂ ਤਿਆਰ ਹੁੰਦੀ ਪੂਰੀ ਓਦਣ ਨੂੰ। ਸੱਤ ਚੀਜ਼ਾਂ ਦਾ, ਸਪਤ ਧਾਂਤਾਂ ਹਨ ਸਰੀਰ ਵਿੱਚ। ਜਿੰਨਾਂ

ਚਿਰ ਸੱਤੇ ਧਾਂਤਾਂ ਪੂਰੀਆਂ ਕਾਇਮ ਨਾ ਹੋ ਜਾਣ, ਉਸ ਤੋਂ ਪਹਿਲੇ ਅਗਰ ਉਹ ਪੁਰਸ਼ ਗ੍ਰਿਹਿਸਤੀ ਬਣ ਜਾਂਦਾ ਹੈ, ਅਗਰ ਉਹਦਾ ਵਿਆਹ ਹੋ ਕੇ ਘਰ ਚਲਾ ਜਾਂਦਾ ਹੈ, ਤਾਂ ਉਹ ਨਸ਼ਟ ਕਰ ਦਿੰਦਾ ਹੈ ਆਪਣੇ ਆਪ ਨੂੰ। ਇਨ੍ਹਾਂ ਚੀਜ਼ਾਂ ਵੱਲ ਧਿਆਨ ਦੀ ਲੋੜ ਹੈ ਔਰ ਗ੍ਰਿਹਸਤ ਧਰਮ ਨੂੰ ਪੜ੍ਹਨ ਦੀ ਲੋੜ ਹੈ—ਕਿਆ ਗ੍ਰਿਹਸਤ ਧਰਮ ਹੈ—ਗ੍ਰਿਹਿਸਤੀ ਦਾ ਕੈਸਾ ਧਰਮ ਹੈ—ਗ੍ਰਿਹਿਸਤੀ ਕਿਸ ਤਰ੍ਹਾਂ ਹੈ। ਸਾਡੇ ਮਹਾਂਪੁਰਸ਼—ਅਸੀਂ ਹੁਣ ਮਾਤਾ ਜੀ ਨੂੰ ਦੇਖਦੇ ਸਾਂ —ਮੇਰੇ ਮਾਮਾ ਜੀ ਇੱਕੋ ਸਨ, ਦੋ ਮਾਤਾ ਸਨ, ਸਾਰਿਆਂ ਦਾ ਚਾਰ-ਚਾਰ ਸਾਲ ਦਾ ਫਰਕ ਸੀ। ਗੁਰੂ ਹਰੀ ਸਿੰਘ ਜੀ ਦਾ, ਸਤਿਗੁਰੂ ਰਾਮ ਸਿੰਘ ਜੀ ਦਾ ਚਾਰ ਪੰਜ ਸਾਲ, ਇੱਕ ਬੇਬੇ ਦੋ ਭੈਣਾਂ ਸਨ [★੪], ਸਭ ਦਾ ਚਾਰ ਪੰਜ ਸਾਲ ਦਾ ਫਰਕ ਸੀ। ਨਿਯਮ ਸੀ ਉਦੋਂ ਲੋਕਾਂ ਦਾ, ਬਈ, ਜਿੰਨਾਂ ਚਿਰ ਬੱਚਾ ਦੁੱਧ ਚੁੰਘਦਾ ਹੈ, ਜਿੰਨਾਂ ਚਿਰ ਮਾਤਾ ਦੇ ਕੋਲ ਬੱਚਾ ਹੈ—ਉਨ੍ਹਾਂ ਚਿਰ ਕਦੇ ਪਤੀ ਮਾਤਾ ਦੇ ਨਾਲ ਟੱਚ ਨਹੀਂ ਸੀ ਕਰਦਾ, ਅੰਗ ਨਹੀਂ ਸੀ ਛੁਹਾਉਂਦਾ। ਉਹਦੇ ਨਾਲ ਕਦੇ ਐਸੀ ਗੱਲ ਨਹੀਂ ਸੀ ਕਰਦਾ ਜਿਹੜੀ ਬੱਚੇ ਦੀ ਭਾਵਨਾ 'ਚ ਆਵੇ। ਭਾਵੇਂ ਤੁਸੀਂ ਤਿੰਨ ਮਹੀਨੇ ਦੇ ਬੱਚੇ ਨੂੰ ਮੰਨ ਲਓ, ਪਏ ਨੂੰ ਮੰਜੀ ਤੇ, ਉਹ ਉਸ ਵਕਤ ਵੀ ਦੇਖਦਾ ਹੈ, ਔਰ ਉਹਦੇ 'ਚ ਉਹ ਚੀਜ਼ਾਂ ਆਉਂਦੀਆਂ ਹਨ। ਉਹ ਹਰਕਤਾਂ ਵਧਦੀਆਂ ਹਨ। ਸਾਡੇ ਮਤਲਬ ਦੀਆਂ ਇਹ ਗੱਲਾਂ ਹਨ, ਕਿਉਂਕਿ ਜਾਨ ਨਾਲ ਹੀ ਜਹਾਨ ਹੈ। ਦੁਨੀਆਂ 'ਚ ਇਹ ਗੱਲ ਮਸ਼ਹੂਰ ਹੈ। ਪਰਸੋਂ ਆਨੰਦ ਹੋਇਆ ਹੈ, ਬੀਬੀ ਤੁਰੀ ਜਾਂਦੀ ਡਿੱਗਣ ਲੱਗੀ ਸੀ, ਤੁਰੀ ਫਿਰਦੀ ਡਿੱਗਣ ਲੱਗੀ ਸੀ। ਫੜਕੇ ਕੀਤਾ ਹੈ ਆਨੰਦ। ਕਿਉਂ ਸਾਡੀ ਧੀ ਐਸੀ ਹੋਵੇ, ਸਿੰਘਣੀ, ਸ਼ੇਰ ਦੀ ਬੱਚੀ ਏਹੋ ਜਿਹੀ ਹੋਵੇ, ਕਿਉਂ ਹੋਵੇ। ਔਲਾਦ ਨੂੰ ਪਾਲਣ ਨਾਲ ਧਿਆਨ ਨਹੀਂ, ਕਪੜੇ ਬਹੁਤੇ ਪੁਆ ਦੇਣ ਦਾ ਧਿਆਨ ਹੈ। ਗਹਿਣੇ ਬਹੁਤੇ ਪੁਆ ਦੇਣ ਦਾ ਖਿਆਲ ਹੈ। ਲੇਕਿਨ ਇਸ ਗੱਲ ਦਾ ਕੋਈ ਧਿਆਨ ਨਹੀਂ ਕਿ ਇਸ ਦਾ ਸਰੀਰ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ।

ਤਾਂ, ਮੈਂ ਇਹ ਅਰਜ਼ ਕਰਾਂਗਾ, ਤੁਸੀਂ ਲੋਕ ਆਪਣੇ ਆਪਣੇ ਅੰਦਰ ਝਾਤੀਆਂ ਮਾਰਕੇ ਧਿਆਨ ਦਿਓ। ਔਰ ਇਸ਼ਟ ਨੂੰ, ਇਹ ਜਿਹੜੀ ਚੀਜ਼,

ਜਿਸ ਤਰ੍ਹਾਂ ਜੂਏ ਵਿੱਚ ਸਭ ਕੁਝ ਹਾਰ ਜਾਈਦਾ ਹੈ, ਇਸ ਤਰ੍ਹਾਂ ਵਿਸ਼ੇ ਦੇ ਭੋਗ ਵਿੱਚ ਵੀ ਸਰੀਰ ਸਾਰਾ ਹਾਰ ਜਾਂਦਾ ਹੈ, ਜਿਹੜਾ ਰਾਤ ਦਿਨ ਦਾ ਇਹੋ ਖਿਆਲ ਹੈ। ਇਹ ਸਾਡੇ ਸ਼ੁਗਲ ਵਾਸਤੇ ਚੀਜ਼ ਨਹੀਂ ਸੀ, ਜਿਹਨੂੰ ਅਸੀਂ ਆਪਣਾ ਇੱਕ ਤਮਾਸ਼ਾ ਮੰਨ ਕੇ, ਆਪਣਾ ਚਸਕਾ ਬਣਾਇਆ ਹੈ। ਇਸ ਦਾ ਮਤਲਬ ਸੀ—ਬਈ, ਜਿਸ ਭਾਰਤ ਦੇ ਅਸੀਂ ਰਹਿਣ ਵਾਲੇ ਹਾਂ, ਅਸੀਂ ਉਸ ਦਾ ਵਾਧਾ ਕਰਨਾ ਹੈ, ਪਰ ਵਾਧਾ ਕਿਹੋ ਜਿਹਾ ਕਰਨਾ ਹੈ—ਇੱਕ ਲੋਹੇ ਦੀ ਲੱਠ ਪੈਦਾ ਕਰਨੀ ਹੈ। ਇਹ ਨਹੀਂ ਪੈਦਾ ਕਰਨੀ ਕਿ ਉੱਥੇ ਫੂਸ ਦੀ ਬੱਧੀ ਹੋਈ ਪੰਡ ਹੈ, ਜਿਹਦੀ ਮਰਜੀ ਹੈ ਉਹਨੂੰ ਅੱਗ ਲਾ ਦੇਵੇ, ਤਾਂ ਵੀ ਜਲ ਜਾਏ; ਧੱਕ ਦੇਵੇ ਤਾਂ ਵੀ, ਪਾਣੀ 'ਚ ਡਿੱਗ ਪਵੇ, ਤਾਂ ਵੀ ਰੁੜ੍ਹ ਜਾਏ।

## ਰਹਿਤ ਮਰਯਾਦਾ

ਮੈਂ ਅਰਜ਼ ਕਰਾਂਗਾ ਤੁਹਾਡੇ ਅੱਗੇ, ਮਾਈਆਂ ਅੱਗੇ ਵੀ। ਮਾਈਆਂ ਦਾ ਇੱਕ ਵੱਡਾ ਧਰਮ ਹੈ, ਸਾਡੀਆਂ ਨਾਮਧਾਰਨਾਂ ਮਾਤਾਵਾਂ ਹਰ ਇੱਕ ਬੱਚੇ ਨੂੰ ਸਕੂਲ ਜਾਣ ਤੋਂ ਪਹਿਲਾਂ ਰੋਜ਼ ਅਰਦਾਸ ਯਾਦ ਕਰਾਇਆ ਕਰਨ, ਬਾਰ੍ਹਾਂ ਪਾਤਸ਼ਾਹੀਆਂ ਦੀ। ਬੱਚਿਆਂ ਨੂੰ ਇਹ ਤੇ ਪਤਾ ਲੱਗੇ ਕਿ ਸਾਡੇ ਗੁਰੂਆਂ ਦੇ ਨਾਂ ਕੀ ਹਨ। ਮਾਈਆਂ ਬੱਚਿਆਂ ਨੂੰ ਇੱਕ-ਇੱਕ ਤੁਕ ਦੇ, ਦੋ-ਦੋ, ਚਾਰ-ਚਾਰ ਅੱਖਰ ਰੋਜ਼ ਕੰਠ ਕਰਾਉਣ, ਕਿ ਮੇਰੇ ਬੱਚੇ ਨੂੰ ਕਿੰਨੀ ਬਾਣੀ ਕੰਠ —ਕੱਲ ਸੁਣਿਆ ਸੀ ਤੁਸਾਂ ਸਤਿਗੁਰਾਂ ਦਾ ਹੁਕਮਨਾਮਾ—ਕਿ ਬਾਣੀ ਕੰਠ ਕਰਨੀ। ਮੈਂ ਚਾਹੁੰਦਾ ਹਾਂ ਕਿ ਜਿਸ ਦਿਨ ਮੈਂ ਏਥੇ ਮੁੜਕੇ ਆਵਾਂ, ਮੈਂ ਆਪਣੀਆਂ ਧੀਆਂ, ਭੈਣਾਂ ਔਰ ਆਪਣੇ ਭਰਾਵਾਂ, ਬੱਚਿਆਂ ਨੂੰ ਦੇਖਾਂ ਕਿ ਕਿਹੜੇ ਕਿਹੜੇ ਨੇ ਕਿੰਨੀ-ਕਿੰਨੀ ਉਦਣ ਤੋਂ ਲੈ ਕੇ ਬਾਣੀ ਯਾਦ ਕੀਤੀ ਹੈ। ਜੇ ਤੁਸੀਂ ਬਾਣੀ ਪੜ੍ਹੋਗੇ, ਜੇ ਤੁਸੀ ਇਸ਼ਨਾਨ ਵੇਲੇ ਨਾਲ ਕਰੋਗੇ, ਆਪਣੇ ਸਰੀਰ ਦੀ ਸਫਾਈ ਰੱਖੋਗੇ ............। ਸਤਿਗੁਰਾਂ ਦਾ ਹੁਕਮ ਹੈ —ਤੜਕੇ ਉਠ ਕੇ ਜੰਗਲ ਜ਼ਰੂਰ ਜਾਣਾ ਹੈ, ਭਾਵੇਂ ਉਹ ਜੰਗਲ ਨਾ ਆਵੇ, ਟੱਟੀ ਨਾ ਆਵੇ। ਜਦੋਂ ਆਦਮੀ ਜਾਏਗਾ, ਫਿਰੇ ਤੁਰੇਗਾ, ਉਹਦੀ ਦੇਹ 'ਚ ਫੁਰਤੀ ਆਵੇਗੀ, ਉਹਦੇ ਅੰਦਰੋਂ ਪਉਣ ਹੀ ਅਗਰ ਖਾਰਜ ਹੋ

ਜਾਏਗੀ ਤਾਂ ਉਹਨੂੰ ਬਹਿਣ ਦਾ ਸੁਖ ਹੋ ਜਾਏਗਾ।ਦੂਸਰਾ ਹੁਕਮ ਹੈ—ਕਿ ਕੰਘਾ ਜ਼ਰੂਰ ਕਰੇ। ਤੀਸਰੀ ਚੀਜ਼ ਹੈ—ਕਿ ਦਾਤਣ ਜ਼ਰੂਰ ਕਰੇ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਲਿਖੇ ਹੋਏ ਹਨ-

*ਪਾਗ ਚੁਨੈ ਚੁਨ ਬਾਂਧਈ।*

ਸਿੱਖਾਂ ਨੂੰ ਟੋਪੀ ਵਾਂਗੂੰ ਸਿਰ ਤੇ ਪੱਗ ਧਰਨ ਦਾ ਹੁਕਮ ਨਹੀਂ। ਪੱਗ ਨੂੰ ਚੁਣ ਕੇ, ਬੰਨਣ ਦਾ ਕੀ ਮਤਲਬ ਹੈ—ਬਈ ਦਲਿੱਦਰੀ ਨਹੀਂ ਹੁੰਦਾ। ਜਿਹੋ ਜਿਹੀ ਹੋਈ, ਉਹੋ ਜਿਹੀ ਲਪੇਟ ਲਈ। ਇੱਕ ਵੇਰ ਪੱਗ ਸਿਰ ਤੋਂ ਲਹਿ ਗਈ ਹੈ, ਉਹਨੂੰ ਫੜ ਕੇ, ਉਹਦੇ ਵੱਟ ਕੱਢ ਕੇ, ਬਣਾਕੇ ਕਰ ਲਏਗਾ। ਸਤਿਗੁਰੂ ਰਾਮ ਸਿੰਘ ਜੀ, ਕਈ ਮਾਈਆਂ ਜੇ ਪੁੱਠਾ ਲੀੜਾ ਲੈ ਲੈਣ, ਬੜੇ ਨਾਰਾਜ਼ ਹੁੰਦੇ। ਜੇ ਕਿਸੇ ਆਦਮੀ ਦੇ ਕਛਿਹਰਾ ਪੁੱਠਾ ਪੈ ਜਾਏ—ਮੈਂ ਤੁਹਾਨੂੰ ਦੱਸਾਂ, ਕਈਆਂ ਗੱਲਾਂ ਦਾ ਤੁਹਾਨੂੰ ਪਤਾ ਨਹੀਂ—ਅਗਰ ਗਲਤੀ ਨਾਲ ਵੀ ਪੁੱਠਾ ਕਛਿਹਰਾ ਪੈ ਜਾਏ, ਤਾਂ ਹੁਕਮ ਹੈ ਕਿ ਪੰਜ ਪਾਠ ਜਪੁ ਸਾਹਿਬ ਦੇ ਕਰੋ। ਅਗਰ ਕਛਿਹਰਾ ਲਹਿ ਗਿਆ ਹੈ ਕਿਸੇ ਵੇਲੇ ਗਲਤੀ ਨਾਲ, ਪਉਂਚਾ—ਤਾਂ ਪੰਝੀ ਪਾਠ ਜਪੁ ਸਾਹਿਬ ਦੇ ਕਰੋ। ਇਹ ਸਤਿਗੁਰਾਂ ਦੀ ਮਰਯਾਦਾ ਹੈ। ਅਗਰ ਕਿਸੇ ਦਿਨ ਕੁਦਰਤ ਨਾਲ ਬੁਰੀ ਗੱਲ ਹੈ, ਕੁਦਰਤੀ ਆਦਮੀ ਨੂੰ ਸੁਪਨੇ 'ਚ ਕਦੇ ਦੋਸ਼ ਹੋ ਜਾਂਦਾ ਹੈ, ਤਾਂ ਜਪੁ ਜਾਪੁ ਦਾ ਪਾਠ ਜਰੂਰ ਕਰੋ। ਨਿਯਮ ਬਣਾਏ ਹੋਏ ਹਨ। ਧਿਆਨ ਨਹੀਂ ਕਦੇ ਕੋਈ ਦਿੰਦਾ, ਕੁਦਰਤੀ ਖੇਡ ਹੈ। ਮੈਂ ਤੇ ਪੰਡਤ ਜੀ ਲਿਖਣ ਲੱਗੇ ਹਾਂ, ਦੋ ਢਾਈ ਵਰ੍ਹਿਆਂ ਦੇ—ਖਵਰੇ ਸਾਡੇ ਮਗਰੋਂ ਹੀ ਕੋਈ ਛਾਪੂ। ਉਹ ਵਿੱਚੇ ਹੀ ਅਸੀਂ ਲਈ ਬੈਠੇ ਹਾਂ। ਕਦੀ ਇਹ ਨਹੀਂ ਲੈ ਕੇ ਆਉਂਦੇ। ਮੇਰੀ ਮਰਜ਼ੀ ਹੈ ਬਈ, ਅਖੰਡ ਪਾਠ ਕਿਆ ਹੈ—ਵਰਨੀ ਕਿਆ ਚੀਜ਼ ਹੈ—ਸਾਧਾਰਨ ਪਾਠ ਕਿਆ ਚੀਜ਼ ਹੈ।

ਬੱਚੇ ਨੂੰ—ਜਿਸ ਤਰ੍ਹਾਂ ਦੇਖੋ, ਸਾਡੇ ਲੋਕਾਂ ਨੇ ਹਿੰਦੁਸਤਾਨ ਦਿਆਂ ਨੇ, ਰੀਸ ਭਾਂਵੇਂ ਹਿੰਦੂਆਂ ਦੀ ਮੁਸਲਮਾਨਾਂ ਨੇ ਵੀ ਕੀਤੀ—ਪਰ ਛੇ ਸੱਤ ਸਾਲ ਦੇ ਬੱਚੇ ਹੋਏ ਯਗਓਪਵੀਤ ਧਾਰਨ ਕਰਾਉਣਾ। ਬੇਸ਼ਕ ਜੰਮਦੇ ਬੱਚੇ ਦੇ ਕੰਨ 'ਚ ਮੰਤਰ ਦੇਣਾ ਜ਼ਰੂਰੀ ਹੈ—ਕਿਉਂਕਿ ਸ਼ਾਸਤ੍ਰ 'ਚ ਲਿਖਿਆ ਹੈ, ਹਿੰਦੂ ਸ਼ਾਸਤ੍ਰ

'ਚ —ਕਿ ਬਈ, ਤੇਰ੍ਹਾਂ ਦਿਨ ਤਕ ਦਾ ਬੱਚਾ ਮਰ ਜਾਏ ਤਾਂ ਅਬਗਤਾ ਨਹੀਂ ਜਾਂਦਾ, ਹਿੰਦੂ ਸ਼ਾਸਤ੍ਰ ਦੀ ਇਹ ਮਰਯਾਦਾ ਹੈ। ਤੇਰ੍ਹਾਂ ਦਿਨ ਤੋਂ ਬਾਅਦ ਅਗਰ ਬੱਚੇ ਨੂੰ ਗੁਰੂ ਧਾਰਨ ਨਹੀਂ ਕਰਾਇਆ ਜਾਂਦਾ ਤੇ ਬੱਚੇ ਦੀ ਗਤੀ ਨਹੀਂ ਹੁੰਦੀ। ਮੁਸਲਮਾਨ ਜੰਮਦੇ ਨੂੰ ਹੀ ਬਾਂਗ ਦਿੱਤੇ ਬਿਨਾਂ ਦੁੱਧ ਨਹੀਂ ਦਿੰਦੇ। ਸਾਡਾ ਵੀ ਸਤਿਗੁਰਾਂ ਦਾ ਹੁਕਮ ਹੈ—ਕੋਈ ਨਹੀਂ ਕੋਲ ਤਾਂ ਮਾਈ ਉਹਦੇ ਕੰਨ 'ਚ ਉਸ ਵੇਲੇ ਭਜਨ ਦੱਸ ਦੇਵੇ, ਪੈਦਾ ਹੋਣ ਸਾਰ ਹੀ। ਕਈ ਗੱਲਾਂ ਨੇ ਜਿਹੜੀਆਂ ਤੁਹਾਡੇ ਅੱਗੇ ਅਜੇ ਨਹੀਂ ਆਈਆਂ। ਹੁਣ ਜਦੋਂ ਬੱਚਾ ਪੰਜ, ਛੇ, ਸੱਤ ਸਾਲ ਦਾ ਹੈ, ਯਗਓਪਵੀਤ ਵਾਲੇ ਆਪਣੀ ਰਸਮ ਕਰਦੇ ਹਨ, ਮੁਸਲਮਾਨ ਸੁੰਨਤ ਕਰਦੇ ਹਨ, ਤੁਸੀਂ ਉਸ ਦਿਨ ਬੱਚੇ ਨੂੰ ਅੰਮ੍ਰਿਤ ਛਕਾਓ ਔਰ ਨਾਲ ਭਜਨ ਮੁੜਕੇ ਪੁਛਾਓ, ਕਿਉਂਕਿ ਓਦੂੰ ਪਹਿਲਾਂ ਭਜਨ ਉਹਨੂੰ ਯਾਦ ਨਹੀਂ ਹੈ। ਜਿਸ ਵੇਲੇ ਪੰਜ ਛੇ ਸਾਲ ਦਾ ਹੋ ਜਾਏ—ਇਹ ਤੇ ਮਰਯਾਦਾ ਉਹੋ ਹੀ ਹੈ, ਜ਼ਰਾ ਕੁ ਮਹਾਂਪੁਰਸ਼ਾਂ ਦਾ ਆਪਣਾ ਵਕਤ ਦੇਖ ਕੇ ਫਰਕ ਪਾਇਆ ਹੈ।

ਅਨੰਦ ਦੀ ਮਰਯਾਦਾ ਵੀ ਉਸੇ ਤਰ੍ਹਾ ਹੈ ਜਿਹੜਾ ਕੱਲ ਪੰਡਤ ਜੀ ਨੇ ਦੱਸਿਆ ਸੀ, ਕਿ ਅੱਗ ਸਾਖਸ਼ੀ ਹੈ—ਬਸੰਤਰ ਦੇਵਤਾ, ਕਿ ਜਿੰਨਾਂ ਚਿਰ ਦੋਵਾਂ 'ਚੋਂ ਨਹੀਂ ਮਰਦਾ ਵਿਆਹ ਨਹੀਂ ਟੁੱਟਦਾ। ਲੋਕ ਤਾਂ ਤੀਏ ਦਿਨ ਤਲਾਕ ਦੇਕੇ—ਮੁਸਲਮਾਨਾਂ ਨੇ ਛੇ ਛੱਡੀਆਂ ਅਠਾਰਾਂ ਲਿਆਂਦੀਆਂ, ਉਹ ਮਾਈ ਮੁਸਲਮਾਨੀ ਸਾਡੀ ਭੈਣ ਨੇ ਦੋ ਛੱਡੇ ਛੇ ਹੋਰ ਲਿਆਂਦੇ। ਯੂਰਪ ਦੀ ਤਾਂ ਗੱਲ ਹੀ ਛੱਡ ਦਿਓ। ਸਾਡੇ ਮੁਲਕ ਤੇ ਉਸ ਚੀਜ਼ ਦਾ ਅਸਰ ਆਇਐ, ਜਿਹੜੇ ਬਿੱਲ ਪਾਸ ਹੋਣ ਲੱਗੇ, ਲੇਕਿਨ ਅੱਛੀ ਚੀਜ਼ ਨਹੀਂ ਹੈ। ਤਾਂ, ਮਾਈਆਂ ਤੜਕੇ ਉਠਕੇ, ਇਸ਼ਨਾਨ ਕਰਕੇ, ਬੱਚਿਆਂ ਨੂੰ ਗੋਦੀ 'ਚ ਲੈ ਕੇ ਜੇ ਲੋਰੀ ਦੇਣ, ਜਾਂ ਕਦੇ ਭਜਨ ਕਰਨ, ਜਾਂ ਬਾਣੀ ਪੜ੍ਹਦੀਆਂ ਹੋਣ, ਜਾਂ ਕਹਿਣ ਧੰਨ ਸਤਿਗੁਰੂ ਰਾਮ ਸਿੰਘ। ਕੋਈ ਨਾਂ ਲੈਣ, ਜੇ ਉਹ ਇਹ ਗੱਲ ਕਰਨਗੀਆਂ ਤਾਂ ਉਹਨਾਂ ਬੱਚਿਆਂ ਤੇ ਅਸਰ ਹੋਏਗਾ।

## ਨਿਯਮ ਦੀ ਪਾਲਣਾ

ਮੈਂ ਆਪਣੇ ਭਰਾਵਾਂ ਸੱਜਣਾਂ ਅੱਗੇ ਵੀ ਅਰਜ਼ ਕਰਦਾ ਹਾਂ। ਮੈਂ ਤੁਹਾਨੂੰ

ਕੀ ਗੱਲ ਦੱਸਾਂ, ਸਾਡੇ ਜਨਮ ਕਰਕੇ ਉਹ ਭਣੇਵੇਂ ਲਗਦੇ ਸਨ। ਮਾਤਾ ਜੀ ਪਹਿਲੇ[★੫] ਸਨ, ਮਾਈ ਜੀ ਤੋਂ ਸਾਡੀ ਮਾਤਾ ਜੀ ਤੋਂ—ਗੁਰੂ ਹਰੀ ਸਿੰਘ ਜੀ ਦੇ ਦੋਹਤਰੇ ਸਨ, ਨਰੈਣ ਸਿੰਘ ਹੁਰੀਂ। ਉਹਨਾਂ ਨੂੰ ਕੁਸੰਗਤ ਬੜੀ ਹੋਈ। ਉਹਨਾਂ ਨੇ ਇੱਕ ਔਰਤ ਕੱਢ ਕੇ ਲਿਆਂਦੀ, ਲੇਕਿਨ ਉਹ ਕਸਰਤ ਕਰਦੇ ਸਨ। ਕੱਢੀ ਹੋਈ ਔਰਤ ਦੇ ਨਾਲ ਰੋਜ਼ ਸੌਂਦੇ ਸਨ, ਸਾਲ ਸਾਲ ਭਰ ਉਹ ਨੇੜੇ ਨਹੀਂ ਸਨ ਜਾਂਦੇ। ਇੱਕ ਘਰ ਦੀ ਗੱਲ ਕੁਛ ਹੋਰ ਹੈ। ਕਿਸ ਤਰ੍ਹਾਂ ਉਹਨਾਂ ਲੋਕਾਂ ਦੇ ਨਿਯਮ ਸਨ। ਜਿਨ੍ਹਾਂ ਨੂੰ ਅੱਜ ਅਸੀਂ ਸੰਤ ਮੰਨੀਏ, ਉਹਨਾਂ ਦਿਨਾਂ ਦੇ ਬਦਮਾਸ਼ ਵੀ ਸਾਡੇ ਨਾਲੋਂ ਚੰਗੇ ਸਨ।ਤੁਹਾਨੂੰ ਕੁਛ ਇਸ ਗੱਲ ਤੇ ਵਿਚਾਰ ਕਰਕੇ ਆਪੋ ਆਪਣੇ ਅੰਦਰੀਂ, ਮਾਈਆਂ ਵੀ ਤੇ ਭਰਾ ਵੀ ਝਾਤੀ ਮਾਰਨ। ਜ਼ਰਾ ਇਸ ਗੱਲ ਤੋਂ ਹੌਲੀ-ਹੌਲੀ, ਹੌਲੀ-ਹੌਲੀ, ਹੌਲੀ-ਹੌਲੀ, ਛੱਡਦੇ ਛੱਡਦਿਆਂ, ਜੇ ਇੱਕ ਇੱਕ ਪੈਸਾ ਇਕੱਠਾ ਕਰਦੇ ਜਾਈਏ ਤਾਂ ਕਮਾ ਕੇ ਰੱਖ ਲਈਦੇ ਨੇ, ਜੇ ਇੱਕ ਇੱਕ ਗੁਆਉਣ ਲੱਗੀਏ ਤਾਂ ਸਾਰਾ ਧਨ ਗੁਆ ਲਈਦਾ ਹੈ। ਤਾਂ ਇਸ ਦੀ ਜ਼ਰਾ ਕੁ ਵਿਚਾਰ ਦੀ ਲੋੜ ਹੈ।

ਅੱਜ ਸਤਿਗੁਰੂ ਨੇ ਬਖ਼ਸ਼ਿਸ਼ ਕੀਤੀ ਹੈ ਤੁਹਾਡੇ ਤੇ, ਲੱਖਾਂ ਰੁਪੱਈਆਂ 'ਚ ਖੇਡਦੇ ਹੋ। ਨਾ ਕਰੇ ਪ੍ਰਮਾਤਮਾ, ਕੋਈ ਐਸਾ ਸਮਾਂ ਆ ਜਾਏ, ਉਹ ਖਾਣਗੇ ਕਿੱਥੋਂ। ਜੇ ਖਾਣ ਜੋਗੇ ਵੀ ਉਹ ਹੋਣ, ਜੇ ਉਹ ਉੱਠਕੇ ਤੁਰਨ ਜੋਗੇ ਵੀ ਹੋਣ, ਉਹ ਆਪਣੀ ਕਮਾਈ ਕਰਕੇ ਖਾ ਲੈਣ ਤਾਂ ਤੇ ਉਹ ਕਹੀ ਫੜਕੇ ਦੋ ਕਿਆਰੇ ਗੋਡਕੇ ਗਾਜਰਾਂ ਬੀਜ ਕੇ ਹੀ ਖਾ ਲਵੇ। ਪਰ ਜਿਨ੍ਹਾਂ ਤੋਂ ਉੱਠਿਆ ਹੀ ਨਹੀਂ ਜਾਂਦਾ, ਜਿਹਨੂੰ ਜੰਮਦੇ ਨੂੰ ਹੀ ਸਿਆਮਣਾ ਚੁੱਕੀ ਫਿਰਦੀਆਂ ਹਨ, ਜਿਨ੍ਹਾਂ ਨੂੰ ਪਾਣੀ ਵੀ ਆਪ ਨਹੀਂ ਪੀਣਾਂ ਮਿਲਦਾ, ਜਿਹੜੇ ਜੰਮਦੇ ਹੀ ਜਿਹਨਾਂ ਨੂੰ ਚਿੱਤੜ ਵੀ ਧੋਣ ਦੀ ਜਾਚ ਨਹੀਂ ਸਿਖਾਉਂਦੇ—ਉਹ ਕੀ ਕਰਨਗੇ।

ਗ੍ਰਹਿਸਤ ਧਰਮ ਤੇ, ਇੱਥੋਂ ਤਕ ਇੱਕ ਮਹਾਂਪੁਰਸ਼ ਸਨ ਸਾਡੇ ਪੰਜਾਬ ਵਿੱਚ ਸਾਧੂ। ਉਹ ਦਵਾਈ ਦਿੰਦੇ ਸਨ, ਜਿਨ੍ਹਾਂ ਦੇ ਬੱਚਾ ਨਹੀਂ ਸੀ ਹੁੰਦਾ, ਉਹਨਾਂ ਦੇ ਹੋ ਜਾਂਦਾ ਸੀ। ਪਰ ਉਹ ਸ਼ਰਤ ਨਾਲ ਕੀ ਲਾਉਂਦੇ ਸੀ—ਬਈ, ਸਾਡੀ ਦਵਾਈ ਖਾਣ ਵਾਲਾ ਇਸਤ੍ਰੀ ਪੁਰਸ਼ ਪਹਿਲੀ ਰਾਤ ਸੰਗ ਨਾ

ਕਰੇ। ਕਿਆ ਮੈਂ ਬੁਰੀਆਂ ਗੱਲਾਂ, ਮੇਰੀ ਧੌਲੀ ਦਾੜ੍ਹੀ ਨਾਲ ਤੁਹਾਨੂੰ ਵੀ ਜਾਪਦੀਆਂ ਹੋਣਗੀਆਂ, ਪਰ ਜੇ ਤੁਸੀ ਇਹਨਾਂ ਦੇ ਤੱਥ ਨੂੰ ਦੇਖੋਗੇ, ਤਾਂ ਪਤਾ ਤੁਹਾਨੂੰ ਲੱਗੂਗਾ। ਉਹਨੂੰ ਪੁੱਛਿਆ—ਉਹ ਕਹਿੰਦਾ,''ਗੱਲ ਇਹ ਹੈ ਬਈ, ਮੈਂ ਇਹ ਚਾਹੁੰਦਾ ਹਾਂ, ਬੱਚਾ ਤਾਂ ਮੇਰੀ ਦਵਾਈ ਨੇ ਪੈਦਾ ਕਰ ਹੀ ਦੇਣਾ ਹੈ, ਪਰ ਜਿਹੜਾ ਪਹਿਲੇ ਵਕਤ ਦਾ ਸੰਗ ਹੈ, ਉਹਦੇ ਨਾਲ ਰਾਖਸ਼ ਬਿਰਤੀ ਪੈਦਾ ਹੁੰਦੀ ਹੈ, ਪਿਛਲੇ ਵਕਤ ਨਾਲ ਦੇਵਤੇ ਬਿਰਤੀ। ਮੇਰੀ ਦਵਾਈ ਦਿੱਤੀ ਤੋਂ ਬੱਚਾ ਕੋਈ ਦੇਵਤਾ ਤਾਂ ਪੈਦਾ ਹੋਵੇ।'' ਇਸ ਤਰ੍ਹਾਂ ਦੀਆਂ ਸਾਡੀਆਂ ਗੱਲਾਂ ਹਨ। ਅਸੀਂ ਕਦੇ ਧਿਆਨ ਨਹੀਂ ਇਹਨਾਂ ਗੱਲਾਂ ਦਾ ਕਰਦੇ। ਉਹ ਲੋਕ ਮਰਯਾਦਾ ਨਾਲ, ਇਸ਼ਨਾਨ ਪਾਣੀ ਕਰਕੇ, ਸੁੱਚ ਪਵਿੱਤਰਤਾ ਨਾਲ, ਜੋ ਵੀ ਇਸਤ੍ਰੀ ਪੁਰਸ਼ ਹੁੰਦਾ ਸੀ। ਇਹ ਨਹੀਂ ਸੀ ਉਹਨਾਂ ਦਾ ਹਾਲ, ਰਾਤ ਦਿਨ ਅਨ੍ਹੇ ਵਾਹ ਲੱਗੇ ਹੀ ਤੁਰੇ ਜਾਉ। ਹੁਣ ਲੋਕ ਦਵਾਈਆਂ ਵਰਤਦੇ ਹਨ —ਬਰਥ ਕੰਟਰੋਲ। ਕਿਆ ਬਰਥ ਕੰਟਰੋਲ ਹੈ—ਇਹਦਾ ਦਿਮਾਗ ਬਰਥ ਕੰਟਰੋਲ ਹੈ। ਚਾਹੇ ਸਾਰੀ ਉਮਰ ਬਰਥ ਕੰਟਰੋਲ ਕਰ ਸਕਦਾ ਹੈ। ਜੇ ਸਿੱਖੇ ਕਿਸੇ ਕੋਲੋਂ, ਦਵਾਈਆਂ ਖਾ-ਖਾ ਕੇ, ਵੀਰਯ ਨੂੰ ਰੋਕਦੇ ਹਨ। ਏਥੋਂ ਚਲਦਾ ਹੈ। ਜਿਸ ਵੇਲੇ ਏਥੋਂ ਹਿੱਲ ਜਾਂਦਾ ਹੈ, ਉਹ ਜਿੱਥੇ ਵੀ ਠਹਿਰਦਾ ਹੈ, ਉਹ ਕਿਸੇ ਦੇਹ ਦੇ ਅੰਗ ਦਾ ਨਾਸ ਕਰ ਦਿੰਦਾ ਹੈ। ਸੁਜ਼ਾਕ ਕਿਉਂ ਹੁੰਦੇ ਨੇ ਲੋਕਾਂ ਨੂੰ, ਅੱਗੇ ਜਾਣਾ ਨਹੀ ਮਿਲਦਾ ਪਿੱਛੋਂ ਚਲਦਾ ਹੈ, ਉਹ ਰੁਕਦਾ ਹੈ। ਕੋਈ ਚੀਜ਼ ਰੁਕੇਗੀ, ਹੜ੍ਹ ਦਾ ਪਾਣੀ ਰੁਕੇਗਾ, ਲਾਂਭਾਂ ਦੀਆਂ ਕੰਧਾਂ ਢਾਹ ਦੇਵੇਗਾ। ਕੋਈ ਦੌੜਿਆ ਜਾਂਦਾ ਘੋੜਾ, ਕਿਸੇ ਚੀਜ਼ 'ਚ ਵੱਜੇਗਾ, ਜਾਂ ਮਰ ਜਾਏਗਾ ਜਾਂ ਮਾਰ ਦੇਵੇਗਾ। ਲੋੜ ਹੈ ਇਸ ਗੱਲ ਦੀ ਕਿ ਜਿਹੜੀ ਚੀਜ਼ ਦੀ ਲੋੜ ਹੈ, ਉਸ ਵੇਲੇ ਉਹਨੂੰ ਵਰਤੋ। ਪਜਾਮੇ ਨੂੰ ਪਜਾਮੇ ਦੇ ਥਾਂ ਪਾਓ, ਪਜਾਮੇ ਨੂੰ ਪੱਗ ਦੇ ਥਾਂ ਨਾ ਬੰਨ੍ਹੋ। ਪੱਗ ਨੂੰ ਲੱਤਾਂ 'ਚ ਨਾ ਪਾਓ। ਮੈਂ ਅਰਜ਼ ਕਰਾਂਗਾ ਨੌਜਵਾਨਾਂ ਅੱਗੇ ਕਿ ਤੁਹਾਡਾ ਜਿੱਥੇ ਤਕ ਹੋਵੇ ਦੋ-ਦੋ ਸਾਲ ਦਾ, ਤਿੰਨ-ਤਿੰਨ ਸਾਲ ਦਾ ਫਰਕ ਤੁਹਾਡੇ ਬੱਚਿਆਂ ਦਾ ਹੋਣਾਂ ਚਾਹੀਦਾ ਹੈ। ਇਹ ਤੁਹਾਡਾ ਆਪਣਾ ਇੰਤਜ਼ਾਮ ਹੈ। ਸਾਡੀਆਂ ਧੀਆਂ ਦਾ, ਸਾਡਿਆਂ ਬੱਚਿਆਂ ਦਾ ਸਾਡਿਆਂ ਭਰਾਵਾਂ ਦਾ ਤੇ ਸਾਡੀਆਂ ਭੈਣਾਂ ਦਾ ਇਹ ਆਪਣਾ ਇੰਤਜ਼ਾਮ ਹੈ।

ਕਿਸੇ ਦਾ ਲੈਣਾ ਦੇਣਾ ਨਹੀਂ। ਜੇ ਇਸ ਤਰ੍ਹਾਂ ਕਰ ਲਓਗੇ, ਔਲਾਦ ਤਾਕਤਵਰ ਪੈਦਾ ਹੋਵੇਗੀ। ਜਦੋਂ ਬੱਚੇ ਕੋਲ ਹੋਣ, ਉਹਨਾਂ ਨੂੰ ਲੋਰੀ ਸਤਿਗੁਰਾਂ ਦੇ ਨਾਮ ਦੀ ਦਿਓ ਬਾਣੀ ਦੀ ਦਿਓ। ਉਹਨਾਂ ਨੂੰ ਰੋਜ਼ ਅਰਦਾਸ ਕਰਨ ਦੀ ਜਾਚ ਦੱਸੋ। ਸਾਡੇ ਭਾਈ ਸਾਹਿਬ ਵੀ, ਸ਼ਰਾਬ ਪੀ ਕੇ, ਘਰ ਆ ਕੇ ਹੀ ਨਾ ਚਲੇ ਜਾਣ ਆਪਣੀ ਘਰ ਵਾਲੀ ਕੋਲ। ਜੇ ਉਹਨਾਂ ਨੇ ਮਨੁੱਖ ਪੈਦਾ ਕਰਨੇ ਹਨ, ਤਾਂ ਉਹ ਵੀ ਆਪਣੀ ਬਿਰਤੀ ਨੂੰ ਟਿਕਾਣੇ ਲਾ ਕੇ, ਇਸ਼ਨਾਨ ਪਾਣੀ ਕੀਤਾ ਹੋਵੇ ਦੋਵਾਂ ਜੀਆਂ ਦਾ। ਸਤਿਗੁਰੂ ਅੱਗੇ ਅਰਦਾਸ ਕਰਨ ਤਾਂ ਕਿ ਕੋਈ ਦਾਤਾ, ਕੋਈ ਭਗਤ, ਕੋਈ ਸੂਰਮਾ ਪੈਦਾ ਹੋਵੇ। ਗੰਦ ਦੁਨੀਆਂ 'ਚ ਅੱਗੇ ਥੋੜ੍ਹਾ ਪਿਆ ਹੋਇਆ ਹੈ। ਕੋਈ ਘਾਟਾ ਨਹੀਂ ਰਿਹਾ ਹੋਇਆ ਕਿਸੇ ਚੀਜ਼ ਦਾ, ਔਰ ਤੁਸੀ ਦੇਖੋ, ਆਪੋ ਆਪਣੇ ਸਰੀਰਾਂ ਨੂੰ ਦੇਖੋ। ਅਗਰ ਤੁਸੀਂ ਪੰਦਰਾਂ ਦਿਨਾਂ ਦੀ ਬਜਾਏ ਅੱਜ ਇੱਕ ਮਹੀਨੇ ਤੇ ਪ੍ਰਣ ਕਰ ਲਓਗੇ ਤਾਂ ਮੈਂ ਸਮਝਾਂਗਾ ਕਿ ਮੈਨੂੰ ਬੜਾ ਫਾਇਦਾ ਪਹੁੰਚਿਆ ਹੈ। ਸਾਲ ਵਾਲੇ ਦੋ ਸਾਲਾਂ ਤੇ ਚਲੇ ਜਾਓ। ਦੋ ਵਾਲੇ ਚਹੁੰ ਤੇ ਚਲੇ ਜਾਓ। ਇਸ ਤਰ੍ਹਾਂ ਨਾ ਤੁਹਾਡੀਆਂ ਦੇਹਾਂ ਰਹਿਣਗੀਆਂ, ਨਾ ਤੁਹਾਡਾ ਅੱਗੋਂ ਇੰਤਜਾਮ ਕੋਈ ਕੰਮ ਕਰੇਗਾ। ਇਹ ਹੈ ਗ੍ਰਹਿਸਤ ਧਰਮ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

**ਕਹੂੰ ਗ੍ਰਹਸਤ ਧਰਮ ਅਪਾਰ।।**

*–ਦਸਮ ਗ੍ਰੰਥ, ਪੰਨਾ–੧੯*

ਭਾਈ ਗੁਰਦਾਸ ਜੀ ਨੇ ਲਿਖਿਆ ਹੈ–

*ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ੍ਰ ਬਡੌ,*

ਸਾਰੀਆਂ ਨਦੀਆਂ ਚੋਂ ਸਮੁੰਦਰ ਵੱਡਾ ਹੈ।

*ਮੇਰੁ ਮੈ ਸੁਮੇਰ ਬਡੌ, ਜਗਤੁ ਬਖਾਨ ਹੈ।*

ਪਹਾੜਾਂ ਵਿੱਚੋਂ ਸੁਮੇਰ ਵੱਡਾ ਹੈ।

*ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੌ,*
*ਧਾਤ ਮੈ ਕਨਕ ਅਤਿ ਉਤਮ ਕੈ ਮਾਨਿ ਹੈ।*
*ਪੰਛੀਅਨ ਮੈ ਹੰਸੁ,*

ਪੰਛੀਆਂ ਚੋਂ ਹੰਸ ਨੂੰ।

*ਮ੍ਰਿਗ ਰਾਜਨ ਮੈ ਸਾਰਦੂਲ,*

ਸ਼ੇਰਾਂ ਵਿੱਚੋਂ ਸਾਰਦੂਲ, ਸਿੰਹ, ਸ਼ੇਰ।

*ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ।*

ਪੱਥਰਾਂ ਵਿੱਚੋਂ ਪਾਰਸ ਨੂੰ ਵੱਡਾ ਮੰਨਿਆ ਹੈ। ਧਾਤੂਆਂ ਵਿੱਚੋਂ ਸੋਨੇ ਨੂੰ ਉੱਤਮ ਧਾਤੂ ਮੰਨਿਆ ਹੈ। ਉਹ ਕਹਿੰਦੇ ਹਨ–

*ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰੁ,*
*ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨੁ ਹੈ।।੩੭੬।।*

*– ਕਬਿਤ ਸਵੈਯੇ*

ਮੈਂ ਇਹ ਅਰਜ਼ ਤੁਹਾਡੇ ਅੱਗੇ ਕਰਨੀ ਸੀ, ਇਹ ਤੁਹਾਡਾ ਪਦਾਰਥ ਜਿਹੜਾ ਹੈ, ਤੁਹਾਨੂੰ ਪਤਾ ਹੈ—ਕਿ ਸੌ ਬੂੰਦ ਲਹੂ ਦੀ ਕਿੰਨੀ ਕੁ ਤਾਕਤ ਨਾਲ ਤੁਸੀਂ ਬਣਾ ਸਕੋਂ, ਇੱਕ ਮਿੱਝ ਦੀ ਬੂੰਦ ਬਣਦੀ ਹੈ, ਚਰਬੀ ਦੀ। ਸੌ ਚਰਬੀ ਦੀ ਬੂੰਦ ਤੋਂ ਬਾਅਦ ਇੱਕ ਮਣੀ ਦੀ ਬੂੰਦ ਬਣਦੀ ਹੈ। ਜਿਹੜਾ ਰੋਜ਼ ਲਹੂ ਐਨਾ ਖਰਾਬ ਕਰੋ, ਏਨਾਂ ਖਰਚ ਕਰੋ, ਕਿਧਰ ਜਾਓਗੇ। ਉਹ ਇੱਕ ਕਵੀ ਨੇ ਲਿਖਿਆ ਹੈ ਸੁਆਸਾਂ ਦੇ ਬਾਬਤ–

*ਬੈਸਤ ਬਾਰਾਂ, ਚਲਤ ਅਠਾਰਾਂ ਸੋਵਤ ਜਾਏ ਤੀਸਾ।*
*ਮੈਥਨ ਕਰਦਿਆਂ ਚੌਂਸਠ ਜਾਵੇ ਕਿਉਂ ਨਾ ਭਜੈ ਜਗਦੀਸਾ।*

ਜਿੰਨੇ ਚਿਰ ਵਿੱਚ ਸੁਆਸ ਬਾਰ੍ਹਾਂ ਜਾਂਦੇ ਹਨ, ਉਨੇਂ ਚਿਰ 'ਚ ਚੌਂਹਠ ਚਲੇ ਜਾਂਦੇ ਹਨ। ੫੦ ਵਰ੍ਹਿਆਂ ਦੀ ਥਾਂ ੧੦ ਵਰ੍ਹਿਆਂ ਦੀ ਉਮਰ ਰਹਿ ਗਈ ਨ।

*੨੪੦੦੦ ਖਰਚ ਰੋਜ ਦਾ ਤੇ ਆਮਦਨ ਮੂਲ ਨਾ ਥੀਵੇ।*
*ਜਿਸ ਬੰਦੇ ਨੂੰ ਇਤਨਾ ਘਾਟਾ ਸੋ ਬੰਦਾ ਕਿਉਂ ਜੀਵੇ।*

ਫਿਰ ੨੪੦੦੦ ਤਾਂ ਉਤਲਾ ਕਰਦੇ ਹਾਂ ਨ, ਜਿਹੜਾ ਵਾਧੂ ਕਰਦੇ ਹਾਂ। ਤਾਂ ਮੈਂ ਇਹ ਅਰਜ਼ ਕਰਾਂਗਾ, ਮੇਰੇ ਦਿਲ ਵਿੱਚ ਅੱਜ ਹੀ ਇਹ ਚੀਜ਼ ਆਈ ਸੀ, ਕਿ ਮੈਂ ਜਦੋਂ ਬੱਚੇ ਬੱਚੀਆਂ ਨੂੰ ਦੇਖਦਾ ਹਾਂ ਤਾਂ ਉਹਨਾਂ ਦੇ ਮਾਸ ਨਹੀਂ ਪਿੰਡੇ ਉੱਤੇ, ਚਿਹਰਿਆਂ ਉੱਤੇ ਲਾਲੀ ਨਹੀਂ। ਉਸਦਾ ਕਾਰਣ ਹੋਰ ਕੋਈ ਨਹੀਂ—ਬਹੁਤ ਔਲਾਦ ਜ਼ਿਆਦਾ। ਏਸੇ ਰੀਸੇ ਅਸੀਂ ਪੈ ਗਏ ਹਾਂ—

ਮੇਰੇ ਪੰਜ ਬੱਚੇ ਨੇ, ਪੰਡਤ ਜੀ ਦੇ ਛੇ ਕਿਉਂ ਨੇ, ਸੇਵਕ ਰਾਮ ਜੀ ਦੇ ਸੱਤ ਕਿਉਂ ਨੇ, ਮੈਂ ਏਦੂੰ ਵਧਾਂ। ਇਹ ਦੇਖੋ—ਮੇਰਾ ਇੱਕ ਬੱਚਾ ਕਿੰਨਿਆਂ ਬੱਚਿਆਂ ਨਾਲ ਲੜ ਸਕਦਾ ਹੈ—ਕਿੰਨਿਆਂ ਬੱਚਿਆਂ ਜਿੰਨਾਂ ਬੋਝ ਚੁੱਕ ਸਕਦਾ ਹੈ—ਕਿੰਨਿਆਂ ਬੱਚਿਆਂ ਜਿੰਨਾਂ ਉਹਦਾ ਦਿਮਾਗ ਕੰਮ ਕਰਦਾ ਹੈ। ਫਿਰ ਤੁਹਾਨੂੰ ਪਤਾ ਲੱਗੇ, ਫਿਰ ਤੁਸੀਂ ਕੁਝ ਕਰਨ ਜੋਗੇ ਹੋ ਜਾਓ। ਕਿਸ ਤਰ੍ਹਾਂ ਉਹ ਸੂਰਮੇ ਹੋ ਗਏ ਸੀ ਕਰਣ ਜੈਸੇ। ਉਹਨਾਂ ਦੀਆਂ ਮਾਵਾਂ ਕੀ ਕਰਦੀਆਂ ਸਨ। ਉਹ ਜਪੁ ਕਰਦੀਆਂ ਸਨ; ਉਹ ਤਪੁ ਕਰਦੀਆਂ ਸਨ; ਉਹ ਬੱਚਿਆਂ ਨੂੰ ਸਿੱਖਿਆ ਐਸੀ ਦੇਂਦੀਆਂ ਸਨ; ਐਸੀਆਂ ਚੀਜ਼ਾਂ ਨਹੀਂ ਸਨ—ਚਿੜ ਚਿੜੀਆਂ, ਖਾਣ ਨੂੰ ਦਿੰਦੀਆਂ ਜਿਨ੍ਹਾਂ 'ਚ ਮਸਾਲੇ ਪਏ ਹੋਣ; ਕਦੇ ਠੰਢੀਆਂ ਕਦੇ ਤੱਤੀਆਂ, ਜਿਨ੍ਹਾਂ ਨਾਲ ਦੰਦ ਖਰਾਬ ਹੋ ਜਾਣ। ਸਾਡੇ ਲੋਕ ਲੋਹਾ ਚੱਬ ਜਾਂਦੇ ਸਨ। ਉਹਨਾਂ ਦੇ ਦੰਦ ਏਡੇ ਕਰੜੇ ਸਨ। ਕਿਉਂ ਕਰੜੇ ਸਨ—ਉਹ ਕਦੇ ਐਸੀਆਂ ਚੀਜ਼ਾਂ ਨਹੀਂ ਸਨ ਵਰਤਦੇ, ਉਹ ਆਪਣੀਆਂ ਦੇਹਾਂ ਨੂੰ ਸਾਂਭਕੇ ਰੱਖਦੇ ਸਨ। ਅਗਰ ਤੁਸੀਂ ਹੁਣ ਵੀ ਇਸ ਗੱਲ ਦਾ ਧਿਆਨ ਦਿਓਗੇ ..........। ਭਾਵੇਂ ਮੈਂ ਇਸਦੇ ਕਹਿਣ ਦੇ ਲਾਇਕ ਨਹੀਂ, ਕਿਉਂਕਿ ਜਿੰਨਾ ਕੁਛ ਕਰਨਾ ਚਾਹੀਦਾ ਸੀ, ਮੈਂ ਭੀ ਆਪਣੇ ਸਰੀਰ ਨੂੰ ਉਤਨਾ ਨਹੀ ਸਾਂਭ ਸਕਿਆ, ਲੇਕਿਨ ਮੈਨੂੰ ਇਸ ਗੱਲ ਦਾ ਪਤਾ ਹੈ ਬਈ, ਏਨੀ ਤਾਕਤ ਸਰੀਰ 'ਚ ਹੋ ਸਕਦੀ ਹੈ, ਜਿਹਦੀ ਆਪ ਗਿਣਤੀ ਵੀ ਆਦਮੀ ਨਹੀਂ ਕਰ ਸਕਦਾ, ਕਿ ਮੇਰੇ 'ਚ ਏਨੀ ਕੁ ਤਾਕਤ ਹੈ। ਕੀ ਗੱਲ ਸੀ ਉਹਨਾਂ ਦੀ—ਹਾਥੀ ਦੇ ਸੰਗਲ ਉੱਤੇ ਪੈਰ ਧਰ ਦਿੱਤਾ ਸੀ, ਤੇ ਹਾਥੀ ਖੜ੍ਹਾ ਕਰ ਦਿੱਤਾ ਸੀ। ਇੱਕ ਬੱਚੇ ਨੇ ਮਾਈ ਦੇ, ਦਿੱਲੀ ਵਿੱਚ ਹਾਥੀ ਦੇ ਪੈਰ 'ਚ ਸੰਗਲ ਲਮਕਦਾ ਜਾਂਦਾ ਸੀ ਪਿਛਾੜੀ ਦਾ, ਤਾਂ ਉਹ ਮਾਈ ਦੇ ਬੱਚੇ ਨੇ ਪੈਰ ਧਰ ਦਿੱਤਾ ਸੀ, ਹਾਥੀ ਉੱਥੇ ਹੀ ਰੁਕ ਗਿਆ ਸੀ। ਉਹ ਵੀ ਸਾਡਾ ਹਿੰਦੁਸਤਾਨ ਦਾ ਮੁੰਡਾ ਜੰਮਿਆ ਸੀ। ਲਿਖਿਆ ਹੈ ਦਸਮ ਗ੍ਰੰਥ 'ਚ ਗੁਰੂ ਗੋਬਿੰਦ ਸਿੰਘ ਨੇ—ਜਿਹੜੇ ਅਸੀਂ ਸਿੱਖ ਹਾਂ, ਜੋ ਹੋਰ ਕਿਸੇ ਗ੍ਰੰਥ ਨੂੰ ਨਹੀਂ ਮੰਨਦੇ, ਗਪੌੜੇ ਮੰਨਦੇ ਹਾਂ—ਤਾਂ, ਉੱਥੇ ਲਿਖਿਆ ਹੈ, ਜਿਸ ਵੇਲੇ ਭੀਮ ਸੈਨ ਜੰਗ ਵਿੱਚ ਗਿਆ—ਗਿਆਨ ਪ੍ਰਬੋਧ ਪੜ੍ਹੋ, ਦਸਮ ਗ੍ਰੰਥ 'ਚ–

**ਤਹਾ ਸ਼ੱਤ੍ਰ ਕੇ ਭੀਮ ਹਸਤੀ ਚਲਾਏ।।**
**ਫਿਰੈ ਮੱਧਿ ਗੈਣੰ ਅਜਉ ਲਉ ਨ ਆਏ।।**

*– ਦਸਮ ਗ੍ਰੰਥ, ਪੰਨਾ–੧੪੭*

ਜੰਗ ਕਰਦਿਆਂ ਕਰਦਿਆਂ ਭੀਮ ਸੈਨ ਨੇ ਫੜ ਕੇ ਲੱਤਾਂ ਤੋਂ ਹਾਥੀ ਉਤਾਂਹ ਨੂੰ ਮਾਰੇ ਆਕਾਸ਼ ਨੂੰ। ਆਕਾਸ਼ ਵਿੱਚ ਹਾਥੀ ਅਜੇ ਤੱਕ ਉਤਲੀ ਐਸੀ ਹਵਾ 'ਚ ਘੁੰਮ ਰਹੇ ਹਨ, ਜਿਹੜੇ ਮੁੜਕੇ ਥੱਲੇ ਨਹੀਂ ਡਿੱਗੇ। ਤਾਂ ਜਨਮੇਜਾ ਨੂੰ ਇਹ ਖਿਆਲ ਹੋਇਆ, ਕਿ ਝੂਠ ਹੈ। ਇਸੇ ਕੋੜ੍ਹ ਨਾਲ ਉਹ ਮਰਿਆ। ਉਹਨਾਂ ਪੰਡਤਾਂ ਨੇ, ਧੰਨ ਉਹ ਪੰਡਤ ਸਨ–

**ਸੋ ਪੰਡਿਤੁ ਜੋ ਮਨੁ ਪਰਬੋਧੈ[੯]।।**
**ਰਾਮ ਨਾਮੁ ਆਤਮ[੧੦] ਮਹਿ ਸੋਧੈ[੧੧]।।**
**ਰਾਮ ਨਾਮ ਸਾਰੁ[੧੨] ਰਸੁ ਪੀਵੈ।।**
**ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ।।**

*– ਗਉੜੀ ਮ:੫, ਪੰਨਾ–੨੭੪*

ਉਹਨਾਂ ਮਹਾਂਪੁਰਸ਼ਾਂ ਨੇ ਆਪਣੀ ਮੰਤ੍ਰ ਸ਼ਕਤੀ ਨਾਲ, ਉਹਨਾਂ ਦੇ ਹੱਡ ਮੰਗਾਕੇ ਦਿਖਾਇਆ ਕਿ ਦੇਖ ਆਹ ਝੂਠ ਨਹੀਂ। ਭਰਤ ਜੀ ਜਿਹਨਾਂ ਦੇ ਨਾਂ ਉੱਤੇ ਸਾਡਾ ਭਾਰਤ ਵਰਸ਼ ਵਸਦਾ ਹੈ, ਸ਼ੇਰ ਦੇ ਬੱਚੇ ਨੂੰ ਤਿੰਨਾਂ ਚਹੁੰ ਵਰ੍ਹਿਆਂ ਦਾ ਮੁੰਡਾ ਖਿੱਚੀ ਫਿਰਦਾ ਹੈ। ਲੱਤਾਂ ਮਾਰਦਾ ਹੈ, ਡਰਦਾ ਨਹੀਂ। ਮਾਂ ਕਹਿੰਦੀ ਹੈ,''ਨਾ, ਇਹਦੀ ਮਾਂ ਅਉਖੀ ਹੋਊ।'' ਕੀ ਗੱਲ ? ਸਾਡਾ ਫਰਜ਼ ਹੈ, ਮੈਂ ਅੱਜ ਹੁਣ ਏਦੂੰ ਵੱਧ—ਹੋਰ ਕੁਛ ਨਹੀਂ ਕਹਿੰਦਾ। ਹੁਣ ਨਿਤਨੇਮ ਦਾ ਵਕਤ ਹੈ। ਰਾਤ ਨੂੰ ਪੰਡਤ ਜੀ ਕੀਰਤਨ ਕਰਨਗੇ ਤਾਂ ਸੁਣ ਲਿਓ। ''ਕਿਉਂ ਜੀ ਮਹਾਰਾਜ ਲੱਗੇਗਾ ਦੀਵਾਨ ?''

''ਗਰੀਬ ਨਿਵਾਜ਼ ਜਿਵੇਂ ਹੁਕਮ ਹੋਵੇ।''

''ਨਾ ਜੇ ਤੁਹਾਡਾ ਸਰੀਰ ਮੰਨਦਾ ਹੈ।''

ਮੈਂ ਜਿਹੜਾ ਕੰਮ ਆਪ ਨਹੀਂ ਕਰਨਾ ਚਾਹੁੰਦਾ ਉਹਦੇ 'ਚ ਨਹੀਂ ਕਹਿੰਦਾ ਲਾਓ, ਅਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ, ਜਾਣਦਾ ਕਰਤਾਰ ਹੈ–

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥**
**ਖਿਨ ਮਹਿ ਥਾਪਿ ਉਥਾਪਨਹਾਰਾ[੧੩] ਆਪਨ ਹਾਥਿ ਮਤਾਤ[੧੪]॥**
**ਸਿਆਨਪ ਕਾਹੂ ਕਾਮਿ ਨ ਆਤ[੧੫]॥**
**ਜੋ ਅਨਰੂਪਿਓ[੧੬] ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥**

*- ਗੂਜਰੀ ਮ:੪, ਪੰਨਾ-੪੯੬*

ਕੱਲ ਨੂੰ ਤਿਆਰੀ ਹੈ। ਸਵੇਰ ਵਾਲਾ ਜਹਾਜ਼ ਨਹੀਂ ਜਾ ਰਿਹਾ ਪੰਜ ਛੇ ਵਜੇ ਵਾਲਾ ਥਾਈਲੈਂਡ ਵਾਲਾ। BOC ਵਿੱਚ ਇੱਕ ਵਜੇ ਵਾਲੇ 'ਚ ਜਾਣਾ ਹੈ। ਸਾਧ ਸੰਗਤ ਕਿਰਪਾ ਕਰੇ। ਬਚਨ ਬਿਲਾਸ ਕਰਦਿਆਂ ਅਪਣਤ ਦੇ ਜ਼ੋਰ ਤੇ, ਆਪਣੇ ਮਾਣ ਦੇ ਜ਼ੋਰ ਤੇ, ਤੁਹਾਨੂੰ ਇਹ ਗੱਲਾਂ ਕਹੀਆਂ ਹਨ। ਸਰੀਰ ਇਸ ਗੱਲ ਵਾਸਤੇ ਨਹੀਂ ਬਣਿਆ ਕਿ ਵਿਸ਼ੇ ਵਿਕਾਰ 'ਚ ਇਹਨੂੰ ਗੰਵਾ ਦਿਓ।

**ਕਉਡੀ ਬਦਲੈ ਤਿਆਗੈ ਰਤਨੁ॥**

*- ਰਾਮਕਲੀ ਮ:੫, ਪੰਨਾ-੮੯੨*

ਇਹ ਚੀਜ਼ ਜਿਹੜੀ ਤੁਹਾਡੀ ਬਣੀ ਹੋਈ ਹੈ, ਇਸ ਨੂੰ ਉੱਜਲੀ ਕਰੋ ਸਰੀਰ ਚੌਂ, ਮਿਹਨਤ ਨਾਲ, ਕਸਰਤ ਕਰੋ; ਸਵੱਛ ਖਾਣਾ ਖਾਓ; ਕਉੜੀਆਂ ਕਸੈਲੀਆਂ ਖੱਟੀਆਂ ਚੀਜ਼ਾਂ ਘੱਟ ਖਾਓ; ਅਭਿਆਸ ਕਰੋ। ਪਹਿਲੇ ਲੋੜ ਹੈ ਦੇਹ ਦੇ ਬਣਾਉਣ ਦੀ। ਦੇਹ ਬਣੇਗੀ ਤਾਂ ਦਿਮਾਗ ਕਾਇਮ ਹੋ ਜਾਵੇਗਾ। ਜੇ ਦਿਮਾਗ ਹੀ ਕਾਇਮ ਹੋਵੇਗਾ, ਤਾਂ ਆਤਮ ਸ਼ਕਤੀ ਪੈਦਾ ਕਰਨ ਵਾਲਾ ਬਣੇਗਾ। ਉਹਨਾਂ ਨੇ ਰੋਜ਼ ਅਰਦਾਸੇ 'ਚ ਐਵੇਂ ਨਹੀਂ ਕਿਹਾ—ਕਿ ਸੁਖਾਲੀ, ਸੁਾਸੀ, ਤੇਰਾ ਨਾਮ ਚਿਤ ਆਵੇ। ਮੈਂ ਇਹ ਅਰਜ਼ ਕਰਕੇ ਸਮਾਪਤ ਕਰਦਾ ਹਾਂ। ਹੁਣ ਨਿਤਨੇਮ ਹੋਵੇਗਾ। ਨਿਤਨੇਮ ਤੋਂ ਬਾਅਦ ਪੰਡਤ ਜੀ ਕਰਨਗੇ ਕਿਰਪਾ। ਤੜਕੇ ਆਸਾ ਦੀ ਵਾਰ ਦਾ ਕੀਰਤਨ ਇੱਥੇ ਹੋ ਜਾਵੇਗਾ। ਅੱਗੇ ਜੋ ਸਤਿਗੁਰੂ ਨੂੰ ਭਾਵੇ।

**ਹੇ ਅਚੁਤ[੧੭] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੧੮]॥**
**ਹੇ ਪੂਰਨ ਹੇ ਸਰਬ[੧੯] ਮੈ ਦੂਖ ਭੰਜਨ[੨੦] ਗੁਣ ਤਾਸ[੨੧]॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੨੨] ਸਭ ਟੇਕ[੨੩]॥**

ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੨੪]।।
ਹੇ ਅਪਰੰਪਰ[੨੫] ਹਰਿ ਹਰੇ ਹਹਿ[੨੬] ਭੀ ਹੋਵਨਹਾਰ[੨੭]।।
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੨੮] ਆਧਾਰ।।
ਹੇ ਠਾਕੁਰ ਹਉ ਦਾਸਰੋ[੨੯] ਮੈ ਨਿਰਗੁਣ ਗੁਨੁ ਨਹੀ ਕੋਇ।।
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੬੬।।

*– ਪੰਨਾ–੨੬੧*

– ਜਾਂਹੀ ਕੁਲ ਤੇ ਪ੍ਰਗਟ ਹੋਇ ਤਾਹੀਂ ਕੁਲ ਕੋ ਨਾਮ।।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।

## ਟਿੱਪਣੀਆਂ

★੧ ਸਤਿਗੁਰੂ ਜੀ ਦੇ ਇਸ ਪਵਿਤ੍ਰ ਉਪਦੇਸ਼ ਦੀ ਤਾਰੀਖ ਟੇਪ ਵਿੱਚੋਂ ਉਪਲਬਧ ਨਾ ਹੋਣ ਕਰਕੇ ਨਹੀਂ ਦਿੱਤੀ ਗਈ। ਸ੍ਰੀ ਸਤਿਗੁਰੂ ਜੀ ਦੇ ਨਿਜੀ ਸਕੱਤਰ ਅਤੇ ਡਰਾਈਵਰ ਸੰਤ ਗੁਰਦੇਵ ਸਿੰਘ ਜੀ ਦੀ ਲਿਖਤ ਡਾਇਰੀ ਤੋਂ ਉਪਦੇਸ਼ ਦੀ ਤਿਥੀ ਬਾਰੇ ਕੁਝ ਪਤਾ ਲੱਗ ਜਾਂਦਾ ਹੈ। ਇਸ ਡਾਇਰੀ ਅਨੁਸਾਰ–

੧੦–੧੦–੧੯੫੬ – ਸਤਿਗੁਰੂ ਜੀ ਦਿੱਲੀ ਤੋਂ ਸਿਆਮ ਗਏ ਹਵਾਈ ਜਹਾਜ਼ ਰਾਹੀਂ।

੧੮–੧੦–੧੯੫੬ – ਸਤਿਗੁਰੂ ਜੀ ਰੰਗੂਨ ਤੋਂ ਕਲਕੱਤੇ ਪਹੁੰਚੇ।

੧੯–੧੦–੧੯੫੬ – ਸਤਿਗੁਰੂ ਜੀ ਕਲਕੱਤੇ ਤੋਂ ਦਿੱਲੀ ਪਹੁੰਚੇ ਹਵਾਈ ਜਹਾਜ਼ ਰਾਹੀਂ।

ਸਤਿਗੁਰੂ ਜੀ ਇਸ ਉਪਦੇਸ਼ ਦੇ ਅੰਤ ਵਿੱਚ ਫਰਮਾਉਂਦੇ ਹਨ ਕਿ ਕੱਲ ਨੂੰ ਇੱਕ ਵਜੇ ਦੇ ਜਹਾਜ਼ ਤੇ ਜਾਣਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸੱਚੇ ਪਾਤਸ਼ਾਹ ਜੀ ੧੭–੧੦–੫੬ ਨੂੰ ਸਿਆਮ ਤੋਂ ਰੰਗੂਨ ਗਏ। ਉੱਥੇ ਸਤਿਗੁਰੂ ਰਾਮ ਸਿੰਘ ਜੀ ਦੇ ਠਹਿਰਨ ਵਾਲੀ ਥਾਂ ਦੇਖ ਕੇ ੧੮–੧੦–੫੬ ਨੂੰ ਕਲਕੱਤੇ ਆ ਗਏ। ਇਸ ਤਰ੍ਹਾਂ ਇਹ ਉਪਦੇਸ਼ ੧੬–੧੦–੧੯੫੬ ਦਾ ਹੋ ਸਕਦਾ ਹੈ।

★੨ *ਸੁੱਧੋ ਸੀ ਬੁੱਧੋ ਸੀ, ਨਿਰੰਜਨੋ ਸੀ ਸੰਸਾਰ ਮਾਯਾ ਪਰੀਵਰਜਤੋ ਸੀ।*
*ਸੰਸਾਰ ਸੁਪਨਾ ਤਜਯ ਮੋਹ ਨਿਦ੍ਰਾਂ ਮਦਾਲਸਾ ਵਾਕਯੰ ਉਵਾਚ ਪੁਤ੍ਰੰ।*

ਅਰਥ—ਤੂੰ ਸੁੱਧ ਸਰੂਪ ਹੈਂ, ਗਯਾਨ ਸਰੂਪ ਹੈਂ, ਮਾਯਾ ਰਹਿਤ ਹੈਂ, ਸੰਸਾਰਕ ਮਾਯਕ ਮੋਹ ਸੇ ਰਹਿਤ ਹੈਂ, ਸੰਸਾਰ ਸੁਪਨੇ ਕੀ ਨਯਾਈ ਝੂਠਾ ਹੈ, ਮੋਹ ਰੂਪੀ ਨਿੰਦ੍ਰਾ ਨੂੰ ਛੱਡ ਦੇਹ। ਇਸ ਪ੍ਰਕਾਰ ਦੀ ਲੋਰੀ ਮਾਤਾ ਮਦਾਲਸਾ ਆਪਣੇ ਪੁੱਤਰ ਨੂੰ ਦੇਂਦੀ ਸੀ।

★੩ ਥਾਈ ਭਾਸ਼ਾ ਵਿੱਚ ਮੰਦਰ ਨੂੰ ਵੱਟ ਕਹਿੰਦੇ ਹਨ।

★੪ ਸਤਿਗੁਰੂ ਰਾਮ ਸਿੰਘ ਜੀ ਦੀਆਂ ਭੈਣਾਂ ਬੇਬੇ ਸਾਹਿਬ ਕੌਰ ਅਤੇ ਬੇਬੇ ਰਾਮ ਕੌਰ ਸਨ। ਬੇਬੇ ਸਾਹਿਬ ਕੌਰ ਜੀ ਦਾ ਅਨੰਦ ਰਾਇਪੁਰੀਏ ਸ੍ਰ: ਕਾਬਲ ਸਿੰਘ ਨਾਲ ਹੋਇਆ ਸੀ।

★੫ ਸਤਿਗੁਰੂ ਹਰੀ ਸਿੰਘ ਜੀ ਦੇ ਪਹਿਲੇ ਮਹਿਲ ਮਾਤਾ ਸਾਹਿਬ ਕੌਰ ਜੀ ਸਨ।

## ਸ਼ਬਦਾਰਥ

੧ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਸਿਰ ਤੇ।
੨ ਪ੍ਰਭੂ ਦੇ ਦੇਸ਼ ਨੂੰ।
੩ ਚਲਾਣਾ।
੪ ਕਰਣੀ।
੫ ਕਿਸੇ ਹੋਰ ਨੇ।
੬ ਜਗਤ ਵਿੱਚ ਸਦਾ ਯਾਦ ਰਹਿਣ ਵਾਲਾ ਕੰਮ।
੭ ਧਰਮ ਹੱਠ, ਸੱਚ ਉੱਤੇ ਕਾਇਮ ਰਹਿਣਾ।
੮ ਸਨਾਤਨ ਧਰਮ ਦੇ ਚਿੰਨ੍ਹ—ਟਿੱਕਾ ਤੇ ਜਨੇਊ।
੯ ਉਪਦੇਸ਼, ਗਿਆਨਵਾਨ।
੧੦ ਮਨ।
੧੧ ਵਿਚਾਰੇ।
੧੨ ਸਿਧਾਂਤ ਰੂਪ।
੧੩ ਨਾਸ ਕਰ ਦੇਣ ਵਾਲਾ।
੧੪ ਸਲਾਹ, ਫੈਸਲਾ।
੧੫ ਆਉਂਦੀ ਹੈ।
੧੬ ਨਿਯਤ ਕੀਤਾ।
੧੭ ਅਟੱਲ, ਨਾ ਡੋਲਣ ਵਾਲਾ।
੧੮. ਪਾਪਾਂ ਨੂੰ ਨਾਸ ਕਰਨ ਵਾਲੇ।
੧੯ ਸਰਬ ਰੂਪ।
੨੦. ਦੁੱਖਾਂ ਦਾ ਨਾਸ ਕਰਨ ਵਾਲਾ।
੨੧. ਗੁਣਾਂ ਦਾ ਭੰਡਾਰ।
੨੨ ਤਿੰਨਾਂ ਗੁਣਾਂ ਤੋਂ ਨਿਰਲੇਪ।
੨੩. ਆਸਰੇ।
੨੪ ਗਿਆਨ ਪ੍ਰਕਾਸ਼।
੨੫. ਪਾਰਾਵਾਰ ਤੋਂ ਪਰੇ।
੨੬ ਹੈ ਹੁਣ।
੨੭ ਅੱਗੇ ਨੂੰ ਵੀ ਹੋਣ ਵਾਲਾ ਹੈ।
੨੪. ਨਿਰ ਆਸਰੇ।
੨੫. ਦਾਸ।

# ਨਾਂਵਾਂ ਦੀ ਸੂਚੀ


**ੳ**

ਉੱਤਮ ਸਿੰਘ — ੬੩, ੬੪, ੬੫, ੨੮੬, ੨੮੭

**ਅ**

ਅੰਗਦ ਗੁਰੂ — ੧੬੩, ੨੨੮, ੨੨੯, ੨੩੦, ੨੩੪, ੨੫੧, ੨੮੧, ੨੮੨, ੨੮੩

ਅਗਮ ਸਿੰਘ — ੧੪੨

ਅਜਾਪਾਲ ਸਿੰਘ — ੨੪੦, ੨੪੨

ਅਜਾਮਲ — ੧੪੮

ਅਜਿਤਾ ਰੰਧਾਵਾ — ੧੧੭, ੧੩੬

ਅਤਰ ਸਿੰਘ — ੨੮੪

ਅਨੁਸੂਯਾ ਮਾਤਾ — ੨੯੮

ਅਬਦੁਲਾ ਸ਼ੇਖ — ੨੩੫

ਅੰਬਰੀਕ — ੨੭੦

ਅਬੁਲ ਕਲਾਮ — ੧੭੨

ਅਮਾਨਉਲਾ — ੨੦੮

ਅਮਰ ਦਾਸ (ਗੁਰੂ) — ੨੧੦, ੨੨੮, ੨੨੯, ੨੩੪, ੨੫੧

ਅਮਰੋ ਬੀਬੀ — ੨੫੧

ਅਰਹੰਤ ਦੇਵ — ੩੪, ੩੫

ਅਰਜਨ — ੧੫੧, ੩੦੧

ਅਰਜਨ ਦੇਵ (ਗੁਰੂ) — ੪੭, ੯੬, ੯੮, ੧੦੦, ੧੦੬,

| | |
|---|---|
| | ੧੫੧, ੧੮੦, ੧੮੧, ੧੮੨, ੨੮੦, ੨੯੪ |
| ਆਤਮਾ ਸਿੰਘ ਸਰਦਾਰ | ੧੨੩, ੧੯੨ |
| ਆਲਾ ਸਿੰਘ | ੧੪੮, ੧੪੯ |
| ਆਲਮ ਜੀ | ੧੧੯, ੨੫੫, ੨੫੬ |
| ਔਰੰਗਜ਼ੇਬ | ੩੧, ੩੨, ੩੬, ੭੮, ੭੯, ੯੪, ੧੧੩, ੨੩੬ |

**ੲ**

| | |
|---|---|
| ਇੰਦਰ | ੨੦੧ |
| ਈਸ਼ਰ ਸਿੰਘ | ੧੮੯ |

**ਸ**

| | |
|---|---|
| ਸਓਣ ਸਿੰਘ | ੧੨੪, ੧੨੫ |
| ਸੱਸੀ | ੪੬ |
| ਸੰਤ ਸਿੰਘ | ੫੪ |
| ਸੰਤ ਸਿੰਘ ਢਾਡੀ | ੮੮, ੮੯ |
| ਸੰਤੋਖ ਸਿੰਘ | ੪੮, ੯੬ |
| ਸਦਾ ਕੌਰ ਮਾਤਾ | ੯੦ |
| ਸੰਪੂਰਨ ਸਿੰਘ | ੧੮੪ |
| ਸਮੁੰਡ ਰਿਖੀ | ੩੧ |
| ਸਾਹਿਬ ਸਿੰਘ | ੬੪, ੮੬, ੯੧, ੧੩੯, ੨੮੭ |
| ਸਾਧੂ ਸਿੰਘ | ੨੨੯ |
| ਸ਼ਾਮ ਸਿੰਘ | ੬੩ |
| ਸਿਕੰਦਰ | ੨੦੪ |
| ਸਿਰੀ ਚੰਦ ਬਾਬਾ | ੯੦ |
| ਸ਼ਿਵ ਜੀ | ੨੦੧ |
| ਸੀਤਾ | ੬੯, ੨੭੭ |

| | |
|---|---|
| ਸ਼ੁਕਰ ਗੁਰੂ | ੩੪, ੩੫ |
| ਸੁਖਾ ਸਿੰਘ | ੯੬ |
| ਸੁਜਾਨ ਸਿੰਘ | ੧੪੮, ੧੫੨ |
| ਸੁਦਰਸਪਰਸ਼ | ੩੧, ੩੨ |
| ਸ਼ੇਰ ਸਿੰਘ ਮਹਾਰਾਜਾ | ੪੦ |
| ਸੇਵਾ ਸਿੰਘ | ੯੭ |
| ਸੇਵਕ ਰਾਮ | ੩੧੦ |
| ਸੋਮਾ ਸਿੰਘ ਬਾਬਾ | ੯੦ |
| **ਹ** | |
| ਹਕੀਕਤ ਰਾਏ | ੨੯੪, ੩੦੧ |
| ਹਜ਼ਾਰਾ ਸਿੰਘ | ੨੮੪ |
| ਹਨੂਮਾਨ | ੬੬, ੧੪੫, ੧੮੭, ੨੭੭, ੨੭੯, ੨੮੭ |
| ਹਰਿਕ੍ਰਿਸ਼ਨ (ਗੁਰੂ) | ੯੮ |
| ਹਰਨਾਖਸ਼ | ੨੬੫ |
| ਹਰਮੀਤ ਸਿੰਘ | ੬੦, ੬੨, ੬੮, ੭੦, ੭੪, ੭੫, ੭੬, ੭੭ |
| ਹਰਿ ਗੋਬਿੰਦ (ਗੁਰੂ) | ੭੯ |
| ਹਰੀ ਸਿੰਘ ਸਤਿਗੁਰੂ | ੨੩, ੫੯, ੬੩, ੬੪, ੬੫, ੬੬, ੮੮, ੮੯, ੯੦, ੧੨੪, ੧੩੩, ੧੪੩, ੧੬੨, ੧੬੫, ੧੮੮, ੧੯੧, ੨੭੪, ੨੮੦, ੨੮੨, ੨੮੩, ੨੮੪, ੨੮੬, ੨੮੭, ੨੮੮, ੩੦੩, ੩੦੭ |
| ਹਾਸ਼ਮ | ੪੬ |
| ਹਿਟਲਰ | ੩੦੧ |
| ਹਿਰਦਾ ਰਾਮ | ੨੭੭, ੨੭੮ |

ਹੀਰਾ ਸਿੰਘ ੯੯, ੩੦੧
ਹੀਰਾ ਸਿੰਘ ਭਾਈ ਰਾਗੀ ੧੪੨, ੧੪੩

## ਕ

ਕੰਸ ੩੪
ਕਟਾਰੂ ਭਾਈ ੧੦੬
ਕਥਾ ਸਿੰਘ ੮੯
ਕਬੀਰ ੩੦, ੬੯, ੭੦, ੭੪, ੧੬੯, ੨੦੧, ੨੦੩, ੨੦੪, ੨੬੧, ੨੬੫, ੨੭੮
ਕਰਣ ੧੫੧, ੩੦੧
ਕਰਤਾਰ ਸਿੰਘ ਸੋਖੀ ੨੩੫
ਕਾਹਨ ਸਿੰਘ ਨਾਭਾ ੨੩੨, ੨੩੪, ੨੪੦
ਕਾਹਨ ਸਿੰਘ ਬੁਰਜ ੬੩
ਕਾਹਨ ਸਿੰਘ ਨਿਹੰਗ ੧੩੬
ਕਾਲਾ ਸਿੰਘ ੫੩
ਕਾਲੂ ਬਾਬਾ ੯੦
ਕਾਲੂ ਰਾਗੀ ੯੨
ਕਿਸ਼ਨ ਸਿੰਘ ੩੦੨
ਕ੍ਰਿਸ਼ਨ ਜੀ ੩੩, ੩੪, ੩੮, ੪੧, ੬੮, ੭੪, ੧੪੯, ੧੫੧, ੨੨੨, ੨੨੩, ੨੬੨, ੨੭੪, ੨੭੬, ੨੭੮, ੨੯੬
ਕਿਰਪਾਲ ਸਿੰਘ ੮੮, ੮੯
ਕੇਸਰ ਦੇਈ ੭੧
ਕੁੰਤੀ ੩੦੦
ਕੌਲ ਸੋਢੀ ੯੭

## ਖ

ਖਜ਼ਾਨ ਸਿੰਘ ੮੮, ੨੧੬, ੨੫੫

ਖੜਗ ਸਿੰਘ ੨੨੫

**ਗ**

ਗਾਂਧੀ ਮਹਾਤਮਾ ੧੭੨
ਗਾਰਗੀ ਮਾਤਾ ੨੯੭
ਗਿਆਨ ਸਿੰਘ ਗਿਆਨੀ ੪੦, ੪੩, ੯੪, ੯੬, ੧੧੪, ੧੨੪, ੨੩੬, ੨੩੯, ੨੪੩
ਗੁਰਦਾਸ ਭਾਈ ੩੦, ੪੮, ੭੩, ੯੨, ੯੮, ੧੩੦, ੧੩੩, ੧੪੫, ੧੪੬, ੧੬੪, ੧੬੯, ੧੯੧, ੨੧੦, ੨੧੭, ੨੨੩, ੨੩੦, ੨੩੪, ੨੪੭, ੨੪੮, ੨੬੪, ੨੬੮, ੨੯੬, ੨੭੩, ੩੦੯
ਗੁਰਦਿਤ ਸਿੰਘ ਮਹੰਤ ੬੪
ਗੁਰਦਿਤ ਸਿੰਘ ਰਾਗੀ ੮੮, ੮੯
ਗੁਰਦਿਤ ਸਿੰਘ ੮੬, ੮੭, ੮੮, ੮੯, ੨੨੫, ੨੮੭
ਗੁਰਬਖਸ਼ ਸਿੰਘ ੧੨੧, ੨੨੫
ਗੋਪਾਲ ਸਿੰਘ ਪੰਡਤ ੮੧, ੧੪੪
ਗੋਬਿੰਦ ਸਿੰਘ ਗੁਰੂ ੩੦, ੩੧, ੩੨, ੩੪, ੩੬, ੩੮, ੩੯, ੪੦, ੪੧, ੪੪, ੫੯, ੬੮, ੭੧, ੭੨, ੮੪, ੯੦, ੯੩, ੯੪, ੯੫, ੯੬, ੯੭, ੯੮, ੧੦੦, ੧੦੮, ੧੦੯, ੧੧੩, ੧੧੫, ੧੧੬, ੧੨੨, ੧੩੫, ੧੪੪, ੧੬੫, ੧੭੬, ੧੮੨, ੧੮੩, ੧੮੪, ੧੮੫, ੧੮੬, ੧੮੯, ੧੯੧, ੧੯੩, ੨੦੪, ੨੦੯, ੨੧੯, ੨੨੦,

੨੨੧, ੨੩੧, ੨੩੩, ੨੩੬,
੨੩੭, ੨੩੮, ੨੪੦, ੨੪੨,
੨੪੩, ੨੪੮, ੨੫੦, ੨੫੨,
੨੫੪, ੨੫੯, ੨੬੦, ੨੬੩,
੨੯੪, ੨੯੬, ੩੦੫, ੩੦੯,
੩੧੧

**ਘ**

ਘਨ੍ਹੱਈਆ ਭਾਈ ੨੨੦

**ਚ**

ਚੰਦਾ ਸਿੰਘ ੪੯, ੧੧੬, ੨੭੫
ਚੋਣੀ ਮਾਤਾ ੯੦

**ਛ**

ਛਜੂ ਮਹਾਤਮਾ ੧੭੧

**ਜ**

ਜੱਸਾ ਸਿੰਘ ਬਾਬਾ ੯੦, ੯੯, ੧੩੮, ੧੩੯
ਜਸਾਂ ਮਾਤਾ ੯੦
ਜਗਜੀਤ ਸਿੰਘ ਜੀ ਸਤਿਗੁਰੂ ੧੧, ੧੩, ੧੪, ੨੧, ੨੩
ਜਵਾਹਰ ਸਿੰਘ ਬਾਬਾ ੧੦੦, ੧੩੪, ੧੩੬
ਜਵਾਹਰ ਲਾਲ ੩੮, ੧੧੬, ੧੭੨, ੨੦੨, ੨੫੩
ਜੀਊਣ ਸਿੰਘ ਬਾਬਾ ੧੩੯
ਜੀਊਣ ਸਿੰਘ ਸੰਤ ੮੫, ੯੦, ੧੦੬, ੨੮੩
ਜੈ ਸਿਘ ੮੮, ੮੯, ੯੧, ੧੮੧, ੧੨੧
ਜੈਤਾ ਸਿੰਘ ੧੧੦

ਟ

ਟਹਿਲ ਸਿੰਘ ੯੧

ਠ

ਠਾਕਰ ਸਿੰਘ ਗਿਆਨੀ ੧੨੧
ਠਾਕਰ ਸਿੰਘ ੨੨੫

ਤ

ਤਰਲੋਕ ਸਿੰਘ ਸੇਠ ੪੮, ੧੦੫, ੧੮੯, ੨੨੨, ੩੩੦
ਤਾਰਾ ਭਾਈ ੮੮
ਤਾਰਾ ਸਿੰਘ ਮਾਸਟਰ ੨੩੨
ਤਾਰਾ ਸਿੰਘ ਰਾਗੀ ੮੮
ਤ੍ਰਿਪਤਾ ਮਾਤਾ ੯੦
ਤਿਲੋਕਾ ਭਾਈ ੧੦੭, ੧੦੮
ਤੇਗ਼ ਬਹਾਦਰ ਗੁਰੂ ੩੧, ੯੭, ੯੮, ੧੦੮, ੨੦੯, ੨੯੪, ੨੯੫
ਤੇਜਾ ਸਿੰਘ ਹੈਦਰਾਬਾਦ ੧੫੪
ਤੁਲਸੀ ਦਾਸ ੧੪੯

ਦ

ਦਇਆ ਸਿੰਘ ਭਾਈ ੭੮, ੯੪, ੨੩੬, ੨੫੦
ਦਰਸ਼ਨ ਸਿੰਘ ਰਾਗੀ ੨੫੫
ਦਰਬਾਰਾ ਸਿੰਘ ੧੧੨, ੧੧੭
ਦਰੋਪਦੀ ੨੧੦
ਦਵਾਰਕਾ ਸਿੰਘ ੬੨
ਦਾਸੂ ੨੨੯
ਦਾਤੂ ੨੨੯

ਦਿਆਲ ਸਿੰਘ ੮੬, ੯੦, ੧੧੭, ੧੨੧, ੧੩੦, ੧੯੩, ੨੧੬
ਦਿਤੂ ੮੬, ੮੭, ੮੮
ਦਿਤ ਸਿੰਘ ਗਿਆਨੀ ੧੨੧
ਦੁਰਬਾਸ਼ਾ ਰਿਸ਼ੀ ੨੭੦, ੩੦੦
ਦੁਰਯੋਧਨ ੨੧੦, ੩੦੧
ਦੇਵ ਲੂਤ ੧੦੭
ਦੌਲਤ ਸਿੰਘ ੨੪੦

**ਧ**

ਧਰਮ ਸਿੰਘ ੯੪
ਧਿਆਨ ਸਿੰਘ ੧੫, ੬੨, ੧੦੫, ੧੮੮, ੨੭੪, ੨੮੮

**ਨ**

ਨੰਦ ਚੰਦ ੯੬
ਨੰਦ ਲਾਲ ਦਿਵਾਨ ੭੨, ੧੫੧, ੧੮੪, ੧੮੫, ੧੮੭, ੨੮੨
ਨੰਦਾ ਬੀਬੀ ੨੮੬
ਨਥਾ ਕਥਾ ਭਾਈ ੮੯
ਨੱਥਾ ਸਿੰਘ ੮੯, ੯੭
ਨਰਾਇਣ ਸਿੰਘ ੨੩੪, ੨੫੨, ੨੫੩, ੩੦੭
ਨਾਨਕ ਦੇਵ ਗੁਰੂ ੩੮, ੪੨, ੬੬, ੮੫, ੮੭, ੯੦, ੯੫, ੧੦੧, ੧੦੬, ੧੦੭, ੧੧੦, ੧੧੩, ੧੧੭, ੧੨੦, ੧੩੬, ੧੪੩, ੧੪੪, ੧੪੬, ੧੬੫, ੧੭੯, ੧੮੮, ੧੯੦, ੧੯੧, ੨੧੭, ੨੧੮, ੨੧੯, ੨੨੧, ੨੨੨, ੨੨੪,

| | |
|---|---|
| | ੨੨੮, ੨੨੯, ੨੩੦, ੨੩੨, ੨੩੪, ੨੩੫, ੨੩੭, ੨੩੮, ੨੫੪, ੨੬੨, ੨੬੩, ੨੮੧, ੨੮੨, ੨੮੩, ੨੮੭, ੨੯੩, ੨੯੬ |
| ਨਾਨਕੀ ਬੇਬੇ | ੯੦ |
| ਨਾਨੂ ਸਿੰਘ | ੨੭੫ |
| ਨਾਮ ਦੇਵ | ੭੦, ੭੬, ੨੬੫ |
| ਨਿਹਾਲ ਸਿੰਘ | ੫੧ |
| ਨਿਹੰਗ ਸਿੰਘ | ੧੩੬, ੧੪੦, ੧੪੧ |
| ਨਿਧਾਨ ਸਿੰਘ | ੧੫੭ |
| **ਪ** | |
| ਪ੍ਰਹਲਾਦ ਭਗਤ | ੨੦੯, ੨੬੫ |
| ਪ੍ਰਤਾਪ ਸਿੰਘ ਗਿਆਨੀ | ੨੩੨, ੨੩੪ |
| ਪ੍ਰੀਤਮ ਸਿੰਘ ਸੇਠ | ੧੩੦ |
| ਪ੍ਰੇਮ ਸਿੰਘ ਰਾਗੀ | ੮੭ |
| ਪ੍ਰਤਾਪ ਸਿੰਘ ਸਤਿਗੁਰੂ | ੧੫, ੨੦, ੨੩, ੨੬ |
| **ਫ** | |
| ਫਤੂ ਭਾਈ | ੯੨ |
| ਫਰੀਦ ਜੀ | ੩੦ |
| **ਬ** | |
| ਬਸੰਤ ਸਿੰਘ | ੧੮੪ |
| ਬੈਰਾਹ ਅਵਤਾਰ | ੩੫ |
| ਬਘੇਲ ਸਿੰਘ | ੬੩ |
| ਬ੍ਰਹਮਾ | ੨੦੧ |
| ਬਲਦੇਵ ਜੀ | ੨੭੪ |

| | |
|---|---|
| ਬਲਦੇਵ ਸਿੰਘ | ੧੨੧ |
| ਬਾਰਬਟਨ | ੧੧੨ |
| ਬਾਲਾ ਭਾਈ | ੧੬੩, ੨੮੧ |
| ਬਾਲਕ ਸਿੰਘ ਸਤਿਗੁਰੂ | ੯੦, ੨੨੧, ੨੩੪, ੨੩੯, ੨੪੩, ੨੪੫, ੨੬੦, ੨੬੧ |
| ਬਾਲਮੀਕ | ੧੪੫, ੧੪੬, ੧੪੮, ੨੪੭, ੨੪੮ |
| ਬਿਆਸ ਰਿਸ਼ੀ | ੩੬, ੧੧੩, ੧੧੫, ੧੪੩ |
| ਬੁੱਢਾ ਸਿੰਘ | ੧੭੮, ੧੮੦ |
| ਬੁੱਢਾ ਬਾਬਾ | ੧੦੦, ੧੫੧, ੧੬੩, ੨੮੧ |
| ਬੁੱਧ ਸਿੰਘ | ੨੮੨ |
| ਬੁੱਧ ਮਹਾਤਮਾ | ੧੧੧, ੨੨੨, ੨੨੩ |
| ਬੁਲੇ ਸ਼ਾਹ | ੪੮, ੭੩ |

**ਭ**

| | |
|---|---|
| ਭਗਵੰਤ ਸਿੰਘ | ੨੩੨ |
| ਭਗਾ ਸਿੰਘ | ੯੦ |
| ਭਰਤ | ੨੬੯, ੨੭੪, ੨੭੫ |
| ਭਾਗ ਸਿੰਘ | ੯੯ |
| ਭਾਗ ਭਰੀ ਮਾਤਾ | ੯੦ |
| ਭਿਖਾਰੀ ਭਾਈ | ੧੮੦, ੧੮੧ |
| ਭੀਮ ਸੈਨ | ੩੧੧, ੩੧੨ |
| ਭੀਲਨੀ | ੨੦੭ |

**ਮ**

| | |
|---|---|
| ਮਸਤਾਨ ਸਿੰਘ | ੬੩, ੨੮੬ |
| ਮਸਤ ਰਾਮ | ੨੭੬ |
| ਮਹਿਲ ਸਿੰਘ ਸੇਠ | ੨੫੨ |
| ਮੰਗਲ ਸਿੰਘ | ੩੬ |

ਮੰਗਲ ਦਾਸ ੧੫੨, ੧੫੩
ਮਜਨੂ ੪੬
ਮਦਾਲਸਾ ਮਾਤਾ ੨੯੭
ਮਨਸਾ ਰਾਮ ੧੩੮, ੧੪੩
ਮਨੀ ਸਿੰਘ ੩੦੧
ਮਰਦਾਨਾ ੮੭
ਮਾਤਾ ਸਿੰਘ ੯੩
ਮਾਲੀ ਭਾਈ ੮੮
ਮਿਤ ਸਿੰਘ ੨੮੩
ਮੁਹੰਮਦ ਸਾਹਿਬ ੧੧੦
ਮੂਸਨ ੨੦੬
ਮੋਹਨ ੧੦੦, ੧੫੧
ਮੋਹਨਾ ਮਲ ੨੪੦
ਮੋਹਰੀ ੨੨੯

**ਯ**

ਯਸੂਹ ੧੧੦

**ਰ**

ਰਣਜੀਤ ਸਿੰਘ ਮਹਾਰਾਜਾ ੧੧੨, ੧੩੯
ਰਤਨ ਸਿੰਘ ਭੰਗੂ ੯੬
ਰਵਿਦਾਸ ੧੫੦
ਰਾਇ ਸਿੰਘ ੧੦੬
ਰਾਜਿੰਦਰ ਪ੍ਰਸਾਦ ੧੧੬
ਰਾਮ ਸਿੰਘ ਸਤਿਗੁਰੂ ੨੩, ੩੮, ੩੯, ੪੧, ੪੪, ੫੫, ੫੯, ੬੧, ੬੨, ੬੩, ੬੬, ੭੧, ੭੫, ੮੬, ੮੯, ੯੦, ੯੮, ੯੯, ੧੦੮, ੧੦੯, ੧੧੦, ੧੧੧,

| | |
|---|---|
| | ੧੧੯, ੧੨੦, ੧੨੨, ੧੩੯, ੧੫੪, ੧੬੫, ੧੬੭, ੧੭੦, ੧੭੨, ੧੭੭, ੧੭੮, ੧੭੯, ੧੮੪, ੧੮੯, ੧੯੧, ੨੧੯, ੨੨੧, ੨੨੨, ੨੨੫, ੨੩੧, ੨੩੩, ੨੩੭, ੨੩੮, ੨੩੯, ੨੪੩, ੨੪੪, ੨੫੪, ੨੫੯, ੨੬੨, ੨੬੩, ੨੭੨, ੨੮੩, ੨੮੪, ੨੮੬, ੨੮੮, ੨੯੬, ੩੦੩, ੩੦੫, ੩੦੬ |
| ਰਾਮਚੰਦਰ ਜੀ | ੩੩, ੩੪, ੩੮, ੬੬, ੬੯, ੧੪੫, ੧੪੬, ੧੪੮, ੧੮੭, ੨੦੭, ੨੨੨, ੨੨੩, ੨੪੭, ੨੬੨, ੨੭੪, ੨੭੯, ੨੮੩, ੨੮੭, ੨੯੬ |
| ਰਾਮ ਜੁਆਈ ਮਾਈ | ੭੧ |
| ਰਾਮਦਾਸ ਗੁਰੂ | ੧੧੮, ੨੩੪, ੨੬੨, ੨੬੩ |
| ਰਾਮ ਰਾਏ | ੯੭ |
| ਰਾਵਣ | ੬੯ |
| ਰਿਖੀ ਸਿੰਘ ਬਾਬਾ | ੯੧ |
| ਰੁਕਨ ਦੀਨ | ੧੧੩, ੧੮੮ |


**ਲ**


| | |
|---|---|
| ਲਹਿਣਾ | ੧੬੩, ੨੮੦, ੨੮੧, ੨੮੨ |
| ਲਖਮੀ ਦਾਸ ਬਾਬਾ | ੯੦ |
| ਲਛਮਣ | ੨੦੭, ੨੭੫ |
| ਲੱਧਾ ਸਿੰਘ | ੯੦, ੧੧੭ |
| ਲਾਲ ਸਿੰਘ | ੬੫, ੬੬, ੨੪੧, ੨੪੨ |
| ਲਾਲੂ | ੨੪੦, ੨੪੧, ੨੪੨ |

**ਵ**

ਵਸ਼ਿਸ਼ਟ ਜੀ ੩੦੦
ਵਰਿਆਮ ਸਿੰਘ ਸੂਬਾ ੧੧੦
ਵਰਿਆਮ ਸਿੰਘ ਦਰਜੀ ੧੯੩
ਵਿਸ਼ਨੂ ਜੀ ੨੦੧
ਵਿਭੀਸ਼ਨ ੭੩

## ਤਤਕਰਾ ਕਥਾ ਸਤਿਗੁਰੂ ਬਿਲਾਸ ਪ:੧੨, ਕ੍ਰਿਤ ਸੰਤ ਧਿਆਨ ਸਿੰਘ ਜੀ

| | ਉਪਦੇਸ਼ ਮਿਤੀ | ਪ੍ਰਸੰਗ | ਅਧਿਆਏ | ਕਥਾ ਸ਼ੁਰੂ | | ਕਥਾ ਖਤਮ |
|---|---|---|---|---|---|---|
| ੧ | ੨੮-੧-੫੫ | ਮੰਗਲ ਸਤਿਗੁਰੂ ਰਾਮ ਸਿੰਘ ਜੀ | ੧੭ | ੨ | ਤੋਂ | ੩ |
| ੨ | ੫-੨-੫੫ | ਭਾਈ ਹਰਮੀਤ ਸਿੰਘ ਦਾ ਪ੍ਰਸੰਗ | ੧੪ | ੫ | ਤੋਂ | ੨੨ |
| ੩ | ੬-੨-੫੫ | ਭਾਈ ਹਰਮੀਤ ਸਿੰਘ ਦਾ ਪ੍ਰਸੰਗ | ੧੪ | ੨੩ | | |
| ੪ | ੭-੨-੫੫ | ਮੰਗਲ ਸਤਿਗੁਰੂ ਰਾਮ ਸਿੰਘ ਜੀ | ੧੯ | ੧ | ਤੋਂ | ੨ |